ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਪਹਿਲੀ Raas 1

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਕੀ-ਸਟ੍ਰੋਕ ਸੂਚੀ

ਤਤਕਰਾ ਰਾਸਿ ਪਹਿਲੀ

ਰਾਸਿ ਪਹਿਲੀ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ।

ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਮਹਾਨ ਬਖਸ਼ਿਸ਼ ਕਰਕੇ ਇਸ ਕੀਟ ਪਾਸੋਂ ਇਹ ਸੇਵਾ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ

ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਪਹਿਲੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ੧ ਉਪਰ ਕਲਿਕ ਕਰੋ ਜੀ)

੧	੨	੩	੪	੫	੬	੭	੮	੯	੧੦	੧੧
	੧੨	੧੩	੧੪	੧੫	੧੬	੧੭	੧੮	੧੯	੨੦	੨੧
	੨੨	੨੩	੨੪	੨੫	੨੬	੨੭	੨੮	੨੯	੩੦	੩੧
	੩੨	੩੩	੩੪	੩੫	੩੬	੩੭	੩੮	੩੯	੪੦	੪੧
	੪੨	੪੩	੪੪	੪੫	੪੬	੪੭	੪੮	੪੯	੫੦	੫੧
	੫੨	੫੩	੫੪	੫੫	੫੬	੫੭	੫੮	੫੯	੬੦	੬੧
		੬੨	੬੩	੬੪	੬੫	੬੬	੬੭	੬੮		

ਕੀ-ਸਟ੍ਰੋਕ ਸੂਚੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫਾਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

ੳ	ਅ	ੲ	ਸ	ਹ	ਕ	ਖ	ਗ	ਘ	ਙ
A	a	e	s	h	k	K	g	G	Alt+ 249
ਚ	ਛ	ਜ	ਝ	ਞ	ਟ	ਠ	ਡ	ਢ	ਣ
c	C	j	J	Alt+ 248	t	T	f	F	N
ਤ	ਥ	ਦ	ਧ	ਨ	ਪ	ਫ	ਬ	ਭ	ਮ
q	Q	d	D	n	p	P	b	B	m
ਯ	ਰ	ਲ	ਵ	ੜ	ਸ਼	ਖ਼	ਗ਼	ਜ਼	ਫ਼
X	r	k	v	V	S	Alt+ 222	Alt+ 223	Z	Alt+ 227
ਲ਼	ਨ੍ਹ	ਜ	ਮ	ਾ	ਾਂ	ਿ	ੀ	ੁ	ੂ
Alt+ 253	L	Alt+ 206	Alt+ 236	w	W	i	I	u	Alt+ 252
ੱ	ੱ	ੰ	ੇ	ੈ	ੋ	ੌ	੍	ੰ	ੰ
U	Alt+ 193	Alt+ 216	y	Y	o	O	x	M	Alt+ 251
ੰ	ੰ	ੰ	ੰ	ੰ	ੰ	ੰ	ੰ	ੰ	ੰ
z	Alt+	Alt+ 196	Alt+ 180	H	Alt+ 231	Alt+ 195	Alt+ 156	Alt+ 205	R
ੰ	ੰ	ੰ							
Alt+ 216	Alt+ 230	Alt+ 218							

ਤਤਕਰਾ ਰਾਸਿ ਪਹਿਲੀ

	ਰਾਸਿ ਪਹਿਲੀ
੧	੧. [ਅੰਸੂ ਮੰਗਲਾ ਚਰਣ] ੧. ਆਪਣੇ ਇਸ਼੍ਟ ਦੇਵ-ਅਕਾਲ ਪੁਰਖ ਦਾ-ਮੰਗਲ। ਪਿਛਲੇ ਪੰਜਾਂ ਦੋਹਿਆਂ ਦਾ ਮਿਲਵਾਂ ਭਾਵ- ੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ। ੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ। ੪. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ। ੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦੇਵ ਜੀ-ਮੰਗਲ। ੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ-ਮੰਗਲ। ੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ। ੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ। ੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ। ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ। ੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ। ੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ। ੧੩. ਇਸ਼੍ਟ-ਦਸੋ ਗੁਰੂ ਸਾਹਿਬਾਂ ਦਾ-ਮੰਗਲ। ੧੪. ਗੁਣ ਸ਼ੀਲ ਵਜਕਤੀਆਂ ਦਾ ਮੰਗਲ। (ਅੱਗੇ ਹੁਣ ਮਿਲਵੇਂ ਮੰਗਲ ਚਲਦੇ ਹਨ) ੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ। [ਗੁਰਯਸ਼ ਕਥਨ ਲਈ ਅਪਣੀ ਅਸਮ੍ਰੱਥਤਾ ਪਰੰਤੂ ਤੀਬ੍ਰ ਇੱਛਾ] [ਅਪਣੀ ਅਸਮ੍ਰੱਥਤਾ ਦਾ ਉਪਾਉ, ਗੁਰੂ ਦੀ ਟੇਕ, ਖਾਲਸਾ ਤੇ ਸਤਿਗੁਰਾਂ ਜੋਗ ਬੰਦਨਾ] [ਖ਼ਾਲਸਾ ਦਾ ਰੂਪਕ] ** [ਕਲਗੀਧਰ ਨਮਸਕਾਰ] ** [ਦਸਮ ਗੁਰ ਰੂਪਕ] ** [ਚਰਿੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ] ** [ਸਤਿਗੁਰਾਂ ਦੀ ਕਥਾ] ** [ਖਾਲਸਾ-ਕਲਪ ਬ੍ਰਿੱਛ ਦੇ ਰੂਪਕ ਵਿਚ] ** [ਖਾਲਿਸੇ ਦੇ ਤੇਜ ਦਾ ਰੂਪਕ] ** [ਪੰਥ ਸ਼ਿਰੋਮਣਤਾ] ** [ਪੰਥ ਜੋਗ ਨਮਸਕਾਰਾਂ]

੨	੨. [ਕਵਿ ਜੀ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ।]
੩	੩. [ਭਾਈ ਰਾਮਕੁਇਰ ਪ੍ਰਸੰਗ]
੪	੪. [ਭਾਈ ਰਾਮਕੁਇਰ ਜੀ ਪ੍ਰਸੰਗ]
੫	੫. [ਗੁਰ ਪ੍ਰਤਾਪ ਸੂਰਜ ਦਾ ਮੁੱਢ ਕਿਵੇਂ ਬੱਝਾ]
੬	੬. [ਬਾਬਾ ਸ੍ਰੀ ਚੰਦ, ਲਖਮੀ ਚੰਦ, ਵੇਦੀ ਵੰਸ, ਤੇ ਉਦਾਸੀਆਂ ਦਾ ਪ੍ਰਸੰਗ]
੭	੭. [ਗੁਰ ਪਰਨਾਲੀ]
੮	੮. [ਗੁਰ ਪਰਨਾਲੀ]
੯	੯. [ਗੁਰੂ ਅੰਗਦ ਜੀ ਦੀ ਕਥਾ। ਖਡੂਰ ਵਿਚ ਛੁਪਣਾ ਤੇ ਪ੍ਰਗਟ ਹੋਣਾ]
੧੦	੧੦. [ਗੁਰੂ ਜੀ ਦੀ ਨਿੱਤ ਕ੍ਰਿਯਾ। ਸਿੱਧਾਂ ਦਾ ਮੇਲ ਤੇ ਹੁਮਾਯੂ ਦਾ ਆਉਣਾ]
੧੧	੧੧. [ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ, ਪਾਰੋ ਜੁਲਕਾ ਪ੍ਰਸੰਗ]
੧੨	੧੨. [ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰਾਇਣ ਦਾਸ, ਬੂਲਾ ਪ੍ਰਸੰਗ]
੧੩	੧੩. [ਹਰੀਕੇ ਦਾ ਚੌਧਰੀ, ਖਡੂਰ ਦਾ ਮਦ ਪਾਨੀ ਚੌਧਰੀ ਤੇ ਸਿਖ ਚੋਰ ਪ੍ਰਸੰਗ]
੧੪	੧੪. [ਸ਼੍ਰੀ ਗੁਰ ਅਮਰ ਦਾਸ ਜੀ ਦੀ ਮੁੱਢਲੀ ਕਥਾ]
੧੫	੧੫. [ਸ੍ਰੀ ਅਮਰਦਾਸ ਜੀ ਦਾ ਗੁਰ ਅੰਗਦ ਜੀ ਨਾਲ ਮਿਲਾਪ]
੧੬	੧੬. [ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ]
੧੭	੧੭. [ਸ਼੍ਰੀ ਅਮਰ ਦੇਵ ਜੀ ਨੂੰ ਵਰ ਦੀ ਬਖਸ਼ੀਸ਼]
੧੮	੧੮. [ਸ਼੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ]
੧੯	੧੯. [ਗੋਇੰਦਵਾਲ ਵਸਾਵਣਾ]
੨੦	੨੦. [ਗੁਰੂ ਜੀ ਨੂੰ ਵਰੁਣ ਦਾ ਮਿਲਣਾ। ਤੇ ਸ਼੍ਰੀ ਗੁਰੂ ਅੰਗਦ ਜੀ ਦੇ ਗੁਣ]
੨੧	੨੧. [ਖਡੂਰ ਦੇ ਤਪੇ ਦਾ ਪ੍ਰਸੰਗ]
੨੨	੨੨. [ਤਪੇ ਦਾ ਪ੍ਰਸੰਗ-ਜਾਰੀ।]
੨੩	੨੩. [ਤਪੇ ਦੀ ਮੌਤ।]
੨੪	੨੪. [ਭੈਰੋ ਪੁਰ ਖੀਓ ਭੱਲੇ ਨੂੰ ਮਿਲਕੇ ਗੁਰੂ ਜੀ ਨੇ ਵਾਪਸ ਖਡੂਰ ਆਉਣਾ]
੨੫	੨੫. [ਸ੍ਰੀ ਅਮਰ ਜੀ ਦੀ ਗੁਰ ਦਰਸ਼ਨ ਲਈ ਸਿੱਕ ਤੇ ਗੁਰੂ ਜੀ ਦਾ ਮਿਲਾਪ]

੨੬	੨੬. [ਸ਼ੀਹਾਂ ਉੱਪਲ। ਗੁਰੂ ਅੰਗਦ ਜੀ ਦੇ ਸਮਾਵਣ ਦੀਆਂ ਤਿਆਰੀਆਂ]
੨੭	੨੭. [ਸ਼੍ਰੀ ਅਮਰ ਜੀ ਨੂੰ ਗੁਰਿਆਈ ਦੇਣੀ, ਤੇ ਸਮਾਵਣ ਦੀਆਂ ਤਿਆਰੀਆਂ]
੨੮	੨੮. [ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ]
੨੯	੨੯. [ਸ੍ਰੀ ਗੁਰ ਅਮਰ ਜੀ ਦੀ ਕਥਾ ਦਾ ਆਰੰਭ, ਚੁਬਾਰਾ ਸਾਹਿਬ।]
੩੦	੩੦. [ਸ਼੍ਰੀ ਗੁਰ ਅਮਰ ਦੇਵ ਜੀ ਦਾ ਨਿੱਤ ਬਿਵਹਾਰ]
੩੧	੩੧. [ਸਾਵਣ ਮੱਲ ਨੂੰ ਹਰੀ ਪੁਰ ਭੇਜਣਾ। ਰਾਜੇ ਦਾ ਪੁੱਤ੍ਰ ਜਿਵਾਉਣਾ]
੩੨	੩੨. [ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਨੀਆਂ, ਸਾਵਣ ਮੱਲ ਦਾ ਮਨ ਦਾ ਮਾਨ ਹਰਨਾ]
੩੩	੩੩. [ਰਾਜੇ ਨੇ ਵਿਦਾ ਹੋਕੇ ਹਰੀ ਪੁਰ ਜਾਣਾ ਤੇ ਸੱਚਨ ਸੱਚ ਦਾ ਪ੍ਰਸੰਗ]
੩੪	੩੪. [ਦਾਤੂ ਜੀ ਨੇ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਲਤ ਮਾਰਨੀ]
੩੫	੩੫. [ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ]
੩੬	੩੬. [ਬਾਬਾ ਬੁੱਢਾ ਜੀ ਸਮੇਤ ਸੰਗਤਿ ਦਾ ਸੰਨ੍ਹ ਸਾਹਿਬ ਜਾਣਾ, ਗੁਰੂ ਜੀ ਦਾ ਪ੍ਰਗਟ ਹੋਣਾ]
੩੭	੩੭. [ਪਾਰੋ ਜੁਲਕਾ। ਲਾਲੂ ਨੂੰ ਬਖਸ਼ੀਸ਼ਾਂ]
੩੮	੩੮. [ਖਾਨ ਛੁਰਾ ਆਦਿ ਬਹੱਤਰ ਸਿੱਖ। ਮਹੇਸ਼ਾ। ਸ਼ੇਖਾਂ ਦੇ ਘਰ ਉੱਜੜਨੇ]
੩੯	੩੯. [ਲਾਲੂ, ਦੁਰਗਾ, ਜੀਵੰਧਾ, ਜੱਗਾ, ਖਾਨੁ, ਮਾਈਆ, ਗੋਵਿੰਦ]
੪੦	੪੦. [ਜੋਧ ਰਸੋਈਆ। ਪ੍ਰਿਥੀ ਮਲ। ਤੁਲਸਾ। ਮੱਲਣ। ਉੱਗਰ ਸੈਨ। ਰਾਮੂ। ਦੀਪਾ। ਗੋਪੀ। ਰਾਮੂ ਮਹਿਤਾ। ਮੋਹਣ ਮਲ। ਅਮਰੂ। ਗੰਗੂ। ਸਹਾਰੂ। ਖਾਨ ਛੁਰਾ। ਬੇਗਾ ਪਾਸੀ। ਨੰਦੁ ਸੂਦਨਾ। ਉਗਰੂ। ਤਾਰੂ। ਝੰਡਾ। ਪੂਰੋ। ਮਲਜਾਰ। ਸਹਾਰੂ ਛੀਂਬਾ। ਬੂਲਾ ਪਾਂਧਾ। ਤੇ ਡੱਲੇ ਵਾਸੀ ਸਿੱਖਾਂ ਨੂੰ ਉਪਦੇਸ਼।]
੪੧	੪੧. [ਸ਼੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ]
੪੨	੪੨. [ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੇਈਆ ਤਾਪ ਦਾ ਪ੍ਰਸੰਗ]
੪੩	੪੩. [ਮੇਲੇ ਦੀ ਰੀਤਿ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਤੇ ਪੁਕਾਰ ਕਰਨੀ]
੪੪	੪੪. [ਸ਼੍ਰੀ ਰਾਮਦਾਸ ਜੀ ਦਾ ਅਦਾਲਤ ਵਿਚ ਜਾਣਾ ਤੇ ਮੁੜਦੀ ਵਾਰੀ ਸ਼ਰਧਾ ਦੇ ਬਸਤ੍ਰ ਤੇ ਕੁਰੁੱਤਾ ਅੰਬ ਭੇਟਾ ਕਰਨਾ]
੪੫	੪੫. [ਸਤਿਗੁਰੂ ਦੀ ਦਾ ਤੀਰਥ ਪਵਿੱਤ੍ਰ ਕਰਨ ਜਾਣਾ। ਪਹੋਆ]
੪੬	੪੬. [ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ]

੪੭	੪੭. [ਮੇਦਨੀ ਦੀ ਆਦ ਕਥਾ, ਮਧੁ ਕੈਟਭ ਦਾ ਯੁੱਧ]।
੪੮	੪੮. [ਜਮਨਾ ਦੀ ਆਦਿ ਕਥਾ]
੪੯	੪੯. [ਮਾਰਤੰਡ ਦੀ ਕਥਾ, ਤੁਰਕ ਜਗਾਤੀ, ਕੰਨਖਲ, ਤੇ ਗੋਇੰਦਵਾਲ ਨੂੰ ਮੁੜਨਾ]
੫੦	੫੦. [ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼ ਤੇ ਗੋਇੰਦਵਾਲ ਪੁੱਜਣਾ]
੫੧	੫੧. [ਬਾਵਲੀ ਰਚਣੀ। ਸ਼੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ]
੫੨	੫੨. [ਮਾਈਦਾਸ ਵੈਸ਼ਨੋ]
੫੩	੫੩. [ਮਾਈ ਦਾਸ ਵੈਸ਼ਨੋ। ਮਾਣਕਚੰਦ।]
੫੪	੫੪. [ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ। ਗੰਗੋਸ਼ਾਹ ਬੱਸੀ ਖੱਤ੍ਰੀ]
੫੫	੫੫. [ਕਾਬਲ ਵਾਲੀ ਪਤਿਬ੍ਰਤ ਮਾਈ]
੫੬	੫੬. [ਸਿੱਖਾਂ ਦਾ ਪ੍ਰਸ਼ਨ ਕਿ ਗੱਦੀ ਤੇ ਸ੍ਰੀ ਰਾਮਦਾਸ ਜੀ ਜਾਂ ਕਿ ਰਾਮਾ ਜੀ ਬੈਠਣਗੇ]
੫੭	੫੭. [ਸਿੱਖਾਂ ਦੇ ਪ੍ਰਸ਼ਨ ਦਾ ਉੱਤਰ, ਰਾਮੇ ਤੇ ਸ਼੍ਰੀ ਰਾਮਦਾਸ ਜੀ ਦੀ ਪ੍ਰੀਖਜਾ]
੫੮	੫੮. [ਬਾਵਲੀ ਮਹਾਤਮ। ਸੰਤ ਸਾਧਾਰਣ। ਗੰਗਾ ਸ੍ਰੋਤ ਬਾਉਲੀ ਵਿਚ। ਇਕ ਜੋਗੀ]
੫੯	੫੯. [ਜੋਗੀ ਦੂਜੇ ਜਨਮ ਵਿਚ ਅਨੰਦ ਜੀ ਹੋਕੇ ਜਨਮੇ। ਸੰਸਰਾਮ ਜੀ ਦਾ ਜਨਮ]
੬੦	੬੦. [ਦੋਖੀ ਤਪਾ। ਮਥੋ ਮੁਰਾਰੀ]
੬੧	੬੧. [ਖੇਡਾ ਸੋਇਨੀ ਬ੍ਰਹਮਣ ਪ੍ਰਸੰਗ। ਗੋਂਦੇ ਦੇ ਪੁੱਤ੍ਰਾਂ ਨੂੰ ਕੀਤੀ ਦਾ ਫਲ]
੬੨	੬੨. [ਵਿੱਦਜਾਭਿਮਾਨੀ ਬੇਨੀ ਪੰਡਤ ਨਿਸਤਾਰਾ। ਫਿਰਜਾ, ਕਟਾਰਾ ਪ੍ਰਤਿ ਆਗਜਾ]
੬੩	੬੩. [ਬਾਲਕ ਜਿਵਾਉਣਾ। ਯਮ ਨੂੰ ਗੋਇੰਦਵਾਲੋਂ ਰੋਕਣਾ। ਅਕਬਰ ਨੇ ਆਉਣਾ]
੬੪	੬੪. [ਬੀਬੀ ਜੀ ਨੂੰ ਸੋਨੇ ਦੀ ਇਟ। ਲੰਗੜੇ ਦੀ ਲਤ। ਸਿਖੀ ਦੀ ਰਹਿਣੀ]
੬੫	੬੫. [ਭੋਜਨਾਂ ਦੀ ਅੰਸ ਚੁਲੇ ਵਿਚ। ਨਿੱਤ੍ਰਕ੍ਰਿਆ। ਬੀਬੀ ਭਾਨੀ ਤੇ ਸ਼੍ਰੀ ਅਰਜਨ ਜੀ ਨੂੰ ਵਰ]
੬੬	੬੬. [ਭਾਈ ਪਾਰੋ ਪ੍ਰਲੋਕ ਗਮਨ। ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ]

੬੭	੬੭. [ਸ੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ ਬਖਸ਼ਣੀ]
੬੮	੬੮. [ਸ਼੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ]

ਰਾਸ਼ਿ ਪਹਿਲੀ ਚੱਲੀ

ੴ ਸਤਿਗੁਰ ਪ੍ਰਸਾਦਿ ॥

ਅਥ 'ਸ਼੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ*
ਪ੍ਰਿਥਮ ਰਾਸਿ ਲਿੱਖਜਤੇ

੧. [ਅੰਸੂ ਮੰਗਲਾ ਚਰਣ]

<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨

ਅਥ = ਹੁਣ। ਦੇਖੋ ਸ਼੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਅਧਜਾਯ ਪਹਿਲੇ ਦਾ ਆਦਿ। ਲਿੱਖਜਤੇ = ਲਿਖਦੇ ਹਾਂ।

ਅਰਥ: ਹੁਣ (ਅਰਥਾਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਉਪ੍ਰਾਂਤ) ਸ਼੍ਰੀ ਗੁਰ ਪ੍ਰਤਾਪ ਸੂਰਜ (ਨਾਮੇ) ਗ੍ਰੰਥ ਲਿਖਦੇ ਹਾਂ (ਤੇ ਉਸ ਦੀ) ਪਹਿਲੀ ਰਾਸਿ (ਤੋਂ ਆਰੰਭ ਕਰਦੇ ਹਾਂ)।

ਦੋਹਰਾ: ਤੀਨੋ ਕਾਲ ਸੁ ਅਚਲ ਰਹਿ, ਅਲੰਬ ਸਕਲ ਜਗ ਜਾਲਿ।
ਜਾਲ ਕਾਲ ਲਖਿ ਮੁਚਤਿ ਜਿਸਿ, ਕਰਤਾ ਪੁਰਖ ਅਕਾਲ ॥੧॥

ਤੀਨੋਕਾਲ = ਬੀਤ ਚੁਕਾ, ਬੀਤ ਰਿਹਾ ਤੇ ਆਉਣ ਵਾਲਾ। ਭੂਤ ਭਵਿੱਖਜਤ, ਵਰਤਮਾਨ ਤਿੰਨੇ ਸਮੇਂ, ਭਾਵ ਸਦਾ, ਹਮੇਸ਼ਾਂ।

ਅਚਲ-ਅ+ਚਲ = ਜੋ ਨਾ ਚਲੇ, ਜੋ ਸਦਾ ਇਕ ਰਸ ਰਹੇ, (ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧਜਾ: ੧, ਅੰਕ ੩, 'ਨਿਤਨਯੋ' ਪਦ, ਉਸ ਦਾ ਭਾਵ ਤੇ 'ਤੀਨੋਕਾਲ ਸੁ ਅਚਲ ਰਹਿ' ਦਾ ਭਾਵ ਇਕੋ ਹੈ।

ਅਲੰਬ = ਆਸ਼੍ਰਾ, ਟੇਕ, [ਸੰਸ: ਆਲਂਬ]++ ।

ਜਗਜਾਲਿ = ਜਗਤ ਰੂਪੀ ਫਾਹੀ। ਜਾਲ ਫੈਲਾ ਕੇ ਤਾਣੀਂਦਾ ਹੈ, ਇਸ ਕਰਕੇ ਜਗਜਾਲ ਦੀ ਮੁਰਾਦ ਹੈ:- ਜਗਤ ਦਾ ਫੈਲਾਉ ਯਾ ਪਸਾਰਾ। (ਅ) ਉਹ ਭੁਲੇਵਾ ਜੋ ਪ੍ਰਾਣੀਆਂ ਨੂੰ ਮੋਹ ਵਿਚ ਭ੍ਰਮਾ ਰਿਹਾ ਹੈ, ਮਾਯਾ। (ੲ) ਟਿਕਾਵ, ਠਹਿਰਾਵ।

ਜਾਲਕਾਲ = ਕਾਲ ਦੀ ਫਾਹੀ। ਕਿਉਂਕਿ ਜਾਲ ਵਿਚ ਪੰਛੀ ਫਾਹੀ ਦੇ ਹਨ। (ਅ) ਕਾਲ ਦਾ ਜਾਲ, ਕਾਲ ਦਾ ਪਸਾਰਾ। ਇਹ ਜਗਤ ਕਾਲ ਦਾ ਪਸਾਰਾ ਹੈ, ਇਸ ਕਰਕੇ ਜਾਲਕਾਲ। (ੲ) ਕਲਿਜੁਗ ਦੀ ਫਾਹੀ। ਕਾਲ ਦਾ ਅਰਥ ਕਾਲ ਬੀ ਹੈ, ਕਲਜੁਕ ਬੀ ਕਾਲਾ ਹੈ।

ਲਖਿ = ਜਾਣ ਲਿਆਂ।

ਮੁਚਤਿ = ਛੁਟਦੇ ਹਨ। [ਸੰਸ: ਮੁਚ = ਛੁਟਣਾਂ, ਮੁਚ੍ ਤੋਂ ਮੁੰਚਤਿ]।

ਅਰਥ: ਜੋ ਸਦਾ ਇਕਰਸ ਰਹਿੰਦਾ ਹੈ, (ਪਰ ਸਦਾ ਇਕ ਰਸ ਨਾ ਰਹਿਣ ਵਾਲੇ) ਜਗਤ ਦੇ ਪਸਾਰੇ ਦਾ ਆਸਰਾ ਹੈ, (ਫਿਰ) ਜਿਸਨੂੰ ਜਾਣ ਲਿਆਂ ਕਾਲ ਦੀ ਫਾਹੀ ਛੁਟ ਜਾਂਦੀ ਹੈ, (ਉਸਦਾ ਨਾਮ ਹੈ) 'ਕਰਤਾ ਪੁਰਖ ਅਕਾਲ।'

---

*ਲਗਪਗ ਸਾਰੇ ਲਿਖਤੀ ਨੁਸਖਿਆਂ ਵਿਚ ਇਹੋ ਪਾਠ ਮਿਲਦਾ ਹੈ। 'ਗ੍ਰੰਥ।' ਵਿਸ਼ੇਸ਼-ਕਵੀ ਜੀ ਦੇ ਸ੍ਵੈ ਲੇਖਣੀ ਲਿਖਤ ਪੱਤ੍ਰਿਆਂ ਤੋਂ ਵੀ ਇਸ ਪਦ ਦੇ ਇਹੋ ਪਦਜੋੜ ਸਹੀ ਹੋਏ ਹਨ। ਇਸ ਗ੍ਰੰਥ ਦਾ ਇਹ ਨਾਮ ਤੇ ਇਸ ਦੇ ਭਾਗਾਂ ਦਾ ਰਾਸਾਂ, ਰੁਤਾਂ ਤੇ ਐਨ ਆਪ ਨੇ ਕਿਉਂ ਨਾਮ ਦਿੱਤਾ, ਇਸ ਦਾ ਕਾਰਣ ਕਵੀ ਜੀ ਆਪ ਅੱਗੇ ਜਾਕੇ ਰੁਤ ੧ ਅੱਸੂ ੧ ਦੇ ਅੰਕ ੧੫ ਤੋਂ ੧੮ ਵਿਚ ਦੱਸ ਰਹੇ ਹਨ।

++ ਜਿਸ ਤੋਂ ਕੋਈ ਸ਼ੈ ਟੁਰੇ, ਜੋ ਕਿਸੇ ਸ਼ੈ ਦੇ ਪ੍ਰਕਾਸ਼ ਯਾ ਪ੍ਰਗਟਤਾਈ ਦਾ ਮੂਲ ਹੋਵੇ।

ਭਾਵ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮੇਸ਼ਰ ਜੀ ਨੂੰ 'ਕਰਤਾ ਪੁਰਖੁ' ਲਿਖਿਆ ਹੈ ਅਰ ਦਸਮ ਸਤਿਗੁਰਾਂ ਨੇ ਉਸਨੂੰ 'ਅਕਾਲ ਪੁਰਖ' ਆਖਿਆ ਹੈ 'ਸੋ ਕਰਤਾ ਪੁਰਖ ਅਕਾਲ' ਦੋਹਾਂ ਦਾ ਸੰਖੇਪ ਹੈ। ਅਰਥਾਤ ਕਿ ਉਹ ਜੋ ਆਪ ਕਾਲ ਤੋਂ ਰਹਿਤ ਹੈ, ਤੇ ਸਾਰੇ ਜਗਤ ਦਾ ਕਰਤਾ ਹੈ, ਫਿਰ ਸਾਰੇ ਪਸਾਰੇ ਦਾ ਆਸ਼ਰਾ ਹੋਕੇ ਉਸ ਵਿਚ-ਪੁਰਖ-ਵਿਆਪਕ ਹੋ ਰਿਹਾ ਹੈ, ਉਹ ਕਵੀ ਜੀ ਦੇ ਵਾਕ ਵਿਚ ਐਉਂ ਵਰਣਿਤ ਹੈ:- ਉਹ ਤਿੰਨੇ ਕਾਲਾਂ ਵਿਚ ਇਕ ਰਸ ਰਹਿੰਦਾ ਹੈ, ਭਾਵ ਕਾਲ ਉਸ ਉੱਤੇ ਹਾਵੀ ਨਹੀਂ ਹੈ। ਪਰ ਸਾਰੇ ਦਿੱਸਦੇ ਪਸਾਰੇ ਦਾ ਆਸਰਾ ਉਹੋ ਅਕਾਲ ਹੈ। ਜਗਤ ਕਿਸੇ ਪਲੰਘ ਵਾਂਙੂ ਕਿਸੇ ਵੱਖਰੀ ਓਟ ਤੇ ਨਹੀਂ ਟਿਕ ਰਿਹਾ, ਸਗੋਂ ਉਹੋ ਮੂਲ ਤੇ ਉਹੋ ਆਸਰਾ ਹੈ, ਆਲੰਬ ਉਹ ਆਸਰਾ ਹੈ ਕਿ 'ਜਿਸ ਤੋਂ ਕੋਈ ਸ਼ੈ ਟੁਰੇ' ਫਿਰ ਉਸੇ ਦੇ ਆਸ਼੍ਰਿਤ ਉਹ ਰਹੇ। ਫਿਰ ਦੱਸਦੇ ਹਨ ਕਿ ਇਕ ਪਾਸੇ ਤਾਂ ਜਗਤ ਉਸ ਦੇ ਆਸਰੇ ਹੈ, ਦੂਏ ਪਾਸੇ ਜਗਤ ਕਾਲ ਦਾ ਪਸਾਰਾ ਹੈ, ਸੋ ਉਸ ਜਗਤ ਦੀ ਮੋਹ ਮਾਯਾ, ਅਥਵਾ ਕਾਲ ਦਾ ਪਸਾਰਾ ਯਾ ਕਾਲ ਦੀ ਫਾਹੀ ਦੂਰ ਬੀ ਉਸੇ ਦੇ ਜਾਣਨ ਤੋਂ ਹੀ ਹੁੰਦੀ ਹੈ।

ਕਵਿ ਜੀ ਨੇ ਮਾਨੋਂ ਕਰਤਾ ਪੁਰਖ ਅਕਾਲ ਦੀ ਟੀਕਾ ਕੀਤੀ ਹੈ। ਯਥਾ-

ਅਕਾਲ = ਤੀਨੋਂ ਕਾਲ ਸੁ ਅਚਲ ਰਹਿ।

ਕਰਤਾ ਪੁਰਖ-ਅਲੰਭ ਸਕਲ ਜਗਜਾਲਿ। ਅਰਥਾਤ-ਓਹ ਅਕਾਲ ਸਾਰੇ ਜਗਤ ਦਾ ਅਲੰਬ ਹੈ (ਭਾਵ ਆਰੰਬ ਕਰਤਾ ਤੇ ਆਸ਼ਰਾ ਹੈ, ਅਰ ਸਾਰੇ ਜਗਤ ਵਿਖੇ ਜਾਲ = ਫੈਲ ਰਿਹਾ ਹੈ, ਭਾਵ ਵਜਾਪ ਰਹਿਆ ਹੈ, ਯਥਾ:- ਹੁਇ ਫੈਲਿਓ ਅਨੁਰਾਗੁ। [ਦਸਮ ਗ੍ਰੰਥ]

ਇਹ ਕਹਿਕੇ ਅਪਣੇ ਮਨ ਦੀ ਅਕਹਿ ਸੰਭਾਵਨਾਂ 'ਜਾਲ ਕਾਲ ਲਖਿ ਮੁਚਤਿ ਜਿਸਿ' ਵਿਚ ਦਰਸਾਈ ਹੈ ਕਿ ਜਿਸਦੇ ਗਿਆਨ ਨਾਲ ਸੰਸਾਰ ਤੇ ਕਾਲ ਦੀ ਫਾਹੀ ਤੋਂ ਮੁਕਤ ਹੋਈਦਾ ਹੈ ਉਸ ਦਾ ਗਿਆਨ ਮੇਰੇ ਅੰਦਰ ਪ੍ਰਕਾਸ਼ ਕਰੇ। ਇਹ ਉਨ੍ਹਾਂ ਦੀ ਸੰਭਾਵਨਾਂ ਅਗਲੇ ਦੋਹੇ ਵਿਚ ਪ੍ਰਗਟ ਹੁੰਦੀ ਹੈ।

ਦੋਹਰਾ: ਛੋਨੀ, ਸੂਰਜ, ਅਗਨਿ, ਜਮ, ਬਾਯੁ ਤ੍ਰਾਸ ਜਿਸਿ ਪਾਇ।
ਨਿਜ ਸੁਭਾਵ ਮਹਿਂ ਥਿਤਿ ਰਹਤਿ, ਅਸ ਬ੍ਰਹਮ ਰਿਦ ਬਿਦਤਾਇ ॥੨॥

ਛੋਨੀ = ਪ੍ਰਿਥਵੀ, [ਸੰਸ: ਕਸ਼ੋਣੀ]।

ਅਸ = ਇਸ ਪ੍ਰਕਾਰ ਦਾ, ਐਸਾ [ਸੰਸ: ਏਖ਼]।

ਅਰਥ: ਜਿਸ (ਬ੍ਰਹਮ) ਦਾ ਭੈ ਪਾ ਕੇ ਜ਼ਮੀਨ, ਸੂਰਜ, ਅੱਗ, ਯਮ ਤੇ ਪੌਣ ਅਪਨੇ (ਅਪਨੇ) ਸੁਭਾਵ ਵਿਚ ਦ੍ਰਿੜ੍ਹ ਰਹਿੰਦੇ ਹਨ, ਐਸਾ ਬ੍ਰਹਮ (ਮੇਰੇ) ਹਿਰਦੇ ਵਿਚ ਪ੍ਰਗਟ ਹੋਵੇ।

ਭਾਵ: ਪਹਿਲੇ ਦੋਹੇ ਵਿੱਚ ਕਹੇ ਗੁਣਾਂ ਅਥਵਾ ਲੱਛਣਾਂ ਵਾਲਾ ਬ੍ਰਹਮ ਤੇ ਇਸ ਦੋਹੇ ਵਿਚ ਕਹੇ ਗੁਣ ਵਾਲਾ ਬ੍ਰਹਮ, ਐਸੀ ਮੇਹਰ ਹੋਵੇ ਕਿ ਮੇਰੇ ਹਿਰਦੇ ਵਿਚ ਪ੍ਰਕਾਸ਼ ਪਾਵੇ। ਕਵਿ ਜੀ ਦੀ ਸੰਭਾਵਨਾਂ ਇਸ ਗਲ ਲਈ ਹੈ ਕਿ ਉਸਦੇ ਪ੍ਰਕਾਸ਼ ਪਾਉਣ ਨਾਲ ਮੇਰਾ ਕਾਲ ਜਾਲ ਛੁਟ ਜਾਏਗਾ। ਦੂਸਰੇ ਇਸ ਦੋਹੇ ਵਿਚ ਇਸ਼ਾਰਾ ਹੈ ਕਿ ਮੇਰੀ ਨਿਜ ਸਰੂਪ ਵਿਚ ਇਸਥਿਤੀ ਹੋ ਜਾਏਗੀ, ਕਿਉਂਕਿ ਦੱਸਦੇ ਹਨ ਕਿ ਅੱਗ ਸੂਰਜ ਆਦਿ ਜਿਸਦੇ ਭੈ ਕਰਕੇ ਨਿਜ ਸੁਭਾਵ ਵਿਚ ਦ੍ਰਿੜ੍ਹ ਹਨ ਜੇ ਓਹ ਮੇਰੇ ਅੰਦਰ ਪ੍ਰਕਾਸ਼ ਪਾਵੇ ਤਾਂ ਸੁਤੇ ਹੀ ਨਿਜ ਸੁਭਾਵ ਵਿਚ ਮੈਂ ਦ੍ਰਿੜ੍ਹ ਹੋਵਾਂਗਾ।

ਅੱਗ, ਸੂਰਜ, ਧਰਤੀ ਆਦਿ ਭੈ ਵਿਚ ਟੁਰਦੇ ਹਨ, ਬ੍ਰਹਮ ਦੀ ਇਹ ਕਥਾ ਆਪ ਨੇ ਆਸਾ ਦੀ ਵਾਰ ਵਿਚ ਕਹੀ 'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ' ਵਾਲੀ ਪਉੜੀ ਦੇ ਆਸ਼ਯ ਤੇ ਕਥਨ ਕੀਤੀ ਜਾਪਦੀ ਹੈ*।

ਦੋਹਰਾ: ਮਰਮ+ ਨ ਜਾਨਯੋ ਜਾਇ ਜਿਸਿ, ਭਰਮ ਮਿਟੇ ਮਿਲਿ ਜਾਇ।
ਕਰਮ ਧਰਮ ਅਰੁ ਭਗਤਿ ਫਲ, ਅਸ ਅਭੇਦ ਕੋ ਪਾਇ ॥੩॥

ਮਰਮ = ਛਿਪੇ ਹੋਏ ਅਰਥ, ਭੇਦ ਯਾ ਭੇਤ, ਭੇਤ ਦੀ ਗੱਲ।
(ਅ) ਤੱਤ੍ਵ ਸਰੂਪ, ਸੱਤ। [ਸੰਸ: ਮਰਮਨ]
ਭਰਮ = ਹੋਰ ਸ਼ੈ ਵਿਚ ਹੋਰ ਦੀ ਪ੍ਰਤੀਤੀ।

ਕਰਮ ਧਰਮ = ਧਰਮ ਸ੍ਵਰੂਪੀ ਕਰਮ, ਜੋ ਕਿਸੇ ਕਾਮਨਾ ਲਈ ਨਹੀਂ ਪਰ ਨਿਰੇ ਧਰਮ ਲਈ ਕੀਤੇ ਜਾਣ, ਨਿਸ਼ਕਾਮ ਕਰਮ।

ਅਭੇਦ = ਅਭੇਦਤਾ। ਭੇਦ ਰਹਿਤ ਮੇਲ। ਆਤਮ ਮੇਲ। (ਅ) ਜਿਸ ਦਾ ਭੇਦ ਨਾ ਪਾ ਸਕੀਏ।

ਅਸ = ਐਸੇ।

ਅਰਥ: ਜਿਸ (ਬ੍ਰਹਮ) ਦਾ ਭੇਤ (ਮਨ ਦੇ ਗਿਆਨ ਨਾਲ) ਜਾਣਿਆਂ ਨਹੀਂ ਜਾ ਸਕਦਾ, (ਪਰੰਤੂ ਜਿਸਦੇ) ਮਿਲਣ ਨਾਲ ਭਰਮ ਮਿਟ ਜਾਂਦਾ ਹੈ। ਕਰਮ ਧਰਮ ਨਿਸ਼ਕਾਮ ਸ਼ੁਭ ਕਰਮ*) ਅਰ ਭਗਤੀ (ਉਪਾਸਨਾ ਦਾ ਇਹ) ਫਲ ਹੈ ਕਿ ਐਸਾ ਅਭੇਦ (ਆਤਮ ਮੇਲ = ਯਥਾਰਥ ਗਯਾਨ) ਪ੍ਰਾਪਤ ਹੋਵੇ।

ਭਾਵ: 'ਮਰਮ ਨ ਜਾਨਯੋ ਜਾਇ ਜਿਸ' ਦਾ ਭਾਵ ਹੈ ਵਾਹਿਗੁਰੂ ਦਾ ਤੱਤ ਸ੍ਵਰੂਪ ਉਸਦੀ ਅਸਲੀਅਤ ਦਾ ਭੇਤ ਸਾਡੇ ਗਿਆਨ ਦਾ ਵਿਸ਼ਾ ਨਹੀਂ ਹੈ, ਜੈਸੇ ਕਵਿ ਜੀ ਨੇ ਰੁਤ ੫, ਅੰਸੂ ੪੧, ਅੰਕ ੩੭ ਵਿਚ ਕਿਹਾ ਹੈ:- ਤੈਸੇ ਮਨ ਕੋ ਬਿਸ਼ੈ ਨ ਆਤਮ। ਜਾਨਿ ਸਕੈ ਨਹਿ, ਅਹੈ ਅਨਾਤਮ। ਅਰਥਾਤ ਆਤਮਾ ਮਨ ਦਾ ਵਿਸ਼ਾ ਨਹੀਂ ਹੈ, ਮਨ ਉਸਨੂੰ ਜਾਣ ਨਹੀਂ ਸਕਦਾ।

ਫਿਰ ਭਰਮ ਕਿਵੇਂ ਮਿਟੇ ? ਕਹਿੰਦੇ ਹਨ:- (ਪਰੰਤ ਮਨ ਤੋਂ ਅਵਿਸ਼ੇ ਬ੍ਰਹਮ) ਮਿਲ ਜਾਏ ਤਾਂ ਭਰਮ ਮਿਟ ਜਾਂਦਾ ਹੈ। ਭਰਮ ਕਹਿੰਦੇ ਹਨ ਹੋਰ ਚੀਜ਼ਾਂ ਵਿਚ ਹੋਰ ਦੀ ਪ੍ਰਤੀਤੀ। ਅਸਲ ਵਸਤੂ ਵਾਹਿਗੁਰੂ ਹੈ, ਉਸਦੇ ਅਗਯਾਨ ਤੋਂ ਭਰਮ ਪਿਆ ਹੈ ਤੇ ਉਸਦੇ ਮਿਲਾਪ ਤੋਂ ਭਰਮ ਨੇ ਦੂਰ ਹੋਣਾ ਹੈ।

ਐਉਂ ਬੀ ਭਾਵ ਕੱਢਦੇ ਹਨ:- ਭਰਮ ਮਿਟੇ ਮਿਲ ਜਾਇ-ਭਾਵ ਹੈ, ਭਰਮ ਮਿਟੇ ਤਾਂ ਉਹ ਮਿਲ ਜਾਂਦਾ ਹੈ। ਇਸ ਪਰ ਇਹ ਵਿਚਾਰ ਹੈ ਕਿ ਅਨ੍ਹੇਰੇ ਨੂੰ ਚਾਨਣੇ ਨੇ ਦੂਰ ਕਰਨਾ ਹੈ, ਇਸ ਅਸੂਲ ਮੂਜਬ ਭਰਮ ਨੇ ਤਾਂ ਯਥਾਰਥ ਗਿਆਨ ਨਾਲ ਮਿਟਣਾ ਹੈ, ਸੋ ਸਾਮਾਨ ਭਰਮ ਤਾਂ ਉਪਾਸਨਾ ਨਾਲ ਦੂਰ ਹੋਣਾ ਹੈ ਪਰ ਵਿਸ਼ੇਸ਼ ਭਰਮ ਦਰਸ਼ਨ ਦੇਖਕੇ ਮਿਟਣਾ ਹੈ, ਭਾਵ ਪ੍ਰਤੱਖ ਗਿਆਨ ਨਾਲ ਦੂਰ ਹੋਣਾ ਹੈ। ਇਸ ਕਰਕੇ ਉਸਦੇ ਮਿਲਨ

---

* ਇਹ ਖਿਆਲ ਯਜੁਰਵੇਦ ਦੀ ਕਠੋਪਨਿਖ਼ਧ ਦੂਜਾ ਅਧਯਾਯ ਛੇਵੀਂ ਵਲੀ ਦੇ ਤੀਜੇ ਮੰਤ੍ਰ ਵਿਚ ਭੀ ਹੈ। ਯਥਾ- ਭਯਾਦਸਯਾਗ੍ਨਿਸ੍ਤਪਤਿ ਭਯਾਤ੍ਤੁਪਤਿ ਸੂਰ੍ਯਛ। ਭਯਾਦਿੰਦ੍ਰਸ਼੍ਚ ਵਾਯੁਸ਼੍ਚ ਮ੍ਰਿਤਯੁਰ੍ਧਾਵਤਿ ਪੰਚਮਛ। ਇਹ ਮੰਤ੍ਰ ਥੋੜ੍ਹੇ ਪਾਠ ਦੇ ਫਰਕ ਨਾਲ ਹੋਰ ਥਾਂਈ ਭੀ ਆਇਆ ਹੈ।

+ਮਰਮ ਅਸਲ ਵਿਚ ਸਰੀਰ ਦੇ ਗੁੱਝੇ ਥਾਉਂ ਨੂੰ ਕਹਿੰਦੇ ਹਨ, ਜਿਥੇ ਚੋਟ ਆਈ ਤੇ ਆਦਮੀ ਮਰ ਜਾਏ।

*ਦੇਖੋ ਰੁਤ ੫ ਅੰਸੂ ੪੨ ਤੋਂ ੬੭ ਤਕ, ਉਥੇ ਕਵਿ ਜੀ ਨੇ ਆਪ ਵੇਰਵਾ ਦਿੱਤਾ ਹੈ।

(ਸਾਖਜਾਤਕਾਰ) ਤੋਂ ਭਰਮ ਦੂਰ ਹੁੰਦਾ ਹੈ, ਇਹ ਅਰਥ ਕਵਿ ਅਭਿਪ੍ਰਾਯ ਦੇ ਨੇੜੇ ਜਾਪਦਾ ਹੈ।

ਦੋਹਰਾ: ਭਾਨ ਹੋਤਿ ਜਗ ਜਾਸ ਤੇ, ਰਜੂ ਭੁਜੰਗ ਸਮਾਨ।
ਮਾਨ ਹਾਨਿ ਕਰਿ ਜਾਨਿ ਤਿਹ, ਤਮ ਅਨਾਦਿ ਕਹੁ ਭਾਨੁ ॥੪॥

ਭਾਨਹੋਤਿ = ਪ੍ਰਤੀਤ ਹੁੰਦਾ ਹੈ। ਜਾਸਤੇ = ਜਿਸਤੋਂ, ਮੁਰਾਦ ਹੈ ਜਿਸ ਬ੍ਰਹਮ ਤੋਂ। (ਅ) ਜਾ+ਸਤੈ = ਜਿਸ (ਬ੍ਰਹਮ) ਦੀ ਸੱਤਜਾ ਤੋਂ। ਰਜੂ = ਰੱਸੀ। ਭੁਜੰਗ = ਸੱਪ। ਮਾਨ = ਅਹੰਕਾਰ। (ਅ) ਮਨੌਤ। ਹਾਨ ਕਰਿ = ਦੂਰ ਕਰ। ਤਮ = ਅੰਧੇਰਾ।

ਅਨਾਦਿ* = ਆਦਿ ਰਹਿਤ। ਪੁਰਾਣਾਂ।

ਭਾਨੁ = ਸੂਰਜ (ਅ) ਭੰਨ, ਦੂਰ ਕਰ।

ਅਰਥ: ਜਿਵੇਂ ਰੱਸੀ ਵਿਚ ਸੱਪ (ਪ੍ਰਤੀਤ ਦੇਂਦਾ ਹੈ, ਤਿਵੇਂ) ਜਿਸ (ਬ੍ਰਹਮ) ਤੋਂ ਜਗਤ ਪ੍ਰਤੀਤ ਦੇ ਰਿਹਾ ਹੈ, ਉਸ (ਬ੍ਰਹਮ) ਨੂੰ ਜਾਣ, (ਜੋ) ਅਹੰਕਾਰ+ ਦੂਰ ਕਰਨ ਨਾਲ (ਜਾਣਿਆਂ ਜਾ ਸਕਦਾ ਹੈ, ਤੇ ਜਿਸ ਦਾ ਜਾਣਨਾ = ਗਜਾਨ) ਅਨਾਦਿ ਅੰਧਕਾਰ (ਅੱਗਜਾਨ) ਦਾ (ਨਾਸ਼ ਕਰਨੇ ਵਾਲਾ) ਸੂਰਜ ਹੈ++।

ਭਾਵ: 'ਭਾਨ ਹੋਤਿ ਜਗ ਜਾਸਤੇ' ਦਾ ਜੋ ਭਾਵ ਹੈ ਉਹੋ ਗਲ ਪਹਿਲੇ ਦੋਹੇ ਵਿਚ ਕਹੀ ਹੈ 'ਅਲੰਬ ਸਕਲ ਜਗ ਜਾਲ।' ਜਾਲ ਦਾ ਦੂਜਾ ਅਰਥ ਭੁਲੇਵਾ ਹੈ ਅਰ ਤੀਜੇ ਦੋਹੇ ਵਿਚ ਕਿਹਾ ਹੈ 'ਭਰਮ ਮਿਟੇ ਮਿਲ ਜਾਇ।' ਹੁਣ ਇਸ ਦੋਹੇ ਵਿਚ ਭਰਮ ਦਾ ਸਰੂਪ ਕੀ ਹੈ, ਰਜੂ ਵਿਚ ਸਰਪ ਪ੍ਰਤੀਤੀ ਤੇ ਓਹ ਸਰਪ ਰੱਜੂ ਦੇ ਅਗਜਾਨ ਕਰਕੇ ਪ੍ਰਤੀਤ ਹੋਇਆ ਤੇ ਰੱਜੂ ਦੇ ਗਜਾਨ ਕਰਕੇ ਨਿਵਿਰਤ ਹੋ ਜਾਂਦਾ ਹੈ। ਇਵੇਂ ਹੀ ਜਿਸਦੇ ਨਾ ਜਾਨਣ ਕਰਕੇ ਜਗਤ ਪ੍ਰਤੀਤ ਹੋ ਰਿਹਾ ਹੈ ਉਸਦੇ ਜਾਣਨੇ ਕਰਕੇ ਜਗਤ ਨਿਵਿਰਤ ਹੋ ਜਾਂਦਾ ਹੈ, ਇਸੇ ਲਈ ਅਗਲੇ ਦੋਹੇ ਵਿਚ 'ਪੰਚ' ਅੰਸ਼ੂ ਰੂਪ ਜਗਤ ਕਹਿਕੇ ਮੰਗਲ ਪੂਰਨ ਕੀਤਾ ਹੈ। ਨਾਲੇ ਅੱਗਜਾਨ ਤੱਤ ਕਾਰਜ 'ਸ੍ਵਕਾਲੇ ਸੱਤਜਵਦ ਭਾਤੀ ਪ੍ਰਬੋਧੇ ਅਸਤਵਦ ਭਵੇਤ' ਇਸ ਸ਼ੰਕਰ ਜੀ ਦੇ ਵਚਨ ਤੋਂ ਸਿੱਧ ਹੈ ਕਿ ਬ੍ਰਹਮ ਗਜਾਨ ਤੋਂ ਪਹਿਲਾਂ ਅੱਗਜਾਨ ਤੱਤਕਾਰਯ ਸੱਤਯ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ ਤੇ ਵਾਹਿਗੁਰੂ ਗਜਾਨ ਤੋਂ ਪਿੱਛੋਂ ਅਸੱਤਜ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ, ਸੋ ਰੱਸੀ ਵਿਚ ਸੱਪ ਨਹੀਂ ਹੈ ਇਹ ਰੱਸੀ ਦੇ ਗਜਾਨ ਤੋਂ ਸੱਪ ਨਿਵਿਰਤੀ ਹੈ, ਇਸੇ ਤਰ੍ਹਾਂ ਬ੍ਰਹਮ ਗਜਾਨ ਤੋਂ ਮਿਥਜਾ ਜਗਤ ਦੀ ਨਿਵਿਰਤੀ ਹੈ। ਇਸ ਦੋਹੇ ਦੇ ਅਰਥ ਨੂੰ ਤ੍ਰੈ ਹੋਰ ਤਰ੍ਹਾਂ ਨਾਲ ਬੀ ਅਦਾ ਕੀਤਾ ਜਾ ਸਕਦਾ ਹੈ-

---

*ਵੇਦਾਂਤ ਮਤ ਵਾਲਿਆਂ ਨੇ ਛੇ ਅਨਾਦੀ ਗਿਣੇ ਹਨ-੧. ਈਸ਼੍ਵਰ, ੨. ਜੀਵ, ੩. ਅੱਗਜਾਨ, ੪. ਚੇਤਨ ਤੇ ਅੱਗਜਾਨ ਦਾ ਸੰਬੰਧ, ੫. ਇਨ੍ਹਾਂ ਦਾ ਭੇਦ, ੬. ਬ੍ਰਹਮ। ਪਹਿਲੇ ਪੰਜ ਸ਼ਾਂਤਿ ਅਨਾਦਿ ਕਹੀਦੇ ਹਨ ਤੇ ਛੇਵਾਂ ਅਨੰਤ ਅਨਾਦੀ। ਦੇਖੋ ਰੁਤ ੫ ਅੰਸੂ ੪੧, ਅੰਕ ੬।

+ਤਨ, ਇੰਦ੍ਰੈ, ਮਨ, ਪ੍ਰਾਣ ਅਨਾਤਮ। ਇਸ ਸੰਘਾਤ ਵਿਖੇ ਬੁਧ ਆਤਮ।
ਬੰਧਨ ਇਹੀ ਸਦਾ ਦੁਖ ਕਾਰਣ। ਅਹੰ ਦੇਹ ਲਖਿ ਕਰਹਿ ਉਚਾਰਣੁ।
[ਰੁਤ ੫, ਅੰਸੂ ੪੧. ਅੰਕ ੧੧]

++ਸਮਾਨ ਚੇਤਨ ਜਗਤ ਪ੍ਰਤੀਤੀ ਦਾ ਕਾਰਨ ਹੈ ਓਹ ਅਨਾਦੀ ਤਮ ਦਾ ਵਿਰੋਧੀ ਨਹੀਂ, ਬ੍ਰਿਤੀ ਅਰੂੜ ਚੇਤਨ ਅਰਥਾਤ ਗਜਾਨ ਹੀ ਅੱਗਜਾਨ ਦਾ ਵਿਰੋਧੀ ਤੇ ਨਾਸ਼ਕ ਹੈ। ਕਵੀ ਜੀ ਦਾ ਅਪਣਾ ਕਥਨ ਹੈ 'ਬ੍ਰਹਮ ਗਜਾਨ ਸੂਰਜ ਕੇ ਸੰਗ। ਤਮ ਅਗਜਾਨ ਸਕਲ ਦੇ ਭੰਗ।
[ਰੁਤ ੫, ਅੰਸੂ ੪੬, ਅੰਕ ੫੧]

(ੳ) ਜਿਸ (ਬ੍ਰਹਮ) ਨੂੰ (ਨਾ ਜਾਣਨੇ ਕਰਕੇ) ਜਗਤ (ਸੱਤਜ) ਪ੍ਰਤੀਤ ਹੋ ਰਿਹਾ ਹੈ, ਜਿਵੇਂ (ਰੱਸੀ ਦੇ ਨਾ ਜਾਣਨ ਕਰਕੇ) ਰੱਸੀ ਵਿਚ ਸੱਪ (ਸੱਤ ਪ੍ਰਤੀਤ ਹੁੰਦਾ ਹੈ) ਉਸਨੂੰ ਮਾਨ ਹਾਨ ਕਰ ਜਾਣ (ਕਿਉਂਕਿ ਉਸਦਾ ਜਾਣਨਾ) ਅਨਾਦਿ (ਅੱਗਜ਼ਾਨ) ਦੇ ਹਨੇਰੇ ਨੂੰ (ਦੂਰ ਕਰਨ ਵਾਲਾ) ਸੂਰਜ ਹੈ।

(ਅ) ਜਿਸਦੇ ਗਜ਼ਾਨ ਹੋਣ ਨਾਲ ਰੱਸੀ (ਵਿਚ) ਸੱਪ ਵਾਂਙੂ ਜਗਤ (ਮਿਥਜ਼ਾ ਭਾਸਦਾ) ਹੈ, ਅਹੰਕਾਰ ਨੂੰ ਦੂਰ ਕਰਕੇ ਉਸਨੂੰ ਜਾਣ, ਸੋ ਅਨਾਦਿ ਹਨੇਰੇ ਨੂੰ (ਦੂਰ ਕਰਨੇ ਵਾਲਾ) ਸੂਰਜ ਹੈ।

(ੲ) ਅਨਾਦਿ ਹਨੇਰੇ ਦੀ ਪ੍ਰਤੀਤੀ ਨੂੰ (ਕਿ) ਜਿਸਦੇ ਕਾਰਣ ਜਗਤ ਦੀ ਮਨੌਤ-ਰੱਸੀ ਵਿਚ ਸਪ ਵਾਂਙੂ-ਭਾਨ ਹੁੰਦੀ ਹੈ, ਉਸਨੂੰ (ਰੱਸੀ ਵਿਚ ਸੱਪ ਨਹੀਂ ਹੈ ਵਾਂਙੂ ਮਿਥਜ਼ਾ) ਜਾਣਕੇ (ਭੰਨ ਦੇਹ =) ਦੂਰ ਕਰ।

ਕਵਿ ਜੀ ਇਨ੍ਹਾਂ ਚੌਹਾਂ ਦੋਹਿਆਂ ਵਿਚ ਇਕ ਪਦ ਸੰਗਿਆ ਵਾਚੀ ਵਰਤਦੇ ਹਨ, ਓਹ ਹੈ ਦੂਸਰੇ ਦੋਹੇ ਦਾ ਪਦ-ਬ੍ਰਹਮ-ਇਸ ਪਦ ਹੀ ਵਾਸਤੇ ਚੌਹਾਂ ਦੋਹਿਆਂ ਵਿਚ ੫ ਸਰਬ ਨਾਮ (Pronoun) ਪਦ ਵਰਤਦੇ ਹਨ:-

ਪਹਿਲੇ ਵਿਚ-ਜਿਸਿ
ਦੂਜੇ ਵਿਚ-ਜਿਸਿ
ਤੀਜੇ ਵਿਚ-ਜਿਸਿ
ਚੌਥੇ ਵਿਚ-ਜਾਸ, ਤਿਹ।

ਇਹ ਪੰਜੇ ਸਰਬ ਨਾਮ-ਬ੍ਰਹਮ ਪਦ ਦੇ, ਜੋ ਸੰਗਜ਼ਾ ਪਦ ਹੈ ਵਾਚਕ ਹਨ, ਸੋ ਚੌਥੇ ਦੋਹੇ ਵਿਚ 'ਜਾਸ' ਪਦ ਤੋਂ ਮੁਰਾਦ-ਬ੍ਰਹਮ-ਹੀ ਹੈ। ਹੁਣ ਸ਼ੁੱਧ ਅਰਥ ਇਹ ਹੋਵੇਗਾ ਕਿ ਬ੍ਰਹਮ ਤੋਂ ਜਗਤ ਭਾਨ ਹੋ ਰਿਹਾ ਹੈ, ਜਿਵੇਂ ਰੱਸੀ ਤੋਂ ਸੱਪ ਦਾ ਭਾਨ ਹੁੰਦਾ ਹੈ, ਭਾਵੇਹ ਕਿ ਬ੍ਰਹਮ ਦੀ ਸਤਜ਼ਾ ਤੋਂ। ਹੁਣ ਇਸ ਭਾਨ ਦਾ ਕਾਰਣ ਅੱਗਜ਼ਾਨ* ਹੈ, ਉਸ ਅਗਜ਼ਾਨ ਦਾ ਇਲਾਜ ਗਜ਼ਾਨ ਹੈ, ਗਜ਼ਾਨ ਦਾ ਪ੍ਰਤਿਬੰਧਕ ਅਹੰ ਹੈ, ਇਸ ਅਹੰ ਨੂੰ ਨਾਸ਼ ਕਰ ਤਾਂ ਗਜ਼ਾਨ ਹੋਵੇ, ਗਜ਼ਾਨ ਹੋਏ ਤੋਂ ਜਿਵੇਂ ਸੱਪ ਨਹੀਂ ਦਿਸਦਾ ਪਰ ਰੱਸੀ ਦੀਹਦੀ ਹੈ ਤਿਵੇਂ ਜਗਤ ਨਹੀਂ ਪਰ ਇਕ ਬ੍ਰਹਮ ਨਜ਼ਰ ਪਏਗਾ+।

ਉਪਰਲੀ ਵਿਚਾਲ ਮੂਜਬ (ੳ) ਅਰਥ ਨਹੀਂ ਢੁੱਕਦਾ, ਕਿਉਂਕਿ ਜਗਤ ਦੀ ਪ੍ਰਤੀਤੀ ਦਾ ਮੂਲ ਕਾਰਣ ਬ੍ਰਹਮ ਹੈ, ਬ੍ਰਹਮ ਨਾ ਹੋਵੇ ਤਾਂ ਪ੍ਰਤੀਤੀ ਕਿਥੇ ਹੋਵੇ, ਜਿਵੇਂ ਰੱਸੀ ਨਾ ਹੋਵੇ ਤਾਂ ਸੱਪ ਦਾ ਭੁਲੇਵਾ ਕਿਵੇਂ ਪਵੇਂ। ਦੂਸਰੇ-ਜਾਸ-ਪਦ ਦਾ ਸੰਗਜ਼ਾ ਵਾਚੀ ਪਦ ਹੈ- 'ਬ੍ਰਹਮ', ਨਾ ਕਿ ਨਾ ਜਾਣਨਾ, ਅੱਗਜ਼ਾਨ। ਫਿਰ ਅਰਥ (ਅ) ਬੀ ਨਹੀਂ ਢੁਕਦਾ। ਕਿਉਂ ਜੋ ਸਰਬ ਨਾਮ ਪਦ 'ਜਾਸ' ਦਾ ਸੰਗਜ਼ਾਵਾਚੀ ਪਦ 'ਬ੍ਰਹਮ' ਹੈ, 'ਗਜ਼ਾਨ' ਨਹੀਂ ਹੈ।

---

* ਇਸਦੀ ਪੁਸ਼ਟੀ ਲਈ ਕਵੀ ਜੀ ਦਾ ਅਪਣਾ ਕਥਨ ਐਉਂ ਹੈ:-
ਹੈ ਅਗਜ਼ਾਨ ਕਰ ਕਲਪਤ ਸਭ ਜਗ ਅਧਿਸ਼ਟਾਨਿ ਆਤਮ ਇਕ ਚਾਹਿ।
ਨਹੀ ਜੇਵਰੀ ਜਾਠਹਿ ਜੌ ਲਗ ਤੌ ਲਗ ਕਲਪ ਕਲਪ ਦੁਖ ਪਾਹਿ॥
[ਰੁਤ ੫ ਅੰਸੂ ੪੩ ਅੰਕ ੧੭

+ ਬ੍ਰਹਮ ਸੱਚਿਦਾਨੰਦ ਗਜ਼ਾਨ ਤੇ ਸਭ ਕੋ ਜਬ ਅਭਾਵ ਹੁਇ ਜਾਇ।
ਸਪਿ ਰਜੂ ਕੋ ਗਜ਼ਾਨ ਹੋਇ ਸਭਿ ਰੂਪਾ ਸਰਪ ਨਹੀਂ ਜਿਸ ਭਾਇ।
[ਰੁਤ ੫ ਅੰਸ ੪੩ ਅੰਕ ੧੯

ਅਰਥ (ੲ) ਬੀ ਨਹੀਂ ਢੁਕਦਾ-ਕਿਉਂਕਿ ਮੰਗਲ ਤਾਂ 'ਬ੍ਰਹਮ' ਦਾ ਹੋ ਰਿਹਾ ਹੈ, ਤੇ ਪ੍ਰਧਾਨ ਗੱਲ ਇਸ ਅਰਥ ਵਿਚ ਆ ਗਿਆ 'ਅੱਗਜ਼ਾਨ ਨੂੰ ਦੂਰ ਕਰਨ ਦਾ ਉਪਦੇਸ਼।'

ਦੋਹਰਾ: ਸਤਿ ਚੇਤਨ ਆਨੰਦ ਯੁਤ, ਨਾਮ ਰੂਪ ਜਗ ਪੰਚ।
ਸੰਤ ਦੁਹਨਿ ਉਰ ਪਰਹਰੈਂ, ਤਿਨ ਤੀਨਹੁ ਕੋ ਸੰਚ ॥੫॥

ਸਤਿ ਚੇਤਨ ਆਨੰਦ ਯੁਤ = ਸਤਿ, ਆਨੰਦ ਸਮੇਤ। ਯੁਤ-ਯੁਕ੍ਤ = ਜੁੜਿਆ, ਜੋ ਅਲੱਗ ਨਾ ਹੋ ਸਕੇ। ਭਾਵ ਸਤ ਚਿਤ ਆਨੰਦ ਜੋ ਤ੍ਰੈਏ ਆਪੋ ਵਿਚ ਅਲੱਗ ਨਾ ਹੋ ਸੱਕਣ।

ਮੁਰਾਦ ਹੈ ਸਚਿਦਾਨੰਦ ਤੋਂ ਜੋ ਸਤਿ = ਹੈ, ਐਸਾ ਹੈ ਕਿ ਤ੍ਰੈ ਕਾਲ ਅਬਾਧ ਹੈ, ਸਦਾ ਤੋਂ ਹੈ, ਸਦਾ ਹੋਊ, ਇਕ ਥਾਂ ਹੈ, ਸਾਰੇ ਹੈ, ਜਿਸਨੂੰ 'ਹੈ' ਮਾਤ੍ਰ ਕਹਿ ਸਕਦੇ ਹਾਂ, ਕਿਉਂਕਿ ਉਹ ਮਾਯਾ ਤੋਂ, ਪ੍ਰਕ੍ਰਿਤੀ ਤੋਂ ਪਰੇ ਹੈ। ਦੇਸ਼, ਕਾਲ, ਪ੍ਰਕ੍ਰਿਤੀ, ਕਾਰਣ ਆਦਿ ਉਸ ਉਤੇ ਹਾਵੀ ਨਹੀਂ ਹਨ, ਫਿਰ ਓਹ 'ਨਹੀਂ', ਪਰ 'ਹੈ' ਹੈ।

ਚਿਤ-ਉਹ 'ਹੈ' ਪਰ ਚੇਤਨ ਹੈ। ਜੇ ਚੇਤਨ ਨਹੀਂ ਤਾਂ ਉਹ 'ਹੈ' ਜੇ ਹੈ ਤਾਂ ਪ੍ਰਕ੍ਰਿਤੀ ਯਾ ਇਸ ਵਰਗੀ ਕੋਈ ਜੜ੍ਹ ਸ਼ੈ ਹੈ, ਪਰ ਇਹ 'ਹੈ' 'ਚੇਤਨ' ਹੈ।

ਆਨੰਦ-ਫਿਰ ਇਹ 'ਹੈ', ਜੋ ਚੇਤਨ ਹੈ, ਅਪਣੇ ਆਪ ਵਿਚ ਅਪਣੇ ਆਪ ਤੋਂ ਦੂਈ ਦੀ ਕਿਸੇ ਲੋੜ ਸਹਾਇਤਾ ਤੋਂ ਬਿਨਾਂ 'ਅਨੰਦ' ਹੈ।

ਇਹ ਤ੍ਰੈ ਸਿਫਤਾਂ ਯਾ ਸਰੂਪ ਲੱਛਣ ਬ੍ਰਹਮ ਦੇ ਕਰਦੇ ਹਨ ਜੋ ਅਵਿਨਾਸ਼ ਹਨ। ਇਨ੍ਹਾਂ ਤ੍ਰੈਆਂ ਨੂੰ ਹੀ ਕਦੇ ਅਸਤੀ, ਭਾਂਤੀ, ਪ੍ਰੇਯ ਆਖਦੇ ਹਨ।

ਹੁਣ ਦੋ ਸਿਫਤਾਂ ਯਾ ਲੱਛਣ ਐਸੇ ਹਨ ਕਿ ਉਨ੍ਹਾਂ ਦੇ ਹੇਠ ਗਿਣੇ ਜਾਣ ਵਾਲੇ ਵਜੂਦ ਅਸੱਤ, ਨਾਸ਼ਮਾਨ ਯਾ ਬਦਲਣ ਵਾਲੇ ਹਨ, ਦੇਸ਼ ਵਿਚ ਹਨ, ਕਾਲ ਓਹਨਾਂ ਤੇ ਹਾਵੀ ਹੈ, ਨਮਿੱਤ ਨਾਲ ਬਣਦੇ ਹਨ, ਅਰ ਸਥੂਲ ਸੂਖਮ ਕਿਸੇ ਪ੍ਰਕ੍ਰਿਤੀ ਯਾ ਉਪਾਧੀ ਦੇ ਆਸਰੇ ਤੇ ਹਨ। ਓਹ 'ਨਾਮ' ਤੇ 'ਰੂਪ' ਹਨ। ਜੋ ਸ਼ੈ 'ਨਾਮ' ਤੇ 'ਰੂਪ' ਰੱਖਦੀ ਹੈ ਉਹ ਨਾਸ਼ਮਾਨ ਹੈ। ਇਸ ਤੋਂ ਚਿਤ ਬ੍ਰਿਥੀ ਨੂੰ ਉਠਾਣਾ ਤਰੀਕਾ ਹੈ ਨਾਸ਼ ਰਹਿਤ ਵਲ ਚਿਤ ਬ੍ਰਿਤੀ ਨੂੰ ਜੋੜਨ ਦਾ।

(ਅ) ਯੁਤ-ਪਦ ਐਉਂ ਬੀ ਸੁਹਣਾ ਲੱਗਦਾ ਹੈ, ਸਤ ਚੇਤਨ ਆਨੰਦ ਨਾਮ ਰੂਪ ਸਮੇਤ।

ਅਰਥ: ਜਗਤ (ਵਿਚ) ਪੰਜ (ਸਿਫਤਾਂ ਹਨ):- ਸੱਤ ਚੇਤਨ ਆਨੰਦ ਸਮੇਤ ਨਾਮ ਰੂਪ (ਦੇ), ਸੰਤ ਦੁਹਾਂ (ਨਾਮ ਤੇ ਰੂਪ) ਦਾ ਦਿਲੋਂ ਤਿਆਗ ਕਰਦੇ ਹਨ ਤੇ ਉਨ੍ਹਾਂ (ਸਤ, ਚੇਤਨ ਆਨੰਦ) ਤਿੰਨਾਂ ਦਾ ਸੰਚਨ ਕਰਦੇ ਹਨ।

(ਪਿਛਲੇ ਪੰਜਾਂ ਦੋਹਿਆਂ ਦਾ ਮਿਲਵਾਂ ਭਾਵ)

ਪੰਜੇ ਦੋਹੇ ਕਵਿ ਜੀ ਦੇਹਾਂਤ ਦੀ ਫਿਲਾਸਫੀ ਨਾਲ ਮੰਝੇ ਦਿਮਾਗ ਤੋਂ ਉਸ ਫਿਲਸਫੇ ਮੂਜਬ ਨਿਕਲੇ ਹਨ, ਇਨ੍ਹਾਂ ਦਾ ਇਹ ਭਾਵ ਅਨੇਕ ਥਾਈਂ ਇਨ੍ਹਾਂ ਦੇ ਇਸ ਗ੍ਰੰਥ ਵਿਚ ਆਯਾ ਹੈ, ਪਰ ਵਿਸਤਾਰ ਪੂਰਬਕ ਜ਼ਿਕਰ ਪੰਜਵੀਂ ਰੁਤ ਦੇ ੪੦, ੪੧, ੪੨, ੪੬ ਆਦਿ ਅੰਸੂਆਂ ਵਿਚ ਹੈ।

ਪੰਜਾਂ ਦੋਹਿਆਂ ਦਾ ਮਿਲਵਾਂ ਭਾਵ ਇਸ ਪ੍ਰਕਾਰ ਹੈ:- ਪਹਿਲੇ ਵਿਚ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ, ਉਸਦਾ ਨਾਮ ਦਸਿਆ ਹੈ 'ਕਰਤਾ ਪੁਰਖ ਅਕਾਲ' ਜੋ ਵੇਦਾਂਤ ਦਾ ਨਹੀਂ, ਪਰ ਗੁਰਬਾਣੀ ਦਾ ਦਿੱਤਾ ਨਾਮ ਹੈ। ਉਸਦੇ ਸਰੂਪ ਜਾਣਨੇ ਦਾ ਫਲ 'ਮੁਕਤੀ' ਦੱਸਿਆ ਹੈ।

ਦੂਸਰੇ ਵਿਚ ਉਸ ਕਰਤਾ ਪੁਰਖ ਦੀ ਕਾਦਿਰਤਾ ਦਰਸਾਈ ਹੈ ਕਿ ਉਸਦੇ ਭਯ ਵਿਚ ਸਾਰੀ ਸ੍ਰਿਸ਼ਟੀ ਹੈ, ਉਸਦੇ ਬੱਧੇ ਨਿਯਮਾਂ ਵਿਚ ਟੁਰ ਰਹੀ ਹੈ, ਸੋ ਉਹ ਕਾਦਰ ਬੀ ਹੈ। ਯਥਾ- 'ਤੂੰ ਕਾਦਿਰੁ ਕਰਤਾ।'

ਤੀਜੇ ਵਿਚ ਉਸਦੇ ਮਿਲਾਪ ਦਾ ਵਰਣਨ ਕਰਦੇ ਹਨ ਕਿ ਐਸਾ ਵਜੂਦ ਜੋ ਤਿੰਨੇ ਕਾਲ ਇਕ ਰਸ ਹੈ, ਸਾਰੇ ਪਸਾਰੇ ਦਾ ਮੂਲ ਤੇ ਆਸ਼ਰਾ ਹੈ, ਕਰਤਾ ਪੁਰਖ ਹੈ, ਅਕਾਲ ਹੈ, ਕਾਦਰ ਹੈ, ਉਸਨੂੰ ਜਾਣਨਾ ਮਨ ਆਦਿ ਨਾਲ ਹੋ ਨਹੀਂ ਸਕਦਾ, ਕਿਉਂਕਿ ਉਹ ਅਗੋਚਰ ਹੈ। ਪਰ ਨਿਸ਼ਕਾਮ ਸ਼ੁਭ ਕਰਮਾਂ ਤੇ ਭਗਤੀ ਨਾਲ ਮਿਲ ਪੈਂਦਾ ਹੈ ਤੇ ਉਸਦਾ ਮਿਲਨਾ ਹੀ ਸਾਰੇ ਅੱਗਜ਼ਾਨ ਦੇ ਦੂਰ ਕਰਨ ਹਾਰਾ ਹੈ।

ਚੌਥੇ ਵਿਚ ਉਸ ਭਰਮ ਦਾ ਸਰੂਪ ਦੱਸਦੇ ਹਨ, ਜੋ ਉਸਦੇ ਮਿਲਿਆਂ ਦੂਰ ਹੋਣਾ ਹੈ। ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੁੰਦਾ ਹੈ, ਤਿਵੇਂ ਉਸ ਬ੍ਰਹਮ ਵਿਚ ਜਗਤ ਦਾ ਭ੍ਰਮ ਹੁੰਦਾ ਹੈ। ਇਸ ਭ੍ਰਮ ਦੀ ਨਵਿਰਤੀ ਅਨਾਦਿ ਅੱਗਜ਼ਾਨ ਨੂੰ ਦੂਰ ਕਰਨ ਤੇ ਹੋ ਸਕਦੀ ਹੈ ਤੇ ਉਹ ਦੂਰ ਹੁੰਦਾ ਹੈ ਅਹੰ ਭਾਵ ਨੂੰ ਦੂਰ ਕੀਤੀਆਂ, ਸਾਖਜ਼ਾਤਕਾਰ ਹੋਣ ਤੇ।

ਪੰਜਵੇਂ ਵਿਚ ਉਸ ਬ੍ਰਹਮ ਦਾ ਨਿਜ ਰੂਪ ਤੇ ਉਸ ਵਿਚ ਪ੍ਰਤੀਤਮਾਨ ਜਗਤ ਦਾ ਰੂਪ ਵੇਦਾਂਤ ਫਿਲਾਸਫੀ ਦੇ ਲਫਜ਼ਾਂ ਵਿਚ ਦੱਸਦੇ ਹਨ।

ਬ੍ਰਹਮ ਦਾ ਰੂਪ ਹੈ ਸਤਚਿਤ ਆਨੰਦ ਤੇ ਜਗਤ ਦਾ ਰੂਪ ਹੈ ਨਾਮ, ਰੂਪ।

ਅਖੀਰ ਵਿਚ ਸੰਤ ਦਾ ਰੂਪ ਦੱਸਦੇ ਹਨ ਕਿ ਜਿਨ੍ਹਾਂ ਤੇ ਸਤਚਿਤ ਆਨੰਦ ਨੂੰ ਨਿਸ਼ਕਾਮ ਕਰਮਾਂ, ਭਗਤੀ ਤੇ ਗਜ਼ਾਨ ਦ੍ਵਾਰਾ ਜਣਿਆਂ ਹੈ ਤੇ ਨਾਮ ਰੂਪ ਨੂੰ ਤਜ਼ਾਗਿਆ ਹੈ ਓਹ ਸੰਤ ਹਨ।

ਇਹ ਸਾਰਾ ਆਪ ਨੇ ਵੇਦਾਂਤ ਦੇ ਲਫਜ਼ਾਂ ਵਿਚ ਵੇਦਾਂਤ ਦੇ ਨਿਰੂਪਣ ਕੀਤੇ ਬ੍ਰਹਮ ਦਾ ਮੰਗਲ ਕੀਤਾ ਹੈ ਤੇ ਉਸਨੂੰ ਗੁਰਬਾਣੀ ਦੇ 'ਕਰਤਾ ਪੁਰਖੁ ਅਕਾਲ' ਤੇ 'ਕਾਦਿਰੁ' ਨਾਲ ਤਦ ਰੂਪ ਵਰਣਨ ਕੀਤਾ ਹੈ।

੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

ਚੌਪਈ: ਬੰਦਨ ਬਿੰਦੁ ਬਦਨ ਬਰ ਚੰਦਨ।
ਚੰਦ ਨ ਸਮ ਅਰਬਿੰਦ ਮਾਨਿੰਦ ਨ॥
ਨਿੰਦ ਨ ਜਿਹ ਸੁਰਕਰਿ ਅਭਿਨੰਦਨ।
ਨੰਦਨ ਜਗ ਬਾਨੀ ਪਦ ਬੰਦਨ* ॥੬॥

ਬੰਦਨ = ਮੂੰਹ, ਚਿਹਰਾ, ਮੱਥਾ। [ਸੰਸ: ਵਦਨ] (ਅ) ਸਿੰਦੂਰ ਯਾ ਸੰਧੂਰ (ਅਸਲ ਵਿਚ ਪਦ ਹੈ, ਸਿੰਦੂਰ ਬੰਦਨ = ਇਹ ਇਕ ਵਿਵਾਹ ਸਮੇਂ ਦੀ ਰੀਤੀ ਹੈ ਜਦ ਕਿ ਵਰ ਕੰਨਜ਼ਾ ਦੀ ਮਾਂਗ ਤੇ ਸੰਧੂਰ ਪਾਉਂਦਾ ਹੈ)।

ਬਿੰਦੁ = ਗੋਲ ਤਿਲਕ। ਬਿੰਦੀ। [ਬਿਦੁ] ਬਦਨ = ਮੂੰਹ।

---

*ਕਵਿ ਜੀ ਮੰਗਲਾਂ ਵਿਚ ਬਹੁਤ ਵਾਰ ਆਪਣੇ ਛੰਦਾਂ ਦੀ ਚਾਲ ਸਿੰਘਾ-ਵਿਲੋਕਨ ਦੀ ਰੱਖ ਰਹੇ ਹਨ। ਸਿੰਘਾਵਿਲੋਕਨ ਦੇ ਅਰਥ ਹਨ-ਸ਼ੇਰ ਵਾਂਙੂ ਪਿੱਛੇ ਤਕਦਿਆਂ ਅਗੇ ਵਧੀ ਜਾਣਾ। ਇਹ ਇਕ ਛੰਦ ਰਚਨਾਂ ਵਿਚ ਜੁਗਤ ਹੈ ਕਿ ਹਰ ਤੁਕ ਦਾ ਅਖੀਰਲਾ ਸ਼ਬਦ ਯਾ ਉਸਦਾ ਅੰਤਲਾ ਹਿੱਸਾ ਅਗਲੀ ਤੁਕ ਦਾ ਪਹਿਲਾ ਸ਼ਬਦ ਹੋਵੇ। ਜੀਕੂੰ ਇਸ ਚੌਪਈ ਵਿਚ ਪਹਿਲੀ ਤੁਕ ਦਾ ਅੰਤਲਾ ਪਦ ਹੈ-ਚੰਦਨ-ਇਹੋ ਦੂਸਰੀ ਤੁਕ ਦਾ ਮੁੱਢ ਬਣਿਆਂ। ਦੂਸਰੀ ਦਾ ਅੰਤ ਹੈ ਮਨਿੰਦਨ; ਇਸਦਾ ਹਿੱਸਾ-ਨਿੰਦਨ-ਤੀਸਰੀ ਦਾ ਮੁੱਢ ਬਣਿਆਂ। ਤੀਸਰੀ ਦਾ ਅੰਤ ਹੈ ਅਭਿਨੰਦਨ ਇਸਦਾ ਹਿੱਸਾ ਨੰਦਨ-ਚੌਥੀ ਦਾ ਮੁੱਢ ਬਣਿਆਂ, ਤੇ ਚੌਥੀ ਦਾ ਅੰਤ ਹੈ-ਬੰਦਨ-ਜੋ ਪਹਿਲੀ ਦੇ ਮੁੱਢ-ਬੰਦਨ-ਨਾਲ ਜਾ ਮਿਲਿਆ।

ਚੰਦਨ = ਸੰਦਲ। ਚੰਦ ਨ ਸਮ = ਚੰਦ+ਨ+ਸਮ = ਚੰਦ ਨਹੀਂ ਬਰਾਬਰ।

ਮਾਨਿੰਦ ਨ = ਮਾਨਿੰਦ+ਨ = ਨਹੀਂ ਹੈ ਵਰਗਾ (ਕਮਲ ਜਿਸ ਦੇ)।

[ਫ਼ਾਰਸੀ, ਮਾਨਿੰਦ]

ਨਿੰਦਨ = ਨਿੰਦ ਨ = ਜੋ ਨਾਂ ਹੋਵੇ ਨਿੰਦਾ, ਸੋ ਕੀ ਹੈ:- ਉਸਤਤੀ।

(ਅ) ਨਿੰਦਨ = ਨਿੰਦਦੇ ਹਨ। ਭਾਵ, ਅਕਾਸ਼ਾਂ ਵਿਚ ਦੇਵਤੇ ਜਦ ਇਸ ਤਿਲਕ ਨੂੰ ਦੇਖਦੇ ਹਨ ਤਾਂ ਇਸ ਦੇ ਮੁਕਾਬਲੇ ਤੇ ਚੰਦ ਤੇ ਕਵਲ ਨੂੰ ਨਜ਼ੂਨ ਦੱਸਦੇ ਹਨ, ਇਹ ਨਿੰਦਾ ਦਾ ਭਾਵ ਹੈ। (ੲ) ਨਿੰਦਾ ਕੋਈ ਨਹੀਂ ਕਰਦਾ। ਤੁਕ ਦਾ ਅਰਥ:- ਦੇਵਤਿਆਂ ਕਰਕੇ ਉਹ ਨਮਸਕਾਰਿਤ ਹੁੰਦੀ ਹੈ ਤੇ ਨਿੰਦਾ ਉਸ ਦੀ ਕੋਈ ਨਹੀਂ ਕਰਦਾ।

ਅਭਿਨੰਦਨ = ਮੱਥਾ ਟੇਕਦੇ ਹਨ। (ਅ) ਸੁਰ ਕਰ ਅਭਿਨੰਦਨ = ਦੇਵਤਿਆਂ ਕਰਕੇ ਨਮਸਕਾਰ ਕੀਤਾ ਜਾਵੇ ਜੋ = ਇੰਦ੍ਰ।

ਤੁਕ ਦਾ ਅਰਥ:- ਇੰਦ੍ਰ ਜਿਸ ਦੀ ਉਸਤਤੀ ਕਰਦਾ ਹੈ।

(ੲ) ਸਲਾਹੁੰਦੇ ਹਨ, ਖੁਸ਼ ਹੁੰਦੇ ਹਨ। ਮੱਥਾ ਟੇਕਦੇ ਹਨ।

ਪਾਠ-ਕਰਿ ਅਭਿਨੰਦਨ-ਹੈ, ਇਸ ਕਰਕੇ- 'ਮੱਥਾ ਟੇਕਦੇ ਹਨ।' ਵਧੇਰੇ ਠੀਕ ਅਰਥ ਲਗਦਾ ਹੈ।

ਅਰਥ: (ਜਿਸਦੇ ਸ੍ਰੇਸ਼ਟ ਮੂੰਹ ਉਤੇ ਚੰਦਨ ਤੇ ਸੰਧੂਰ ਦੀ ਬਿੰਦੀ ਹੈ, ਚੰਦ੍ਰਮਾਂ (ਜਿਸ ਬਿੰਦੀ) ਦੀ ਬਰੱਬਰੀ ਨਹੀਂ (ਕਰ ਸਕਦਾ), ਨਾ ਕਵਲ (ਉਸਦੇ ਮੁਖੜੇ) ਵਰਗਾ ਹੈ, ਦੇਵਤੇ ਜਿਸ ਦੀ ਉਸਤਤੀ (ਕਰਦੇ ਹੋਏ ਉਸ ਨੂੰ) ਨਮਸਕਾਰ ਕਰਦੇ ਹਨ, (ਜੋ) ਜਗਤ ਨੂੰ ਪ੍ਰਸੰਨ ਕਰਨੇ ਵਾਲੀ (ਹੈ, ਐਸੀ) ਬਾਣੀ ਦੇ ਚਰਨਾਂ ਪਰ (ਮੇਰੀ) ਨਮਸਕਾਰ ਹੋਵੇ।

ਭਾਵ: ਉਹ ਬਾਕ ਬਾਣੀ ਜਿਸਦੇ ਮੱਥੇ ਉਤੇ ਚੰਦਨ ਸੰਧੂਰ ਦਾ ਤਿਲਕ ਹੈ, ਉਸ ਤਿਲਕ ਦੀ ਬਰੋਬਰੀ ਚੰਦ ਨਹੀਂ ਕਰ ਸਕਦਾ ਹੈ। ਤਿਲਕ ਕਵਿ ਨੇ 'ਬਿੰਦ' ਕਿਹਾ ਹੈ ਜੋ ਗੋਲ ਹੁੰਦਾ ਹੈ, ਤਸ਼ਬੀਹ ਦਿੱਤੀ ਹੈ ਚੰਦ੍ਰਮਾਂ ਨਾਲ। ਕੰਵਲ ਦੀ ਉਪਮਾ ਮੂੰਹ ਨੂੰ ਦੇਈਦੀ ਹੈ, ਸੋ ਕੰਵਲ ਨੂੰ ਮੂੰਹ ਤੋਂ ਨੀਵਾਂ ਕਿਹਾ ਹੈ। ਤੇ ਚੰਦ ਨੂੰ ਏਥੇ ਚੰਦਨ ਦੀ ਉਪਮਾ ਦੇਣ ਵਿਚ ਕਵਿ ਜੀ ਦੇ ਨੀਵਾਂ ਕਿਹਾ ਹੈ। ਜੇ ਚੰਦ ਤੇ ਕਵਲ ਨੂੰ ਚੰਦਨ ਤੇ ਸੰਧੂਰ ਨਾਲ ਮੁਕਾਬਲਾ ਕਰੀਏ ਤਾਂ ਫ਼ਬਦਾ ਨਹੀਂ, ਕਿਉਂਕਿ ਕੰਵਲ ਦੀ ਉਪਮਾਂ ਬਿੰਦੀ ਨਾਲ ਕਦੇ ਕਿਸੇ ਨਹੀਂ ਦਿੱਤੀ ਤੇ ਸੰਧੂਰ ਲਈ ਪਦ ਕੋਕਨਦ ਚਾਹੀਦਾ ਸੀ, ਅਰਬਿੰਦ ਠੀਕ ਨਹੀਂ ਬੈਠਦਾ। ਫਿਰ ਜ਼ਿਮੀਨ ਪਰ ਬਾਕਬਾਨੀ ਦਾ ਕੀਹ ਕੰਮ ਹੈ ਕਿ ਬਾਣੀ ਪੜ੍ਹਕੇ ਜਗਤ ਨੂੰ ਖੁਸ਼ੀ ਹੁੰਦੀ ਹੈ, ਸਾਹਿੱਤਜ ਰਚਨਾਂ ਜਗਤ ਨੂੰ ਸਿੱਖਿਆ ਸੁਖ ਤੇ ਅਹਿਲਾਦ ਦੇਣ ਵਾਸਤੇ ਲਿਖੀ ਜਾਂਦੀ ਹੈ, ਸੋ ਐਸੀ ਬਾਣੀ ਨੂੰ ਮੇਰੀ ਨਮਸਕਾਰ ਹੈ।

ਹੋਰ ਅਰਥ: ਪਹਿਲੀ ਤੁਕ ਦਾ ਇਕ ਅਰਥ ਐਉਂ ਬੀ ਹੈ:- ਜਿਸਦਾ ਬਦਨ (ਸਰੀਰ) ਚੰਦਨ ਵਰਗਾ ਸ੍ਰੇਸ਼ਟ ਹੈ ਅਰ ਜਿਸਦੇ ਬੰਦਨ (ਚੇਹਰੇ) ਪਰ ਬਿੰਦੀ ਹੈ।

ਦੂਸਰੀ ਤੁਕ ਦਾ ਅਰਥ ਐਉਂ ਬੀ ਲਾਉਂਦੇ ਹਨ ਕਿ ਉਸਦੇ ਪੈਰਾਂ ਦੀ ਬਰੱਬਰੀ ਚੰਦ ਤੇ ਕਵਲ ਨਹੀਂ ਕਰ ਸਕਦੇ, ਪਰ ਪੈਰ ਪਦ ਵਿਚ ਹੈ ਨਹੀਂ ਉਤੋਂ ਲਾਉਣਾ ਪੈਂਦਾ ਹੈ, ਤੇ ਚੰਦ੍ਰਮਾਂ ਪੈਰਾਂ ਦੀ ਉਪਮਾਂ ਵਾਸਤੇ ਠੀਕ ਨਹੀਂ।

ਤੀਸਰੀ ਤੁਕ ਦਾ-ਦੇਵਤੇ ਉਸਨੂੰ ਮੱਥਾ ਟੇਕਦੇ ਹਨ ਤੇ (ਨਿੰਦ+ਨ) ਨਿੰਦਾ ਉਸਦੀ ਕੋਈ ਨਹੀਂ ਕਰਦਾ। ਅਥਵਾ, ਇੰਦ੍ਰ ਜਿਸਦੀ ਉਸਤਤਿ ਕਰਦਾ ਹੈ।

ਚੌਥੀ ਤੁਕ-ਨੰਦਨ ਜਗ = ਜਗਤ ਹੈ ਪੁੱਤ੍ਰ ਉਸਦਾ। ਪਰ ਅਭਿਨੰਦਨ ਵਿਚ ਜੋ ਅਹਿਲਾਦ ਦਾ ਭਾਵ ਹੈ, ਉਸਦੇ ਕਟਾਖਜ ਉਤੇ ਕਵਿ ਜੀ ਨੰਦਨ ਪਦ ਅਹਿਲਾਦ-ਦਾਤੀ ਦੇ ਭਾਵ ਲਈ ਵਰਤਦੇ ਜਾਪਦੇ ਹਨ।

ਸ੍ਵੈਯਾ: ਤਰਨੀ ਬਿਘਨਾ ਸਲਿਤਾ ਪਤਿ ਕੀ
ਪਤਿ ਕੀ ਅਤਿ ਰੱਖਜਕ ਸ਼੍ਰੀ ਬਰਨੀ।
ਬਰਨੀ ਸੁਖਦਾ ਸ਼ਰਨਾਗਤਿ ਕੀ
ਗਤਿ ਕੀ ਸਮਤਾ ਗਜ ਕੀ ਕਰਨੀ।
ਕਰ ਨੀਰਜ, ਓਟ ਸੁਧਾਰਤਿ ਕੀ
ਰਤਿ ਕੀ ਪ੍ਰਭੁਤਾ ਸਗਰੀ ਹਰਨੀ।
ਹਰਨੀ ਸਮ ਆਂਖ ਸੁ ਸ਼੍ਰੀ ਮਤਿ ਕੀ
ਮਤਿ ਕੀ ਕਰਤਾ, ਤਨਾਵੈ ਤਰਨੀ ॥੭॥

ਤਰਨੀ = ਬੇੜੀ [ਸੰਸ: ਤਰਣੀ] ਸਲਿਤਾਪਤਿ = ਸਮੁੰਦਰ [ਸਲਿਤਾ = ਨਦੀ। ਪਤਿ = ਸੁਆਮੀ]। ਪਤਿ = ਅਬਰੋ, ਇਸ਼ਾਰਾ ਕਵੀਆਂ ਦੀ ਇਜ਼ਤ ਵੱਲ ਹੈ, ਜੋ ਵਿਘਨਾਂ ਦੇ ਨਾਸ਼ ਹੋਣ ਨਾਲ ਬਚ ਰਹਿੰਦੀ ਹੈ। ਸ੍ਰੀ = ਸਰਸ੍ਵਤੀ। 'ਸ੍ਰੀ' ਲਛਮੀ ਦਾ ਨਾਮ ਹੈ, ਪਰ ਸ੍ਰੀ ਸਰਸ੍ਵਤੀ ਦਾ ਬੀ ਨਾਮ ਹੈ, ਏਥੇ ਅਰਥ ਸਰਸ੍ਵਤੀ ਹੈ।

ਬਰਨੀ = ਵਰਣਨ ਕੀਤੀ ਗਈ ਹੈ। (ਅ) ਪ੍ਰਤਿਪਾਲਕ।

[ਸੰਸ: ਵਰਣ੍ = ਚੁਣਨਾ, ਘੇਰਨਾ, ਪਾਲਣਾ]

ਸੁਖਦਾ = ਸੁਖਦਾਤੀ। ਸ਼ਰਨਾਗਤਿ = ਸ਼ਰਣਿ ਆਇਆਂ ਦੀ।

ਗਤਿ = ਚਾਲ। ਗਜ = ਹਾਥੀ ਨੇ। (ਹਾਥੀ ਦੀ ਚਾਲ ਤੋਂ ਮੁਰਾਦ ਗੰਭੀਰਤਾ ਦੀ ਹੈ)।

ਕੀ = ਕੀਹ। ਨੀਰਜ = ਕਵਲ।

ਓਟ = ਆਸ਼੍ਰਾ। ਅਵਧੀ। (ਅ) ਜਿਸ ਦੇ ਆਸਰੇ ਉਡਦੀ ਹੈ, ਮੁਰਾਦ ਹੈ ਹੰਸ ਤੋਂ ਜਿਸ ਪਰ ਸਰਸ੍ਵਤੀ ਚੜ੍ਹਦੀ ਹੈ। (ੲ) ਅੱਖ ਦੇ ਛੱਪਰ।

ਸੁਧਾਰਤਿ = ਫਬਨ, ਸੁਧਾਰਿਤ+ਕੀ = ਉੱਜਲਤਾ ਦੀ, ਸੁੰਦਰਤਾ ਦੀ।

[ਸੰਸ: ਸ਼ੁੱਦਿਧ ਤੋਂ] 'ਰਤਿ ਦੀ ਪ੍ਰਭੁਤਾ ਹਰੀ ਜਾਣੀ' ਦੱਸਦੀ ਹੈ ਕਿ ਇਸ ਤੋਂ ਪਹਿਲਾਂ ਕੋਈ ਗੱਲ ਰਤੀ ਜੈਸੀ ਸੁੰਦਰੀ ਦੀ ਪ੍ਰਭਤਾ ਦੂਰ ਕਰਨ ਵਾਲੀ ਹੈ ਸੋ ਸੁੰਦਰਤਾ ਦੀ ਅਵਧੀ ਹੈ।

ਓਟ ਸੁਧਾਰਤਿਕੀ = ਸੁੰਦਰਤਾ ਦੀ ਅਵਧੀ। (ਅਗਲੇ ਪੰਨੇ ਤੇ 'ਹੋਰ ਅਰਥ' ਪੜ੍ਹੋ।)

ਰਤਿ = ਕਾਮਦੇਵ ਦੀ ਇਸਤ੍ਰੀ। (ਰਤੀ ਦੀ ਪ੍ਰਭੁਤਾ ਹਰਨ ਤੋਂ ਮੁਰਾਦ-ਅਤਿ ਸੁੰਦਰ-ਹੋਣ ਦੀ ਹੈ)।

ਹਰਨੀ-ਹਰਨ ਵਾਲੀ, ਖੋਹ ਲੈਣ ਵਾਲੀ।

ਹਰਨੀ = ਹਰਣ ਦੀ ਮਾਦਾ, ਮ੍ਰਿਗੀ, ਹਰਣੀ।

ਸ਼੍ਰੀ ਮਤਿ = ਸ਼ੋਭਾ ਸੰਯੁਕਤ, ਮਾਲਦਾਰ, ਖੁਸ਼ਹਾਲ, ਸੁਹਣਾ, ਪ੍ਰਸਿੱਧ। 'ਸ੍ਰੀ ਮਾਨ' ਇਕ ਵਾਕ ਹੈ ਜੋ ਸਤਿਕਾਰ ਲਈ ਵਡੇ ਪੁਰਖਾਂ ਨਾਲ ਲਾਈਦਾ ਹੈ, 'ਸ਼੍ਰੀ ਮਤਿ' ਉਸੇ ਤਰ੍ਹਾਂ ਇਸਤ੍ਰੀਆਂ ਲਈ ਵਰਤਦੇ ਹਨ।

ਮਤਿ ਕੀ ਕਰਤਾ-ਬੁੱਧੀ ਦੇਣ ਵਾਲੀ।

ਤਨਵੈ = ਜਿਸ ਦੇ ਅੰਗ ਸੁਹਲ, ਕੋਮਲ ਤੇ ਪਤਲੇ ਹੋਣ। ਸੁਬਕ ਤੇ ਸੁਹਲ [ਸੰਸ: ਤਨ੍ਵੀ]

(ਅ) ਤਨ ਵੈ ਤਰਨੀ = ਉਹ ਜਿਸ ਦਾ ਤਨ (ਤਰਨੀ =) ਸਦਾ ਜੁਆਨ ਹੈ।

(ੲ) ਤਨ = ਸ਼ਰੀਰ+ਵੈ = (ਬਯ) ਆਯੂ, ਉਮਰਾ। ਤਰਨੀ = ਜੁਆਨ। ਤਨਵੈ ਤਰਨੀ = ਸਰੀਰ ਵਲੋਂ ਜੁਆਨ ਉਮਰਾ ਦੀ ਹੈ। ਦੇਖੋ ਐਨ ੨ ਅੰ: ੩੬ ਅੰਕ ੨ 'ਬਯ ਤਨ ਤਰਨੀ।'

ਤਰਨੀ-ਜੁਆਨ। ੧੬ ਤੋਂ ੩੦ ਵਰਹੇ ਦੀ ਵਿਚਲੀ ਉਮਰਾ ਦੀ ਜੁਬਾ ਇਸਤ੍ਰੀ।

(ਅ) ਸਦਾ ਜੁਆਨ।

ਅਰਥ: (ਹੇ) ਬਾਣੀ! (ਤੂੰ) ਬਿਘਨਾ (ਰੂਪੀ) ਸਮੁੰਦਰ ਦੀ ਬੇੜੀ ਹੈਂ, (ਤਦੋਂ ਤਾਂ ਕਵੀਆਂ ਦੀ ਪਤ ਦੀ ਬੜੀ ਰੱਖਜਕ ਵਰਣਨ ਕੀਤੀ ਗਈ ਹੈਂ।

(ਤੂੰ) ਸ਼ਰਨ ਆਏ (ਵਿੱਦਜਾ ਅਭਿਲਾਖੀ ਨੂੰ) ਸੁਖ ਦੇਣ ਵਾਲੀ (ਤੇ ਉਸਦੀ) ਪ੍ਰਤਿਪਾਲਾ ਕਰਨ ਵਾਲੀ ਹੈਂ, (ਫਿਰ ਇੱਡੀ ਦਾਤੀ ਹੋਕੇ ਤੂੰ ਐਤਨੀ ਗੰਭੀਰ ਹੈਂ ਕਿ) ਹਾਥੀ ਨੇ (ਤੇਰੀ) ਚਾਲ ਦੀ ਬਰੱਬਰੀ ਕੀਹ ਕਰ (ਸੱਕਣੀ) ਹੈ।

(ਤੇਰੇ) ਹੱਥ ਵਿਚ ਕਵਲ ਹੈ, ਸੁੰਦਰਤਾ ਦੀ ਤੂੰ ਅਵਧੀ ਹੈਂ (ਐਤਨੀ ਕਿ) ਰਤੀ ਦੀ ਸਾਰੀ ਪ੍ਰਭੁਤਾ (ਤੂੰ) ਹਰ ਲੈਣ ਵਾਲੀ ਹੈਂ।

ਹੇ ਸ਼ੋਭਾ ਵਾਲੀ! (ਤੇਰੇ) ਅੰਗ ਸੁਹਲ ਤੇ ਪਤਲੇ ਹਨ, ਅੱਖ ਹਰਨੀ ਵਾਂਗ (ਸੁੰਦਰ) ਹੈ, (ਤੇ, ਤੂੰ) ਸਦਾ ਜੁਆਨ ਹੈਂ, ਅਰ ਬੁੱਧੀ ਦਾ ਦਾਤੀ ਹੈਂ।

ਭਾਵ: ਇਸ ਵਿਚ ਕਵਿ ਜੀ ਨੇ ਸਰਸ੍ਵਤੀ ਦੇ ਸਰੀਰ ਦੀ ਸੁੰਦਰਤਾ ਤੇ ਮਨ ਦੇ ਗੁਣਾਂ, ਦੋਹਾਂ ਸ਼ੈਆਂ ਦੀ ਸਿਫਤ ਕੀਤੀ ਹੈ:-

੧. ਮਨ ਯਾ ਸੁਭਾਵ ਦੇ ਸ਼ੁਭ ਗੁਣ:-

੧. (ੳ) ਵਿਘਨਾਂ ਦੇ ਨਾਸ਼ ਕਰਨ ਵਾਲੀ।

(ਅ) ਇੱਜ਼ਤ ਦੀ ਰੱਖਜਕ।

(ੲ) ਸ਼ਰਨਾਗਤ ਦੀ ਪ੍ਰਤਿਪਾਲਕ।

੨. ਬੁੱਧੀ ਦੀ ਦਾਤੀ।

੨. ਸਰੀਰ ਦੀ ਸੁੰਦਰਤਾ:-

(ੳ) ਹਰਨੀ ਵਰਗੀਆਂ ਅੱਖਾਂ,

(ਅ) ਅੰਗ ਸੁਹਲ ਤੇ ਸੁਬਕ,

(ੲ) ਸਦਾ ਜੁਆਨ,

(ਸ) ਰਤੀ ਨਾਲੋਂ ਸੁੰਦਰ।

੩. ਸਾਂਝੇ ਭਾਵ:-

(ੳ) ਹਾਥੀ ਵਰਗੀ ਚਾਲ

ਤੋਂ ਸਰੀਰ ਦੀ ਚਾਲ ਦੀ ਮਸਤਾਨੀ ਤੇ ਲਟਕਵੀਂ ਸੁੰਦਰਤਾ ਮੁਰਾਦ ਹੈ।

ਹਾਥੀ ਦੀ ਚਾਲ ਤੋਂ ਮੁਰਾਦ ਮਨ ਤੇ ਸੁਭਾਵ ਦੀ ਗੰਭੀਰਤਾ ਦੀ ਹੈ।

(ਅ) ਹੱਥ ਵਿਚ ਕਮਲ:-

ਸ੍ਰੀਰਕ ਸ਼ੋਭਾ ਨੂੰ ਵਧਾਉਂਦਾ ਹੈ।

ਹਥ ਵਿਚ ਕਮਲ-ਇਸ ਗੱਲ ਦਾ ਚਿੰਨ੍ਹ ਹੈ ਕਿ ਜਗਤ ਲਈ ਮੇਰੇ ਪਾਸ ਸੁਖ ਤੇ ਸੁਆਦ ਹੈ। ਕਾਵਜਰਸਾਂ ਦੀ ਸੁੰਦਰਤਾ ਅਰ ਵਿਸਮਯ ਭਾਵਾਂ ਦੀ ਦਾਤੀ ਹਾਂ।

ਹੋਰ ਅਰਥ:

'ਸੁਧਾਰਤਿਕੀ' ਪਦ ਦੇ ਇੱਥੇ ਬੜੇ ਹੀ ਅਰਥ ਲਗਦੇ ਹਨ:-

੧. ਸੁਧਾ ਰਤਿ = ਅੰਮ੍ਰਿਤ ਵਿਚ ਪ੍ਰੀਤ ਹੈ ਜਿਨ੍ਹਾਂ ਦੀ ਭਾਵ-ਦੇਉਤੇ।
ਓਟ ਸੁਧਾਰਤਿਕੀ = (ਤੂੰ) ਦੇਵਤਿਆਂ ਦੀ ਓਟ ਹੈਂ।

੨. ਕ੍ਸ਼ੁਧਾਧਰਤ ਕੀ = ਭੁਖਿਆਂ ਦੀ। ਮੁਰਾਦ ਹੈ-ਭੁੱਖੇ ਭਉਰਿਆਂ ਦੀ ਓਟ ਕਮਲ ਹੈ ਜੋ ਤੇਰੇ ਹਥ ਵਿਚ ਹੈ। ਭਾਵ ਤੂੰ ਉਪਾਸਕਾਂ ਨੂੰ ਵਰ ਦਾਤੀ ਹੈਂ।

੩. ਸੁਧਾਰਤਿਕੀ = [ਸੁਧਾਰਣ ਯਾ ਸ਼ੋਧਨ ਅਰਥ: ਫਬਨ, ਉੱਜਲਤਾ]।
ਓਟ ਸੁਧਾਰਤਕੀ = ਤੂੰ ਫਬਨ ਯਾ ਉੱਜਲਤਾ ਦੀ ਓਟ ਹੈਂ।

੪. ਸੁਧਾਰ+ਤਕੀ = ਸੁਧਾਰਕੇ (ਪੱਕੀ ਤਰ੍ਹਾਂ ਨਿਸ਼ਚੇ ਕਰਕੇ) ਤੱਕਿਆ ਹੈ, ਤੇਰੀ ਓਟ (ਠੀਕ ਹੈ ਮੈਨੂੰ), ਯਾ ਤੇਰੀ ਓਟ ਮੈਂ ਤਕਾਈ ਹੈ।

੫. ਸੁਧਾਰ+ਤਕੀ = ਹਥ ਵਿਚ ਤੂੰ ਕਮਲ ਸੁਧਾਰਕੇ (ਪਕੜਿਆ ਹੈ) ਤਾਂ ਮੈਂ ਤੇਰੀ ਓਟ ਤਕਾਈ ਹੈ ਕਿ ਜਿਵੇਂ ਤੂੰ ਕਮਲ ਨੂੰ ਓਟ ਦੇ ਰਹੀ ਹੈਂ ਮੈਨੂੰ ਬੀ ਦੇਵੇਂਗੀ।

੬. ਸੁਧਾ = ਮਕਰੰਦ ਰਸ। ਰਤਿ = ਪ੍ਰੀਤੀ। ਹਥ ਵਿਚ ਕਮਲ ਹੈ, ਜੋ ਕਮਲ ਕਿ ਓਟ ਹੈ ਸੁਧਾ ਤੇ ਰਤਿ ਦੀ, ਭਾਵ-ਕਮਲ ਵਿਚ ਮਕਰੰਦ ਰਸ ਹੁੰਦਾ ਹੈ ਤੇ ਭੌਰਿਆਂ ਦੀ ਪ੍ਰੀਤ ਦੀ ਔਟ ਕਮਲ ਹੁੰਦਾ ਹੈ।

੭. ਸੁਧਾਰ ਕੇ ਤਕੀ ਹਥ ਵਿਚ ਕਮਲ (ਲੈਕੇ ਤੇ ਅੱਖ ਦੀ ਓਟ = ਛੱਪਰ ਸੁਧਾਰਕੇ ਤੱਕੀ ਭਾਵ) ਐਸੇ ਕਟਾਖਜ਼ ਨਾਲ ਤੱਕੀ ਕਿ ਰਤੀ ਦੀ ਸਾਰੀ ਪ੍ਰਭਤਾ ਮਾਤ ਪੈ ਗਈ।

੮. ਓਟ+ਸੁਧਾਰ+ਤਕੀ।
ਓਟ ਸਰਸ੍ਵਤੀ ਦੀ, ਅਰਥਾਤ 'ਹੰਸ' ਜਿਸ ਦੇ ਆਸਰੇ ਉਡਦੀ ਹੈ। ਭਾਵ ਹਥ ਵਿਚ ਕਮਲ ਲੈਕੇ ਤੇ ਹੰਸ ਨੂੰ ਸਵਾਰਕੇ ਐਸੀ ਤੱਕੀ ਕਿ ਰਤੀ ਮਾਤ ਪੈ ਗਈ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਸ੍ਵੈਯਾ: ਕਰਿਤਾਰਨਿ ਸੇ ਸ਼ੁਭ ਬਾਕ ਬਿਲਾਸ
ਬਿਹੰਗ ਬਿਕਾਰਨ ਕੋ ਕਰਿ ਤਾਰਨਿ।
ਕਰਤਾਰ ਨਹੀ ਮਨ ਜਾਨਤਿ ਜੇ
ਤਿਨ,ਕੇ ਹਿਤ,ਕੋ ਸਿਫਤੀ ਕਰਿ ਤਾਰਨ।
ਕਰਿ ਤਾਰਿਨਿ ਪਾਪ ਉਤਾਰਨ ਕੋ
ਗਨ ਦੰਭ ਛਪੈ ਸਵਿਤਾ ਕਰਿਤਾਰਨ।
ਕਰਤਾਰ ਨਿਹਾਰ ਗੁਰੂ ਬਰ ਨਾਨਕ
ਦਾਸ ਉਧਾਰਨ ਜਿਉਂ ਕਰਿ ਤਾਰਨਿ ॥੮॥

ਕਰਿਤਾਰਨਿ = ਕਲਿਤਾਰਣ। (ਕਲਿ ਦਾ ਲਲਾ-ਰਾਗ-ਹੋ ਗਿਆ ਹੈ ਸ੍ਵਰਣੀ ਹੋਣ ਕਰਕੇ।) ਕਲਿਜੁਗ ਤੋਂ ਤਾਰਨ ਹਾਰੇ। (ਅ) ਜੋ ਕਰਤਾ ਹੋਕੇ ਜਗ ਵਿਚ ਆਵੇ:- ਅਵਤਾਰ, ਪਿਕੰਬਰ।

ਬਿਲਾਸ = ਸਹਿਜ ਸੁਭਾ, ਹਸਦਿਆਂ ਹਸਦਿਆਂ। ਬਿਹੰਗ = ਪੰਛੀ

ਕਰਿ ਤਾਰਨਿ = ਕਰਕੇ ਤਾੜਨਾ। 'ਤਾਰਨ' ਦਾ 'ੜਾੜਾ' 'ਰਾਰਾ' ਹੋ ਗਿਆ ਹੈ।

ਕਰਤਾਰ ਨਹੀਂ = ਵਾਹਿਗੁਰੂ (ਨੂੰ) ਨਹੀਂ।

ਕਰਤਾਰ = ਰਚਣਹਾਰ, ਸਿਰਜਣਹਾਰ [ਸੰਸ: ਕਰਤਾਰ कर्तार ਬਹੁ ਬਚਨ ਹੈ कर्तृ ਦੀ ਪ੍ਰਥਮਾ ਦਾ। ਪਰ ਪੰਜਾਬੀ ਵਿਚ ਇਕ ਵਚਨ ਹੈ]।

ਹਿਤ ਕੋ = ਭਲੇ ਲਈ, ਹਿਤ ਵਾਸਤੇ।

ਸਿਫਤੀ = (ਵਾਹਿਗੁਰੂ ਦਾ) ਯਸ਼ੁ। [ਅਰਬੀ, ਸਿਫਤ]।

ਸਿਫਤੀ = ਸਿਫਤਾਂ ਵਾਲਾ।

ਕਰਿ ਤਾਰਨਿ = ਕਰਿ+ਤਾਰਨਿ = ਕਰਕੇ ਤਾਰਦੇ ਹਨ।

ਕਰਿ ਤਾਰਿਨਿ = ਕਲਜੁਗ ਤੋਂ ਤਾਰਨ ਵਾਲਾ, ਸੋ ਕੌਣ ਹੈ-ਨਾਮ ਮੰਤ੍ਰ।

(ਅ) ਕਰਤਾ+ਰਿਨ-ਕਰਤਾ ਰਿਣ (ਣਾਣੇ ਦਾ ਨਨਾ ਹੋਇਆ ਹੈ) ਕਰਤਾ+ ਰਿਣ+ ਪਾਪ = ਕੀਤੇ ਹੋਏ ਪਾਂ ਦਾ ਰਿਣ ਉਤਾਰਨ ਲਈ।

(ੲ) ਕਰਤਾਰਨ = ਕਰ+ਤਾਲਿ+ਨ = ਹੱਥਾਂ ਦੀ ਤਾਲੀ ਦਾ ਸ਼ਬਦ।

ਗਨ = ਸਮੂਹ, ਦਲ। ਸਵਿਤਾ = ਸੂਰਜ।

ਕਰਿਤਾਰਨ = ਕਰਿ+ਤਾਰਨ = ਕਰਕੇ ਤਾਰੇ। (ਜਿਵੇਂ) ਤਾਰੇ ਛਿਪਦੇ ਹਨ (ਸੂਰਜ) ਕਰਕੇ।

ਕਰਤਾਰ ਨਿਹਾਰ = ਕਰਤਾਰ+ਨਿਹਾਰ+(ਵਾਹਿਗੁਰੂ ਰੂਪ) ਵੇਖਦਾ ਹਾਂ।

ਜਿਉਂ ਕਰਿ ਤਾਰਨਿ = ਜਿਉਂ ਕਰ+ਤਾਰਨਿ = ਜਿਸ ਤਰ੍ਹਾਂ ਜਹਾਜ਼।

[ਸੰਸ: ਤਾਰਣਿ:- ਕਿਸ਼ਤੀ, ਜਹਾਜ਼]

ਅਰਥ: (ਜਿਸ ਗੁਰੂ ਨਾਨਕ ਦੇ) ਬਿਲਾਸ ਨਾਲ ਕੀਤੇ ਵਾਕ (ਬੀ ਐਸੇ) ਸ਼ੁਭ (ਹਨ ਕਿ) ਕਲਜੁਗ ਤੋਂ ਤਾਰਨਹਾਰੇ ਹਨ, (ਜੋ) ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜਨਾ ਕਰਕੇ (ਉਡਾ ਦਿੰਦੇ ਹਨ)। ਜੇਹੜੇ ਗੁਰੂ ਨਾਨਕ ਜੀ ਲੋਕਾਂ ਨੂੰ, ਜੋ ਆਪਣੇ) ਮਨ ਵਿਚ ਵਾਹਿਗੁਰੂ ਨੂੰ ਨਹੀਂ ਪਛਾਣਦੇ, ਉਹਨਾਂ ਦੇ ਭਲੇ ਲਈ (ਵਾਹਿਗੁਰੂ ਦੀਆਂ) ਸਿਫਤਾਂ ਕਰ (ਕੇ ਉਨ੍ਹਾਂ ਨੂੰ) ਤਾਰਦੇ ਹਨ। ਪਾਪਾਂ ਦੇ ਉਤਾਰਨ (ਦੂਰ ਕਰਨ) ਲਈ ਨਾਮ ਮੰਤ੍ਰ (ਦੇ ਜੋ ਦਾਤ ਹਨ) ਅਤੇ ਜਿਨ੍ਹਾਂ ਦੇ ਦਰਸ਼ਨ ਕਰਕੇ ਪਖੰਡਾਂ ਦੇ ਸਮੂਹ (ਐਉਂ) ਛਿਪਦੇ ਹਨ ਜਿਵੇਂ ਸੂਰਜ (ਦਰਸ਼ਨ ਕਰਕੇ) ਤਾਰੇ (ਛਿਪਦੇ ਹਨ)। (ਐਸੇ) ਸ੍ਰੇਸ਼ਟ ਗੁਰੂ ਨਾਨਕ ਜੀ ਨੂੰ (ਮੈਂ) ਕਰਤਾਰ (ਵਾਹਿਗੁਰੂ ਰੂਪ) ਵੇਖਦਾ ਹਾਂ (ਜੋ) ਦਾਸਾਂ ਦਾ ਉਧਾਰ (ਐਉਂ ਭਵਸਾਗਰ ਤੋਂ ਕਰਦੇ ਹਨ) ਜਿਸ ਤਰ੍ਹਾਂ ਜਹਾਜ਼ (ਮੁਸਾਫਰਾਂ ਨੂੰ ਸਮੰਦਰੋਂ ਪਾਰ) ਕਰਦਾ ਹੈ।

ਹੋਰ ਅਰਥ: ਇਸ ਸ੍ਵੈਯੇ ਵਿਚ ਕਵਿ ਜੀ ਨੇ 'ਕਰਤਾਰਨ' ਪਦ ਅੱਠ ਵੇਰੀ ਲਿਆਕੇ ਅੱਠੇ ਵੇਰ ਉਸ ਦਾ ਵਰਤਾਉ ਵੱਖਰਾ ਕੀਤਾ ਹੈ ਤੇ ਘੱਟ ਤੋਂ ਘੱਟ ਸੱਤ ਵੇਰੀ ਵੱਖੋ ਵੱਖਰੇ ਅਰਥ ਲਏ ਹਨ, ਰਤਾ ਰਤਾ ਫਰਕ ਤੇ ਅਰਥ ਹੋਰਵੇਂ ਬੀ ਲਗਦੇ ਹਨ:-

੧. (ਜਿਨ੍ਹਾਂ ਦੇ) ਬਚਨ ਵਿਲਾਸ ਕਰਤਾਰ (ਵਾਹਿਗੁਰੂ) ਵਰਗੇ ਸ਼ੁਭ ਹਨ, ਤੇ ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜੀ ਮਾਰਕੇ (ਉਡਾ ਦੇਂਦੇ ਹਨ)।

੨. ਜੇਹੜੇ (ਪੁਰਖ) ਕਰਤਾਰ (ਵਾਹਿਗੁਰੂ) ਨੂੰ ਰਿਦੇ ਵਿਚ ਨਹੀਂ ਜਾਣਦੇ ਉਨ੍ਹਾਂ ਦੇ ਭਲੇ ਲਈ (ਸਿਫਤੀ ਕਰਤਾਰਨਿ =) ਸਿਫਤਾਂ ਕਰਦੇ ਹਨ ਵਾਹਿਗੁਰੂ ਦੀਆਂ।

੩. ਇਸ ਤੁਕ ਦਾ ਇਕ ਹੋਰ ਅਰਥ ਬੜਾ ਸੁਹਣਾ ਲਗਦਾ ਹੈ:- (ਜਿਵੇਂ) ਸੂਰਜ ਚੜ੍ਹੇ ਤਾਰਿਆਂ ਦੇ ਝੁੰਡ ਛਿਪ ਜਾਂਦੇ ਹਨ (ਤਿਵੇਂ) ਦੰਭਾਂ ਦੇ ਸਮੂਹ ਤੇ ਕੀਤੇ ਪਾਪਾਂ ਦੇ ਰਿਣ (ਉਤਾਰਨ =) ਦੂਰ ਕਰਨ ਲਈ (ਗੁਰ ਨਾਨਕ ਦਰਸ਼ਨ ਹਨ)।

ਅਥਵਾ ਪਾਪਾਂ ਦੇ ਲਾਹੁਣ ਲਈ ਹੱਥ ਦੀ ਤਲੀ (ਵਾਂਙ ਹਨ, ਭਾਵ ਜੀਕੁਣ ਹੱਥ ਦੀ ਤਲੀ ਨਾਲ ਲਗੀ ਮੈਲ ਨੂੰ ਮਲਕੇ ਸਾਫ ਕਰ ਲਈਦਾ ਹੈ, ਇਵੇਂ ਹੀ ਸੀਸ ਤੇ ਸਹਲਾਹਟ ਕਰਦਿਆਂ ਜਾਂ ਹੱਥ ਛੁਹੰਦਿਆਂ ਹੀ ਪਾਪਾਂ ਦੀ ਮੈਲ ਲਹਿ ਜਾਂਦੀ ਹੈ)। ਅਥਵਾ-ਪਾਪਾਂ ਨੂੰ ਦੂਰ ਕਰਨੇ ਲਈ ਹੱਥਾਂ ਨਾਲ ਤਾੜਨਾ ਕੀਤੀ ਹੈ ਤੇ ਜਿਨ੍ਹਾਂ ਦੇ (ਦਰਸ਼ਨ ਰੂਪੀ) ਸੂਰਜ (ਦੇ ਦਿੱਸਿਆਂ) ਦੰਭ ਰੂਪ ਸਾਰੇ ਤਾਰੇ ਛਿਪ ਜਾਂਦੇ ਹਨ।

੪. ਸ੍ਰੇਸ਼ਟ ਸ਼੍ਰੀ ਗੁਰੂ ਨਾਨਕ ਜੀ ਕਰਤਾਰ ਦਿਖਾਉਣ ਵਾਲੇ (ਭਾਵ ਸਾਖਜ਼ਾਤਕਾਰੀ ਕਰਾਉਣ ਵਾਲੇ) ਹਨ, ਦਾਸਾਂ ਨੂੰ ਉਧਾਰਨ ਵਾਲੇ ਹਨ, ਜਿਵੇਂ ਜਹਾਜ਼ (ਤਾਰਦਾ ਹੈ ਸਮੁੰਦਰ ਤੋਂ) ਅਥਵਾ ਕਰ+ਤਾਰ ਨਿਹਾਰ = (ਲਿਵ ਦੀ) ਤਾਰ ਬੰਨ੍ਹਕੇ ਗੁਰੂ ਨਾਨਕ ਨੂੰ ਦੇਖ।

ਚੌਥੀ ਤੁਕ ਦੇ ਅੰਤਲੇ ਕਰਤਾਰਨ ਦਾ ਅਰਥ ਇਉਂ ਬੀ ਬਣਦਾ ਹੈ:- ਦਾਸਾਂ ਨੂੰ ਉਧਾਰਦੇ ਹਨ, ਜਿਵੇਂ (ਕਰਿਤਾਰਨ) ਹੱਥਾਂ ਦੀ ਤਾੜੀ ਯਾ ਚੁਟਕੀ, ਭਾਵ ਛੇਤੀ ਤੋਂ ਹੈ।

੪. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਸ੍ਵੈਯਾ: ਬੰਦ ਨ ਹੋਤਿ ਸੁਨੇ ਉਪਦੇਸ਼
ਰਿਦੇ ਬਸਿ ਜਾਹਿਂ ਕਰੇ ਅਭਿਨੰਦਨ।
ਨੰਦਨ ਫੇਰੁ ਸੁਛੰਦ ਬਿਲੰਦ
ਬਿਲੋਚਨ ਸੁੰਦਰਤਾ ਅਰਬਿੰਦਨ।
ਬਿੰਦੁ ਨ ਮੰਦ ਬਿਕਾਰ ਰਹੈ
ਤਮ ਬ੍ਰਿੰਦ ਦਿਨਿੰਦ ਮਾਨਿੰਦ ਨਿਕੰਦਨ।
ਕੰਦ ਅਨੰਦ ਮੁਕੰਦ ਭਜੋ
ਗੁਰ ਅੰਗਦ ਚੰਦ ਸਦਾ ਕਰਿ ਬੰਦਨ ॥੯॥

ਬੰਦ ਨ = ਬੰਦ+ਨਾ = ਰੋਕ ਨਹੀਂ (ਹੁੰਦੀ)।

ਅਭਿਨੰਦਨ = ਖੁਸ਼ੀ, ਅਨੰਦ। (ਅ) ਮੱਥਾ ਟੇਕਣਾ, ਨਮਸਕਾਰ।

ਨੰਦਨ = ਪੁੱਤ੍ਰ। ਸਪੁੱਤ੍ਰ।

ਫੇਰੁ = ਫੇਰੂ ਜੀ। ਸ਼੍ਰੀ (ਗੁਰੂ) ਅੰਗਦ ਦੇਵ ਜੀ ਦੇ ਪਿਤਾ ਜੀ ਦਾ ਨਾਮ ਭਾਈ 'ਫੇਰੂ ਚੰਦ' ਸੀ।

ਸੁਛੰਦ = ਸੁਤੰਤ੍ਰ। [ਸੰਸ: ਸ੍ਵਛੰਦ।] ਭਾਵ ਕਿਸੇ ਦੀ ਕਾਣ ਹੇਠ ਨਹੀਂ, ਪਾਤਸ਼ਾਹ ਜਿਵੇਂ ਸ੍ਵਤੰਤ੍ਰ ਹੁੰਦਾ ਹੈ।

ਬਿਲੰਦ = ਉੱਚੇ। [ਫਾਰਸੀ, ਬੁਲੰਦ]।

ਬਿਲੋਚਨ = ਅੱਖ, ਨੈਣ। [ਸੰਸ: ਵਿਲੋਚਨ]।

ਅਰਬਿੰਦਨ = ਕਮਲਾਂ ਦੀ, ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ) ਹੈ।

(ਅ) ਅਰਬਿੰਦ+ਨ = ਕਮਲ ਨਹੀਂ (ਬਰੱਬਰ) ਸੁੰਦਰਤਾ ਵਿਚ (ਉਨ੍ਹਾਂ ਦੀਆਂ ਅੱਖਾਂ ਦੀ ਸੁੰਦਰਤਾ ਦੇ)।

ਬਿੰਦੁ ਨ = ਬਿੰਦੁ+ਨ = ਨਹੀਂ ਹੈ ਬਿੰਦੁ, ਭਾਵ ਰਤਾ ਬੀ ਨਹੀਂ, ਰੰਚਕ ਬੀ ਨਹੀ।

ਬ੍ਰਿੰਦ = ਝੁੰਡ, ਸਾਰਾ, ਸਮੂਹ।

ਦਿਨਿੰਦ = ਸੂਰਜ। ਦਿਨ+ਇੰਦੁ = ਦਿਨ ਦਾ ਇੰਦੁ।

ਮਨਿੰਦ = ਵਰਗਾ, ਜਿਹਾ, [ਫਾ: ਮਾਨਿੰਦ]

ਨਿਕੰਦਨ = ਦੂਰ ਕਰਨ ਵਾਲਾ। ਕੰਦ = ਫਲ (ਅ) ਬੱਦਲ, ਮੇਘ।

ਅਰਥ: (ਜਿਨ੍ਹਾਂ ਦਾ) ਉਪਦੇਸ਼ ਸੁਣਨ ਨਾਲ (ਪਰਮਪਦ ਵਲ ਜਾਂਦਿਆਂ) ਰੋਕ ਨਹੀਂ ਪੈਂਦੀ (ਅਤੇ ਜਿਸ ਉਪਦੇਸ਼ ਦੇ) ਹ੍ਰਿਦੇ ਵਿਚ ਵਸ ਜਾਣ ਨਾਲ ਖੁਸ਼ੀ (ਪ੍ਰਾਪਤਿ) ਹੁੰਦੀ ਹੈ।

(ਉਹ ਸ੍ਰੀ) ਫੇਰੂ ਜੀ ਦੇ ਸਪੁੱਤ੍ਰ (ਸਭ ਤਰ੍ਹਾਂ) ਸੁਤੰਤਰ ਹਨ, (ਮਰਤਬੇ ਦੇ) ਉੱਚੇ ਹਨ, ਨੈਣਾਂ ਦੀ ਸੁੰਦਰਤਾ ਜਿਨ੍ਹਾਂ ਦੀ ਕਮਲਾਂ ਤੋਂ ਸ੍ਰੇਸ਼ਟ ਹੈ।

(ਕਿਉਂਕਿ ਜਿਧਰ ਉਹ ਨੈਣ ਤਕਦੇ ਹਨ) ਰਤਾ ਭਰ ਬੀ ਮੰਦਿਆਈ ਤੇ ਵਿਕਾਰ ਨਹੀਂ ਰਹਿ ਜਾਂਦੇ (ਤੇ) ਅਗਜ਼ਾਨ (ਐਉਂ ਦੂਰ ਹੁੰਦਾ ਹੈ) ਜਿਵੇਂ ਸਾਰਾ ਹਨੇਰਾ ਸੂਰਜ (ਦਰਸ਼ਨ ਨਾਲ) ਦੂਰ ਹੋ ਜਾਂਦਾ ਹੈ।

ਸ੍ਰੀ ਗੁਰੂ ਅੰਗਦ ਚੰਦ ਜੀ ਆਨੰਦ ਦੇ ਮੇਘ ਤੇ ਮੁਕਤੀ ਦੇ ਦਾਤਾ (ਹਨ ਉਨ੍ਹਾਂ ਨੂੰ) ਨਮਸਕਾਰ ਕਰਕੇ ਸਦਾ ਭਜੋ।

ਭਾਵ: ਸਤਿਗੁਰ ਅੰਗਦ ਦੇਵ ਜੀ ਦੇ ਨੈਣਾਂ ਦੀ ਸੁੰਦਰਤਾ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਦੀ ਤਾਸੀਰ, ਉਨ੍ਹਾਂ ਦੇ ਉਪਦੇਸ਼ ਦਾ ਪ੍ਰਭਾਵ, ਦਿਆਲੂ, ਮੁਕਤੀ ਦਾਤਾ, ਅਗਜ਼ਾਨ ਦੂਰ ਕਰਨ ਦੀ ਸਮਰੱਥਾ ਵਾਲੇ ਹੋਣ ਦੀ ਮਹਿੰਮਾ ਹੈ।

ਹੋਰ ਅਰਥ: ਇਸ ਛੰਦ ਵਿਚ ਕਈ ਤੁਕਾਂ ਦਾ ਹੋਰ ਅਰਥ ਬੀ ਕਰਦੇ ਹਨ:-

੧. ਬੰਦ ਨਾ ਹੋਤ ਸੁਣੇ ਉਪਦੇਸ਼ = ਜਿਨ੍ਹਾਂ ਦੇ ਉਪਦੇਸ਼ ਸੁਣਨ ਤੋਂ ਬੰਦ = ਬੰਧ-ਨਹੀਂ ਹੁੰਦੀ ਭਾਵ ਪੁਨਰ ਜਨਮ ਨਹੀਂ ਹੁੰਦਾ (ਅਤੇ) ਜਿਨ੍ਹਾਂ ਦੇ ਰਿਦੇ ਉਪਦੇਸ਼ ਬਸ ਜਾਏ (ਜਗਤ ਉਨ੍ਹਾਂ ਨੂੰ) ਨਮਸਕਾਰ ਕਰਦਾ ਹੈ (ਭਾਵ ਉਹ ਸੰਗਤ ਦੇ ਪੂਜ ਹੋ ਜਾਂਦੇ ਹਨ)। ਦੂਸਰੀ ਤੁਕ ਦਾ ਪਿਛਲਾ ਅੱਧ ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ ਹੈ)।

੫. ਇਸ੍ਟ ਗੁਰੂ-ਸ੍ਰੀ ਗੁਰੂ ਅਮਰਦੇਵ ਜੀ-ਮੰਗਲ।

ਛਪਯ: ਅਮਲ ਅਲੰਬ ਕਰਿ ਜਾਂਹਿ
ਸਮਰ ਜੈ ਪਾਵਹਿਂ ਅਰਿ ਹਰਿ।
ਹਰਿ ਨਿਤ ਲਾਵਹਿ ਧਜ਼ਾਨ
ਗਜ਼ਾਨ ਪਾਵਹਿਂ ਮੁਨਿ ਉਰ ਧਰਿ।
ਧਰਨ ਭਜਨ ਬਿਦਤਾਇ
ਸਭਿਨਿ ਮਹਿਂ ਬਜ਼ਾਪਜੋ ਸਮਸਰ।
ਸ਼ਰਨ ਦਾਸ ਗਤਿ ਲਹਤਿ
ਦਹਤਿ ਦੁਖ ਦੋਖਿਨ ਕੋ ਦਰਿ।
ਦਰ ਦੇਤਿ ਬਤਾਇ ਸੁ ਮੁਕਤਿ ਕੋ
ਹੋਹਿਂ ਪ੍ਰਸੀਦਤਿ ਚਿਤ ਸਿਮਰ।
ਮਰ ਜਨਮਨ ਕੋ ਸੰਕਟ ਕਟਤਿ
ਜੈ ਜੈ ਜੈ ਸ੍ਰੀ ਗੁਰ ਅਮਰ ॥੧੦॥

ਅਮਰ = ਜੋ ਨਾ ਮਰੇ। ਦੇਵਤਾ। ਦੇਵਤੇ।

ਅਲੰਬ ਕਰਿ = ਆਸਰਾ ਬਣਾਕੇ। ਆਸਰਾ ਲੈਕੇ।

ਸਮਰ = ਜੰਗ, ਜੁੱਧ। ਦੇਵਤਿਆਂ ਦੀ ਰਾਖਸ਼ਾਂ ਪਰ ਜੈ ਤਦੋਂ ਹੁੰਦੀ ਰਹੀ ਹੈ ਜਦੋਂ ਰੱਬ ਜੀ ਦਾ ਆਸ੍ਰਾ ਮਿਲਦਾ ਰਿਹਾ ਹੈ।

ਅਰਿਹਰਿ = ਸ਼ੱਤ੍ਰੂਆਂ ਦਾ ਨਾਸ਼ ਕਰਕੇ। ਹਰਿ = ਸ਼ਿਵਜੀ।

ਉਰਧਰਿ = ਦਿਲ ਵਿਚ ਧਾਰਕੇ। ਧਰਨ = ਧਰਤੀ ਉੱਤੇ।

(ਅ) ਧਰ+ਨਭ+ਜਨ ਬਿਦਤਾਇ = ਧਰਤੀ ਅਕਾਸ਼ ਤੇ ਜਨਾਂ ਵਿਚ ਪ੍ਰਗਟ ਹੈ।

ਸਮਸਰ = ਇਕੋ ਜਿਹਾ।

ਗਤਿ = ਮੁਕਤੀ। ਗਤਿ, ਪਦ ਇਥੇ ਦੇਹੁਰੀ ਦੀਪਕ ਹੈ, ਸ਼ਰਨਦਾਸ ਗਤਿ = ਜੋ ਦਾਸ ਸ਼ਰਨ ਜਾਂਦਾ ਹੈ, ਅਤੇ-ਗਤਿ ਲਹਿਤ = ਮੁਕਤੀ ਲੈਂਦਾ ਹੈ।

ਦਰਿ = ਦਰਦਾ ਹੈ, ਦਲਦਾ ਹੈ (ਅ) ਡਰ। ਦਰ ਦੁਖ ਦੋਖਨ ਕੋ ਦਹਤਿ = ਦੁਖਾਂ ਤੋਂ ਦੋਖਾਂ ਦਾ ਡਰ ਸਾੜ ਦੇਂਦਾ ਹੈ। (ੲ) ਦਲ, ਸਮੂਹ।

ਦਰ = ਦਰਵਾਜ਼ਾ, ਰਸਤਾ। [ਫ਼ਾਰਸੀ, ਦਰ]

ਪ੍ਰਸੀਦਤਿ = ਪ੍ਰਸੰਨ, ਪਸੀਜੇ ਹੋਏ। (ਅ) ਪ੍ਰਸੰਨ ਚਿਤ ਹੋਕੇ ਸਿਮਰ, ਸ੍ਰੀ ਗੁਰੂ ਅਮਰ ਦੇਵ ਜੀ ਨੂੰ। (ੲ) ਇਹੀ ਮੁਕਤੀ ਦਾ ਦਰਵਾਜਾ ਦਸਦੇ ਹਨ ਕਿ ਪ੍ਰਸੰਨ ਚਿਤ ਹੋਕੇ ਵਾਹਿਗੁਰੂ ਨੂੰ ਸਿਮਰ।

ਮਰ ਜਨਮਨ ਕੋ = ਜਨਮ ਮਰਨ ਦਾ। (ਅ) ਮਰਜ਼ਨ+ਮਨ ਕੋ = ਮਨ ਦੇ ਰੋਗਾਂ ਦਾ। [ਫਾਰਸੀ, ਮਰਜ਼]

ਅਰਥ: ਦੇਵਤੇ (ਜਿਸ ਗੁਰੂ ਅਮਰ ਦਾ) ਆਸਰਾ ਲੈਕੇ ਜੁੱਧ ਵਿਚ ਜਾਕੇ ਸ਼ੱਤ੍ਰੂਆਂ ਦਾ ਨਾਸ਼ ਕਰਕੇ ਫਤੇ ਪਾਉਂਦੇ ਹਨ, (ਜਿਨ੍ਹਾਂ ਦਾ) ਧਿਆਨ ਸ਼ਿਵਜੀ ਨਿਤ ਲਗਾਉਂਦਾ ਹੈ, (ਜਿਨ੍ਹਾਂ ਨੂੰ) ਮਨ ਵਿਚ ਵਸਾ ਕੇ ਮੁਨਿ (ਲੋਕ) ਗਿਆਨ ਪ੍ਰਾਪਤ ਕਰਦੇ ਹਨ, (ਓਹਨਾਂ ਨੇ) ਧਰਤੀ ਉੱਤੇ ਪ੍ਰਗਟ ਕੀਤਾ ਹੈ (ਕਿ ਜੋ) ਸਭਨਾਂ ਵਿਚ ਇਕਸਾਰ ਵਿਆਪ ਰਿਹਾ ਹੈ (ਉਸ ਦਾ) ਭਜਨ ਕਰੋ।

(ਜੋ) ਸੇਵਕ (ਹੋਕੇ ਉਨ੍ਹਾਂ ਦੀ) ਸ਼ਰਨ ਜਾਂਦਾ ਹੈ, ਮੁਕਤੀ ਪਾਉਂਦਾ ਹੈ, ਓਹ ਦੁਖਾਂ ਨੂੰ ਸਾੜ ਦੇਂਦਾ ਹੈ ਤੇ ਦੋਖਾਂ (ਅਪਨਿਆਂ) ਨੂੰ ਦਲ ਸਿਟਦਾ ਹੈ। (ਜਿਸ ਉਤੇ ਓਹ) ਪ੍ਰਸੰਨ ਹੁੰਦੇ ਹਨ ਉਸ ਨੂੰ ਮੁਕਤੀ ਦਾ ਰਸਤਾ (ਯਾ ਬੂਹਾ ਐਉਂ) ਦੱਸ ਦਿੰਦੇ ਹਨ (ਕਿ ਹੇ ਜਗਜਾਸੂ) ਚਿਤ ਵਿਚ (ਉਸ ਦਾ) ਸਿਮਰਣ ਕਰ (ਜਿਸ ਨਾਲ) ਕਿ ਜਨਮ ਮਰਨ ਦੇ ਸੰਕਟ ਕਟੇ ਜਾਂਦੇ ਹਨ; (ਐਸੇ ਸ੍ਰੀ) ਗੁਰੂ ਅਮਰ ਜੀ ਨੂੰ (ਮੇਰੀ) ਜੈ ਹੋਵੇ, ਜੈ ਹੋਵੇ, ਜੈ ਹੋਵੇ।

ਭਾਵ: ਸ੍ਰੀ ਗੁਰੂ ਜੀ ਦੇ ਉਚੇ ਵਜੂਦ ਨੂੰ ਸ਼ਿਵ ਤੇ ਦੇਵਤੇ ਧਿਆਉਂਦੇ ਹਨ, ਪ੍ਰਿਥਵੀ ਵਿਚ ਉਹ ਆਕੇ ਨਾਮ ਦਾ ਉਪਦੇਸ਼ ਦੇਕੇ ਮੁਕਤੀ ਦਾਨ ਕਰ ਰਹੇ ਹਨ। ਅਰ ਦਾਸਾਂ ਦੇ ਸੰਕਟ ਹਰ ਰਹੇ ਹਨ।

ਹੋਰ ਅਰਥ: ਇਸ ਛਪਯ ਦਾ ਇਕ ਅਰਥ ਐਉਂ ਬੀ ਹੈ:- ਜਿਸ (ਪਰਮੇਸ਼ੁਰ) ਦਾ ਆਸਰਾ ਲੈਕੇ (ਅਮਰ =) ਦੇਵਤੇ ਜੁੱਧ ਜਿਤਦੇ ਰਹੇ ਤੇ ਸ਼ਤ੍ਰੂ ਮਾਰਦੇ ਰਹੇ, ਸ਼ਿਵ ਜਿਸ ਦਾ ਧਿਆਨ ਲਾਉਂਦਾ ਹੈ ਤੇ ਮੁਨਿ ਜਿਸ ਨੂੰ ਦਿਲ ਵਿਚ ਧਾਰਕੇ ਗਿਆਨ ਪਾਉਂਦੇ ਹਨ, ਜੋ ਧਰਤੀ ਅਕਾਸ਼ ਤੇ ਪੁਰਖਾਂ ਵਿਖੇ (ਸਮਾਨ ਸੱਤਾ) ਕਰਕੇ ਇਕ ਸਮਾਨ ਸਾਰੇ ਪ੍ਰਗਟ ਹੈ (ਉਸ ਪਰਮੇਸ਼ੁਰ ਦਾ) ਮੁਕਤੀ ਦਾ ਦਰਵਾਜਾ (ਗੁਰੂ ਅਮਰ ਦੇਵ ਜੀ) ਸ਼ਰਨ ਆਏ ਦਾਸਾਂ ਨੂੰ ਦਸ ਦਿੰਦੇ ਹਨ ਕਿ ਚਿਤ ਵਿਚ ਸਿਮਰਨ ਕਰੋ, ਇਸ ਤਰ੍ਹਾਂ ਦੁਖ ਸਾੜਦੇ ਤੇ ਦੋਸ਼ਾਂ ਨੂੰ ਦਲਦੇ ਹੋਏ, ਜਿਸ ਤੇ ਪ੍ਰਸੰਨ ਹੋਣ ਮੁਕਤੀ (ਦਾ ਦਾਨ) ਉਸ ਨੂੰ ਦੇਂਦੇ ਹਨ, ਤੇ ਜਨਮ ਮਰਨ ਦਾ ਸੰਕਟ ਕੱਟ ਦੇਂਦੇ ਹਨ। ਐਸੇ ਸ੍ਰੀ ਗੁਰੂ ਅਮਰ (ਦੇਵ) ਜੀ ਨੂੰ ਤਿੰਨਾਂ ਕਾਲਾਂ ਵਿਚ (ਯਾ ਤਿੰਨਾਂ ਲੋਕਾਂ ਵਿਚ ਯਾ ਮਨ ਬਚ ਕਰਮ ਕਰਕੇ) ਜੈ ਹੋਵੇ, ਜੈ

ਹੋਵੇ, ਜੈ ਹੋਵੇ। ਪਰੰਤੂ ਇਹ ਅਰਥ ਜ਼ਰਾ ਖਿੱਚ ਨਾਲ ਲਾਉਣਾ ਪੈਂਦਾ ਹੈ। ਤੀਸਰੀ ਤੁਕ ਦਾ ਪਹਿਲਾ ਅੱਧ-(ਉਸ ਪਰਮੇਸ਼ਰ ਦਾ) ਭਜਨ ਧਰਤੀ ਤੇ ਪ੍ਰਗਟ (ਕੀਤਾ ਹੈ)।

੬. ਇਸ੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ-ਮੰਗਲ।

ਸ੍ਵੈਯਾ: ਹਰਤਾ ਬਿਘਨਾਨ ਮਹਾਂ ਅਘ ਕੋ
ਉਰ ਆਤਮ ਗਜ਼ਾਨ ਪ੍ਰਕਾਸ਼ਤਿ ਜਜੋਂ ਹਰਿ।
ਹਰਿ ਦੇਤਿ ਬਸਾਇ ਸੁ ਦਾਸਨ ਕੇ
ਕਮਲਾਸਨ ਧਜਾਵਤਿ ਜਾਂਹਿ ਭਜੇ ਹਰਿ।
ਹਰਿ ਬੰਸ ਵਿਖੇ ਅਵਤਾਰ ਭਏ
ਹਤਿ ਰਾਵਣ ਕੋ ਲਿਯ ਸੰਗ ਚਮੂੰ ਹਰਿ।
ਹਰਿ ਦਾਸ ਤਨੈ ਰਮਦਾਸ ਗੁਰੂ
ਮ੍ਰਿਗ ਮੋਹ ਸੰਘਾਰਤਿ ਜਜੋਂ ਬਡ ਕੇਹਰਿ ॥੧੧॥

ਹਰਤਾ = ਹਰ ਲੈਣ ਵਾਲਾ, ਦੂਰ ਕਰਨ ਵਾਲਾ।

ਬਿਘਨਾਨ = ਬਿਘਨਾਂ ਨੂੰ। ਬਿਘਨ ਦਾ ਬਹੁਬਚਨ। ਅਘ = ਪਾਪ।

ਆਤਮ ਗਜ਼ਾਨ = ਆਪਣੇ ਆਪ ਦਾ ਗਿਆਨ। ਅਪਣੇ ਤੱਤ ਸਰੂਪ ਦਾ ਗਿਆਨ ਆਤਮਾ ਦਾ ਗਿਆਨ।

ਹਰਿ = ਹਨੇਰੇ ਨੂੰ ਜੋ ਹਰ ਲਵੇ ਸੋ-ਸੂਰਜ।

ਹਰਿ = ਪਾਪਾਂ ਨੂੰ ਜੋ ਹਰ ਲਵੇ ਸੋ-ਵਾਹਿਗੁਰੂ।

ਕਮਲਾਸਨ = ਕਮਲ ਹੈ ਆਸਨ ਜਿਸ ਦਾ ਸੋ-ਬ੍ਰਹਮਾਂ।

ਜਾਂਹਿ = ਜਿਸਨੂੰ, ਜਿਨ੍ਹਾਂ ਨੂੰ।

ਹਰਿ = ਸ਼ਿਵਜੀ। [ਸੰਸ: ਹਰਿ = ਸ਼ਿਵ]

ਹਰਿ ਬੰਸ = ਸੂਰਜ ਬੰਸ। ਹਤਿ = ਮਾਰਿਆ। ਚਮੂੰ = ਸੈਨਾ।

ਹਰਿ = ਜੋ ਲੋਕਾਂ ਦੇ ਹਥੋਂ ਚੀਜ਼ਾਂ ਖੋਹ ਲਵੇ ਸੋ-ਬਾਂਦਰ।

ਹਰਿਦਾਸ = ਸ੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ (ਭਾਈ) ਹਰੀਦਾਸ ਯਾ ਹਰਿਦਾਸ (= ਵਾਹਿਗੁਰੂ ਦਾ ਸੇਵਕ) ਸੀ।

ਤਨੈ-ਪੁੱਤ੍ਰ। ਮ੍ਰਿਗ = ਹਰਨ। ਪਰ ਮ੍ਰਿਗ ਦਾ ਅਰਥ ਉਹ ਹਾਥੀ ਬੀ ਹੈ ਜਿਸ ਦੇ ਮਸਤਕ ਵਿਚ ਚਿੱਟਾ ਤਿਲਕ ਹੁੰਦਾ ਹੈ।

ਸੰਘਾਰਤ = ਮਾਰਦੇ ਹਨ। [ਸੰਸ: ਸੰਹਾਰ संहार]

ਬਡ ਕੇਹਰਿ = ਵੱਡਾ ਸ਼ੇਰ। ਬੱਬਰ ਸ਼ੇਰ।

ਅਰਥ: (ਅਰਥ ਤੀਸਰੀ ਤੁਕ ਤੋਂ ਤੁਰੇਗਾ, ਫਿਰ ਚੌਥੀ ਤੇ ਫਿਰ ਪਹਿਲੀ ਦੂਜੀ):- (ਤ੍ਰੇਤੇ ਜੁਗ ਵਿਖੇ ਇਕ ਰਾਮ ਜੀ) ਸੂਰਜ ਬੰਸ ਬਿਖੇ ਅਵਤਾਰੀ ਹੋਏ ਸਨ (ਜਿਨ੍ਹਾਂ ਨੇ) ਬਾਂਦਰਾਂ ਦੀ ਸੈਨਾਂ ਨਾਲ ਲੈਕੇ ਰਾਵਣ ਨੂੰ ਮਾਰਿਆ ਸੀ, (ਪਰ ਕਲਜੁਗ ਵਿਚ) ਰਾਮਦਾਸ ਜੀ ਗੁਰੂ (ਅਵਤਾਰ) ਹੋਏ ਹਨ ਜੋ (ਸ੍ਰੀ) ਹਰਿਦਾਸ (ਜੀ) ਦੇ ਸਪੁੱਤ੍ਰ (ਕਹਿਲਾਏ, ਇਹ ਗੁਰੂ ਜੀ) ਮੋਹ ਰੂਪੀ ਹਾਥੀ ਨੂੰ ਸ਼ੇਰ ਬੱਬਰ ਦੀ ਤਰ੍ਹਾਂ ਮਾਰਦੇ ਹਨ। (ਏਹ) ਮਹਾਂਨ ਪਾਪਾਂ ਤੇ (ਕਠਨ) ਵਿਘਨਾਂ ਨੂੰ ਦੂਰ ਕਰਨ ਵਾਲੇ (ਤੇ) ਹ੍ਰਿਦੇ (ਵਿਚ) ਸੂਰਜ ਵਾਂਙੂ ਆਤਮ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ, ਅਪਣੇ ਦਾਸਾਂ ਦੇ (ਹਿਰਦੇ ਵਿਚ) ਵਾਹਿਗੁਰੂ

ਨੂੰ ਵਸਾ ਦੇਂਦੇ ਹਨ, ਜਿਨ੍ਹਾਂ ਨੂੰ ਬ੍ਰਹਮਾਂ ਧਿਆਉਂਦਾ ਹੈ ਤੇ ਸ਼ਿਵਜੀ (ਜਿਨ੍ਹਾਂ ਦਾ) ਭਜਨ ਕਰਦਾ ਹੈ।

ਭਾਵ: ਇਸ ਸ੍ਵੈਯੇ ਵਿਚ ਕਵਿ ਜੀ ਨੇ-ਹਰਿ-ਪਦ ਕਈ ਵੇਰ ਵਰਤ ਕੇ ਉਸ ਦੇ ਅੱਡ ਅੱਡ ਅਰਥ ਵਰਤੇ ਹਨ। ਵਾਹਿਗੁਰੂ, ਸੂਰਜ, ਸ਼ਿਵ, ਬਾਂਦਰ, ਫਿਰ ਹਰਿਬੰਸ ਤੇ ਕੇਹਰਿ ਵਿਚ-ਹਰਿ-ਪਦ ਆਇਆ ਹੈ।

ਹੋਰ ਅਰਥ: ਸ੍ਵੈਯੇ ਦੇ ਅਰਥ ਦੂਸਰੀ ਤਰ੍ਹਾਂ ਬੀ ਲਾਉਣ ਦਾ ਯਤਨ ਹੁੰਦਾ ਹੈ, ਜਿਸ ਦਾ ਭਾਵ ਇਹ ਹੈ ਕਿ ਤੀਸਰੀ ਤੁਕ ਵਾਲੇ ਤ੍ਰੇਤਾ ਦੇ ਅਵਤਾਰ 'ਰਾਮ ਜੀ' ਹੀ ਕਲਜੁਗ ਦੇ ਗੁਰੂ ਅਵਤਾਰ-ਸ੍ਰੀ ਰਾਮਦਾਸ ਗੁਰੂ ਜੀ-ਹੋਏ ਹਨ।

੨. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਕਬਿੱਤ: ਅਰਜਨਿ ਸੁਨਤਿ ਸੁ ਦਾਸਨ ਕੋ ਦਾਨ ਦੇਤਿ
ਮੋਹ ਕੇ ਬਿਦਾਰਬੇ ਕੋ ਬਾਕ ਸਰ ਅਰਜਨ।
ਅਰਜੁਨ ਜਸੁ ਵਿਸਤੀਰਨ ਸੰਤੋਖ ਸਿੰਘ
ਜਹਾਂ ਕਹਾਂ ਜਾਨੀਅਤਿ ਮਾਨੋ ਤਰੁ ਅਰਜਨ।
ਅਰਿਜਨ ਭਏ ਗਨ ਮੋਖ ਪਦ ਲਏ ਤਿਨ
ਸ਼ਜਾਮ ਘਨ ਤਨ ਹੋਇ ਤੋਰੇ ਜੁਮਲਾਰਜਨ।
ਅਰਜ ਨ ਜਾਨਜੋ ਜਾਇ ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈਂ ਗੁਰ ਅਰਜਨ ॥੧੨॥

ਅਰਜਨਿ = ਅਰਜ਼ਾਂ ਨੂੰ, ਬੇਨਤੀਆਂ ਨੂੰ, [ਅ: ਅਰਜ਼]।

ਬਿਦਾਰਿਬੇ = ਮਾਰ ਦੇਣ ਨੂੰ। ਬਾਕ = ਵਾਕ, ਬਚਨ, ਬਾਣੀ।

ਸਰ = ਤੀਰ, ਬਾਣ।

ਅਰਜਨ = ਪਾਂਡਵਾਂ ਵਿਚੋਂ ਤੀਸਰਾ ਭਿਰਾਉ, ਜਿਸ ਦੇ ਤੀਰ ਨਿਸ਼ਾਨੇ ਬੈਠਣ ਵਿਚ ਬੜੇ ਪ੍ਰਸਿੱਧ ਸਨ।

ਅਰਜਨ = ਉੱਜਲ [ਸੰਸ: ਅਰਜੁਨ अर्जुन]।

ਵਿਸਤੀਰਨ = ਵਿਸਥਾਰ ਕਰਨ ਵਾਲਾ। ਫੈਲਾਉਣ ਵਾਲਾ। ਗਾਯਨ ਕਰਨ ਵਾਲਾ ਬੀ ਮੁਰਾਦ ਹੈ। (ਅ) ਫੈਲ ਰਿਹਾ ਹੈ।

ਤਰੁ = ਬ੍ਰਿੱਛ। ਤਰੁ ਅਰਜਨ = ਮੁਰਦਾ ਹੈ ਕਲਪ ਬ੍ਰਿੱਛ ਤੋਂ।

ਅਰਿਜਨ = ਅਰਿ = ਵੈਰੀ। ਜਨ = ਦਾਸ। ਅਰਜਨ ਭਏ = ਜੋ ਵੈਰੀ ਦਾਸ ਹੋ ਗਏ।

(ਅ) ਅਰ = ਅਤੇ, ਜਨ = ਦਾਸ। ਅਰਜਨ ਭਏ = ਅਤੇ ਜੋ ਆਪ ਦੇ ਦਾਸ ਹੋਏ ਹਨ। ਗਨ = ਦਲ, ਝੁੰਡ, ਸਾਰੇ, ਸਮੂਹ।

ਸ਼ਜਾਮ ਘਨ = ਕਾਲਾ ਬੱਦਲ, ਕਾਲੇ ਬੱਦਲ ਵਰਗਾ ਰੰਗ ਹੋਵੇ ਜਿਸ ਦਾ ਸੋ-ਕ੍ਰਿਸ਼ਨ।

ਜੁਮਲਾਰਜਨ = ਅਰਜਨ ਇਕ ਪ੍ਰਕਾਰ ਦਾ ਬ੍ਰਿੱਛ ਹੈ ਜੋ ਹਿੰਦ ਵਿਚ ਹੁੰਦਾ ਹੈ, ਲਕੜੀ ਬੜੀ ਮਜ਼ਬੂਤ ਹੁੰਦੀ ਹੈ। ਇਹ ਬ੍ਰਿੱਛ ਧਰਤੀ ਤੋਂ ਹੀ ਦੋ ਸ਼ਾਖਾਂ ਯਾ ਦੋ ਬ੍ਰਿੱਛ ਨਾਲੋ ਨਾਲ ਜਸੋਧਾਂ ਦੇ ਘਰ ਗੋਕਲ ਵਿਚ ਉਗਿਆ ਹੋਇਆ ਸੀ, ਜਿਸ ਵਿਚ ਜਸੋਧਾਂ ਨੇ ਕ੍ਰਿਸ਼ਨ ਜੀ ਨੂੰ ਬੰਨ੍ਹ ਦਿੱਤਾ ਸੀ, ਕ੍ਰਿਸ਼ਨ ਜੀ ਨੇ ਖਿੱਚ ਕੇ ਦੋਇ ਦਰੱਖਤ ਪੁਟ ਘੱਤੇ। ਕਹਿੰਦੇ ਹਨ ਕਿ ਇਹ ਦੋ

ਬ੍ਰਿੱਛ ਨਹੀਂ ਸਨ, ਪਰ ਕੁਬੇਰ ਦੇ ਦੋ ਪੁੱਤ੍ਰ ਮਣਿਗ੍ਰੀਵ ਤੇ ਨਲਕੂਬਰ ਸਨ, ਜਿਨ੍ਹਾਂ ਨੂੰ ਨਾਰਦ ਜੀ ਨੇ ਮਦ ਪੀਤੇ ਹੋਏ ਨੰਗੇ ਜਲ-ਕ੍ਰੀੜਾ ਕਰਦੇ ਵੇਖਕੇ ਸ੍ਰਾਪ ਦੇਕੇ ਅਰਜਨ ਬ੍ਰਿੱਛ ਬਣਾ ਦਿੱਤਾ ਸੀ। ਜਦੋਂ ਕ੍ਰਿਸ਼ਨ ਜੀ ਨੇ ਇਹ ਬ੍ਰਿੱਛ ਪੁੱਟ ਘੱਤੇ ਤਾਂ ਕਹਿੰਦੇ ਹਨ ਉਨ੍ਹਾਂ ਦੀ ਕਲਿਆਨ ਹੋ ਗਈ। ਕਵਿ ਜੀ ਦੀ ਮੁਰਾਦ ਹੈ ਕਿ ਗੁਰੂ ਅਰਜਨ ਜੀ ਨੇ ਰੱਬੀ ਰੌ ਦੀਆਂ ਅਟਕਾਂ ਭੰਨ ਘੱਤੀਆਂ। (ਅ) ਇਹ ਬੀ ਮੁਰਾਦ ਹੋ ਸਕਦੀ ਹੈ ਕਿ ਜਿਨ੍ਹਾਂ ਵੈਰੀਆਂ ਨੇ ਆਪ ਅੱਗੇ ਅਟਕ ਪਾਈ ਆਪ ਨੇ ਓਹਨਾਂ ਦਾ ਉਧਾਰ ਕੀਤਾ ਜਿਸ ਤਰ੍ਹਾਂ ਕ੍ਰਿਸ਼ਨ ਨੇ ਯਮਲਾਰਜਨ ਦਾ। [ਸੰਸ: ਯਮਲਾਰਜਨ यमलार्जुन ਯਮਲ = ਜੋੜਾ। ਅਰਜਨ = ਬ੍ਰਿੱਛ ਦਾ ਨਾਉਂ।]

ਅਰਜਨ = ਅਰਜ+ਨ = ਅ਼ਰਜ਼ = ਚੁੜਾਉ। [ਅਰਬੀ, ਅਰਜ਼ = ਚੁੜਾਣ]

ਜਿਥੇ ਅਰਜ਼ ਦਾ ਵਰਤਾਉ ਐਸਾ ਹੋਵੇ ਜੈਸਾ ਕਿ ਏਥੇ ਹੈ ਓਥੇ ਤੂਲ = ਲੰਮਾਣ ਦੀ ਮੁਰਾਦ ਨਾਲ ਲੈ ਲੈਂਦੇ ਹਨ।

(ਅਰਜ਼ਨ ਦੇ ਨਾਲ ਤੂਲਨ ਸੰਭਾਵਿਤ ਹੁੰਦਾ ਹੈ।)

ਜਿਥੇ ਚੁੜੱਤਨ ਕਹੀ ਓਥੇ ਲੰਬਾਣ ਦੀ ਸੰਭਾਵਨਾਂ ਆਪੇ ਆ ਗਈ, ਮੁਰਾਦ ਹੈ ਪ੍ਰਮਾਣ ਤੋਂ। (ਅ) ਕੀਮਤ [ਫਾਰਸੀ, ਅਰਜ਼]।

ਰਾਜੈ = ਰਾਜ ਰਹੇ ਹਨ, ਪ੍ਰਕਾਸ਼ਮਾਨ ਹਨ।

ਅਰਜਨ = ਸ਼੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਸੁਪੁੱਤ੍ਰ ਇਨ੍ਹਾਂ ਦਾ ਨਾਮ-ਅਰਜਨ-ਇਨ੍ਹਾਂ ਦੇ ਸਰੀਰ, ਮਨ ਤੇ ਆਤਮਾਂ ਦੀ ਸ੍ਵਤੇ ਉੱਜਲਤਾ ਕਰਕੇ ਰਖਿਆ ਗਿਆ ਸੀ। ਫਿਰ ਆਪ ਦੇ ਕੀਤੇ ਰੂਹਾਨੀ ਕੰਮਾਂ ਬਾਬਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ:-
'ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥' [ਰਾਮ: ਵਾਰ ਰਾਇ ਬਲ:

ਅਰਥ: ਅਰਥ ਚੌਥੀ ਤੁਕ ਤੋਂ ਟੁਰੇਗਾ ਫਿਰ ਪਹਿਲੀ ਤੇ ਫਿਰ ਤੀਜੀ ਦੂਜੀ:-

੪. ਐਸਾ (ਅਚਰਜ) ਰੂਪ ਧਾਰਕੇ ਗੁਰੂ ਅਰਜਨ ਦੇਵ ਜੀ (ਜਗਤ ਵਿਚ) ਆਕੇ ਪ੍ਰਕਾਸ਼ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆਂ ਜਾਂਦਾ ਕਿ ਆਪਦੇ (ਪ੍ਰਕਾਸ਼ ਦਾ) ਕਿਤਨਾਕੁ ਵਿਸਥਾਰ ਹੈ।

੧. (ਅਪਨੇ ਦਾਸਾਂ ਦੀਆਂ ਅਰਜ਼ਾਂ ਸੁਣਕੇ (ਉਨ੍ਹਾਂ ਨੂੰ ਮਨ ਮੰਗੀ ਮੁਰਾਦ ਦਾ) ਦਾਨ ਦੇਂਦੇ ਹੋ (ਉਨ੍ਹਾਂ ਦੇ) ਮੋਹ (ਰੂਪੀ ਸ਼ੱਤ੍ਰੂ ਨੂੰ) ਮਾਰ ਦੇਣ ਲਈ (ਆਪਦੇ) ਵਾਕ ਅਰਜਨ ਦੇ ਤੀਰਾਂ (ਵਾਂਙੂ ਅਮੋਘ) ਹਨ।

੩. (ਜੋ) ਸ਼ੱਤ੍ਰੂ (ਆਪਦੇ) ਦਾਸ ਹੋ ਗਏ (ਉਨ੍ਹਾਂ ਨੇ) ਮੁਕਤੀ ਦੇ ਸਾਰੇ ਪਦ (ਪ੍ਰਾਪਤ ਕਰ) ਲਏ (ਜਿਨ੍ਹਾਂ ਨੇ ਆਪਦੇ ਦੈਵੀ ਕੰਮ ਅਗੇ ਜੋ ਅਟਕਾਂ ਪਾਈਆਂ ਉਨ੍ਹਾਂ ਨੂੰ ਆਪਦਾ) ਸਰੀਰ (ਐਉਂ) ਉਖੇੜ ਦੇਣ ਵਾਲਾ ਹੋਕੇ ਲੱਗਾ (ਜਿਵੇਂ) ਕ੍ਰਿਸ਼ਨ ਜੀ ਦਾ (ਸਰੀਰ) ਯੁਮਲਾਰਜਨ ਨੂੰ (ਲੱਗਾ ਸੀ)।

੨. (ਤਾਂਤੇ ਆਪਦਾ) ਉੱਜਲ ਯੱਸ਼ ਕਲਪ ਬ੍ਰਿੱਛ ਵਾਂਙ (ਅੱਗੇ ਹੀ) ਸਭ ਜਗਾ ਪ੍ਰਸਿੱਧ ਹੈ (ਕਵਿ) ਸੰਤੋਖ ਸਿੰਘ ਤਾਂ (ਕੇਵਲ ਉਸ ਯਸ਼ ਦਾ) ਵਿਸਥਾਰ ਕਰਨ ਵਾਲਾ (ਇਕ ਢਾਡੀ) ਹੈ।

ਹੋਰ ਅਰਥ: ਹੋਰ ਅਰਥ ਲਾਉਣ ਦਾ ਬੀ ਐਉਂ ਜਤਨ ਹੁੰਦਾ ਹੈ:-

੨. ਕਵੀ ਸੰਤੋਖ ਸਿੰਘ ਜੀ ਆਖਦੇ ਹਨ (ਆਪ ਦਾ) ਉੱਜਲ ਜਸ ਫੈਲ ਰਿਹਾ ਹੈ, ਜਿੱਥੇ ਕਿੱਥੇ ਮਾਨੋਂ ਕਲਪ ਬ੍ਰਿੱਛ ਹੀ ਜਾਣੀਦਾ ਹੈ, ਅਥਵਾ ਆਪ ਦਾ ਐਤਨਾ ਜਸ ਫੈਲ ਰਿਹਾ ਹੈ ਕਿ ਉਸ ਦਾ-ਅਰਜ਼+ਨ = ਮਾਪ ਨਹੀਂ ਹੈ।

੩. ਅਰਜਨ = ਬਿਨੈਵੰਤ-ਜੋ ਬਿਨੈਵੰਤ ਹੋਏ ਸਾਰਿਆਂ ਨੇ ਹੀ ਮੁਕਤੀ ਪਦ ਪਾ ਲਏ, ਆਪ ਨੇ ਹੀ ਸ਼੍ਰੀ ਕ੍ਰਿਸ਼ਨ ਸ੍ਵਰੂਪ ਧਾਰਕੇ ਜੁਮਲਾਰਜਨ ਤੋੜੇ ਸਨ, ਅਥਵਾ-ਅਰ ਜਨ ਭਏ = ਜੋ ਦਾਸ ਹੋਏ ਉਨ੍ਹਾਂ ਮੁਕਤੀ ਪਾਈ।

੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

ਚਿਤ੍ਰਪਦਾ ਛੰਦ: ਸੂਰ, ਸੁਰਾਨਿ ਕੇ ਹਾਨਿ ਕਰੇ
ਛਿਤ ਆਨਤਿ ਭੇ ਬਨਿ ਕੇ ਤਨ ਸੂਰ।
ਸੂਰਤ ਸੁੰਦਰ ਜੋ ਸਿਮਰੈ
ਉਰ ਮੈਂ ਤਤ ਗਜ਼ਾਨ ਲਹੈ ਮਤਿ ਸੂਰ।
ਸੂਰ ਗਹੈ ਕਰ ਮੈਂ ਰਣ ਕੇ ਪ੍ਰਿਯ
ਨਿੰਦਕ ਜੇ ਦੁਖ ਪਾਇ ਬਿਸੂਰ।
ਸੂਰ ਬਿਸਾਲ ਕ੍ਰਿਪਾਲ ਗੁਰੂ
ਹਰਿ ਗੋਬਿੰਦ ਜੀ ਤਮ ਸ਼ੱਤ੍ਰੂਨ ਸੂਰ ॥੧੩॥

ਸੂਰ = ਸ਼ੇਰ। [ਸੰਸ: ਸ਼ੂਰ: = ਸ਼ੇਰ] (ਅ) ਸੂਲ, ਦੁਖ, ਕਸ਼ਟ।
ਸੁਰਾਨ ਕੇ ਹਾਨ ਕਰੇ = ਜੋ ਦੇਉਤਿਆਂ ਨੂੰ ਹਾਨੀ ਕਰੇ, ਭਾਵ ਦੈਂਤ।
(ਅ) ਸੂਰ ਸੁਰਾਨ ਕੇ ਹਾਨ ਕਰੇ = ਦੇਵਤਿਆਂ ਦੇ ਦੁਖ ਦੂਰ ਕੀਤੇ।
ਛਿਤ = ਕਿਸ਼ਤ = ਧਰਤੀ। (ਅ) ਰਣਭੂਮੀ। (ੲ) ਤਬਾਹੀ।
ਤਨ ਸੂਰ = ਸੂਰ ਤਨ = ਵਰਾਹ ਤਨ। ਸੂਰ ਵਰਗਾ ਸਰੀਰ, ਬ੍ਰਾਹ ਰੂਪ (ਵਿਸ਼ਨੂੰ ਜੀ ਦਾ ਤੀਸਰਾ ਅਵਤਾਰ ਬ੍ਰਾਹ ਮੰਨਦੇ ਹਨ)।
(ਸ) ਸੂਰ ਦਾ ਅਰਥ ਕ੍ਰਿਸ਼ਨ ਬੀ ਹੈ।
ਸੂਰ = ਪੰਡਿਤ। ਪੰਡਿਤਾਂ। [ਸੰਸ: ਸੂਰਿ = ਪੰਡਿਤ]।
(ਅ) ਮਤਿ ਸੂਰ = ਜੋ ਬੁੱਧੀ ਦੇ ਸੂਰਮੇ ਹਨ।
ਸੂਰ = ਬਰਛਾ। ਕੋਈ ਸ਼ਸਤ੍ਰ। [ਸੰਸ: ਸ਼ੂਲ = ਬਰਛਾ, ਸ਼ਸਤ੍ਰ]।
ਬਿਸੂਰ = ਕਸ਼ਟ, ਮਹਾਂ ਦੁਖੀ। [ਸੰਸ: ਵਿਸੂਰਣ = ਕਸ਼ਟ]।
(ਅ) ਪੰਜਾਬੀ ਵਿਸੂਰਣਾਂ = ਝੂਰਣ ਨੂੰ ਬੀ ਕਹਿੰਦੇ ਹਨ।
ਦੁਖ ਪਾਇ ਬਿਸੂਰ = ਦੁਖ ਪਾਉਂਦੇ ਤੇ ਝੂਰਦੇ ਹਨ।
ਸੂਰ = ਬਹਾਦਰ, ਸੂਰਮਾਂ। [ਸੰਸ: ਸੂਰ = ਬਹਾਦੁਰ]।
ਸੂਰ = ਸੂਰਜ। [ਸੰਸ: ਸ਼ੂਰ = ਸੂਰਜ]।
ਇਸ ਪਦ ਵਿਚ ਅੱਠ ਵੇਰ-ਸੂਰ-ਪਦ ਆਯਾ ਹੈ, ਅਰਥ ਐਉਂ ਹਨ:-

ਪਦ	ਮੂਲ	ਅਰਥ
੧. ਸੂਰ	ਸ਼ੂਰ [ਸੰਸ:]	ਸ਼ੇਰ।
੨. ਸੂਰ	ਸ਼ੂਰ [ਸੰਸ:]	ਬਰਾਹ।
੩. ਸੂਰਤ	ਕੇਵਲ ਸੂਰਤ ਪਦ ਦੇ ਪਹਿਲੇ ਦੋ ਅੱਖਰ ਫਾਰਸੀ ਸੂਰਤ।	ਸ਼ਕਲ।
੪. ਸੂਰ	ਸੂਰਿ [ਸੰਸ:]	ਪੰਡਿਤ।
੫. ਸੂਰ	ਸ਼ੂਲ [ਸੰਸ:]	ਬਰਛਾ।

੬. ਬਿਸੂਰ ਵਿਸੂਰ ਦੇ ਅੰਤਲੇ ਦੋ ਅੱਖਰ ਸੂਰ ਹਨ।
[ਸੰਸ: ਵਿ+ਸੂਰ, ਵਿਸ਼ੇਸ਼ ਕਰਕੇ।
ਸੂਰ, = ਦੁੱਖ ਦੇਣਾ] ਕਸ਼ਟ।
੭. ਸੂਰਸ਼ੂਰ [ਸੰਸ:] ਬਹਾਦੁਰ।
੮. ਸੂਰਸ਼ੂਰ [ਸੰਸ:] ਸੂਰਜ।

ਅਰਥ: ਦੇਵਤਿਆਂ ਨੂੰ ਹਾਨੀ ਦੇਣ ਵਾਲੇ (ਦੈਂਤਾਂ) ਤੋਂ (ਜਿਵੇਂ ਵਿਸ਼ਨੂੰ ਜੀ) ਬਰਾਹ ਰੂਪ ਬਣਕੇ ਪ੍ਰਿਥਵੀ ਲੈ ਆਏ (ਤਿਵੇਂ ਆਪ ਮੁਗਲ ਮਲੇਛਾਂ ਤੋਂ ਭਾਰਤ ਭੂਮੀ ਛੁਡਾਉਣ ਲਈ) ਸ਼ੇਰ (ਰੂਪ ਧਾਰਕੇ ਆਏ ਹੋ)।

ਆਪ ਦੀ ਸੁਹਣੀ ਸੂਰਤ ਜੋ ਸਿਮਰੇ (ਉਹ) ਆਪਣੇ ਹਿਰਦੇ ਵਿਚ ਤਤ ਗਯਾਨ ਪ੍ਰਾਪਤ ਕਰੇਗਾ; ਤੇ ਓਸ ਦੀ ਬੁਧੀ ਪੰਡਿਤ ਹੋ ਜਾਏਗੀ।

(ਤੁਸੀਂ) ਰਣ ਦੇ ਪਿਆਰੇ ਹੋ (ਜਦੋਂ) ਬਰਛਾ ਹੱਥ ਵਿਚ ਫੜਦੇ ਹੋ (ਤਾਂ) ਜੋ ਨਿੰਦਕ ਹਨ (ਉਹ) ਦੁੱਖ ਤੇ ਕਸ਼ਟ ਪਾਉਂਦੇ ਹਨ।

(ਹੇ) ਗੁਰੂ ਹਰਿਗੋਬਿੰਦ ਜੀ! (ਤੁਸੀਂ) ਬੜੇ ਸੂਰਮੇ ਹੋ, ਕ੍ਰਿਪਾਲੂ ਹੋ, ਵੈਰੀਆਂ (ਰੂਪੀ) ਹਨੇਰੇ ਨੂੰ ਸੂਰਜ ਹੋਕੇ ਢੁੱਕਦੇ ਹੋ।

ਹੋਰ ਅਰਥ: (੧) (ਯਵਨੀ ਲੋਕ ਜੋ) ਸੂਰਾਂ (ਵਰਗੇ ਮਲੇਛ ਸਨ ਭਾਰਤ) ਭੂਮਿ ਤੇ ਆ ਗਏ (ਤੇ ਹਿੰਦੀ ਜੋ) ਦੇਵਤਾ (ਸਨ ਉਨ੍ਹਾਂ ਦੀ) ਹਾਨੀ ਕਰ ਰਹੇ ਸਨ। (ਆਪ ਉਹਨਾਂ ਦੀ ਰਖਸ਼ਾ ਤੇ ਧਰਨੀ ਨੂੰ ਮਲੇਛਾਂ ਤੋਂ ਛੁਡਾਉਣ ਲਈ) ਵਿਸ਼ਨੁ ਰੂਪ ਹੋਕੇ ਆਏ।

(੩) ਰਣ ਦੇ ਪਿਆਰੇ ਭਾਵ ਜੋਧਾ ਹੋਕੇ ਬਰਛਾ ਹੱਥ ਵਿਚ ਲੈਕੇ (ਆਪ ਨੇ ਐਸਾ ਫੇਰਿਆ ਕਿ) ਨਿੰਦਕ (ਮਲੇਛ) ਦੁਖੀ ਹੋਕੇ ਝੂਰਣ ਲਗੇ।

(੪) (ਜ਼ੁਲਮ ਦਾ) ਹਨੇਰਾ (ਪਸਾਰਨ ਵਾਲੇ, ਦੇਸ ਦੇ) ਵੈਰੀਆਂ ਨੂੰ ਬੜੇ ਸੂਰਮਾ ਕ੍ਰਿਪਾਲੂ ਗੁਰੂ ਹਰਿਗੋਬਿੰਦ ਜੀ ਸੂਰਜ ਵਾਂਙੂ ਲਗੇ ਭਾਵ ਉਹਨਾਂ ਨੂੰ ਪ੍ਰਾਜੈ ਕਰ ਦਿੱਤਾ!

(੨) ਐਸੇ (ਸਤਿਗੁਰੂ ਦੀ ਜਲਾਲ ਤੇ ਜਮਾਲ ਦੋਹਾਂ ਤਰ੍ਹਾਂ ਨਾਲ) ਸੁੰਦਰ ਸੂਰਤ ਨੂੰ ਜੋ ਕੋਈ ਸਿਮਰੇ ਉਹ ਦਿਲ ਵਿਚ ਤਤ੍ਵ ਗਯਾਨੀ ਤੇ (ਵਰਤੋਂ ਵਿੱਚ) ਸੂਰਮਗਤੀ ਦੀ ਬੁੱਧੀ ਵਾਲਾ ਹੋ ਜਾਏਗਾ, ਭਾਵ ਗਯਾਨੀ ਬੀ ਹੋਵੇਗਾ ਤੇ ਜ਼ੁਲਮ ਕਸ਼ਟ ਦਾ ਮੁਕਾਬਲਾ ਕਰਨੇ ਵਾਲਾ ਸੂਰਮਾ ਬੀ ਹੋਵੇਗਾ। ਦੂਜੀ ਤੁਕ ਵਿਚ-ਮਤਿ ਸੂਰ = ਜੋ ਬੁੱਧੀ ਦੇ ਸੂਰਮੇਂ ਹਨ।

(੩) 'ਸੂਰ ਗਹੇ ਕਰ ਮੈਂ ਰਣਕੇ, ਪ੍ਰਿਯ ਨਿੰਦਕ', ਐਉਂ ਪਾਠ ਬੀ ਕਰਦੇ ਹਨ, ਅਰਥ ਹੋਣਗੇ-ਹੱਥ ਵਿਚ ਬਰਛਾ ਫੜਕੇ (ਜਦ ਆਪ) ਰਣ ਵਿਚ (ਆਉਂਦੇ ਹਨ) ਤਾਂ ਆਪ ਦੇ ਪਿਆਰਿਆਂ ਦੇ ਨਿੰਦਕ ਕਸ਼ਟਾਤੁਰ ਹੋ ਜਾਂਦੇ ਹਨ।

ਭਾਵ: ਛਿਤ ਤੇ ਸੂਰ ਪਦ ਤੋਂ ਪਹਿਲੀ ਤੁਕ ਦੇ ਅਰਥ 'ਬਰਾਹ ਅਵਤਾਰ' ਵਾਲੇ ਕਰਨ ਦੀ ਰਗ਼ਬਤ ਰਹੀ, ਪਰੰਤੂ ਜੇ ਇਹ ਖਿਆਲ ਛੱਡਕੇ ਸ੍ਰੀ ਗੁਰ ਨਾਨਕ ਪ੍ਰ: ਪੂ: ਅਧਯਾਯ ੧ ਅੰਕ ੧੫ ਵਲ ਧਿਆਨ ਕਰੀਏ ਤਾਂ ਇਹ ਸਾਰਾ ਛੰਦ ਗੁਰੂ ਜੀ ਦੇ ਸਨੱਧ ਬੱਧ ਰੂਪ ਵਲ ਲੱਗਦਾ ਹੈ। 'ਸ੍ਰੀ ਗੁਰੂ ਹਰਿਗੋਬਿੰਦ ਬਰ ਸਨਧ ਬੱਧ ਧਰ ਧਯਾਨ' ਇਥੇ ਓਸੇ ਸਨੱਧ ਬੱਧ ਸ੍ਵਰੂਪ ਦਾ ਚਿੱਤ੍ਰ ਰਣਭੂਮੀ ਵਿਚ ਖਿੱਚ ਰਹੇ ਜਾਪਦੇ ਹਨ। ਕਿਉਂਕਿ ਪ੍ਰਕਰਣ ਸਾਰਾ ਰਣਖੇਤ੍ਰ ਦਾ ਹੈ। ਫੇਰ ਅਰਥ ਐਉਂ ਹੈ:-

(ਸ੍ਰੀ ਗੁਰੂ ਹਰਿਗੋਬਿੰਦ ਜੀ ਛਿਤ ਆਨਤ ਭੇ) ਰਣਭੂਮੀ ਵਿਚ ਸੂਰਮਾਂ ਸ੍ਵਰੂਪ ਧਾਰ ਕੇ ਆਏ (ਜਿੱਥੇ ਜੰਗ ਰਚਾ ਕੇ) ਸੂਰਮਿਆਂ ਦੇ ਸੂਰਮੱਤਣ ਨੂੰ ਨਾਸ਼ ਕਰਦੇ ਭਏ। ਓਸ ਸੁਹਣੀ ਸੂਰਤ ਨੂੰ ਜੋ ਯਾਦ ਕਰੇ ਓਹ ਹਿਰਦੇ ਵਿਚ ਤਾਂ ਤੱਤ ਗਯਾਨ ਨੂੰ ਪਾਏਗਾ ਤੇ ਬੁੱਧੀ

ਵਿਚ ਸੂਰਮੱਤਣ ਭਾਵ ਬੀਰ ਰਸ ਪ੍ਰਾਪਤ ਕਰੇਗਾ। ਮਤਲਬ ਇਹ ਹੈ ਕਿ ਗੁਰੂ ਜਸੋਤੀ ਦੇ ਸੁਤੇ ਪ੍ਰਭਾਵ ਪੈਣ ਕਰਕੇ ਤਾਂ ਤੱਤ ਗਯਾਨ ਪਾਏਗਾ ਤੇ ਰਣ ਛੇਤ੍ਰ ਵਿਚ ਸਨੱਧ ਬੱਧ ਬੀਰ ਰਸ ਦੇ ਪ੍ਰਭਾਵ ਪੈਣ ਤੋਂ ਸੂਰਮੱਤਣ ਪਾਏਗਾ। ਇਸੀ ਤਰ੍ਹਾਂ ਰਣ ਵਿਚ ਬਰਛਾ ਲੈਕੇ ਆਉਣਾ ਸ਼ੱਤ੍ਰੂਆਂ ਦਾ ਪ੍ਰਾਜੈ ਕਰਨਾ, ਗੱਲ ਕੀ ਸਾਰੇ ਛੰਦ ਵਿਚ ਓਹੋ ਰੂਪਕ ਨਿਭਿਆ ਹੋਇਆ ਹੈ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

ਸ੍ਵੈਯਾ: ਤਾਰਾ ਬਿਲੋਚਨ ਸੋਚਨ ਮੋਚਨ
ਦੇਖਿ ਬਿਸ਼ੇਖ ਬਿਸੈ ਬਿਸ ਤਾਰਾ।
ਤਾਰਾ ਭਵੋਦਧਿ ਤੇ ਜਨ ਕੋ
ਗਨ ਕੀਰਤਿ ਸੇਤੁ ਕਰੀ ਬਿਸਤਾਰਾ।
ਤਾਰਾ ਮਲੇਛਨ ਕੇ ਮਤ ਕੋ
ਉਦਿਤੇ ਦਿਨਨਾਥ ਜਥਾ ਨਿਸ ਤਾਰਾ।
ਤਾਰਾ ਰਿਦੈ ਉਪਦੇਸ਼ ਦੈ ਖੋਲਤਿ
ਸ਼੍ਰੀ ਹਰਿਰਾਇ ਕਰੇ ਨਿਸਤਾਰਾ ॥੧੪॥

ਤਾਰਾ = ਅੱਖ ਦੀ ਪੁਤਲੀ। [ਸੰਸ: ਤਾਰ:]
ਬਿਲੋਚਨ = ਅੱਖ [ਸੰਸ: ਵਿਲੋਚਨ]। ਸੋਚਨ = ਸੋਚਾਂ। ਫਿਕਰ।
ਮੋਚਨ = ਦੂਰ ਕਰਨ ਵਾਲਾ। [ਸੰਸ: ਮੋਚਨ = ਦੂਰ ਕਰਨਾ।]
ਬਿਸ਼ੇਖ਼ = ਵਿਸ਼ੇਸ਼ ਕਰਕੇ, ਗਹੁ ਨਾਲ, ਮੁਰਾਦ ਹੈ ਪਿਆਰ ਤੇ ਸ਼ਰਧਾ ਦੇ ਭਾਵ ਨਾਲ।
ਬਿਸ਼ੈ = ਵਿਸ਼ਯਾ, ਕਾਮ ਕ੍ਰੋਧ ਲੋਭ ਆਦਿਕ ਵਿਖ਼ਯ।
ਬਿਸ = ਜ਼ਹਿਰ [ਸੰਸ: ਵਿਖ਼]।
ਤਾਰਾ = ਮੁਕਤ ਕੀਤਾ, ਛੁਡਾਇਆ। [ਸੰਸ: ਤਾਰਣ = ਮੁਕਤ ਕਰਨਾ]
ਤਾਰਾ = ਤਾਰਿਆ, ਪਾਰ ਕੀਤਾ [ਸੰਸ: ਤਾਰਣ = ਪਾਰ ਕਰਨਾ]।
ਭਵੋਦਧਿ = ਭਵ ਸਾਗਰ [ਸੰਸ: ਭਵ+ਉਦਧਿ = ਸੰਸਾਰ ਸਾਗਰ] ਮੁਰਾਦ ਹੈ ਸੰਸਾਰ ਦੇ ਮੋਹ, ਮਾਯਾ, ਦੁਖ, ਕਲੇਸ਼ ਤੋਂ।
ਸੇਤੁ = ਪੁਲ [ਸੰਸ: ਸੇਤੁ:]।
ਬਿਸਤਾਰਾ = ਤਾਣਿਆ। ਫੈਲਾਇਆ, ਦੋ ਕਿਨਾਰਿਆਂ ਦੇ ਵਿਚ ਬੰਨ੍ਹ ਦਿੱਤਾ। [ਸੰਸ: ਵਿਸ੍ਤਾਰ = ਫੈਲਾਵ]
ਤਾਰਾ = ਤਾੜਿਆ, ਝਿੜਕ ਦਿੱਤਾ, ਮਾਤ ਕੀਤਾ। [ਸੰਸ: ਤਾੜਨਾਂ]।
ਉਦਿਤੇ = ਉਦਯ, ਚੜ੍ਹਨਾ ਸੂਰਜ ਦਾ।
ਦਿਨਨਾਥ = ਦਿਨ ਦਾ ਮਾਲਕ = ਸੂਰਜ।
ਨਿਸਤਾਰਾ = ਰਾਤ ਦੇ ਤਾਰਿਆਂ (ਨੂੰ) [ਸੰਸ: ਨਿਸ਼ਾ = ਰਾਤ। ਤਾਰਾ = ਸਿਤਾਰਾ]।
ਤਾਰਾ = ਤਾਲਾ, ਜੰਦਰਾ [ਸੰਸ: ਤਾਲਕ। ਹਿੰਦੀ ਤਾਲਾ]।
ਨਿਸਤਾਰ = ਪਾਰ ਉਤਾਰਾ, ਮੁਕਤੀ, [ਸੰਸ: ਨਿਸ੍ਤਾਰ:)

ਅਰਥ: (ਜਿਨ੍ਹਾਂ ਦੀ) ਅੱਖ ਦੀ ਪੁਤਲੀ (ਦਾ ਸੁਭਾਵਕ ਦਰਸ਼ਨ ਮਨ ਦੇ) ਫਿਕਰਾਂ ਨੂੰ ਦੂਰ ਕਰਨ ਵਾਲਾ ਹੈ, (ਪਰ ਜਿਸਨੇ) ਗਹੁ ਨਾਲ ਤੱਕਿਆ (ਇਸ ਨੇ ਉਸਨੂੰ ਵਿਸ਼ੇ ਰੂਪੀ) ਜ਼ਹਰ (ਤੋਂ) ਮੁਕਤ ਕੀਤਾ,

(ਜਿਨ੍ਹਾਂ ਨੇ ਵਾਹਿਗੁਰੂ ਦੇ) ਕੀਰਤਨ ਦਾ ਪੁਲ (ਲੋਕ ਪ੍ਰਲੋਕ ਦੇ ਵਿਚਕਾਰ) ਤਾਣਕੇ (ਅਪਣੇ) ਦਾਸਾਂ ਦੇ ਸਮੂਹਾਂ ਨੂੰ ਭਵਸਾਗਰ ਤੋਂ ਪਾਰ ਕੀਤਾ ਹੈ,

(ਜਿਨ੍ਹਾਂ ਨੇ) ਮਲੇਛਾਂ ਦੇ ਮਤ ਨੂੰ (ਐਉਂ) ਤਾੜਨਾਂ ਕੀਤੀ ਹੈ (ਜਿਵੇਂ) ਸੂਰਜ ਦੇ ਉਦੇ ਹੋਣ ਨਾਲ ਰਾਤ ਦੇ ਤਾਰਿਆਂ ਨੂੰ (ਤਾੜਨਾਂ ਹੋ ਜਾਂਦੀ ਹੈ),

(ਐਸੇ) ਸ਼੍ਰੀ ਗੁਰੂ ਹਰਿ ਰਾਇ ਜੀ (ਜਗਜਾਸੂਆਂ ਦੇ) ਹਿਰਦੇ ਦੇ ਜੰਦਰੇ ਨੂੰ ਉਪਦੇਸ਼ ਦੇਕੇ ਖੋਹਲ ਦਿੰਦੇ ਹਨ (ਮੇਰਾ ਬੀ) ਪਾਰ ਉਤਾਰਾ (ਕਲਜਾਨ) ਕਰਨ।

ਹੋਰ ਅਰਥ: ਪਹਿਲੀ ਤੁਕ ਦਾ ਅਰਥ ਐਉਂ ਬੀ ਲਗਦਾ ਹੈ:- ਵਿਸ਼ੇਸ਼ ਕਰਕੇ ਜੋ ਦੇਖੀਦਾ ਹੈ (ਜਗਤ ਵਿਚ) ਵਿਸ਼ਿਆਂ ਦਾ ਪਸਾਰਾ (ਇਸਦੀ) ਚਿੰਤਾਂ ਤੋਂ ਨੇਤ੍ਰਾਂ ਦੀ (ਕ੍ਰਿਪਾ) ਦ੍ਰਿਸ਼ਟੀ ਨਾਲ ਛੁੜਾ ਲੈਂਦੇ ਹਨ (ਗੁਰੂ ਜੀ)। [ਤਾਰਾ ਬਿਲੋਚਨ = ਨੇਤ੍ਰਾਂ ਦੀ ਦ੍ਰਿਸ਼ਟੀ]।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਸ਼੍ਰੀ ਸਤਿਗੁਰੁ ਪੂਰਨ ਹਰਿ ਕ੍ਰਿਸ਼ਨ।
ਕ੍ਰਿਸ਼ਨ ਬਰਤਮਾਂ ਬਨ ਅਘ ਕ੍ਰਿਸ਼ਨ।
ਕ੍ਰਿਸ਼ਨ ਸਰੂਪ ਦਾਸ ਜਿਸ ਕ੍ਰਿਸ਼ਨ।
ਕ੍ਰਿਸ਼ਨ ਭਗਤਿ ਕੋ ਮੇਘਦ ਜਿਸ਼ਨ ॥੧੫॥

ਹਰਿ ਕ੍ਰਿਸ਼ਨ = ਅੱਠਵੇਂ ਸਤਿਗੁਰੂ ਜੀ ਦਾ ਪਵਿੱਤ੍ਰ ਨਾਮ।

ਕ੍ਰਿਸ਼ਨ ਬਰਤਮਾਂ = ਕ੍ਰਿਸ਼ਣ ਵਰਤਮਾਂ = ਅਗਨੀ, [ਸੰਸ: ਕ੍ਰਿਖਵਰਤਮਨ = ਜਿਸਦਾ ਰਸਤਾ ਕਾਲਾ ਹੋਵੇ, ਭਾਵ ਅਗਨੀ ਜੋ ਧੂੰਏਂ ਦੇ ਮਗਰ ਟੁਰਦੀ ਹੈ। ਕਵਿ ਸੰਤੋਖ ਸਿੰਘ ਜੀ ਨੇ ਅਪਣੇ ਕੋਸ਼ ਵਿਚ ਅਗਨੀ ਦੇ ਨਾਵਾਂ ਵਿਚ ਬੀ ਕ੍ਰਿਸ਼ਨ ਵਰਤਮਾਂ ਅਗਨੀ ਦਾ ਨਾਮ ਲਿਖਿਆ ਹੈ] ਅੱਗੇ ਪਦ-ਬਨ-ਪਿਆ ਹੈ, ਇਸ ਕਰਕੇ-ਕ੍ਰਿਸ਼ਨ ਬਰਤਮਾਂ-ਦੀ ਮੁਰਾਦ ਦਾਵਾ ਅਗਨੀ ਤੋਂ ਹੈ। ('ਵਰਦ' ਨਾਮ ਬੀ ਇਕ ਅਗਨੀ ਦਾ ਹੈ ਜੋ ਪਾਪਾਂ ਦੇ ਪ੍ਰਾਸਚਿਤ ਦੀਆਂ ਬਲੀਆਂ ਲੈਂਦੀ ਹੈ)।

ਕ੍ਰਿਸ਼ਨ = ਕਾਲਾ। ਬਨ ਅਘ ਕ੍ਰਿਸ਼ਨ = ਪਾਪਾਂ ਰੂਪੀ ਕਾਲੇ ਬਨ ਨੂੰ।

ਕ੍ਰਿਸ਼ਨ = ਪਰਮਾਤਮਾਂ (ਦੇਖੋ ਸ਼੍ਰੀ ਗੁਰੂ ਗ੍ਰੰਥ ਕੋਸ਼), ਪਿਆਰ ਦੀ ਖਿੱਚ ਪਾਉਣ ਵਾਲੇ।

ਕ੍ਰਿਸ਼ਨ = ਉਸ ਅਨਪੜ੍ਹ ਝੀਊਰ ਵਲ ਇਸ਼ਾਰਾ ਹੈ ਜਿਸਨੂੰ ਸਤਿਗੁਰਾਂ ਨੇ ਇਕ ਪੰਡਤ ਨਾਲ ਸ਼ਾਸਤ੍ਰਾਰਥ ਕਰਵਾ ਕੇ ਜਿਤਾਇਆ ਸੀ। ਉਸਦਾ ਰੰਗ ਬੀ ਕ੍ਰਿਸ਼ਨ (ਕਾਲਾ) ਸੀ। ਯਥਾ- 'ਕਾਰੋ ਬਰਨ ਬਸਤ੍ਰ ਜਿਸ ਫਾਰੇ' (ਦੇਖੋ ਰਾਸ ੧੦ ਅੰਸੂ ੩੮ ਅੰਤ ੩੩)

(ਅ) ਕ੍ਰਿਸ਼ਜ+ਨ-ਜੋ ਕਦੇ ਲਿੱਸੇ ਨਹੀਂ ਹੁੰਦੇ, ਕਿਸੇ ਅੱਗੇ ਹਾਰ ਨਹੀਂ ਖਾਂਦੇ, ਇਸ਼ਾਰਾ ਉਸੇ ਝੀਵਰ ਸਿੱਖ ਦੀ ਜਿੱਤ ਵੰਨੇ ਹੈ, ਜਿਸਤੋਂ ਪੰਡਤ ਨੂੰ ਹਾਰ ਦਿਵਾਈ ਸੀ।

[ਸੰਸ: ਕ੍ਰਿਸ਼]।

ਕ੍ਰਿਸ਼ਨ = ਖੇਤੀ [ਸੰਸ: ਕ੍ਰਿਖਿ = ਖੇਤੀ।

ਮੇਘਦ = ਮੇਘ+ਦ = ਬੱਦਲ ਦੇਣ ਵਾਲੇ। ਮੀਂਹ ਵਸਾਉਣ ਵਾਲੇ।

ਜਿਸ਼ਨ = ਇੰਦ੍ਰ। [ਸੰਸ: ਜਿਸ਼ਣੁ]

ਅਰਥ: ਸ਼੍ਰੀ ਹਰਿ ਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ, ਪਾਪਾਂ (ਰੂਪੀ) ਕਾਰੇ ਬਨ ਨੂੰ (ਦਾਹ ਕਰਨ ਲਈ) ਅਗਨੀ (ਸਮਾਨ ਹਨ); ਪਰਮਾਤਮਾ ਦਾ ਰੂਪ ਹਨ, ਜਿਨ੍ਹਾਂ ਦੇ ਦਾਸ ਨੂੰ (ਕਦੇ) ਹਾਰ ਨਹੀਂ; ਭਗਤੀ (ਰੂਪੀ) ਖੇਤੀਆਂ ਨੂੰ ਬਰਖਾ ਦੇਕੇ ਇੰਦ੍ਰ (ਸਮਾਨ ਪਾਲਣਹਾਰ ਹਨ)

ਭਾਵ: ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਸਤਿਗੁਰਾਂ ਦਾ ਨਾਮ ਹੈ। ਹਰਿ ਕ੍ਰਿਸ਼ਨ ਦਾ ਅਰਥ ਹੈ ਸੁਨਹਿਰੀ ਝਾਂਵਲੇ ਵਾਲੇ, ਸਾਂਵਲੇ ਸਲੋਨੇ ਰੰਗ ਵਾਲੇ। ਦੂਸਰਾ ਅਰਥ ਹੈ ਭਗਤਾਂ ਦੇ ਦਿਲਾਂ ਨੂੰ ਖਿੱਚ ਲੈਣ ਵਾਲੇ ਹਰਿ = (ਪਰਮਾਤਮਾ ਸਰੂਪ)। ਐਸੇ ਸਤਿਗੁਰੂ ਜੀ ਪੂਰਨ ਸਨ ਚਾਹੇ ਉਨ੍ਹਾਂ ਦੀ ਸਰੀਰਕ ਉਮਰਾ ਛੋਟੀ ਸੀ, ਪਰ ਗੁਰੂ ਜੋਤ ਪੂਰਨ ਰੂਪਤਾ ਕਰਕੇ ਉਨ੍ਹਾਂ ਵਿਚ ਪਰਜ੍ਵਲਤ ਸੀ। ਰੋਗੀਆਂ ਨੂੰ ਰਾਜ਼ੀ ਕਰਦੇ ਸਨ, ਰੋਗ ਪਾਪਾਂ ਦਾ ਫਲ ਹਨ। ਪਾਪ ਦਗਧ ਹੋਣ ਤਾਂ ਰੋਗ ਦੂਰ ਹੁੰਦੇ ਹਨ। ਇਸ ਕਰਕੇ ਕਵਿ ਜੀ ਉਨ੍ਹਾਂ ਨੂੰ 'ਪਾਪਾਂ ਰੂਪੀ ਕਾਲੇ ਬਨ ਨੂੰ ਦਗਧ ਕਰਨੇ ਵਾਲੀ ਅਗਨੀ' ਆਖਦੇ ਹਨ। ਦਿੱਲੀ ਜਾਂਦਿਆਂ ਇਕ ਵਿਦਜਾ ਅਭਿਮਾਨੀ ਪੰਡਤ ਦਾ ਮਾਨ ਹਰਨ ਵਾਸਤੇ ਉਸਦੇ ਤਰਕ ਕਰਨੇ ਪਰ ਸਤਿਗੁਰੂ ਜੀ ਨੇ ਇਕ ਅਨਪੜ੍ਹ ਸਿੱਖ ਦੇ ਸਿਰ ਹੱਥ ਧਰਕੇ ਪੰਡਤ ਜੀ ਨਾਲ ਚਰਚਾ ਵਿਚ ਹਰਾਕੇ ਉਸਨੂੰ ਭਗਤੀ ਮਾਰਗ ਤੇ ਪਾਕੇ ਤਾਰਿਆ ਸੀ, ਉਸ ਸਾਖੀ ਵਲ ਇਸ਼ਾਰਾ ਕਰਕੇ ਕਵਿ ਜੀ ਕਹਿੰਦੇ ਹਨ ਕਿ ਆਪਦੇ ਦਾਸਾਂ ਨੂੰ ਕਦੇ ਹਾਰ ਨਹੀਂ। ਅਥਵਾ ਆਪ (ਕ੍ਰਿਸ਼ਨ = ਸਰੂਪ) ਪ੍ਰਮਾਤਮਾ ਰੂਪ ਹਨ ਤੇ (ਦਾਸ ਜਿਸ ਕ੍ਰਿਸ਼ਨ =) ਦਾਸ ਜਿਨ੍ਹਾਂ ਦੇ (ਦ੍ਵਾਪਰ ਦੇ ਅਵਤਾਰ) ਸ੍ਰੀ ਕ੍ਰਿਸ਼ਨ (ਤੁੱਲ ਜੋਗੀ ਤੇ ਗਿਆਨੀ ਹਨ*)। ਅੰਤ ਵਿਚ ਕਹਿੰਦੇ ਹਨ ਕਿ ਆਪ ਇੰਦ੍ਰ ਸਮਾਨ ਹਨ ਜੋ ਖੇਤੀਆਂ ਨੂੰ ਪਾਣੀ ਦੇਕੇ ਪਾਲਦਾ ਹੈ, ਸ਼੍ਰੀ ਗੁਰੂ ਜੀ ਸਿਖੀ ਰੂਪੀ ਖੇਤੀ ਨੂੰ ਮੇਹਰ ਦਾ ਮੀਂਹ ਪਾਕੇ ਪਾਲਦੇ ਹਨ। ਇਸ ਤੁਕ ਵਿਚ ਇਕ ਸ਼ਲੇਖ ਅਰਥ ਨਾਲ ਹੋਰ ਸੈਨਤ ਬੀ ਜਾਪਦੀ ਹੈ।

ਯੋਗ ਮਾਰਗ ਵਿਚ ਜਦੋਂ ਕਲੇਸ਼ ਕਰਮ ਦੀ ਨਵਿਰਤੀ ਹੋ ਜਾਂਦੀ ਹੈ ਸਤਜ ਅਸਲ ਹੋ ਦਿਸਦਾ ਹੈ, ਉਸ ਨੂੰ 'ਧਰਮ ਮੇਘਾ' ਸਮਾਧੀ ਕਹਿੰਦੇ ਹਨ। ਕਵਿ ਜੀ ਕਹਿੰਦੇ ਹਨ ਕਿ ਜਿਵੇਂ ਇੰਦ੍ਰ ਖੇਤੀਆਂ ਨੂੰ ਮੇਘ ਦਾਤਾ ਹੈ ਤਿਵੇਂ ਗੁਰੂ ਹਰਿ ਕ੍ਰਿਸ਼ਨ ਜੀ ਭਗਤਾਂ ਨੂੰ 'ਧਰਮ ਮੇਘਾ ਸਮਾਧੀ ਦੇ ਦਾਤੇ' ਹਨ। ਭਾਵ ਇਹ ਕਿ ਨਾਮ ਦਾਨ ਦੇਕੇ ਮੁਕਤੀ ਤਕ ਅਪੜਾ ਦੇਂਦੇ ਹਨ ਤੇ ਓਹ ਫੇਰ ਆਪ ਜਪਣ ਅਵਰਾਂ ਨੂੰ ਜਪਾਵਣ ਹਾਰ ਹੋਕੇ, 'ਕਾਹੂ ਫਲ ਕੀ ਇਛਾ ਨਹੀਂ ਬਾਛੈ' ਦੇ ਵਿਚ ਕੇਵਲ ਵਸਦੇ ਹਨ।

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸ੍ਵੈਯਾ: ਹਾਦਰ ਹੋਤਿ ਜਹਾਂ ਸਿਮਰੇ
ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।
ਸਾਦ ਰਚੇ ਇਕ ਆਤਮ ਗਜ਼ਾਨ
ਬੜੀ ਬਿਸ਼ਿਯਾਤਪ ਕੋ ਬਡ ਬਾਦਰ।

---

*ਇਸ ਅਰਥ ਦੀ ਪੁਸ਼ਟੀ ਭਾਈ ਨੰਦ ਲਾਲ ਜੀ ਦੇ ਤੌਸੀਫੋ ਸਨਾ ਤੋਂ ਭੀ ਹੁੰਦੀ ਹੈ ਜਿਥੇ ਲੱਖਾਂ ਸ੍ਰੀ ਕ੍ਰਿਸ਼ਨ ਤੇ ਸ੍ਰੀ ਰਾਜਾ ਰਾਮ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਧੂੜ ਚੁੰਮਣ ਵਾਲੇ ਦੱਸਿਆ ਹੈ [ਦੇਖੋ 'ਤੌਸੀਫੋ ਸਨਾ' ਸਲਤਨਤ ਦਹਮ]।

ਬਾਦ ਰਹੈ ਸਿੱਖ ਹ੍ਵੈ ਨਰ ਸੋ
ਜਿਨਿ ਜਾਨਜੋ ਨਹੀ ਜੁ ਇਹੀ ਜਗ ਕਾਦਰ।
ਕਾ ਦਰ ਹੈ ਜਮ ਕੋ ਤਿਨ ਜੀਵਨਿ
ਅੰਤ ਭਜੈਂ ਗੁਰ ਤੇਦ ਬਹਾਦਰ ॥੧੬॥

ਹਾਦਰ = ਹਾਜ਼ਰ, ਪ੍ਰਤੱਖ ਹੋਣਾਂ। ਮੌਜੂਦ ਹੋ ਜਾਣਾਂ। [ਅਰਬੀ-ਹਾਜ਼ਿਰ]
ਪਿਖੇ = ਦੇਖਣ ਨਾਲ, ਦਰਸ਼ਨ ਕਰਨ ਨਾਲ। ਸੁਰ = ਦੇਵਤੇ।
ਸਾਦਰ = ਸਹਤ ਆਦਰ ਦੇ, ਆਦਰ ਪੂਰਬਕ।
ਸਾਦ = ਸੁਆਦ। [ਸੰਸ: ਸ੍ਵਾਦ]
ਬਿਸ਼ਿਯਾਤਪ = ਵਿਸ਼ਿਆਂ ਰੂਪੀ ਧੁੱਪ, ਵਿਸ਼ਿਆਂ ਰੂਪੀ ਤੱਪਸ਼।
[ਸੰਸ: ਵਿਖ਼ਿਯ+ਆਤਪ]

ਬਾਦਰ = ਬੱਦਲ। [ਸੰਸ: ਵਾਰਿਦ] ਭਾਵ ਰੱਖਜਕ। (ਅ) ਕਵਿ ਜੀ ਦਾ ਇਸ ਤੁਕ ਤੋਂ ਯੋਗ ਦਰਸ਼ਨ ਵਿਚ ਕਥੀ 'ਧਰਮ ਮੇਘਾ' ਸਮਾਧੀ ਵਲ ਬੀ ਇਸ਼ਾਰਾ ਹੋ ਸਕਦਾ ਹੈ ਕਿ ਆਪ ਪੂਰਨ ਪਦ ਤੇ ਇਸਥਿਤ ਹਨ ਤੇ ਉਨ੍ਹਾਂ ਦਾ ਵਜੂਦ ਵਿਸ਼ੇਸ਼ ਕਰਕੇ ਆਤਮ ਗਜ਼ਾਨ ਦਾਨ ਕਰ ਰਿਹਾ ਹੈ।

ਬਾਦ = ਬ੍ਰਿਥਾ। ਸੱਖਣਾ। [ਸੰਸ: ਵਾਦ]
ਕਾਦਰ = ਕੁਦਰਤ ਵਾਲਾ। ਹੁਕਮ ਰੱਖਣ ਵਾਲਾ [ਅਰਬੀ, ਕਾਦਰ]।
ਕਾ ਦਰ = ਕਾ। ਦਰ = ਕੀ ਦਰ ਹੈ, ਕੀ ਡਰ ਹੈ।

(ਅ) ਕਾ ਦਰ = ਦਰ = ਦਰਵਾਜਾ, ਕਾ = ਕੀਹ, ਭਾਵ (ਜਮ ਦੇ) ਦਰਵਾਜੇ ਨਾਲ ਕੀਹ (ਵਾਸਤਾ)।

ਜੀਵਨਿ = ਜੀਵਾਂ ਨੂੰ।

ਅਰਥ: (ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ) ਜਿੱਥੇ ਯਾਦ ਕਰੋ (ਉੱਗ੍ਰਥੇ ਹੀ) (ਪ੍ਰਤੱਖ ਆ) ਹਾਜ਼ਰ ਹੁੰਦੇ ਹਨ, ਸੁਖਾਂ ਦਾ ਸਮੁੰਦਰ (ਐਸੇ ਹਨ ਕਿ ਉਹਨਾਂ ਦੇ) ਦਰਸ਼ਨ ਕਰਨ ਨਾਲ ਦੇਵਤੇ ਆਦਰ ਨਾਲ (ਮਿਲਦੇ ਹਨ)।

(ਆਪ) ਇਕ ਆਤਮ ਗਜ਼ਾਨ ਦੇ ਸੁਆਦ ਵਿਚ ਰਚੇ ਹੋਏ ਹਨ (ਤੇ ਜਗਜਾਸੂਆਂ ਨੂੰ) ਵਿਸ਼ਯ ਰੂਪੀ ਕਰੜੀ ਧੁੱਪ ਤੋਂ (ਰੱਖਜਾ ਕਰਨ ਲਈ) ਵੱਡ ਬੱਦਲ ਸਮਾਨ ਹਨ।

(ਹਾਂ,) ਉਹ ਨਰ ਸਿੱਖ ਹੋਕੇ ਬੀ ਸੱਖਣੇ ਰਹੇ ਹਨ, ਜਿਨ੍ਹਾਂ ਨੇ ਨਹੀਂ ਜਾਣਿਆਂ ਕਿ ਇਹੀ ਜਗਤ ਦੇ ਕਾਦਰ ਹਨ।

(ਹਾਂ) ਉਨ੍ਹਾਂ ਜੀਵਾਂ ਨੂੰ ਜਮ ਦਾ ਕੀ ਡਰ ਹੈ ਜਿਨ੍ਹਾਂ ਨੇ ਅੰਤ (ਸਮੇਂ) ਗੁਰੂ ਤੇਗ ਬਹਾਦਰ ਜੀ ਨੂੰ ਭੇਜਿਆ ਹੈ।

ਹੋਰ ਅਰਥ: ੧. ਸੁਖਾਂ ਦੇ ਸਮੁੰਦਰ ਜੀ ਨੂੰ ਜਿੱਥੇ ਯਾਦ ਕਰੀਏ ਉਥੇ ਹੀ ਹਾਜ਼ਰ ਹੁੰਦੇ ਹਨ, ਜਿਨ੍ਹਾਂ ਦਾ ਦਰਸ਼ਨ ਦੇਵਤੇ ਆਦਰ (ਸਤਿਕਾਰ) ਨਾਲ ਕਰਦੇ ਹਨ।

੪. ਓਹਨਾਂ ਜੀਵਾਂ ਨੂੰ ਯਮਾਂ ਦੇ ਦਰਵਾਜੇ ਨਾਲ ਕੀ (ਵਾਸਤਾ ਹੈ) ਜਿਨ੍ਹਾਂ ਨੇ ਅੰਤ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਭੇਜਿਆ ਹੈ।

੧੨. ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਚਿਤ੍ਰਪਦਾ ਛੰਦ: ਤ੍ਰਾਣ ਕਰੈਂ ਨਿਜ ਦਾਸਨ ਕੀ
ਭਵ ਬੰਧਨ ਤੋਰ ਦਦ ਨਿਰਬਾਣ।

ਬਾਣ ਕੁਦੰਡ ਪ੍ਰਚੰਡ ਧਰੇ
ਗਜ ਸੁੰਡ ਮਨੋ ਭੁਜਦੰਡ ਪ੍ਰਮਾਣ।
ਮਾਣ ਨਿਮਾਣਨਿ ਹਾਨਿ ਅਰੀ
ਗਣ ਬਾਣ ਸਦਾ ਜਿਨ ਆਯੁਧ ਪਾਣ।
ਪਾਣਿਪ ਹਿੰਦੁਨ ਗੋਬਿੰਦ ਸਿੰਘ
ਗੁਰੂ ਬਰ ਬੀਰ ਧਰੈਂ ਅਤਿ ਤ੍ਰਾਣ ॥੧੭॥

ਤ੍ਰਾਣ = ਰਖਜਾ, [ਸੰਸ: ਤ੍ਰਾਣ] ਦਦੂ = ਦੇਂਦੇ ਹਨ, ਬਖਸ਼ਦੇ ਹਨ।

ਨਿਰਬਾਣ = ਮਾਇਆ ਤੇ ਅਤੀਤ ਅਵਸਥਾ। ਮੁਕਤੀ। ਪਰਮ ਪਦ। ਪਰਮ ਉੱਚ ਆਤਮ ਪਦ [ਸੰਸ: ਨਿਰ੍ਵਾਣ]।

ਪ੍ਰਚੰਡ = ਤ੍ਰਿੱਖੇ। ਗਜ = ਹਾਥੀ। ਮਨੋ-ਮਾਨੋ।

ਭੁਜ-ਬਾਂਹਾਂ। ਦੰਡ = ਦੰਡ ਦੇਣ ਵਾਲੀਆਂ। (ਅ) ਦੰਡੇ ਵਰਗੀਆਂ, ਭਾਵ ਸਿੱਧੀਆਂ।

ਪ੍ਰਮਾਣ = ਤੁੱਲਜਤਾ ਵਾਲੀਆਂ ਵਰਗੀਆਂ। ਅਰੀਗਣ = ਸ਼ੱਤ੍ਰੂਆਂ ਦੇ ਸਮੂਹ।

ਬਾਣ = ਸੁਭਾਵ। ਆਯੁਧ ਪਾਣ = ਹਥ ਵਿਚ ਸ਼ਸਤ੍ਰ।

[ਸੰਸ: ਆਯੁਧ = ਸ਼ਸਤ੍ਰ, ਪਾਣ-ਹੱਥ]

(ਅ) ਆ+ਯੁਧ+ਪਾਣ = ਵਿਸ਼ੇਸ਼ ਕਰਕੇ ਯੁੱਧ ਵਿਵਹਾਰ।

ਪਾਣਿਪ = ਪਾਣਪੱਤ, ਇੱਜ਼ਤ। ਟੇਕ, ਆਸਰਾ (ਅ) ਰੱਖਜਾ ਕਰਨ ਵਾਲੇ [ਸੰਸ: ਪਾ = ਰੱਖਜਾ ਕਰਨੀ]। (ੲ) ਦਸਤਗੀਰ, ਹੱਥ ਫੜਨ ਵਾਲੇ
[ਸੰਸ: ਪਾਣਿ = ਹੱਥ+ਪਾ = ਫੜਨਾ]

ਤ੍ਰਾਣ-ਸੰਜੋਅ। ਕਵਚ। [ਸੰਸ: ਤ੍ਰਾਣ-ਜੋ ਰੱਖਜਾ ਕਰੇ]

(ਅ) ਤ੍ਰਾਣ = ਬਲ [ਲਹਿੰਦਾ ਪੰ: ਤ੍ਰਾਣ, ਪੰਜਾਬੀ ਤਾਣ।]

ਅਰਥ: ਅਰਥ ਚੌਥੀ ਤੁਕ ਤੋਂ ਟੁਰੇਗਾ:- ਸ੍ਰੀ ਗੋਬਿੰਦ ਸਿੰਘ ਜੀ ਗੁਰੂ ਹਨ, ਬੜੇ ਸੂਰਬੀਰ ਹਨ, ਬੜੀ ਸੰਜੋਅ ਨੂੰ ਧਾਰਨ ਕਰਨ ਵਾਲੇ, (ਤੇ) ਹਿੰਦੀਆਂ ਦੀ ਇੱਜ਼ਤ ਹਨ।

ਆਪਣੇ ਦਾਸਾਂ ਦੀ (ਸਦਾ) ਰੱਖਜਾ ਕਰਦੇ ਹਨ (ਅਤੇ ਉਨ੍ਹਾਂ ਦੇ) ਭਵ ਬੰਧਨ ਤੋੜਕੇ ਨਿਰਬਾਣ (ਦੀ ਦਾਤ) ਬਖਸ਼ਦੇ ਹਨ;

ਧਨੁਖ ਤੇ ਤ੍ਰਿੱਖੇ ਬਾਣਾਂ ਨੂੰ ਧਾਰਨ ਕਰਨ ਵਾਲੇ ਹਨ, (ਦੁਸ਼ਟਾਂ ਨੂੰ) ਦੰਡ ਦੇਣ ਵਾਲੀਆਂ (ਉਨ੍ਹਾਂ ਦੀਆਂ) ਭੁਜਾਂ ਹਾਥੀ ਦੀ ਸੁੰਡ ਵਰਗੀਆਂ (ਬਲਵਾਨ) ਹਨ;

ਨਿਮਾਣਿਆਂ ਦਾ ਉਹ ਮਾਣ ਹਨ, ਵੈਰੀਆਂ ਦੇ ਸਮੂਹਾਂ ਨੂੰ ਹਾਨੀ ਦੇਣ ਵਾਲੇ ਹਨ; ਸੁਭਾਵ ਜਿਨ੍ਹਾਂ ਦਾ ਸਦਾ ਸ਼ਸਤ੍ਰ ਧਾਰੀ ਰਹਿਣ ਦਾ ਹੈ।

ਹੋਰ ਅਰਥ: ੩. ਨਿਮਾਣਿਆਂ ਨੂੰ ਆਦਰ ਦੇਣਾ ਤੇ ਸ਼ਸਤ੍ਰ ਹੱਥੀਂ ਫੜਕੇ ਸੱਤ੍ਰੂਆਂ ਦਾ ਨਾਸ਼ ਕਰਨਾ ਇਹ ਜਿਨ੍ਹਾਂ ਦਾ ਸਦਾ ਤੋਂ ਸੁਭਾਵ ਹੈ।

੪. ਸ੍ਰੇਸ਼ਟ ਗੁਰੂ ਗੋਬਿੰਦ ਸਿੰਘ ਜੀ ਬੜੇ ਸੂਰਮੇਂ, ਹਿੰਦੂਆਂ ਦੇ ਦਸਤਗੀਰ ਬੜੇ ਬਲ ਨੂੰ ਧਾਰਨ ਵਾਲੇ ਹਨ।

ਕਬਿੱਤ: ਭੀਰ ਪਰੇ ਧੀਰ ਦੇ ਸਥੰਭ ਜੈਸੇ ਮਹਾਂ ਬੀਰ
ਰੱਛਕ ਜਨੋਂ ਕੇ ਮਿਲੇ ਦੁਖਦ ਸਮਾਜ ਕੇ।
ਏਕ ਸੰਗ ਬਿਘਨ ਤਰੰਗਚੈ ਉਤੰਗ ਉਠੈਂ

ਤਹਾਂ ਗੁਰੂ ਆਨਿ ਬਨੈਂ ਕੇਵਟ ਜਹਾਜ ਕੇ।
ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿਂ
ਭਨਤਿ ਸੰਤੋਖ ਸਿੰਘ ਗੁਨ ਮਹਾਂਰਾਜ ਕੇ।
ਦ੍ਵੈਯਾ ਰਾਜ ਤਾਜ ਕੇ, ਬ੍ਰਿਧੈਯਾ ਸੁਖ ਸਾਜ ਕੇ
ਰਖੈਯਾ ਦਾਸ ਲਾਜ ਕੇ ਕਰੈਯਾ ਕਵਿ ਕਾਜ ਕੇ ॥੧੮॥

ਭੀਰ = ਭੀੜ, ਤੰਗੀ, ਔਖ, ਮੁਸ਼ਕਲ। ਧੀਰ = ਧੀਰਜ।
ਸਥੰਭ = ਥੰਮਾਂ। ਮੁਰਾਦ ਹੈ ਅਹਿੱਲਤਾ ਤੋਂ।
ਮਹਾਂਬੀਰ = ਬੜੇ ਬਹਾਦੁਰ। ਰੱਛਕ = ਰੱਖਜਾ ਕਰਨ ਵਾਲੇ।
ਦੁਖਦ = ਦੁਖਦਾਈ। ਸਮਾਜ = ਸਮੂਹ, ਇਕੱਠ
ਦੁਖਦ ਸਮਾਜ-ਤੋਂ ਮੁਰਾਦ ਹੈ, ਦੁਖ ਦੇਣ ਵਾਲੇ ਸਾਮਾਨਾਂ ਦੇ ਸਮੂਹ।
ਤਰੰਗ ਚੈ = ਲਹਰਾਂ ਦੇ ਸਮੂਹ = [ਸੰਸ: ਚਯ = ਸਮੂਹ]।
ਉਤੰਗ = ਉੱਚੇ ਉੱਚੇ। ਕੇਵਟ = ਮਲਾਹ।

ਗੰਭੀਰ = ਡੂੰਘੇ। ਡੂੰਘੇ ਪਾਣੀ ਅਡੋਲ ਹੁੰਦੇ ਹਨ, ਇਸ ਲਈ ਮੁਰਾਦ ਅਡੋਲ ਤੋਂ ਹੈ; ਪਦ-ਗੰਭੀਰ-ਕੇਵਲ ਪਾਣੀ ਦੇ ਡੂੰਘ ਵਾਸਤੇ ਨਹੀਂ ਵਰਤੀਂਦਾ, ਪਰ ਸੁਭਾਵ ਦੇ ਡੂੰਘਾ ਪਨ, ਅਡੋਲਤਾ, ਅਛੋਭਤਾ ਅਰਥਾਂ ਵਿਚ ਵੀ ਵਰਤੀਂਦਾ ਹੈ।

ਅਛੋਭ = ਜੋ ਦੁਖੇ ਨਾ।

ਅਛੋਭ ਨਹਿਂ = ਜੋ ਅਛੋਭ ਨਾ ਰਹਿ ਸਕੇ, ਜੋ ਦੁਖੇ। ਭਾਵ, ਦੂਸਰੇ ਦਾ ਦੁਖ ਦੇਖਕੇ ਦੁਖੀ ਹੋਵੇ। ਭਾਵ ਹਮਦਰਦੀ ਵਿਚ ਆਉਣਾ।

ਭਨਤਿ = ਕਹਿੰਦਾ ਹੈ। ਦ੍ਵੈਯਾ = ਦੇਣ ਵਾਲੇ, ਦਾਤੇ।
ਬ੍ਰਿਧੈਯਾ = ਵਧਾਉਣ ਵਾਲੇ। ਸਾਜ = ਸਮਾਨ। [ਫਾਰਸੀ, ਸਾਜ਼]

ਅਰਥ: (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾਸਾਂ ਨੂੰ ਭੀੜ ਆ ਪਈ ਤੇ ਧੀਰਜ ਦੇਕੇ ਥੰਭੇ ਵਾਂਙੂ (ਮਜ਼ਬੂਤ) ਕਰ ਦੇਂਦੇ ਹਨ, (ਅਤੇ ਜਦ ਉਨ੍ਹਾਂ ਨੂੰ) ਦੁਖਦਾਈ ਸਮਾਜ ਆ ਘੇਰਦੇ ਹਨ, (ਤਾਂ ਆਪ) ਮਹਾਂ ਬੀਰ ਰੱਛਕ (ਹੋ ਖੜੋਂਦੇ ਹਨ)। (ਜਿਥੇ ਦਾਸਾਂ ਦੇ ਬੇੜੇ ਅਗੇ) ਬਿਘਨਾਂ ਦੇ ਤ੍ਰੰਗ ਇਕਵਾਰਗੀ ਹੀ ਉੱਚੇ-ਉੱਚੇ ਉੱਠਣ ਲਗ ਜਾਣ ਓਥੇ ਗੁਰੂ ਜੀ ਜਹਾਜ ਦੇ ਮਲਾਹ ਆ ਬਣਦੇ ਹਨ। ਸੰਤੋਖ ਸਿੰਘ (ਗੁਰੂ) ਮਹਾਰਾਜ ਦੇ ਗੁਣ (ਕਥਨ ਕਰਦਾ ਹੋਯਾ) ਕਹਿੰਦਾ ਹੈ ਕਿ (ਆਪ) ਸਮੁੰਦਰ ਵਾਂਙ ਅਡੋਲ ਹਨ, ਪਰ (ਜੀਕੂੰ ਸਮੁੰਦਰ ਪ੍ਰੇਮ ਤੋਂ ਅਛੋਭ ਹੈ ਤੀਕੂੰ ਗੁਰੂ ਜੀ) ਪ੍ਰੇਮ ਤੋਂ ਅਛੋਭ ਨਹੀਂ ਹਨ। ਰਾਜ ਤਾਜ ਦੇ ਦਾਤੇ ਹਨ, ਸੁਖ ਦੇ ਸਾਮਾਨਾਂ ਦੇ ਵਧਾਉਣ ਹਾਰੇ ਹਨ, ਦਾਸਾਂ ਦੀ ਲਾਜ ਰੱਖਣ ਵਾਲੇ ਹਨ, ਤੇ ਕਵੀਆਂ ਦੇ ਕੰਮ ਸਵਾਰਣ ਵਾਲੇ ਹਨ।

ਭਾਵ: ਸਤਿਗੁਰੂ ਜੀ ਦੇ ਸਾਰੇ ਗੁਣ ਗਿਣਕੇ ਅੰਤਮ ਗੁਣ ਵਿਚ ਸਾਰੀ ਮੁਰਾਦ ਖੁਲ੍ਹਦੀ ਹੈ। ਕਵਿ ਜੀ ਹੁਣ ਨਵਾਂ ਪਾਤਸ਼ਾਹੀਆਂ ਦਾ ਇਤਿਹਾਸ ਲਿਖਣ ਲੱਗੇ ਹਨ, ਇਹ ਕੰਮ ਮਹਾਂ ਕਠਨ ਹੈ, ਤੇ ਆਪਦਾ ਚਿੱਤ ਅਪਣੀ ਅਸਮੱਰਥਾ ਤੋਂ ਡੋਲਦਾ ਹੈ, ਇਸ ਕਰਕੇ ਉਸ ਦੀ ਨਿਰਵਿਘਨ ਸਮਾਪਤੀ ਲਈ ਸਤਿਗੁਰ ਵੱਲ ਤਕਦੇ ਹਨ, ਤੇ ਦੱਸਦੇ ਹਨ ਕਿ ਉਹ ਮੁਸ਼ਕਲਾਂ ਵੇਲੇ, ਦੁੱਖਾਂ ਵੇਲੇ, ਆਸਾ ਦਾ ਜਹਾਜ ਡੁੱਬਣ ਵੇਲੇ ਦਾਸਾਂ ਨੂੰ ਬਹੁੜਦੇ ਹਨ। ਹੈਨ ਅਡੋਲ ਕਿਉਂਕਿ ਪੂਰਨ ਹਨ, ਪਰ ਪ੍ਰੇਮ ਦੀ ਸੁਰ ਜਦ ਕੰਨੀਂ ਪਵੇ ਤਾਂ ਦ੍ਰਵਦੇ ਹਨ, ਤਦ ਉਹ ਜ਼ਰੂਰ ਕਵੀ ਦੇ ਕਾਜ ਵਿਚ ਸਹਾਯਤਾ ਕਰਨਗੇ। ਉਹ ਦਾਸਾਂ ਦੀ ਲਾਜ

ਰੱਖਣ ਵਾਲੇ ਹਨ, ਤੇ ਰਾਜ ਤਾਜ ਸੁਖ ਦੇ ਸਾਰੇ ਸਾਮਾਨਾਂ ਦੇ ਦੇਣ ਵਾਲੇ ਹਨ, ਤਾਂਤੇ ਮੇਰਾ ਕਾਰਜ ਜ਼ਰੂਰ ਨਿਰਵਿਘਨ ਸਿਰੇ ਚੜ੍ਹਾਉਣਗੇ।

'ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿਂ' ਵਿਚ ਕਵੀ ਜੀ ਦਾ ਸਾਗਰ ਦੀ ਪਰ-ਪੀੜਾ ਤੋਂ ਪੀੜਤਿ ਨਾ ਹੋਣ ਵਾਲੀ ਗੰਭੀਰਤਾ ਵਲ ਇਸ਼ਾਰਾ ਹੈ, ਜਦ ਕੋਈ ਮਨੁੱਖ ਜਾਂ ਬੇੜਾ ਡੁਬੇ ਉਨ੍ਹਾਂ ਦੇ ਦੁੱਖ ਦਾ ਉਸਨੂੰ ਕੋਈ ਛੋਭ ਨਹੀਂ ਹੁੰਦਾ; ਪਰ ਗੁਰੂ ਜੀ ਪਰ-ਪੀੜਾ ਦੇਖਕੇ ਦ੍ਰਵਦੇ ਹਨ। ਸਾਗਰ ਵਾਂਙੂ ਗੰਭੀਰ ਤਾਂ ਹਨ ਪਰ ਉਸ ਵਾਂਙੂ ਭਾਵਹੀਨ ਨਹੀਂ ਹਨ।

੧੩. ਇਸ਼੍ਟ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਸ੍ਵੈਯਾ: ਇਕ ਜੋਤਿ ਉਦੋਤਕ ਰੂਪ ਦਸ਼ੋ ਸ਼ੁਭ
ਹੋਤਿ ਅੰਧੇਰ ਗੁਬਾਰ ਉਦਾਰਾ।
ਜਗ ਮੈਂ ਸੁ ਪ੍ਰਕਾਸ਼ ਚਹਜੋ ਖਰਿਬੇ
ਉਪਦੇਸ਼ ਦਿਯੋ ਸਿੱਖ ਭੇ ਨਰ ਦਾਰਾ।
ਪਰਲੋਕ ਸਹਾਇ ਅਸ਼ੋਕ ਕਰੇ
ਇਸ ਲੋਕ ਮੈਂ ਰਾਂਕ ਕਰੇ ਸਿਰਦਾਰਾ।
ਗੁਰ ਬ੍ਰਿੰਦਨ ਕੇ ਪਗ ਸੁੰਦਰ ਕੋ
ਅਰਬਿੰਦ ਮਨੋ ਅਭਿਬੰਦ ਹਮਾਰਾ ॥੧੯॥

ਉਦੋਤਕ = ਪ੍ਰਕਾਸ਼ ਕਰਨ ਵਾਲੇ। ਪ੍ਰਕਾਸ਼ਕ। [ਸੰਸ: ਉਦਜੋਤ = ਪ੍ਰਕਾਸ਼। ਕ = ਕਰਨ ਵਾਲੇ]

ਅੰਧੇਰ = ਹਨੇਰਾ, ਭਾਵ ਉਸ ਜ਼ੁਲਮ ਤੋਂ ਹੈ ਜੋ ਪਰਜਾ ਦੇ ਉੱਤੇ ਹੁੰਦਾ ਸੀ। ਇਹ ਇਕ ਮੁਹਾਵਰਾ ਹੈ। ਹੁਣ ਤਕ ਬੀ ਜਦ ਕਿਤੇ ਜ਼ੁਲਮ ਹੋਵੇ ਤਾਂ ਕਹਿੰਦੇ ਹਨ-ਹਨ੍ਹੇਰ ਹੋ ਗਿਆ। ਕੋਈ ਜ਼ੁਲਮ ਕਰੇ ਤਾਂ ਕਹਿੰਦੇ ਹਨ-ਹਨ੍ਹੇਰ ਮਾਰਿਆ ਸੂ। [ਯਥਾ- 'ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁਬਿਧਿ ਲੋਆ।' [ਭਾ: ਗੁਰ: ਵਾ: ੧, ਪੌ: ੨੨]

ਗ਼ੁਬਾਰ = ਗਰਦੇ ਦੇ ਉਡਾਰ ਹੋਣ ਨਾਲ ਜੋ ਹਨ੍ਹੇਰ ਪੈਂਦਾ ਹੈ।

ਇਸ ਦੀ ਮੁਰਾਦ ਅੱਗਜ਼ਾਨ ਦੇ ਅੰਧਕਾਰ ਤੋਂ ਹੈ ਜੋ ਪਰਜਾ ਦੇ ਅੱਗਜ਼ਾਨੀ ਹੋਣ ਕਰਕੇ ਉਹਨਾਂ ਦੀਆਂ ਮੱਤਾਂ ਮਾਰ ਰਿਹਾ ਸੀ। [ਯਥਾ- 'ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।' [ਭਾ: ਗੁਰ: ਵਾ: ੧, ਪੌ: ੨੪]

ਉਦਾਰਾ = ਸਖੀ, ਬੜਾ। ਇਥੇ ਅਰਥ ਬੜਾ ਹੈ।

ਸੁ ਪ੍ਰਕਾਸ਼ = ਸ੍ਰੇਸ਼ਟ ਪ੍ਰਕਾਸ਼, ਇਸ਼ਾਰਾ ਉਸ ਪੂਰਨ ਨਿਰੋਲ ਆਤਮ ਜੀਵਨ ਤੇ ਇਲਾਹੀ ਗਜ਼ਾਨ ਵੱਲ ਹੈ ਜੋ ਸਤਿਗੁਰਾਂ ਨੇ ਜਗਤ ਨੂੰ ਦਿੱਤਾ ਤੇ ਧੁਰੋਂ ਲੈਕੇ ਆਏ ਸਨ।

ਨਰ ਦਾਰਾ = ਨਰ = ਮਨੁਖ। ਦਾਰਾ = ਇਸਤ੍ਰੀ।

ਅਸ਼ੋਕ = ਸ਼ੋਕ ਰਹਤ, ਬੇਫਿਕਰ। ਰਾਂਕ = ਰੰਕ, ਕੰਗਾਲ।

ਬ੍ਰਿੰਦਨ = ਸਮੂਹ, ਸਾਰੇ। ਅਰਬਿੰਦ = ਕਮਲ।

ਅਭਿਬੰਦ = ਨਮਸਕਾਰ, ਬੜੇ ਅਦਬ ਵਾਲੇ ਨਮਸਕਾਰ ਤੋਂ ਮੁਰਾਦ ਹੈ।

[ਸੰਸ: ਅਭਿ+ਵੰਦ। ਵੰਦਨਾ = ਸਤਿਕਾਰ (ਕਰਨਾ), ਉਸਤਤੀ (ਕਰਨੀ), ਨਮਸਕਾਰ]

ਅਰਥ: (ਸਤਿਗੁਰਾਂ ਦੇ) ਦਸੋ ਹੀ ਸ਼ੁਭ ਸਰੂਪ ਇੱਕੇ ਜੋਤ ਦੇ ਪ੍ਰਕਾਸ਼ਕ ਹਨ, (ਜਗਤ ਵਿਚ ਜ਼ੁਲਮ ਦਾ) ਹਨੇਰਾ ਤੇ (ਅਗਜ਼ਾਨ ਦਾ) ਡਾਢਾ ਗੁਬਾਰ (ਦੇਖਕੇ) ਆਪ ਨੇ ਸੁਹਣਾ ਪ੍ਰਕਾਸ਼ ਕਰਨ ਦੀ ਚਾਹਨਾਂ (ਨਾਲ ਆਪਣੇ ਰੱਬੀ ਸੰਦੇਸ਼ੇ ਦਾ, ਉਪਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

(ਜਿਨ੍ਹਾਂ ਸਿੱਖਾਂ ਨੂੰ ਆਪ ਨੇ) ਪ੍ਰਲੋਕ (ਵਿਚ ਸੁਖ ਪਾਉਣ ਲਈ) ਸਹਾਇਤਾ ਦੇ ਕੇ (ਅੱਗੇ ਦੇ ਫਿਕਰ ਤੋਂ) ਅਸ਼ੋਕ ਕਰ ਦਿੱਤਾ, ਤੇ ਇਸ ਲੋਕ ਵਿਚ (ਜੋ) ਕੰਗਾਲ (ਸਨ, ਉਹਨਾਂ) ਨੂੰ ਸਰਦਾਰ ਬਣਾ ਦਿੱਤਾ।

(ਐਸੇ ਪਿਆਰੇ) ਸਾਰੇ ਸਤਿਗੁਰਾਂ ਦੇ ਕਮਲਾਂ ਵਰਗੇ ਸੁਹਣੇ ਚਰਣਾਂ ਤੇ (ਸਚੇ) ਦਿਲੋਂ ਸਾਡੀ ਨਮਸਕਾਰ ਹੋਵੇ।

ਹੋਰ ਅਰਥ: ੧. ਦੱਸੋ ਸਤਿਗੁਰੂ ਜੋ ਇਕੋ ਜਜੋਤੀ ਦੇ (ਦਸ) ਸ਼ੁਭ ਰੂਪ ਹਨ (ਓਦੋਂ) ਪ੍ਰਗਟ ਹੋਏ (ਜਦ ਜਗ ਵਿਚ) ਬੜਾ ਅੰਧੇਰ ਤੇ ਗੁਬਾਰ ਸੀ।

੨. ਆਪ ਜਗਤ ਵਿਚ ਸ੍ਰੇਸ਼ਟ ਪ੍ਰਕਾਸ਼ ਕਰਨਾ ਚਾਹੁੰਦੇ ਸਨ (ਇਸ ਕਰਕੇ ਆਪ ਨੇ ਆਪਣੇ ਰੱਬੀ ਸੰਦੇਸ਼ੇ ਦਾ) ਉਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

ਭਾਵ: ਪਿਛੇ ਕਵੀ ਜੀ ਨੇ ਦਸਾਂ ਸਤਿਗੁਰਾਂ ਦੇ ਵਖੋ ਵੱਖ ਮੰਗਲ ਕੀਤੇ ਹਨ, ਹੁਣ ਦੱਸਦੇ ਹਨ ਕਿ ਉੱਪਰ ਜੋ ਪਵਿੱਤ੍ਰ ਦਸ ਨਾਮ ਸਤਿਗੁਰਾਂ ਦੇ ਕਹੇ ਹਨ ਏਹ ਨਾਮ ਭੀ ਦਸ ਹਨ, ਸ੍ਵਰੂਪ ਭੀ ਦਸ ਹਨ, ਜਗਤ ਦੀ ਵਰਤੋਂ ਵਿਚ ਭੀ ਵਖੋ ਵੱਖ ਵਰਤਾਰੇ ਕਰਦੇ ਸਨ, ਪਰ ਸਭ ਗੁਰੂ ਸਾਹਿਬਾਨ ਵਿਚ ਜਜੋਤੀ ਇੱਕੋ ਹੈਸੀ। ਇਹ ਓਹ ਪਰਮ ਗੂਢ ਗੁਰ ਸਿੱਖੀ ਦਾ ਭੇਤ ਹੈ ਜੋ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸਿਆ ਹੈ:-

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

ਤਥਾ ਦਸਮ ਸਤਿਗੁਰੂ ਜੀ ਦਾ ਉਚਾਰਤਿ ਸ੍ਰੀ ਮੁਖਵਾਕ:-

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥
ਅਮਰਦਾਸੁ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥੭॥

.....ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅੰਗਦ ਅਮਰ ਦਾਸ ਪਹਿਚਾਨਾ॥
ਅਮਰ ਦਾਸ ਰਾਮਦਾਸ ਕਹਾਯੋ ॥
ਸਾਧੁਨ ਲਖਾ ਮੂੜ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨ ਆਈ ॥੧੦॥

[ਬਚਿਤ੍ਰ ਨਾਟਕ ਧਿ: ੫

ਇਸੇ ਭਾਵ* ਨੂੰ ਕਵੀ ਜੀ ਅੱਗੇ ਰਾਸ ੧ ਅੰਸੂ ੯ ਛੰਦ ੨੬, ੨੭ ਵਿਚ ਬੀ ਦੱਸਦੇ ਹਨ:-

'ਸਾਰਬ ਭੌਮ ਮਹਾ ਮਹਿਪਾਲਕ ਪੋਸ਼ਿਸ਼ ਪੂਰਬ ਕੀ ਤਜਿ ਕੈ।
ਸੁੰਦਰ ਔਰ ਨਵੀਨ ਧਰੈ ਤਨ, ਆਇ ਸਭਾ ਥਿਤ ਹ੍ਵੈ ਸਜਿਕੈ।'
'ਜੋਤਿ ਤੇ ਜੋਤਿ ਪ੍ਰਕਾਸ਼ ਰਹੀ ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ ਜੁਗ ਹੋਹਿਂ ਸਮਾਨ ਪ੍ਰਕਾਸ਼ ਬਿਸਾਲਾ।'

ਦਸੋਂ ਹੀ ਸਤਿਗੁਰੂ ਜ਼ੁਲਮ ਤੇ ਅੱਗਜ਼ਾਨ ਦੇ ਸਮੇਂ ਹੋਏ ਹਨ, ਪਰਜਾ ਅੱਗਜ਼ਾਨ ਵਿਚ ਸੀ, ਤੇ ਜ਼ਾਲਮਾਂ ਦੇ ਜ਼ੁਲਮ ਹੇਠ ਸੀ, ਇਸ ਜ਼ੁਲਮ ਨੂੰ ਅੰਧੇਰ ਕਹਿਣ ਦਾ ਮੁਹਾਵਰਾ ਹੈ ਤੇ ਸਤਿਗੁਰੂ ਜੀ ਨੇ ਆਪ ਇਸ ਅੰਧੇਰ ਦਾ ਰੂਪ ਦਸਿਆ ਹੈ ਜੋ ਤਦੋਂ ਵਰਤ ਰਿਹਾ ਸੀ। ਯਥਾ:-

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥
[ਵਾਰ ਮਾਝ ਮ: ੧

ਗੁਬਾਰ ਦਾ ਰੂਪ ਪਦ ਅਰਥਾਂ ਵਿਚ ਪਿਛਲੇਰੇ ਸਫੇ ਤੇ ਦੱਸ ਆਏ ਹਾਂ 'ਬਾਝਹੁ ਗੁਰੂ ਗੁਬਾਰ ਹੈ' ਅੱਗਜ਼ਾਨ ਦੂਰ ਕਰਨ ਵਾਲੇ ਗੁਰੂ ਦੀ ਅਣਹੋਂਦ ਤੋਂ ਗੁਬਾਰ ਸੀ।

ਅੰਧੇਰੇ ਦੀ ਨਿਵਿਰਤੀ ਲਈ ਪਹਿਲਾਂ ਉਪਦੇਸ਼ ਨਾਲ ਹੀ ਬਾਬਰ, ਲਾਜਵਰਦ, ਦੇਵਲੂਤ, ਆਦਿਕ ਹੁਕਮਰਾਨਾਂ ਨੂੰ ਦਰੁਸਤ ਕੀਤਾ ਜਦੋਂ ਔਰੰਗਜ਼ੇਬ ਵਰਗੇ ਉਪਦੇਸ਼ ਨਾਲ ਦਰੁਸਤ ਹੁੰਦੇ ਨਾ ਡਿੱਠੇ ਤਾਂ ਭਗੌਤੀ ਨਾਲ ਉਨ੍ਹਾਂ ਦੀ ਸੋਧ ਕੀਤੀ।

ਗੁਬਾਰ ਦੀ ਨਿਵਿਰਤੀ ਕਰਕੇ ਪਰਮਾਨੰਦ ਰੂਪ ਜੋ (ਅਸ਼ੋਕ ਪਦ ਹੈ) ਉਹ ਉਪਦੇਸ਼ ਦੁਆਰਾ ਗੁਰ ਸਿੱਖਾਂ ਨੂੰ ਦਾਨ ਕੀਤਾ ਭਾਵ ਅੰਧੇਰ ਨਿਵਿਰਤੀ ਤੋਂ ਲੋਕ ਸੁਖੀ ਕੀਤਾ ਤੇ ਗੁਬਾਰ ਦੂਰ ਕਰਕੇ ਪ੍ਰਲੋਕ ਦਾ ਸੁਖ ਦਿੱਤਾ।

ਅੰਧੇਰੇ (ਹਾਕਮਾਂ ਦੇ ਜ਼ੁਲਮ) ਤੇ ਗੁਬਾਰ (ਸਿਰਜਨਹਾਰ ਤੋਂ) ਵਿਮੁਖਤਾ ਦਾ ਫਲ ਭੋਗਦੇ ਪ੍ਰਾਣੀ ਲੋਕ ਦੁਖੀ ਤੇ ਪ੍ਰਲੋਕ ਕਸ਼ਟਾਤੁਰ ਹੋ ਰਹੇ ਸਨ। ਗੁਰੂ ਜਯੋਤੀ ਅਰਸ਼ਾਂ ਵਿਚ ਸੀ, ਜੋ ਗਜ਼ਾਨ ਪ੍ਰਕਾਸ਼* (ਸ਼ਬਦਿ ਪ੍ਰਕਸ਼)+ ਗੁਰ ਪ੍ਰਕਾਸ਼** ਪ੍ਰਗਟ ਕਰਨ ਲਈ ਦਸੋਂ ਪਵਿੱਤ੍ਰ ਸ੍ਵਰੂਪਾਂ ਵਿਚ ਧਰਤੀ ਉਤੇ ਆਈ।

ਉਪਦੇਸ਼ (ਗੁਰਬਾਣੀ ਸ੍ਵਰੂਪ++) ਵਿਚ ਆਪਣਾ ਪ੍ਰਕਾਸ਼ ਪਾਉਂਦੀ ਜਿਨ੍ਹਾਂ ਪ੍ਰਾਣੀਆਂ ਦੇ ਅੰਦਰ ਪੁੱਜੀ ਓਹ ਸਿੱਖ ਕਹਿਲਾਏ, ਉਨ੍ਹਾਂ ਦੇ ਅੰਦਰੋਂ ਅੰਧੇਰ (ਜ਼ੁਲਮ ਕਰਨਾ ਤੇ ਜ਼ੁਲਮ ਹੇਠ

---

*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
ਕਾਇਆਂ ਪਲਟਿ ਸਰੂਪ ਬਣਾਇਆ। [ਭਾ: ਗੁ: ਵਾ: ੧ ਪਉੜੀ ੪੫

*ਬਲਿਆ ਗੁਰ ਗਿਆਨ ਅੰਧੇਰਾ ਬਿਨਸਿਆ।

+'ਸਬਦੁ ਦੀਪਕੁ ਵਰਤੈ ਤਿਹ ਲੋਇ' [ਧਨਾ: ਮ: ੩

ਤਥਾਛ– 'ਜਹ ਕਹ ਤਹ ਭਰਪੂਰ ਸਬਦੁ ਦੀਪਕਿ ਦੀਪਾਯਉ।' ਡਸਵਛ ਮਛ ੩ ਕੇ

**'ਗੁਰ ਦੀਪਕੁ ਤਿਹ ਲੋਇ' [ਵਾਰ ਮਾਝ ਮ: ੧

ਤਥਾ:– 'ਬਲਿਓ ਚਰਾਗੁ ਅੰਧਾਰ ਮਹਿ' [ਸਵ: ਮ: ੫

++ ਬਾਣੀ ਮੁਖਹੁ ਉਚਾਰੀਐ ਹੋਇ ਰੁਸਨਾਈ ਮਿਟੈ ਅੰਧਰਾ [ਵਾ: ਭਾ: ਗੁ: ੧ ਪੌੜੀ ੩੮

ਸੁਰਤੋਂ ਹੀਣੇ ਹੋਣਾ) ਤੇ ਗੁਬਾਰ (ਅੱਗਜ਼ਾਨ) ਦੂਰ ਹੋ ਗਿਆ। ਸਤਿਗੁਰਾਂ ਦੀ ਮੇਹਰ ਨਾਲ ਨਾਮ ਤੇ ਬਾਣੀ ਨੇ ਅਗਜ਼ਾਨ ਦੂਰ ਕੀਤਾ ਤੇ ਸਤਿਗੁਰਾਂ ਦੀਆਂ ਕੁਰਬਾਨੀਆਂ ਤੇ ਪੰਥ ਵਿਚ ਬੀਰ ਰਸ ਭਰਕੇ ਘਾਲਾਂ ਘਾਲਣ ਨਾਲ ਜ਼ੁਲਮ ਦੂਰ ਹੋ ਗਿਆ, ਐਉਂ ਜੀਵ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਹੋ ਗਏ, ਜਿਸਦਾ ਇਸ਼ਾਰਾ ਕਵੀ ਜੀ ਨੇ ਪ੍ਰਲੋਕ ਸਹਾਇ ਤੇ ਰੰਕਾਂ ਤੋਂ ਰਾਜੇ ਦੇ ਅਰਥ ਵਿਚ ਕੀਤਾ ਹੈ।

੧੪. ਗੁਣ ਸ਼ੀਲ ਵਜ਼ਕਤੀਆਂ ਦਾ ਮੰਗਲ।

ਚੌਪਈ: ਗਨਪਤਿ ਆਦਿ ਬਿਘਨ ਕੇ ਹਰਤਾ।
ਬ੍ਰਹਮਾਦਿਕ ਮੰਗਲ ਕੇ ਕਰਤਾ।
ਸੁਰ ਗੁਰ ਆਦਿ ਸੁਮਤਿ ਕੇ ਦਾਨੀ।
ਬਾਲਮੀਕ ਆਦਿ ਕਵਿ ਬਾਨੀ ॥੨੦॥
ਸ੍ਰੀ ਵਸਿਸ਼ਟ ਆਦਿਕ ਜੇ ਗਜ਼ਾਨੀ।
ਇੰਦ੍ਰ ਆਦਿ ਦਾਯਕ ਰਜਧਾਨੀ॥
ਆਦਿ ਅਗਸਤ ਤਪੀਸ਼ੁਰ ਸਾਰੇ।
ਬਜ਼ਾਸ ਆਦਿ ਬੇਦਨਿ ਕੇ ਪਾਰੇ ॥੨੧॥
ਆਦਿ ਜੁਧਿਸ਼ਟਰ ਧਰਮਗ ਭਾਰੇ।
ਅਰਜਨ ਆਦਿ ਕ੍ਰਿਸ਼ਨ ਕੇ ਪਜ਼ਾਰੇ।
ਰਾਮਚੰਦ ਆਦਿਕ ਮਿਰਜ਼ਾਦਿਕ।
ਜਨਪ੍ਰਿਯ ਸ਼੍ਰੀ ਨਰਸਿੰਘ ਜਿ ਆਦਿਕ ॥੨੨॥
ਸ਼੍ਰੀ ਘਨਸ਼ਜ਼ਾਮ ਆਦਿ ਰਸ ਗਜ਼ਾਤਾ।
ਸ਼੍ਰੀ ਬਾਮਨ ਆਦਿਕ ਛਲ ਜਾਤਾ।
ਦਸਰਥ ਆਦਿਕ ਪੂਰ ਪ੍ਰਤੱਗਜ਼ਾ।
ਜੋਗ ਭੋਗ ਸਮ ਜਨਕ ਤਤੱਗਜ਼ਾ ॥੨੩॥
ਗੋਰਖ ਆਦਿ ਸਿੱਧ ਸਮੁਦਾਇ।
ਆਦਿ ਕਬੀਰ ਭਗਤ ਸਮੁਦਾਇ*।
ਬੁੱਢੇ ਆਦਿਕ ਗੁਰ ਕੇ ਸਿੱਖਜ਼।
ਭਏ ਜੁ ਭੂਤ ਭਵਾਨ ਭਵਿੱਖਜ਼ ॥੨੪॥
ਸਭਿ ਕੋ ਮੈਂ ਅਭਿਬੰਦਨ ਕਰਿਹੂੰ।
ਕ੍ਰਿਪਾ ਕਰਹੁ ! ਗੁਰ ਸੁਜਸ ਉਚਰਿਹੂੰ।
ਸੂਰਜ ਆਦਿ ਜਿ ਕਰਹਿਂ ਪ੍ਰਕਾਸ਼ਹਿਂ।
ਚੰਦ ਆਦਿ ਜੇ ਸੀਤਲ ਰਾਸਹਿ ॥੨੫॥
ਨਾਰਦ ਆਦਿਕ ਪ੍ਰੇਮੀ ਜੋਈ।

ਤਥਾ:-ਗੁਰਬਾਣੀ ਇਸੁ ਜਗ ਮਹਿ ਚਾਨਣ। [ਸਿਰੀ: ਮ: ੩

*ਪਾ:-ਸਮੁਦਾਇ।

ਸਾਰਦ ਆਦਿਕ ਬਕਤਾ ਤੇਈ।
ਚਤੁਰ ਸ਼ੇਸ਼ ਆਦਿਕ ਬਡ ਕਹਿਯਤਿ[+]।
ਹਨੁਮਤ ਆਦਿ ਦਾਸ ਜੇ ਲਹਿਯਤ ॥੨੬॥
ਸਭਿ ਕੇ ਪ੍ਰਥਮੈਂ ਨਾਮ ਸਿਮਰਿਊਂ।
ਧਰ ਪਰ ਧਰਿ ਸਿਰ ਨਮੋ ਉਚਰਿਊਂ।
ਸਭਿ ਬਿਧਿ ਹੋਹਿਂ ਸਹਾਇਕ ਮੇਰੇ।
ਬਿਘਨ ਬਿਨਾਸ਼ਹੁ ਰਹਿ ਮਮ ਨੇਰੇ ॥੨੭॥

ਗਨਪਤਿ = ਗਣਾਂ ਦਾ ਪਤੀ, ਗਣੇਸ਼। ਸ਼ਿਵ ਦਾ ਬੀ ਨਾਮ ਹੈ।

ਆਦਿ = ਇਸਤੋਂ ਮੁਰਾਦ-ਆਦਿਕ-ਦੀ ਹੈ ਕਿਉਂਕਿ ਅਗੇ ਬ੍ਰਹਮਾ ਦੇ ਨਾਲ ਪਦ ਆਦਿਕ ਲਾਇਆ ਹੈ, ਵਸਿਸ਼ਟ ਰਾਮਚੰਦ ਨਾਲ ਪਦ ਆਦਿਕ ਹੈ, ਸੋ ਜਿੱਥੇ ਮਾਤ੍ਰਾਂ ਨੇ ਆਗਿਆ ਨਹੀਂ ਦਿੱਤੀ ਓਥੇ ਪਦ-ਆਦਿ-ਹੈ, ਜਿਥੇ ਦਿੱਤੀ ਹੈ ਉਥੇ-ਆਦਿਕ-ਪੂਰਾ ਦਿੱਤਾ ਹੈ। 'ਆਦਿ' ਨੂੰ 'ਆਦਿਕ' ਨਾ ਸਮਝਕੇ ਕਈ ਗਜ਼ਾਨੀ ਇਸਦਾ ਅਰਥ 'ਆਦਿ ਸਮੇਂ ਤੋਂ ਲੈ ਕੇ' ਕਰਦੇ ਹਨ।

ਸੁਰ ਗੁਰ = ਦੇਵਤਿਆਂ ਦਾ ਗੁਰੂ-ਬ੍ਰਹਸਪਤ।

ਰਜਧਾਨੀ = ਰਜਧਾਨੀ ਤੋਂ ਮੁਰਾਦ ਰਾਜ, ਵਿਭੂਤੀ, ਅਮੀਰੀ।

ਪਾਰੇ = ਪਾਰੇ, ਜੋ ਪਾਰ ਪਾ ਲਵੇ, ਭਾਵ ਬੇਦਾਂ ਦੇ ਗਜ਼ਾਤਾ।

(ਅ) ਪਾਰੇ ਨੂੰ ਪਜ਼ਾਰੇ ਦਾ ਸੰਖੇਪ ਵੀ ਸਮਝ ਲੈਂਦੇ ਹਨ।

ਮਿਰਜਾਦਿਕ = ਮਿਰ੍ਜਾਦਾ ਵਾਲੇ, ਮਿਰ੍ਜਾਦਾ ਵਿਚ ਪੱਕੇ।

ਜਨ ਪ੍ਰਿਯ = ਭਗਤਾਂ ਨੂੰ ਪਿਆਰ ਕਰਨ ਵਾਲੇ।

ਘਨਸ਼ਜ਼ਾਮ = ਬੱਦਲ (ਸਮਾਨ) ਕਾਲਾ, ਇਕ ਨਾਮ ਹੈ ਕ੍ਰਿਸ਼ਨ ਜੀ ਦਾ।

ਪ੍ਰਤੱਗਜ਼ਾ = ਇਕਰਾਰ, ਕੌਲ। ਤਤੱਗਜ਼ਾ = ਤੱਤ ਨੂੰ ਜਾਣਨ ਵਾਲੇ।

ਸਮੁਦਾਇ = ਸਾਰੇ। ਭੂਤ = ਬੀਤ ਗਿਆ ਸਮਾਂ।

ਭਵਾਨ = ਵਰਤਮਾਨ ਸਮਾਂ। ਭਵਿੱਖਜ਼ = ਆਉਣ ਵਾਲਾ ਸਮਾਂ।

ਬੰਦਨ = ਨਮਸਕਾਰ, ਪ੍ਰਣਾਮ, (ਅ) ਕੀਰਤਿ ਕਰਨੀ, ਉਸਤਤਿ ਕਰਨੀ। ਸੀਤਲ ਰਾਸਹਿ = ਜਿਨ੍ਹਾਂ ਦੀ ਰਾਸ਼ਿ ਠੰਢੀ ਹੈ, ਭਾਵ ਸੁਭਾਵ ਠੰਢਾ ਹੈ, ਰਾਸ ਨਾਮ ਲੀਲ੍ਹਾ ਦਾ ਬੀ ਹੈ, ਜੋ ਠੰਢੀ ਲੀਲ੍ਹਾ ਪਾਉਂਦਾ ਹੈ, ਭਾਵ ਜਿਸਦਾ ਪ੍ਰਕਾਸ਼ ਸੀਤਲ ਹੈ। (ਅ) ਰਾਸ = ਖਾਣ। ਸੀਤਲਤ ਦੀ ਖਾਣ।

ਸਾਰਦ = ਸਾਰਦਾ, ਸਰਸ੍ਵਤੀ।

ਬਕਤਾ = ਕਹਿਣ ਵਾਲਾ, ਵਜ਼ਾਖਜ਼ਾ ਕਰਨ ਵਾਲਾ। (ਅ) ਸਿੱਖਜ਼ਾਦਾਤਾ। (ੲ) ਫਸੀਹ (orator) ਮਨੋਹਰ ਵੱਖਜ਼ਾਨ ਕਰਨ ਵਾਲੇ।

ਅਰਥ: ਗਨਪਤ ਆਦਿ ਜੋ ਵਿਘਨਾਂ ਦੇ ਨਾਸ਼ ਕਰਨ ਵਾਲੇ (ਹੋਏ ਹਨ), ਬ੍ਰਹਮਾ ਆਦਿਕ ਜੋ ਖੁਸ਼ੀ ਦੇ ਕਰਨ ਵਾਲੇ (ਮੰਨੇ ਜਾਂਦੇ ਹਨ), ਬ੍ਰਹਸਪਤ ਆਦਿਕ ਸ੍ਰੇਸ਼ਟ ਬੁੱਧੀ ਦੇ ਦਾਤੇ, ਬਾਲਮੀਕ ਆਦਿਕ ਜੋ ਬਾਣੀ ਦੇ ਕਵਿ ਹੋਏ ਹਨ ॥੨੦॥

[+] ਤੁਕਾਂਤ ਪਾਠਾਂਤ੍ਰ:-ਕਹੀਅਤਿ, ਲਹੀਅਤਿ।

ਸ਼੍ਰੀ ਵਸਿਸ਼ਟ ਆਦਿਕ ਜੋ ਗਜ਼ਾਨੀ (ਹੋਏ ਹਨ), ਇੰਦ੍ਰ ਆਦਿਕ ਜੋ ਰਾਜਧਾਨੀ ਦੇ ਦੇਣ ਵਾਲੇ (ਹੋਏ ਹਨ), ਅਗਸਤ ਆਦਿਕ ਸਾਰੇ ਤਪੱਸਜ਼ਾ ਕਰਨ ਵਾਲੇ, ਵਜ਼ਾਸ ਆਦਿਕ ਵੇਦਾਂ ਦਾ ਪਾਰ ਲੈਣ ਵਾਲੇ (ਗਜ਼ਾਤਾ) ॥੨੧॥

ਜੁਧਿਸ਼ਟਰ ਆਦਿ ਭਾਰੇ ਧਰਮਾਤਮਾ, ਅਰਜਨ ਆਦਿਕ ਕ੍ਰਿਸ਼ਨ ਦੇ ਪਜ਼ਾਰੇ, ਮਿਰਜ਼ਾਦਾ ਵਿਚ ਪੱਕੇ ਰਾਮਚੰਦ ਆਦਿਕ, ਸ਼੍ਰੀ ਨਰਸਿੰਘ ਆਦਿਕ ਜੋ (ਪ੍ਰਹਿਲਾਦ ਜੈਸੇ) ਭਗਤਾਂ ਦੇ ਪਜ਼ਾਰੇ (ਹੋਏ ਹਨ) ॥੨੨॥

ਸ਼੍ਰੀ ਕ੍ਰਿਸ਼ਨ ਵਰਗੇ ਰਸਾਂ ਦੇ ਗਜ਼ਾਤਾ (ਭਾਵ ਕਲਾ ਕੌਸਲ ਵਿਚ ਪ੍ਰਬੀਨ), ਸ਼੍ਰੀ ਬਾਮਨ ਆਦਿਕ (ਦੈਂਤਾਂ ਨੂੰ) ਛਲਣਾ ਜਾਣਨ ਵਾਲੇ, ਦਸਰਥ ਆਦਿਕ ਬਚਨ ਦੇ ਪੂਰੇ, ਜਨਕ ਆਦਿਕ ਜੋਗ ਤੇ ਭੋਗ ਵਿਚ ਸਮ ਰਹਣ ਵਾਲੇ ਵੇਤਾ (ਹੋਏ ਹਨ) ॥੨੩॥

ਗੋਰਖ ਆਦਿਕ ਸਾਰੇ ਸਿੱਧ, ਕਬੀਰ ਆਦਿਕ ਸਾਰੇ ਭਗਤ, (ਭਾਈ) ਬੁੱਢੇ ਵਰਗੇ ਗੁਰੂ ਕੇ ਸਿੱਖ, ਜੋ ਪਿਛਲੇ ਸਮੇਂ ਹੋਏ, ਹੁਣ ਹਨ ਤੇ ਅਗੋਂ ਹੋਣਗੇ ॥੨੪॥

ਸਾਰਿਆਂ ਨੂੰ ਮੈਂ ਪ੍ਰਣਾਮ ਕਰਦਾ ਹਾਂ, ਮੇਰੇ ਤੇ ਕ੍ਰਿਪਾ ਕਰੋ, ਮੈਂ ਗੁਰੂ ਜੀ ਦਾ ਜਸ ਉਚਾਰਨ ਕਰਾਂ, ਸੂਰਜ ਆਦਿਕ ਜੋ ਪ੍ਰਕਾਸ਼ ਕਰਦੇ ਹਨ, ਚੰਦ੍ਰਮਾ ਆਦਿਕ ਜੋ ਠੰਢੀ ਰਾਸ਼ਿ ਵਾਲੇ ਹਨ ॥੨੫॥

ਨਾਰਦ ਆਦਿਕ ਜੋ ਪ੍ਰੇਮੀ ਹਨ। ਸਰਸ੍ਵਤੀ ਆਦਿਕ (ਜੋ) ਵਕਤਾ (ਹੋਏ ਹਨ), ਸ਼ੇਸ਼ਨਾਗ ਵਰਗੇ (ਜੋ) ਬੜੇ ਚਤੁਰ ਕਹੇ ਜਾਂਦੇ ਹਨ, ਹਨੂਮਾਨ ਵਰਗੇ ਜੋ ਦਾਸ (ਭਗਤ) ਸਮਝੇ ਜਾਂਦੇ ਹਨ ॥੨੬॥

ਸਾਰਿਆਂ ਦੇ ਮੈਂ ਪਹਿਲਾਂ ਨਾਮ ਯਾਦ ਕਰਦਾ ਹਾਂ, ਧਰਤੀ ਪਰ ਸਿਰ ਧਰ ਨਮਸਕਾਰ ਉਚਾਰਦਾ ਹਾਂ, ਮੇਰੇ ਸਭ ਤਰ੍ਹਾਂ ਸਹਾਈ ਹੋਵੋ, ਮੇਰੇ (ਕੰਮ ਵਿਚ ਪੈਣ ਵਾਲੇ) ਵਿਘਨਾਂ ਦਾ ਮੇਰੇ ਨੇੜੇ ਰਹਿਕੇ ਨਾਸ਼ ਕਰੋ।

ਭਾਵ: ਭਾਈ ਸੰਤੋਖ ਸਿੰਘ ਜੀ ਦੇ ਏਸ ਆਵਾਹਨ ਨੂੰ ਸਮਝਣ ਲਈ ਜ਼ਰਾ ਵਿਚਾਰ ਦੀ ਲੋੜ ਹੈ। ਉਨ੍ਹਾਂ ਦੇ ਸਮੇਂ ਜੋ ਖਜ਼ਾਲ ਨਹੀਂ ਸਨ ਉਨ੍ਹਾਂ ਦੀ ਸੰਭਾਵਨਾ ਕਰ ਲੈਣੀ ਕਿ ਓਦੋਂ ਹੈਸਨ ਉਨ੍ਹਾਂ ਦੇ ਆਸ਼ਯ ਨੂੰ ਸਮਝਣ ਨਹੀਂ ਦੇਂਦੀ। ਉਸ ਸਮੇਂ ਸਿੱਖਾਂ ਵਿਚ ਇਸ਼ਟਪਤੀ ਅੱਜ ਤੋਂ ਬਹੁਤ ਵਧੀਕ ਤੇ ਅਸਲੀ ਸੀ, ਪਰ ਉਸ ਵਿਚ 'ਇਨਕਾਰ' ਪ੍ਰਧਾਨ ਨਹੀਂ ਸੀ, 'ਇਕਰਾਰ' ਵਿੱਚ ਹੀ ਓਹ ਆਪਣੇ ਵਿਸ਼੍ਵਾਸ ਨੂੰ ਉੱਚਾ ਤੇ ਬੇਲਾਗ ਰਖਦੇ ਸਨ। ਅਰਥਾਤ ਆਪਣੇ ਸਤਿਗੁਰਾਂ ਨੂੰ ਸਭ ਤੋਂ ਉੱਚਾ ਸਮਝਦੇ ਸਨ ਅਰ ਓਹਨਾਂ ਵਿਚ ਆਪਣੀ ਭਾਵਨਾਂ ਪੂਰਨ ਭਗਤੀ ਤੇ ਸਿੱਖੀ ਦੀ ਧਾਰਨ ਕਰਦੇ ਸਨ, ਅਰ ਅਪਣੇ ਸਤਿਗੁਰਾਂ ਦੇ ਲਵੇ ਕਿਸੇ ਨੂੰ ਨਹੀਂ ਸਨ ਲਾਉਂਦੇ। ਪੂਰਨ ਪਤਿੱਬ੍ਰਤਾ ਸਮਾਨ ਪਤੀਬ੍ਰਤ ਭਾਵ ਵਾਂਙੂ ਇਸ਼ਟਪਤੀ ਸਤਿਗੁਰਾਂ ਵਿਚ ਰੱਖਦੇ ਸਨ, ਪ੍ਰੰਤੂ ਸੰਸਾਰ ਦੇ ਕਿਸੇ ਪੂਜਜ਼, ਕਿਸੇ ਮਤ ਦੇ ਵੱਡੇ, ਕਿਸੇ ਸਤਿਕਾਰੀ ਗਈ ਵਜ਼ਕਤੀ ਦੀ ਨਿੰਦਾ ਨਹੀਂ ਸਨ ਕਰਦੇ। ਸਭ ਵੱਡਿਆਂ ਦੇ ਵਿਚ ਭਲਿਆਈ ਦਾ ਕਿਸੇ ਨਾ ਕਿਸੇ ਅੰਸ਼ ਵਿਚ ਇਕਰਾਰ ਕਰਦੇ ਸਨ*। ਅਪਣੇ ਇਸ਼ਟ ਤੋਂ ਅਤ੍ਰਿਕਤ ਦੂਸਰਿਆਂ ਦੇ ਇਸ਼ਟ ਦਾ ਇਨਕਾਰ, ਨਿੰਦਾ ਤੇ ਖੰਡਨ ਨਹੀਂ ਸਨ ਕਰਦੇ। ਅਪਣੇ ਮਤ ਦੀ ਵਿਸ਼ੇਸ਼ਤਾ, ਅਪਣੇ ਇਸ਼ਟ ਦੀ ਬਜ਼ੁਰਗੀ, ਅਪਣੇ ਇਸ਼ਟ ਦਾ ਸਭ ਤੋਂ ਵਾਧਾ, ਸਭ ਤੋਂ ਉਚਿਆਈ ਨਿਰਭੈ ਕਹਿੰਦੇ ਸਨ।

---

* ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ [ਸੂਹੀ ਛੰਤ ਮ: ੧

ਸਾਰਿਆਂ ਨੂੰ ਮੂਲੋਂ ਭੈੜਾ ਕਹਿਣਾ ਇਹ ਰਵਸ਼ ਹਿੰਦ ਵਿਚ ਪ੍ਰਾਟੈਸਟੈਂਟ ਈਸਾਈ ਲਿਆਏ, ਇਨ੍ਹਾਂ ਨੇ ਰਾਮ ਕ੍ਰਿਸ਼ਨ, ਹਿੰਦੂ ਦੇਵਤਾ ਤੇ ਮੁਸਲਮਾਨੀ ਪੈਗੰਬਰਾਂ ਦੇ ਔਗੁਣ ਛਾਂਟੇ। ਇਨ੍ਹਾਂ ਦੇ ਇਸ ਇਨਕਾਰ ਦੇ ਵਤੀਰੇ ਨੂੰ ਆਰਯਾ ਸਮਾਜ ਦੇ ਆਦਿ ਕਰਤਾ ਨੇ ਵਰਤਿਆ, ਤੇ ਇਸੇ ਦਾ ਛਾਂਦਾ ਹਿੱਸੇ ਪ੍ਰਤੀ ਹਿੰਦ ਦੇ ਦੂਸਰੇ ਮਤਾਂ ਨੇ ਬੀ ਲੈ ਲਿਆ। ਜੋ ਰਵਸ਼ ਕਿਤੇ ਹੱਦਾਂ ਦੇ ਅੰਦਰ ਤੇ ਕਿਤੇ ਬਾਹਰ ਬੀ ਗਈ ਹੈ। ਪਰ ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੀ ਰਵਸ਼ ਭਿੰਨ ਸੀ। ਉਹੀ ਰਵਸ਼ ਅਸੀਂ ਇੰਗਲੈਂਡ ਦੇ ਪ੍ਰਸਿੱਧ ਲੇਖਕ ਤੇ ਧਰਮੱਗਜ ਪੁਰਸ਼ ਕਾਰਲਾਈਲ ਵਿਚ ਵੇਖਦੇ ਹਾਂ ਕਿ ਜਿਸਨੇ ਜਗਤ ਦੇ ਅੱਡ ਅੱਡ ਮਹਾਂ ਪੁਰਖਾਂ ਵਿਚ ਮੁਹੰਮਦ ਆਦਿ ਪੈਗ਼ੰਬਰਾਂ ਨੂੰ ਬੀ ਸ਼ਾਮਲ ਕੀਤਾ। ਇਨਕਾਰ ਦੀ ਰਵਸ਼ ਨੂੰ ਕੱਟ ਕੇ ਸਭਨਾਂ ਦੇ ਗੁਣਾਂ ਦੇ ਇਕਰਾਰ ਦਾ ਚਮਤਕਾਰ ਦੱਸਿਆ, ਪਰ ਅਪਣੇ ਇਸ਼ਟ ਦੇਵ ਨੂੰ ਇਨ੍ਹਾਂ ਮਹਾਂ ਪੁਰਖਾਂ ਦੀ ਸ਼੍ਰੇਣੀ ਤੋਂ ਉੱਚਾ ਰਖਿਆ ਤੇ ਇਨ੍ਹਾਂ ਦੇ ਗੁਣਾਨੁਵਾਦ ਵੇਲੇ ਬੀ ਉਸ ਦੇ ਗੁਣ ਕਥਨ ਨੂੰ ਉੱਚਾ ਅਕਹਿ ਵਿਚ ਲੈ ਗਿਆ। ਜੇ ਕਿਸੇ ਪੁੱਛਿਆ ਕਿ ਆਪਣੇ ਇਸ਼ਟ ਦੇਵ ਦਾ ਜ਼ਿਕਰ ਨਹੀਂ ਜੇ ਕੀਤਾ ਤਾਂ ਦੱਸਿਆ, ਕਿ ਓਹ ਸਰਬ ਉੱਚੀਆਂ ਵਜ਼ਕਤੀਆਂ ਤੋਂ ਉੱਚਾ ਤੇ ਅਕਹਿ ਪਦ ਵਿਚ ਹੈ। ਤਿਵੇਂ 'ਇਕਰਾਰ' ਵਿਚ ਰਹਿਕੇ ਇਸ਼ਟਪਤੀ ਵਾਲੇ ਭਾਈ ਸੰਤੋਖ ਸਿੰਘ ਜੀ ਨੇ ਇਨ੍ਹਾਂ ਚੌਪਈਆਂ ਤੋਂ ਪਹਿਲਾਂ ਅਪਣੇ ਇਸ਼ਟ ਦੇਵ ਨੂੰ ਪੂਰੀ ਤਰ੍ਹਾਂ ਮਨਾ ਲਿਆ ਹੈ। ਕਵਿ ਜੀ ਉਨ੍ਹਾਂ ਦੀ ਸ਼੍ਰੇਣੀ ਅਲੱਗ ਤੇ ਵੱਖਰੀ ਤੇ ਉਚੇਰੀ ਰੱਖ ਆਏ ਹਨ, ਏਥੇ ਆਕੇ ਅਪਣੀ ਵਾਕਫੀ ਦੀਆਂ ਸਾਰੀਆਂ ਗੁਣ ਸ਼ੀਲ ਵਜ਼ਕਤੀਆਂ ਨੂੰ ਯਾਦ ਕਰਦੇ ਹਨ, ਪਰ ਇਨ੍ਹਾਂ ਨੂੰ ਸਦਰਸ਼ਤਾ-ਭਾਈ ਬੁੱਢੇ-ਗੁਰੂ ਕੇ ਸਿੱਖ ਦੀ ਦੇਂਦੇ ਹਨ। ਸਪਸ਼ਟ ਐਉਂ ਹੈ ਕਿ ਕਵਿ ਜੀ ਇਨ੍ਹਾਂ ਨੂੰ ਨਿੰਦਦੇ ਨਹੀਂ, ਮਾੜੇ ਨਹੀਂ ਕਹਿੰਦੇ, ਇਨ੍ਹਾਂ ਦੇ ਗੁਣਾਂ ਦਾ ਇਕਰਾਰ ਕਰਦੇ ਹਨ, ਪਰ ਇਨ੍ਹਾਂ ਨੂੰ ਭਾਈ ਬੁੱਢੇ ਦੀ ਸ਼੍ਰੇਣੀ ਵਿਚ ਗਿਣਦੇ ਹਨ, ਜੋ ਉਨ੍ਹਾਂ ਦੇ ਇਸ਼ਟ ਦੇਵ ਦੇ ਸਿੱਖ ਹੋਏ ਹਨ। ਸੋ ਅਪਣੇ ਇਸ਼ਟ ਨੂੰ ਉੱਚਾ ਰਖਕੇ, ਇਨ੍ਹਾਂ ਸਾਰੇ ਗੁਣਵਾਨ ਪੁਰਖਾਂ ਨੂੰ, ਜਿਨ੍ਹਾਂ ਵਿਚ ਸ੍ਰੀ ਰਾਮਚੰਦ੍ਰ ਕ੍ਰਿਸ਼ਨ ਆਦਿ ਅਵਤਾਰ ਬੀ ਹਨ, ਆਪ ਦੂਸਰੇ ਦਰਜੇ ਦੀ ਅਰ ਅਪਣੇ ਗੁਰੂ ਦੇ ਪਰਮ ਉੱਚੇ ਸਿੱਖਾਂ ਦੀ ਸਦਰਸ਼ਤਾ ਦੇਂਦੇ ਹਨ। ਸਿੱਖਾਂ ਲਈ ਸਿੱਖਾਂ ਵਿਚ ਸਤਿਕਾਰ ਭਾਵ ਰੱਖਣਾ ਗੁਰ ਸਿੱਖੀ ਹੈ, ਫਿਰ ਭਾਈ ਬੁੱਢੇ ਵਰਗੇ ਬੀਤਰਾਗ, ਗੁਰ ਪ੍ਰੇਮੀ ਜੀਵਨ ਮੁਕਤ ਦਾ ਸਤਿਕਾਰ ਤਾਂ ਖਾਸ ਹੈ। ਇਸ ਕਰਕੇ ਕਵਿ ਭਾਈ ਸੰਤੋਖ ਸਿੰਘ ਜੀ ਸਭ ਨੂੰ ਗੁਰ ਸਿੱਖ ਯਾ ਗੁਰਮੁਖ ਸਮਝਕੇ ਸਤਿਕਾਰ ਨਾਲ ਯਾਦ ਕਰਦੇ ਤੇ ਸਤਿਕਾਰ ਦੇਂਦੇ ਹਨ। ਕਾਸ ਲਈ? ਅਪਣੀ ਕੱਲਜ਼ਾਨ ਵਾਸਤੇ ਨਹੀਂ, ਅਪਣੇ ਧਰਮ ਵਾਸਤੇ ਨਹੀਂ, ਪਰ ਗੁਰੂ ਜਸ ਦੇ ਮੰਦਰ ਦੀ ਉਸਾਰੀ ਵਿਚ ਉਨ੍ਹਾਂ ਨੂੰ ਵਡੇ ਗੁਰੁ ਸਿਖ ਤੁੱਲ ਸਮਝਕੇ ਸਹਾਇਤਾ ਮੰਗਦੇ ਹਨ। ਪ੍ਰਯੋਜਨ ਹੈ ਅਪਣੇ ਇਸ਼ਟ ਦੇਵ ਦੀ ਕੀਰਤੀ, ਉਸ ਵਿਚ ਮੰਗਦੇ ਹਨ ਸਹਾਇਤਾ ਇਨ੍ਹਾਂ ਤੋਂ, ਇਨ੍ਹਾਂ ਨੂੰ ਭਾਈ ਬੁੱਢੇ ਵਾਂਙੂ ਵੱਡਾ ਆਦਰ ਯੋਗ ਗੁਰਮੁਖ ਸਮਝਕੇ, ਕਿ ਮੇਰੀ ਮਦਦ ਕਰੋ ਜੋ ਮੈਂ ਗੁਰੂ ਜਸ ਉਚਰਾਂ ਤੇ ਮੇਰੇ ਵਿਘਨਾਂ ਦਾ ਨਾਸ਼ ਹੋਵੇ।

ਭਾਈ ਸੰਤੋਖ ਸਿੰਘ ਜੀ ਇਹ ਆਵਾਹਨ ਨਾ ਕਰਦੇ ਤਾਂ ਕੋਈ ਥੁੜ ਨਹੀਂ ਸੀ ਰਹਿ ਜਾਣੀ। ਭਾਈ ਨੰਦ ਲਾਲ ਜੀ ਤੇ ਭਾਈ ਗੁਰਦਾਸ ਜੀ ਨੇ ਐਸੀ ਰਵਸ਼ ਨਹੀਂ ਲਈ ਤੇ ਨਿਰਾ ਹੀ ਸਿੱਧੇ ਅਪਣੇ ਸਤਿਗੁਰਾਂ ਦੇ ਨਿਰੋਲ ਯਸ਼ ਵਿਚ ਰਹੇ ਹਨ। ਪਰ ਜਿਵੇਂ 'ਅਸ਼੍ਵਘੋਸ਼' ਨੇ ਨਿਰੋਲ ਬੁਧਮਤ ਵਿਚ ਯੋਗ ਮਾਰਗ ਦੇ ਖਜ਼ਾਲ ਜਾ ਗੁੰਦੇ ਸਨ ਤੇ ਬੁਧ ਮਤ ਦਾ 'ਮਹਾਂਯਾਨਾ' ਮਾਰਗ ਵੱਖਰਾ ਹੀ ਪੈਦਾ ਹੋ ਗਿਆ ਸੀ ਤਿਵੇਂ ਕਵਿ ਜੀ ਦੇ ਸਮੇਂ ਇਸ

ਪ੍ਰਕਾਰ ਦੇ ਬ੍ਰਹਮਣੀ ਪ੍ਰਭਾਵ ਵਾਲੇ ਖਿਆਲ ਸਿੱਖੀ ਨਾਲ ਰਲ ਰਹੇ ਸਨ*, ਤੇ ਭਾਈ ਜੀ ਜੈਸੇ ਗੁਣੀਆਂ ਦੀ ਵਿੱਦਜਾ ਉਨ੍ਹਾਂ ਹੀ ਮੰਡਲਾਂ ਵਿਚ ਹੋਈ ਸੀ, ਇਸ ਕਰਕੇ ਐਸੇ ਖਜਾਲ ਉਨ੍ਹਾਂ ਤੋਂ ਅਨਜਾਣੇ ਪੈਂਦੇ ਸਨ, ਪਰ ਉਨ੍ਹਾਂ ਦੀ ਇਸ਼ਟਪਤੀ ਉਨ੍ਹਾਂ ਤੋਂ ਅਪਣੇ ਇਸ਼ਟ ਸਤਿਗੁਰਾਂ ਨੂੰ ਉੱਚਾ ਰਖਵਾਉਂਦੀ ਸੀ ਤੇ ਹਰ ਟਿਕਾਣੇ ਉਨ੍ਹਾਂ ਦੀ ਵਿਸ਼ਾਲਤਾ, ਉੱਚਤਾ ਤੇ ਪ੍ਰਾਗੱਲਭਤਾ ਤੋਂ ਵਿਸ਼ੇਸ਼ਤਾ ਦੇ ਜਾਂਦੀ ਸੀ। ਕਵਿ ਜੀ ਦੀ ਅਨਿੰਨ ਸਿੱਖੀ ਦੇ ਭਾਵ ਉਨ੍ਹਾਂ ਤੋਂ ਮਲੋਮਲੀ ਪ੍ਰਗਟ ਹੁੰਦੇ ਸਨ ਤੇ ਓਹ ਕਦੇ ਕਿਸੇ ਹੋਰਸ ਨੂੰ ਅਪਣਾ ਇਸ਼ਟ ਨਹੀਂ ਸਨ ਮੰਨਦੇ।

ਦੇਖੋ ਰਾਸ ਤਿੰਨ, ਅੰਸੂ ੩੨, ਅੰਕ ੧੪ ਵਿਚ ਕਵਿ ਜੀ ਦੀ ਅਨਿੰਨਤਾਈ ਜਿੱਥੇ ਕਿ ਓਹ ਆਪ ਗਣਪਤਿ ਆਦਿਕਾਂ ਦਾ ਮੰਨਣਾਂ ਮਨ੍ਹੇ ਕਰਦੇ ਹਨ ਯਥਾ:- 'ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਸ਼ਚਾ ਨਹੀਂ ਟਿਕਾਏ। ਸਿੱਖ ਅਨਿੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ, ਲੇਹੁ ਅਬ ਹੇਰੇ।' [ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦੋਂ ਏਹ ਵਾਕ ਕਵੀ ਜੀ ਨੇ ਲਿਖੇ ਹਨ]।

ਫਿਰ ਦੇਖੋ-ਰਾਸ ੩, ਅੰਸੂ ੩੨ ਦਾ ਅੰਕ ੨੨. ਤੇ ੨੩:-

'ਵਾਰ ਮਹੂਰਤ ਤਬ ਨਹਿਂ ਪੂਛਾ। ਬਿਨਾਂ ਖਰਚ ਤੇ ਮਨ ਨਹਿਂ ਛੂਛਾ।
ਨਿਸ਼ਚਾ ਏਕ ਕਰਨ ਅਰਦਾਸ। ਨਿਤ ਜਾਨਹਿ ਜਹਿਂ ਕਹਿਂ ਗੁਰ ਪਾਸ।
ਭਗਤ ਅਨਿੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿਂ ਕੈਸੇ।'

ਜੋ ਕੁਛ ਉਨ੍ਹਾਂ ਨੇ ਸਮੇਂ ਤੇ ਅਪਣੀ ਵਿੱਦਜਾ ਵਾਕਫੀ ਦੇ ਮੰਡਲ ਵਿਚ ਕੀਤਾ ਹੈ ਉਸਦਾ ਆਸ਼ਾ ਇਹੋ ਹੈ:- ਅਪਨੇ ਇਸ਼ਟਦੇਵ ਨੂੰ ਸੁਮੇਰੁ ਪਰਬਤ ਸਮਝਣਾ, ਦੂਸਰੇ ਬਜ਼ੁਰਗਾਂ ਦੀ ਨਿੰਦਾ ਨਾ ਕਰਨੀ, ਪਰ ਉਨ੍ਹਾਂ ਨੂੰ ਇਸ਼ਟਦੇਵ ਤੋਂ ਨੀਵੇਂ ਤੇ ਨਿਜ ਤੋਂ ਵਡੇਰੇ ਸਮਝਕੇ ਇਕਰਾਰ ਵਿਚ ਵਸਦਿਆਂ ਪਤਿਬ੍ਰਤ ਭਾਵ ਨਿਬਾਹੁਣਾ, ਜਿਵੇਂ ਕੁਲੀਨ ਪਤਿਬ੍ਰਤਾ-ਪਤੀ ਭਾਵਨਾ-ਪਤੀ ਬਿਨਾਂ ਕਿਸੇ ਵਿਚ ਨਹੀਂ ਧਾਰਦੀ, ਪਤੀ ਦੇ ਲਵੇ ਕਿਸੇ ਨੂੰ ਨਹੀਂ ਲਾਉਂਦੀ, ਅਪਣੇ ਪਤੀ ਤੋਂ ਛੁੱਟ ਜਗਤ ਵਿਚ ਕਿਸੇ ਨੂੰ ਮਰਦ ਨਹੀਂ ਸਮਝਦੀ। ਪਰ ਪਤੀ ਤੋਂ ਛੁੱਟ ਉਸਦੇ ਮਿੱਤ੍ਰਾਂ, ਸੰਬੰਧੀਆਂ, ਵਾਕਫਾਂ, ਹੋਰ ਸਾਕਾਂ ਸਨੇਹੀਆਂ ਕਿਸੇ ਦਾ ਅਨਾਦਰ ਤੇ ਅਪਮਾਨ ਬੀ ਨਹੀਂ ਕਰਦੀ*। ਫਿਰ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਔਗੁਣਾਂ ਨੂੰ ਛੱਡਕੇ ਗੁਣਾਂ ਨੂੰ ਤੱਕ ਕੇ ਗੁਣ ਸਭ ਤੋਂ ਮੰਗ ਲਈਏ, ਨਿੰਦਾ ਨਾ ਕਰੀਏ ਪਰ ਧਿਆਨ ਸਦਾ ਗੁਰ ਮੂਰਤੀ ਅਪਣੇ ਇਸ਼ਟ ਦਸੋ ਸਤਿਗੁਰਾਂ ਵਿਚ ਰਖੀਏ, ਉਨ੍ਹਾਂ ਤੋਂ ਸਭ ਗੁਣੀ, ਅਵਤਾਰ, ਪੈਗੰਬਰ ਨੀਵੇਂ ਹਨ।

ਜੈਸੇ ਨੈਨ ਬੈਨ ਪੰਖ ਸੁੰਦਰ ਸ੍ਰਬੰਗ ਮੋਰ
ਤਾਂ ਕੋ ਪਗ ਓਰ ਦੇਖਿ ਦੋਖ ਨਾ ਬਿਚਾਰੀਐ।
ਸੰਦਲ ਸੁਗੰਧਿ ਅਤਿ ਕੋਮਲ ਕਮਲ ਜੈਸੇ

---

*ਜਿਵੇਂ ਇਕ ਪ੍ਰਸਿਧ ਸਿੱਖ ਸੰਪ੍ਰਦਾ ਦੀ ਨਿਰੋਲ ਤੇ ਅਨਿੰਨ ਸਿਖੀ ਵਿਚ ਕਿਸੇ ਸਮੇਂ ਵਸ਼ਿਸ਼ਟ ਆ ਰਲਿਆ ਤੇ ਇਸਨੇ ਨਿਰੋਲ ਭਗਤੀ, ਸੇਵਾ, ਆਪਾ ਨਿਵਾਰ ਪਰੋਪਕਾਰ ਦੇ ਵਿਚ ਸੁੱਕਾ ਵੇਦਾਂਤ ਰਲਾਉਣਾ ਅਰੰਭ ਦਿੱਤਾ ਸੀ।

*ਜੈਸੇ ਕੁਲਾ ਬਧੂ ਬੁਧਿਵੰਤਿ ਸਸੁਰਾਰ ਬਿਖੈ, ਸਾਵਧਾਨ ਚੇਤਨ ਰਹੈ ਅਚਾਰ ਚਾਰਕੈ।
ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ, ਖਾਨ ਪਾਨ ਗਜ਼ਾਨ ਜਾਨਿ ਪਤਿ ਪਰਵਾਰ ਕੈ।
ਮਧੁਰ ਬਚਨ ਗੁਰੁ ਜਨ ਸੈ ਲਜਾ ਲਵੰਨਿ, ਸਿਰਜਾ ਸਮੈ ਸਪ੍ਰੇਮ ਪੂਰਨ ਭਤਾਰ ਕੈ।
ਤੈਸੇ ਗੁਰਸਿਖ ਸਰਬਾਤਮ ਪੂਜਾ ਪ੍ਰਬੀਨ ਬ੍ਰਹਮ ਧਿਆਨ ਗੁਰ ਮੂਰਤਿ ਅਪਾਰਕੈ ॥੩੯੫॥

ਕੰਟਕ ਬਿਲੋਕਿ ਨ ਅਉਗੁਨ ਉਰਧਾਰੀਐ।
ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ।
ਤੈਸੇ ਗੁਰ ਗਿਆਨ ਦਾਨ ਸਭਹੂੰ ਸੈ ਮਾਂਗਿ ਲੀਜੈ,
ਬੰਦਨਾ ਸਕਲ ਭੂਤ, ਨਿੰਦਾ ਨ ਤਕਾਰੀਐ ॥੩੯੯॥

ਭਾਈ ਸੰਤੋਖ ਸਿੰਘ ਜੀ ਨੇ ਇਥੇ ਜਿਨ੍ਹਾਂ ਗੁਣਵਾਨਾਂ ਨੂੰ ਯਾਦ ਕੀਤਾ ਹੈ, ਉਨ੍ਹਾਂ ਦੇ ਏਹ ਗੁਣ ਗਿਣੇ ਹਨ:- ਵਿਘਨ ਨਾਸ਼, ਮੰਗਲ, ਸੁਮਤਿ, ਕਵਿਤਾ, ਗਜ਼ਾਨ, ਰਾਜ-ਪ੍ਰਤਾਪ, ਤਪ, ਵਿਦ੍ਵਤਾ, ਧਰਮ ਪਜ਼ਾਰ, ਮਿਰ੍ਯਾਦਾ, ਦਾਸਾਂ ਤੇ ਮੇਹਰ, ਰਸ ਗਜ਼ਾਤ, ਛਲ ਨੂੰ ਸਮਝਣ ਦੀ ਜਾਚ, ਪ੍ਰਤੱਗਜ਼ਾ ਪੂਰਨ, ਤੱਤਗਜ਼ਾਨ, ਰਿਧੀ ਸਿਧੀ, ਭਗਤੀ, ਸਿੱਖੀ, ਜਲਾਲ ਵਾਲਾ ਪ੍ਰਕਾਸ਼, ਜਮਾਲ ਵਾਲਾ ਪ੍ਰਕਾਸ਼, ਭਗਤੀ ਵਾਲਾ ਪ੍ਰੇਮ, ਕਵਿਤਾ ਸਫੁਰਣ ਸੱਤਾ, ਚਤੁਰਤਾ, ਦਾਸਾ ਭਾਵ। ਇਨ੍ਹਾਂ ਸਾਰੇ ਗੁਣਾਂ ਦਾ ਆਪ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਅਪਣੇ ਗ੍ਰੰਥ ਵਿਚ ਕਥਨ ਕਰਨਾ ਪੈਣਾਂ ਹੈ, ਇਸ ਲਈ ਆਪ ਗੁਣਾਂ ਨੂੰ ਤੇ ਜਿਨ੍ਹਾਂ ਵਿਚ ਇਕ ਇਕ ਪ੍ਰਸਿੱਧ ਹੋਇਆ ਹੈ ਉਨ੍ਹਾਂ ਨੂੰ ਇਨ੍ਹਾਂ ਚੌਪਈਆਂ ਵਿਚ ਲੈਂਦੇ ਹਨ ਤੇ ਉਨ੍ਹਾਂ ਤੋਂ ਉਨ੍ਹਾਂ ਗੁਣਾਂ ਦੀ ਯਾਚਨਾਂ ਕਰਦੇ ਹਨ। ਗੁਣਾਂ ਵਾਲੇ ਉਹਨਾਂ ਨੇ ਉਹੀ ਚੁਣਨੇ ਸਨ ਜੋ ਉਨ੍ਹਾਂ ਦੀ ਵਾਕਫੀ ਦੇ ਦਾਇਰੇ ਦੇ ਸਨ। ਆਪ ਯੂਨਾਨ, ਮਿਸਰ, ਜਾਪਾਨ, ਚੀਨ, ਅਰਬ, ਈਰਾਨ, ਜਰਮਨੀ, ਰੋਮ ਦੇ ਗੁਣਵਾਨਾਂ ਦੇ ਨਾਮ ਨਹੀਂ ਗਿਣ ਸਕਦੇ ਸਨ ਕਿ ਜਿਨ੍ਹਾਂ ਦੇ ਵਿਦਜ਼ਾ ਵਿੱਗਜ਼ਾਨ ਤੇ ਇਲਮ ਅਦਬ ਦੀ ਮੁਤਾਲਜ਼ਾ ਤੇ ਪੜ੍ਹਨ ਦਾ ਸਮਾਂ ਆਪ ਨੂੰ ਨਹੀਂ ਲੱਝਾ। ਆਪ ਹਿੰਦੀ ਤੇ ਸੰਸਕ੍ਰਿਤ ਤੇ ਜਾਣੂੰ ਸੇ, ਸੋ ਹਿੰਦੀ ਸੰਸਕ੍ਰਿਤ ਦੇ ਇਲਮ ਅਦਬ ਵਿਚੋਂ ਹੀ ਉਨ੍ਹਾਂ ਨੇ ਗੁਣਵਾਨ ਸੱਜਨ ਚੁਣਨੇ ਸਨ ਤੇ ਸ੍ਵਦੇਸ਼ ਦੇ ਗੁਣੀ ਹੀ ਲੈਣੇ ਸਨ। ਫਿਰ ਇਨ੍ਹਾਂ ਗੁਣੀਆਂ ਵਿਚੋਂ ਕਈਆਂ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਵਿਚ ਆਏ ਹਨ, ਜਿਥੇ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਕਰਨ ਵਾਲੇ-ਗੁਣ ਗਾਇਨ ਕਰਨ ਵਾਲੇ-ਦਾ ਦਰਜਾ ਦਿੱਤਾ ਹੈ, ਸੋ ਕਵੀ ਜੀ ਆਪ ਗੁਰੂ ਸਾਹਿਬਾਂ ਦਾ ਇਤਿਹਾਸ ਤੇ ਜਸ ਵਰਣਨ ਕਰਨ ਲੱਗੇ ਹਨ, ਓਹਨਾਂ ਨੂੰ ਗੁਰ ਜਸ ਕਰਨ ਵਾਲੇ ਸਮਝ ਕੇ ਯਾਦ ਕਰਦੇ ਹਨ ਕਿ ਤੁਸੀਂ ਮੇਰੀ ਮਦਦ ਕਰੋ ਅਰ ਕਾਰਜ ਸਿਰੇ ਚੜ੍ਹਾਓ। ਉਨ੍ਹਾਂ ਨੂੰ ਅਪਣਾ ਇਸ਼ਟਦੇਵ ਤੇ ਪੂਜਜ਼ ਨਹੀਂ ਮੰਨ ਰਹੇ, ਨਾ ਇਨ੍ਹਾਂ ਦੀ ਪੂਜਾ ਸਿੱਖਾਂ ਨੂੰ ਸਿਖਾਲ ਰਹੇ ਹਨ। ਸਿੱਖਾਂ ਨੂੰ ਤਾਂ ਕਵਿ ਜੀ ਇਹੋ ਮੱਤ ਦੇਂਦੇ ਹਨ:-

ਭਗਤ ਅਨਿੰਨ ਕਹਾਵਤ ਐਸੇ।
ਗੁਰ ਬਿਨ ਅਪਰ ਨ ਮਾਨਹਿ ਕੈਸੇ।

[ਰਾਸ ੩, ਅੰਸੂ ੩੨, ਅੰਕ ੨੩

ਅਗਲੇ ਅੰਕ ੨੮ ਤੋਂ ਲੈ ੩੬ ਤਕ ਖਾਸ ਤੇ ਉਂਵ ਆਮ ਤੌਰ ਤੇ ਕਵੀ ਜੀ ਅਪਣੇ ਕੰਮ ਦੀ ਵਿਸ਼ਾਲਤਾ ਤੇ ਮੁਸ਼ਕਲ ਨੂੰ ਪ੍ਰਤੀਤ ਕਰਕੇ ਆਪ ਨੂੰ ਉਸਦੇ ਕੰਮ ਦੇ ਯੋਗ ਨਹੀਂ ਸਮਝਦੇ, ਇਸ ਲਈ ਅਪਣੀ ਸਹਾਯਤਾ ਦੀ ਲੋੜ ਗੁਪਤ ਸੰਸਾਰ ਤੋਂ ਰੱਖਦੇ ਹਨ ਤੇ ਭੌਂ ਭੌਂ ਕੇ ਜੋ ਬੀ ਲਿਖਦੇ ਹਨ ਉਸਦਾ ਸਾਰ ਅੰਸ਼ ਇਹੋ ਨਿਕਲਦਾ ਹੈ ਕਿ ਅਪਣੇ ਕਾਰਜ ਦੀ ਨਿਰਵਿਘਨ

*ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਵਈਏ ਮਹਲੇ ਪਹਿਲੇ ਕੇ ਜਿਥੇ-ਬ੍ਰਹਮਾ, ਸ਼ਿਵ, ਇੰਦ੍ਰ, ਸਨਕਾਦਿ, ਪਰਸਰਾਮ, ਜਮਦਗਨਿ, ਅਕ੍ਰੂਰ, ਸ਼ੇਸ਼ਨਾਗ, ਨਵੇਂ ਨਾਥ, ਬਜ਼ਾਸ, ਜਨਕ, ਕਬੀਰ ਆਦਿ ਭਗਤ ਤੇ ਕਪਲ ਆਦਿਕ ਸਾਰੇ ਗੁਰ ਜਸ ਕਥਨ ਕਰਨ ਵਾਲੇ ਕਥੇ ਹਨ।

ਸਮਾਪਤੀ ਲਈ ਅਗੰਮ ਤੋਂ, ਗ਼ੈਬ ਤੋਂ, ਗੁਪਤ ਸੰਸਾਰ ਤੋਂ ਰੂਹਾਨੀ ਮਦਦ ਦੀ ਟੇਕ ਮੰਗਦੇ ਹਨ ਤੇ ਉਸੇ ਦਾ ਆਸਰਾ ਬੰਨ੍ਹਦੇ ਅਰ ਯਾਚਨਾਂ ਕਰਦੇ ਹਨ।

(ਅੱਗੇ ਹੁਣ ਮਿਲਵੇਂ ਮੰਗਲ ਚਲਦੇ ਹਨ)

੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ।

[ਗੁਰਯਸ਼ ਕਥਨ ਲਈ ਅਪਣੀ ਅਸਮ੍ਰੱਥਤਾ ਪਰੰਤੂ ਤੀਬ੍ਰ ਇੱਛਾ]

ਸ੍ਵੈਯਾ: ਸ਼੍ਰੀ ਗੁਰ ਕੋ ਜਸੁ ਸਾਗਰ ਰੂਪ
ਉਜਾਗਰ ਹੈ ਸਭਿ+ ਲੋਕਨ ਮਾਹੂੰ।
ਮੈਂ ਤੁਲਹਾ ਤ੍ਰਿਣ ਜਯੋਂ ਕਰਿ ਕੈ
ਨਿਜ ਬੁੱਧਿ ਤੇ ਪਾਰ ਪਰਯੋ ਅਬਿਚਾਹੂੰ।
ਹੋਇ ਹਂਸੀ ਜਗ ਮੈਂ ਅਧਿਕਾਇ
ਤਊ ਚਿਤ ਮੈਂ ਅਤਿਸ਼ੈ ਉਤਸਾਹੂੰ।
ਊਚ ਤਰੂ ਫਲ ਜਯੋਂ ਲਗਿ* ਸੁੰਦਰ
ਵਾਮਨ ਹਾਥ ਪਸਾਰਤਿ ਤਾਹੂੰ ॥੨੮॥

ਤਰੂ = ਬ੍ਰਿੱਛ।
ਵਾਮਨ = ਬਉਣਾ, ਬਹੁਤ ਮਧਰੇ ਕੱਦ ਦਾ ਆਦਮੀ।

ਅਰਥ: (ਇਹ ਗੱਲ ਕਿ) ਸ੍ਰੀ ਗੁਰੂ ਜੀ ਦਾ ਜਸ ਸਮੁੰਦ੍ਰ ਵਾਂਙੂ (ਅਥਾਹ ਤੇ ਬੇਕਿਨਾਰ) ਸਭ ਲੋਕਾਂ ਵਿਚ ਉਜਾਗਰ ਹੈ, ਮੈਂ ਹੁਣ ਅਪਣੀ (ਤੁੱਛ) ਬੁੱਧੀ ਨਾਲ (ਮਾਨੋਂ) ਕੱਖਾਂ ਦਾ ਤੁਲਹਾ ਬਨਾਕੇ ਪਾਰ ਪੈਣਾਂ ਚਾਹੁੰਦਾ ਹਾਂ, (ਭਾਵੇਂ ਮੇਰੇ ਇਸ ਨਿਮਾਣੇ ਯਤਨ ਉਤੇ) ਜਗਤ ਵਿਚ ਭਾਰੀ ਹਾਸੀ ਹੀ ਹੋਵੇ ਤਦ ਬੀ ਮੈਂ ਚਿਤ ਵਿਚ ਬਹੁਤ ਉਤਸਾਹਿਤ ਹੁੰਦਾ ਹਾਂ, ਜਿਵੇਂ ਉਚੇ ਬ੍ਰਿੱਛ ਨੂੰ ਸੁਹਣਾ ਫਲ ਲੱਗਾ (ਵੇਖਕੇ) ਬਾਉਣਾ ਹੱਥ ਉਸ ਵੱਲੇ ਪਸਾਰਦਾ ਹੈ (ਤੇ ਲੋਕਾਂ ਦੇ ਹਾਸੇ ਤੋਂ ਉਤਸਾਹ ਹੀਨ ਨਹੀਂ ਹੁੰਦਾ)।

[ਅਪਣੀ ਅਸਮ੍ਰੱਥਤਾ ਦਾ ਉਪਾਉ, ਗੁਰੂ ਦੀ ਟੇਕ, ਖਾਲਸਾ ਤੇ ਸਤਿਗੁਰਾਂ ਜੋਗ ਬੰਦਨਾ]

ਚੌਪਈ: ਸ੍ਰੀ ਗੁਰ ਸੁਜਸ ਰੁਚਿਰ ਮਣਿ ਮਾਣਿਕ।
ਸਿੱਖੀ ਉਚਤਾ ਗਿਰਵਰ ਥਾਨਿਕ।
ਸਾਧਨ ਰੂਪ ਚਰਨ ਨਹਿਂ ਮੇਰੇ।
ਅਹੋਂ ਪਿੰਗ ਕਿਮ ਚਢਿਵ ਉਤੇਰੇ ॥੨੯॥
ਨਿਜ ਮਤਿ ਕੋ ਸ਼ਿੰਗਾਰ ਬਨਾਵਨ।
ਚਾਹਿਤ ਹੌਂ ਪਰੋਇ ਪਹਿਰਾਵਨ।
ਪ੍ਰੇਮ ਰੂਪ ਗੁਨ ਕਰੋਂ ਬੰਧਾਵਨ।
ਲੋਕ ਪ੍ਰਲੋਕ ਸੁਹਾਵਨ ਪਾਵਨ ॥੩੦॥
ਗੁਰ ਕਰੁਣਾ ਅਸੁਵਾਰੀ ਪਾਇ।

+ ਪਾਛ-ਬਹੁ।

*ਪਾ:-ਲਖਿ।

ਉਚਤਾ ਸਿੱਖੀ ਪਰ ਚਢਿ ਜਾਇ।
ਹੋਹਿ ਮਨੋਰਥ ਪੂਰਨ ਮੇਰਾ।
ਗੁਰ ਪਦ ਸੇਵਉਂ ਸਾਂਝ ਸਵੇਰਾ ॥੩੧॥
ਯਾਂ ਤੇ ਅਹੈ ਭਰੋਸਾ ਮੋਹੀ।
ਗ੍ਰੰਥ ਸੰਪੂਰਨ ਸਗਰੋ ਹੋਹੀ।
ਤੁਰਕਨ ਰਾਜ ਤੇਜ ਬਨ ਦਾਵਾ।
ਏਕ ਬਾਰ ਕਰਿ ਛਾਰ ਮਿਟਾਵਾ ॥੩੨॥
ਸ਼੍ਰੀ ਨਾਨਕ ਨਰ ਤਾਰਨ ਹੇਤੁ।
ਸਿੱਖੀ ਬੇਲ ਬੋਇ ਜਗ ਖੇਤ।
ਅਪਰ ਗੁਰੂ ਉਪਦੇਸ਼ ਜੁ ਬਾਰੀ।
ਦੇ ਦੇ ਭਲੀ ਭਾਂਤਿ ਪ੍ਰਤਿਪਾਰੀ ॥੩੩॥
ਸਿਮਰਨ ਸੱਤਿਨਾਮ ਸੁ ਸੁਮਨਸਾ[+]।
ਬ੍ਰਹਮ ਗਯਾਨ ਫਲ ਚਹਿ ਜਿਸੁ ਮਨਸਾ[++]।
ਕਲ਼ਗੀਧਰ ਰਣ ਕਰਿ ਬਹੁ ਬਾਰਿ।
ਅਨਿਕ ਜਤਨ ਤੇ ਸੋ ਪ੍ਰਤਿਪਾਰਿ ॥੩੪॥

ਰੁਚਿਰ = ਸੁੰਦਰ
ਮਣਿ = ਰਤਨ, ਕੋਈ ਬਹੁ ਮੁੱਲਾ ਰਤਨ, ਹੀਰਾ ਪੰਨਾ ਲਾਲ ਆਦਿਕ।
ਮਾਣਿਕ = ਲਾਲ ਰੰਗ ਦਾ ਰਤਨ, ਜਿਸਨੂੰ ਲਾਲ ਬੀ ਕਹਿੰਦੇ ਹਨ।
ਗਿਰਵਰ = ਸ੍ਰੇਸ਼ਟ ਪਹਾੜ। ਪਹਾੜ। ਥਾਨਿਕ = ਥਾਉਂ।
ਪਿੰਗ = ਪਿੰਗਲਾ। ਉਤੇਰੇ = ਉਪਰ, ਉਚੇਰੇ। ਗੁਨ = ਧਾਗਾ, ਡੋਰ।
ਬੰਧਾਵਨ = ਬੰਨ੍ਹਕੇ। ਸੁਹਾਵਨ = ਸੁਹਾਵਣਾ, ਸੁਹਣਾ ਲੱਗਣ ਵਾਲਾ।
ਕਰੁਣਾ = ਕ੍ਰਿਪਾ। ਮੇਹਰ।
ਦਾਵਾ = ਦਾਵਾਨਲ, ਓਹ ਅੱਗ ਜੋ ਬਨਾਂ ਨੂੰ ਸਾੜਦੀ ਹੈ।
ਬਾਰੀ = ਬਾਰ, ਜਲ, ਪਾਣੀ। ਪਾਰੀ = ਪਾਲੀ।
ਸੁ ਸੁਮਨਸਾ = ਸੁ = ਸ੍ਰੇਸ਼ਟ। ਸੁਮਨਸਾ = ਫੁੱਲ। [ਸੰਸ: ਸੁਮਨਸ: = ਫੁਲ।

ਸੁਮਨਸਾ = ਵਡੇ ਫੁਲਾਂ ਵਾਲੀ ਚੰਬੇਲੀ, ਮੋਤੀਆ]। (ਅ) [ਸੰਸ: ਸਮੁਨ੍ਨਜ: = ਪ੍ਰਾਪਤੀ।] ਭਾਵ ਬ੍ਰਹਮ ਗਯਾਨ ਦੀ ਪ੍ਰਾਪਤੀ ਰੂਪੀ ਫਲ ਜਿਸਿ ਨਾਲ ਚਾਹ ਸਾ (= ਸ਼ਾਂਤ) ਹੋ ਜਾਂਦੀ ਹੈ। (ੲ) ਚਹਿ+ਜਿ+ਸਮਨ ਸਾ = ਸਾ ਚਹਿ ਜਿ ਸ਼ਮਨ = ਜਿਸਦੇ ਨਾਲ ਸ਼ਮਨ ਹੋ ਜਾਂਦੀ ਹੈ ਓਹ ਚਾਹਨਾ।

ਚਹਿ ਜਿਸ ਮਨਸਾ = ਜਿਸਨੂੰ ਮਨ ਚਾਹੇ, ਮਨੋ ਵਾਂਛਤ।
ਰਣਕਰਨਾ = ਜੁਧ ਕਰਨਾ।

[+]ਪਾ:-ਸੁਭ ਸੁਮਨਸ।
[++]ਪਾ:-ਜਿ ਸੁਮਨਸ।

ਅਰਥ: (ਪ੍ਰਸ਼ਨ) ਸ਼੍ਰੀ ਗੁਰੂ ਜੀ ਦਾ ਸ੍ਰੇਸ਼ਟ ਜਸ ਲਾਲ ਵਾਂਙੂ (ਇੱਕ) ਸੁੰਦਰ ਰਤਨ ਹੈ, ਜੋ ਸਿੱਖੀ (ਰੂਪੀ) ਪਹਾੜ ਦੇ (ਉੱਚੇ) ਥਾਂਈ (ਲੱਝਦਾ) ਹੈ, ਮੇਰੇ (ਪਾਸ) ਸਾਧਨ ਰੂਪੀ ਪੈਰ ਨਹੀਂ ਹਨ, ਮੈਂ (ਮਾਨੋ) ਪਿੰਗਲਾ ਹਾਂ ਉਪਰ ਕੀਕੂੰ ਚੜ੍ਹਾਂ* ॥੨੯॥

(ਪਰ ਮੈਂ ਇਹ) ਚਾਹੁੰਦਾ (ਜ਼ਰੂਰ ਹਾਂ ਕਿ) ਅਪਣੀ ਮਤਿ ਨੂੰ (ਗੁਰੂ ਜਸ ਰੂਪੀ ਲਾਲਾਂ ਦੇ ਮਣਕੇ) ਪ੍ਰੋ ਕੇ ਪਹਿਰਾਂਵਾ ਤੇ ਇਸਨੂੰ ਸ਼ਿੰਗਾਰ ਲਾ ਦਿਆਂ, ਪ੍ਰੇਮ ਰੂਪੀ ਧਾਗੇ ਵਿਚ (ਗੁਰੂ ਜਸ ਰੂਪੀ ਖਿੱਲਰੇ ਰਤਨਾਂ ਨੂੰ) ਬੰਨ੍ਹਕੇ, ਜੋ ਲੋਕ ਤੇ ਪ੍ਰਲੋਕ (ਦੋਹੀਂ ਥਾਂਈਂ) ਸੁਹਣਾ ਤੇ ਪਵਿੱਤ੍ਰ ਹੈ ॥੩੦॥

(ਉੱਤਰ) ਗੁਰੂ ਦੀ ਕ੍ਰਿਪਾਲਤਾ (ਰੂਪੀ) ਅਸਵਾਰੀ ਪ੍ਰਾਪਤ ਕਰਕੇ ਸਿੱਖੀ ਦੀ ਉੱਚਤਾ (ਜੋ ਪਰਬਤ ਰੂਪ ਹੈ) ਪਰ ਚੜ੍ਹ ਜਾਵੀਦਾ ਹੈ, (ਐਉਂ) ਮੇਰਾ ਮਨੋਰਥ ਪੂਰਨ ਹੋ ਜਾਏਗਾ, (ਜੋ) ਮੈਂ ਗੁਰੂ ਜੀ ਦੇ ਚਰਨਾਂ ਨੂੰ ਦਿਨੇ ਰਾਤ ਸੇਵਾਂ ॥੩੧॥

ਇਸ ਕਰਕੇ ਮੈਨੂੰ (ਹੁਣ) ਭਰੋਸਾ ਹੈ ਕਿ ਗ੍ਰੰਥ (ਮੇਰਾ) ਸਾਰਾ ਸੰਪੂਰਣ ਹੋ ਜਾਏਗਾ (ਹਾਂ, ਜਿਨ੍ਹਾਂ ਸਤਿਗੁਰਾਂ ਨੇ) ਤੁਰਕਾਂ ਦੇ ਰਾਜ ਦੇ ਤੇਜ ਰੂਪੀ (ਭਾਰੇ) ਬਨ ਨੂੰ ਦਾਵਾ ਅਗਨੀ (ਵਾਂਙੂ ਲੱਗਕੇ) ਇਕ ਵੇਰ ਤਾਂ ਸੁਵਾਹ ਕਰਕੇ ਮਿਟਾ ਦਿੱਤਾ ਹੈ, (ਮੈਨੂੰ ਭਰੋਸਾ ਹੈ ਕਿ ਓਹ ਮੇਰੇ ਕੰਮ ਵਿਚ ਪੈਣ ਵਾਲੇ ਵਿਘਨਾਂ ਦਾ ਤੇਜ ਹਰਿ ਲੈਣਗੇ) ॥੩੨॥

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਨਰਾਂ ਦੇ ਤਾਰਨੇ ਲਈ ਜਗਤ (ਰੂਪੀ) ਖੇਤ ਵਿਚ ਸਿੱਖੀ ਦੀ ਵੇਲ ਬੋਈ, ਦੂਸਰੇ (ਨੌਂ) ਸਤਿਗੁਰਾਂ ਨੇ (ਸਮੇਂ ਸਮੇਂ) ਉਪਦੇਸ਼ (ਰੂਪੀ) ਜਲ ਦੇ ਦੇ ਕੇ ਓਹ (ਵਲ) ਚੰਗੀ ਤਰ੍ਹਾਂ ਪਾਲੀ, (ਉਸ ਵੇਲੇ ਨੂੰ) 'ਸਤਿਨਮ ਦਾ ਸਿਮਰਨ' (ਰੂਪੀ) ਸ੍ਰੇਸ਼ਟ ਫੁੱਲ ਪਿਆ, ਜਿਸ ਨੂੰ 'ਬ੍ਰਹਮ ਗਯਾਨ' (ਰੂਪੀ) ਮਨੋਵਾਂਛਤ ਫਲ (ਲੱਗਾ), ਜਿਸਨੂੰ ਸ਼੍ਰੀ ਕਲਗੀਧਰ ਜੀ ਨੇ ਕਈ ਵਾਰ ਜੰਗ ਰਚਕੇ ਅਨੇਕ ਜਤਨਾਂ ਨਾਲ (ਬਚਾਇਆ ਤੇ) ਪ੍ਰਤਿਪਾਲਿਆ।

[ਖ਼ਾਲਸਾ ਦਾ ਰੂਪਕ]

ਪੰਥ ਖਾਲਸਾ ਸੁਰਤਰੁ ਬੋਵਾ।
ਸਤਿਗੁਰ ਤਪ ਦਿਢ ਮੂਲ ਖਰੋਵਾ।
ਸਿਖ ਸੰਗਤਿ ਛਾਯਾ ਜਿਸ ਪਾਇ।
ਦੁਹਿ ਲੋਕਨ ਸੁਖ ਕੋ ਉਪਜਾਇ ॥੩੫॥
ਕਲਪ ਲਤਾ ਸਿੱਖੀ ਗੁਨ ਭੋਵਾ।
ਤਿਸ ਕੋ ਆਸ੍ਰੈ ਦਿਢ ਇਹ ਹੋਵਾ।
ਸਭਿਹਿਨ ਕੋ ਅਭਿਬੰਦਨ ਕੈ ਕੈ।
ਕਰੋਂ ਗ੍ਰੰਥ ਚਿੰਤਾ ਉਰ ਧ੍ਵੈ ਕੈ ॥੩੬॥

ਸੁਰਤਰੁ = ਕਲਪ ਬ੍ਰਿੱਛ।

---

* ਅਹੋ-ਪਦ ਦਾ-ਅਹੌਂ-ਅਰਥ ਕਰੀਏ ਤਾਂ ਉੱਪਰਲਾ ਅਰਥ ਠੀਕ ਹੈ, -ਅਹੋ-ਪਾਠ ਕਰਕੇ ਫਿਰ ਅਰਥ ਐਉਂ ਲਗਦਾ ਹੈ-ਅਹੋ ਪਿੰਗ ਕਿਮ ਚਢਵਉ ਤੇਰੇ:-ਓਹ ਹੋ! ਮੈਂ ਤਾਂ ਪਿੰਗਲਾ ਹਾਂ (ਹੇ ਪਰਬਤ) ਤੇਰੇ ਉਪਰ ਕੀਕੂੰ ਚੜ੍ਹਾਂ ?

ਕਲਪਲਤਾ = ਕਲਪਾ ਬੇਲ, ਜੀਕੂੰ ਕਲਪ ਬ੍ਰਿੱਛ ਹੈ ਤੀਕੂੰ ਕਵਿ ਜੀ ਨੇ ਕਲਪਲਤਾ ਦੀ ਸੰਭਾਵਨਾ ਕੀਤੀ ਹੈ।

ਭੋਵਾ = ਭਰਪੂਰ। ਕੈ ਕੈ = ਕਰਕੇ।

ਖ੍ਹੈਕੈ = ਖੈ ਕਰਕੇ, ਦੂਰ ਕਰਕੇ, ਨਾਸ਼ ਕਰਕੇ।

ਅਰਥ: (ਇਸ ਸਿੱਖੀ ਰੂਪੀ ਵੇਲ ਦੀ ਦ੍ਰਿੜ੍ਹਤਾ ਲਈ ਕਲਗੀਧਰ ਜੀ ਨੇ) ਖਾਲਸਾ ਪੰਥ ਕਲਪ ਬ੍ਰਿੱਛ ਬੀਜਿਆ, ਜੋ ਸਤਿਗੁਰ ਦੇ ਤਪ (ਦੇ ਆਸਰੇ ਆਪਣੀਆਂ) ਜੜ੍ਹਾਂ ਤੇ ਦ੍ਰਿੜ ਖਲੋਤਾ ਹੈ, ਜਿਸ ਦੀ ਛਾਇਆ ਪਾਕੇ ਸਿੱਖ ਸੰਗਤਿ ਦੋਹਾਂ ਲੋਕਾਂ (ਦੇ ਵਿਚ) ਸੁਖ ਪੈਦਾ ਕਰ (ਸਕਦੀ) ਹੈ ॥੩੫॥

(ਤਾਂਤੇ ਹੁਣ ਰੂਪਕ ਇਹ ਹੈ ਕਿ ਸਾਰੇ ਇਲਾਹੀ) ਗੁਣਾਂ (ਨਾਲ) ਭਰਪੂਰ ਸਿੱਖੀ (ਇਕ) ਕਲਪ ਵੇਲ (ਵਾਂਙੂ) ਹੈ, (ਤੇ) ਇਹ (ਪੰਥ ਖਾਲਸਾ ਰੂਪ ਕਲਪ ਬ੍ਰਿੱਛ ਹੈ ਜੋ) ਤਿਸ (ਕਲਪ ਵੇਲ) ਦਾ ਦ੍ਰਿੜ੍ਹ ਆਸ਼੍ਰਾ (ਬਨ ਕੇ ਖੜਾ) ਹੋਇਆ ਹੈ, (ਤਾਂਤੇ, ਇਸ ਖਾਲਸਾ ਰੂਪੀ ਕਲਪ ਬ੍ਰਿੱਛ ਨੂੰ ਜੋ ਸਰਬ ਗੁਣ ਸੰਪੰਨ ਸਿੱਖੀ ਵੇਲ ਨਾਲ ਪ੍ਰਫੁੱਲਤ ਤੇ ਵਿਹੜਤ ਖੜਾ ਹੈ, ਤੇ ਇਸ ਦੇ ਰਚਣਹਾਰ) ਸਾਰਿਆਂ (ਸਤਿਗੁਰਾਂ) ਨੂੰ ਮੈਂ ਮੱਥਾ ਟੇਕਕੇ ਗ੍ਰੰਥ ਦੀ ਰਚਨਾ ਕਰਦਾ ਹਾਂ, ਚਿੱਤ ਦੀ ਚਿੰਤਾ ਦੂਰ ਕਰਕੇ ॥੩੬॥

[ਕਲਗੀਧਰ ਨਮਸਕਾਰ]

ਦੋਹਰਾ: ਪੁਨਹੁ ਪੁਨਹੁ ਕਰਿ ਕਰਿ ਨਮੋ, ਪਦ ਪੰਕਜ ਗੁਰ ਕੇਰ।
ਕਲਗੀਧਰ ਪਰਹਰਿ ਅਰਿਨਿ, ਰੰਚ ਕਰੇ ਜਿਨ ਮੇਰੁ ॥੩੭॥

ਪਰਹਰਿ = ਖੋ ਦੇਣਾ, ਨਾਸ਼ ਕਰਨਾ। ਅਰਿਨਿ = ਵੈਰੀਆਂ ਨੂੰ।

ਰੰਚ-ਰਤਾ ਕੁ, ਥੋੜਾ, ਛੋਟਾ, ਨਿੱਕਾ, ਤੁੱਛ। [ਸੰਸ: ਨਜ਼ੰਚ = ਨਿੱਕਾ, ਨੀਂਵਾਂ]

ਮੇਰੁ = ਸੁਮੇਰ ਪਰਬਤ। ਕੋਈ ਉੱਚਾ ਪਹਾੜ, ਭਾਵ ਉੱਚਾ। ਬਲੀ। [ਸੰਸ: ਮੇਰੁ:]

ਅਰਥ: ਸ਼੍ਰੀ ਗੁਰ ਕਲਗੀਧਰ ਜੀ ਦੇ ਚਰਨਾਂ ਕਵਲਾਂ ਪਰ ਮੈਂ ਬਾਰ ਬਾਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ (ਪਰਜਾ ਤੇ ਧਰਮ ਦੇ) ਵੈਰੀਆਂ ਦੇ ਨਾਸ਼ ਕਰਨ (ਹਿਤ) ਤੁੱਛ ਜੀਵਾਂ ਨੂੰ (ਬਲਵਾਨ ਤੇ) ਉੱਚੇ ਕਰ ਦਿੱਤਾ।

[ਦਸਮ ਗੁਰ ਰੂਪਕ]

ਕਬਿੱਤ: ਦੇਨ ਪ੍ਰਹਲਾਦ ਪ੍ਰਹਲਾਦ ਕੋ ਲਖਜੋ ਸੁ ਦੈਤ
ਦੈਤ ਕੇ ਬਿਦਾਰਿਬੇ ਕੋ ਰੂਪ ਨਰਸਿੰਘ ਕੋ।
ਹਾਰ ਦੇ ਬਲੀਨ ਕੋ ਜੁਹਾਰ ਲੇ ਬਲੀਨ ਕੋ
ਹਤਨ ਲੰਕ ਪਤਿ ਰਨ ਰਾਮ ਨਰਸਿੰਘ ਕੋ।
ਕੁਪਿਤ ਕੁਪਤ ਪੁਰਿ ਕਰੇ ਹੈਂ ਕੁ ਪਤਿ ਕੂਟ
ਹੇਰਿ ਹੇਰਿ ਹਹਿਰੇ ਜਿਉਂ ਹੇਰਿ ਮ੍ਰਿਗ ਸਿੰਘ ਕੋ।
ਤੈਸੇ ਤੇਜ ਤਰ ਤੇ ਤੁਰਕ ਤਰੁ ਤੋਰਨ ਕੋ
ਜਗ ਮੈਂ ਜਨਮ ਭਯੋ ਸ਼੍ਰੀ ਗੁਬਿੰਦ ਸਿੰਘ ਕੋ ॥੩੮॥

ਪ੍ਰਹਲਾਦ = (ਖੁਸ਼ੀ) ਅਨੰਦ [ਸਸੰ: ਪ੍ਰਹਲਾਦ]।

ਪ੍ਰਹਲਾਦ = ਇਕ ਭਗਤ ਦਾ ਨਾਮ ਜੋ ਹ੍ਰਿਨਕਸ਼ਜਪ ਦੈਂਤ ਦਾ ਪੁੱਤ੍ਰ ਸੀ, ਪਰ ਆਪ ਅਕਾਲ ਪੁਰਖ ਦਾ ਭਗਤ ਸੀ।

ਲਖਜੋ = ਦੇਖਕੇ। ਸੁ = ਚੰਗੇ, ਮੁਰਾਦ ਹੈ ਵੱਡੇ, ਬਹੁਤੇ।

ਦੈਤ = ਦੈਤਜ-ਕਸ਼ਟ। [ਸੰਸ: ਧਾਤੂ-ਦੀ = ਕੱਟਣਾ।

ਦਿਤਿ = ਕੱਟਣ ਦੀ ਕ੍ਰਿਆ, ਭਾਵ ਦੁਖ, ਕਸ਼ਟ]।

ਦੈਤ = ਰਾਖਸ਼ (ਅ) ਦੇਂਦੇ ਸਨ।

ਬਿਦਾਰਿਬੇ = ਵਿਨਾਸ਼ ਕਰਣਾ। ਨਰ ਸਿੰਘ = ਨਰਸਿੰਹ ਅਵਤਾਰ।

ਬਲੀਨ = ਬਾਲੀ ਨੂੰ। ਬਾਲੀ ਕਿਸ਼ਕਿੰਧਾ ਦਾ ਬੰਦਰ ਰਾਜਾ ਸੀ, ਸੁਗ੍ਰੀਵ ਦਾ ਵਡਾ ਭਰਾ ਤੇ ਅੰਗਦ ਦਾ ਪਿਤਾ ਸੀ, ਇਸ ਨੂੰ ਰਾਮ ਜੀ ਨੇ ਮਾਰਿਆ ਸੀ। [ਬਾਲੀ+ਨ = ਨੂੰ]।

(ਅ) ਬਲਵਾਨਾਂ ਨੂੰ। ਜੁਹਾਰ = ਨਮਸਕਾਰ

ਬਲੀਨ = ਸੁਗ੍ਰੀਵ [ਬਾਲੀ+ਈਨ = ਜੋ ਬਾਲੀ ਦੀ ਈਨ ਮੰਨੇ ਸੋ ਸੀ-ਸੁਗ੍ਰੀਵ]

(ਅ) ਬਲਵਾਨਾਂ ਤੋਂ। (ੲ) ਰਾਖਸ਼। ਭਾਵ ਕੁੰਭਕਰਨ ਆਦਿਕ ਬਲੀਆਂ (ਰਾਖਸ਼ਾਂ) ਨੂੰ ਹਾਰ ਦਿੱਤੀ ਤੇ ਉਸੇ ਦੇ ਭਰਾ ਉਸੇ ਰਾਖਸ਼ ਜਾਤੀ ਦੇ ਵਿਭੀਖਨ ਤੋਂ ਅਪਣੀ ਪੂਜਾ ਕਰਵਾਈ।

ਲੰਕਾ ਪਤਿ = ਲੰਕਾ ਪਤੀ, ਰਾਵਨ। ਰਾਮ = ਰਾਮ ਚੰਦਰ ਜੀ।

ਨਰਸਿੰਘ = ਨਰ ਸ਼ੇਰ, ਸ਼ੇਰ ਨਰ, ਬਲੀ ਸ਼ੇਰ।

ਕੁਪਿਤ = ਗੁੱਸੇ ਹੋਏ। [ਸੰਸ: ਕੁਪਿਤ]।

ਕੁਪਤ = ਪਦ-ਕੁਰੁਪਤਿ-ਦਾ ਸੰਖੇਪ ਹੈ। ਕੁਰੁ+ਪਤਿ = ਕੁਰੂ ਨਾਮੇਂ ਦੇਸ਼ ਦੇ ਰਾਜੇ। ਭਾਵ-ਕੈਰਵ। ਕੁਰੁ ਰਾਜ, ਕੁਰੂ ਰਾਜਾ, ਕੁਰੁਪਤਿ = ਦਰਯੋਧਨ ਦੀ ਬੀ ਅੱਲ ਹੈ ਜੋ ਕੈਰਵਾਂ ਦਾ ਸਰਦਾਰ ਸੀ। (ਅ) ਕੁਪੱਤੇ ਲੜਾਕੇ।

ਕੁਪਤਿ = ਕੁ+ਪਤਿ = ਪ੍ਰਿਥਵੀ ਦਾ ਪਤੀ = ਰਾਜਾ, ਭਾਵ ਕੰਸ।

[ਸੰਸ: ਕੁ = ਪ੍ਰਿਥਵੀ। ਪਤਿ = ਸੁਆਮੀ, ਰਾਜਾ]।

(ਅ) ਬੇਇੱਜ਼ਤ। ਕਰੇ ਹੈ ਕੁਪਤਿ ਕੂਰ = ਕੀਤੇ ਹਨ ਕੂਰ ਪੁਰਖ ਬੇਇੱਜ਼ਤ।

ਕੂਰ = ਕ੍ਰੂਰ = ਖੋਟੇ, ਭੈਦਾਯਕ, ਜ਼ਾਲਮ। ਹੇਰਿ = ਦੇਖਿਕੇ।

ਹਰਿ = ਕ੍ਰਿਸ਼ਨ। ਹਹਿਰੇ = ਡਰੇ। ਮ੍ਰਿਗ = ਹਰਨ।

ਸਿੰਘ = ਸ਼ੇਰ। ਤੈਸੇ ਤੇਜ ਤਰ ਤੇ = ਤੈਸੇ ਤੇਜ ਤੇ ਤਰ।

ਮੁਰਾਦ ਹੈ:- ਨਰ ਸਿੰਘ ਰਾਮ ਕ੍ਰਿਸ਼ਨ ਵਾਂਙੂ ਹੈ, ਪਰ ਉਹਨਾਂ ਦੇ ਤੇਜ ਤੋਂ ਵਧੀਕ ਤੇਜ ਵਾਲਾ ਹੈ।

ਤੁਰਕ ਤਰੁ = ਤੁਰਕ ਬ੍ਰਿੱਛ-ਮੁਰਾਦ ਹੈ ਤੁਰਕਾਂ ਦੇ ਰਾਜ ਰੂਪੀ ਬ੍ਰਿੱਛ ਨੂੰ।

ਜਨਮ = ਅਵਤਾਰ।

ਅਰਥ: ਪ੍ਰਹਲਾਦ (ਭਗਤ) ਨੂੰ ਵਡੇ ਕਸ਼ਟ ਵਿਚ ਦੇਖਕੇ (ਕਸ਼ਟ ਦੇਣ ਵਾਲੇ) ਦੈਂਤ ਦੇ ਨਾਸ਼ ਕਰਨੇ (ਅਰ ਪ੍ਰਹਲਾਦ ਨੂੰ) ਅਨੰਦ ਦੇਣੇ ਲਈ (ਜੈਸੇ) ਨਰ ਸਿੰਘ ਦਾ ਰੂਪ (ਹੋਇਆ ਸੀ,) ਬਾਲੀ ਨੂੰ ਹਾਰ ਦੇਕੇ, ਸੁਗ੍ਰੀਵ ਤੋਂ ਨਮਸਕਾਰ ਲੈਕੇ ਰਣ ਵਿਚ ਰਾਵਣ ਨੂੰ ਮਾਰਨ ਲਈ ਰਾਮ ਜੀਕੂੰ ਸ਼ੇਰ ਨਰ (ਸੀ,) ਜਿਵੇਂ (ਡਰਦੇ ਹਨ) ਸ਼ੇਰ ਨੂੰ ਵੇਖਕੇ ਮ੍ਰਿਗ (ਤਿਵੇਂ) ਡਰੇ ਸਨ (ਸਾਰੇ) ਕ੍ਰਿਸ਼ਨ ਨੂੰ ਵੇਖਕੇ (ਜਿਸ ਨੇ) ਕੈਰਵਾਂ ਤੇ ਕ੍ਰੋਧ ਕੀਤਾ (ਤੇ ਕੰਸ ਵਰਗੇ) ਰਾਜੇ ਨੂੰ ਨਾਸ਼ ਕੀਤਾ, ਤਿਵੇਂ (ਹੀ, ਪ੍ਰੰਤੂ) ਵਧੀਕ ਤੇਜ ਵਾਲਾ ਹੋਇਆ ਅਵਤਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਇਸ) ਜਗਤ ਵਿਚ ਤੁਰਕਾਂ (ਦੇ ਰਾਜ ਰੂਪੀ) ਬ੍ਰਿੱਛ ਨੂੰ ਤੋੜਨ ਲਈ।

ਭਾਵ: ਇਸ ਵਿਚ ਬੀ ਸਤਿਜੁਗ ਦਾ ਨਰਸਿੰਘ, ਤ੍ਰੇਤੇ ਦਾ ਰਾਮ, ਦੁਆਪਰ ਦਾ ਕ੍ਰਿਸ਼ਨ ਤ੍ਰੈਏ ਅਵਤਾਰ ਗਿਣ ਕੇ ਤਿਨ੍ਹਾਂ ਦਾ ਉਪਕਾਰ ਗੁਣ ਕਥਨ ਕਰਕੇ ਆਪਣੇ ਇਸ਼ਟ ਨੂੰ ਉਨ੍ਹਾਂ ਦੇ ਉਪਕਾਰ ਨਾਲ ਸਦਰਸ਼ਤਾ ਦੇਂਦੇ ਹੋਏ ਕਵਿ ਜੀ ਆਪਣੇ ਇਸ਼ਟ ਦੇਵ ਨੂੰ ਉਨ੍ਹਾਂ ਤੋਂ 'ਤੇਜ ਤਰ' ਵਧੇਰੇ ਤੇਜ ਵਾਲਾ ਅਵਤਾਰ ਕਥਨ ਕਰਦੇ ਹੋਏ ਆਪਣੀ ਇਸ਼ਟਾਪਤੀ ਦਾ ਸਬੂਤ ਦੇਂਦੇ ਹਨ।

ਹੋਰ ਅਰਥ: ੨. (ੳ) ਬਲੀਨ = ਰਾਖਸ਼ਸ। ਭਾਵ ਵਿਭੀਖਨ ਰਾਖਸ਼ ਤੋਂ ਨਮਸਕਾਰ ਲਈ ਕੁੰਭਕਰਨ ਆਦਿ ਰਾਖ਼ਸ਼ਾਂ ਨੂੰ ਹਾਰ ਦੇਕੇ। (ਅ) (ਰਾਜਾ ਜਨਕ ਦੀ ਸਭਾ ਵਿਚ ਧਨੁਖ ਤੋੜਕੇ) ਹਾਰ ਦਿਤੀ ਬਲੀ ਰਾਜਿਆਂ ਨੂੰ ਤੇ (ਜੁ+ਹਾਰ =) ਜੋ ਹਾਰ ਸੀ ਸ੍ਵਯੰਬਰ ਦਾ ਸੋ ਲੀਤਾ ਬਲੀਨ ਤੋਂ (ਸੀਤਾ ਤੋਂ। ਬਾਲੀ = ਕੰਨਜਾਂ, ਜਨਕ ਸੁਤਾ। ਨ = ਤੋਂ)। (ੲ) ਬਲਵਾਨਾਂ ਨੂੰ ਹਾਰ ਦੇਕੇ ਬਲਵਾਨਾਂ ਤੋਂ ਨਮਸਕਾਰ ਲੈਕੇ ਜਿਵੇਂ.....।

੩. ਤੀਜੀ ਤੁਕ ਦਾ ਅਰਥ ਬੀ ਕਈ ਗਿਆਨੀ ਦਸਮੇਂ ਸਤਿਗੁਰਾਂ ਵਲ ਲਾਉਂਦੇ ਹਨ:- 'ਕ੍ਰੋਧੀ (ਵੈਰੀਆਂ) ਤੇ ਗੁੱਸਾ ਕਰਕੇ (ਉਹਨਾਂ ਨੂੰ ਕੀਤਾ) ਝੂਠਾ ਤੇ ਬੇਇੱਜ਼ਤ, (ਉਹ) ਹਰੀ (ਰੂਪ ਗੁਰੂ ਗੋਬਿੰਦ ਸਿੰਘ ਜੀ ਨੂੰ)ਦੇਖਕੇ ਹੁਣ (ਮਲੇਛ) ਡਰਦੇ ਹਨ ਜਿਵੇਂ ਹਰਨ ਸ਼ੇਰ ਨੂੰ ਵੇਖਕੇ।'

ਤੀਜੀ ਤੁਕ ਦਾ ਅਰਥ ਕਈ ਪਹਾੜੀ ਰਾਜਿਆਂ ਵਲ ਲਾਉਂਦੇ ਹਨ ਜੋ ਪ੍ਰਕਰਣ ਵਿਰੁੱਧ ਹੈ। ਅਰਥ ਇਉਂ ਕਰਦੇ ਹਨ, (ਕੁ+ਪਤਿ = ਪਰਬਤ+ਪਤੀ ਭਾਵ ਪਹਾੜੀ ਰਾਜੇ।) ਗੁੱਸੇ ਹੋਕੇ ਪਹਾੜੀ ਰਾਜਿਆਂ ਪੁਰ ਉਹਨਾਂ ਨੂੰ ਕੂੜੇ ਕਰਕੇ ਬੇਪਤੇ ਕਰ ਦਿੱਤਾ, (ਸਤਿਗੁਰੂ ਨੂੰ) ਦੇਖਕੇ ਓਹ ਹੋਛੇ ਇਉਂ ਭੈ ਭੀਤ ਹੋਏ ਜਿਵੇਂ ਸ਼ੇਰ ਨੂੰ ਵੇਖਕੇ ਹਰਨ, ਅਥਵਾ ਕੂੜੇ ਪਹਾੜੀ ਰਾਜਿਆਂ ਨੂੰ ਗੁੱਸੇ ਹੋਕੇ ਬੇ ਪਤੇ ਕਰ ਦਿੱਤਾ।

[ਚਰਿੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ]

ਸ੍ਵੈਯਾ: ਰਸ ਬੀਰ ਭਰੇ, ਜਨ ਧੀਰ ਕਹੇ
ਬਹੁ ਪੀਰ ਹਰੇ, ਭਵ ਫੰਧਨ ਕੇ।
ਸੁਖ ਮੂਲ ਭਲੇ, ਅਨਕੂਲ ਢਲੇ
ਰਿਪੁ ਸੂਲ ਮਿਲੇ, ਅਘ ਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ
ਕਰਿ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ
ਤੇਗ ਬਹਾਦਰ ਨੰਦਨ ਕੇ* ॥੩੯॥

ਰਸ ਬੀਰ = ਬੀਰ ਰਸ। ਜਨ = ਦਾਸ। ਭਵ = ਸੰਸਾਰ। ਜਨਮ।
ਭਲੇ = ਚੰਗੇ ਢੰਗ ਨਾਲ। ਸੁਹਣੀ ਤਰ੍ਹਾਂ।

ਅਨੁਕੂਲ = ਜੋ ਅਨੁਸਾਰ ਹੋਵੇ ਸੋ ਅਨੁਕੂਲ। ਸੋ ਸਦਾ ਹਿਤ ਕਰੇ ਸੋ ਅਨੁਕੂਲ। ਸੋ 'ਅਨੁਕੂਲ ਢਲੇ' ਦੇ ਦੋ ਭਾਵ ਹੋ ਸਕਦੇ ਹਨ। (ੳ) ਗੁਰੂ ਜੀ ਦਾਸਾਂ ਦੇ ਸਦਾ ਅਨੁਕੂਲ ਹਨ ਅਰ ਉਹਨਾਂ ਤੇ ਮੇਹਰ ਨਾਲ ਢਲੇ ਰਹਿੰਦੇ ਹਨ, ਭਾਵ ਦਾਸਾਂ ਦੇ ਸਦਾ ਹਿਤ ਵਿਚ ਹਨ। (ਅ) ਜੋ ਸਿਖ ਉਹਨਾਂ ਦੇ ਅਨੁਸਾਰੀ ਹਨ ਉਹਨਾਂ ਤੇ ਪਸੀਜਦੇ ਹਨ।

* ਇਹ ਸ੍ਵੈਯਾ ਅੱਗੇ ਰੁਤ ੧ ਅੰਸੂ ੧ ਅੰਕ ੨੨ ਵਿਚ ਬੀ ਆਵੇਗਾ।

ਮਿਲੇ = ਮਿਲਾਉਣ ਵਾਲੇ, ਪਾਉਣ ਵਾਲੇ (ਅ) ਰਿਪੁ ਸੂਲ ਮਿਲੇ = ਸ਼ੱਤ੍ਰੂ ਆਪੇ ਹੀ ਸੂਲੀ ਚੜ੍ਹੇ ਰਹਿੰਦੇ ਹਨ, ਅਥਵਾ ਪੀੜਤ ਹੁੰਦੇ ਜਾਂਦੇ ਹਨ।

ਅਘ = ਪਾਪ। ਕੰਦਨ = ਕੱਟਣ ਵਾਲੇ।

ਹਿਲੇ = ਹਿਲਣਾ, ਗਿੱਝਣਾ। ਪ੍ਰੇਮ ਵਾਲੇ ਹੋ ਜਾਣਾ।

(ਅ) ਸਿਖ+ਪਾ+ਠਹਿਲੇ, ਇਉਂ ਪਾਠ ਕਰਕੇ ਇਹ ਅਰਥ ਭੀ ਕਰਦੇ ਹਨ-ਜੋ ਸਿੱਖ ਚਰਨਾਂ ਨੂੰ ਆਕੇ ਠਹਿਲੇ = ਠਹਿਕੇ ਅਰਥਾਤ ਲਗੇ, ਉਨ੍ਹਾਂ ਦੇ ਦੁਖ ਦੋਖ ਦਲ ਦਿੱਤੇ।

ਮਿੱਤ੍ਰ = ਮੈਤ੍ਰੀ ਵਾਲੇ, ਪਜ਼ਾਰ ਵਾਲੇ।

ਬਚਿੱਤ੍ਰ = ਅਨੋਖੇ, ਅਸਚਰਜ ਵਿਚ ਪਾ ਦੇਣ ਵਾਲੇ।

ਚਰਿੱਤ੍ਰਤਿ = ਚਰਿੱਤ੍ਰਾਂ ਵਾਲੇ ਹਨ।

ਤੇਗ ਬਹਾਦਰ ਨੰਦਨ ਕੇ = ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤ੍ਰ ਦਸਮ ਗੁਰੂ ਜੀ।

ਅਰਥ: ਬੀਰ ਰਸ (ਨਾਲ) ਭਰਪੂਰ ਹਨ, (ਆਪਣੇ) ਦਾਸਾਂ ਨੂੰ ਧੀਰਜ (ਦਾਨ) ਕਰਨ ਵਾਲੇ ਹਨ, (ਉਨ੍ਹਾਂ ਦੀਆਂ) ਅਨੇਕਾਂ ਪੀੜਾਂ ਤੇ ਸੰਸਾਰ ਦੇ ਫੰਧਿਆਂ ਨੂੰ ਦੂਰ ਕਰਨ ਵਾਲੇ ਹਨ। ਸੁਹਣੀ ਤਰ੍ਹਾਂ (ਨਾਲ ਸਾਰੇ) ਸੁਖਾਂ ਦਾ ਮੂਲ ਹਨ, ਅਨਕੂਲ ਹਨ (ਤੇ ਦਾਸਾਂ ਉਤੇ) ਪਸੀਜਣ ਵਾਲੇ ਹਨ। (ਪ੍ਰਜਾ ਦੇ) ਵੈਰੀਆਂ ਨੂੰ ਪੀੜਾ ਵਿਚ ਪਾਉਣ ਵਾਲੇ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। (ਜੋ) ਸਿੱਖ (ਬਾਣੀ ਦੇ) ਪਾਠ ਦੇ ਪ੍ਰੇਮੀ ਹੋ ਗਏ ਹਨ, (ਉਹਨਾਂ ਦੇ) ਦੋਖਾਂ ਦੇ ਦੁੱਖਾਂ ਨੂੰ ਦਲ ਸਿੱਟਣ ਵਾਲੇ ਹਨ (ਤੇ ਉਨ੍ਹਾਂ ਦੇ ਕਿਰਤ) ਕਾਰਜ ਅਨੰਦ ਨਾਲ ਸੁਆਰ ਦਿੰਦੇ ਹਨ, ਡਾਢੇ ਪਿਆਰ ਵਾਲੇ ਪਵਿੱਤ੍ਰ ਤੇ ਅਸਚਰਜ ਚਰਿੱਤ੍ਰਾਂ ਵਾਲੇ ਹਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸੁਪੁੱਤ੍ਰ (ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ)।

[ਸਤਿਗੁਰਾਂ ਦੀ ਕਥਾ]

ਸ੍ਵੈਯਾ: ਥਿਤਿ ਦਾ ਚਿਤ ਕੀ, ਨਿਤ ਦਾ ਬਿਤ ਕੀ
ਹਿਤ ਦਾ ਕਿਤ ਕੀ, ਸੁਨਿਹੰਤ ਜਰੀ।
ਸ਼ਰਧਾ ਗੁਰ ਕੀ ਸੁਧਿ ਦਾ ਉਰਕੀ
ਹਰਿਤਾ ਜਰ ਕੀ, ਸੁਖ ਪੁੰਜ ਜਰੀ।
ਸਭਿ ਸਾਰ ਮਥਾ, ਘ੍ਰਿਤ ਲੀਨ ਜਥਾ
ਇਹ ਚਾਰੁ ਕਥਾ, ਅਜਰਾਨ ਜਰੀ।
ਗੁਨ ਬਿੰਦ੍ਰ ਗੁਬਿੰਦ ਮ੍ਰਿਗਿੰਦ ਮੁਕੰਦ
ਅਨੰਦਕ ਚਾਰੁ ਜਰਾਉ ਜਰੀ* ॥੪੦॥

ਥਿਤਿ = ਟਿਕਾਉ, ਠਾਹਰ। [ਸੰਸ: ਸ੍ਥਿਤਿ]

ਨਿਤ ਦਾ ਬਿਤ ਕੀ = ਨਿਤ ਬਿਤ ਕੀ ਦਾ = ਨਿਤ ਗੁਣ ਵਾਲੇ ਧਨ ਦੀ ਦਾਤੀ, ਭਾਵ ਨਾਮ ਧਨ ਦੀ ਦਾਤੀ। (ਅ) ਸਦਾ ਦੇਣ ਵਾਲੀ ਹੈ ਦੌਲਤ ਦੀ, ਭਾਵ ਸੰਸਾਰਕ ਪਦਾਰਥਾਂ ਦੀ। [ਸੰਸ: ਨਿਤਜ। ਵਿਤ੍ਤ]।

ਹਿਤ ਦਾ ਕਿਤਕੀ = ਹਿਤ ਕਿਤ ਕੀ ਦਾ = ਕੀਰਤਨ ਭਗਤੀ ਦੀ ਦਾਤੀ।

*ਇਹ ਸ੍ਵੈਯਾ ਬੀ ਅੱਗੇ ਜਾਕੇ ਰੁੱਤ ਪਹਿਲੀ ਅੰਸੂ ੧ ਅੰਕ ੨੩ ਵਿੱਚ ਆਵੇਗਾ।

[ਸੰਸ: ਕ੍ਰਿਤਿ, ਧਾਤੂ ਹੈ = ਕੀਰਤਿ ਕਰਨੀ]। (ਅ) ਹਿਤ ਦਾ = ਪ੍ਰੇਮ ਦਾਤੀ। ਕਿਤ ਦਾ = ਅਰੋਗਤਾ ਦੀ ਦਾਤੀ। ਕਿਤਕੀ = ਅਰੋਗਤਾ ਕਰਨ ਵਾਲੀ। [ਸੰਸ: ਕਿਤ੍-ਧਾਤੂ ਹੈ = ਚਕਿਤਸਾ ਕਰਨੀ]।

ਹੰਤ = ਅਹੰਤਾ। ਜਰੀ = ਸਾੜਨ ਵਾਲੀ। ਸੜ ਜਾਂਦੀ ਹੈ।

ਸੁਧਿਦਾ = ਸੁੱਧਤਾ ਦਾਤੀ, ਸਫਾਈ ਦੇਣ ਵਾਲੀ।

ਉਰ = ਦਿਲ ਦੀ। ਜੁਰ = ਤਾਪ, ਮੁਰਾਦ ਤ੍ਰੈ ਤਾਪਾਂ ਤੋਂ ਹੈ।

ਸੁਖ ਪੁੰਜ ਜਰੀ = ਸੁਖਾਂ ਦੇ ਸਮੂਹ ਤੋਂ ਬਣਿਆਂ ਜ਼ਰੀਬਾਦਲਾ ਹੈ [ਫਾ: ਜ਼ਰੀ = ਸੋਨੇ ਦੀਆਂ ਤਾਰਾਂ ਤੋਂ ਬਣੀ ਸ਼ੈ, ਜ਼ਰੀ ਬਾਦਲਾ]।

(ਅ) ਜਰੀ = ਜੜੀ = ਜੜੀ ਬੂਟੀ, ਭਾਵ ਔਸ਼ਧੀ।

ਸੁਖ ਪੁੰਜ ਜਰੀ = ਸਾਰੇ ਸੁਖਾਂ ਦੀ ਦਵਾਈ ਹੈ।

ਮਥਾ = ਰਿੜਕਕੇ। ਘ੍ਰਿਤ = ਘਿਉ। ਚਾਰੁ = ਸੁੰਦਰ।

ਅਜਰਾ = ਜੋ ਕਦੇ ਕੁਮਲਾਵੇ ਭਾਵ ਵਿਗੜੇ ਨਹੀਂ। ਸਦਾ ਇਕ ਰਸ ਰਹੇ।

ਨ ਜਰੀ = ਜਿਸ ਨੂੰ ਬੁਢਾਪਾ ਨਾ ਆਵੇ। (ਅ) ਅਜਰ ਨੂੰ ਜਰ (ਲੈਣਾ ਸਿਖਾਲਣ ਵਾਲੀ)। (ੲ) ਇਹ ਕਥਾ ਅਜਰ ਵਸਤੂ ਨਹੀਂ, ਜਰੀ ਜਾਣ ਵਾਲੀ ਹੈ, ਅਰਥਾਤ ਇਸ ਨੂੰ ਸੁਣਕੇ ਸ੍ਰੋਤਾ ਇਸਨੂੰ ਆਪਣੇ ਅੰਦਰ ਸਮਝੇਗਾ ਤੇ ਕ੍ਰਿਤਾਰਥ ਹੋਵੇਗਾ। (ਸ) ਇਸਨੂੰ ਜਰਨਗੇ ਅਜਰ ਨੂੰ ਜਰ ਲੈਣ ਦੇ ਸੁਭਾਵ ਵਾਲੇ (ਪ੍ਰੇਮੀ)। (ਹ) ਅਜਰਾ = ਜੰਗਲ ਤੋਂ ਰਹਿਤ। ਨਜਰੀ = ਨਜਰੋਂ ਲੰਘਿਆ, ਪਰਖਿਆ ਹੋਇਆ। (ਕ) ਅਜਰ = ਮੁੱਲ। ਅਨਜਰੀ = ਬੇਕੀਮਤ ਅਮੋਲਕ। [ਅ: ਅਜਰ = ਉਜਰਤ, ਕੀਮਤ।]

ਚਾਰੁ = ਸੁੰਦਰ। (ਅ) ਗਹਿਣਾ। ਅਨੰਦਕ ਚਾਰੁ ਜਰਾਉ ਜਰੀ = ਅਨੰਦਦਾਇਕ ਗਹਿਣੇ ਦੀ ਜੜਤ ਜੜੀ ਹੈ।

ਜਰਾਉ = ਜੜਤ। ਜਰੀ = ਜੜੀ ਹੋਈ ਹੈ।

ਅਰਥ: (ਸਤਿਗੁਰਾਂ ਦੀ ਕਥਾ) ਚਿੱਤ ਨੂੰ ਟਿਕਾਉ ਦੇਣ ਵਾਲੀ, ਨਿੱਤ ਧਨ (ਨਾਮ) ਦੀ ਦਾਤੀ ਹੈ, ਕੀਰਤਨ ਭਗਤੀ ਦੀ ਦਾਤੀ ਹੈ (ਤੇ ਜਿਸਦੇ) ਸੁਣਨ ਨਾਲ ਹਉਮੈਂ ਸੜ ਜਾਂਦੀ ਹੈ। ਸਤਿਗੁਰਾਂ (ਦੇ ਚਰਨਾਂ ਵਿਚ) ਸ਼ਰਧਾ (ਅਤੇ) ਰਿਦੇ ਨੂੰ ਸੁੱਧਤਾ ਦੇਣ ਵਾਲੀ ਹੈ, (ਤ੍ਰੈਆਂ) ਤਾਪਾਂ ਦੇ ਹਰਨ ਵਾਲੀ ਸਾਰੇ ਸੁਖਾਂ ਦੀ ਔਖਧੀ ਹੈ। ਇਸ (ਸਤਿਗੁਰਾਂ ਦੀ) ਸੁੰਦਰ ਕਥਾ (ਵਿਚ) ਸਾਰਾ ਤੱਤ ਰਿੜਕਕੇ (ਲੈ ਲੀਤਾ ਗਿਆ ਹੈ) ਜਿਵੇਂ ਘਿਉ (ਕੱਢ) ਲਈਦਾ (ਹੈ), ਇਹ (ਕਥਾ ਹੈ) ਇਕ ਰਸ ਰਹਿਣ ਵਾਲੀ ਤੇ ਕਦੇ ਬੁੱਢੀ ਨਾਂ ਹੋਣ ਵਾਲੀ* (ਸ੍ਰੀ ਗੁਰੂ) ਗੋਬਿੰਦ ਸਿੰਘ ਮੁਕਤੀ ਦਾਤੇ ਦੇ ਸਾਰੇ ਗੁਣਾਂ (ਰੂਪੀ ਰਤਨਾਂ) ਦੇ (ਮਾਨੋ) ਆਨੰਦਦਾਇਕ ਗਹਿਣੇ ਦੀ ਜੜਤ ਬਣੀ ਹੈ।

ਭਾਵ: ਇਸ ਵਿਚ ਕਵਿ ਜੀ ਨੇ ਉਸ ਕਥਾ ਦੇ ਗੁਣ ਦੱਸੇ ਹਨ ਜੋ ਓਹ ਲਿਖਦੇ ਆਏ ਤੇ ਅੱਗੋਂ ਲਿਖਣਗੇ। ਦਸ ਗੁਰੂ ਸਾਹਿਬ ਜੀ ਹਨ ਤੇ ਦਸ ਹੀ ਗੁਣ ਆਪ ਨੇ ਕਥਾ ਦੇ ਏਥੇ ਕਥਨ ਕੀਤੇ ਹਨ। ਅੱਠ ਗੁਣ ਪਹਿਲੀਆਂ ਦੋ ਤੁਕਾਂ ਵਿਚ ਹਨ, ਨਾਵਾਂ ਤੀਸਰੀ ਵਿਚ

---

*ਘ੍ਰਿਤ ਦਾ ਰੂਪਕ-ਅਜਰਾ ਨਜਰੀ = ਦੇ ਅਰਥਾਂ ਨੂੰ ਬੰਨ੍ਹ ਦੇਂਦਾ ਹੈ। ਦੁੱਧ ਦਹੀਂ ਮੱਖਣ ਛੇਤੀ ਖਰਾਬ ਹੁੰਦੇ ਹਨ, ਪਰ ਘਿਉ ਖਰਾਬ ਨਹੀਂ ਹੁੰਦਾ, ਤਿਵੇਂ ਇਹ ਕਥਾ ਜਰਾ (ਬੁਢੇਪੇ) ਨੂੰ ਪ੍ਰਾਪਤ ਨਹੀਂ ਹੁੰਦੀ। ਦੂਸਰੇ, ਘਿਉ ਐਵੇਂ ਖਾਧਾ ਪਚਦਾ ਘੱਟ ਹੈ, ਪਰ ਇਹ ਕਥਾ (ਅਜਰਾ+ਨ =) ਅਜਰ ਨਹੀਂ, ਨਾ ਪਚਣੇ ਵਾਲੀ ਨਹੀਂ, ਸਗੋਂ ਜਰੀ-ਪਚਣ ਵਾਲੀ ਹੈ, ਭਾਵ ਸਭ ਨੂੰ ਸੁਖਾਵੇਗੀ।

ਤੇ ਦਸਵਾਂ ਚੌਥੀ ਵਿਚ। ਇਸ ਤੋਂ ਇਹ ਬੀ ਸਮਝ ਪੈਂਦੀ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਇਕੋ ਹੀ ਕਥਾ ਕਹਿ ਰਹੇ ਹਨ। ਗੁਣ ਜੋ ਗਿਣੇ ਹਨ ਏਹ ਹਨ:-

੧. ਚਿੱਤ ਨੂੰ ਟਿਕਾਉਣ ਵਾਲੀ।
੨. ਨਿੱਤਜਧਨ ਦੀ ਦਾਤੀ।
੩. ਕੀਰਤ (ਭਗਤੀ) ਦੀ ਦਾਤੀ।
੪. ਅਹੰ ਨੂੰ ਸਾੜਨ ਵਾਲੀ।
੫. ਸਤਿਗੁਰਾਂ ਵਿਚ ਸ਼ਰਧਾ ਦੀ ਦਾਤੀ।
੬. ਦਿਲ ਦੀ ਸ਼ੁੱਧੀ ਦੀ ਦਾਤੀ।
੭. ਤ੍ਰੈ ਤਾਪ ਹਰਤਾ (ਦੁਖ ਨਾਸ਼ਕ)।
੮. ਸੁੱਖਾਂ ਦੀ ਦਵਾਈ ਰੂਪ।
੯. ਅਜਰ ਨੂੰ ਪਚਾ ਦੇਣ ਵਾਲੀ।
੧੦. ਬ੍ਰਿੰਦ ਗੁਣਾਂ ਦੀ ਦਾਤੀ, ਵਿਸ਼ੇਸ਼ ਕਰਕੇ 'ਆਨੰਦਦਾਯ' ਮੁਕਤੀ ਦੀ ਦਾਤੀ।

ਏਹ ਦਸੇ ਗੁਣ ਦਸਾਂ ਗੁਰੂ ਸਾਹਿਬਾਂ ਵਿਚ ਹਨ ਤੇ ਉਨ੍ਹਾਂ ਦੀ ਕਥਾ ਇਨ੍ਹਾਂ ਦੀ ਦਾਤੀ ਹੈ।

[ਖਾਲਸਾ-ਕਲਪ ਬ੍ਰਿੱਛ ਦੇ ਰੂਪਕ ਵਿਚ]

ਕਬਿੱਤ: ਸ੍ਰੀ ਗੁਰੂ ਜਗਤ ਪਤਿ ਜਗਤ ਸਦਨ ਮਾਂਝ
ਹਿੰਦਵਾਨ ਅਜਰ ਬਿਰਾਜਬੇ ਕੀ ਲਾਲਸਾ।
ਸੂਰਤਣ ਬੀਜ ਤੇ ਅੰਕੂਰ ਭਯੋ ਮਹਾਂ ਜੁੱਧ
ਅੰਮ੍ਰਿਤ ਕੋ ਦੇਨਿ ਤੁਚਾ ਬ੍ਰੱਧਤਿ ਨਿਰਾਲਸਾ।
ਸਦ ਗੁਨ ਦਲ ਤੇ ਸਦਲ ਭਏ ਭੂਪ ਡਾਲ
ਭਜਨ ਕੁਸਮ ਫਲ ਗਜਾਨ ਤਤਕਾਲਸਾ।
ਪਰ ਮਤ ਕਾਲਸਾ ਦਰਿੱਦ੍ਰ ਖਲ ਦਾਲਸਾ
ਪ੍ਰਤਾਪ ਰਿਪੁ ਘਾਲਸਾ ਕਲਪਤਰੁ ਖਾਲਸਾ ॥੪੧॥

ਪਤਿ = ਮਾਲਕ (ਅ) ਪਤ = ਇੱਜ਼ਤ। ਸਦਨ = ਘਰ।

ਹਿੰਦਵਾਨ = ਹਿੰਦ ਦੇ ਓਹ ਵਾਸੀ ਜੋ ਹਿੰਦ ਨੂੰ ਅਪਣਾ ਵਤਨ ਅਪਣੇ ਧਰਮ ਅਸਥਾਨਾਂ ਦਾ ਥਾਉਂ ਮੰਨਦਾ ਤੇ ਪੁਰਾਤਣ ਸ੍ਵਦੇਸ਼ੀ ਸੱਤਜਤਾ ਦਾ ਮਾਣ ਰਖਦਾ ਹੈ। ਹਿੰਦੀ ਯਾ ਹਿੰਦੂ।

ਅਜਰ = ਜਿਸਨੂੰ ਬੁਢੇਪਾ ਨਾ ਆਵੇ। ਸਦਾ ਪ੍ਰਫੁਲਜਤ। ਮੁਰਾਦ ਹੈ ਜਿਸਦਾ ਤੇਜ, ਪ੍ਰਤਾਪ ਤੇ ਹਸਤੀ ਸਦਾ ਰਹੇ। (ਅ) ਅਜਰ ਦਾ ਅਰਥ ਵਿਹੜਾ ਬੀ ਹੈ, ਉਹ ਬੀ ਏਥੇ ਲਾਉਂਦੇ ਹਨ।

ਬਿਰਾਜਬੇ = ਵਸਾਉਣਾ। ਵਸਦੀ ਰਖਣਾ।

ਲਾਲਸਾ = ਇੱਛਾ, ਚਾਹਨਾ। ਤੁਚਾ-ਚਮੜਾ, ਛਾਲ।

ਬ੍ਰਿੱਛ ਦੇ ਮੁੱਢ ਉਤੇ ਜੋ ਛਾਲ ਹੁੰਦੀ ਹੈ ਉਸ ਨੂੰ ਤੁਚਾ ਆਖਦੇ ਹਨ।

[ਸੰਸ: ਤ੍ਵਚ] ਬ੍ਰੱਧਤਿ = ਵਧਦਾ ਹੈ।

ਨਿਰਾਲਸਾ = ਨਿਰ+ਆਲਸਾ = ਆਲਸ ਤੋਂ ਹੀਣਤਾ। ਸ਼ੀਘ੍ਰਤਾ, ਛੇਤੀ।

ਸਦਗੁਣ = ਸ੍ਰੇਸ਼ਟ ਗੁਣ, ਦੈਵੀ ਗੁਣ, ਸਤਿ ਸੰਤੋਖ ਆਦੀ।

ਦਲ = ਪੱਤੇ। ਸਦਲ = ਸ+ਦਲ। ਸ = ਸਮੇਤ। ਫੌਜਾਂ ਸਮੇਤ।

ਦਲ = ਫੌਜ।

ਤਤਕਾਲ ਸਾ = ਛੇਤੀ ਹੋਣ ਵਾਲਾ। ਗਜ਼ਾਨ ਤਤ ਕਾਲਸਾ = ਓਹ ਗਜ਼ਾਨ ਜੋ ਤੁਰਤ ਹੋ ਜਾਵੇ। ਕਵੀ ਜੀ ਦਾ ਭਾਵ, ਜਿਸਨੂੰ ਭਜਨ ਰੂਪੀ ਫੁਲ ਪੈ ਰਿਹਾ ਹੈ, ਉਸਨੂੰ ਗਜ਼ਾਨ ਫਲ ਛੇਤੀ ਪੈਂਦਾ ਹੈ।

ਪਰ ਮਤ = ਪਰਾਯਾ ਮਤ = ਓਹ ਮਤ ਜੋ ਪਰਮੇਸ਼ਰ ਨੂੰ ਓਪਰਾ ਕਰ ਦੇਵੇ।

(ਅ) ਓਹ ਮਤ ਜੋ ਵਿਦੇਸ਼ ਤੇ ਓਪਰੇ ਲੋਕਾਂ ਤੋਂ ਆਯਾ ਹੋਵੇ।

ਕਾਲਸਾ = ਕਾਲ ਵਰਗਾ, ਮੌਤ ਸਮਾਨ। ਖਲ = ਦੁਸ਼ਟ।

ਦਾਲਸਾ = ਦਲਨ ਵਾਲਾ।

ਪ੍ਰਤਾਪ = ਤੇਜ। ਪ੍ਰਤਾਪ ਰਿਪੁ = ਵੈਰੀਆਂ ਦੇ ਤੇਜ ਨੂੰ (ਅ) ਪ੍ਰ = ਪ੍ਰਜਾ (ਪ੍ਰਜਾ ਦਾ ਸੰਖੇਪ)। ਤਾਪ = ਕਲੇਸ਼। ਪ੍ਰਤਾਪ ਰਿਪੁ = ਪ੍ਰਜਾ ਨੂੰ ਕਲੇਸ਼ ਦੇਣ ਵਾਲੇ ਵੈਰੀਆਂ ਨੂੰ।

ਘਾਲਸਾ = ਘਾਲਣ ਵਾਲਾ, ਨਾਸ਼ ਕਰਤਾ। ਕਲਪ ਤਰੁ = ਕਲਪ ਬ੍ਰਿੱਛ।

ਅਰਥ: (ਖਾਲਸਾ ਰੂਪੀ ਕਲਪ ਬ੍ਰਿੱਛ ਦੀ ਉਤਪਤੀ ਆਦਿ ਦਾ ਰੂਪਕ ਬੰਨ੍ਹਦੇ ਹਨ:-) ਜਗਤ ਦੇ ਮਾਲਕ ਸ੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ (ਰੂਪੀ) ਘਰ ਵਿਚ ਹਿੰਦੀਆਂ ਨੂੰ ਸਦਾ ਪ੍ਰਫੁੱਲਤ ਵਸਾਉਣ ਦੀ 'ਲਾਲਸਾ' (ਸਫੁਰਣ) ਹੋਈ, (ਇਸ ਫੁਰਨੇ ਤੋਂ) 'ਸੂਰਮਤਾ' (ਦਾ ਬੀਜ ਬਣਿਆਂ, ਇਸ ਬੀਜ ਤੋਂ) ਮਹਾਂ ਜੁੱਧ (ਰੂਪੀ) ਅੰਗੂਰ ਫੁੱਟਿਆ (ਜੋ) ਅੰਮ੍ਰਤ ਦੇ ਦੇਣ ਨਾਲ ਛੇਤੀ ਹੀ ਛਾਲ (ਸਮੇਤ ਪੇੜ ਹੋ) ਵਧਿਆ, (ਇਸ ਨੂੰ) ਸ੍ਰਸ਼ ਦੈਵੀਗੁਣ (ਰੂਪੀ) ਪੱਤੇ ਪਏ ਤੇ 'ਦਲਾਂ ਸਮੇਤ ਰਾਜੇ' ਡਾਲ (ਲੱਗੇ), ਬੰਦਗੀ ਦਾ ਇਸ ਨੂੰ ਫੁੱਲ ਤੇ ਸ਼ੀਘਰ ਪ੍ਰਾਪਤ ਹੋਣ ਵਾਲਾ ਗਜ਼ਾਨ (ਇਸ ਨੂੰ) ਫਲ (ਪਿਆ), ਇਹ ਖਾਲਸਾ (ਰੂਪੀ) ਕਲਪ ਬ੍ਰਿੱਛ (ਹੁਣ ਇਨ੍ਹਾਂ ਗੁਣਾਂ ਵਾਲਾ ਲਹਿ ਲਹਿ ਕਰ ਰਿਹਾ ਹੈ), ਪਰਾਏ (ਵਾਹਿਗੁਰੂ ਵਿਮੁਖ) ਮਤਾਂ ਨੂੰ ਮੌਤ ਵਾਂਙੂ ਹੈ, ਦਲਿੱਦ੍ਰ ਤੇ ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ ਹੈ, (ਤੇ ਪ੍ਰਜਾ ਦੇ) ਵੈਰੀਆਂ ਦੇ ਪ੍ਰਤਾਪ ਨੂੰ ਨਸ਼ਟ ਕਰਨ ਵਾਲਾ ਹੈ।

ਹੋਰ ਅਰਥ: ਜਗਤ ਦੇ ਮਾਲਕ ਸ੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ ਘਰ ਦੇ ਵੇਹੜੇ (ਹਿੰਦੁਸਤਾਨ) ਵਿਚ (ਖਾਲਸਾ ਕਲਪ ਬ੍ਰਿੱਛ) ਲਾਉਣ ਦੀ ਇੱਛਾ ਹੋਈ। ਪਰੰਤੂ ਇਹ ਅਰਥ ਸਾਰਵ ਭੌਮਿਕ ਖਾਲਸਾ ਧਰਮ ਨੂੰ ਹਿੰਦੁਸਤਾਨ ਵਿਚ ਮਹਿਦੂਦ ਕਰਦਾ ਹੈ।

[ਖਾਲਿਸੇ ਦੇ ਤੇਜ ਦਾ ਰੂਪਕ]

ਕਬਿੱਤ: ਪਾੜ੍ਹੇ ਸੇ ਪਠਾਨ ਹੋਤਿ ਸਸੇ ਸੂਬੇ ਊਕਸੇ ਨਾ
ਕਾਬਲੀ ਕੁਰੰਗ ਆਗੈ ਠਹਿਰ ਸਕੈ ਨਹੀਂ।
ਰੋਝ ਰਜਪੂਤ ਹੈ ਝੰਖਾੜ ਸੇ ਮਲੇਛ ਬਹੁ
ਬਿਚਰੇ ਬਰਾਹ ਜਯੋਂ ਬਲੋਚ ਕਯੋ ਜਕੈ ਨਹੀਂ।
ਮੁਗ਼ਲ ਮਤੰਗ ਮਾਰ ਗਾਜਤਿ ਸੰਤੋਖ ਸਿੰਘ
ਸੱਯਦ ਸਯਾਲ ਹ੍ਵੈ ਸਮੁਖ ਸੋ ਤਕੈ ਨਹੀਂ।
ਤੁਰਕਨ ਤੇਜ ਤਾਮਾ ਤੌਂ ਲਗ ਤਰੋ ਈ ਤਰੈ
ਖਾਲਸਾ ਸਰੂਪ ਸਿੰਘ ਜੌਂ ਲਗ ਛਕੈ ਨਹੀਂ ॥੪੨॥

ਪਾੜ੍ਹੇ = ਇਕ ਪ੍ਰਕਾਰ ਦਾ ਚਿੱਟੇ ਚਿੱਤ੍ਰਾਂ ਵਾਲਾ ਹਿਰਨ।

ਸਸੇ = ਸਹਿਆ। ਸੰਸ: ਸ਼ਸ਼ਿਨ੍

ਸੂਬਾ = ਮੁਸਲਮਾਨਾਂ ਦੇ ਵੇਲੇ ਦੇ ਇਕ ਮਿਥੇ ਇਲਾਕੇ ਦਾ ਹਾਕਮ।
ਊਕਸੇ = ਨਿਕਲਦੇ ਨਹੀਂ, ਉਭਰਦੇ ਨਹੀਂ, ਉਭਾਸਰਦੇ ਨਹੀਂ।
ਕਾਬਲੀ = ਕਾਬਲ ਵਾਸੀ, ਮੁਰਾਦ ਹੈ ਅਫ਼ਗ਼ਾਨ ਤੋਂ।
ਕੁਰੰਗ = ਹਰਨ, ਬਦਾਮੀ ਰੰਗ ਦਾ ਹਰਨ।
ਰੋਝ = ਨੀਲ ਗਾਇ।
ਝੰਖਾੜ = ਬਾਰਾਂ ਸਿੰਗਾ, ਜਿਸ ਦੇ ਸਿਰ ਦੇ ਸਿੰਗ ਝਾੜ ਦਾਰ ਯਾ ਝਾੜੀ ਵਾਂਙੂ ਹੋਣ।
ਬਰਾਹ = ਸੂਰ। ਕਯੋ = ਕਿਯੋ, ਕਿਹੁ = ਕੁਛ। ਜ਼ਰਾ ਬੀ।
ਜਕੈ = ਹਠ ਕਰ ਸੱਕਣਾ, ਤੱਗ ਸੱਕਣਾ, ਅੜ ਸੱਕਣਾ।
ਮਤੰਗ = ਹਾਥੀ।
ਸਯਾਲ = ਗਿੱਦੜ। [ਸੰਸ: ਸ਼੍ਰਿਗਾਲ। ਪ੍ਰਾਕ੍ਰਿਤ, ਸਿਆਲ]।
ਤਕੈ = ਤੱਕ ਨਹੀਂ ਸਕਦੇ।
ਤਾਮਾ = ਉਹ ਮਾਸ ਜੋ ਸ਼ਿਕਾਰੀ ਜਾਨਵਰਾਂ ਨੂੰ ਖਾਣ ਲਈ ਦੇਂਦੇ ਹਨ।
ਤਰੋ ਈ ਤਰੈ = ਸਲਾਮਤ ਹੈ, ਤਰ ਬਤਰ ਦਿੱਸਦਾ ਹੈ।
ਛਕੈ ਨਹੀਂ = ਖਾਂਦਾ ਨਹੀਂ, (ਖਾਲਸੇ ਦਾ ਬੋਲਾ ਹੈ: ਛਕਣਾ = ਖਾਣਾ)।

ਅਰਥ: ਖਾਲਸੇ ਨੂੰ ਸ਼ੇਰ ਦੇ ਰੂਪਕ ਵਿਚ ਵਰਣਨ ਕਰਦੇ ਹਨ:- (ਸ਼ੇਰ ਸਰੂਪ ਖਾਲਸੇ ਦੇ ਅੱਗੇ) ਪਠਾਣ ਪਾੜ੍ਹੇ ਵਾਂਙੂ (ਢਿੱਲੇ) ਹੋ ਜਾਂਦੇ ਹਨ, (ਤੇ) ਸੂਬੇ ਸਹੇ (ਵਾਂਙੂ ਐਸੇ ਦਬਕਦੇ ਹਨ ਕਿ) ਉਕਸਦੇ ਹੀ ਨਹੀਂ, (ਤੇ) ਕਾਬਲੀ (ਅਫ਼ਗ਼ਾਨ) ਹਿਰਨ (ਵਾਂਙੂ) ਅੱਗੇ ਠਹਿਰ ਹੀ ਨਹੀਂ ਸਕਦੇ। ਰਾਜਪੂਤ (ਰਾਜੇ) ਰੋਝ ਵਾਂਙੂ (ਤੇ ਹੋਰ) ਬਥੇਰੇ ਮਲੇਛ (ਨਵਾਬ) ਝੰਖਾੜ (ਵਾਂਙ ਦਬਕੇ ਹੋਏ) ਵਿਚਰਦੇ ਹਨ, ਬਲੋਚ (ਤਾਂ) ਸੂਰਾਂ ਵਾਂਙੂ ਕੁਛ ਅੜ ਹੀ ਨਹੀਂ ਸਕਦੇ। ਸੰਤੋਖ ਸਿੰਘ (ਕਹਿੰਦਾ ਹੈ ਕਿ ਖਾਲਸਾ ਰੂਪੀ ਸ਼ੇਰ) ਮੁਗ਼ਲ (ਰੂਪੀ) ਹਾਥੀ ਨੂੰ ਮਾਰਕੇ (ਤਾਂ ਖੂਬ) ਗੱਜਦਾ ਰਿਹਾ ਹੈ, ਸੱਯਦ ਗਿੱਦੜ (ਹੋ ਰਹੇ ਹਨ) ਓਹ ਤਾਂ ਸਾਹਮਣੇ ਬੀ ਨਹੀਂ ਤੱਕ ਸਕਦੇ, (ਹੁਣ ਤਾਂ) ਤੁਰਕਾਂ ਦੇ ਤੇਜ (ਰੂਪੀ ਤਨ ਦਾ) ਮਾਸ ਤਦ ਤਕ ਹੀ ਸਲਾਮਤ ਹੈ ਜਦ ਤਕ ਕਿ ਸ਼ੇਰ ਰੂਪੀ ਖਾਲਸਾ ਇਸ ਨੂੰ ਖਾਂਦਾ ਨਹੀਂ।

ਭਾਵ: ਕਵਿ ਜੀ ਇਹ ਉਸ ਵੇਲੇ ਲਿਖ ਰਹੇ ਹਨ ਜਿਸ ਵੇਲੇ ਪੰਜਾਬ ਵਿਚ ਸਿੱਖ ਸਲਤਨਤ ਸੀ, ਮੈਨਦਾਬ ਵਿਚ ਸਿੱਖ ਰਿਆਸਤਾਂ, ਸਰਦਾਰੀਆਂ ਤੇ ਜਾਗੀਰਾਂ ਜੋਬਨਾਂ ਵਿਚ ਸਨ। ਆਪ ਬੀ ਕੈਂਥਲ ਦੀ ਰਿਆਸਤ ਵਿਚ ਬੈਠੇ ਸਨ। ਖਾਲਸਾ ਆਪਣੇ ਆਦਰਸ਼ ਵਿਚ ਕਿ ਦੇਸ਼ ਨੂੰ ਯਵਨ ਰਾਜ ਤੋਂ ਸਾਫ ਕਰਨਾ ਹੈ, ਕਾਮਯਾਬ ਹੋ ਰਿਹਾ ਸੀ, ਉਸ ਵੇਲੇ ਦਾ ਉਹਨਾਂ ਦਾ ਇਹ ਕੁਛ ਲਿਖਣਾ ਉਸ ਵੇਲੇ ਦੀ ਹਾਲਤ ਦੀ ਤਸਵੀਰ ਦੱਸਣੀ ਹੈ ਕਿ ਸਾਰੇ ਲੋਕ ਖਾਲਸੇ ਦਾ ਤੇਜ ਮੰਨਦੇ ਸਨ। ਦਿੱਲੀ ਦੇ ਤਖਤ ਪੁਰ ਨਾਮਧ੍ਰੀਕ ਮੁਗ਼ਲ ਪਾਤਸ਼ਾਹ ਸੀ ਤੇ ਕਿਤੇ ਕਿਤੇ ਕੋਈ ਨਵਾਬ ਤੇ ਪਹਾੜੀ ਰਾਜੇ ਸਨ ਜੋ ਸਭ ਸਿੱਖਾਂ ਤੋਂ ਦਬਕਦੇ ਸਨ. ਅੰਗਰੇਜ਼ਾਂ ਦਾ ਵਧਣਾ ਉਹਨਾਂ ਦੀ ਆਪਣੀ ਰਿਆਸਤ ਕੈਂਥਲ ਦਾ ਤਬਾਹ ਹੋ ਜਾਣਾ, ਪੰਜਾਬ ਦੀ ਸਿੱਖ ਸਲਤਨਤ ਦਾ ਗ਼ਰਕ ਹੋ ਜਾਣਾ, ਖਾਨਾ ਜੰਗੀ ਤੇ ਡੋਗਰਾ ਗਰਦੀ ਨਾਲ ਸਿੱਖਾਂ ਦਾ ਆਪਣੇ ਤੇਜ ਨੂੰ ਆਪ ਡੋਬ ਲੈਣਾ, ਇਹ ਹੋਣੀਆਂ ਅਜੇ ਵਰਤੀਆਂ ਨਹੀਂ ਸਨ, ਜਦੋਂ ਸ਼੍ਰੀ ਗੁਰ ਪ੍ਰਤਾਪ ਸੂਰਜ ਅਰੰਭਿਆ ਹੈ, ਅਜੇ ਮਹਾਰਾਜ ਰਣਜੀਤ ਸਿੰਘ ਜੀ ਪੰਜਾਬ ਵਿਚ ਜੀਉਂਦੇ ਸਨ, ਇਸ ਕਰਕੇ ਸਮੇਂ ਦਾ ਰੂਪਕ ਬੰਨ੍ਹ ਕੇ ਖਾਲਸੇ ਨੂੰ ਅਗਲੇ ਛੰਦ ਵਿਚ ਸਰਬ ਸ਼ਿਰੋਮਣਿ ਲਿਖਦੇ ਹਨ।

[ਪੰਥ ਸ਼ਿਰੋਮਣਤਾ]

ਦੋਹਰਾ: ਸਰਬ ਸ਼ਿਰੋਮਣਿ ਖਾਲਸਾ, ਰਚਜੋ ਪੰਥ ਸੁਖਦਾਇ।
ਇਕ ਬਿਨ ਗੰਦੇ ਧੂਮ ਤੇ, ਜਗ ਮੈਂ ਅਧਿਕ ਸੁਹਾਇ* ॥੪੩॥

ਅਰਥ: (ਸਤਿਗੁਰ ਜੀ ਨੇ ਇਹ) ਖਾਲਸਾ ਪੰਥ ਸਾਰਿਆਂ ਤੋਂ ਸ਼ਿਰੋਮਣੀ (ਅਤੇ ਸਾਰਿਆਂ ਨੂੰ) ਸੁਖ ਦੇਣ ਵਾਲਾ ਰਚਿਆ ਹੈ ਜੋ ਜਗਤ ਵਿਚ (ਸਾਰਿਆਂ ਤੋਂ) ਸੁਹਣਾ ਲਗ ਰਿਹਾ ਹੈ (ਇਕ ਹੋਰ ਵਾਧਾ ਇਹ ਹੈ ਕਿ ਸਾਰਾ ਜਗਤ) ਗੰਦੇ ਧੂੰਏ (ਨੂੰ ਲਗ ਪਿਆ ਹੈ ਪਰ ਇਹ) ਇਕੋ (ਕੌਮ ਹੈ ਜੋ ਇਸ ਤੋਂ) ਬਿਨਾ ਹੈ।

ਭਾਵ: ਪੰਜਾਬ ਖਾਸ ਵਿਚ ਸਿੱਖ ਸਲਤਨਤ ਅਪਣੇ ਤੇਜ ਵਿਚ ਹੈਸੀ ਜੋ ਅੱਸੀ ਹਜ਼ਾਰ ਫੌਜ ਮੈਦਾਨ ਜੰਗ ਵਿਚ ਇਕ ਦਮ ਲਿਆ ਸਕਦੀ ਸੀ ਤੇ ਸਤਲੁਜ ਪਾਰ ਕਿਤਨੇ ਛੋਟੇ ਮਹਾਰਾਜੇ ਤੇ ਰਾਜੇ ਬਣੇ ਤੇ ਸਰਦਾਰੀਆਂ ਤੇ ਜਗੀਰਦਾਰ ਘਰਾਣੇ ਅੱਖਾਂ ਦੇ ਸਾਮ੍ਹਣੇ ਹਨ ਤੇ ਵਧ ਰਿਹਾ ਤੇਜ ਕਵਿ ਜੀ ਨੂੰ ਦਿੱਸ ਰਿਹਾ ਹੈ ਕਿ ਖਾਲਸਾ ਸਰਬ ਸ਼ਿਰੋਮਣਿ ਹੈ, ਤੇਜ ਪ੍ਰਤਾਪ ਬਾਹੂ ਬਲ ਕਰਕੇ, ਨਾਲ ਹੀ ਬੰਦਗੀ ਭਜਨ ਗੁਰਸਿੱਖੀ ਦੇ ਜੀਵਨ ਕਰਕੇ ਉਸ ਨੂੰ ਸਰਬਦਾ ਸੁਖਦਾਈ ਕਹਿੰਦੇ ਹਨ। ਅਪਣੇ ਸਰੀਰਕ ਬਲ ਚੜ੍ਹਦੀਆਂ ਕਲਾ ਦੇ ਜਥ੍ਹੇ ਤੇ ਆਨ ਬਾਨ ਵਾਲੀ ਸ਼ਾਨ ਦੇ ਸਰੀਰਕ ਰੂਪ ਰੰਗ ਚੜਤ ਬੜ੍ਹਤ ਵਿਚ ਭੀ ਸਭ ਤੋਂ ਸੁਹਣਾ ਦਿਦਾਰੀ ਹੈ। ਪੱਛਮੀ ਲੋਕ ਗੰਦਾ ਧੂਆਂ (ਬਿਖਿਆ, ਤਮਾਕੂ) ਏਥੇ ਲਿਆਏ, ਹਿੰਦੂ ਮੁਸਲਮਾਨ ਸਭ ਇਸ ਨੇ ਜਿੱਤ ਲਏ, ਪਰ ਖਾਲਸੇ ਨੇ ਇਸ ਨੂੰ ਨਾ ਛੋਹਿਆ, ਇਸ ਦਾ ਨਾ ਛੁਹਣਾ ਬੀ ਖਾਲਸੇ ਦੇ ਬਲ ਪ੍ਰਾਕ੍ਰਮ ਤੇ ਉੱਦਮ ਦਾ ਕਾਰਣ ਹੈਸੀ, ਪਰ ਇਸ ਤੋਂ ਬਹੈਸੀਅਤ ਕੌਮ ਬਚਣਾ ਬੀ ਇਕ ਸ਼ਿਰੋਮਣੀ ਗੱਲ ਹੈ।

[ਪੰਥ ਜੋਗ ਨਮਸਕਾਰਾਂ]

ਸੋਰਠਾ: ਸ੍ਰੀ ਸਤਿਗੁਰ ਕੋ ਰੂਪ, ਜਗਹਿ ਜੋਤਿ ਜਾਹਰ ਜਗਤ।
ਪੁੰਜ ਸੁ ਪੰਥ ਅਨੂਪ, ਕਰਿ ਬੰਦਨ ਰਚਿਬੇ ਲਗਤਿ ॥੪੪॥

[ਜਗਹਿ = ਜਗ ਰਹੀ ਹੈ। ਅਨੂਪ = ਜਿਸ ਵਰਗਾ ਹੋਰ ਨਹੀਂ ਸੁੰਦਰ।]

ਅਰਥ: ਅਨੂਪਮ ਤੇ ਸ੍ਰੇਸ਼ਟ (ਖਾਲਸਾ) ਪੰਥ ਸਾਰਾ ਸ੍ਰੀ ਸਤਿਗੁਰ ਜੀ ਦਾ ਸਰੂਪ ਹੈ, (ਜਿਸ ਦੀ) ਜੋਤ ਜ਼ਾਹਿਰਾ ਜਗਤ ਵਿਚ ਜਗ ਰਹੀ ਹੈ, (ਉਸ ਨੂੰ ਹੁਣ) ਬੰਦਨਾ ਕਰਕੇ (ਮੈਂ ਗੁਰ ਪ੍ਰਤਾਪ ਸੂਰਜ ਗ੍ਰੰਥ) ਰਚਣ ਲਗਾ ਹਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮੰਗਲਾ ਚਰਨ ਬਰਨਨੰ' ਨਾਮ ਪ੍ਰਥਮੋ ਅੰਸੂ ॥੧॥

ਅਰਥ: ਸ੍ਰੀ ਗੁਰ ਪ੍ਰਤਾਪ ਸੂਰਜ (ਨਾਮੇਂ) ਗ੍ਰੰਥ ਦੀ ਪਹਿਲੀ ਰਾਸ ਦੇ ਪਹਿਲੇ ਅਧਜਾਯ ਦੀ ਸਮਾਪਤੀ ਹੈ, ਜਿਸ ਦਾ ਨਾਮ 'ਮੰਗਲਾ ਚਰਣਾਂ ਦਾ ਵਰਣਨ' ਹੈ ॥੧॥

*ਇਹ ਛੰਦ ਅਗੇ ਰੁਤ ੫ ਅੰਸੂ ੩੮ ਅੰਕ ੬ ਵਿਚ ਵੀ ਆਵੇਗਾ।

੨. [ਕਵਿ ਜੀ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ।]

੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩

ਦੋਹਰਾ: ਸ਼੍ਰੀ ਗੁਰ ਨਾਨਕ ਸੋਂ ਮਿਲਜੋ,
ਬਾਲਿਕ ਰੂਪ ਸੁਜਾਨ।
ਕ੍ਰਿਪਾ ਪਾਇ ਤਤਕਾਲ ਹੀ,
ਪ੍ਰਾਪਤਿ ਭਾ ਬ੍ਰਹਮਗਯਾਨ ॥੧॥

ਚੌਪਈ: ਜਿਸ ਕੀ ਬਾਤੈਂ ਸੁਨਿ ਬੁਧਿਵਾਰੀ।
ਸ਼੍ਰੀ ਜਗ ਗੁਰ ਇਮਿ ਗਿਰਾ ਉਚਾਰੀ।
'ਬਾਲਿਕ ਤੇਰੀ ਬੈਸ ਦਿਸਾਵਤਿ।
ਬੁੱਢੇ ਸਮ ਮੁਖ ਵਾਕ ਅਲਾਵਤਿ' ॥੨॥
ਇਤਨੇ ਮਹਿਂ ਤਿਸ ਕੇ ਪਿਤ ਮਾਤਾ।
ਆਇ ਗਏ ਖੋਜਤਿ ਨਿਜ ਤਾਤਾ।
ਕਹਤਿ ਭਏ 'ਹਮਰੋ ਸੁਤ ਆਵਾ।
ਤਿਸ ਦੇਖਿਨਿ ਕੋ ਮਨ ਲਲਚਾਵਾ' ॥੩॥
ਸਿੱਖਨ ਕਹਜੋ 'ਸੁ ਅੰਤਰ ਬੈਸਾ।'
ਜਾਇ ਨਿਹਾਰਜੋ ਅਤਿ ਬ੍ਰਿਧ ਜੈਸਾ।
ਬਿਸਮ ਰਹਜੋ ਕਛ ਕਹਜੋ ਨ ਜਾਈ।
ਚਹਿਤਿ ਲਿਜਾਯੋ, ਸੰਗਿ ਨ ਜਾਈ ॥੪॥
ਪੁਨਿ ਦੰਪਤਿ ਨੇ ਏਵ ਬਿਚਾਰਾ।
-ਜਰਾ ਗ੍ਰਸਜੋ ਤਨ, ਜਿਹ ਸੁ ਕੁਮਾਰਾ।
ਅਬਿ ਕਜਾ ਕਾਰਜ ਆਇ ਹਮਾਰੇ।
ਸਰਬ ਰੀਤਿ ਤੇ ਸਿਥਲਜੋ[1] ਭਾਰੇ- ॥੫॥
ਕਬਿ ਬਹੁ ਰਹੇ, ਨ ਚਾਲੇ ਸੰਗਿ।
'ਰਹਿਨ ਦੇਹੁ ਇਹ ਭਾ ਬ੍ਰਿਧ ਅੰਗ।'
ਐਸੇ ਕਹਿ ਕਰਿ ਗਮਨੇ ਧਾਮ।
ਤਬਿ ਕਹਿ[2] ਬੁੱਢਾ ਪ੍ਰਗਟਜੋ ਨਾਮ ॥੬॥
ਗੁਰ ਘਰ ਮਹਿਂ ਅਜ਼ਮਤਿ ਯੁਤਿ ਭਾਰਾ।
ਬੋਹਿਥ ਸਮ ਜਗ ਤਾਰਣਿਹਾਰਾ।
ਅਜਰ ਜਰਨ ਮਹਿਂ ਧੀਰ ਮਹਾਨਾ।
ਅਪਰ ਨ ਜਾਂ ਕੇ ਭਯੋ ਸਮਾਨਾ ॥੭॥

---

[1]ਕਮਜ਼ੋਰ ਹੋਇਆ ਹੈ।
[2]ਤਦ ਤੋਂ।

ਸ਼੍ਰੀ ਨਾਨਕ ਤੇ ਰਹਜੋ ਪਿਛਾਰੀ।
ਸ਼੍ਰੀ ਅੰਗਦ ਕੇ ਚਰਨ ਮਝਾਰੀ।
ਪੁਨ ਸ਼੍ਰੀ ਅਮਰਦਾਸ ਕੀ ਸੇਵਾ।
ਸੰਗੀ[1] ਰਾਮਦਾਸ ਗੁਰਦੇਵਾ ॥੮॥
ਪੁਨ ਸ਼੍ਰੀ ਅਰਜਨ ਕੇ ਢਿਗ ਰਹਜੋ।
'ਭਾਈ' ਪਦ ਕੋ ਤਬਿ ਤੇ ਲਹਜੋ।
ਜਿਨ ਕੋ ਬਚਨ ਅਟਲ ਜਗ ਭਯੋ।
ਸ਼੍ਰੀ ਗੁਰ ਹਰਿ ਗੋਬਿੰਦ ਜਨਮਯੋ ॥੯॥
ਪਾਤਿਸ਼ਾਹਿ ਖਸ਼ਟਨਿ ਲੌਂ ਦੇਹਿ।
ਜੀਵਤਿ ਰਹਜੋ ਗਜ਼ਾਨ ਕਹੁ ਗੇਹੁ[2]।
ਅਨਿਕ ਨਰਨਿ ਕਉ ਕੀਨ ਉਧਾਰਾ।
ਸੱਤਿਨਾਮ ਉਪਦੇਸ਼ ਉਦਾਰਾ ॥੧੦॥
ਸ਼੍ਰੀ ਗੁਰ ਨਾਨਕ ਸਭਿ ਤੇ ਆਦੀ[3]।
ਪਾਚੇ ਜੋ ਟਿੱਕੇ* ਗੁਰ ਗਾਦੀ।
ਸਭਿਹਿਨਿ ਕਹੁ ਬੁੱਢਾ ਨਿਜ ਹਾਥ।
ਦੇਤੋ ਰਹਜੋ ਤਿਲਕ ਸ਼ੁਭ ਮਾਥ ॥੧੧॥
ਪੀਛੇ ਸੰਤਤਿ[4] ਤਿਸ ਹੀ ਰੀਤਿ।
ਸਤਿਗੁਰ ਸਾਥ ਰਹਤਿ ਭੇ ਨੀਤਿ।
ਤੀਨ ਕਾਲ ਕੇ ਗਜ਼ਾਤਾਵਾਨ।
ਪ੍ਰਗਟ ਹੋਤਿ ਭੇ ਸਗਲ ਜਹਾਨ ॥੧੨॥
ਸਤਿਗੁਰ ਕੋ ਸ਼੍ਰੀ ਮਤਿ[5] ਬਰ ਸਾਗਰ[6]।
ਇਨ ਕੁਲ ਉਪਜਜੋ ਰਤਨ ਉਜਾਗਰ[7]।
ਦਰਸ ਪਰਸ ਪਾਰਸ ਸਮ ਪੱਯਤਿ।
ਮੂਢਿ ਲੋਹ ਬੁਧਿ ਹੇਮ[8] ਬਨੱਯਤਿ ॥੧੩॥
ਜਿਨ ਕੋ ਅਦਬ ਰਾਖਿ ਗੁਰ ਆਪੂ।

---

[1]ਨਾਲ ਰਿਹਾ।
[2]ਗਜ਼ਾਨ ਦਾ ਘਰ।
[3]ਪਹਿਲੇ।
*ਪਾ:-ਉਨ ਪੀਛੇ ਜੁ ਟਿਕੇ।
[4]ਸੰਤਾਨ (ਬਾਬੇ ਬੁੱਢੇ ਜੀ ਦੀ)।
[5]ਸੰਪ੍ਰਦਾ, ਪੰਥ।
[6]ਸਮੁੰਦਰ (ਸਮਾਨ)।
[7]ਪ੍ਰਸਿੱਧ।
[8]ਮੂਰਖ ਨੂੰ ਬੁਧਿਵਾਨ ਜਿਵੇਂ ਲੋਹੇ ਨੂੰ ਸੋਨਾ।

ਤਿਨ ਕਹੁ ਸਮਤਾ ਕਿਸ ਕੀ ਜਾਪੂ।
ਗਜ਼ਾਨ ਅਨੰਦ ਸਾਗਰ ਕੇ ਮੀਨ।
ਆਠਹੁਂ ਜਾਮ ਰਹਤਿ ਸਮ ਲੀਨਿ ॥੧੪॥
ਗੁਰ ਘਰ ਕੀ ਨਿਤ ਸੇਵਾ ਠਾਨਤਿ।
ਅਪਰ ਮਨੋਰਥ ਮਨ ਨਹਿਂ ਆਨਤਿ।
ਤ੍ਰਿਣ ਛਿਤ ਕੀ[1] ਬਹੁ ਰਹਿ ਰਖਵਾਰੀ।
ਹਰਖਤਿ ਗੁਰੂ ਹੁਕਮ ਅਨੁਸਾਰੀ ॥੧੫॥
ਅਸ ਭਾਈ ਬੁੱਢਾ ਗੁਰਦਾਸ[2]।
ਮਹਿਮਾ ਕਹਿ ਨ ਸਕੇ ਕਵਿ ਤਾਸ[3*]।
ਸੱਤਜ ਬਾਕ ਬਰ ਸ਼੍ਰਾਪ ਜੁ ਦੀਨਸਿ।
ਅੰਗੀਕਾਰ ਸਤਿਗੁਰੂ ਕੀਨਸਿ ॥੧੬॥
ਇਹ ਸਭਿ ਕਥਾ ਅਗਾਰੀ ਬਰਨੋਂ[4]।
ਜਿਸ ਪ੍ਰਕਾਰ ਇਨ ਕੋ ਆਚਰਨੋਂ[5]।
ਸਰਬ ਭਾਂਤਿ ਕੀ ਸ਼ਕਿਤ ਬਿਸਾਲਾ।
ਜਿਸ ਚਾਹਸਿ ਤਿਮ ਕਰਣੇ ਵਾਲਾ ॥੧੭॥
ਅਨਿਕ ਭਾਂਤਿ ਕੇ ਬਿਘਨੁਹ ਪਾਇ।
ਨਹਿਂ ਜਿਨ ਕੀਨਸ ਕਬਹੁਂ ਲਖਾਇ।
ਧਰਨੀ ਸਮ ਜਿਹ ਧੀਰਜ ਧਾਰੀ[+]।
ਪੌਨ ਪੀਰ[6] ਤੇ ਟਰੇ ਨ ਟਾਰੀ ॥੧੮॥
ਤਿਸ ਕਉ ਬੰਸ ਸੁ ਤਾਲ[7] ਮਨਿੰਦ[8]।
ਉਪਜਯੋ ਰਾਮਕੁਇਰ ਅਰਬਿੰਦ[9]।
ਦਸਮੇ ਪਾਤਿਸ਼ਾਹਿ ਬਰ ਬੀਰ।
ਤਿਨਹੁ ਪਾਦ ਪੰਕਜ ਕੇ ਤੀਰ ॥੧੯॥

---

[1]ਘਾਹ ਤੇ ਭੋਂ ਦੀ।
[2]ਗੁਰਾਂ ਦਾ ਦਾਸ।
[3]ਤਿਸਦੀ।
[*]ਪਾ:-ਮਹਿਮਾ ਕਵਨ ਕਹਿ ਸਕੈ ਤਾਸ।
[4]ਵਰਣਨ ਕਰਾਂਗਾ।
[5]ਕਰਤੱਬਜ਼।
[+]ਪਾ:-ਧਰਨੀਧਰ ਸਮ ਧੀਰਜ ਧਾਰੀ।
[6]ਪੀੜਾ (ਰੂਪੀ) ਪੌਣ।
[7]ਸਰੋਵਰ।
[8]ਨਿਆਈ।
[9]ਕਵਲ।

ਮਧੁਪ ਮਨਿੰਦ[1] ਅਨਦ ਮਕਰੰਦ।
ਤਜਜੋ ਨ ਪਾਸਿ ਮੁਕੰਦ ਬਿਲੰਦ।
ਸ੍ਰੀ ਗੁਰ ਤੇਗ਼ ਬਹਾਦਰ ਪਾਛੇ।
ਦੀਨਸਿ ਤਿਲਕ ਦਸਮ ਗੁਰ ਆਛੇ ॥੨੦॥
ਕਲਗ਼ੀ ਜਿਗਾ ਜਰਾਉਨ ਜਰੀ[2]।
ਇਨ ਤੇ ਲੇ ਸਤਿਗੁਰ ਸਿਰ ਧਰੀ।
ਆਯੁਧ ਦਏ ਆਦਿ ਸ਼ਮਸ਼ੇਰ।
ਲੇ ਕਰਿ ਧਾਰੇ ਗੁਰ ਸਮ ਸ਼ੇਰ[3] ॥੨੧॥
ਦਸ ਪਤਿਸ਼ਾਹਿਨ ਕੇ ਨਿਤਿ ਸੰਗੀ।
ਸਤਿਗੁਰ ਕ੍ਰਿਤਿ[4] ਕੋ ਚਿਤ ਚਹਿ ਚੰਗੀ।
ਜਗ ਮਹਿਂ ਬਹੁ ਸਿੱਖੀ ਬਿਸਤਾਰੀ।
ਅਨਿਕ ਨਰਨ ਕਹੁ ਕੀਨ ਉਧਾਰੀ ॥੨੨॥
ਜਥਾ ਚੱਕ੍ਰਵੈ[++] ਅਧਿਪਤਿ[5] ਆਗੇ।
ਮੰਤ੍ਰੀ[6] ਰਹੈਂ ਸੁਮਤਿ ਮਹਿਂ ਲਾਗੇ।
ਤਿਮ ਸਤਿਗੁਰ ਘਰ ਕੇ ਇਹ ਭਏ[7]।
ਅਤਿ ਸ਼ੋਭਾ ਸਿੱਖੀ ਕਹੁ ਦਏ ॥੨੩॥
ਸਦ ਗੁਨ[8] ਕੇ ਇਹ ਕੋਸ਼[9] ਬਿਸਾਲੇ।
ਭੇ ਪ੍ਰਾਪਤਿ[10] ਜੋ ਇਨ ਮਗ ਚਾਲੇ।
ਸ਼੍ਰੀ ਸਤਿਗੁਰ ਦਸਮੇ ਪਤਿਸ਼ਾਹੂ।
ਗਮਨ ਕੀਨ ਜਬਿ ਸਚਖੰਡ ਮਾਂਹੂ ॥੨੪॥
ਪੰਥ ਖਾਲਸਾ ਉਤਪਤਿ ਕਰਿ ਕੈ।
ਰਾਜ ਤੇਜ ਕੋ ਛੱਤ੍ਰ ਸੁ ਧਰਿ ਕੈ।

---

[1]ਭੌਰੇ ਵਾਂਙੂ।
[2]ਜੜਤਾਂ ਨਾਲ ਜੜੀ ਹੋਈ।
[3]ਸ਼ੇਰ ਤੁਲਜ (ਬਲੀ)।
[4]ਸੇਵਾ।
[++]ਪਾ:-ਚੱਕ੍ਰ ਹ੍ਵੈ।
[5]ਚੱਕ੍ਰਵਰਤੀ ਰਾਜਾ
[ਸੰ: ਚਕ੍ਰਵਰ੍ਤੀ। ਪ੍ਰਾ: ਚਕ੍ਰਵਈ, ਹਿੰਦੀ ਚਕ੍ਰਵੈ, ਚਕ੍ਰਵੈ]।
[6]ਵਜ਼ੀਰ।
[7]ਭਾਵ ਵਜ਼ੀਰ।
[8]ਸ੍ਰੇਸ਼ਟ ਗੁਣਾਂ।
[9]ਖਜ਼ਾਨਾਂ।
[10]ਪ੍ਰਾਪਤ ਹੋਏ।

ਤੁਰਕ ਤੇਜ ਦ੍ਰਿਢ ਤਰੂ[1] ਉਖਾਰਾ[*]।
ਹਿੰਦੁ ਧਰਮ ਰਾਖਜੋ ਪ੍ਰਤਿਪਾਰਾ ॥੨੫॥
ਭਾਈ ਰਾਮਕੁਇਰ ਤਬ ਰਹੇ।
ਰਾਮਦਾਸ[+] ਕੇ ਗ੍ਰਾਮ ਜੁ ਲਹੇ।
ਤਹਾਂ ਬਿਰਾਜਤਿ ਦਿਵਸ ਬਿਤਾਏ।
ਕੇਤਿਕ ਸਿੰਘ ਤਿਨਹੁਂ ਢਿਗ ਆਏ ॥੨੬॥
ਸਾਹਿਬ ਸਿੰਘ ਆਦਿਕ ਬੁਧਿਵਾਨ।
ਜਿਨ ਕੇ ਸਤਿਗੁਰ ਪਦ ਕੋ ਧਯਾਨ।
ਕਥਾ ਗੁਰੁਨ ਕੀ ਸੁਨਿਬੇ ਚਾਹਤਿ।
ਸੁਨਿ ਸੁਨਿ ਗੁਨ ਕੋ ਰਿਦਾ ਉਮਾਹਤਿ ॥੨੭॥
ਸ਼੍ਰੀ ਗੁਰਬਖਸ਼ ਸਿੰਘ[++] ਕੇ ਪਾਸ।
ਸਭਿ ਸਿੰਘਨ ਕੀਨਸਿ ਅਰਦਾਸ।
'ਮਹਿਦ[2] ਪ੍ਰਸੰਗ ਗੁਰਨ ਕੇ ਜੇਤੇ।
ਕਰੁਨਾ ਕਰਹੁ ਉਚਾਰਹੁ ਤੇਤੇ ॥੨੮॥
ਸਭਿ ਸਿਖ ਸੰਗਤਿ ਸੁਨਿਬੇ ਚਾਹਤਿ।
ਸਤਿਗੁਰ ਗੁਨ ਕੋ ਮਹਾਂ ਉਮਾਹਿਤ।
ਚੰਦ੍ਰ ਬਦਨ ਤੇ ਸੁਧਾ ਸਮਾਨਾ।
ਪ੍ਰਗਟ ਕਰਹੁ ਪੀਵਹਿਂ ਪੁਟ ਕਾਨਾ[3] ॥੨੯॥
ਕਮਲ ਬਦਨ ਮਕਰੰਦ ਬਚਨ ਹੈਂ।
ਮਧੁਪ[4] ਸਿੰਘ ਅਭਿਲਾਖਤਿ ਮਨ ਹੈਂ।'
ਭਾਈ ਰਾਮ ਕੁਇਰ ਸੁਨਿ ਸ੍ਰੌਨਿ।
ਕਹਜੋ ਚਹਤਿ ਗੁਰ ਗੁਨ ਸੁਖ ਭੌਨ ॥੩੦॥
ਇਹ ਪ੍ਰਸੰਗ ਸੁਨਿ ਸ੍ਰੋਤਾ ਸਾਰੇ।
ਮਿਲਿ ਸੰਤੋਖ ਸਿੰਘ ਨਿਕਟਿ ਉਚਾਰੇ।
'ਰਾਮ ਕੁਇਰ ਕੀ ਪੂਰਬ ਕਥਾ।
ਹਮਹਿਂ ਸੁਨਾਵਹੁ ਹੋਈ ਜਥਾ ॥੩੧॥

---

[1]ਪੱਕਾ ਬ੍ਰਿੱਛ।
[*]ਪਾ:-ਤਰੁ ਮੂਲ ਉਖਾਰਾ।
[+]ਇਹ ਪਿੰਡ ਰਾਵੀ ਦੇ ਨੇੜੇ ਅੰਮ੍ਰਿਤਸਰ ਦੇ ਜ਼ਿਲੇ ਵਿਚ ਉਤਰ ਰੁਖ ਨੂੰ ਹੈ।
[++]ਸਾਹਿਬ ਰਾਮਕੌਰ ਜੀ ਦਾ ਨਾਮ ਜੋ ਅੰਮ੍ਰਤ ਛਕ ਕੇ ਰਖਿਆ ਗਿਆ ਸੀ।
[2]ਬੜੇ।
[3]ਕੰਨਾਂ ਰੂਪੀ ਡੋਨਿਆਂ ਨਾਲ ਪੀਵੀਏ।
[4]ਭੌਂਰੇ।

ਕਿਮ ਗੁਰ ਨਿਕਟਿ ਰਹੇ ਸੁਖ ਪਾਇ।
ਭੇ ਗੁਰਬਖਸ਼ ਸਿੰਘ++ ਕਿਸ ਭਾਇ।
ਕਹਹੁ ਚਰਿੱਤ੍ਰ ਪ੍ਰਿਥਮ ਇਨ ਕੇਰਾ।
ਪੁਨ ਉਚਰਹੁ ਇਤਿਹਾਸ ਬਡੇਰਾ' ॥੩੨॥
ਕਵਿ ਇਮ ਸੁਨਿ ਸ੍ਰੋਤਨਿ ਤੇ ਬਾਨੀ।
ਰਾਮਕੁਇਰ ਕੀ ਕਥਾ ਬਖਾਨੀ।
ਕੁਛਕ ਚਰਿੱਤ੍ਰ ਕਹੌਂ ਤਿਨ ਕੇਰਾ।
ਪਠਤਿ ਸੁਨਤਿ ਸੁਖ ਦੇਤਿ ਘਨੇਰਾ ॥੩੩॥
ਮਨ ਵਾਂਛਤਿ ਫਲ ਪ੍ਰਾਪਤਿ ਹੋਵੈ।
ਸੰਚਤਿ ਪਾਪ[1] ਸਭਿਨਿ ਕੋ ਖੋਵੈ।
ਬਿਮਲ[2] ਮਤੀ ਹੁਇ ਲਹਿ ਸੁਖਧਾਮ।
ਲਿਵ ਲਾਗੇ ਸਿਮਰਨ ਸਤਿਨਾਮ ॥੩੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰਾਸੇ 'ਇਤਿਹਾਸ ਕਥਨ' ਪ੍ਰਸੰਗ ਬਰਨਨੰ ਨਾਮ ਦੁਤਿਯੋ ਅੰਸੂ ॥੨॥

[1]ਇਕੱਠੇ ਹੋਏ ਹੋਏ ਪਾਪ।
[2]ਉੱਜਲ।

੩. [ਭਾਈ ਰਾਮਕੁਇਰ ਪ੍ਰਸੰਗ]

੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪

ਦੋਹਰਾ: ਹਸਤਾਮਲਕ[1] ਸਮਾਨ ਉਰ,
ਜਿਨ ਕੇ ਦਿਢਿ ਬ੍ਰਹਮਗਯਾਨ।
ਸ਼੍ਰੀ ਬੁੱਢਾ ਸਾਹਿਬ ਭਏ,
ਨਮੋ ਬੰਦਿ ਕਰਿ ਪਾਨ ॥੧॥

ਚੌਪਈ: ਗੁਰ ਸਿੱਖੀ ਕੀ ਅਵਧਿ ਅਧਾਰਾ[2]।
ਜਿਮ ਸਭਿ ਜਲ ਕੀ ਸਿੰਧੁ ਅਪਾਰਾ।
ਮਾਤਤੰਡ[3] ਜਿਮ ਤੇਜ ਪ੍ਰਚੰਡਹਿ[4]।
ਜਥਾ ਅਖੰਡਲ[5] ਭੂਤਲ ਖੰਡਹਿ[6*] ॥੨॥
ਜਥਾ ਛਿਮਾ ਕੀ ਛੌਣੀ[7] ਅਹੈ।
ਬਾਯੂ ਮਹਿਦ ਬੇਗ ਕੀ ਲਹੈ ਹੈ[8]।
ਸਹਨਸ਼ੀਲ ਸੌਂਦਰਜ ਸੂਰਤਾ।
ਪ੍ਰਭੂ ਬਿਸ਼ਨ ਹੈ ਸਭੈ ਪੂਰਤਾ[9] ॥੩॥
ਸੁ ਪ੍ਰਕਾਸ਼[10] ਕੀ ਅਵਧਿ ਮਯੰਕਾ[11]।
ਜਥਾ ਦੁਰਗ[12] ਕੀ ਦੀਰਘ ਲੰਕਾ।
ਨਾਗਨਿ ਸ਼ੇਸ਼, ਬਾਸ਼ਕੀ ਸਰਪਨਿ[13]।
ਤਨ ਹੰ ਤਜਿਨਿ ਹੋਤਿ ਸਭਿ ਅਰਪਨਿ[14] ॥੪॥

---

[1]ਹੱਥ ਤੇ ਧਰੇ ਆਂਵਲੇ ਵਾਂਙੂ।
[2]ਅਵਧੀ = ਉੱਚੀ ਤੋਂ ਉੱਚੀ
(ਸਿੱਖੀ ਦਾ) ਆਧਾਰ = ਆਸਰਾ। (ਅ) ਭਾਵ ਗੁਰਸਿਖੀ ਦਾ ਆਧਾਰ ਸਿੱਖ ਹੈ, ਪਰ ਸਿਖਾਂ ਦੀ ਅਵਧੀ ਭਾਈ ਬੁੱਢਾ ਜੀ ਹਨ।
[3]ਸੂਰਜ।
[4]ਤ੍ਰਿੱਖੇ ਤੇਜ (ਦੀ ਅਵਧੀ ਹੈ)।
[5]ਇੰਦ੍ਰ।
[6]ਪ੍ਰਿਥਵੀ ਨੂੰ ਖੰਡਹਿ (ਫਤੇ ਕਰਨ ਵਾਲਿਆਂ ਭਾਵ ਰਾਜਿਆਂ ਦੀ ਅਵਧੀ) ਹੈ।
[*]ਪਾ:-ਭੂਤਿ ਅਖੰਡਹਿ।
[7]ਧਰਤੀ।
[8](ਜਿਵੇਂ) ਮਹਿਦ ਵਾਯੂ (ਤ੍ਰਿੱਖੀ ਅਨ੍ਹੇਰੀ) ਵੇਗ ਦੀ (ਅਵਧੀ) ਹੈ।
[9]ਪ੍ਰਭੂ ਬਿਸ਼ਨ ਵਿਚ ਸਹਨਸ਼ੀਲ ਸੁੰਦਰਤਾ, ਸੂਰਮਤਾ ਦੀ ਪੂਰਤੀ (ਅਵਧੀ) ਹੈ।
[10]ਠੰਢੇ ਪ੍ਰਕਾਸ਼ (ਜਮਾਲ) ਦੀ।
[11]ਚੰਦ੍ਰਮਾ।
[12]ਕਿਲ੍ਹਿਆਂ।
[13]ਸੱਪਾਂ (ਦੀ ਅਵਧੀ) ਸ਼ੇਸ਼ਨਾਗ ਤੇ ਬਾਸ਼ਕ ਨਾਗ। (ਅ) ਨਾਗਾਂ ਦੀ ਅਵਧੀ ਵਾਸ਼ਕ ਨਾਗ ਤੇ ਸੱਪਾਂ (ਦੀ ਅਵਧੀ) ਸ਼ੇਸ਼ਨਾਗ।
[14]ਤਨ ਦਾ ਹੰਕਾਰ ਛੱਡਣ ਵਿਚ ਸਭਿ ਕੁਛ ਅਰਪਨ ਹੋ ਜਾਵੇ, ਭਾਵ ਅਰਪਨ ਦੀ ਅਵਧੀ ਹੰਤਾ ਦਾ ਤਜਾਗ ਹੈ।

ਲਿਖਨਿ ਬਿਖੈ ਜਿਮਿ ਅਵਧਿ ਗਜਾਨਨ[1]।
ਜੋਗੀ ਸਭਿਹਿਨਿ ਕੀ ਪੰਚਾਨਨ[2]।
ਸੈਨਾਪਤਿ ਕੀ ਅਵਧਿ ਖੜਾਨਨ[3]।
ਰਚਨਾ[4] ਰਚਨਨ ਮਹਿਂ ਚਤੁਰਾਨਨ[5] ॥੫॥
ਤਿਮਿ ਬੁੱਢਾ ਸਾਹਿਬ ਬ੍ਰਹਮ ਗਜਾਨੀ।
ਸਿੱਖੀ ਕੇ ਅਧਾਰ ਗੁਨ ਖਾਨੀ।
ਤਿਨ ਕੋ ਸੁਜਸੁ ਕਹਾਂ ਲੌਂ ਕਹੀਐ।
ਜੀਵਨ ਮੁਕਤਿ ਅਵਸਥਾ ਲਹੀਐ ॥੬॥
ਤਿਨ ਕੋ ਪੁੱਤ੍ਰ ਨਾਮ ਕਹਿਂ -ਭਾਣਾ-।
ਜਿਨ ਜਾਨਯੋ ਮੀਠੋ ਗੁਰ ਭਾਣਾ।
ਪਿਤਾ ਸਮਾਨ ਗਜਾਨ ਮਹਿਂ ਪੂਰਾ।
ਕਾਮਾਦਿਕ ਰਿਪੁ ਹਤੇ ਬਿਸੂਰਾ[6] ॥੭॥
ਤਿਸ ਕੋ ਪੁੱਤ੍ਰ ਨਾਮ ਕਹਿਂ -ਸ੍ਰਵਣ[7]-।
ਸ੍ਰਵਣ ਸੁਣਯੋ ਜਸੁ ਜਿਹ[8] ਸਮ ਸ੍ਰਵਣ[9]।
ਸਤਿਗੁਰ ਸਿੱਖੀ ਕਹੁ ਬਡ ਭਾਰਾ।
ਸਰਬ ਸਹਾਰਯੋ ਭਾ ਜਗ ਭਾਰਾ ॥੮॥
ਤਿਨ ਕੇ ਉਪਜਯੋ ਪੁੱਤ੍ਰ -ਜਲਾਲ-।
ਗੁਰ ਪਗ ਪ੍ਰੇਮ ਰੰਗ ਚਢਿ ਲਾਲ[10]।
ਬਹੁ ਸਿੱਖਜਨ ਕਹੁ ਗੁਰਮਤਿ ਦੀਨਸਿ।
ਮਿਲੇ ਪਹੁੰਚ ਨਰ ਮੁਕਤੀ ਕੀਨਸ[*] ॥੯॥
ਤਿਸ ਕੋ ਪੁੱਤ੍ਰ ਨਾਮ ਕਹਿਂ -ਝੰਡਾ-।
ਜਿਸ ਕੋ ਜਸ ਜਾਹਰ ਜਿਮਿ ਝੰਡਾ[11]।

---

[1]ਗਣੇਸ਼।
[2]ਜੋਗੀਆਂ ਸਾਰਿਆਂ ਦੀ (ਅਵਧੀ) ਸ਼ਿਵਜੀ।
[3]ਸ਼ਾਮਕਾਰਤਕ (ਸ਼ਿਵ ਜੀ ਦਾ ਪੁੱਤ੍ਰ)।
[4]ਸ੍ਰਿਸ਼ਟੀ।
[5]ਬ੍ਰਹਮਾ।
[6]ਦੁਖੀ ਕਰਕੇ।
[7]'ਸਰਵਣ' ਨਾਮ ਸੀ।
[8]ਜਿਸ ਦਾ ਜਸ ਕੰਨੀਂ ਸੁਣਿਆ ਹੈ।
[9]ਸਰਵਣ (ਭਗਤ ਦੇ) ਵਰਗਾ।
[10]ਗੂੜ੍ਹਾ।
[*]ਪਾ:-ਲੀਨਸ।
[11]ਨਿਸ਼ਾਨ ਵਾਂਙੂ (ਉਜਾਗਰ)।

ਬ੍ਰਹਮਾਂਕਾਰ ਬ੍ਰਿੱਤਿ ਇਕ ਰਸ ਮੈਂ।
ਜਿਸ ਕੇ ਨਹੀਂ ਅਨਿਕਤਾ ਦ੍ਰਿਸ਼ ਮੈਂ[1] ॥੧੦॥
ਇਨ ਤੇ ਸੁਤ -ਗੁਰਦਿੱਤਾ- ਹੋਵਾ।
ਗੁਰ ਸਿੱਖੀ ਜਿਨਿ ਮਾਰਗ ਜੋਵਾ।
ਅੰਤ ਸਮੈ ਪਦ ਪਰਮ ਪਹੂੰਚਾ।
ਬ੍ਰਹਮਗਯਾਨ ਮਹਿਂ ਜਿਸ ਮਨ ਰੂਚਾ[2] ॥੧੧॥
-ਰਾਮਕੁਇਰ- ਉਪਜਯੋ ਤਿਹ ਨੰਦ[3]।
ਜੀਵਨ ਮੁਕਤਿ ਸੁ ਜੁਗਤਿ ਅਨੰਦ।
ਨੇਤਿ ਨੇਤਿ ਜਿਸ ਬੇਦ ਬਤਾਵੈ।
ਨਿਤਿ ਅਖੰਡ ਤਿਸ ਪਦ ਲਿਵ ਲਾਵੈ ॥੧੨॥
ਤੁਰੀ ਅਵਸਥਾ[4] ਚਿੱਤ ਅਰੂੜ੍ਹਾ[5]।
ਬਿਨ ਸਤਿਗੁਰ ਜੋ ਸਭਿ ਕਹੁ ਗੂੜ੍ਹਾ[6]।
ਬਾਲਕ ਸਮਤਾ ਬੇਦ ਜੁ ਕਹੈ[7]।
ਤਿਸ ਮਹਿਂ ਸਦਾ ਬਰਤਤੋ ਰਹੈ ॥੧੩॥
ਕੁਛਕ ਚਰਿੱਤ੍ਰ ਕਹੋਂ ਤਿਸ[+] ਕੇਰਾ।
ਜਥਾ ਸਰੂਪ ਸੁਭਾਉ ਭਲੇਰਾ।
ਹੁਤੀ ਥੂਲਤਾ[8] ਤਨ ਸਭਿ ਥਾਨਨ[9]।
ਲੰਬੋਦਰ[10] ਲਿਹੁ ਪਰਖ ਗਜਾਨਨ[11] ॥੧੪॥
ਸਹਿਜ ਸੁਭਾਇਕ ਬੋਲਨ ਬਨੈ।
ਬੁਰਾ ਕਿ ਭਲਾ ਫੁਰੈ[12] ਤਤਛਿਨੈ।
ਇਕ ਦਿਨ ਇਕ ਰਾਹਕ[13] ਘਰ ਮਾਂਹੀ।

---

[1]ਦ੍ਰਿਸ਼ = ਜਗਤ ਵਿਚ ਨਾਨਾਪਨ ਨਹੀਂ ਭਾਸਦਾ, ਇਕੋ ਬ੍ਰਹਮ ਹੀ ਭਾਸਦਾ ਹੈ। (ਅ) ਨਿਗਾਹ ਵਿਚ।
[2]ਲੱਗਿਆ।
[3]ਸਪੁੱਤ੍ਰ।
[4]ਚੌਥੀ ਭੂਮਕਾ।
[5]ਇਸਥਿਤ ਹੋਇਆ।
[6]ਗੁੱਝਾ।
[7]ਭਾਵ-ਵੇਦ ਤੁਰੀਆ ਨੂੰ ਬਾਲਕ ਅਵਸਥਾ ਦੀ ਤੁੱਲਤਾ ਦੇਂਦਾ ਹੈ।
[+]ਪਾ:-ਤਿਨਿ।
[8]ਮੋਟਾਈ।
[9]ਸਭ ਥਾਵਾਂ ਵਿਚ।
[10]ਲੰਮਾ ਸੀ ਪੇਟ।
[11]ਗਨੇਸ਼ (ਵਤ)।
[12]ਫੁਰਦਾ ਸੀ, ਭਾਵ ਸੱਚ ਹੋ ਜਾਂਦਾ ਸੀ।
[13]ਜ਼ਿਮੀਂਦਾਰ।

ਬਹੁ ਨਰ ਕੋ ਭੋਜਨ ਕਿਯ ਖਜਾਹੀ[1] ॥੧੫॥
ਰਾਮਕੁਇਰ ਕੇ ਢਿਗ ਲੇ ਗਏ।
ਪਾਇਸ[2] ਸਿਤਾ[3] ਘ੍ਰਿੱਤ ਇਕ ਮਏ।
ਜਾਇ ਅਗਾਰੀ ਥਾਲ ਟਿਕਾਯਵ।
ਰੁਚਿ ਸੋਂ ਸ੍ਵਾਦਲ ਕਰਿ ਕਰਿ ਖਾਯਵ ॥੧੬॥
ਪੁਨਹਿ ਪਾਨ ਕਰਿ ਸੀਤਲ ਪਾਨੀ।
ਰਾਹਕ ਸੋਂ ਤਬਿ ਬੋਲਯੋ ਬਾਨੀ।
'ਨੀਕੋ ਭੋਜਨ ਕਰਿ ਕੈ ਲਯਾਇਵ।
ਕਾਰਨ ਕਵਨ? ਸੁ ਦੇਹੁ ਸੁਨਾਇਵ' ॥੧੭॥
ਹਾਥ ਜੋਰਿ ਤਿਨ ਕਹਯੋ ਬੁਝਾਈ।
'ਹੁਤੋ ਖਜਾਹ ਭੋਜਨ ਸਮੁਦਾਈ।
ਅੱਗ੍ਰ ਆਪ ਕੇ ਪੂਰਬ ਲਯਾਯੋ।
ਪਾਇਸ ਸਿਤਾ ਘ੍ਰਿੱਤ ਜੋ ਖਾਯੋ' ॥੧੮॥
ਅਧਿਕ ਪ੍ਰਸੰਨ ਹੋਇ ਬਚ ਕਹਯੋ।
'ਤਿਸ ਮਹਿਂ ਸ੍ਵਾਦ ਹਮਹਿਂ ਬਹੁ ਲਹਯੋ।
ਯਾਂ ਤੇ ਖਜਾਹ ਗ੍ਰਾਮ ਮੈਂ ਨੀਤ।
ਹੋਵਹਿ, ਦੇ ਅਹਾਰ ਸ਼ੁਭ ਹੀਤ' ॥੧੯॥
ਬਾਕ ਬਦਨ ਤੇ ਏਵ ਬਖਾਨਾ।
ਸਹਿਜ ਸੁਭਾਇਕ ਬ੍ਰਿਤੀ ਸਮਾਨਾ।
ਤਿਸ ਦਿਨ ਤੇ ਮ੍ਰਿਤੁ ਨਰ ਹੁਇ ਏਕ।
ਗਮਨੇ ਜਮ ਪੁਰਿ ਜਬਹਿ ਅਨੇਕ ॥੨੦॥
ਪਰਯੋ ਗ੍ਰਾਮ ਮਹਿਂ ਰੌਰਾ ਤਬਿਹੂੰ।
'ਕਹਾਂ ਭਯੋ?' ਮਿਲਿ ਭਾਖੈਂ ਸਭਿਹੂੰ।
'ਕੌਨ ਗ੍ਰਾਮ ਨੇ ਦੋਸ਼ ਕਮਾਯੋ।
ਜਿਸ ਤੇ ਦੁਖਦ ਸਮਾਂ ਅਸ ਆਯੋ' ॥੨੧॥
ਸਭਿ ਮਹਿਂ ਤਿਸ ਰਾਹਕ ਨੇ ਕਹਯੋ।
'ਸੁਨਹੁ ਹੇਤੁ ਮੈਂ ਇਕ ਅਸ ਲਹਯੋ।
ਖਜਾਹ ਭਯੋ ਜਿਸ ਦਯੋਸ ਹਮਾਰੇ।
ਕਰਿ ਕੈ ਪਾਇਸ ਸਿਤਾ ਅਹਾਰੇ ॥੨੨॥

---

[1]ਬਰਸੀ ਮੋਏ ਦੀ।
[2]ਖੀਰ।
[3]ਖੰਡ।

ਨੀਕੇ ਥਾਲ ਬਿਸਾਲ ਪੁਰਾਯੋ[1]।
ਰਾਮਕੁਇਰ ਭਾਈ ਕਹੁ ਖ੍ਵਾਯੋ।
ਸਹਿਜ ਸੁਭਾਇਕ ਮੁਖ ਤੇ ਪ੍ਰਾਹੀ[2]।
-ਹੋਵਹੁ ਗ੍ਰਾਮ ਬਿਖੈ ਨਿਤ ਖਜਾਹੀ- ॥੨੩॥
ਤਿਨ ਕੋ ਬਾਕ ਹੇਤੁ ਮ੍ਰਿਤੁ ਕੇਰਿ[3]।
ਕਰਿ ਉਪਚਾਰ ਲੇਹੁ ਬਰ[4] ਫੇਰ।'
ਸੁਨਿ ਸਭਿ ਲੋਕਨ ਜਾਨੀ ਜਬਿਹੂੰ।
ਭੋਜਨ ਭਲੋ ਬਨਾਯਹੁ ਤਬਿਹੂੰ ॥੨੪॥
ਭਾਉ ਅਧਿਕ ਤੇ ਲੈ ਕਰਿ ਗਏ।
ਜਿਸ ਅਸਥਾਨ ਬਿਰਾਜਤਿ ਭਏ।
ਬਿਨੈ ਠਾਨਿ ਅਚਵਾਇ ਅਹਾਰਾ।
ਨਾਨਾ ਰਸ ਮੈਂ ਸ੍ਵਾਦ ਉਦਾਰਾ ॥੨੫॥
ਹਾਥ ਜੋਰਿ ਠਾਂਢੇ ਢਿਗ ਰਹੇ।
ਅਚਿ[5] ਭੋਜਨ ਭਾਈ ਬਚ ਕਹੇ।
'ਕਿਸ ਕਾਰਨ ਤੇ ਰੁਚਿਰ ਅਹਾਰਾ।
ਕਰਿ ਅਚਵਾਇਵ[6]? ਸ੍ਵਾਦ ਉਦਾਰਾ' ॥੨੬॥
ਰਾਹਕ ਸੁਨਤਿ ਗਿਰਾ ਮੁਖ ਪ੍ਰਾਹੀ।
'ਸ਼ਾਦੀ ਹੁਤੀ ਗ੍ਰਾਮ ਕੇ ਮਾਂਹੀ।
ਯਾਂ ਤੇ ਰੁਚਿਰ ਅਹਾਰ ਅਚਾਵਾ।
ਤੁਮ ਤੇ ਚਾਹਤਿ ਸੁਖ ਉਪਜਾਵਾ' ॥੨੭॥
ਬਿਹਸ[7] ਕਹਯੋ ਉੱਤਮ ਬਰ ਤਿਨੈ।
'ਭੋਜਨ ਅਚਯੋ ਸ੍ਵਾਦ ਕੇ ਸਨੈ।
ਯਾਂ ਤੇ ਗ੍ਰਾਮ ਬਿਖੈ ਨਿਤ ਸ਼ਾਦੀ।
ਹੁਇ ਆਗੈ ਨਿਤ* ਕਰਹੁ ਅਬਾਦੀ' ॥੨੮॥
ਸੁਨਿ ਕੈ ਸਭਿਨਿ ਨਮੋ ਕਿਯ ਔਨ[8]।

---

[1]ਭਰਿਆ।
[2]ਕਹਿਆ ਸੀ।
[3]ਉਨ੍ਹਾਂ ਦਾ ਵਾਕ ਕਾਰਨ ਹੈ (ਇਨ੍ਹਾਂ) ਮੌਤਾਂ ਦਾ।
[4]ਵਰ।
[5]ਛਕਕੇ।
[6]ਖੁਲਾਇਆ।
[7]ਹੱਸ ਕਰਿਕੇ।
*ਪਾ:-ਅਰੁ।
[8]ਨਮਸਕਾਰ ਕੀਤੀ ਪ੍ਰਿਥਵੀ ਤੇ।

ਮ੍ਰਿਤਕਨਿ ਮਨਹੁ ਅਮੀ ਪਿਯ ਸ੍ਰੌਨ[1]।
ਹਰਖਤਿ ਭਏ ਮ੍ਰਿਤੂ ਡਰੁ ਬੀਤਾ।
ਹੋਨਿ ਲਗੀ ਸ਼ਾਦੀ ਮੁਦ ਚੀਤਾ ॥੨੯॥
ਇਸ ਪ੍ਰਕਾਰ ਸ੍ਰੀ ਮੁਖ ਤੇ ਜੈਸੇ।
ਨਿਕਸਹਿ ਫੁਰਹਿ ਸੁ ਤਤਛਿਨ ਤੈਸੇ।
ਟਹਿਲ ਕਰਨ ਮਹਿਂ ਰਾਮਾ ਦਾਸੁ।
ਨਿਤਿਪ੍ਰਤਿ ਸੇਵਹਿ ਰਹੇ ਸੁ ਪਾਸ ॥੩੦॥
ਸੰਗਤਿ ਬਡੀ ਭੇਟ ਕਹੁ ਲਜਾਵੈ।
ਦਰਸ਼ਨ ਪਰਸਹਿ ਚਰਨ ਮਨਾਵੈ।
ਬਾਂਛਤ ਪਾਇ ਕਰਹਿਂ ਅਰਦਾਸ।
ਦਜੋਸ ਪਰਬ[2] ਕੇ ਪਹੁੰਚਹਿਂ ਪਾਸ ॥੩੧॥

ਦੋਹਰਾ: ਜੋ ਬੁੱਢੇ ਰਮਦਾਸ ਕੋ[3],
ਗ੍ਰਾਮ ਬਿਦਤਿ[4] ਬਹੁ ਦੇਸ਼ੁ।
ਤਹਾਂ ਕਰਤਿ ਬਿਸਰਾਮ[5] ਕਹੁ,
ਤਿਨ ਕਹੁ ਬੰਸ ਅਸ਼ੇਸ਼[6] ॥੩੨॥

ਚੌਪਈ: ਸੰਗਤਿ ਬ੍ਰਿੰਦ ਜਪਤਿ ਗੁਰ ਨਾਮ।
ਪੂਜਤਿ ਪਾਵਨ ਪੂਜਤਿ ਕਾਮ[7]।
ਦਰਬ ਹਜ਼ਾਰਨ ਹੀ ਅਰਪਾਵੈਂ।
ਲੇਹਿਂ ਦਾਸ ਸਭਿ ਕਾਰ ਚਲਾਵੈਂ ॥੩੩॥
ਕਾਜ ਕਦਾਚਿਤ ਕੋ ਇਕ ਪੂਛੇ।
ਸਹਿਜ ਸੁਭਾਇ ਕਹੈਂ ਉਰ ਸੂਛੇ[8]।
ਬ੍ਰਿਤੀ ਜਗਤ ਦਿਸ਼ ਕਬਹੁਂ ਕਿ ਆਵੈ।
ਨਤੁ[9] ਅੱਦ੍ਵੈਤ[10] ਬਿਖੈ ਲਿਵ ਲਾਵੈਂ ॥੩੪॥
ਬ੍ਰਿਤੀ ਅਖੰਡ ਰਾਤਿ ਦਿਨ ਏਕ।

---

[1]ਮਾਨੋਂ ਮੁਰਦਿਆਂ ਨੇ ਅੰਮ੍ਰਿਤ ਕੰਨਾਂ (ਨਾਲ) ਪੀਤਾ।
[2]ਤਿਉਹਾਰ।
[3]ਬਾਬੇ ਬੁੱਢੇ ਜੀ ਦਾ ਰਾਮਦਾਸ ਕੇ ਪਿੰਡ ਹੈ।
[4]ਪ੍ਰਗਟ ਹੈ।
[5]ਭਾਵ ਵਸਦੇ ਹਨ।
[6]ਸਾਰੀ ਉਲਾਦ।
[7]ਕਾਮਨਾਂ ਪੂਰਨ ਹੁੰਦੀਆਂ ਹਨ।
[8]ਪਵਿੱਤ੍ਰ ਚਿਤ।
[9]ਨਹੀਂ ਤਾਂ।
[10]ਪ੍ਰਮਾਤਮਾ ਵਿਚ ਆਤਮਾ ਦੇ ਲੀਨ ਹੋਏ ਰਹਿਣ ਦੀ ਦਸ਼ਾ।

ਅਚਲ ਗਜ਼ਾਨ ਮਹਿਂ ਜਲਧਿ ਬਿਬੇਕ[1]।
ਜਬਿ ਭੋਜਨ ਕਰਿਬੇ ਕਹੁ ਲਾਗੈਂ।
ਜਾਵਦ ਥਾਲ ਧਰਜੋ ਰਹਿ ਆਗੈ ॥੩੫॥
ਤਾਵਦ ਅਚਜੋ ਜਾਹਿਂ ਪੁਨਿ ਕਹੈਂ।
'ਭੋ ਰਾਮਾ! ਤੂੰ ਕਿਸ ਥਲ ਅਹੈਂ।
ਆਵਹੁ ਪਾਸ ਪਰਖ ਕਰਿ ਕਹੋ।
ਅਚਹਿਂ ਅਹਾਰ ਜੁ ਨਿਤ ਤੂੰ ਲਹੋ[2] ॥੩੬॥

ਦੋਹਰਾ: ਤ੍ਰਿਪਤਿ ਭਏ ਰਮਦਾਸ ਕੇ,
ਪਿਖਹੁ ਕਿ ਤ੍ਰਿਪਤੇ ਨਾਂਹਿ?'
ਸੁਨਿ ਰਾਮਾ ਸੇਵਕ ਤਬੈ,
ਹੇਰਹਿ ਹੁਇ ਕਰਿ ਪਾਹਿ ॥੩੭॥

ਚੌਪਈ: ਊਪਰ ਉਦਰ ਹਾਥ ਕਹੁ ਫੇਰਹਿ।
ਨਿਤ ਸਮ ਊਚੋ ਹੋਵਤਿ ਹੇਰਹਿ।
ਕਹੈ ਬੰਦਿ ਕਰ 'ਤ੍ਰਿਪਤੇ[3] ਅਬੈ।
ਨਿਤਿ ਸਮ ਭੋਜਨ ਕੀਨਸਿ ਸਬੈ' ॥੩੮॥
ਪੁਨ ਜਲ ਪਾਨ ਕਰਹਿਂ ਕਰ ਧੋਇ।
ਪਰਮਹੰਸ ਇਸ ਬਿਧਿ ਰਹਿਂ ਸੋਇ।
ਕਬਿ ਤਨ ਸੁਧਿ[4], ਕਬਹੂ ਨਹਿਂ ਹੋਇ।
ਬੋਲਹਿਂ ਕਬਹਿ ਬੁਲਾਏ ਕੋਇ ॥੩੯॥
ਕਬਹੂੰ ਬਸਤ੍ਰ ਸੰਭਾਰਤਿ ਦਾਸ।
ਊਪਰ ਕੋ ਪਹਿਰਾਇ ਸੁ ਪਾਸ।
ਅੰਤਰ ਮੁਖੀ ਬ੍ਰਿੱਤਿ ਨਿਤ ਰਾਖੈਂ।
ਬੋਲਤਿ ਜਬਿ ਬਿਨਤੀ ਬਹੁ ਭਾਖੈਂ ॥੪੦॥
ਦੀਰਘ ਕੇਸ ਭੌਂਹ[5] ਦੁਹ ਕੇਰੇ।
ਦੀਰਘ ਪਲਕਹਿਂ ਕਬਹਿ ਉਘੇਰੇ[6]।
ਨਾਂਹਿ ਤ ਮੁੰਦ੍ਰਿਤ[7] ਰਹਤਿ ਬਿਲੋਚਨ।

---

[1]ਗਿਆਨ ਸਮੁੰਦ੍ਰ (ਵਾਹਿਗੁਰੂ) ਦੇ ਗਿਆਨ ਵਿਚ ਅਚੱਲ।
[2]ਤੂੰ ਦੇਖਦਾ ਹੈਂ।
[3]ਰੱਜ ਗਏ ਹੋ।
[4]ਤਨ ਦੀ ਸੋਝੀ ਹੋਵੇ।
[5]ਲੰਬੇ ਵਾਲ ਭਰਵੱਟਿਆਂ ਦੇ।
[6]ਕਦੇ ਕਦੇ ਖੋਲਣ।
[7]ਬੰਦ।

ਕਰਹਿਂ ਦਾਸ ਕੀ ਸੋਚ ਬਿਮੋਚਨ[1] ॥੪੧॥
ਦਾਸ ਲਖਹਿਂ ਨਿਤਿ ਕੋ ਬਿਵਹਾਰਾ।
ਸਦਾ ਕਰਾਵਹਿਂ ਤਿਸੀ ਪ੍ਰਕਾਰਾ।
ਆਮਦ ਖਰਚ ਸੰਭਾਰਨਿ ਕਰੈਂ।
ਦੇਨਿ ਲੇਨਿ ਨਿਜ ਇੱਛ ਬਿਚਰੈਂ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਭਾਈ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥੩॥

[1]ਨਾਸ਼।

੪. [ਭਾਈ ਰਾਮਕੁਇਰ ਜੀ ਪ੍ਰਸੰਗ]

੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫

ਦੋਹਰਾ: ਇਕ ਰਸ ਬ੍ਰਿਤੀ ਅਖੰਡ ਰਹਿ, ਬ੍ਰਹਮ ਗਯਾਨ ਕੇ ਮਾਂਹਿ।
ਆਇ ਕਦਾਚਿਤ ਜਗਤ ਦਿਸ਼, ਰਹਤਿ ਦਾਸ ਬਹੁ ਪਾਹਿ ॥੧॥

ਚੌਪਈ: ਏਕ ਸਮੈ ਤੁਰਕਨ ਕੀ ਸੈਨਾ।
ਆਇ ਪਰੀ ਲੂਟਨ ਕਹੁ ਐਨਾ[1]।
ਬਸਤ੍ਰ ਬਿਭੂਖਨ ਬਾਸਨ[2] ਭਾਰੇ।
ਤੁਰੰਗ, ਧੇਨੁ[3], ਮਹਿਖੀ[4] ਗਨਸਾਰੇ ॥੨॥
ਦੇਗ, ਕਰਾਹੇ[*], ਬਡ ਬਰਟੋਹੇ[5]।
ਅੰਨ[6] ਬਹੁਤ ਸਭਿ ਲੀਨਸਿ ਖੋਹੇ।
ਦਾਸ ਉਪਾਇ ਕਰਤਿ ਬਹੁ ਰਹੇ।
'ਕਯੋਂ ਜਬਰੀ ਤੁਮ ਠਾਨਤਿ ਅਹੇ' ॥੩॥
ਕਹਿ ਬਹੁ ਰਹੇ ਨ ਮਾਨੀ ਕਾਹੂ।
ਛੀਨ ਲੀਨਿ ਸਭਿ ਵਥੁ[+] ਘਰ ਮਾਂਹੂ।
ਬੈਠੇ ਰਾਮਕੁਇਰ ਜਹਿਂ ਭਾਈ।
ਜਾਇ ਨਿਕਟਿ ਸੁਧਿ ਦੇਤਿ ਸੁਨਾਈ ॥੪॥
ਸੁਨਿ ਕਰਿ ਮਨ ਮਹਿਂ ਕਛੂ ਨ ਆਨੈ।
ਨਹਿਂ ਦਾਸਨ ਸੋਂ ਬਾਕ ਬਖਾਨੈ।
ਕਈ ਹਜ਼ਾਰਨ ਕੋ ਧਨ ਗਯੋ।
ਘਰ ਮਹਿਂ ਨਹੀਂ ਪਦਾਰਥ ਰਹਯੋ ॥੫॥
ਲੇ ਕਰਿ ਸਕਲ ਤੁਰਕ ਕੀ ਸੈਨਾ।
ਜਾਇ ਪਹੂੰਚੀ ਅਪਨੇ ਐਨਾ।
ਲਵਪੁਰਿ ਕੋ ਸੂਬਾ ਇਕ ਹੁਤੋ।
ਸੋ ਜਾਨਤਿ ਸਭਿ ਬਿਧਿ ਇਨ ਮਤੋ[7] ॥੬॥
ਮਹਿਮਾ ਮਹਾਂ ਪਛਾਨਹਿ ਸੋਇ।

---

[1]ਘਰ।
[2]ਬਰਤਨ।
[3]ਘੋੜੇ, ਗਊਆਂ।
[4]ਮੱਝੀਆਂ।
[*]ਪਾ:-ਕਰਨ ਕੇ।
[5]ਵਲਟੋਹੇ।
[6]ਅਨਾਜ।
[+]ਪਾ:-ਵਸਤੁ।
[7]ਇਨ੍ਹਾਂ ਦੇ ਸੁਭਾਉ ਨੂੰ।

ਸੁਖ ਦੁਖ ਮੈਂ ਇਕ ਰਸ ਨਿਤਿ ਹੋਇ।
ਹਰਖ ਸ਼ੋਕ ਨਹਿਂ ਜਿਨ ਕੇ ਲੇਸ਼।
ਇਨ ਕਉ ਲਖਹਿ ਮਹਾਂ ਦਰਵੇਸ਼ ॥੭॥
ਇਹ ਸੁਧਿ ਪਹੁਂਚੀ ਤਿਸ ਕੇ ਪਾਸਿ।
-ਲਿਯੇ ਲੂਟਿ ਰਮਦਾਸ ਅਵਾਸ[1]-।
ਤਤਛਿਨ ਅਸੁ ਅਰੂੜ੍ਹ ਕਰਿ ਆਵਾ[2]।
ਲਵਪੁਰਿ ਤੇ ਤੂਰਨ ਹੀ ਧਾਵਾ ॥੮॥
ਕੁਛਕ ਸੈਨ ਆਈ ਜਿਹ ਸਾਥ।
ਬਹੁਤ ਬਿਸੂਰਤਿ ਸੁਨਿ ਕਰਿ ਗਾਥ[3]।
ਰਾਮਦਾਸ ਕੇ ਪਹੁਂਚਜੋ ਗ੍ਰਾਮ।
ਨਗਨ ਪੈਰ ਹੁਇ ਪ੍ਰਵਿਸ਼ਜੋ ਧਾਮ ॥੯॥
ਬੈਠੇ ਰਾਮਕੁਇਰ ਢਿਗ ਗਯੋ।
ਹਾਥ ਜੋੜਿ ਨੰਮ੍ਰੀ ਬਹੁ ਭਯੋ।
ਚਰਨ ਸਪਰਸ਼ਨ ਕਰਿ ਕਰ ਸੰਗ[4]।
ਬੰਦਨ ਕੀਨਿ ਤ੍ਰਸਤਿ[5] ਮਨ ਭੰਗ[6] ॥੧੦॥
-ਮੁਖ ਤੇ ਸ੍ਰਾਪ ਦੇਹਿਂ ਕਛੁ ਨਾਂਹੀ-।
ਖਰਜੋ ਰਹਜੋ ਡਰ ਧਰਿ ਉਰ ਮਾਂਹੀ।
ਸਹਜਿ ਸੁਭਾਇ ਰਹੇ ਸੋ ਬੈਸੇ।
ਤਿਸ ਕੋ ਬਾਕ ਨ ਭਾਖਜੋ ਕੈਸੇ ॥੧੧॥
ਜਬਹਿ ਖਾਨ ਜਾਨੀ ਮਨ ਮਾਂਹਿ।
-ਬਿਨਾਂ ਬੁਲਾਏ ਬੋਲਹਿਂ ਨਾਂਹਿ-।
ਬਹੁਤ ਦੀਨਤਾ[7] ਸਾਥ ਬਖਾਨੀ।
'ਮੋਹਿ ਬਿਖ਼ਬਰੀ ਤੇ ਕ੍ਰਿਤ ਠਾਨੀ[8] ॥੧੨॥
ਭਈ ਅੱਵਗਜਾ ਅਧਿਕ ਤੁਮਾਰੀ।
ਤੁਰਕ ਅਜਾਨ ਨ ਕੀਨਿ ਚਿਨਾਰੀ[9]।

---

[1]ਰਾਮਦਾਸ ਕਿਆਂ ਦੇ ਘਰ। (ਅ) ਰਮਦਾਸ ਗ੍ਰਾਮ ਦੇ ਘਰ।
[2]ਘੋੜੇ ਤੇ ਸਵਾਰ ਹੋਕੇ ਆਇਆ।
[3]ਵਾਰਤਾ।
[4]ਕਰਕੇ ਹੱਥਾਂ ਨਾਲ।
[5]ਡਰਦਿਆਂ।
[6]ਢੱਠੇ ਮਨ।
[7]ਨਿਮ੍ਰਤਾ।
[8]ਕੰਮ ਕੀਤਾ ਹੈ (ਤੁਰਕਾਂ ਨੇ)।
[9]ਪਛਾਣ।

ਮਿਲਿ ਮੂਰਖ ਇਕਠੇ ਹੁਇ ਆਏ।
ਜਿਨਹੁਂ ਅਖਾਜ ਖਾਜ ਲਖਿ ਪਾਏ ॥੧੩॥
ਲੂਟੇ ਗ੍ਰਾਮ ਰੁ ਧਾਮ[1] ਤੁਮਾਰੇ।
ਸਭਿ ਸਜਾਇ ਕੇ ਉਚਿਤ ਬਿਚਾਰੇ।
ਆਪ ਕ੍ਰਿਪਾ ਕਰਿ ਕੈ ਫੁਰਮਾਵਉ।
ਗਈ ਵਸਤੁ ਜੋ ਸਗਲ ਬਤਾਵਉ ॥੧੪॥
ਕਰਿ ਕਰਿ ਕੈਦ ਸਭਿਨਿ ਕੋ ਲੇਵੌਂ।
ਜੋ ਕੁਛ ਗਈ, ਕਹਹੁ ਸੋ ਦੇਵੌਂ।
ਅਪਨੀ ਸ਼ਰਨਿ ਪਰਜੋ ਮੁਝ ਜਾਨਿ।
ਛਿਮਾ ਕਰਹੁ ਅਪਰਾਧ ਮਹਾਨ' ॥੧੫॥
ਸੁਨੇ ਖਾਨ ਕੇ ਬਾਕ ਸੁ ਕਾਨਿ।
ਦੀਨ ਮਨਾ[2] ਜਜੋਂ ਕਰਤਿ ਬਖਾਨ।
ਊਚੋ ਮੁਖ ਕਰਿ ਨੈਨ ਉਘਾਰੇ।
ਪਿਖੇ ਤੁਰਕ ਗਨ ਖਰੇ ਅਗਾਰੇ ॥੧੬॥
ਬ੍ਰਿੰਦ ਤੁਰੰਗ ਮਤੰਗਨਿ ਬਾਹਰ।
ਉਠਤਿ ਸ਼ਬਦ ਸੁਨਿਯਤਿ ਗਨ ਜ਼ਾਹਰ।
ਖਾਨ ਦਿਸ਼ਾ ਅਵਲੋਕਨ ਕੀਨ।
ਬੋਲਜੋ ਰਾਮਕੁਇਰ ਪਰਬੀਨ ॥੧੭॥
'ਹਮਰੋ ਕਛੂ ਨ ਕਿਤ ਤੇ ਗਯੋ।
ਤੁਮ ਕੈਸੇ ਬੂਝਤਿ ਕਜਾ ਥਯੋ।'
ਗਜ਼ਾਨ ਅਰੂਢ ਬ੍ਰਿੱਤਿ ਕੋ ਜਾਨਿ।
ਪੁਨਿ ਬੋਲਜੋ ਲਵਪੁਰਿ ਪਤਿ ਖਾਨ[3] ॥੧੮॥
'ਤੁਰਕ ਸੈਨ ਜਬਿ ਚਢਿ ਕਰਿ ਆਈ।
ਵਸਤੁ ਤੁਮਾਰ ਲੁਟੀ ਸਮੁਦਾਈ।
ਸੋ ਸਗਰੀ ਮੁਝ ਦੇਹੁ ਬਤਾਇ।
ਤਿਨ ਤੇ ਲੈ ਦੇਵੋਂ ਪਹੁੰਚਾਇ ॥੧੯॥
ਰਾਵਰਿ ਮਹਿਮਾ ਤੇ ਅਨਜਾਨਿ।
ਕਰੀ ਅਵੱਗਜਾ ਮੂਢ ਮਹਾਨ।'
ਭਨਤਿ ਖਾਨ ਕੇ ਇਸ ਬਿਧਿ ਬੈਨ।

---

[1]ਪਿੰਡ ਤੇ ਘਰ (ਗ੍ਰਾਮ-ਅਰੁ-ਧਾਮ)।
[2]ਨਿੰਮ੍ਰਤਾ ਵਾਲੇ ਮਨ ਨਾਲ।
[3]ਸੂਬਾ।

ਬਾਜਨ[1] ਕੀ ਦਿਸ ਥੇ ਤਬ ਨੈਨ ॥੨੦॥
ਤਿਨ ਕਹੁ ਦੇਖਤਿ ਬਾਕ ਬਖਾਨਾ।
'ਹਮਰੇ ਬਾਜ਼ ਹੁਤੇ ਇਸ ਥਾਨਾ।
ਲੇ ਗਮਨਤਿ[2] ਨਿਤਿ ਬ੍ਰਿੱਤ ਅਖੇਰੀ[3]।
ਇਨਕੀ ਰੇਸ਼ਮ ਡੋਰ ਲਮੇਰੀ ॥੨੧॥
ਆਡੇ[4] ਇਨ ਬੈਠਨਿ ਕੇ ਜੋਇ।
ਸੋ ਲੁਟਿ ਗਏ ਨ ਦਿਖਿਯਤਿ ਕੋਇ।
ਆਡੇ ਡੋਰਾਂ ਦੇਹੁ ਮੰਗਾਇ।
ਜੇ ਤੁਮਰੇ ਕਹਿਬੇ ਮਹਿਂ ਆਇ' ॥੨੨॥
ਸੁਨਤਿ ਖਾਨ ਬਿਗਸਜੋ ਬਿਸਮਾਯੋ।
-ਦੇਖਹੁ ਕਸ[5] ਮਨ ਕੁਛ ਨਹਿਂ ਲਜਾਯੋ।
ਲਾਖਹੁਂ ਕਾ ਧਨ ਘਰ ਤੇ ਗਯੋ।
ਰਿਦੇ ਬਿਕਾਰ ਨ ਤਿਸ ਤੇ ਭਯੋ ॥੨੩॥
ਦ੍ਰਿਸ਼ਟਿ ਅਗਾਰੀ ਜੋ ਨਹਿਂ ਪਾਈ।
ਸੋ ਲੁਟਿ ਗਈ ਰਿਦੇ ਇਮਿ ਆਈ।
ਅਪਰ ਵਸਤੁ ਕੀ ਸੁਧਿ ਨਹਿਂ ਜਾਨੀ।
ਬ੍ਰਿੱਤਿ ਸਮਾਨਿ[6] ਮਹਿਦ ਬ੍ਰਹਮਗਜਾਨੀ- ॥੨੪॥
ਮਹਿਮਾ ਮਹਾਂ ਜਾਨਿ ਕਰਿ ਖਾਨ।
ਬੰਦਿ ਪਾਨ ਜੁਗ[7]* ਕਰਤਿ ਬਖਾਨ।
'ਕ੍ਰਿਪਾ ਠਾਨਿ ਮੁਝ ਸਾਥ ਚਲੀਜੈ।
ਲਵਪੁਰਿ[8] ਕੇਤਿਕ ਦਿਵਸ ਬਸੀਜੈ ॥੨੫॥
ਜਬਿ ਇੱਛਾ ਪੁਨਿ ਹੁਇ ਹਟਿ ਆਵਹੁ।
ਕਦਮ ਆਪਨੇ ਮੁਝ ਘਰ ਪਾਵਹੁ।'
ਇੱਤਜਾਦਿਕ ਬਹੁ ਬਿਨੈ ਉਚਾਰਿ।
ਲੇ ਸੰਗ ਚਲਜੋ ਹੋਇ ਅਸਵਾਰ ॥੨੬॥

---

[1]ਬਾਜ਼ ਨਾਮੇ ਪੰਛੀ।
[2]ਲੈ ਜਾਂਦੇ ਸੀ।
[3]ਸ਼ਿਕਾਰ ਨੂੰ।
[4](ਬਾਜ਼ਾਂ ਦੇ ਬੈਠਣ ਦੇ) ਅੱਡੇ।
[5]ਕਿਸੇ ਤਰ੍ਹਾਂ ਬੀ।
[6]ਇਕ ਤੁੱਲ ਬ੍ਰਿਤੀ ਹੈ।
[7]ਦੋਵੇਂ ਹਥ ਜੋੜਕੇ।
*ਪਾ:-ਕਰ।
[8]ਲਾਹੌਰ।

ਦੋਹਰਾ: ਬਿਨ ਲਗਾਮ ਅਸੁ ਬਲੀ ਪਰ,
ਰਾਮਕੁਇਰ ਆਰੂੜ੍ਹ।
ਇਕ ਦਿਸ਼ ਕਰਿ ਦੋਨਹੁ ਚਰਨ,
ਬੈਠਜੋ ਜਿਸ ਮਤਿ ਗੂੜ੍ਹ ॥੨੭॥

ਚੌਪਈ: ਦੇਖਿ ਤੁਰਕ ਗਨ ਬਿਸਮੈ ਭਏ।
ਇਕ ਦਿਸ਼ ਚਰਨ ਅਡੁਲ[1] ਗਤਿ[2] ਲਏ।
ਰਾਮਾਦਾਸ ਸਾਥ ਤਬਿ ਖਾਨ।
ਬੂਝਨ ਲਾਗਜੋ ਮਨ ਹੈਰਾਨ ॥੨੮॥
'ਕਿਮ ਅਰੂਢ[3] ਇਹ ਭਏ ਤੁਰੰਗ[4]।
ਗਿਰ ਨ ਪਰਹਿਂ ਹੁਇ ਭੰਗ ਨ ਅੰਗ[5]।
ਨਹਿਂ ਲਗਾਮ ਮੁਖ ਦੀਨਸਿ ਯਾਹੂ[6]।
ਦਿਖਿਯਤਿ ਬਲੀ ਮਹਾਂ ਇਹ ਬਾਹੂ[7]' ॥੨੯॥
ਤਬਿ ਰਾਮੇ ਨੇ ਸਕਲ ਬਤਾਈ।
'ਇਹ ਨਿਤਿ ਐਸੇ ਕਰਤਿ ਚਢਾਈ।
ਬਿਨਾ ਲਗਾਮ ਭਜਾਵਹਿਂ ਘੋਰਾ।
ਕਰਹਿਂ ਅਖੇਰ ਬ੍ਰਿੱਤਿ ਚਹੂੰ ਓਰਾ ॥੩੦॥
ਦੁਇ ਦਿਸ਼ ਜਾਂਘ ਕਬਹਿਂ ਲਟਕੰਤੇ।
ਨਾਂਹਿ ਤ ਇਕ ਦਿਸ਼ ਚਰਨ ਕਰੰਤੇ।'
ਬਿਸਮਹਿ ਖਾਨ ਬਾਤ ਸੁਨਿ ਕਰਿ ਕੇ।
ਉਰ ਮਹਿਂ ਸੰਸੈ ਰਹਜੋ ਬਿਚਰਿ ਕੇ ॥੩੧॥
ਤਿਮਹੀ ਚਢੇ ਆਇ ਲਵਪੁਰਿ ਮੈਂ।
ਡੇਰਾ ਦੀਨਸਿ ਸੁੰਦਰ ਘਰ ਮੈਂ।
ਸਰਵ ਭਾਂਤਿ ਕੀ ਸੇਵ ਕਰਾਈ।
ਲੁਟੀ ਵਸਤੁ ਜੋ ਸਭਿ ਫਿਰਵਾਈ ॥੩੨॥
ਜਹਿਂ ਜਹਿਂ ਗਈ ਸਹੀ ਕਰਿ[8] ਸਾਰੀ।

---

[1]ਅਡੋਲ।
[2]ਚਾਲ।
[3]ਅਸਵਾਰ।
[4]ਘੋੜੇ ਤੇ।
[5]ਟੁੱਟੇ ਨਾ ਕੋਈ ਅੰਗ।
[6]ਜਿਸ ਦੇ।
[7]ਘੋੜਾ [ਡਿੰਗਲ ਭਾਸ਼ਾ-ਬਾਹ = ਘੋੜਾ]।
[8]ਪਛਾਣਕੇ।

ਲਈ ਮੰਗਾਇ ਖਾਨ ਬਲਿ ਭਾਰੀ।
ਗ੍ਰਾਮ ਬਿਖੈ ਸੋ ਦਈ ਪੁਚਾਇ।
ਅਪਰਾਧਨਿ ਕੋ[1] ਦਈ ਸਜਾਇ ॥੩੩॥
ਹਿਤ ਪਰਖਨ[2] ਕੇ ਪੁਨਿ ਬਿਧਿ ਠਾਨੀ।
ਖਾਨ ਮਹਾਂ ਮਤਿ ਮਾਨ ਬਿਨਾਨੀ[3]।
ਇਕ ਬੜਵਾ[4] ਤਿਹ ਖਰੀ ਤਵੇਲੇ।
ਜਿਸ ਪਰ ਚੜ੍ਹਨੋ ਅਧਿਕ ਦੁਹੇਲੇ ॥੩੪॥
ਅਤਿ ਅਰੀਅਲ[5] ਨਹਿਂ ਚਲਹਿ ਅਗਾਰੇ।
ਹਤੇ ਕਸਾ ਬਹੁ ਪੁਸ਼ਤ ਨਿਕਾਰੇ[6]।
ਚਰਖੀ ਫਿਰਿ ਗੇਰਹਿਂ[7] ਅਸਵਾਰ।
ਫਾਂਧਤਿ ਬੱਕ੍ਰ[8] ਨ ਦੇਹਿ ਸੰਭਾਰ ॥੩੫॥
ਭਾਜ ਚਲਹਿ ਤਬ ਅਟਕਹਿ ਨਾਂਹੀ।
ਮੁਹਿਤਾਣੀ[9] ਬਹੁ ਐਬਨ ਮਾਂਹੀ।
ਖਾਨ ਤੁਰੰਗਨਿ ਸੋ ਮੰਗਵਾਈ।
ਅਰਪੀ ਰਾਮਕੁਇਰ ਕੈ ਤਾਈਂ ॥੩੬॥
ਹਾਥ ਜੋਰਿ ਕਰਿ ਬਿਨਤੀ ਠਾਨੀ।
'ਲੇਹੁ ਉਪਾਇਨ ਬੜਵਾ ਆਨੀ।
ਇਸ ਪਰ ਆਪ ਅਰੂਢਨ ਹੋਵਹੁ।
ਫਿਰਹੁ, ਅਖੇਰ ਚਲਹੁ ਮਗ, ਜੋਵਹੁ[10] ॥੩੭॥
ਐਸੀ ਰੀਤਿ ਭਾਵਨਾ ਮੇਰੀ।
ਇਸ ਥਲ ਤੇ ਚਢਿ ਕਰਿ ਇਕ ਬੇਰੀ।

---

[1]ਪਾਪੀਆਂ ਨੂੰ।
[2]ਪਰੀਖਜਾ ਕਰਨ ਲਈ।
[3]ਮਾਨ ਤੋਂ ਬਿਨਾਂ।
[4]ਘੋੜੀ।
[5]ਅੜੀਅਲ = ਉਹ ਘੋੜਾ ਜੋ ਇਕ ਥਾਂ ਅੜ ਖੜੋਵੇ ਤੇ ਅੱਗੇ ਨਾ ਟੁਰੇ।
[6]ਹਤੇ ਕਸਾ = ਪਸ਼ਤ ਨਿਕਾਲਨਾਂ = ਘੋੜੇ ਨੂੰ ਰਾਨ ਨਾਲ ਦਬਾ ਕੇ ਭਾਵ ਕੱਸ ਕੇ ਅੱਡੀ ਲਾਇਆ, (ਹਤੇ =) ਚਾਬੁਕ ਮਾਰ ਕੇ ਚਲਾਉਣ ਦਾ ਜਤਨ ਕੀਤਾ ਜਾਵੇ ਤਾਂ ਉਹ ਪੁਸ਼ਤ ਨਿਕਾਲਦੇ ਹਨ, ਅਰਥਾਤ ਪਿਛਲੀਆਂ ਚੌਹਾਂ ਲੱਤਾਂ ਨਾਲ ਹਵਾ ਵਿਚ ਦੁਲੱਤੇ ਮਾਰਦੇ ਹਨ।
[7]ਚਰਖੀ ਫਿਰ = ਵਾਗ ਤੇ ਚੜ੍ਹ ਇਕੋ ਥਾਂ ਚਕਰ ਲਾਉਂਦੇ ਰਹਿਣਾ ਤੇ ਸਵਾਰ ਨੂੰ ਡੇਗਣ ਦੀ ਕੋਸ਼ਸ਼ ਕਰਨੀ।
[8]ਫਾਂਧਤਿ ਬੱਕ੍ਰ = ਚਲਦਿਆਂ ਹੋਇਆਂ ਅਚਾਨਕ ਸੱਜੇ ਯਾ ਖੱਬੇ ਨੂੰ ਟੇਢ ਦੇਕੇ ਕੁੱਦ ਜਾਣਾ ਜਿਸ ਨਾਲ ਸਵਾਰ ਆਸਨ ਉਖੜਕੇ ਡਿੱਗ ਪੈਂਦਾ ਹੈ।
[9]ਆਪ ਮੁਹਾਰੀ, ਮੂੰਹ ਜ਼ੋਰ।
[10]ਭਾਵ (ਇਸਤੇ ਚੜ੍ਹਕੇ) ਫਿਰੋ = ਸੈਰ ਕਰੋ, (ਅਖੇਰ ਚਲਹੁ =) ਸ਼ਿਕਾਰ ਨੂੰ ਜਾਓ, (ਚਲਹੁ ਮਗ =) ਸਫਰ ਕਰੋ, (ਇਉਂ ਇਸ ਨੂੰ ਜੋਵੋ =) ਦੇਖੋ, ਪਰਖੋ।

ਪ੍ਰਥਮ ਕਰਹੁ ਲਵਪੁਰਿ ਕੀ ਸੈਲ।
ਪੁਨ ਨਿਜ ਗ੍ਰਾਮ ਗਮਹੁ ਸਭਿ ਗੈਲ[1] ॥੩੮॥
ਮਾਰਗ ਚਲੇ ਜਾਹੁ ਦਿਨ ਸਾਰੇ।
ਉਤਰੋ ਸੰਧਜਾ ਸਦਨ ਮਝਾਰੇ।'
ਇਮ ਕਹਿ ਅਰਪ ਉਪਾਇਨ ਦੀਨਿ।
ਕਿਤਿਕ ਦਰਬ ਅਰੁ ਬਸਤ੍ਰ ਨਵੀਨ ॥੩੯॥
ਅਧਿਕ ਭਾਉ ਤੇ ਰੁਖ਼ਸਦ ਕਰੇ[2]।
ਹੇਰਿ ਹੇਰਿ ਅਚਰਜ ਉਰ ਧਰੇ।
ਤਿਸ ਬੜਵਾ ਕਉ ਤਬਿ ਹੀ ਲਯੋ।
ਸੁੰਦਰ ਜ਼ੀਨ ਜਿਸੀ ਪਰ ਪਯੋ ॥੪੦॥
ਗਹਿ ਲਗਾਮ ਤਤਕਾਲ ਉਤਾਰਾ[3]।
ਭੇ ਸ਼੍ਰੀ ਰਾਮਕੁਇਰ ਅਸਵਾਰਾ।
ਸਹਿਜ ਸੁਭਾਇਕ ਸੋ ਗਮਨਾਈ[4]।
ਚਲੀ ਬੀਥਕਾ[5] ਮਨਹੁਂ ਪਢਾਈ[6] ॥੪੧॥
ਅਨਿਕ ਜਤਨ ਤੇ ਜੋ ਨਹਿਂ ਚਾਲਤਿ।
ਮਨ ਅਨੁਸਾਰ ਪਾਇ ਸੋ ਡਾਲਤਿ[7]।
ਇਕ ਦਿਸ਼ ਦੋਨਹੁ ਚਰਨ ਕਰੇ ਹੈਂ।
ਹੇਰਤਿ ਪੁਰਿ ਨਰ* ਹਰਖ ਭਰੇ ਹੈਂ ॥੪੨॥
ਗਰੀ ਬਜ਼ਾਰ ਬਿਲੋਕਤਿ ਆਏ।
ਜਹਾਂ ਖਾਨ ਕੇ ਸਦਨ ਸੁਹਾਏ।
ਮਹਾਂ ਸਮ੍ਰ੿ਧ[8] ਨਗਰ ਮਹਿਂ ਪੂਰੀ।
ਅਨਿਕ ਪ੍ਰਕਾਰਨਿ ਰਚਨਾ ਰੂਰੀ ॥੪੩॥
ਜਹਿਂ ਕਹਿਂ ਨਰਨਿ ਭੀਰ ਸਮੁਦਾਏ।
ਭੂਖਨ ਬਸਤ੍ਰ ਪਹਿਰ ਹਰਿਖਾਏ।
ਪੁਨਹਿ ਖਾਨ ਨਿਜ ਬੈਠਕ ਮਾਂਹਿ।

---

[1]ਸਾਰਾ ਰਸਤਾ।
[2]ਵਿਦਾ ਕੀਤੇ।
[3]ਲਗਾਮ ਉਤਾਰ ਦਿੱਤੀ।
[4]ਚੱਲੀ।
[5]ਗਲੀਆਂ ਵਿਚ।
[6]ਮਾਨੋ ਸਿਖਾਈ ਹੋਈ ਸੀ।
[7](ਭਾਈ ਜੀ ਦੀ) ਇੱਛਾ ਮੂਜਬ ਪੈਰ ਨੂੰ ਸੁੱਟਦੀ ਹੈ।
*ਪਾ:-ਪੁਰ ਕੋ।
[8]ਸਮੱਗ੍ਰੀ।

ਲੇ ਪ੍ਰਵਿਸ਼ਜੋ ਉਤੰਗ ਬਡ ਜਾਂਹਿ[1] ॥੪੪॥
ਊਚਹਿ ਖਰੇ ਹੋਇ ਦਿਖਾਰਾਯੋ।
ਨਿਜ ਘਰੁ ਅਰੁ ਸਭਿ ਨਗਰ ਸੁਹਾਯੋ।
ਸਭਿਨਿ ਬਿਲੋਕਤਿ ਬੋਲੇ ਬਾਨੀ।
ਭਾਈ ਰਾਮਕੁਇਰ ਬ੍ਰਹਮਗਜਾਨੀ ॥੪੫॥
ਦੋਹਰਾ: 'ਸੁਨਹੁ ਖਾਨ! ਰਾਮਦਾਸ ਕੇ, ਗ੍ਰਾਮ ਉਜਾਰਜੋ ਲੂਟ।
ਵਸਤੁ ਖਸੋਟੀ ਸਭਿਨਿ ਤੇ, ਗਨ ਮਨੁਜਨ[2] ਕਹੁ ਕੂਟ ॥੪੬॥
ਚੌਪਈ: ਸੋ ਸਗਰੀ ਤੁਮ ਨੇ ਫਿਰਵਾਈ[3]।
ਹਮਰੋ ਗ੍ਰਾਮ ਬਸਹਿ ਪੁਨਿ ਆਈ।
ਤੁਮਰੋ ਨਗਰ ਜੁ ਬਸਹਿ ਬਿਲੰਦ।
ਅਰ ਊਚੇ ਘਰ ਸੈਲ ਮਨਿੰਦ[4] ॥੪੭॥
ਇਹ ਜਬਿ ਲੂਟੇ ਜਾਹਿਂ ਉਜਾਰੇ।
ਕੌਨ ਫਿਰਾਵਹਿ ਵਸਤੂ ਸਾਰੇ?
ਕਰਹਿ ਕੌਨ ਇਨ ਕੀ ਰਖਵਾਰੀ?
ਕਹਾਂ ਬਸਹਿ ਇਹੁ ਨਗਰੀ ਸਾਰੀ?' ॥੪੮॥
ਸੁਨਤਿ ਖਾਨ ਕਹਿ 'ਇਹ ਕਜਾ ਆਪ?
ਦੇਤਿ ਮੋਹਿ ਅਰ ਪੁਰਿ ਕੋ ਸ੍ਰਾਪ।'
[5]'ਹਮ ਤੋ ਸਹਿਜ ਸੁਭਾਇਕ ਬੂਝੇ[6]?
ਤੁਮ ਕੋ ਸ੍ਰਾਪ ਕੁਤੋ ਇਹ ਸੂਝੇ ॥੪੯॥
-ਮਹਾਂ ਨਗਰ ਇਹ ਉਜਰੈ ਸਾਰਾ।
ਕਹਾਂ ਬਸਹਿ-, ਹਮ ਏਵ ਉਚਾਰਾ।
ਹਮਰੀ ਵਸਤੁ ਤੁਮਹਿਂ ਫਿਰਵਾਈ।
ਤੁਮਰੀ ਲੁਟੇ ਕਹਾਂ ਕਰ ਆਈ[7]' ॥੫੦॥
ਸੁਨਤਿ ਖਾਨ ਪੁਨਿ ਤੂਸ਼ਨਿ ਰਹਿਓ[*]।
ਤ੍ਰਾਸ ਧਰੇ ਉਰ ਕੁਛ ਨਹਿਂ ਕਹਿਓ।

---

[1]ਉੱਚੀ ਸੀ ਜੋ ਬੜੀ।
[2]ਸਾਰੇ ਮਨੁੱਖਾਂ ਨੂੰ।
[3]ਮੋੜਕੇ ਦਿੱਤੀਆਂ ਹਨ।
[4]ਪਰਬਤ ਵਰਗੇ।
[5]ਭਾਈ ਰਾਮਕੁਇਰ ਜੀ ਬੋਲੇ।
[6]ਪੁਛਿਆ।
[7]ਕਿਵੇਂ (ਤੈਨੂੰ) ਪ੍ਰਾਪਤ ਹੋਵੇਗੀ।
[*]ਪਾ:-ਗਯੋ।

ਨਿਕਸੇ ਵਹਿਰ ਅਰੂਢਨ ਭਏ।
ਪਹੁੰਚਨ ਹਿਤ ਨਿਜ ਗ੍ਰਾਮ ਸਿਧਏ ॥੫੧॥
ਸਨੇ ਸਨੇ ਮਾਰਗ ਚਲਿ ਪਰੇ।
ਸਕਲ ਵਸਤੁ ਲੇ ਸੇਵਕ ਤੁਰੇ।
ਕਹਜੋ ਖਾਨ ਨੇ 'ਰਹੀਅਹਿ ਸੰਗ।
ਬੜਵਾ[1] ਤੇਜ ਕੁਚਲਨਿ[2] ਕੁਢੰਗ' ॥੫੨॥
ਤਿਨ ਪੀਛੈ ਅਪਨੇ ਜਨੁ ਕੇਈ।
ਪਠਿਬੋ ਕਰੇ[3] ਕਹਜੋ ਸੰਗ ਤੇਈ।
'ਦੂਰ ਦੂਰ ਤੁਮ ਦੇਖਤਿ ਜਾਓ।
ਗਿਰਹਿਂ ਕਿ ਨਹੀਂ ਖ਼ਬਰ ਸਭਿ ਲਜਾਓ' ॥੫੩॥
ਜਬ ਲਗਾਮ ਬਿਨ ਚਢਿ ਕਰ ਚਾਲੇ।
ਅਚਰਜ ਮਾਨਜੋ ਖਾਨ ਬਿਸਾਲੇ।
ਨਮਸਕਾਰ ਕਰਿ ਘਰ ਕੋ ਗਯੋ।
ਸ਼ਰਧਾ ਦਿਢਿ ਠਾਨਤਿ ਸੁਖ ਲਯੋ ॥੫੪॥
ਲਵਪੁਰਿ ਤੇ ਨਿਕਸੇ ਮਗ ਪਰੇ।
ਚਲਹਿ ਤੁਰੰਗਨਿ[4] ਹੁਇ ਅਨੁਸਰੇ[5]।
ਜਥਾ ਚਲਾਵਨਿ ਮਨ ਮਹਿਂ ਠਾਨੈ।
ਸੁਖਦਾ ਗਮਨਹਿ[6] ਤਥਾ ਮਹਾਨੇ ॥੫੫॥
ਪਠੇ ਖਾਨ ਜਨ ਦੇਖਨ ਜੇਈ।
ਚਿਤ ਪਹਿਚਾਨਤਿ ਭੇ ਬਿਧਿ ਤੇਈ।
ਸਭਿਨਿ ਦੇਖਿਤੇ ਤਬਹਿ ਭਜਾਇ।
ਪੌਨ ਗੌਨ ਕੋ ਕਰਿ ਪਿਛਵਾਈ[7] ॥੫੬॥
ਜਾਤਿ ਗਰਦ ਅਵਲੋਕਨ ਕਰਿਈ।
ਨਹਿਂ ਬੜਵਾ ਕੋ ਅੰਗ ਨਿਹਰਿਈ।
ਅਧਿਕ ਸ਼ੀਘ੍ਰਤਾ ਧਰਿ ਇਮ ਦੌਰੀ।
ਹੇਰਿ ਹੇਰਿ ਨਰ ਮਤਿ ਭਈ ਬੌਰੀ ॥੫੭॥

---

[1]ਘੋੜੀ।
[2]ਖੋਟੀ ਚਾਲ ਵਾਲੀ।
[3]ਭੇਜੇ।
[4]ਘੋੜੀ।
[5]ਅਨੁਸਾਰ ਹੋ ਕੇ।
[6]ਸੁਖ ਨਾਲ ਟੁਰਦੀ ਹੈ।
[7]ਵਾਯੂ ਦੇ ਵੇਗ ਨੂੰ ਪਿੱਛੇ ਛੱਡ ਗਈ।

ਪਹੁੰਚੇ ਕੇਤੀ ਦੂਰ, ਟਿਕਾਈ[1]।
ਪੁਨ ਨਰ ਗਨ ਕਹੁ ਸੋ ਦ੍ਰਿਸ਼ਟਾਈ।
ਇਕ ਦਿਸ਼ ਚਰਨ ਕਿਏ ਅਸਵਾਰੀ।
ਹੇਰਿ ਹੇਰਿ ਸਭਿ ਬੰਦਨ ਧਾਰੀ ॥੫੮॥
ਸਹਿਜ ਸੁਭਾਇਕ ਮਾਰਗ ਸਾਰੇ।
ਉਲੰਘਿ ਪਹੁੰਚਿ ਨਿਜ ਗ੍ਰਾਮ ਮਝਾਰੇ।
ਉਤਰ ਪਰੇ ਅਪਨੇ ਘਰ ਰਹੇ।
ਦੇਸ਼ ਅਨਿਕ ਮਾਨਤਿ ਜਿਸ ਅਹੇ ॥੫੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

[1](ਘੋੜੀ) ਖੜੀ ਕੀਤੀ।

੫. [ਗੁਰ ਪ੍ਰਤਾਪ ਸੂਰਜ ਦਾ ਮੁੱਢ ਕਿਵੇਂ ਬੱਝਾ]

੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬

ਦੋਹਰਾ: ਰਾਮਕੁਇਰ ਇਸ ਭਾਂਤਿ ਭਾ,
ਢਿਗ ਦਸਮੇ ਪਾਤਿਸ਼ਾਹ।
ਬਹੁਤ ਬਾਰਤਾ ਤਬਿ ਕਰੀ,
ਆਗੈ ਸੁਨੀਐ ਤਾਂਹਿ ॥੧॥

ਚੌਪਈ: ਇਸ ਕੀ ਕਹੀ ਕਿਤਿਕ ਗੁਰ ਕਥਾ।
ਸਰਬ ਸੁਨਾਵੋਂ ਮਮ ਮਤਿ ਜਥਾ[1]।
ਮੰਨੀ ਸਿੰਘ ਭਏ ਬੁਧਿਵਾਨ।
ਤਿਨਹੁ ਬ੍ਰਿਤੰਤ ਜੁ ਕੀਨਿ ਬਖਾਨ ॥੨॥
ਇਸ ਸ਼ੁਭ ਗ੍ਰੰਥ ਬਿਖੈ ਮੈਂ ਕਹੌਂ।
ਸ਼੍ਰੀ ਗੁਰ ਸੁਜਸੁ ਜਹਾਂ ਤੇ ਲਹੌਂ।
ਤਹਿਂ ਤੇ ਕਰੋਂ ਬਟੋਰਨ[2] ਸਾਰੇ।
ਕਿਤਿਕ ਸੁਨੀ ਸਿੱਖਨ ਮੁਖ ਦ੍ਵਾਰੇ ॥੩॥
ਸੋ ਸਭਿ ਇਸ ਮੈ ਲਿਖੋਂ ਬਨਾਈ।
ਛੰਦ ਬੰਦ ਕਰਿ ਸੁੰਦਰਤਾਈ।
ਕਿਤ ਕਿਤ ਅਪਰ[3] ਥਾਨ ਗੁਰ ਕਥਾ।
ਸੋ ਮੈਂ ਰਚੋਂ ਦੇਖਿ ਹੌਂ ਜਥਾ ॥੪॥
ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ।
ਰਲ ਮਿਲਿ ਰਹਯੋ ਏਕ ਥਲ[4] ਸਭਿ ਨਹਿਂ।
ਜਿਮ ਸਿਕਤਾ[5] ਮਹਿਂ ਕੰਚਨ[6] ਮਿਲੈ।
ਬੀਨ[7] ਡਾਂਵਲਾ[8] ਲੇ ਤਿਹ ਭਲੈ ॥੫॥
ਤਥਾ ਜਗਤ ਤੇ ਮੈਂ ਚੁਨਿ ਲੇਊਂ।
ਕਥਾ ਸਮਸਤ[9] ਸੁ ਲਿਖ ਕਰਿ ਦੇਊਂ।
ਬਾਨੀ ਸਫਲ ਕਰਨ ਕੇ ਕਾਰਨ।

---

[1]ਜੈਸੀ ਹੈ।
[2]ਇਕੱਤ੍ਰ।
[3]ਹੋਰ।
[4]ਇਕ ਥਾਂ।
[5]ਰੇਤਾ।
[6]ਸੋਨਾ।
[7]ਚੁਣ।
[8]ਨਿਆਰੀਆ।
[9]ਸਾਰੀ।

ਕਰਿ ਹੌਂ ਸਤਿਗੁਰ ਸੁਜਸ ਉਚਾਰਨਿ ॥੬॥
ਜਿਮ ਦਧਿ[1] ਬਿਖੈ ਘ੍ਰਿੱਤ ਮਿਲ ਰਹੈ।
ਕਰਹਿ ਮਥਨ[2] ਨੀਕੇ ਸੁਭ ਲਹੈ।
ਤਿਮ ਜਗ ਮਹਿਂ ਕਰ ਬਾਦ ਬਿਬਾਦੂ[3]।
ਗੁਰ ਜਸੁ ਸੰਚੌਂ[4] ਦੇ ਅਹਿਲਾਦੂ[5] ॥੭॥
ਜਥਾ ਉਦਧਿ ਮਥਿ[6] ਰਤਨ ਨਿਕਾਸੇ।
ਵਹਿਰ ਭਏ ਜਗ ਮਹਿਦ ਪ੍ਰਕਾਸ਼ੇ।
ਤਿਮਿ ਸਤਿਗੁਰ ਕੋ ਸੁਜਸੁ ਨਿਕਾਸ਼ੌਂ।
ਸਭਿ ਤੇ ਸੁਨਿ ਇਕ ਥਾਨ ਪ੍ਰਕਾਸ਼ੌਂ ॥੮॥
ਪੂਰਬ ਮੈਂ ਸ਼੍ਰੀ ਨਾਨਕ ਕਥਾ।
ਛੰਦਨ ਬਿਖੈ ਰਚੀ ਮਤਿ ਜਥਾ*।
ਰਹਜੋ ਚਾਹਿਤੋ+ ਗੁਰਨਿ[7] ਬ੍ਰਿਤਾਂਤ।
ਨਹਿਂ ਪਾਯੋ ਤਿਸ ਤੇ ਪਸ਼ਚਾਤ ॥੯॥
ਪਰਾਲਬਧ ਕਰਿ ਕਿਤਿ ਕਿਤਿ ਰਹੇ।
ਚਿਤ ਮਹਿਂ ਗੁਰ ਜਸੁ ਰਚਿਬੋ ਚਹੇ।
ਕਰਮ ਕਾਲ[8] ਤੇ ਕੈਂਥਲ ਆਏ।
ਥਿਤ ਹੁਇ ਜਪੁਜੀ ਅਰਥ ਬਨਾਏ ॥੧੦॥
ਪੁਨਿ ਸੰਜੋਗ ਹੋਇ ਅਸ ਗਯੋ।
ਰਾਮ ਚਰਿਤ ਕੋ ਮਨ ਹੁਲਸਯੋ।
ਬਾਲਮੀਕ ਕ੍ਰਿਤ ਕਥਾ ਸੁਨੀ ਜਬਿ।
ਛੰਦਨਿ ਬਿਖੇ ਰਚੀ ਤਬ ਹਮ ਸਬਿ ॥੧੧॥
ਰਾਮ ਕਥਾ ਪਾਵਨ ਬਿਸਤਾਰੀ[9]।

---

[1]ਦਹੀਂ।
[2]ਰਿੜਕਣ ਨਾਲ।
[3]ਭਾਵ, ਵਾਦ = ਗੁਰਜਸ ਦਾ ਵਿਸਤਾਰ ਸਹਿਤ ਵਰਣਨ, ਤੇ ਵਿਵਾਦ = ਵਿਰੋਧੀ ਪੁਰਖਾਂ ਦੇ ਕਥਨ ਦਾ ਯੁਕਤੀ ਸਹਿਤ ਖੰਡਨ।
[4]ਕੱਠਾ ਕਰਾਂਗਾ।
[5]ਪ੍ਰਸੰਨਤਾ ਦੇ ਦੇਣ ਵਾਲਾ (ਗੁਰੂ ਜਸ)।
[6]ਸਮੁੰਦਰ ਰਿੜਕ ਕੇ।
*ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਮੁਰਾਦ ਹੈ।
+ਪਾ:-ਰਚਜੋ ਚਾਹ ਨੌਂ।
[7]ਭਾਵ ਬਾਕੀ ਨਵਾਂ ਗੁਰਾਂ ਦਾ।
[8]ਭਾਵ ਕਰਮ ਤੇ ਸਮੇਂ ਦੀ ਗਤੀ ਨਾਲ।
[9]ਫੈਲਾਈ।

ਸੁਨਿ ਸਭਿ ਨੀਕੀ ਰੀਤਿ ਉਤਾਰੀ[+]।
ਸੁੰਦਰ ਬਨਜੋ ਰਮਾਇਨ ਮਹਾਂ।
ਤਤਛਿਨ ਲਿਖਿ ਲੀਨਸਿ ਜਹਿਂ ਕਹਾਂ[++] ॥੧੨॥
ਪੁਨ ਬਿਦਾਂਤ ਕੋ ਗ੍ਰੰਥ ਮਹਾਨ।
ਉਪਨਿਸ਼ਧਨਿ ਕੋ ਜਹਿਂ ਬੱਖਜਾਨ।
ਆਤਮ ਕੋ ਪੁਰਾਨ ਜਿਸ ਨਾਮੁ[1]।
ਸਕਲ ਬਨਾਯੋ ਸੋ ਅਭਿਰਾਮ ॥੧੩॥
ਬਹੁਤ ਬਰਖ ਬੀਤੇ ਜਬ ਲਹੇ।
ਗੁਰ ਜਸੁ ਰਚਨਿ ਚਾਹਤੇ ਰਹੇ।
ਉਰ ਅਭਿਲਾਖਾ ਨਿਤਿ ਕੀ ਮੇਰੀ।
ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ ॥੧੪॥
ਭਯੋ ਅਚਾਨਕ ਸੰਚੈ ਆਈ।
ਸਰਬ ਗੁਰਨਿ ਕੋ ਜਸੁ ਸਮੁਦਾਈ।
ਚਾਹਤਿ ਭਏ ਆਪ ਗੁਰ ਜਬਹੂੰ।
ਭਾ ਸੰਚੈ ਦਸ ਗੁਰ ਜਸੁ ਸਭਿਹੂੰ[+++] ॥੧੫॥
ਹੇਰਿ ਉਮੰਗ ਮੋਹਿ ਮਨ ਆਈ।
ਕਰਨ ਲਗਜੋ ਇਹ ਗ੍ਰੰਥ ਸੁਹਾਈ।
ਰਾਮਕੁਇਰ ਕੇ ਮੁਖ ਤੇ ਕਥਾ।
ਬਰਨੋਂ ਸਭਿ ਮੈਂ ਹੋਈ ਜਥਾ ॥੧੬॥
ਸ਼੍ਰੀ ਗੁਰੁ ਗੋਬਿੰਦ ਸਿੰਘ ਕ੍ਰਿਪਾਲਾ।
ਗਏ ਦੇਸ਼ ਤਜਿ ਇਹ ਜਿਸ ਕਾਲਾ।
ਮਿਲਜੋ ਤਬਹਿ ਬਿਛੁਰਨ ਨਹਿਂ ਚਹਜੋ।
'ਨਿਤਿ ਦਰਸ਼ਨ ਕਰਿਹੌਂ' ਬਚ ਕਹਜੋ ॥੧੭॥
ਇਸ ਕੇ ਮਨ ਕੀ ਸਤਿਗੁਰ ਜਾਨ।
ਕ੍ਰਿਪਾ ਧਾਰਿ ਇਮ ਕੀਨਿ ਬਖਾਨ।
'ਚਢਹੁ ਅਖੇਰ[2] ਦਰਸ ਤਹਿਂ ਪੈਹੋ।
ਅਪਨੀ ਇੱਛਾ ਪੂਰ ਕਰੈਹੋ' ॥੧੮॥

[+]ਪਾ:-ਉਚਾਰੀ।
[++]ਇਸ ਗ੍ਰੰਥ ਦੇ ਉਤਾਰੇ ਬੜੀ ਛੇਤੀ ਹੋਏ, ਚੁਨਾਂਚਿ ੧੮੯੧ ਦੇ ਆਰੰਭ ਵਿਚ ਇਹ ਗ੍ਰੰਥ ਮੁੱਕਾ ਸੀ, ਤੇ ੧੦ ਵੈਸਾਖ ੧੮੯੨ ਨੂੰ ਮੁੱਕਾ ਇਕ ਉਤਾਰਾ ਸਾਡੇ ਦੇਖਣ ਵਿਚ ਆਇਆ ਹੈ।
[1]ਜਿਸ ਵਿਚ ਉਪਨਿਖਧਾਂ ਦੀ ਵਜ਼ਾਖਜ਼ਾ ਹੈ ਤੇ 'ਆਤਮ ਪੁਰਾਨ' ਨਾਮ ਹੈ ਜਿਸ (ਗ੍ਰੰਥ) ਦਾ।
[+++]ਵਿਸਥਾਰ ਪ੍ਰਸਤਾਵਨਾ ਵਿਚ ਹੈ।
[2]ਸ਼ਿਕਾਰ ਚੜ੍ਹਿਆ ਕਰੋ।

ਸੁਨਿ ਘਰ ਗਯੋ ਅਨੰਦ ਮਹਿਂ ਮਗਨ।
ਕਲ਼ਗੀਧਰ ਕੀ ਲਾਗੀ ਲਗਨ[1]।
ਸ਼੍ਰੀ ਸਤਿਗੁਰ ਪਹਿ ਬਿਛੁਰਯੋ ਜਬ ਤੇ।
ਚਢਹਿ ਅਖੇਰ[2] ਨਾਮ ਕਰਿ ਤਬਿ ਤੇ ॥੧੯॥
ਗਮਨਹਿ ਵਹਿਰ ਜਾਇ ਉਦਿਆਨ।
ਦਰਸਹਿ ਸਤਿਗੁਰ ਕ੍ਰਿਪਾ ਨਿਧਾਨ।
ਜਾਵਦ[3] ਨਹਿਂ ਸਰੀਰ ਕਹੁ ਤਜਾਗਯੋ।
ਤਾਵਦ ਇਸੀ ਨੇਮ ਮਹਿਂ ਲਾਗਯੋ ॥੨੦॥
ਵਹਿਰ ਅਖੇਰ ਬ੍ਰਿੱਤਿ ਕੋ ਜਾਵੈ[4]।
ਕਲ਼ਗੀਧਰ ਕੋ ਦਰਸ਼ਨ ਪਾਵੈ।
ਅਵਚਲ ਨਗਰ[*] ਗਏ ਗੁਰ ਜਬੈ।
ਸੱਚਖੰਡ ਪ੍ਰਾਪਤਿ ਭੇ ਤਬੈ ॥੨੧॥
ਮੱਦ੍ਰ ਦੇਸ਼[5] ਮਹਿਂ ਤਿਨ ਤੇ ਪਾਛੇ।
ਰਹੇ ਜੁ ਸਿੰਘ ਰਹਿਤ ਮਹਿਂ ਆਛੇ[6]।
ਸੋ ਇਨ ਕੇ ਦਰਸ਼ਨ ਕਹੁ ਗਏ।
ਹਾਥ ਜੋਰਿ ਕਰਿ ਬੰਦਹਿ ਭਏ ॥੨੨॥
ਰਹੇ ਨਿਕਟਿ ਗੁਰ ਸੁਜਸੁ ਉਚਾਰਤਿ।
ਉਰ ਮਹਿਂ ਪਰਮ ਪ੍ਰੇਮ ਕਹੁ ਧਾਰਤਿ।
'ਦੇਖਹੁ ਕਹਾਂ ਚਲਿਤ ਕਰਿ ਗਏ[7]।
ਰਣ ਮਹਾਨ ਘਮਸਾਨਨ[8] ਕਏ ॥੨੩॥
ਲਾਖਹੁਂ ਸ਼ੱਤ੍ਰੁਨ ਕਉ ਸੰਘਰਿ ਕੈ[9]।
ਪੰਥ ਖਾਲਸਾ ਉਤਪਤਿ ਕਰਿ ਕੈ।
ਹਤਿ ਭੇ ਚਾਰਿਹੁਂ ਸਾਹਿਬਜ਼ਾਦੇ।

---

[1]ਸਿੱਕ।
[2]ਸ਼ਿਕਾਰ ਨੂੰ।
[3]ਜਦ ਤਕ।
[4]ਸ਼ਿਕਾਰ ਕਰਨ ਨੂੰ ਜਾਵੇ।
[*]ਇਹ ਗੁਰੂ ਦਸਮੇਂ ਪਾਤਸ਼ਾਹ ਜੀ ਦਾ ਦੇਹੁਰਾ ਤੇ ਸਿੱਖਾਂ ਦਾ ਨਿਵਾਸ ਸਥਾਨ ਹੈ, ਦੱਖਣ ਦੇਸ਼ ਰਿਆਸਤ ਨਿਜ਼ਾਮ ਵਿਚ ਨਾਂਦੇੜ ਸ਼ਹਿਰ ਦੇ ਲਾਗੇ ਹੈ।
[5]ਪੰਜਾਬ। (ਅ) ਪੁਰਾਣਾਂ ਮੂਜਬ ਰਾਵੀ ਤੇ ਜੇਹਲਮ ਦੇ ਵਿਚਕਾਰਲਾ ਦੇਸ਼।
[6]ਚੰਗੇ।
[7]ਭਾਵ ਦਸਮੇਂ ਗੁਰੂ ਜੀ।
[8]ਯੁੱਧ।
[9]ਮਾਰ ਕੇ।

ਤਊ ਜੁੱਧ ਮਹਿਂ ਬਹੁ ਅਹਿਲਾਦੇ[1] ॥੨੪॥
ਲੇਸ਼ ਮਾਤ੍ਰ ਜਿਨਿ ਮੋਹ ਨ ਹੋਯੋ।
ਮਹਾਂ ਬੀਰ ਸ਼ੱਤ੍ਰੂਨ ਘਰ ਖੋਯੋ।
ਜਜੋਂ ਚਿਤ ਚਹਤਿ ਕਰਤਿ ਤਤਕਾਲਾ।
ਤਊ ਚਲੇ ਜਿਮ ਨਰ ਗਨ ਚਾਲਾ ॥੨੫॥
ਜਿਨ[+] ਮਹਿਂ[2] ਅਤਿ ਉਤਸਾਹਿ ਥਿਰਜੋ ਹੈ।
ਆਗੇ ਅਸ ਕਿਨਹੂੰ ਨ ਕਰਜੋ ਹੈ।
ਅਧਿਪਤਿ[3] ਅਧਿਕ[4] ਨੁਰੰਗਾ ਭਯੋ।
ਸਭਿ ਦੇਸ਼ਨਿ ਕਹੁ ਰਾਜਾ ਥਯੋ ॥੨੬॥
ਦ੍ਵੈ ਬਿੰਸਤ ਲਛ[++] ਸੈਨਾ[5] ਸੰਗ।
ਦਸ ਹਜ਼ਾਰ ਤੋਪੈਂ ਗਢਵ ਭੰਗ[6]।
ਅਰੁ ਪੰਚਾਸ ਹਜ਼ਾਰ ਜਮੂਰੇ[7]।
ਅਰਜੋ ਨ ਕੋ ਕੀਨਸਿ ਸਭਿ ਚੂਰੇ ॥੨੭॥
ਅਪਰ[8] ਸੈਨ ਜੋ ਰਾਜਨ ਕੇਰੀ।
ਗਨੈ ਕੌਨ ਸੰਗ ਚਲਹਿ ਘਨੇਰੀ।
ਜਿਸ ਕੋ ਤੇਜ ਸਹੈ ਨਹਿਂ ਕੋਊ।
ਸਕਲ ਮਿਲੈਂ ਬੰਦੈਂ ਕਰ ਦੋਊ ॥੨੮॥
ਤਿਹ ਸੋਂ[9] ਅਰਿ ਕੈ ਕਰਨ ਲੜਾਈ।
ਸਿੰਘ ਅਲਪ[10] ਲੇ ਸੰਗ ਸਹਾਈ।

---

[1]ਪ੍ਰਸੰਨ ਰਹੇ।
[+]ਪਾ:-ਰਨ।
[2]ਭਾਵ ਗੁਰਾਂ ਵਿਚ।
[3]ਪਾਤਸ਼ਾਹ।
[4]ਬੜਾ।
[++]ਇਹ ਉਸ ਦੀ ਸੈਨਾਂ ਦੀ ਗਿਣਤੀ ਸਿੰਘਾਂ ਨੇ ਉਸ ਵੇਲੇ ਦੀ ਲੋਕ ਪ੍ਰਸਿਧ ਗਿਣਤੀ ਕਹੀ ਹੈ, ਛਾਵਣੀਆਂ ਵਿਚ ਰਹਿਣ ਵਾਲੀ ਬੀ, ਘੋੜ ਚੜ੍ਹੇ, ਹਾਥੀ ਸਵਾਰ, ਤੋਪਖਾਨੇ ਵਾਲੇ ਬੀਤੇ ਜੋ ਅੱਗੇ ਪਿਛੇ ਘਰੀਂ ਵਸਦੇ ਸਨ, ਪਰ ਜੰਗ ਵੇਲੇ ਸੱਦੇ ਤੇ ਆ ਸ਼ਾਮਲ ਹੁੰਦੇ ਸਨ ਓਹ ਸਾਰੇ। ਉਸ ਸਮੇਂ ਹਥਿਆਰ ਹਰ ਕੋਈ ਰੱਖ ਸਕਦਾ ਸੀ, ਜਿਸ ਕਰਕੇ ਹਥਿਆਰ ਵਰਤਣਾ ਬੇ-ਗਿਣਤ ਲੋਕ ਜਾਣਦੇ ਸਨ, ਤੇ ਪਾਤਸ਼ਾਹੀ ਹੋਕਰੇ ਤੇ ਅਨੇਕਾਂ ਆ ਆ ਕਠੇ ਹੋ ਜਾਂਦੇ ਸਨ।
[5]ਬਾਈ ਲਖ ਫੌਜ।
[6]ਕਿਲ੍ਹੇ ਤੋੜਨ ਵਾਲੀਆਂ।
[7]ਛੋਟੀ ਤੋਪ।
[8]ਹੋਰ।
[9]ਭਾਵ ਐਸੇ ਬਲਵਾਨ ਪਾਤਸ਼ਾਹ ਨਾਲ।
[10]ਥੋੜੇ ਜਿੰਨੇ।

ਗੁਰ ਬਿਨ ਸਮਰਥ ਅਪਰ ਨ ਲਹੀਏ।
ਤਿਸ ਕਲ਼ਗੀਧਰ ਕੇ ਗੁਨ ਕਹੀਏ ॥੨੯॥
ਅਸ ਤੁਰਕਨ ਕੀ ਜਰਾਂ ਉਖਾਰੀ।
ਕੀਨ ਰਾਜ ਬਹੁ ਪੁਸ਼ਤਨਿ[1] ਭਾਰੀ।
ਦੀਰਘ[2] ਦੁਰਗ[3] ਮਵਾਸ[4] ਬਡੇਰੇ।
ਹੋਇ ਛਾਰ ਸੋ ਪਰਹਿਂ ਨ ਹੇਰੇ ॥੩੦॥
ਭਾਈ ਰਾਮਕੁਇਰ ਤੁਮ ਲਹੋ।
ਸਰਬ ਰੀਤਿ ਸੋਂ ਸਮਰਥ ਅਹੋ।
ਕਰਹੁ ਲਿਖਾਵਨਿ ਗੁਰ ਕੀ ਕਥਾ।
ਪੇਖੀ ਸੁਣੀ ਸੁਣਾਵਹੁ ਤਥਾ** ॥੩੧॥
ਪ੍ਰਥਮੈ ਅਸ਼ਟ ਗੁਰਨ ਕੀ ਕਥਾ।
ਕਰਹੁ ਸੁਨਾਵਨਿ ਭੇ ਜਗ ਜਥਾ।
ਜਿਮਿ ਚਰਿੱਤ੍ਰ[5] ਬਰ ਅਨਿਕ ਪ੍ਰਕਾਰੇ।
ਕਰਿ ਨਰ ਸਿੱਖਜ ਸਮੂਹ ਉਧਾਰੇ ॥੩੨॥
ਪਾਛੇ ਸੰਗਤਿ ਸਿੱਖ ਸਮਾਜੂ[6]।
ਪੰਥ ਖਾਲਸਾ ਸਿੰਘਨ ਰਾਜੂ।
ਪਠਿਬੇ ਤੇ ਗੁਰ ਕੋ ਜਸੁ ਜਾਨੈਂ।
ਸੁਮਤਿਵੰਤ ਬਹੁ ਭਾਂਤ ਬਖਾਨੈਂ ॥੩੩॥
ਹੁਇ ਗੁਰ ਸਿੱਖਨ ਕੀ ਕੱਲਜਾਨ।
ਅਪਰ ਧਰਹਿਂ ਸ਼ਰਧਾ ਸੁਨਿ ਕਾਨ।
ਸਭਿਹਿਨਿ ਪਰ ਤੁਮਰੋ ਉਪਕਾਰ।
ਸੁਨਿ ਸੁਨਿ ਲੇਂ ਗੁਰਮਤਿ ਕੋ ਧਾਰ' ॥੩੪॥
ਸਭਿ ਸਿੰਘਨ ਕੀ ਬਿਨਤੀ ਸੁਨਿ ਕੈ।
ਭਾਈ ਰਾਮਕੁਇਰ ਸ਼ੁਭ ਗੁਨਿ ਕੈ।
ਸਾਹਿਬ ਸਿੰਘ ਲਿਖਾਰੀ ਲਾਇਵ।

---

[1]ਪੀੜ੍ਹੀਆਂ ਤਕ।
[2]ਵਡੇ।
[3]ਕਿਲੇ।
[4]ਰੱਖਜਾ ਦੇ ਥਾਉਂ (ਅ) ਆਕੀ।
*ਪਾ:-ਗੁਪਤ ਪ੍ਰਗਟ ਜੇਤਿਕ ਹੈ ਜਥਾ।
[5]ਭਾਵ ਦਸਮ ਗੁਰੂ ਜੀ ਦੇ ਸ੍ਰੇਸ਼ਟ ਚਰਿੱਤ੍ਰ ਕਹੋ, ਕਿਉਂਕਿ ਰਾਸ ੧, ਅੰਸੂ ੮, ਛੰਦ ੩੯ ਵਿਚ 'ਨੌ ਗੁਰ ਕੀ ਸਭਿ ਕਥਾ ਬਖਾਨੋ' ਕਿਹਾ ਹੈ।
[6]ਸਾਰੇ।

ਸਭਿ ਸਤਿਗੁਰ ਕੀ ਕਥਾ ਲਿਖਾਇਵ+ ॥੩੫॥
ਅਪਰ ਸਿੰਘ ਸੁਣਿਬੇ ਗਨ ਲਾਗੇ।
ਸ਼੍ਰੀ ਗੁਰ ਕੇ ਗੁਣ ਸੋਂ ਅਨੁਰਾਗੇ[1]।
ਜੁਗ ਲੋਕਨ ਮਹਿਂ ਦੇ ਕੱਲਜਾਨ।
ਮਹਾ ਮਹਾਤਮ ਸੁਣਿਬੇ ਕਾਨ ॥੩੬॥
ਸੁਤ ਬਿਤ ਆਦਿਕ ਕੀ ਸੁਖਦਾਤਾ।
ਕਸ਼ਟ ਕਾਟਿਬੇ ਦੇ ਬ੍ਰਹਮਗਜਾਤਾ।
ਉਰ ਸ਼ਰਧਾ ਧਰਿ ਸੁਨੈ ਸੁਨਾਵੈ[2]।
ਗੁਰ ਸਹਾਇ ਤੇ ਮੁਕਤੀ ਪਾਵੈ ॥੩੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕਥਾ ਹੋਣ ਪ੍ਰਸੰਗ ਬਰਨਨੰ' ਨਾਮ ਪੰਚਮੋਂ ਅੰਸੂ ॥੫॥

+ਇਹ ਪੋਥੀ ਜੋ ਭਾਈ ਗੁਰਬਖਸ਼ ਸਿੰਘ (ਰਾਮਕੌਰ) ਜੀ ਨੇ ਰਚੀ ਤੇ ਸਾਹਿਬ ਸਿੰਘ ਜੀ ਨੇ ਲਿਖੀ ਰਮਦਾਸ ਦੇ ਖਾਨਦਾਨ ਵਿਚ ਰਹੀ। ਜਦੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਿਆ ਜਾਣ ਲੱਗਾ ਤਦ ਕੈਂਥਲ ਦੇ ਰਾਜਾ ਉਦਯ ਸਿੰਘ ਜੀ ਨੇ ਮਹਾਰਾਜਾ ਪਟਿਆਲਾ ਦੀ ਰਾਹੀਂ ਏਹ ਪੋਥੀ ਰਮਦਾਸ ਤੋਂ ਮੰਗਵਾਈ। ਪਟਿਆਲੇ ਤੇ ਰਮਦਾਸ ਦੇ ਖਾਨਦਾਨਾਂ ਦੀ ਰਿਸ਼ਤੇਬੰਦੀ ਸੀ। ਮਹਾਰਾਜਾ ਆਲਾ ਸਿੰਘ ਜੀ ਦੀ ਪੁੱਤ੍ਰੀ ਬੀਬੀ ਪਰਧਾਨ, ਜੋ ਵਿੱਦਜਾ ਦੀ ਬੜੀ ਕਦਰਦਾਨ ਤੇ ਸਾਧੂ ਬ੍ਰਿਤੀ ਵਾਲੀ ਸੀ, ਭਾਈ ਰਾਮਕੌਰ ਜੀ ਦੇ ਪੋਤ੍ਰੇ ਭਾਈ ਮੋਹਰ ਸਿੰਘ ਜੀ ਨਾਲ ਵਿਆਹੀ ਹੋਈ ਸੀ। ਭਾਈ ਸੰਤੋਖ ਸਿੰਘ ਜੀ ਨੂੰ ਗੁਰੂ ਇਤਿਹਾਸ ਦਾ ਪਹਿਲਾ ਖਜ਼ਾਨਾ (ਜੋ ਇਕ ਖ਼ਾਕੇ ਵਾਂਙੂ ਜਾਪਦਾ ਹੈ ਕਿ ਹੋਸੀ) ਰਮਦਾਸ ਤੋਂ ਲੱਭਾ ਸੀ, ਇਸੇ ਕਰਕੇ ਸੂਰਜ ਪ੍ਰਕਾਸ਼ ਦੀ ਕਥਾ ਆਪ ਨੇ ਉਹਨਾਂ ਦੇ ਮੁਖਾਰਬਿੰਦ ਤੋਂ ਲਿਖੀ ਹੈ। ਇਹ ਪੋਥੀ ਮੁੜਕੇ ਰਮਦਾਸ ਨਹੀਂ ਗਈ। ਜਦੋਂ ਕੈਂਥਲ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਗਿਆ ਹੈ ਤਾਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਉਥੇ ਲੁੱਟ ਪਈ ਸੀ। ਸ਼ੱਕ ਹੁੰਦਾ ਹੈ ਕਿ ਮਹਾਰਾਜਾ ਉਦਜ ਸਿੰਘ ਦੇ ਮਹਿਲਾਂ ਦੀ ਲੁੱਟ ਵਿਚ ਏਹ ਸਾਮਾਨ ਪੁਸਤਕਾਲਜ ਵਿਚੋਂ ਤਬਾਹ ਹੋਏ ਹਨ। ਸ੍ਰੋਤ ਪੈਂਦੀ ਹੈ ਕਿ ਉਤਾਰਾ ਕਿਤੇ ਹੈ, ਪਰ ਖੋਜ ਕਰਦਿਆਂ ਅਜੇ ਸਾਨੂੰ ਨਹੀਂ ਲੱਭਾ। ਪਰ ਸਾਰੇ ਦਸ ਗੁਰਾਂ ਦੇ ਬ੍ਰਿਤਾਂਤ ਇਸ ਵਿਚ ਬੀ ਨਹੀਂ ਹੋਣੇ ਕਿਉਂਕਿ ਕਵਿ ਜੀ ਕਹਿੰਦੇ ਹਨ ਕਿ ਕਿਸੇ ਇਕ ਥਾਵੇਂ ਸਾਰੇ ਹਾਲਾਤ ਨਹੀਂ ਮਿਲਦੇ, ਯਥਾ:- ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ। ਰਲ ਮਿਲ ਰਹਯੋ ਏਕ ਥਲ ਸਭ ਨਹਿਂ। [ਦੇਖੋ ਇਸੇ ਅੰਸੂ ਦਾ ਅੰਕ ੫]

[1]ਗੁਣਾਂ ਵਿਚ ਪ੍ਰੇਮੀ ਹੋਏ।

[2](ਜੇ ਕੋਈ) ਸੁਣੇ ਸੁਣਾਵੇ।

੬. [ਬਾਬਾ ਸ੍ਰੀ ਚੰਦ, ਲਖਮੀ ਚੰਦ, ਵੇਦੀ ਵੰਸ, ਤੇ ਉਦਾਸੀਆਂ ਦਾ ਪ੍ਰਸੰਗ]

੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੭

ਦੋਹਰਾ: ਸੁਨਿ ਕੈ ਸਿੰਘਨਿ ਸਭਿਨਿ ਤੇ, ਪਰਉਪਕਾਰ ਬਿਸਾਲ।
ਨੌਂ ਸਤਿਗੁਰ ਇਤਿਹਾਸ ਜਸ, ਉਰ ਬਿਚਾਰ ਤਿਸ ਕਾਲ ॥੧॥

ਚੌਪਈ: ਭਾਈ ਰਾਮਕੁਇਰ ਸਵਧਾਨ।
ਕਹਿਨਿ ਲਗੇ ਗੁਰ ਕਥਾ ਮਹਾਨ।
ਜਿਸ ਕੇ ਪਠਤਿ ਸੁਨਤਿ ਮਨ ਪਾਵਨ।
ਚਾਰ ਪਦਾਰਥ ਦੈ ਮਨ ਭਾਵਨ[1*] ॥੨॥
ਅਪਰ ਮਹਾਤਮ ਕਹਾਂ ਸੁ ਕਹੀਏ।
ਉੱਤਮ ਸਿੱਖੀ ਕਹੁ ਪਦ ਲਹੀਏ।
ਸ਼੍ਰੋਤਾ ਹੋਤਿ ਭਏ ਸਵਧਾਨ।
ਸ਼੍ਰਵਨ ਕਰਨ ਲਾਗੇ ਰੁਚਿ ਠਾਨਿ[2] ॥੩॥
ਭਾਈ ਰਾਮਕੁਇਰੋ ਵਾਚ ॥

ਚੌਪਈ: ਪ੍ਰਥਮ ਚਰਨ ਕਲਿ[3] ਕਾਲ ਬਿਸਾਲਾ।
ਜਹਿਂ ਤਹਿਂ ਲਾਗੇ ਕਰਨਿ ਕੁਚਾਲਾ।
ਮਤ ਬਿਸਤਰੇ[4] ਅਨੇਕ ਕੁਢਾਲੇ।
ਨਹਿਂ ਸਿਮਰਹਿਂ ਸਤਿਨਾਮ ਸੁਖਾਲੇ ॥੪॥
ਕੇਤਿਕ ਮਤ[5] ਗਿਨੀਏ ਜਗ ਭਏ।
ਤਨਕ[6] ਸਿੱਧਿ[7] ਲਹਿ ਪੰਥ ਚਲਏ।
ਪਰਮੇਸ਼ੁਰ ਕੋ ਨਹਿਂ ਪਹਿਚਾਨੈ।
ਅਪਰ ਬਿਧਿਨਿ ਉਪਦੇਸ਼ ਬਖਾਨੈ ॥੫॥
-ਪੂਰਬ[8] ਜੁਗਨ ਬਿਖੈ ਤਪ ਜੱਗਜ।
ਕਰਿ ਕਰਿ ਸਾਧਨ ਭਏ ਤਤੱਗਜ[9]।
ਕਲਿ ਮਹਿਂ ਸ਼ਕਤਿ ਹੀਨ ਨਰ ਰਹੇ।

---

[1]ਮਨ ਦੀ ਕਾਮਨਾ ਦੇਣ ਵਾਲੀ।
[*]ਪਾਛ-ਕਰਿ ਹੈ ਪਾਵਨ।
[2]ਪ੍ਰੀਤ ਧਾਰ ਕੇ।
[3]ਕਲਿਜੁਗ।
[4]ਫੈਲ ਗਏ।
[5]ਮਜ਼ਹਬ।
[6]ਥੋੜੀ।
[7]ਸਿੱਧੀ।
[8]ਪਹਿਲੇ।
[9]ਬ੍ਰਹਮ ਗਿਆਨੀ।

ਕਿਸ ਪ੍ਰਕਾਰ ਮੁਕਤੀ ਕਹੁ ਲਹੇਂ- ॥੬॥
ਕਰਤਾ ਪੁਰਖ ਬਿਚਾਰਨ ਕੀਨ।
ਜਾਨੇ -ਕਲਿ ਮਹਿਂ ਜੀਵ ਜਿ ਦੀਨ[1]।
ਸੱਤਿਨਾਮ ਸਿਮਰਹਿਂ ਸੁਖ ਹੋਇ।
ਇਸ ਬਿਨ ਆਨ ਉਪਾਇ ਨ ਕੋਇ ॥੭॥
ਆਪ ਜਾਇ ਕਰ ਸੁਮਤਿ ਬਤਾਵੌਂ।
ਪਰੇ ਕੁਮਗ[2] ਤੇ ਸੁਮਗ ਚਲਾਵੌਂ।
ਮੋ ਬਿਨ ਸਰੈ ਕਾਰ ਇਹੁ ਨਾਂਹੀ-।
ਯਾਂ ਤੇ ਨਰ ਤਨ ਧਰਿ ਜਗ ਮਾਂਹੀ ॥੮॥
ਘਰ ਕਾਲੂ ਕੇ ਜਨਮੇ ਆਈ।
ਜਨਨੀ ਤ੍ਰਿਪਤਾ ਪਿਖਿ ਹਰਖਾਈ।
ਅਲਪ ਬੈਸ ਮਹਿਂ ਸੁੰਦਰ ਬੇਸ[3]।
ਜਹਿਂ ਕਹਿਂ ਦੇਤਿ ਭਏ ਉਪਦੇਸ਼ ॥੯॥
'ਸੱਤਿਨਾਮ ਕੋ ਸਿਮਰਨ ਕਰਨੋ।
ਸਨੈ ਸਨੈ ਤਨ ਅਹੰ[4] ਬਿਸਰਨੋ।
ਭਾਣਾ ਪਰਮੇਸ਼ੁਰ ਕਹੁ ਜੈਸੇ।
ਹੁਇ ਪ੍ਰਸੰਨ ਅਨੁਸਾਰੀ ਤੈਸੇ' ॥੧੦॥
ਇਸ ਪ੍ਰਕਾਰ ਕੋ ਦੇ ਉਪਦੇਸ਼।
ਅਨਿਕ ਨਰਨਿ ਕੇ ਕਟੇ ਕਲੇਸ਼।
ਮੂਲੇ ਕੀ ਤਨੁਜਾ ਬਡਭਾਗਨਿ।
ਸ਼੍ਰੀ ਗੁਰ ਮਹਿਲਾ[5] ਮਹਾਂ ਸੁਹਾਗਨਿ[6] ॥੧੧॥
ਤਿਸ ਤੇ ਪੁੱਤ੍ਰ ਭਏ ਜੁਗ[7] ਧੀਰ।
ਬ੍ਰਹਮਗਯਾਨ ਮਹਿਂ ਅਚਲ ਗੰਭੀਰ।
ਜੇਠੋ[8] ਭਾ ਸ਼੍ਰੀ ਚੰਦ ਉਦਾਰਾ।
ਨਹਿਂ ਗ੍ਰਿਹਸਤ ਮਗ[9] ਅੰਗੀਕਾਰਾ ॥੧੨॥

---

[1]ਦੁਖੀ।
[2]ਬੁਰੇ ਰਾਹ।
[3]ਸੁਹਣਾ ਰੂਪ।
[4]ਹੰਕਾਰ।
[5]ਇਸਤਰੀ।
[6]ਸ੍ਰੇਸ਼ਟ ਸੁਹਾਗ ਵਤੀ।
[7]ਦੋ।
[8]ਬੜਾ।
[9]ਗ੍ਰਿਹਸਤ ਮਾਰਗ।

ਰਹੈ ਬ੍ਰਿਤੀ ਨਿਤ ਜੋਗ ਅਰੂੜਾ।
ਇਕ ਰਸ ਮੈਂ ਆਸ਼ੈ ਜਿਸ ਗੂੜ੍ਹਾ।
ਜਿਨ ਕੇ ਛੁਯੋ ਬਿਕਾਰ ਨ ਕੋਇ।
ਜਤੀ ਪੁਰਸ਼ ਭੀਸ਼ਮ ਸਮ[1] ਸੋਇ ॥੧੩॥
ਲਖਮੀਦਾਸੁ ਅਨੁਜ[2] ਤਿਨ ਭਯੋ।
ਮਗ ਗ੍ਰਿਹਸਤ ਜਿਨ ਧਾਰਨਿ ਕਯੋ।
ਗਜਾਨ ਬਿਖੈ ਜੁਗ[3] ਭ੍ਰਾਤ ਸਮਾਨ।
ਸ਼੍ਰੀ ਨਾਨਕ ਕੇ ਪੁੱਤ੍ਰ ਸੁਜਾਨ ॥੧੪॥
ਧਰਮ ਚੰਦ ਪੋਤ੍ਰਾ ਪੁਨ ਭਯੋ।
ਜਿਸ ਤੇ ਬੰਸ਼ ਬੇਦੀਯਨ ਥਯੋ।
ਇਕ ਦਿਨ ਕਰਿ ਅਖੇਰ ਕਹੁ[4] ਆਏ[5]।
ਸ਼ਸ਼ਿ[6] ਹਤਿ[7] ਅਸੁ[8] ਦੁਹਦਿਸ਼ਿ ਲਰਕਾਏ[9] ॥੧੫॥
ਸਿਰੀ ਚੰਦ ਨੇ ਅਨੁਜ[8] ਨਿਹਾਰਾ।
ਕ੍ਰਿਪਾ ਜੁਗਤ ਹੁਇ ਬਾਕ ਉਚਾਰਾ।
'ਦਿਨ ਪ੍ਰਤਿ ਅਨਿਕ ਜੀਵ ਕਹੁ ਘਾਵੈਂ[10]।
ਇਹ ਲੇਖਾ ਦੇਨੋ ਬਨਿ ਆਵੈ' ॥੧੬॥
ਕਹਯੋ ਭ੍ਰਾਤ ਕੋ ਨਹੀਂ ਸਹਾਰਾ।
ਗਯੋ ਸਦਨ ਮੈਂ ਕੀਨਸਿ ਤਜਾਰਾ।
ਅਪਨ ਭਾਰਜਾ ਲੇ ਸੁਤ ਸੰਗ।
ਧਾਰਿ ਸ਼ੀਘ੍ਰਤਾ ਚਢਯੋ ਤੁਰੰਗ ॥੧੭॥
ਆਇ ਭ੍ਰਾਤ ਸੋਂ ਭਨਯੋ ਜਨਾਏ।
'ਲੇਖਾ ਦੇਨਿ ਅਬਹਿ ਹਮ ਜਾਏ।'
ਸੁਨਤਿ ਸਿਰੀ ਚੰਦ ਰਿਦੈ ਬਿਚਾਰਾ।
ਧਰਮਚੰਦ ਕੋ ਪਕਰਿ ਉਤਾਰਾ ॥੧੮॥

---

[1]ਭੀਖਮ ਵਾਂਙੂ।
[2]ਛੋਟਾ ਭਿਰਾ।
[3]ਦੋਵੇਂ।
[4]ਸ਼ਿਕਾਰ ਕਰਕੇ।
[5]ਭਾਵ ਲਖਮੀ ਚੰਦ ਜੀ।
[6]ਸਿਹੇ, ਖ਼ਰਗੋਸ਼।
[7]ਮਾਰ ਕੇ।
[8]ਲਮਕਾਏ।
[9]ਲਮਕਾਏ।
[10]ਮਾਰਦੇ ਹੋ।

-ਹਮ ਤੋ ਨਹਿਂ ਗ੍ਰਿਹਸਤ ਕੋ ਕਰਿਹੀਂ।
ਰਹੈ ਬੰਸ ਇਸ ਤੇ ਜਗ ਥਿਰਿਹੀ-।
ਸਹਤ ਭਾਰਜਾ ਗਯੋ, ਨ ਆਯੋ।
ਅਵਲੋਕਤਿ ਨਰ ਗਨ ਬਿਸਮਾਯੋ ॥੧੯॥
ਧਰਮਚੰਦ ਤੇ ਚਾਲਯੋ ਬੰਸ।
ਸਭਿ ਬੇਦੀ ਊਜਲ ਜਿਮ ਹੰਸ।
ਸਿਰੀਚੰਦ ਬਯ ਭਈ ਬਿਸਾਲਾ।
ਜਗ ਮਹਿਂ ਦੇਹਿ ਧਰੀ ਚਿਰ ਕਾਲਾ ॥੨੦॥
ਸਦਾ ਜੋਗ ਰਸ ਭੋਗਨਿ ਕਰਤੇ।
ਜਗਤ ਬਾਸ਼ਨਾ ਨਹਿਂ ਮਨ ਬਰਤੇ।
ਜਹਾਂਗੀਰ ਜਬ ਭਾ ਤੁਰਕੇਸ਼[1]।
ਸੁਨਿ ਕੈ ਇਨਿ ਕੋ ਸੁਜਸੁ ਬਿਸ਼ੇਸ਼ ॥੨੧॥
ਕਈ ਬਾਰ ਨਿਜ ਮਨੁਜ ਪਠਾਏ।
ਬਿਨੈ ਠਾਨਿ ਕੈ ਨਿਕਟ ਬੁਲਾਏ।
ਕਰਾਮਾਤ ਕੋ ਚਾਹਤਿ ਦੇਖਾ।
ਕੌਤਕ ਜਿਸ ਕੇ ਰਿਦੈ ਬਿਸ਼ੇਖਾ ॥੨੨॥
ਗੋਦੜੀਆ[2] ਸੇਵਕ ਰਹਿ ਨਾਲੇ।
ਤਿਸ ਕੇ ਕੰਧ ਚਢਹਿਂ ਜਬ ਚਾਲੇਂ।
ਨਾਂਹਿ ਤ ਟਿਕੇ ਰਹੈਂ ਨਿਜ ਥਾਨ।
ਸਦਾ ਲਗਾਏ ਰਾਖਹਿਂ ਧਜਾਨ ॥੨੩॥
ਤਿਸ ਪਰ ਚਢਿ ਲਵਪੁਰੀ ਸਿਧਾਰੇ।
ਸਨੈ ਸਨੈ ਤਹਿਂ ਪਹੁਂਚ ਸੁਖਾਰੇ।
ਇਕ ਦਿਨ ਡੇਰਾ ਤਹਾਂ ਟਿਕਾਏ।
ਪੁਨ ਤੁਰਕੇਸ਼ੁਰ ਨਿਕਟਿ ਬੁਲਾਏ ॥੨੪॥
ਜਨ[3] ਗੋਦੜੀਏ ਪਰ ਆਰੂਢਿ[4]।
ਪਹੁਂਚੇ ਤਹਿਂ ਆਸ਼ੈ ਜਿਨ ਗੂਢ।
ਪਹੁੰਚ ਤੀਰ ਜਬਿ* ਸਨਮੁਖ[5] ਦੀਖਾ।

---

[1]ਤੁਰਕਾਂ ਦਾ ਬਾਦਸ਼ਾਹ।
[2]ਸੇਵਕ ਦਾ ਨਾਮ।
[3]ਸੇਵਕ।
[4]ਅਸਵਾਰ ਹੋਕੇ।
*ਪਾ:-ਜਹਾਂਗੀਰ ਜਬ।
[5]ਸਾਹਮਣੇ।

ਤਹਿਂ ਉਤਰੇ ਤਨ ਸ਼ੰਭੂ[1] ਸਰੀਖਾ[+] ॥੨੫॥
ਤਨ ਪਰ ਕੀ ਖਿੰਥਾ[2] ਸੁ ਉਤਾਰੀ।
ਧਰੀ ਤਹਾਂ ਜਹਿਂ ਪਰਹਿ ਨਿਹਾਰੀ[3]।
ਬਿਰਧ ਅਵਸਥਾ ਤਬਿ ਚਲਿ ਗਏ।
ਸਾਦਰ ਬੋਲ ਬਿਠਾਵਤਿ ਭਏ ॥੨੬॥
ਕਰਜੋ ਪਰਸਪਰ ਬਾਕ ਬਿਲਾਸ।
ਉੱਤਰ ਉਚਿਤ ਦਿਯੇ ਤਿਸ ਪਾਸ।
ਪੁਨ ਤੁਰਕੇਸ਼ ਬਿਲੋਕਨ ਕਰੀ।
ਖਿੰਥਾ ਬਹੁ ਕੰਪਤਿ ਜਹਿਂ ਧਰੀ ॥੨੭॥
ਇਤ ਉਤ ਚਲਹਿ, ਉਠਹਿ, ਗਿਰ ਧਰਨੀ[4]।
ਕਬਿ ਇਕਠੀ ਕਬਿ ਹੋਇ ਪਸਰਨੀ[5]।
ਕਬਿ ਊਚੇ ਹੁਇ ਲੇ ਅੰਗਰਾਈਂ[6]।
ਕਬਹਿ ਜੰਭਾਈ ਕੀ ਸਮਤਾਈ[7] ॥੨੮॥
ਕੰਪਤਿ ਖਿੰਥਾ ਪਿਖਿ ਬਿਸਮਾਯੋ।
ਹਿਤ ਬੂਝਨ ਤੁਰਕੇਸ਼ ਅਲਾਯੋ।
'ਤਰੈ[8] ਗੋਦਰੀ ਕਜਾ ਤਜਿ ਆਏ?
ਇਤ ਉਤ ਹੋਤਿ ਬਿਕੁਲ ਅਕੁਲਾਏ[9]' ॥੨੯॥
ਸੁਨਤਿ ਕਹਯੋ ਸ਼੍ਰੀ ਨਾਨਕ ਨੰਦ।
'ਦਰਵੇਸ਼ਨ ਕੇ ਖਜਾਲ ਬਿਲੰਦ।
ਇਨ ਕੋ ਅੰਤ ਲੈਨ ਭਲ ਨਾਂਹੀ।
ਨੀਕੀ ਜਿਤਕ ਸੇਵ ਬਨ ਜਾਹੀ ॥੩੦॥
ਕੋਈ ਕਿਮਿ ਬਰਤੈ ਕਿਮਿ ਹੋਇ।
ਨਿਤ ਖ਼ੁਦਾਇ ਕੇ ਸਨਮੁਖ ਹੋਇ।'
ਜਹਾਂਗੀਰ ਨੇ ਪੁਨਹ ਬਖਾਨਾ।

---

[1]ਸ਼ਿਵ ਜੀ ਵਰਗਾ।
[+]ਪਾ:-ਸੁੰਭ ਸਰੀਖਾ।
[2]ਗੋਦੜੀ।
[3]ਜਿੱਥੋਂ ਦਿਖਾਈ ਦਿੰਦੀ ਰਹੀ।
[4]ਧਰਤੀ ਤੇ ਡਿੱਗ ਪੈਂਦੀ ਹੈ।
[5]ਫੈਲ ਜਾਵੇ।
[6]ਆਕੜਾਂ ਲਵੇ।
[7]ਉਬਾਸੀਆਂ ਲੈਣ ਵਾਂਙੂ (ਕਰਦੀ ਹੈ)।
[8]ਨੀਚੇ।
[9]ਬਿਆਕੁਲ ਹੋ ਦੁਖੀ ਹੋ ਰਿਹਾ ਹੈ।

'ਮੋਹਿ ਦਿਖਾਵਹੁ ਕ੍ਰਿਪਾਨਿਧਾਨਾ! ॥੩੧॥
ਅਚਰਜ ਬਰਤਤਿ ਹੈ ਮਨ ਮੇਰੇ।
ਖਿੰਥਾ ਕੰਪਤਿ ਪਰਿਹੀ ਹੇਰੇ।
ਅਪਰ ਨਹੀਂ ਕਛੁ ਜਾਨਜੋ ਜਾਇ।
ਕਜਾ ਇਸ ਬਿਖੈ ਰਹਜੋ ਦੁਖ ਪਾਇ' ॥੩੨॥
ਸਿਰੀਚੰਦ ਜੀ ਤਬਹਿ ਬੁਲਾਯੋ।
'ਆਵਹੁ! ਖਿੰਥਾ ਮਹਿਂ ਜੁ ਟਿਕਾਯੋ[1]।
ਤੁਰਕੇਸ਼ਰ ਕੋ ਅਪਨੋ ਆਪ।
ਕਰਹੁ ਦਿਖਾਵਨ ਸਹਤ ਪ੍ਰਤਾਪ' ॥੩੩॥
ਹੁਤੋ ਗੋਦਰੀ ਮਹਿਂ ਜੁਰ[2] ਭਾਰਾ।
ਸ਼੍ਰੀ ਗੁਰ ਸੁਤ ਨੇ ਜਬਹਿ ਹਕਾਰਾ।
ਜਹਾਂਗੀਰ ਕਹੁ ਆਨਿ ਚਢਜੋ ਹੈ।
ਸ਼ੁਸ਼ਕ ਭਯੋ ਮੁਖ[3], ਕੰਪ[4] ਬਢਜੋ ਹੈ ॥੩੪॥
ਤਨ ਰੁਮੰਚੁ[5] ਲੋਚਨ ਭੇ ਲਾਲ।
ਤਪਤਜੋ ਪੀਰਾ ਬਢੀ ਬਿਸਾਲ।
ਹਾਡ ਫੋਰਨੀ[6] ਸਿਰ ਮੈਂ ਬਿਰਥਾ[7]।
ਭਯੋ ਬਿਹਾਲ ਮ੍ਰਿਤਕ ਹੁਇ ਜਥਾ ॥੩੫॥
ਹਾਥ ਜੋਰਿ ਕਹਿ 'ਮੁਹਿ ਨ ਦਿਖਾਵੋ।
ਮਹਾਂ ਦੁਖਦ ਕੌ ਸ਼ੀਘ੍ਰ ਹਟਾਵੋ।
ਨਾਂਹਿ ਤ ਪ੍ਰਾਨ ਹਾਨ ਹੁਇਂ ਮੇਰੇ।
ਤੁਮ ਸਮਰਥ ਸਭਿ ਰੀਤਿ ਬਡੇਰੇ' ॥੩੬॥
ਬਿਨੈ ਸੁਨਤਿ ਗੁਰ ਪੁੱਤ੍ਰ ਉਚਾਰਾ।
'ਹਟ ਪ੍ਰਵਿਸ਼ਹੁ ਤਿਸ ਖਿੰਥ ਮਝਾਰਾ।'
ਤਿਸ ਤੇ ਉਤਰ ਗਯੋ ਤਤਕਾਲਾ।
ਲਗੀ ਹਲਨ ਗੋਦਰੀ ਬਿਸਾਲਾ ॥੩੭॥
ਜਹਾਂਗੀਰ ਸੋ ਪੁਨਹਿਂ ਸੁਨਾਇਵ।

---

[1]ਹੇ ਗੋਦੜੀ ਵਿਚ ਟਿਕਾਏ ਗਏ! ਆਓ।
[2]ਤਾਪ।
[3]ਮੂੰਹ ਸੁੱਕ ਗਿਆ।
[4]ਕਾਂਬਾ।
[5]ਲੂੰ ਕੰਡੇ ਹੋ ਗਏ।
[6]ਹੱਡ ਭੰਨਣੀ।
[7]ਪੀੜਾ।

'ਇਹ ਜੁਰ ਹਮਰੇ ਤਨ ਹਿਤ ਆਇਵ।
ਚਢੇ ਤਾਪ ਕੇ ਹਮ ਚਲਿ ਆਏ।
ਤੁਮ ਸੋਂ ਬੋਲਨ ਹਿਤ ਤਜਿ ਥਾਏਂ ॥੩੮॥
ਚਢੇ ਤਾਪ ਕੇ ਸੁਨਿਬੋ ਕਹਿਬੋ।
ਹੋਤਿ ਨ ਨੀਕੇ, ਤਨ ਕੋ ਦਹਿਬੋ[1]।
ਹਮ ਅਬ ਜਾਤਿ ਸੁ ਲੇਹਿਂ ਸੰਭਾਰੇ।'
ਤੁਰਕੇਸ਼ੁਰ ਸੁਨਿ ਅਚਰਜ ਧਾਰੇ ॥੩੯॥
ਹਿਤ ਰੁਖ਼ਸਦ[2] ਬਹੁ ਭੇਟ ਮੰਗਾਈ।
ਗੁਰ ਸੁਤ ਲਈ ਨ, ਤਜਿ ਤਿਸ ਥਾਈਂ।
ਲੇ ਖਿੰਥਾ ਸੇਵਕ ਪਰ ਚਢੇ।
ਤੁਰਕੇਸ਼ੁਰ ਕੇ ਸੰਸੇ ਕਢੇ ॥੪੦॥
ਜਾਇ ਆਪਨੇ ਥਾਂਨ ਬਿਰਾਜੇ।
ਸਿਰੀਚੰਦ ਰਸ ਜੋਗ ਜੁ ਪਾਗੇ[3]।
ਖਟ ਪਤਸ਼ਾਹੀ ਲਗਿ ਜਗ ਰਹੇ।
ਅਧਿਕ ਆਰਬਲ ਤਨ ਕੀ ਲਹੇ ॥੪੧॥
ਸ਼੍ਰੀ ਗੁਰ ਹਰਿਗੁਬਿੰਦ ਕੇ ਨੰਦ[4]।
ਸ਼੍ਰੀ ਬਾਬਾ ਗੁਰਦਿੱਤਾ ਚੰਦ।
ਤਿਨਹੁ ਜਾਇ ਕਰਿ ਸੀਸ ਨਿਵਾਵਾ।
ਬਿਨੈ ਠਾਨਿ ਬਹੁ ਭਾਵ ਬਧਾਵਾ[5] ॥੪੨॥
ਕੁਲਹਿ[6] ਉਤਾਰ ਤਬਹਿ ਨਿਜ ਸਿਰ ਤੇ।
ਤਿਨ ਕੇ ਸੀਸ ਧਰੀ ਨਿਜ ਕਰ ਤੇ।
ਅਪਨ ਸਥਾਨ ਥਾਪ ਕਰਿ ਆਪ।
ਕਰਤਿ ਭਏ ਦੀਰਘ ਪਰਤਾਪ ॥੪੩॥
ਸ੍ਰੀ ਬਾਬਾ ਗੁਰਦਿੱਤਾ ਫੇਰ।
ਸਰਬ ਰੀਤਿ ਤੇ ਭਏ ਬਡੇਰ।
ਇਨ ਕੇ ਸਿਖ ਭੇ ਚਾਰ ਅਗਾਰੀ।
ਜਿਨਹੁ ਬੈਠਿ ਕੀਨਸਿ ਤਪ ਭਾਰੀ ॥੪੪॥

---

[1]ਸਾੜਾ ਹੁੰਦਾ ਹੈ।
[2]ਵਿਦੈਗੀ।
[3]ਰੱਤੇ ਹੋਏ।
[4]ਸਪੁੱਤ੍ਰ।
[5]ਪ੍ਰੇਮ ਵਧਾਇਆ।
[6]ਲੰਮੀ ਟੋਪੀ।

ਦੋਹਰਾ: ਬਾਲੂ ਹਸਨਾ, ਫੂਲ ਪੁਨਿ, ਗੋਂਦਾ ਅਰੁ ਅਲਮਸਤ।
ਮੁੱਖ[1] ਉਦਾਸੀ ਇਹ ਭਏ, ਬਹੁਰੋ ਸਾਧ ਸਮਸਤ[2] ॥੪੫॥

ਚੌਪਈ: ਤਿਨ ਤੇ ਬਿਦਤਜੋ[3] ਪੰਥ ਉਦਾਸੀ।
ਲਾਖਹੁਂ ਭਏ ਕਰਹਿਂ ਤਪ ਰਾਸੀ।
ਸ਼੍ਰੀ ਨਾਨਕ ਕੇ ਅਸ ਜੁਗ ਨੰਦਨ[4]।
ਕਵਿ ਸੰਤੋਖ ਸਿੰਘ ਠਾਨਤਿ ਬੰਦਨ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਨਾਨਕ ਪੁੱਤ੍ਰਨ ਪ੍ਰਸੰਗ' ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

---

[1]ਮੁਖੀਏ।
[2]ਸਾਰੇ।
[3]ਪ੍ਰਗਟਿਆ।
[4]ਦੋਵੇਂ ਸਪੁੱਤਰਾਂ ਨੂੰ।

੭. [ਗੁਰ ਪਰਨਾਲੀ]

੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੮

ਦੋਹਰਾ: *ਪੰਦ੍ਰਹਿ ਸਤ ਖਟ ਬੀਸ ਮੈਂ,
ਜਨਮ ਗੁਰੂ ਮਹਾਰਾਜ।
ਸੱਤ੍ਰਹ ਸੰਮਤਿ ਛਿਤਿ ਰਹੇ[1],
ਅਨਿਕ ਗਰੀਬ ਨਿਵਾਜ ॥੧॥

ਚੌਪਈ: ਘੋਰ ਘਾਮ ਭਵ ਜੀਵ ਦੁਖਾਰੇ[2]।
ਸ਼ਸ਼ਿ ਸਮ[3] ਉੱਦਜਤਿ[4] ਕਰੇ ਸੁਖਾਰੇ।
ਕੋਇ ਨ ਜਿਨ ਕੇ ਅਰਜੋ[5] ਅਗਾਰੀ।
ਭਏ ਨੰਮ੍ਰ ਅਜ਼ਮਤਿ ਧਰਿ ਭਾਰੀ ॥੨॥
ਜਿਤਕ ਸ਼ਕਤਿ ਜੁਤਿ ਭੇ ਸਭਿ ਤਾਰੇ।
ਰਵਿ ਸਮ ਉਦੈ ਛਪੇ ਤਬਿ ਸਾਰੇ।
ਪੰਦ੍ਰਹ ਸਤ ਛਿਆਨਵੇ[6] ਮਾਂਹੂ।
ਮਾਸ ਅਸੌਜ ਸਰਦ ਰੁਤਿ ਤਾਂਹੂ ॥੩॥
ਕ੍ਰਿਸ਼ਨਾ[7] ਦਸਮੀ ਪਿਤਰਨ ਦਿਨ ਕੀ।
ਪ੍ਰਭੂ ਬਿਕੁੰਠ ਗਏ ਸਹਿ ਤਨ ਕੀ[8]।
ਐਰਾਵਤੀ ਕੂਲ ਅਭਿਰਾਮ[9]।
ਤਹਿਂ ਕਰਤਾਰ ਪੁਰਾ ਕਿਯ ਗ੍ਰਾਮ ॥੪॥
ਗੁਰੂ ਬਸਤ੍ਰ ਕੋ ਲੇ ਸਸਕਾਰਾ।
ਨਾਮ ਦੇਹੁਰਾ ਬਿਦਤਿ[10] ਉਦਾਰਾ[11]।
ਤਿਸ ਗਾਦੀ ਗੁਰ ਅੰਗਦ ਬੈਸੇ।
ਪੋਸ਼ਸ਼ ਅਪਰ ਪਹਿਰ ਨ੍ਰਿਪ ਜੈਸੇ ॥੫॥

---

*ਬਾਜ਼ੇ ਲਿਖਤੀ ਨੁਸਖਿਆਂ ਵਿਚ ਅਗਲੇ ਹਰ ਅੰਸੂ ਦੇ ਆਦਿ ਵਿਚ 'ਭਾਈ ਰਾਮ ਕੌਰ ਵਾਚ' ਪਾਠ ਆਉਂਦਾ ਹੈ, ਇਹ ਪਾਠ 'ਰਾਮ ਕਉਰ', 'ਰਾਮ ਕੁਇਰ' ਆਦਿ ਹਨ, ਪਰ ਭਾਵ ਇਕੋ ਵਜ਼ਕਤੀ ਤੋਂ ਹੈ।

[1]ਸੱਤਰ (੭੦) ਸਾਲ ਧਰਤੀ ਤੇ ਰਹੇ।

[2]ਭਜ਼ਾਨਕ (ਤ੍ਰਿਸ਼ਨਾ ਰੂਪੀ) ਤਪਤ ਨਾਲ ਸੰਸਾਰ ਦੇ ਜੀਵ ਦੁਖੀ ਸਨ।

[3]ਚੰਦਰਮਾਂ ਵਾਂਙੂ।

[4]ਪ੍ਰਗਟ ਹੋਕੇ।

[5]ਅੜਿਆ।

[6]-੧੫੯੬।

[7]ਅੰਨ੍ਹੇਰੇ ਪੱਖ ਦੀ।

[8]ਸਮੇਤ ਸਰੀਰ ਦੇ।

[9]ਰਾਵੀ ਦੇ ਸੁੰਦਰ ਕੰਢੇ।

[10]ਪ੍ਰਗਟ ਹੈ।

[11]ਸ੍ਰੇਸ਼ਟ।

ਤੇਹਣ ਕੁਲ ਮਹਿਂ ਫੇਰੂ ਨਾਮ।
ਪੁੰਨਜਾਤਮ[1] ਸੁਸ਼ੀਲ ਸੁਚ ਧਾਮ[2]।
ਸਾਧ੍ਵੀ[3] ਦਯਾ ਕੌਰ ਬਰ ਦਾਰਾ[4]।
ਜਿਨ ਕੇ ਸੁਕ੍ਰਿਤ ਕੋ ਨਹਿਂ ਪਾਰਾ[5] ॥੬॥
ਗ੍ਰਾਮ ਹਰੀ ਕੇ[6] ਧਾਮ ਬਸੰਤੇ।
ਨਿਸਿ ਬਾਸੁਰ ਹਰਿ ਹਰਿ ਸਿਮਰੰਤੇ।
ਸ਼੍ਰੀ ਗੁਰ ਅੰਗਦ ਜਨਮੇ ਜਿਨ ਕੇ।
ਕਹਿਂ ਲੌ ਕਹੌਂ ਮਹਾਤਮ ਤਿਨ ਕੇ ॥੭॥
ਜਨਮ ਹਰੀ ਕੇ ਗ੍ਰਾਮ ਭਯੋ ਹੈ।
ਆਨ ਥਾਨ ਪੁਨ ਬਸਨ ਕਿਯੋ ਹੈ।
ਪੰਦ੍ਰਹਿ ਸਤ ਸਤਾਹਠਾ[7] ਸੰਮਤ[8+]।
ਫੇਰੂ ਸੁਤ ਜਨਮਯੋ ਗੁਰੁ ਸੰਮਤ[9] ॥੮॥
ਪਹੁੰਚੇ ਸ਼੍ਰੀ ਨਾਨਕ ਕੀ ਸ਼ਰਨੀ।
ਸੇਵਾ ਬਿਖੇ ਨੀਕ ਕਰਿ ਕਰਨੀ।
'ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ' ॥੯॥
ਇਮ ਕਹਿਬੋ ਜਿਨਿ ਸਫਲ ਕਿਯੋ ਹੈ।
ਅਤਿ ਰਿਝਾਇ ਸ੍ਰੀ ਗੁਰੂ ਲਿਯੋ ਹੈ।
ਜਿਨਹੁਂ ਨ ਅਜ਼ਮਤ ਕਹੂੰ ਜਨਾਈ।
ਅਜਰ ਜਰਨ ਧ੍ਰਿਤ ਛਿਤਿ ਸਮਤਾਈ ॥੧੦॥
ਜਿਨ ਕੇ ਗੁਨ ਕਹੁ ਬਰਨੈ ਕੌਨ।
ਬਾਨੀ ਸ਼ੇਸ਼ ਦੇਖ ਰਹਿਂ ਮੌਨ[10]।

---

[1]ਪਵਿੱਤਰ ਆਤਮਾ ਵਾਲੇ।
[2]ਪਵਿੱਤ੍ਰਤਾ ਦਾ ਘਰ।
[3]ਪਤਿੱਬ੍ਰਤਾ।
[4]ਸ੍ਰੇਸ਼ਟ ਇਸਤਰੀ।
[5]ਪੁੰਨਾਂ ਦਾ ਪਾਰਾਵਾਰ ਨਹੀਂ ਸੀ।
[6]ਪਿੰਡ ਦਾ ਨਾਮ ਹੈ।
[7]-੧੫੬੭।
[8]ਸਾਲ ਬਿਕ੍ਰਮੀ [ਸੰਸ: ਸੰਵਤ੍]।
[+]ਸ਼੍ਰੀ ਗੁਰੂ ਜੀ ਦਾ ਅਵਤਾਰ ਸੰਮਤ ੧੫੬੧ ਦਾ ਸਿੱਧ ਹੁੰਦਾ ਹੈ।
[9]ਤੁੱਲਜ [ਸੰਸ: ਸੰਮਿਤ = ਤੁੱਲਜ, (ਅ) ਸਮਤ = ਪ੍ਰੇਮੀ, ਪਿਆਰਾ। (ੲ) ਸਮ-ਤਿ = ਇਕ ਮਨ ਵਾਲਾ, ਆਸ਼ੇ ਅਨੁਕੂਲ]।
[10]ਸਰਸ੍ਵਤੀ ਤੇ ਸ਼ੇਸ਼ਨਾਗ ਦੇਖਕੇ ਚੁਪ ਚਾਪ ਰਹਿ ਜਾਂਦੇ ਹਨ।

ਖੀਵੀ[1] ਸਤੀ ਭਾਰਜਾ ਹੋਈ।
ਭਏ ਆਤਮਜ ਤਿਸ ਤੇ ਦੋਈ ॥੧੧॥
ਨਾਮ ਦਾਸੁ*, ਅਰੁ ਦਾਤਾ+ ਦੂਵਾ[2]++।
ਜਿਨ ਕੇ ਰਿਦੈ ਗਿਯਾਨ ਦਿਢ ਹੂਵਾ।
ਦ੍ਵਾਦਸ਼ ਬਰਖ ਟਿਕੇ ਗੁਰ ਗਾਦੀ[3]।
ਖਸ਼ਟ ਮਾਸ ਨੌ ਦਿਨ ਅਹਿਲਾਦੀ[4] ॥੧੨॥
ਸੋਲਿਹਿ ਸਤ ਨੌ[5] ਸੰਮਤ ਔਰ।
ਚੌਥ ਚੇਤ ਸੁਦਿ ਨਰ ਸਿਰਮੌਰ[6]।
ਤਨ ਕਉ ਤਜਿ ਬੈਕੁੰਠ ਸਿਧਾਰੇ।
ਸ਼੍ਰੀ ਗੁਰ ਅਮਰ ਤਖਤ ਬੈਠਾਰੇ ॥੧੩॥

ਦੋਹਰਾ: ਗ੍ਰਾਮ ਖਡੂਰ ਕੁਵਿੰਦ[7] ਘਰ, ਤਹਿਂ ਸਿਸਕਾਰੀ[8] ਦੇਹਿ।
ਅਬ ਲੌ ਖਰਜੋ ਕਰੀਰ ਤਰੁ, ਕਿਲਕ ਲਗਜੋ ਪਗ ਜੇਹ[9] ॥੧੪॥

ਚੌਪਈ: ਬਾਸਰਕੇ ਇਕ ਗ੍ਰਾਮ ਸੁ ਨਾਮੂ।
'ਤੇਜੋ ਮੱਲ' ਬਸਹਿ ਕਰਿ ਧਾਮੂ।
ਰੂਪ ਕੌਰ ਦਾਰਾ[10] ਤਿਸ++* ਕੇਰੀ।
ਤਪਸਾ[11] ਕੀਨਸਿ ਜਿਨਹੁਂ ਬਡੇਰੀ ॥੧੫॥
ਜਿਸ ਕੋ ਫਲ ਬਿਦਤਜੋ ਅਸ ਆਇ।
ਜਨਮਜੋ ਸੁਤ ਸ਼ੁਭ ਗੁਨ ਸਮੁਦਾਇ।
ਸ਼੍ਰੀ ਗੁਰ ਅਮਰਦਾਸ ਬਰ ਨਾਮੂ।

---

[1]ਨਾਮ ਹੈ ਗੁਰੂ ਅੰਗਦ ਜੀ ਦੇ ਮਹਿਲਾਂ ਜੀ ਦਾ।
*ਪਾ:-ਦਾਸੂ।
+ਪਾ:-ਦਾਤੂ।
[2]ਦੂਜਾ।
++ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਇਕ ਸਪੁੱਤ੍ਰੀ ਬੀ ਸੀ, ਇਸ ਭਗਤੀ ਭਾਵਨਾ ਵਾਲੀ ਪਵਿੱਤ੍ਰਾਤਮਾ ਦਾ ਨਾਮ ਬੀਬੀ ਅਮਰੋ ਸੀ, ਦੇਖੋ ਇਸੇ ਰਾਸ ਦਾ ਅੰਸੂ ੧੫, ਅੰਕ ੧।
[3]ਭਾਵ ਗੁਰੂ ਅੰਗਦ ਦੇਵ ਜੀ।
[4]ਅਨੰਦ ਦੇਣ ਵਾਲੇ।
[5]-੧੬੦੯।
[6]ਸ਼੍ਰੋਮਣੀ।
[7]ਜੁਲਾਹੇ ਦਾ।
[8]ਦਾਹ ਕੀਤਾ।
[9]ਜੇਹੜਾ ਕਿੱਲਾ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਲੱਗਾ ਸੀ।
[10]ਸੁਪਤਨੀ।
++* ਪਾ:-ਜਿਨ।
[11]ਤਪੱਸਜਾ।

ਬ੍ਰਹਮਗਯਾਨ ਨਿਸ਼ਚਲ ਕੇ ਧਾਮੂ ॥੧੬॥
ਗੁਰ ਅੰਗਦ ਸੇਵੇ ਇਸ ਰੀਤਿ।
ਸੁਨ ਰੁਮੰਚ ਹੁਇ ਬਿਸਮਤਿ[1] ਚੀਤ।
ਜਬਹਿ ਬਹੱਤ੍ਰ ਬਰਖ ਬਯ[2] ਭਈ।
ਤਬਹਿ ਆਇ ਗੁਰ ਸੇਵਾ ਲਈ ॥੧੭॥
ਦ੍ਵਾਦਸ਼ ਸੰਮਤ ਕਰਿ ਸੁਸ਼੍ਰੂਖ਼ਾ[3]।
ਮੁਰਜੋ ਨ ਮਨ ਕਬਿ, ਰਹਜੋ ਅਦੂਖਾ[4]।
ਬੈਸ ਚੁਰਾਸੀ ਸੰਮਤ ਜਬੈ[5]।
ਤਖਤ ਜਗਤ ਗੁਰਤਾ[6] ਟਿਕ ਤਬੈ ॥੧੮॥
ਕਰਜੋ ਪ੍ਰਕਾਸ਼ਨ ਅਪਨੋ ਆਪਿ।
ਕਹੀ ਪੈਜ ਅਪਨੀ ਕਹੁ ਥਾਪਿ।
-ਜਬ ਲਗਿ ਜਗ ਹਮਰੋ ਤਨ ਰਹੈ।
ਸੁਤ ਮ੍ਰਿਤੁ[7] ਮਾਤ ਪਿਤਾ ਨਹਿਂ ਲਹੈ[8]- ॥੧੯॥
ਦ੍ਵੈ ਬਿੰਸਤ ਦਿੱਲੀ ਉਮਰਾਵ[9]।
ਤਿਤੇ ਸਿੱਖ ਮੰਜੀ ਸੁ ਬਿਠਾਵ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ।
ਜਲ ਤਰੰਗ ਰਜ[10] ਕਨ[11] ਸਮ ਗਨੀਅਹਿ* ॥੨੦॥
ਰਾਮੋ ਨਾਮ ਭਾਰਜਾ[12] ਅਹੈ।
ਜਿਸ ਉਰ ਪਤਿਬ੍ਰਤਿ ਬਾਸਾ ਲਹੈ।
ਦ੍ਵੈ ਸੁਤ ਜਿਸ ਤੇ ਜਨਮਤਿ ਭਏ।
ਮੋਹਨ ਨਾਮ ਮੋਹਰੀ ਥਏ ॥੨੧॥
ਉਪਜੀ ਸੁਤਾ ਨਾਮ ਜਿਸ ਭਾਨੀ।

---

[1]ਹੈਰਾਨ ਹੁੰਦਾ ਹੈ ਚਿਤ।
[2]ਆਯੂ।
[3]ਬਾਰਾਂ ਸਾਲ ਸੇਵਾ ਕਰਕੇ। [ਸੰਸ: ਸੁਸ਼੍ਰੂਖ਼ਾ]।
[4]ਦੁਖਾਂ ਤੋਂ ਰਹਿਤ (ਅ) ਅਦੂਸ਼ਤ, ਭਾਵ ਨਿਰਵਿਘਨ ਲਗਾ ਰਿਹਾ।
[5]ਅਵਸਥਾ ੮੪ ਸਾਲ ਦੀ ਜਦ ਹੋਈ।
[6]ਗੁਰਿਆਈ।
[7]ਪੁੱਤਰ ਦੀ ਮੌਤ।
[8]ਨਾ ਦੇਖਣ।
[9]ਬਾਈ ਸੂਬੇ ਦਿੱਲੀ ਦੇ ਪਾਤਸ਼ਾਹ ਦੇ ਸਨ।
[10]ਮਿੱਟੀ ਦੇ।
[11]ਕਿਣਕੇ।
*ਪਾ:-ਜਨੀਅਹਿ। ਭਨੀਅਹਿ।
[12]ਮਹਿਲਾਂ।

ਅਪਰ ਨ ਪਿਖੀਅਹਿ ਜਾਂਹਿ ਸਮਾਨੀ[1+]।
ਅੱਪ੍ਰਮਾਨ[2] ਬਰ ਭਾਗ ਮਹਾਨਾ।
ਜਿਸ ਕੋ ਪਿਤਾ ਗੁਰੂ ਜਗ ਮਾਨਾ ॥੨੨॥
ਪੁਨਿ ਭਰਤਾ ਨੇ ਗੁਰਤਾ ਪਾਈ।
ਜਿਨਹੁ ਉਧਾਰੇ ਨਰ ਸਮੁਦਾਈ।
ਪੁਨਹ ਜਗਤ ਕੋ ਗੁਰ ਸੁਤ ਭਯੋ।
ਸੁਜਸੁ ਪ੍ਰਕਾਸ਼ ਦਸਹੁਂ ਦਿਸ਼ ਕਯੋ ॥੨੩॥
ਯਾਂ ਤੇ ਬਹੁ ਬਡਭਾਗਾ ਭਾਨੀ।
ਜਹਿਂ ਕਹਿਂ ਪ੍ਰਗਟ ਨਾਮ ਜਗ ਜਾਨੀਂ।
ਸ਼੍ਰੀ ਗੁਰ ਅਮਰ ਪੁੱਤ੍ਰ ਬਡ ਮੋਹਨ।
ਦੇਵ ਬਧੂ ਜਿਸੁ ਕਰਹਿਂ ਨ ਮੋਹਨ[3] ॥੨੪॥
ਸਿਰ ਤੇ ਨਗਨ ਰਹੈ ਉਨਮੱਤਜ[4]।
ਰਿਦੇ ਗਜ਼ਾਨ ਦਿਢ ਚੇਤਨ ਸੱਤਜ।
ਕਬਿ ਜੁਗ ਹਾਥਨ[5] ਕਰਹਿ ਅਹਾਰੇ।
ਰਹੈ ਇਕਾਂਤ ਏਕ ਚੌਬਾਰੇ[++] ॥੨੫॥
ਨੰਮ੍ਰਿ ਭਯੋ ਨਹਿਂ ਕਿਸਹਿ ਅਗਾਰੀ।
ਅਹੰਬ੍ਰਹਮ ਉਰ ਮਹਿਂ ਦਿਢ ਭਾਰੀ।
ਅਨੁਜ ਮੋਹਰੀ ਸੁਮਤਿ ਮਹਾਨੇ।
ਪਿਤਾ ਬਾਕ ਸਾਦਰ[6] ਜਿਨ ਮਾਨੇ ॥੨੬॥

ਦੋਹਰਾ: ਜਗ ਸਾਗਰ ਕੋ ਤਾਰਬੇ, ਸਗਰੀ ਸੰਗਤਿ ਪਾਰ।
ਭਯੋ ਮੋਹਿਰੀ[7] ਮੋਹਰੀ[8], ਠਾਨਿ ਮਹਾਂ ਉਪਕਾਰ ॥੨੭॥

ਚੌਪਈ: ਦ੍ਵੈ ਬਿੰਸਤ[9] ਸੰਮਤ ਹ੍ਵੈ ਇਕ ਰਸ।
ਪੰਚ ਮਾਸ ਅਰੁ ਦਿਵਸ ਇਕਾਦਸ਼।

---

[1]ਤੁੱਲ।
[+]ਭਾਨੀ ਜੀ ਦੀ ਇਕ ਹੋਰ ਭੈਣ ਬੀ ਸੀ ਜਿਨ੍ਹਾਂ ਦਾ ਨਾਮ 'ਦਾਨੀ' ਬੀਬੀ ਜੀ ਸੀ।
[2]ਬਿਅੰਤ।
[3]ਅਪੱਛਰਾਂ ਬੀ ਜਿਸ ਨੂੰ ਮੋਹ ਨਹੀਂ ਸੀ ਸਕਦੀਆਂ।
[4]ਮਸਤ।
[5]ਦੁਹੀਂ ਹਥੀਂ।
[++] ਇਹ ਚੁਬਾਰਾ ਹੁਣ ਤਕ ਗੋਇੰਦਵਾਲ ਵਿਚ ਹੈ।
[6]ਸਹਿਤ ਆਦਰ।
[7]ਆਗੂ।
[8]ਨਾਮ ਗੁਰੂ ਜੀ ਦੇ ਛੋਟੇ ਬੇਟੇ ਦਾ।
[9]ਬਾਈ ਸਾਲ।

ਗੁਰਤਾ ਗਾਦੀ ਕੀਨਿ ਅਬਾਦੀ।
ਗਨ ਉਰ ਦਈ ਗਜਾਨ ਕੀ ਸ਼ਾਦੀ[1] ॥੨੮॥
ਸੋਲਹਿ ਸਤ ਇਕਤੀਸਾ[2] ਫੇਰ।
ਭਾਦੋਂ ਸੁਦਿ ਪੂਰਨਮਾ[3] ਹੇਰ।
ਤਨ ਕੋ ਤਜਿ ਬੈਕੁੰਠ ਸਿਧਾਰੇ।
ਹਮ ਸੇ ਜਿਨ ਬਹੁ ਪਤਿਤ ਉਧਾਰੇ ॥੨੯॥
ਇਕ ਸੌ ਖਸ਼ਟ[4] ਬਰਖ ਬਯ ਲਹੀ।
ਸੰਮਤ ਖਸ਼ਟ[5] ਔਰ ਥੀ ਰਹੀ।
ਗੁਰਤਾ ਸਹਿਤ ਦਈ ਹਰਖਾਏ।
ਸ਼੍ਰੀ ਗੁਰ ਰਾਮਦਾਸ ਬੈਠਾਏ ॥੩੦॥
ਲਵਪੁਰਿ ਮਹਿਂ ਛੱਤ੍ਰੀ ਹਰਿਦਾਸ।
ਮਹਾਂ ਸੁਸ਼ੀਲ ਸੁਕ੍ਰਿਤਨ ਰਾਸ[6]।
ਖੇਮ ਕੁਇਰ ਜਿਸ ਕੇ ਘਰ ਦਾਰਾ।
ਹਿਤ ਕਰਿ ਨਿਤਿ ਪਤਿਬ੍ਰਤਿ ਪ੍ਰਤਿਪਾਰਾ[7] ॥੩੧॥
ਤਿਨ ਤੇ ਉਤਪਤਿ ਭਏ ਸੁ ਨੰਦ।
ਸ਼੍ਰੀ ਗੁਰ ਰਾਮਦਾਸ ਕੁਲਚੰਦ।
ਭਏ ਜੁ ਕੁਲ ਭੱਲਜਨ ਕੇ ਭੂਖਨ[8]।
ਭਾਨੀ ਤਿਨ ਕੀ ਸੁਤਾ ਅਦੂਖਨ[9] ॥੩੨॥
ਸੋਢੀ ਬੰਸ ਚੰਦ[10] ਕਹੁ ਬਜਾਹੀ।
ਰਹੀ ਜੁ ਬਹੁ ਪਿਤ ਕੇ ਢਿਗ ਚਾਹੀ।
ਗੋਇੰਦਵਾਲ ਪੁਰੀ ਬੱਖਜਾਤੀ[11]।
ਤਹਾਂ ਬਸਤਿ ਬੀਤੇ ਦਿਨ ਰਾਤੀ ॥੩੩॥
ਤੀਨ ਪੁੱਤ੍ਰ ਉਪਜੇ ਤਿਨ ਕੇਰੇ।

---

[1]ਸਮੂਹ ਸਿਖਾਂ ਦੇ ਰਿਦੇ ਵਿਚ ਗਿਆਨ ਦੀ ਖੁਸ਼ੀ ਦਿੱਤੀ।
[2]-੧੬੩੧।
[3]ਪੂਰਨਮਾਸ਼ੀ।
[4]-੧੦੬।
[5]ਛੇ ਬਰਸ।
[6]ਪੁੰਨਾਂ ਦੀ ਖਾਣ।
[7]ਪਾਲਿਆ।
[8]ਭੱਲਿਆਂ ਦੀ ਕੁਲ ਦੇ ਗਹਿਣੇ, ਭਾਵ ਗੁਰੂ ਅਮਰ ਦਾਸ ਜੀ।
[9]ਪਵਿੱਤਰ।
[10]ਭਾਵ ਸ਼੍ਰੀ ਗੁਰੂ ਰਾਮਦਾਸ ਜੀ ਨਾਲ।
[11]ਪ੍ਰਗਟ।

ਸ਼੍ਰੀ ਅਰਜਨ, ਪ੍ਰਿਥੀਆ ਸੁ ਬਡੇਰੇ।
ਤ੍ਰਿਤਿਯੇ ਮਹਾਂਦੇਵ ਜਿਹ ਨਾਮ।
ਮਹਾਂ ਗੰਭੀਰ[1] ਧੀਰ ਅਭਿਰਾਮ ॥੩੪॥
ਸ਼੍ਰੀ ਗੁਰ ਰਾਮਦਾਸ ਜਗ ਭਾਯੋ।
ਗੁਨ ਅਨੇਕ ਜੁਤਿ ਤਖਤ ਸੁਹਾਯੋ।
ਸੰਮਤ ਖਸ਼ਟ ਇਕਾਦਸ਼ ਮਾਸ।
ਦਿਵਸ ਅਸ਼ਟ ਦਸ ਸ੍ਰੀ ਸੁਖ ਰਾਸ[*] ॥੩੫॥
ਗੁਰਤਾ ਗਾਦੀ ਪਰ ਥਿਤਿ ਰਹੇ।
ਜਿਨ ਤੇ ਅਨਿਕ ਦਾਸ ਗਤਿ ਲਹੇ।
ਸੋਲਹ ਸਤ ਅਠਤੀਸਾ ਸਾਲ।
ਭਾਦੋਂ ਸੁਦੀ ਤੀਜ ਗੁਰ ਦਜ਼ਾਲ ॥੩੬॥
ਤਜਿ ਸਰੀਰ ਬੈਕੁੰਠ ਪਧਾਰੇ।
ਸ਼੍ਰੀ ਅਰਜਨ ਜੀ ਤਖਤ ਬਿਠਾਰੇ।
ਪੁਨ ਸੋਢਿਨਿ ਕੁਲ ਮਹਿਂ ਗੁਰਿਆਈ।
ਹੋਤਿ ਭਈ ਗੁਰ ਦਸਮੇ ਤਾਈਂ ॥੩੭॥
ਪੰਚਮ ਪਾਤਿਸ਼ਾਹ ਜਬਿ ਭਏ।
ਤਾਲ ਸੁਧਾਸਰ ਤਬਿ ਨਿਰਮਏ[2]।
ਬੀੜ ਗ੍ਰੰਥ ਸਾਹਿਬ ਕੀ ਹੋਈ।
ਜਿਸ ਪਠਿ ਕੈ[3] ਗਤਿ ਲਹਿ ਸਭਿ ਕੋਈ ॥੩੮॥
ਗੰਗਾ ਨਾਮ ਭਾਰਜਾ ਬਜ਼ਾਹੀ।
ਸ੍ਵਾਧੀ[4] ਕੇ ਗੁਨ ਸਭਿ ਜਿਸ ਮਾਂਹੀ।
ਨੰਦਨ ਉਪਜਯੋ ਇਕ ਕੁਲ ਚੰਦ।
ਬਡ ਧਨੁਧਰਿ[5] ਸ਼੍ਰੀ ਹਰਿ ਗੋਬਿੰਦ ॥੩੯॥
ਧੀਰ ਧਰਮ ਧ੍ਵਜ ਸ਼੍ਰੀ ਗੁਰ ਅਰਜਨ।
ਬਿਸਤੀਰਤਿ[6] ਜਿਤ ਕਿਤ ਜਸੁ ਅਰਜੁਨ[7]।

---

[1]ਨਿਰਹੱਲ।
[*]ਪਾ:-ਸ੍ਰੀ ਮਖ ਰਾਸ।
[2]ਅੰਮ੍ਰਿਤਸਰ ਤਦੋਂ ਰਚਿਆ।
[3]ਪੜ੍ਹਕੇ।
[4]ਪਤਿੱਬ੍ਰਤਾ।
[5]ਧਨੁਖ ਧਾਰੀ।
[6]ਫੈਲਿਆ।
[7]ਉੱਜਲ।

ਜਗ ਕਰਤੱਬਜ ਕਰੇ ਸ਼ੁਭ ਭਾਰੇ।
ਭਗਤਿ ਬਿਥਾਰਿ[1] ਅਨਿਕ ਜਨ ਤਾਰੇ ॥੪੦॥
ਬਿੰਸਤ ਚਤੁਰ ਬਰਖ ਨਵ ਮਾਸ।
ਇਕ ਦਿਨ ਊਪਰ ਸ਼੍ਰੀ ਸੁਖਰਾਸ[2]।
ਗੁਰਤਾ ਲਹਿ ਸਰੀਰ ਕਉ ਧਾਰਾ।
ਪੁਨਹਿ ਚਹਜੋ ਸਚਖੰਡ ਸਿਧਾਰਾ ॥੪੧॥

ਦੋਹਰਾ: ਖੋੜਸ ਸਤ ਤ੍ਰੇਸਠ[3] ਅਧਿਕ,
ਜੇਸ਼ਟ[4] ਮਾਸ ਮਹਾਨ।
ਸੁਦੀ ਚੌਥ ਦਿਨ ਮਹਿਂ ਗੁਰੂ,
ਕੀਨ ਬਿਕੁੰਠ ਪਯਾਨ ॥੪੨॥

ਇਤ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ' 'ਸ਼੍ਰੀ ਗੁਰੂ ਪਰਨਾਲੀ[5]' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

---

[1]ਵਿਸਤੀਰਨ ਕਰਕੇ।
[2]ਸੁਖਾਂ ਦੀ ਖਾਨ।
[3]-੧੬੬੩।
[4]ਜੇਠ।
[5]ਸ਼ਜਰਾ, ਬੰਸਾਵਲੀ।

੮. [ਗੁਰ ਪਰਨਾਲੀ]

੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੯

ਚੌਪਈ: ਪੁਨ ਸ੍ਰੀ ਹਰਿ ਗੋਬਿੰਦ ਗੁਰੁ ਹੋਏ।
ਪ੍ਰਭੁ[1] ਪੀਰੀ ਅਰੁ ਮੀਰੀ ਦੋਏ।
ਜਨਮ ਲੀਨ ਜਹਿਂ ਗ੍ਰਾਮ ਵਡਾਲੀ।
ਬਲੀ ਮਹਿਦ[2] ਤਨ ਡੀਲ[3] ਬਿਸਾਲੀ ॥੧॥
ਦਾਰਾ ਤੀਨ* ਸੁਸ਼ੀਲਾ[4] ਬਜਾਹੀ।
ਇਕ ਦਮੋਦਰੀ, ਦੁਤਿ ਮਰਵਾਹੀ।
ਨਾਮ ਨਾਨਕੀ ਤ੍ਰਿਤਿਜਾ ਕੇਰਾ।
ਮਨ ਸਿਮਰਤਿ ਜਿਨ ਅਨੰਦ ਘਨੇਰਾ ॥੨॥
ਪੰਚ ਪੁੱਤ੍ਰ ਇਨ ਤੇ ਉਤਪੱਤਾ।
ਜੇਠੋ ਸ੍ਰੀ ਬਾਬਾ ਗੁਰਦਿੱਤਾ।
ਸੂਰਜ ਮਲ ਅਰੁ ਅਨੀ ਰਾਇ ਭਨਿ।
ਅਟਲ ਰਾਇ ਬ੍ਰਹਮਗਜਾਨ ਸਭਿਨਿ ਮਨ ॥੩॥
ਪੰਚਮ ਭੇ ਸ੍ਰੀ ਤੇਗ ਬਹਾਦਰ+।
ਨਿਕਟ ਬਿਠਾਵਹਿਂ ਜਿਨ ਪਿਤ ਸਾਦਰ[5]।
ਸ੍ਰੀ ਗੁਰ ਹਰਿਗੋਬਿੰਦ ਸਮ ਸ਼ੇਰ[6]।
ਹਤੇ ਤੁਰਕ ਗਨ ਗਹਿ ਸ਼ਮਸ਼ੇਰ ॥੪॥
ਗਨ ਦਾਸਨ ਕੇ ਕਾਰ ਸੁਧਾਰੇ।
ਜਗ ਮਹਿਂ ਕੀਰਤਿ ਬਹੁ ਬਿਸਤਾਰੇ।
ਇਕ ਤ੍ਰਿੰਸਤ ਸੰਮਤ[7] ਦਸ ਮਾਸ।
ਖਟ ਦਿਨ ਗੁਰਤਾ ਥਿਤਿ ਸੁਖਰਾਸ ॥੫॥
ਸੋਲਹਿ ਸਤ ਪਚਾਨਵੇ[8] ਸਾਲ।

---

[1]ਮਾਲਕ।
[2]ਮਹਾਂਬਲੀ।
[3]ਕੱਦ।
*ਦੇਖੋ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ
ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਵਿਆਹਾਂ ਪਰ ਟੂਕ।
[4]ਸੁਸ਼ੀਲ ਸੁਭਾਵ ਵਾਲੀਆਂ।
+ਛੇਵੇਂ ਗੁਰਾਂ ਦੀ ਇਕ ਸਪੁੱਤ੍ਰੀ ਬੀਬੀ ਵੀਰੋ ਜੀ ਬੀ ਸੀ।
[5]ਸਹਿਤ ਆਦਰ।
[6]ਸ਼ੇਰ ਵਾਂਗ।
[7]ਇਕੱਤੀ ਸਾਲ।
[8]-੧੬੯੫।

ਚੇਤ ਪੰਚਮੀ ਸ਼ੁਦੀ ਕ੍ਰਿਪਾਲ।
ਸੱਚਖੰਡ ਕੋ ਤਬਹਿ ਪਧਾਰੇ।
ਸ਼੍ਰੀ ਹਰਿਖਾਇ ਤਖਤ ਬੈਠਾਰੇ ॥੬॥
ਸ਼੍ਰੀ ਬਾਬਾ ਗੁਰਦਿੱਤਾ ਰੂਪ[1]।
ਬਜਾਹੀ ਨੇਤੀ[2++] ਨਾਮ ਅਨੂਪ।
ਦ੍ਵੈ ਸੁਤ ਇਨ ਤੇ ਉਤਪਤਿ ਹੋਏ।
ਸ਼੍ਰੀ ਹਰਿਰਾਇ, ਧੀਰ ਮਲ ਦੋਏ ॥੭॥
ਟਿਕਯੋ ਪਿਤਾਮੇ[3] ਤੇ ਗੁਰ ਪੋਤਾ।
ਦੀਨ ਦੁਨੀ ਥਾਂਭਿ ਭਾਰ ਖਲੋਤਾ।
ਕੀਰਤ ਪੁਰਿ ਮਹਿਂ ਜਨਮੁ ਭਯੋ ਹੈ।
ਸ਼੍ਰੀ ਹਰਿਰਾਇ ਗੁਰ ਸੁ ਥਿਯੋ ਹੈ ॥੮॥
ਬਹੁ ਦਾਸਨ ਕੋ ਕਰਿ ਬਖਸ਼ੀਸ਼।
ਹੁਤੇ ਰੰਕ[4] ਜੇ ਭਏ ਮਹੀਸ਼[5]।
ਬਜਾਹੀ ਮਹਿਲਾ ਅਸ਼ਟ[*+] ਮਹਾਨੀ।
ਕਿਸ਼ਨ ਕੁਇਰ, ਕੋਟਿ ਕੱਲਜਾਨੀ ॥੯॥
ਤੋਖੀ, ਅਪਰ ਅਨੋਖੀ ਨੀਕੀ[6]।
ਰਾਮ ਕੁਇਰ[*], ਅਰੁ ਨਾਮ ਲਡੀਕੀ।
ਸਪਤਮਿ ਹੈ ਸ਼੍ਰੀ ਪ੍ਰੇਮ ਕੁਮਾਰੀ।
ਅਸ਼ਟਮ ਚੰਦ ਕੁਇਰ ਸੁਖਕਾਰੀ[+] ॥੧੦॥
ਦ੍ਵੈ ਸੁਤ ਸ਼੍ਰੀ ਹਰਿਰਾਇ ਉਪਾਏ।
ਰਾਮਰਾਇ ਹਰਕ੍ਰਿਸ਼ਨ ਸੁਹਾਏ।
ਜੁਗ[7] ਜਨਮੇ ਕੀਰਤਿਪੁਰਿ ਮਾਂਹੀ।

---

[1]ਰੂਪਵਾਨ = ਸੁੰਦਰ।
[2]ਨਾਮ ਹੈ ਬੀਬੀ ਦਾ।
[++] ਪਾ:-ਨੱਤੀ।
[3]ਦਾਦੇ ਤੋਂ।
[4]ਕੰਗਾਲ।
[5]ਰਾਜੇ।
[*+] ਇਹ ਗੇਣਤੀ ਬੀ ਗ਼ਲਤ ਹੈ, ਵਿਸ਼ੇਸ਼ ਦੇਖੋ ਸ਼੍ਰੀ ਗੁਰੂ ਹਰਿਰਾਇ ਜੀ ਦੇ ਪ੍ਰਸੰਗ ਵਿਚ ਰਾਸ ੧੦ ਅੰਸੂ ੧੩ ਅੰਕ ੯ ਤੇ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।
[6]ਸ੍ਰੇਸ਼ਟ।
[*]ਪਾ:-ਚੰਦ ਕੁਇਰ, ਜੋ ਅਸ਼ੁਧ ਜਾਪਦਾ ਹੈ।
[+] ਪਾ:-ਸੁਖਿਆਰੀ।
[7]ਦੋਵੇਂ।

ਬ੍ਰਿਧੇ ਸਰੀਰ ਸੁਖਦ ਥਲ ਤਾਂਹੀ[1] ॥੧੧॥
ਸੰਮਤ ਤ੍ਰੈ ਬਿੰਸਤ[2] ਖਟ ਮਾਸ।
ਦਿਵਸ ਚਤੁਰ ਦਸ ਲੈ ਸੁਖਰਾਸ[3]।
ਗੁਰਤਾ ਗਾਦੀ ਪਰ ਥਿਤਿ ਰਹੇ।
ਸ਼੍ਰੀ ਹਰਿਰਾਇ ਦਾਸ ਦੁਖ ਦਹੇ ॥੧੨॥
ਸੰਮਤ ਸੱਤ੍ਰਹ ਸਤ ਅਸ਼ਟਾਦਸ਼[4]।
ਕਾਤਕ ਵਦਿ ਨਵਮੀ ਮਹਿਂ ਸੁਖ ਬਸਿ।
ਸ਼੍ਰੀ ਹਰਿ ਕ੍ਰਿਸ਼ਨ ਤਖਤ ਗੁਰਿਆਈ।
ਬੈਠੇ ਸਿਸੁ[5] ਅਤਿ ਬੈਸ ਸੁਹਾਈ ॥੧੩॥
ਦਿੱਲੀ ਮਹਿਂ ਗਮਨੇ ਕਿਸਿ ਹੇਤ।
ਤਹਿਂ ਤਨ ਤਜਾਗਜੋ ਕ੍ਰਿਪਾ ਨਿਕੇਤ।
ਜੁਗ ਸੰਮਤ[6] ਅਰੁ ਪੰਚ ਮਹੀਨੇ।
ਦਿਨ ਉਨੀਸ ਗੁਰਤਾ ਪਦ ਕੀਨੇ ॥੧੪॥

ਦੋਹਰਾ: ਸੰਮਤ ਸੱਤ੍ਰਾ ਸੈ ਬਿਤੇ, ਊਪਰ ਬੀਸ ਰੁ ਏਕ[7]।
ਚੇਤ ਸੁਦੀ ਚੌਦਸ ਦਿਵਸ, ਸ਼੍ਰੀ ਗੁਰੁ ਜਲਧਿ ਬਿਬੇਕ[8] ॥੧੫॥

ਚੌਪਈ: ਏਕ ਜਾਮ ਖਟ ਘਟੀ ਬਿਤਾਏ।
ਨਿਸਾ[9] ਬਿਖੇ ਸ਼੍ਰੀ ਗੁਰੂ ਸਮਾਏ।
'ਬਾਬਾ' ਕਹਜੋ 'ਬਕਾਲੇ ਮਾਂਹਿ[10]।'
ਸਤਿਗੁਰ ਤੇਗ ਬਹਾਦਰ ਤਾਂਹਿ ॥੧੬॥
ਅਰਪਤਿ ਭਏ ਤਿਨਹਿ ਗੁਰਿਆਈ।
ਤਖਤ ਬਿਰਾਜੇ ਸਿਖ ਸੁਖਦਾਈ[11]।
ਸ਼੍ਰੀ ਗੁਰ ਹਰਿ ਗੋਬਿੰਦ ਕੇ ਨੰਦ[12]।

---

[1]ਸੁਖ ਦਾਤੇ ਸਰੀਰ ਵਡੇ ਹੋਏ ਓਸੇ ਥਾਂ (ਭਾਵ ਕੀਰਤਪੁਰ ਵਿਚ)।
[2]੨੩।
[3]ਭਾਵ ਗੁਰੂ ਜੀ।
[4]੧੭੧੮।
[5]ਬਾਲਕ (ਅਵਸਥਾ)।
[6]ਦੋ ਸਾਲ।
[7]-੧੭੨੧।
[8]ਗਿਆਨ ਦੇ ਸਮੁੰਦਰ।
[9]ਰਾਤ੍ਰੀ।
[10]ਬਾਬਾ ਬਕਾਲੇ ਵਿਚ ਹੈ (ਸਤਿਗੁਰੂ ਤੇਗ ਬਹਾਦਰ ਜੀ)।
[11]ਸਿੱਖਾਂ ਨੂੰ ਸੁਖ ਦੇਣ ਵਾਲੇ (ਗੁਰੂ ਤੇਗ ਬਹਾਦਰ ਜੀ)।
[12]ਸਪੁੱਤਰ।

ਸੋਢੀ ਬੰਸ਼ ਗਗਨ[1] ਕੇ ਚੰਦ ॥੧੭॥
ਮਾਤ ਨਾਨਕੀ ਜਿਨ ਕੀ ਜਾਨਿ।
ਜਨਮ ਸੁਧਾਸਰ ਪੁਰਿ ਕੇ ਥਾਨ।
ਸ਼੍ਰੀ ਗੁਜਰੀ ਮਹਿਲਾ ਸ਼ੁਭ ਬਜਾਹੀ।
ਤਪ ਕੋ ਤੇਜ ਪੁੰਜ ਜਿਨ ਮਾਂਹੀ ॥੧੮॥
ਤਿਨ ਕੇ ਪੁੱਤ੍ਰ ਭਏ ਬਡ ਸੂਰੇ।
ਦੇਗ ਤੇਗ ਦੁਹੂੰਅਨ ਕੇ[++] ਪੂਰੇ।
ਜਿਨ ਧਰਿ ਕਲਗੀ ਸ਼ੱਤ੍ਰੂ ਬਿਦਾਰੇ[2]।
ਤੁਰਕ ਪਹਾਰੀ ਅਰੇ ਸੁ ਮਾਰੇ ॥੧੯॥
ਇਮ ਸ਼੍ਰੀ ਤੇਗ ਬਹਾਦਰ ਭਏ।
ਦਾਸ ਅਨੇਕ ਉਧਾਰਨ ਕਏ।
ਸੰਮਤ ਦਸ ਅਰ ਸਪਤ ਮਹੀਨਾ।
ਦਿਨ ਇਕੀਸ ਗੁਰਤਾ ਪਦ ਲੀਨਾ ॥੨੦॥
ਤਨ ਤਜਾਗਨ ਕੋ ਸਮੋ ਸੁ ਪਾਇ।
ਤੁਰਕੇਸ਼ੁਰ ਸਿਰ ਦੋਸ਼ ਚਢਾਇ।
ਹਿੰਦਵਾਨੇ ਕੀ ਰਾਖਨ ਕਾਨ[3]।
ਦਿਯੋ ਸੀਸ ਜਨੁ ਕਰਿ ਕੈ ਦਾਨ ॥੨੧॥
ਸੰਮਤ ਸੱਤ੍ਰਾ ਸਹਸ ਬਤੀਸ[4]।
ਮੰਗਸਿਰ[5*] ਸੁਦੀ ਪੰਚਮੀ ਥੀਸ[+]।
ਸੁਰਗੁਰ[6] ਦਿਵਸ ਜਾਮ ਜੁਗ[7] ਆਵਾ।
ਊਪਰ ਘਟਿਕਾ ਏਕ ਬਿਤਾਵਾ ॥੨੨॥
ਸਤਿਗੁਰ ਤੇਗ ਬਹਾਦਰ ਰਾਇ।

---

[1]ਅਕਾਸ਼।
[++]ਪਾ:-ਮੇਂ।
[2]ਵੈਰੀ ਨਾਸ਼ ਕੀਤੇ।
[3]ਲਾਜ।
[4]-੧੭੩੨।
[5]ਮੱਘਰ।
[*]ਪਾ:-ਮਗਸਰ।
[+]ਪਾ:-ਬੀਸ। ਸ਼ਾਯਦ ਬੀਸ ਤੋਂ ਮੁਰਾਦ ਵੀਹ ਪ੍ਰਵਿਸ਼ਟੇ ਦੀ ਹੋਵੇ, ਪਰ ਬਾਰਵੀਂ ਰਾਸ ਵਿਚ ਕਵਿ ਜੀ 'ਮੱਘਰ ਪੰਚਮੀ ਸੁਦੀ ਪਛਾਨਹੁ' ਹੀ ਤਾਰੀਖ ਦੇਂਦੇ ਹਨ।
(ਅ) ਬੀਸ = ਵੀਸ ਵਿਸਵੇ, ਭਾਵ ਨਿਸ਼ਚਿਤ।
[6]ਵੀਰਵਾਰ।
[7]ਦੋਪਹਿਰਾ।

ਦਿੱਲੀ ਪੁਰ ਮਹਿਂ ਮਿਸ ਦਿਖਰਾਇ।
ਤਨ ਕੋ ਤਜਾਗ ਬਿਕੁੰਠ ਸਿਧਾਰੇ।
ਦੇਵਨ 'ਜੈ ਜੈ' ਸ਼ਬਦ ਉਚਾਰੇ ॥੨੩॥
ਅੰਧ ਧੁੰਧ[1] ਜਗ ਖਰਭਰ[2] ਪਰਜੋ[++]।
ਤੁਰਕਨ ਬਿਖੈ ਤ੍ਰਾਸ ਬਹੁ ਕਰਜੋ।
'ਹਾਇ ਹਾਇ' ਸਭਿ ਕਰਿ ਨਰ ਨਾਰੀ।
ਤੁਰਕੇਸ਼ੁਰ ਕੋ ਦੈਂ ਬਹੁ ਗਾਰੀ ॥੨੪॥
ਤਿਸ ਦਿਨ ਤੇ ਉੱਤਮ ਨਰ ਜਾਨਾ।
-ਹਤਿ ਭਾ ਰਾਜ ਤੇਜ ਤੁਰਕਾਨਾ[3]-।
ਦਿੱਲੀ ਪੁਰਿ ਕੋ ਤਜਾਗਿ ਨੁਰੰਗਾ।
ਬਾਹਰ ਨਿਕਸਿ ਰਹਜੋ ਡਰ ਸੰਗਾ ॥੨੫॥
ਪ੍ਰਵਿਸ਼ਜੋ ਪੁਰਿ ਨ ਆਇ ਕੈ ਸੋਯੋ।
ਬਡ ਪਾਪੀ ਨਿਜ ਸਭਿ ਕਿਛ ਖੋਯੋ।
ਸਤਿਗੁਰੁ ਕੋ ਕਰਿ ਕੈ ਅਪਰਾਧੂ।
ਹੋਯੋ ਸ਼੍ਰੀਹਤਿ ਦੁਸ਼ਟ ਅਸਾਧੂ[4] ॥੨੬॥
ਜਿਮ ਰਾਵਨ ਦੀਰਘ ਮਦ ਮਾਨੀ[5]।
ਛਲ ਬਲ ਤੇ ਸੀਤਾ ਹਰਿ ਆਨੀ[6]।
ਕਰਿ ਰਘੁਬਰ ਕੋ ਦੋਸ਼ ਮਲੀਨਾ[7]।
ਸਕਲ ਸਮਾਜ ਨਾਸ਼ ਕਰਿ ਲੀਨਾ ॥੨੭॥
ਪਤਿਸ਼ਾਹਤਿ ਬਹੁ ਪੁਸ਼ਤਨ ਕੇਰੀ[8]।
ਸਭਿ ਜਗ ਦੋਹੀ ਫਿਰਹਿ ਘਨੇਰੀ।
ਸੁਰਪਤਿ[9] ਸਮ ਐਸ਼੍ਵਰਜ ਪ੍ਰਕਾਸ਼ਾ।

---

[1]ਹਨੇਰੀ ਤੇ ਅੰਧਕਾਰ।
[2]ਘਬਰਾਹਟ।
[++]ਗੁਰੂ ਜੀ ਦੇ ਸੀਸ ਦੇਣ ਪਰ ਦਿੱਲੀ ਵਿਚ ਹਨੇਰੀ ਚੱਲੀ, ਅੰਧਕਾਰ ਛਾਇਆ, ਦਿਨ ਵੇਲੇ ਤਾਰੇ ਦਿੱਸੇ, ਪ੍ਰਿਥਵੀ ਕੰਬੀ, ਤਵਾਰੀਖ ਮੁਹੀਤ ਆਜ਼ਮ ਤੇ ਸੈਰੁਲ ਮੁਤਾਖ਼ਰੀਨ ਦੇ ਕਰਤਾ ਮੁਸਲਮਾਨਾਂ ਨੇ ਬੀ ਇਹ ਲਿਖਿਆ ਹੈ, ਦੇਖੋ ਤਵਾਰੀਖ ਖਾਲਸਾ ਸਫਾ ੧੪੧੬।
[3]ਉੱਤਮ ਪੁਰਸ਼ਾਂ ਨੇ ਜਾਣ ਲਿਆ ਕਿ ਹੁਣ ਤੁਰਕਾਂ ਦੇ ਰਾਜ ਦਾ ਤੇਜ ਨਾਸ਼ ਹੋਇਆ।
[4]ਅਸਾਧ ਦੁਸ਼ਟ (ਔਰੰਗਜ਼ੇਬ) ਆਪਣੀ ਵਿਭੂਤੀ ਨੂੰ (ਆਪ) ਤਬਾਹ ਕਰਨੇ ਵਾਲਾ ਹੋਇਆ।
[5]ਮਦ ਵਿਚ ਮੱਤਿਆ ਹੋਇਆ।
[6]ਹਰਿਕੇ ਲੈ ਆਂਦੀ।
[7]ਰਾਮਚੰਦ ਦਾ ਅਪਰਾਧ ਕਰਕੇ (ਮੈਲਾ =) ਪਾਪੀ ਹੋ ਗਿਆ ਤੇ।
[8]ਪੀੜ੍ਹੀਆਂ ਵਾਲੀ।
[9]ਇੰਦ੍ਰ।

ਗੁਰੂ ਦ੍ਰੋਹ ਤੇ ਕੀਨਸਿ ਨਾਸ਼ਾ ॥੨੮॥
ਸ਼੍ਰੀ ਗੁਰ ਤੇਗ ਬਹਾਦਰ ਪਾਛੇ।
ਸ਼੍ਰੀ ਗੋਬਿੰਦ ਸਿੰਘ ਭੇ ਗੁਰ ਆਛੇ।
ਸ਼੍ਰੀ ਗੁਜਰੀ ਤੇ ਜਨਮ ਲਿਯੋ ਹੈ।
ਪੁਰਿ ਪਟਣੈ ਮਹਿਂ ਖੇਲ ਕਿਯੋ ਹੈ ॥੨੯॥
ਬ੍ਰਧਜੋ[1] ਸਰੀਰ ਬਹੁਰ ਚਲਿ ਆਏ।
ਮਦਰ ਦੇਸ਼[2] ਨਿਰਖੇ* ਹਰਖਾਏ[3]।
ਤੀਨ ਭਾਰਜਾ+ ਜਿਨ ਘਰ ਹੋਈ।
ਨਾਮ ਅਜੀਤੋ ਦੀਰਘ[4] ਸੋਈ ॥੩੦॥
ਪੁੱਤ੍ਰ ਤੀਨ ਉਪਜੇ ਬਲ ਭਾਰੀ।
ਮਾਨਹੁਂ ਅਗਨਿ ਤੀਨਹੁ[5] ਤਨ ਧਾਰੀ।
ਅਪਰ ਸੁੰਦਰੀ ਨਾਮ ਪਛਾਨੋ।
ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ[6] ॥੩੧॥
ਤਿਸ ਕੇ ਸੁਤ ਅਜੀਤ ਸਿੰਘ ਹੋਵਾ।
ਬਹੁ ਰਿਪੁ ਹਤਿ[7] ਜੋ ਰਨ ਮਹਿਂ ਸੋਵਾ[8++]।
ਤੀਸਰ ਸਾਹਿਬ ਦੇਵੀ ਦਾਰਾ।
ਤਾਂਹਿ ਖਾਲਸਾ ਪੁੱਤ੍ਰ ਅਪਾਰਾ ॥੩੨॥
ਇਮ ਸਾਹਬ ਦਸਮੇ ਪਤਿਸ਼ਾਹੂ।
ਤੁਰਕਨ ਸੋਂ ਰਣ ਕਰਿ ਉਤਸਾਹੂ।
ਅਨਿਕ ਪ੍ਰਕਾਰਨ ਕੀਨ ਅਖਾਰੇ।
ਕਰਿ ਪੁਰਸ਼ਾਰਥ[9] ਕੋ ਰਿਪੁ ਮਾਰੇ ॥੩੩॥

---

[1]ਵਧਿਆ।
[2]ਵੇਦਕ ਸਮੇਂ ਵਿਚ ਪੱਛਮ ਵਲ ਕਸ਼ਜਪ ਸਾਗਰ ਦੇ ਦੱਖਣ ਦਾ ਦੇਸ਼। ਪੁਰਾਣਾਂ ਅਨੁਸਾਰ ਰਾਵੀ ਤੇ ਜੇਹਲਮ ਦਾ ਵਿਚਲਾ ਦੇਸ਼। ਪਰੰਤੂ ਹਿੰਦੀ ਲਿਖਤਾਂ ਵਿਚ ਭਾਵ ਪੰਜਾਬ ਤੋਂ ਹੈ, ਜਿਸ ਵਿਚ ਓਹ ਅੰਬਾਲਾ, ਲੁਦਿਹਾਣਾ, ਫੀਰੋਜ਼ਪੁਰ, ਜਮਨਾ ਉਰਾਰਲਾ ਹਿੱਸਾ ਸ਼ਾਮਲ ਸਮਝਦੇ ਹਨ।
*ਪਾ:-ਬਿਲਸੇ।
[3]ਦੇਖਿਆ ਤੇ ਖੁਸ਼ ਹੋਏ।
+ਤਿਨ ਵਿਆਹਾਂ ਪਰ ਵਿਚਾਰ ਰਾਸ਼ਿ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ ਵਿਚ ਦਿੱਤੀ ਗਈ ਹੈ।
[4]ਵੱਡੀ।
[5]ਤਿੰਨ ਅਗਨੀਆਂ ਨੇ।
[6]ਖਜ਼ਾਨਾਂ।
[7]ਸ਼ਤ੍ਰੂ ਨਾਸ਼ ਕਰਕੇ।
[8]ਯੁੱਧ (ਭੂਮਕਾ) ਵਿਚ ਸੁੱਤਾ।
++ਪਾ:-ਜੋਵਾ।
[9]ਬਲ।

ਪੰਥ ਖਾਲਸਾ ਉਤਪਤਿ ਕਰਿ ਕੈ।
ਤੁਰਕ ਤੇਜ ਕੀ ਜੜ੍ਹਾਂ ਉਖਰਿ ਕੈ।
ਬਰਖ ਬਤੀਸ ਇਕਾਦਸ਼ ਮਾਸ।
ਜਗ ਮਹਿਂ ਕੀਨਸਿ ਧਰਮ ਪ੍ਰਕਾਸ਼ ॥੩੪॥
ਸਿੱਖਜ ਅਨੇਕਨਿ ਕੋ ਗਤਿ[1] ਦੀਨੀ।
ਦੁਖ ਤੇ ਬਚੇ ਸ਼ਰਨ ਜਿਨ ਲੀਨੀ।
ਸੱਤ੍ਰਹ ਸਹਸ ਪੈਸਠਾ[2] ਊਪਰ।
ਕਾਤਿਕ ਸ਼ੁਦਿ ਪੰਚੈ ਦਿਨ ਸੁਰਗੁਰ[3] ॥੩੫॥
ਰਹੀ ਜਾਮਨੀ ਜਾਮ ਸਵਾ ਜਬਿ[4]।
ਸੱਚਿਖੰਡਿ ਪਹੁੰਚੇ ਸ਼੍ਰੀ ਗੁਰ ਤਬਿ।
ਅਵਿਚਲ ਨਗਰ ਨਾਮ ਸ਼ੁਭ ਥਾਨ।
ਭਯੋ ਦੇਹੁਰਾ ਜੋਤਿ ਮਹਾਨ ॥੩੬॥
ਸ਼੍ਰੀ ਹਰਿਰਾਇ ਪਾਇ[*+] ਗੁਰਿਆਈ।
ਤਬਹੁ ਨੁਰੰਗੇ ਦਿੱਲੀ ਪਾਈ।
ਪਤਿਸ਼ਾਹਿਤ ਕਹੁ ਮਾਲਕ ਭਯੋ।
ਰਾਜ ਤੇਜ ਜਿਨ ਬਡ ਬਿਰਧਜੋ[5] ॥੩੭॥
ਬਹੁਤਨਿ ਕੈ[6] ਕਰਿ ਕੈ ਅਪਰਾਧੂ।
ਮਹਾਂ ਕੁਕਰਮਿ, ਕਸ਼ਟ ਦੈ ਸਾਧੂ[7]।
ਗੁਰ ਘਰ ਸੋਂ ਬਹੁ ਦ੍ਰੋਹ ਕਮਾਵਾ।
ਕਰਜੋ ਅਕਰਮ ਦੁਸ਼ਟ ਦੁਖ ਪਾਵਾ ॥੩੮॥
ਸੁਨਿ ਸਭਿ ਸਿੰਘ ਪ੍ਰਸੰਨ ਮਹਾਨਾ।
ਹਾਥ ਜੋਰਿ ਕੈ ਬਾਕ ਬਖਾਨਾ।
ਨੌ ਗੁਰ ਕੀ ਸਭਿ ਕਥਾ ਬਖਾਨੋ।
ਤੁਮ ਸਰਬੱਗਜ ਸਰਬ ਹੀ ਜਾਨੋ ॥੩੯॥
ਇਹ ਸਭ ਪ੍ਰਥਮੇ ਕਥਾ ਸੁਨੱਜੈ।

---

[1]ਮੁਕਤੀ।
[2]-੧੭੬੫।
[3]ਵੀਰਵਾਰ।
[4]ਸਵਾ ਪਹਿਰ ਜਦੋਂ ਰਾਤ ਰਹੀ।
[*+]ਪਾ:-ਪਾਸ।
[5]ਵਧਾਇਆ।
[6]ਬਹੁਤਿਆਂ ਦਾ।
[7]ਕਸ਼ਟ ਦੇਣ ਵਾਲਾ ਭਲਿਆਂ ਪੁਰਸ਼ਾਂ ਨੂੰ।

ਗੁਰੁ ਚਰਿੱਤ੍ਰ ਕੀਨੋ, ਸਮਝੱਯੈ।
ਜਜੋਂ ਜਜੋਂ ਭਏ ਕਹੋ ਸਭਿ ਕਥਾ।
ਗੁਰੂ ਪ੍ਰਸੰਗ ਸੁਨਾਵਹੁ ਜਥਾ' ॥੪੦॥
ਸੁਨੀ ਖਾਲਸੇ ਕੀ ਇਮਿ ਬਾਨੀ।
ਸ਼੍ਰੀ ਗੁਰਬਖਸ਼ ਸਿੰਘ ਮਨ ਮਾਨੀ[1]।
ਕਥਾ ਸੁਨਾਵਨਿ ਲਾਗਜੋ ਸੋਈ।
ਨੌ ਸਤਿਗੁਰ ਕੀ ਜਿਮਿ ਜਿਮਿ ਹੋਈ ॥੪੧॥

ਦੋਹਰਾ: ਸੁਨਤਿ ਭਯੋ ਤਬਿ ਖਾਲਸਾ, ਸ਼੍ਰੀ ਗੁਰੁ ਜਸੁ ਕੋ ਸ਼੍ਰੌਨ[2]।
ਪਠਹਿ ਸੁਨਹਿ ਮਨ ਮਹਿਂ ਗੁਨਹਿ, ਪੁਰਹਿ ਕਾਮਨਾ ਤੌਨ[3] ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੁਰ ਪਰਨਾਲੀ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

---

[1]ਮੰਨ ਲਈ।
[2]ਕੰਨੀਂ।
[3]ਉਸ ਦੀ।

੯. [ਗੁਰੂ ਅੰਗਦ ਜੀ ਦੀ ਕਥਾ। ਖਡੂਰ ਵਿਚ ਛੁਪਣਾ ਤੇ ਪ੍ਰਗਟ ਹੋਣਾ]

੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੦

ਦੋਹਰਾ: ਏਕੋ ਰੂਪ ਸੁ ਦਸਮ ਗੁਰ, ਪਾਰਬ੍ਰਹਮ ਆਨੰਦ।
ਪਦ ਅਰਬਿੰਦ ਮੁਕੰਦ ਬਰ, ਬੰਦੌਂ ਦ੍ਵੈ ਕਰ ਬੰਦ ॥੧॥

ਸ੍ਵੈਯਾ: ਸ਼੍ਰੀ ਗੁਰ ਨਾਨਕ ਪੂਰਨ ਤੇ
ਗੁਰਤਾ ਗੁਰੁ ਅੰਗਦ ਨੇ ਜਬਿ ਪਾਈ।
ਧਜਾਨ ਰਿਦੈ ਗੁਰ ਮੂਰਤਿ ਕੋ
ਠਹਿਰਾਇ ਲਿਯੋ ਜਬ ਦੀਨ ਬਿਦਾਈ[1]।
ਬੇ ਬਸ ਹ੍ਵੈ ਬਿਛਰਯੋ ਗੁਰ ਤੇ
ਅਸ਼ਟਾਂਗ[2] ਕਰੀ ਮੁਖ ਕੌ ਰਜ[3] ਲਾਈ।
ਨੀਰ ਬਿਲੋਚਨ[4] ਭੂਰ[5] ਬਿਮੋਚਤਿ[6]
ਸੋਚਤਿ ਪ੍ਰੇਮ ਮਹਾਂ ਉਮਗਾਈ[7] ॥੨॥
ਜੀਵ ਸ਼ਰੀਰ ਮਨੋ ਬਿਛਰਯੋ
ਬਿਰਹਾਕੁਲ[8] ਤੇ ਉਰ ਬਯਾਕੁਲ ਭਾਰੇ।
-ਬੋਲਬ[9] ਨਾਹਿ ਬਨੈ ਗੁਰ ਅੱਗ੍ਰਜ-
ਸੰਕਟ ਤੂਸ਼ਨਿ ਠਾਨਿ ਸਹਾਰੇ।
ਆਇਸੁ ਮਾਨਿਬੋ ਧਰਮ ਧਰਯੋ
ਤਜਿ ਨਾਂਹਿ ਸਕੈਂ, ਨਹਿਂ ਬਾਕ ਉਚਾਰੇ।
ਹੋਇ ਬਿਦਾ ਤਤਕਾਲ ਚਲੇ
ਨਿਜ ਗ੍ਰਾਮ ਖਡੂਰ ਕੇ ਪੰਥ ਪਧਾਰੇ ॥੩॥
ਆਵਤਿ ਹੈਂ ਚਿਤ ਮੈਂ ਚਿਤਵੰਤਤਿ[10]
-ਸ਼੍ਰੀ ਗੁਰ ਰੂਪ ਸੁਭਾਉ ਕ੍ਰਿਪਾਲਾ।
ਦੀਨ ਪੈ ਦਯਾਲ, ਪਛਾਨਤਿ ਘਾਲ ਕੋ

---

[1](ਗੁਰ ਨਾਨਕ ਜੀ ਨੇ) ਜਦੋਂ ਕਰਤਾਰ ਪੁਰੋਂ ਵਿਦਾਇਗੀ ਦਿੱਤੀ।
[2]ਡੰਡੌਤ।
[3]ਧੂੜੀ।
[4]ਨੇਤ੍ਰਾਂ ਤੋਂ।
[5]ਬਹੁਤਾ।
[6]ਛੁਟਦਾ ਹੈ।
[7]ਬੜੇ ਉਮਾਹ ਵਿਚ ਪ੍ਰੇਮ ਨੂੰ ਹੀ ਸੋਚਦੇ ਹਨ (ਅ) ਗੁਰੂ ਜੀ ਦੇ ਸ੍ਵਰੂਪ ਨੂੰ (ਸੋਚਿਤ =) ਚੇਤੇ ਕਰਕੇ ਬੜਾ ਪ੍ਰੇਮ ਉਮਗਦਾ ਹੈ।
[8]ਵਿਛੋੜੇ ਦੀ ਆਕੁਲਤਾ (ਦੁਖ) ਤੋਂ (ਅ) ਸਾਰੇ (ਭਾਵ ਵਡੇ) ਵਿਛੋੜੇ ਤੋਂ।
[9]ਬੋਲਣਾ।
[10]ਚਿਤਵਦੇ ਹੋਏ।

ਸੇਵਕ ਕੇ ਬਸਿ ਪ੍ਰੇਮ ਬਿਸ਼ਾਲਾ।
ਚਾਹਤਿ ਹੈਂ ਪ੍ਰਸਥਾਨ ਬਿਕੁੰਠ ਕੋ
ਮੋਹਿ ਬਡਾਈ ਦੈ ਕੀਨਿ ਨਿਰਾਲਾ।
ਸੰਕਟ ਬਜੋਗ[1] ਕੁ ਮੋਹਿ ਬਧਜੋ
ਬਸ ਨਾਂਹਿ ਚਲੈ ਤਿਨ ਕੇ ਬਚ ਨਾਲਾ- ॥੪॥
ਸ਼੍ਰੀ ਗੁਰ ਅੰਗਦ ਬੀਚ ਖਡੂਰ ਕੇ
ਆਇ ਪ੍ਰਵੇਸ਼ ਭਏ ਨਿਜ ਥਾਈਂ।
ਮੌਨ ਧਰੇ ਨਹਿਂ ਕੌਨ ਮਿਲੇਂ
ਬਿਚ ਭੌਨ ਬਰੇ ਪਿਖ ਮਾਈ ਭਿਰਾਈ।
ਬੂਝਤਿ ਸ਼੍ਰੀ ਗੁਰ ਨਾਨਕ ਕੀ ਸੁਧ
'ਕੌਨ ਸੇ ਥਾਨ ਤਜੇ ਸੁਖਦਾਈ?
ਕਜੋਂ ਤੁਮ ਕੋਠਰੀ ਆਨਿ ਥਿਰੇ
ਮਨ ਭੰਗ[2] ਅਹੈ, ਮੁਖ ਨਾ ਬਿਕਸਾਈ?' ॥੫॥
ਤੂਸ਼ਨਿ ਠਾਨਿ ਭਨਜੋ ਕੁਛ ਨਾਂਹਿਨ
ਆਨਨ ਦੀਰਘ ਸ੍ਵਾਸ ਭਰਜੋ।
ਲੋਚਨ ਨੀਰ ਬਿਮੋਚਤਿ, ਸੋਚਤਿ
ਲੋਚਤਿ ਹੈਂ ਚਿਤ ਮੇਲ ਕਰਜੋ।
ਐਸ ਦਸ਼ਾ ਪਿਖਿ ਜਾਨੀ ਰਿਦੇ ਤਿਨ
-ਸ਼੍ਰੀ ਗੁਰ ਨਾ ਇਸ ਲੋਕ ਥਿਰਜੋ।
ਆਪਨੇ ਧਾਮ ਬਿਕੁੰਠ ਗਏ
ਇਨ ਬਜੋਗ[3] ਭਯੋ ਦੁਖ ਦੀਹ ਧਰਜੋ- ॥੬॥
ਫੇਰ ਭਿਰਾਈ ਨੇ ਬੂਝਨ ਕੀਨਸਿ
'ਸ਼੍ਰੀ ਗੁਰ ਕੋ ਪਰਲੋਕ ਭਯੋ?'
ਯੌਂ ਸੁਨਿ ਕੈ ਗੁਰ ਅੰਗਦ ਨੇ
ਤਬਿ ਤਾਂਹੀ ਕੇ ਸੰਗ ਬਖਾਨ ਕਯੋ।
'ਮੋਹਿ ਕਛੂ ਨਹਿਂ ਭਾਵਤਿ ਹੈ,
ਦਿਖਿਬੇ ਸੁਨਿਬੇ ਚਿਤ ਖੇਦ ਥਿਯੋ[4]।
ਅੰਤਰਿ ਹੋਇ ਇਕੰਤ ਨਿਰੰਤਰ

---

[1]ਵਿਛੋੜੇ ਦਾ ਦੁੱਖ।
[2]ਢੱਠਾ ਹੋਇਆ।
[3]ਵਿਛੋੜਾ।
[4]ਦੁਖ ਹੁੰਦਾ ਹੈ।

ਬੈਠਜੋ ਚਹੌਂ ਇਹੁ ਮੇਰੋ ਹਿਯੋ[1] ॥੭॥
ਜਜੋਂ ਬਿਸਫੋਟ[2] ਪਕਜੋ ਦੁਖ ਦੇਤਿ ਹੈ
ਚੋਟ ਲਗੇ ਪੁਨ ਹ੍ਵੈ ਅਧਿਕਾਈ।
ਤਿਉਂ ਬਿਵਹਾਰ, ਬਿਲੋਕਨਿ, ਬੋਲਨਿ
ਸ੍ਰੌਨ ਸੁਨੈ ਮੁਝ ਹ੍ਵੈ ਬਿਕੁਲਾਈ[3]।
ਕੋਠੜੀ ਕੋ ਦਰ ਸੋ ਚਿਨ ਦੇਹੁ[4],
ਕਹੋ ਕਿਸ ਪਾਸ ਨ, ਕੈਸੇ ਬਤਾਈ[5]।
ਮੋ ਪਰ ਯੌਂ ਉਪਕਾਰ ਕਰੋ
ਬਿਚ ਬੈਠਿ ਰਹੌਂ ਜਿਮਿ ਹ੍ਵੈ ਨ ਲਖਾਈ[6]' ॥੮॥
ਬੂਝਨਿ ਕੀਨ ਭਿਰਾਈ ਨੇ ਫੇਰ
'ਇਕੰਤ ਰਹੋ ਥਿਤ ਹ੍ਵੈ ਇਸ ਥਾਈਂ।
ਕਜੋਂ ਦਰ ਕੋ ਚਿਨਵਾਵਤਿ ਹੋ,
ਇਹ ਬਾਤ ਬਨੇ ਨਹਿਂ, ਸੰਕਟ ਪਾਈ।'
ਸ੍ਰੌਨ ਸੁਨੇ ਤਿਸ ਤੇ ਕਿਯ ਤੂਸ਼ਨਿ[7]
ਫੇਰ ਨਹੀਂ ਕੁਛ ਬਾਨੀ ਅਲਾਈ।
ਬੈਠਿ ਰਹੇ ਜੁਗ ਲੋਚਨ ਮੂੰਦ
ਮਨੋ ਸ਼ਿਵ ਮੂਰਤਿ ਧਜਾਨ ਲਗਾਈ[8] ॥੯॥
ਸ੍ਰੀ ਗੁਰ ਕੋ ਰੁਖ਼ ਜਾਨਿ ਤਬੈ
ਦਰ ਕੋ ਚਿਨਿ[9] ਕੀਨੋ ਹੈ ਬੰਦ ਭਿਰਾਈ।
ਫੇਰ ਕਰਜੋ ਇਕ ਸਾਰ ਭਲੇ
ਬਹੁ ਪੰਕ[10] ਲਗਾਇ ਕੈ ਕੀਨ ਲਿਪਾਈ।
ਕੋਇ ਨ ਜਾਨਿ ਸਕੈ ਦਰੁ ਕੋ
ਇਸ ਭਾਂਤਿ ਕਿਯੋ ਜਿਮਿ ਸ੍ਰੀ ਗੁਰ ਭਾਈ[1]।

---

[1]ਮੇਰਾ ਜੀ ਕਰਦਾ ਹੈ।
[2]ਫੋੜਾ
[ਸੰਸ: ਵਿਸਫੋਟ]।
[3]ਵਿਆਕੁਲਤਾ।
[4]ਬੰਦ ਕਰ ਦੇਹੁ।
[5](ਕੋਈ) ਕਿਵੇਂ ਪਿਆ ਪੁੱਛੇ।
[6]ਪਤਾ ਨਾ ਲੱਗੇ ਜਿਵੇਂ।
[7]ਚੁੱਪ ਕੀਤੀ।
[8]ਮਾਨੋਂ ਸ਼ਿਵ ਦੀ ਮੂਰਤੀ ਧਿਆਨ ਲਾਈ ਬੈਠੀ ਹੈ, ਭਾਵ ਅਚੱਲ ਸਮਾਧੀ ਤੋਂ ਹੈ।
[9]ਚਿਣ ਕੇ।
[10]ਗਾਰਾ।

ਬੀਤਿ ਗਏ ਇਸਿ ਰੀਤ ਛਿ ਮਾਸ
ਅਲੋਪ ਭਏ, ਨਹਿਂ ਕਾਹੂੰ ਲਖਾਈ ॥੧੦॥
ਬੁੱਢੇ* ਆਦਿਕ ਜੇ ਗੁਰ ਕੇ ਸਿਖ
ਹੋਤਿ ਭਏ ਇਕਠੇ ਸਮੁਦਾਏ।
ਸ਼੍ਰੀ ਗੁਰੁ ਮੂਰਤਿ ਡੀਠ[2] ਨ ਆਵਤਿ
ਸੋ ਭਟਕੰਤਿ ਰਿਦੇ ਮੁਰਝਾਏ।
ਕੀਨ ਬਿਚਾਰ ਭਲੋ ਸਭਿ ਹੂੰ ਮਿਲਿ
'ਆਪ ਗੁਰੂ ਬਹੁ ਬਾਰ ਬਤਾਏ।
-ਮੇਰੋ ਸਰੂਪ ਪਿਖੋ ਤਨ ਅੰਗਦ
ਭੇਦ ਨਹੀਂ ਇਕ ਮੇਕ ਬਨਾਏ ॥੧੧॥
ਮੋਕਹੁ ਸੇਵਨਿ ਚਾਹਤਿ ਜੋ
ਗੁਰ ਅੰਗਦ ਸੇਵਹੁ ਪ੍ਰੇਮ ਕਰੇ-।'
ਬੁੱਢੇ ਕਹਜੋ 'ਨਿਜ ਥਾਨ ਸਥਾਪਜੋ ਹੈ
ਤਾਂਹਿ ਸਰੀਰ ਮੈਂ ਆਪ ਬਰੇ[3]।
ਖੋਜਹੁ ਕੌਨ ਸਥਾਨ ਅਹੈਂ'
ਸੁਨਿ ਕੈ ਸਿਖ ਕੇਤਿਕ ਗ੍ਰਾਮ ਫਿਰੇ।
ਪ੍ਰੇਮ ਤੇ ਚੌਂਪ ਬਧੀ ਹਿਤ ਹੇਰਨਿ
ਪ੍ਰੇਰਨ ਕੀਨ ਪ੍ਰਮੋਦ ਧਰੇ[4] ॥੧੨॥

ਦੋਹਰਾ: ਮਿਲਿ ਕਰਿ ਸਭਿਨਿ ਬਿਚਾਰਿਓ, -ਗ੍ਰਾਮ ਖਡੂਰ ਮਝਾਰ।
ਨਿਕਟਿ ਭਿਰਾਈ ਹੋਹਿਂਗੇ, ਅਪਰ[5] ਨ ਸੁਨੀਏ ਸਾਰ- ॥੧੩॥

ਸ੍ਵੈਯਾ: ਬੁੱਢੇ ਤੇ ਆਦਿਕ ਜੇ ਸਮੁਦਾਇ
ਗਏ ਸਭਿ ਸਿੱਖ ਖਡੂਰ ਮਝਾਰੀ।
ਮਾਈ ਭਿਰਾਈ ਕੇ ਪਾਸ ਮਿਲੇ
ਸਗਰੇ ਕਰ ਜੋਰਿ ਨਮੋ ਪਗ ਧਾਰੀ।
ਬੂਝਨ ਕੀਨਿ 'ਕਹਾਂ ਗੁਰ ਅੰਗਦ?
ਹੇਰਨ ਕੇ ਹਿਤ ਚਾਹਿ ਹਮਾਰੀ।
ਹ੍ਵੈ ਸਫਲੋ ਸਭਿ ਕੋ ਇਤਿ ਆਵਨਿ

---

[1]ਚਾਹਿਆ ਸੀ।
*ਪਾ:-ਬੁੱਢਿ ਤਿ। ਬੁੱਢੇ ਤੇ।
[2]ਨਜ਼ਰ।
[3]ਵੜੇ।
[4]ਅਨੰਦ ਨਾਲ ਪ੍ਰੇਰੇ (ਘੱਲੇ) ਹੋਏ (ਭਾਈ ਬੁੱਢੇ ਦੇ)।
[5]ਹੋਰਥੇ।

ਪਾਵਨ ਪਾਵਨ* ਲੇਹਿਂ ਨਿਹਾਰੀ[1]' ॥੧੪॥
ਸ੍ਰੌਨ ਸੁਨੇ ਸਭਿ ਕੇ ਬਚਨਾ
ਨਹਿਂ ਬਾਕ ਕਹਜੋ ਤਿਨ ਸੰਗ ਭਿਰਾਈ[2]।
ਮੌਨ ਕਰੇ ਮੁਖ ਬੈਠਿ ਰਹੀ
ਬਿਚ ਭੌਨ ਥਿਰੇ ਸਿਖ ਜੇ ਸਮੁਦਾਈ।
ਜਾਨਿ ਗਏ ਮਨ ਮਾਂਹਿ ਤਬੈ
-ਗੁਰਅੰਗਦ ਜੀ ਕਿਤ ਹੈਂ ਇਸ ਥਾਈਂ-।
ਫੇਰ ਕਰੀ ਬਿਨਤੀ ਕਰ ਜੋਰਿ ਕੈ
'ਮਾਈ ਜੀ! ਸ੍ਰੀ ਗੁਰ ਦੇਹੁ ਬਤਾਈ' ॥੧੫॥
ਬੈਨ ਕਹਜੋ ਨਹਿਂ ਭੈ ਕਰਿ ਕੈ
ਸਭਿਂਹੂੰ ਮਿਲਿ ਬਾਤ ਬਿਚਾਰਨਿ ਠਾਂਨੀ।
-ਸ੍ਰੀ ਗੁਰ ਅੰਗਦ ਕੀ ਬਰਜੀ[3]
ਮਰਜੀ ਬਿਨ ਕਹੋਂ ਸੁ ਬਤਾਇ ਨਿਸ਼ਾਨੀ-।
ਬੁੱਢੇ ਨਿਹਾਰਨ ਕੀਨ ਇਤੈ ਉਤ
ਕੋਠੜੀ ਦੇਖਿ ਚਹੂੰ ਦਿਸ਼ਿ ਜਾਨੀ।
-ਬੰਦ ਇਹੀ ਦਰ ਜਾਨਜੋ ਪਰੈ
ਗੁਰੁ ਹੋਇਂ ਤੁ ਹੋਇਂ ਥਿਰੇ ਇਸ ਥਾਨੀ[4]- ॥੧੬॥
ਫੇਰ ਮਿਲੇ ਸਭਿ ਸੋਂ ਨਿਰਨੇ ਕਰਿ
-ਹੈਂ ਨਿਸ਼ਚੇ ਇਸ ਕੋਠੜੀ ਮਾਂਹੀ'-।
ਬੰਦਨ ਠਾਨਿ ਭਨੀ ਬਿਨਤੀ
'ਮਮ ਨਾਮ ਬੁਢਾ ਲਖਿ ਆਯੋ ਇਹਾਂ ਹੀ।
ਸ੍ਰੀ ਗੁਰ ਨਾਨਕ ਦੀਨ ਮੁਝੈ ਬਰ
-ਮੈਂ ਜਹਿਂ ਹੋਵੋਂ ਪਛਾਨੈਂ ਤਹਾਂ ਹੀ।
ਸੰਗਤਿ ਮੇਰੀ ਸਦੀਵ ਕਰੋ
ਜੇਈ ਰੂਪ ਧਰੋਂ, ਗੁਪਤੈ ਤੁਵ ਨਾਂਹੀ[5]- ॥੧੭॥
ਆਪ ਅਲੋਪ ਭਏ ਜਬਿ ਤੇ
ਤਬ ਤੇ ਬਹੁ ਬਜ਼ਾਕੁਲ ਦੇਖੇ ਬਿਨਾ।

---

*ਪਾ:-ਪਾਵਨ ਪਾਦ ਸੁ।
[1]ਪਵਿੱਤ੍ਰ ਚਰਨਾਂ ਨੂੰ ਦੇਖ ਲਈਏ।
[2]ਭਿਰਾਈ ਨੇ।
[3]ਵਰਜੀ ਹੋਈ ਹੈ।
[4]ਇਸ ਥਾਂ ਵਿਚ।
[5]ਕਿਉਂਕਿ ਤੁਸੀ ਸਦਾ ਮੇਰੀ ਸੰਗਤ ਕਰਦੇ ਹੋ, ਜੋ ਰੂਪ ਮੈਂ ਧਾਰਾਂ, ਤੁਹਾਥੋਂ ਲੁਕਿਆ ਨਹੀਂ ਰਹੇਗਾ।

ਆਨਿ ਭਏ ਤੁਮ ਗੋਪ ਇਹਾਂ,
ਕਿਤ ਸੰਗਤਿ ਜਾਇ ਅਧੀਰ ਮਨਾ।
ਖੋਜਿ ਫਿਰੇ ਬਹੁ ਚਿੰਤ ਕਰੇ
ਨਹਿਂ ਦੇਖਤਿ ਭੇ ਕਿਸ ਥਾਨ ਜਨਾ[1]।
ਆਵਹੁ ਬਾਹਿਰ ਰੂਪ ਦਿਖਾਵਹੁ
ਸੇਵਹਿਂ ਸਿੱਖ ਅਨੰਦ ਘਨਾ' ॥੧੮॥
ਯੌਂ ਕਹਿ ਬੁੱਢੇ ਨੇ ਆਪਨੈ ਹਾਥ
ਉਖਾਰਿ, ਚਿਨਜੋ ਦਰ[2] ਖੋਲਨਿ ਕੀਨਾ।
ਬੈਠੇ ਸਮਾਧਿ ਅਗਾਧਿ[3] ਕਰੇ
ਕਵਲਾਸ ਕੇ ਊਪਰ ਸ਼ੰਭੁ ਅਸੀਨਾ[4]।
ਸ਼ਾਂਤਿ ਬ੍ਰਿਤੀ, ਸਮੁਦਾਇ ਰਿਖੀਕ
ਅਚੰਚਲ[5] ਹੈਂ, ਇਕ ਰੂਪ ਬਿਲੀਨਾ[6]।
ਹੇਰਿ ਸਭੈ ਕਰ ਜੋਰਿ[7] ਖਰੇ,
ਅਭਿਬੰਦਨ ਠਾਨਹਿਂ[8] ਹੋਇ ਪ੍ਰਸੀਨਾ[9] ॥੧੯॥
ਨਾਂਹਿ ਸਮਾਧਿ ਅਗਾਧਿ ਛੁਟੀ
ਪੁਨਿ ਮਾਈ ਭਿਰਾਈ ਕੇ ਸਾਥ ਕਹੈ।
'ਆਪ ਕਹੋ ਜਿਮਿ ਬਾਹਰ ਆਵਹਿਂ,
ਦੀਨ ਦਿਆਲ ਕੀ ਬਾਨਿ ਅਹੈ।'
ਕੀਨ ਸਭੈ ਬਿਨਤੀ ਕਰ ਜੋਰਿ
'ਕਰੋ ਕਰੁਨਾ ਗਨ ਸਿੱਖਜ ਚਹੈਂ।
ਬੈਠਿ ਸਿੰਘਾਸਨ ਜਜੋ ਕਮਲਾਸਨ[10],
ਦੇਹੁ ਦਿਦਾਰ ਕਲੂਖ ਦਹੈਂ[11] ॥੨੦॥
ਦਾਸ ਉਧਾਰਨ ਕੋ ਇਸ ਕਾਰਨ

---

[1]ਕਿਸੇ ਥਾਂ ਨਹੀਂ ਦਿੱਸੇ ਸਿੱਖਾਂ ਨੂੰ।
[2]ਬੰਦ ਦਰਵਾਜ਼ਾ।
[3]ਡੂੰਘੀ।
[4](ਮਾਨੋ) ਕੈਲਾਸ਼ ਪਰਬਤ ਤੇ ਸ਼ਿਵਜੀ ਇਸਥਿਤ ਹੋਏ ਹਨ।
[5]ਇੰਦਰੀਆਂ ਚੰਚਲਤਾ ਤੋਂ ਰਹਿਤ ਹਨ।
[6]ਲਿਵਲੀਨ।
[7]ਹਥ ਜੋੜ।
[8]ਨਮਸਕਾਰ ਕਰਦੇ ਹਨ।
[9](ਤਾਂ ਜੋ) ਪ੍ਰਸੰਨ ਹੋਣ।
[10]ਬ੍ਰਹਮਾ।
[11]ਪਾਪ ਨਾਸ਼ ਹੋਣ।

ਆਪ ਗੁਰੂ ਨੇ ਦਈ ਗੁਰ ਗਾਦੀ।
ਸੋ ਅਬ ਕਾਰਜ ਕਜੋਂ ਨ ਕਰੋ
ਪਰਮਾਰਥ ਕੇ ਹਿਤ ਸਿੱਖਜ ਅਬਾਦੀ।
ਦਾਸਨਿ ਕੋ ਉਪਦੇਸ਼ ਬਤਾਵਹੁ
ਨਾਮ ਜਪਾਵਹੁ ਜੇ ਪਰਮਾਦੀ[1]।
ਸੰਗਤਿ ਬ੍ਰਿੰਦ ਕੀ ਪੰਗਤਿ ਮੈਂ
ਥਿਤਿ ਹੋਇ ਕਰੀਜਹਿ ਮੰਗਲ ਸ਼ਾਦੀ[2]' ॥੨੧॥

ਦਾਸਨ ਕੀ ਬਿਨਤੀ ਸੁਨਿ ਕੈ
ਗਿਨਤੀ ਤਜਿ ਆਨ ਸੁ ਬਾਹਰ ਆਏ।
ਪੀਤ ਹੈ ਰੰਗ, ਸੁ ਦੂਬਰੇ ਅੰਗ,
ਉਮੰਗ ਮਹਾਂ ਗੁਰ ਜਜੋਂ ਦਰਸਾਏ[3]।

ਦੇਖਤਿ ਭੇ ਤਿਨਿ[4] ਦਾਸਨ ਕੋ
ਗੁਰ ਨਾਨਕ ਪਾਸ ਜੁ ਥੇ ਸਮੁਦਾਏ।
ਪ੍ਰੇਮ ਪ੍ਰਵਾਹਿ[5] ਬਧਜੋ ਉਰ ਮੈਂ
ਉਚਰਜੋ ਤਬਿ ਏਕ ਸ਼ਲੋਕ ਬਨਾਏ ॥੨੨॥

ਸ੍ਰੀ ਮੁਖਵਾਕ:
ਮਃ ੨ ॥
ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

ਸ੍ਵੈਯਾ: ਸ਼੍ਰੀ ਮੁਖ ਤੇ ਇਮ ਬੋਲਿ ਪ੍ਰਭੂ
ਸਭਿ ਬੀਚ ਗੁਰੂ ਤਬਿ ਬੈਠਿ ਗਏ।
ਜੇ ਸਿੱਖ ਹੈਂ ਸਮੁਦਾਇ ਤਹਾਂ
ਤਿਨ ਦੇ ਦਰਸ਼ਨ ਪਰਸੰਨ ਕਏ[*]।
ਧੀਰਜ ਦੀਨ 'ਭਜੋ ਸਤਿਨਾਮ',
ਰਹੇ ਤਿਸ ਧਾਮੁ, ਅਹਾਰ[6] ਖਏ।

---

[1]ਭੁੱਲੇ ਹੋਏ ਜੋ ਹਨ।
[2]ਅਨੰਦ ਮੰਗਲ।
[3](ਭਾਵੇਂ) ਰੰਗ ਪੀਲਾ ਤੇ ਅੰਗ ਲਿੱਸੇ ਸਨ
(ਤਦ ਬੀ ਸਿੱਖਾਂ ਨੂੰ ਜਦੋਂ) ਦਰਸ਼ਨ ਹੋਏ (ਤਾਂ ਬੜੀ) ਉਮੰਗ ਚੜ੍ਹ ਗਈ (ਕਿਉਂਕਿ) ਮਹਾਂ ਗੁਰ (ਭਾਵ ਗੁਰ ਨਾਨਕ) ਵਰਗੇ (ਗੁਰੂ ਜੀ) ਨਜ਼ਰ ਆਏ।
(ਅ) ਰੰਗ ਪੀਲਾ ਤੇ ਅੰਗ ਲਿੱਸੇ ਹਨ, (ਪਰ) ਮਹਾਂ ਉਮੰਗ ਹੋਈ ਜਦੋਂ ਗੁਰੂ ਜੀ ਦੇ ਦਰਸ਼ਨ ਹੋਏ।
[4](ਗੁਰੂ ਅੰਗਦ ਜੀ ਨੇ) ਡਿੱਠਾ।
[5]ਪ੍ਰੇਮ ਦੀ ਲਹਿਰ।
[*]*ਪਾਛ-ਭਏ।
[6]ਪ੍ਰਸ਼ਾਦਿ।

ਦਾਸ ਲਗੇ ਪਗ ਸੇਵਨ ਕੋ,
ਅਹੰਮੇਵ[1] ਬਿਨਾ ਗੁਰਦੇਵ ਥਿਏ ॥੨੩॥
ਜੋ ਸਿਖ ਸੇਵਕ ਸ੍ਰੀ ਗੁਰ ਨਾਨਕ
ਸੋ ਸੁਨਿ ਕੈ ਸਭਿ ਆਵਤਿ ਹੈਂ।
-ਗਾਦੀ ਲਈ ਗੁਰਤਾ[2] ਗੁਰ ਅੰਗਦ
ਸੋ ਬਿਦਤੇ[3]- ਸੁਨਿ ਪਾਵਤਿ ਹੈਂ।
ਦੇਖਤਿ ਜੋਤਿ ਮਹਾਂ ਮੁਖ ਜਾਗਤਿ[4],
ਜਜੋਂ ਨਟ ਸਾਂਗ ਬਨਾਵਤਿ ਹੈਂ।
ਏਕ ਹੀ ਬੇਖ ਅਨੇਕ ਧਰੇ
ਸਭਿ ਲੋਕਨ ਕੋ ਬਿਰਮਾਵਤਿ ਹੈਂ[5] ॥੨੪॥
ਗੁਰਤਾ ਰਥ ਪੈ ਗੁਰ ਸੂਰਜ ਦੂਸਰ
ਮਾਸ[6] ਬਿਤੇ ਤਨ ਰਾਜਤਿ ਹੈਂ[7]।
ਮੋਹਿ ਅੰਧੇਰ ਕੋ ਦੂਰ ਕਰੈਂ
ਅਘ ਚੋਰ[8] ਸ਼ਿਤਾਬ ਹੀ ਭਾਜਤਿ ਹੈਂ।
ਬ੍ਰਿੰਦ ਖਿਰੇ ਅਰਬਿੰਦ ਮਹਾਂ ਸਿਖ[9],
ਪੇਚਕ ਨਿੰਦਕ[10] ਲਾਜਤਿ ਹੈਂ।
ਹੋਤਿ ਪ੍ਰਕਾਸ਼ ਚਹੂੰ ਦਿਸ਼ ਮੈਂ
ਤਿਮ ਗਜਾਨ ਰਿਦੇ ਉਪਰਾਜਤਿ ਹੈਂ[11] ॥੨੫॥
ਸਾਰਬ ਭੌਮ[12] ਮਹਾਂ ਮਹਿਪਾਲਕਿ[13]
ਪੋਸ਼ਿਸ਼[14] ਪੂਰਬ[15] ਕੀ ਤਜਿ ਕੈ।

---

[1]ਹੰਕਾਰ।
[2]ਗੁਰਿਆਈ।
[3]ਓਹ (ਗੁਰੂ ਅੰਗਦ ਜੀ) ਪ੍ਰਗਟ ਹੋਏ ਹਨ।
[4]ਦੇਖਦੇ ਹਨ (ਕਿ ਓਹੋ) ਮਹਾਨ ਜੋਤ (ਗੁਰ ਨਾਨਕ ਦੀ) ਮੁਖੜੇ ਤੇ ਜਾਗਦੀ ਹੈ।
[5]ਮੋਂਹਦੇ ਹਨ।
[6]ਮਹੀਨਾ।
[7]ਬਿਰਾਜ ਰਹੇ ਹਨ।
[8]ਪਾਪ ਰੂਪੀ ਚੋਰ।
[9]ਸਮੂਹ ਕਵਲਾਂ ਰੂਪੀ ਸਿੱਖ ਮਹਾਂ ਖਿੜੇ।
[10]ਉੱਲੂ ਰੂਪੀ ਨਿੰਦਕ।
[11]ਉਤਪਤ ਕਰਦੇ ਹਨ।
[12]ਸਾਰੀ ਪ੍ਰਿਥਵੀ ਦਾ ਚੱਕ੍ਰਵਰਤੀ [ਸੰਸ: ਸਾਰ੍ਵ ਭੌਮ]।
[13]ਵੱਡਾ ਰਾਜਾ।
[14]ਪੌਸ਼ਾਕ।
[15]ਪਹਿਲੀ।

ਸੁੰਦਰ ਔਰ ਨਵੀਨ ਧਰੈ ਤਨ,
ਆਇ ਸਭਾ ਥਿਤਿ ਹ੍ਵੈ ਸਜਿ ਕੈ।
ਸ਼੍ਰੀ ਗੁਰ ਤਜੋਂ ਧਰਿ ਦੂਸਰੁ ਰੂਪ
ਬਿਰਾਜਤਿ, ਸਿੱਖ ਸੁਖੀ ਜਜਿਕੈ[1]।
ਸੇਵਕ ਏਕ ਹੀ ਜਾਨਤਿ ਹੈਂ
ਗਨ[2] ਨਿੰਦਕ ਨੀਚ ਰਹੈਂ ਲਜਿਕੈ[3] ॥੨੬॥
ਜੋਤਿ ਤੇ ਜੋਤਿ ਪ੍ਰਕਾਸ਼ ਰਹੀ
ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ
ਜੁਗ[4] ਹੋਇ ਸਮਾਨ[5] ਪ੍ਰਕਾਸ਼ ਬਿਸਾਲਾ।
ਆਨਿ ਸੁਨੈਂ ਉਪਦੇਸ਼ ਕਿਤੇ ਨਰ
ਜਾਗਿ ਉਠੇ ਜਿਨ ਭਾਗ ਸੁ ਭਾਲਾ[6]।
ਸ਼੍ਰੀ ਗੁਰ ਨਾਨਕ ਕੋ ਨਿਤ ਹੀ
ਚਿਤਵੰਤਿ ਰਹੈਂ ਬਡ ਰੂਪ ਕ੍ਰਿਪਾਲਾ[7] ॥੨੭॥
ਚੌਪਈ: ਬੁੱਢੇ ਸੋਂ ਗੋਸ਼ਟ ਨਿਤਿ ਠਾਨੈ।
'ਸ਼੍ਰੀ ਸਤਿਗੁਰ ਕੇ ਚਲਤਿ[8] ਮਹਾਨੈ।
ਜਨਮ ਆਦਿ ਅਬ ਲਗਿ ਜੋ ਜਾਨੈ।
ਸੋ ਸਭਿ ਰੀਤੀ ਭਲੇ ਬਖਾਨੈ[9]' ॥੨੮॥
ਤਬਿ ਬੁੱਢਾ ਬੋਲਜੋ ਸੁਖ ਪਾਇ।
'ਐਸੋ ਏਕ ਪੁਰਖ ਲਖਿ ਜਾਇ[10]।
ਬਾਲਾ ਜਾਟ ਵਸਹਿ ਤਲਵੰਡੀ।
ਤਿਨਿ ਬਿਲਾਸ[11] ਦੇਖਜੋ ਨਵਖੰਡੀ[12] ॥੨੯॥

---

[1]ਸਿੱਖ ਸੁਖੀ ਹੁੰਦੇ ਨੇ ਪੂਜ ਕੇ।
[2]ਸਮੂਹ।
[3]ਸ਼ਰਮਾ ਕੇ।
[4]ਦੋਵੇਂ।
[5]ਇਕੋ ਜਿਹੀ।
[6]ਮੱਥੇ ਦੇ ਸ੍ਰੇਸ਼ਟ ਭਾਗ।
[7]ਭਾਵ, ਸ਼੍ਰੀ ਗੁਰੂ ਅੰਗਦ ਸਾਹਿਬ ਜੀ।
[8]ਚਰਿੱਤਰ।
[9]ਚੰਗੀ ਤਰ੍ਹਾਂ ਕਹੇ।
[10]ਜਾਣਿਆ ਜਾਂਦਾ ਹੈ।
[11]ਕੌਤਕ।
[12]ਨਵਾਂ ਖੰਡਾਂ ਦਾ।

ਰਹਜੋ ਸੰਗਿ ਸਤਿਗੁਰ ਕੇ ਸਦਾ।
ਸੋ ਤੁਮ ਦਰਸ ਆਇ ਹੈ ਜਦਾ।
ਤਿਸਿ ਤੇ ਸੁਨਹੁ ਸਕਲ ਬਿਰਤੰਤਾ।
ਜਥਾ ਚਰਿੱਤ੍ਰ ਕੀਨ ਭਗਵੰਤਾ[1]' ॥੩੦॥
ਏਵ ਬਿਚਾਰਤਿ ਬਾਲਾ ਆਯੋ।
ਗੁਰ ਪ੍ਰਸੰਗ ਤਿਨ ਸਕਲ ਸੁਨਾਯੋ।
ਸੋ ਹਮ ਪੂਰਬਿ[2] ਹੀ ਕਹਿ ਆਏ।
ਛੰਦ ਚੌਪਈ ਬੰਦ ਬਨਾਏ ॥੩੧॥
ਸ਼੍ਰੀ ਬਾਬਾ ਨਾਨਕ ਜੀ ਜੈਸੇ।
ਕਰੇ ਪ੍ਰਸੰਗ ਸੁਨੇ ਸਭਿ ਤੈਸੇ।
ਨਿਸ ਦਿਨ ਪ੍ਰੇਮ ਲਗਜੋ ਤਿਨ ਕੇਰਾ।
ਸਿਮਰਹਿਂ ਸਤਿਗੁਰ ਸੰਝ ਸਵੇਰਾ ॥੩੨॥
ਸੁਨੀ ਜਨਮ ਸਾਖੀ ਗੁਰ ਸਾਰੀ।
ਕੁਛ ਬਿਰਾਗ ਤੇ ਧੀਰਜ ਧਾਰੀ।
ਜਿਨ ਸਿੱਖਨ ਕੇ ਭਾਗ ਬਿਸਾਲਾ।
ਸੇਵਹਿਂ, ਬਾਨੀ ਸੁਨਹਿਂ ਰਸਾਲਾ ॥੩੩॥
ਤਊ ਗੁਰੂ ਅੰਗਦ ਇਸ ਰੀਤਾ।
ਬੋਲਹਿਂ ਅਲਪ, ਨ ਠਾਨਹਿਂ ਪ੍ਰੀਤਾ।
ਬਾਲਿਕ ਦਸ਼ਾ ਬਿਖੈ ਨਿਤਿ ਰਹੈਂ।
ਹਰਖ ਸ਼ੋਕ ਜਿਨ ਲੇਸ਼ ਨ ਅਹੈ ॥੩੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਪ੍ਰਗਟ ਹੋਣ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

---

[1]ਭਾਵ ਗੁਰ ਨਾਨਕ ਦੇਵ ਜੀ ਨੇ।
[2]ਪਹਿਲੇ (ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ)।

੧੦. [ਗੁਰੂ ਜੀ ਦੀ ਨਿੱਤ ਕ੍ਰਿਯਾ। ਸਿੱਧਾਂ ਦਾ ਮੇਲ ਤੇ ਹੁਮਾਯੂ ਦਾ ਆਉਣਾ]

੯<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੧

ਦੋਹਰਾ: ਨਿਤਾਪ੍ਰੱਤਿ ਸ਼੍ਰੀ ਸਤਿਗੁਰੂ,
ਇਹ ਬਿਧਿ ਕਰਤਿ ਉਚਾਰ*।
ਸੁਨਤਿ ਉਚਾਰਤਿ ਸਿੱਖ ਕੋ,
ਭਉਜਲ ਕਰਿ ਹੈਂ ਪਾਰ ॥੧॥

ਚੌਪਈ: ਜਾਮ ਜਾਮਨੀ ਜਾਗ੍ਰਨ ਹੋਇ।
ਸਿਹਜਾ ਤਜਹਿਂ ਸੈਨ ਕੀ[1] ਜੋਇ।
ਕਰਹਿਂ ਸੌਚ, ਪੁਨ ਧੋਵਹਿਂ ਪਾਵਨ[2]।
ਪਾਵਨ ਹੋਨ+, ਕਰਹਿਂ ਰਦਧਾਵਨ[3] ॥੨॥
ਬਹੁਰ ਬਦਨ ਅਰਬਿੰਦ ਪਖਾਰੈਂ।
ਸੀਤਲ ਨੀਰ ਸ਼ਨਾਨ ਸੁਧਾਰੈਂ।
ਨਿਜ ਅਨੰਦ ਮੈਂ ਨਿਸ਼ਚਲ ਹੋਇ।
ਲਗਿ ਸਮਾਧਿ ਨਿਰਵਿਕਲਪ ਜੋਇ ॥੩॥
ਭਈ ਪ੍ਰਾਤਿ ਸੂਰਜ ਜਬਿ ਨਿਕਸਹਿ।
ਕਮਲ ਬਿਲੋਚਨ ਸੁੰਦਰ ਬਿਕਸਹਿਂ।
ਪ੍ਰਥਮ ਦ੍ਰਿਸ਼ਟਿ ਜਿਸ ਪਰ ਤਬਿ ਪਰੈ।
ਰੋਗੀ ਰੋਗ ਦੁਖੀ ਦੁਖ ਹਰੈ ॥੪॥
ਆਧਿ ਬਯਾਧਿ ਬਾਧਾ ਜੋ ਪਾਵੈ।
ਜਾਨਿ ਸਮੋ ਆਗੇ ਚਲਿ ਆਵੈ।
ਬਯਾਕੁਲ ਹੋਹਿ ਪੀਰ ਤੇ ਜੇਈ।
ਦ੍ਰਿਸ਼ਟਿ ਪਰੇ ਸੁਖ ਪਾਵੈ ਤੇਈ ॥੫॥
ਭਈ ਜਗਤ ਮੈਂ ਬਿਦਤ ਸੁ ਬਾਤੀ[4]।
ਆਇ ਅਨੇਕ ਖਰੇ ਹੁਇਂ ਪ੍ਰਾਤੀ।
ਸੰਕਟ ਨਸ਼ਟਹਿ, ਸਦਨ ਸਿਧਾਰਹਿਂ।

---

*ਇਥੇ ਪਾਠ 'ਆਚਾਰ' ਠੀਕ ਜਾਪਦਾ ਹੈ ਕਿਉਂਕਿ ਅਗਲੀ ਤੁਕ ਵਿਚ ਦਸਦੇ ਹਨ ਕਿ ਗੁਰੂ ਕੀਆਂ ਇਨ੍ਹਾਂ ਕਰਨੀਆਂ ਦੀ ਕਥਾ ਜੋ ਸਿੱਖ ਸੁਣਦਾ ਤੇ ਕਰਦਾ ਹੈ ਉਸਨੂੰ ਆਪ ਭਉਜਲ ਤੋਂ ਪਾਰ ਕਰਨਗੇ। ਫਿਰ ਚੌਪਈ ਤੋਂ ਗੁਰੂ ਜੀ ਦੀ ਨਿਤ ਕ੍ਰਿਯਾ ਅਰੰਭਦੇ ਹਨ। ਪਰ ਲਿਖਤੀ ਦੇ ਛਾਪੇ ਦੇ ਨੁਸਖਿਆਂ ਵਿਚ ਪਾਠ-ਉਚਾਰ-ਹੀ ਦਿੱਤਾ ਹੈ।

[1]ਸੌਣ ਦੀ।

[2]ਭਾਵ ਹੱਥ ਪੈਰ।

+ਪਾ:-ਹੋਇ।

[3]ਦੰਦਾਂ ਨੂੰ ਸਾਫ ਕਰਨਾ (ਦਾਤਣ ਕਰਨਾ)।

[4]ਵਾਰਤਾ।

ਜਹਿਂ ਕਹਿਂ ਸ੍ਰੀ ਗੁਰ ਸੁਜਸ ਬਿਥਾਰਹਿਂ[1] ॥੬॥
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿਂ ਬੀਚ ਸੰਗਤਿ ਹਰਖਾਵੈਂ।
ਬੈਠੇ ਰਹੈਂ ਸਿੰਘਾਸਨ ਫੇਰ।
ਸਿੱਖ ਸੰਗਤਿ ਸਭਿ ਦਰਸ਼ਨ ਹੇਰਿ ॥੭॥

ਦੋਹਰਾ: ਸ੍ਰੀ ਗੁਰ ਨਾਨਕ ਕੀ ਸਦਾ,
ਚਰਚਾ ਕਰਤਿ ਉਦਾਰ*।
ਜਥਾ ਚਰਿੱਤ੍ਰ ਪਵਿੱਤ੍ਰ ਬਹੁ,
ਜਗ ਬਚਿੱਤ੍ਰ ਬਿਸਤਾਰ[2] ॥੮॥

ਚੌਪਈ: ਅਪਰ ਨ ਚਰਚਾ ਕੋਈ ਹੋਇ।
ਜਗ ਕਾਰਜ ਕੀ ਜੇਤਿਕ ਜੋਇ।
ਸੂਪਕਾਰ[3] ਕਰਿ ਤਜਾਰ ਅਹਾਰੂ।
ਸਭਿ ਰਸ ਪਾਕਹਿ, ਸ੍ਵਾਦ ਉਦਾਰੂ ॥੯॥
ਜਬਿ ਸੁਧਿ ਦੇਹਿ ਆਨ ਕਰਿ ਸੋਈ।
'ਸ੍ਰੀ ਗੁਰ ਜੀ! ਭਈ ਪਾਕ[4] ਰਸੋਈ।'
ਉਠਿ ਕ੍ਰਿਪਾਲ ਤਿਹਿ ਸੰਗ ਸਿਧਾਰੈਂ।
ਸਖਾ ਸਿੱਖ ਸੇਵਕ ਲੇ ਸਾਰੈ ॥੧੦॥
ਚਤੁਰ ਬਰਨ ਤਹਿਂ ਸਮਸਰ[5] ਬੈਸਹਿਂ।
ਜੈਸੇ ਰੰਕ, ਰਾਵ ਭੀ ਤੈਸਹਿਂ।
ਮਾਟੀ ਕੇ ਬਾਸਨ[6] ਹੁਇਂ ਸਾਰੇ।
ਪੱਤ੍ਰਨ ਮਹਿਂ ਅਚ ਲੇਹਿ ਅਹਾਰੇ ॥੧੧॥
ਜੋ ਚੌਂਕੇ ਮਹਿਂ ਅਚਹਿ ਰਸੋਈ।
ਗੁਰੂ ਸਮੀਪ ਜਾਇ ਨਹਿਂ ਸੋਈ।
ਪੰਕਤਿ ਬੀਚ ਬੈਠਿ ਗੁਰ ਖਾਂਹਿ।
ਏਕ ਸਮਾਨ ਅਸਨ[7] ਅਚਵਾਹਿਂ ॥੧੨॥

---

[1]ਫੈਲਾਵਨ।
*ਪਾ:-ਉਚਾਰ।
[2]ਜਿਸ ਤਰ੍ਹਾਂ ਗੁਰੂ ਜੀ ਦੇ ਪਵਿੱਤ੍ਰ ਚਰਿੱਤ੍ਰਾਂ ਦਾ ਖੂਬਸੂਰਤ ਫੈਲਾਉ ਸੀ।
[3]ਰਸੋਈਆ।
[4]ਪੱਕ ਗਈ।
[5]ਇਕੋ ਜਿਹੇ।
[6]ਭਾਂਡੇ।
[7]ਭੋਜਨ।

ਪਾਇਸੁ[1+] ਹੋਵਹਿ ਬੀਚ ਰਸੋਈ[++]।
ਸੀਤ ਪ੍ਰਸ਼ਾਦਿ[2] ਖਾਹਿ ਸਭਿ ਕੋਈ।
ਪੁਨ ਜਲ ਪਾਨ ਚੁਰੀ ਕਰਿ ਲੇਹਿਂ।
ਉਠਹਿਂ ਗੁਰੂ ਪੁਨ ਏਵ ਕਰੇਹਿਂ ॥੧੩॥
ਗ੍ਰਾਮ ਬਾਲਕੇ ਲੇਹਿਂ ਬੁਲਾਇ।
ਹਰਖ ਸ਼ੋਕ ਜਿਨ ਹੋਇ ਨ ਕਾਇ।
ਤਿਨ ਸੋਂ ਮਿਲਿ ਕਰਿ ਖੇਲਹਿਂ ਖੇਲ।
ਹੋਹਿਂ ਪ੍ਰਸੰਨ ਮਿਲਹਿਂ ਸਿਸ ਮੇਲ[3] ॥੧੪॥
ਪਹਿਰ ਤੀਸਰੋ ਏਵ ਬਿਤਾਵਹਿਂ।
ਪਹਿਲਵਾਨ ਤਬਿ ਗੁਰੂ ਬੁਲਾਵਹਿਂ।
ਮਿਲਹਿਂ ਆਇ ਬਹੁ ਪਰਹਿ ਅਖਾਰਾ।
ਭਿਰਹਿਂ[4] ਆਪ ਮਹਿਂ ਬਲ ਧਰਿ ਭਾਰਾ ॥੧੫॥
ਕਹਿ ਕਹਿ ਤਿਨਹੁ ਭਿਰਾਵਨ[5] ਠਾਨਹਿਂ।
ਕੁਸ਼ਤੀ ਕਰਤਿ ਜੀਤਿ ਕਿਹ ਹਾਨੈ[6]।
ਜਾਮ ਦਿਵਸ ਕੇ ਰਹੇ ਬਹੋਰੀ।
ਸ਼੍ਰੀ ਗੁਰਦੇਵ ਤਜਹਿਂ ਤਿਸ ਠੌਰੀ ॥੧੬॥
ਸਭਾ ਬਿਖੈ ਸ਼ੁਭ ਆਸਨ ਬੈਸੇਂ।
ਮੁਨਿ ਗਨਿ ਸਹਤ ਸ਼ੰਭੁ[7] ਹੁਇ ਜੈਸੇ।

---

[1]ਖੀਰ।

[+]ਇਕ ਨੁਸਖੇ ਵਿਚ ਪਾਠ ਸੋਧਕੇ 'ਮਾਸ ਸੁ' ਲਿਖਿਆ ਹੈ, ਇਕ ਵਿਚ ਲਿਖਾਰੀ ਦਾ ਲਿਖਿਆ 'ਮਾਸ ਸੁ' ਹੈਸੀ, ਪਰ ਹੜਤਾਲ ਲਾ ਕੇ 'ਪਾਇਸੁ' ਬਨਾਯਾ ਹੋਇਆ ਹੈ।

[++]ਟਿੱਕੇ ਦੀ ਵਾਰ ਵਿਚ ਬੀ ਲਿਖਿਆ ਹੈ-ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

[2]ਸੀਤ ਪ੍ਰਸ਼ਾਦ = ਕਿਸ਼੍ਤ ਪ੍ਰਸ਼ਾਦ = ਥੋੜਾ ਜਿਹਾ ਪ੍ਰਸ਼ਾਦ। ਖਾਲਸਈ ਬੋਲੇ ਵਿਚ ਖਾਣੇ ਨੂੰ ਕਹਿੰਦੇ ਹਨ, ਕਿਉਂਕਿ ਖਾਸ ਵਾਹਿਗੁਰੂ ਦੀ ਮੇਹਰ ਨਾਲ ਪ੍ਰਾਪਤ ਹੁੰਦਾ ਹੈ, ਸੀਤ ਪ੍ਰਸ਼ਾਦ ਦਾ ਅਰਥ ਹੈ ਥੋੜਾ ਜਿਹਾ ਬਾਂਟਾ ਜੋ ਖਾਣੇ ਵਿਚੋਂ ਮਿਲੇ।

ਜਾਪਦਾ ਹੈ ਕਿ ਇਥੇ ਪਾਠ 'ਮਾਸ' ਹੀ ਸੀ ਤੇ ਲੰਗਰ ਵਿਚ ਬਣਦਾ ਸੀ, ਪੰਕਤਿ ਵਿਚ ਛਕਣ ਵਾਲੇ ਥੋੜਾ-ਥੋੜਾ ਲੈਂਦੇ ਸਨ। ਗੁਰੂ ਅਮਰ ਦੇਵ ਜੀ ਨੇ ਪ੍ਰੀਖਜਾ ਜਦ ਕੀਤੀ ਹੈ ਤਾਂ ਇਹੋ ਸੀ ਕਿ ਮੇਰੇ ਅੱਗੇ ਮਾਸ ਨਾ ਰੱਖਜਾ ਜਾਵੇ। ਪਰ ਜੇ ਅਸਲ ਪਾਠ ਪਾਇਸੁ ਸੀ, ਤਦ ਅਚਰਜ ਨਹੀਂ ਕਿ ਏਥੇ ਪਾਠ, 'ਕਸ਼੍ਰੀਰ ਪ੍ਰਸ਼ਾਦਿ' ਹੋਵੇ ਕਿ ਖੀਰ ਰਿਝਦੀ ਸੀ ਤੇ ਖੀਰ ਦਾ ਛਾਂਦਾ ਸਭ ਕਿਸੇ ਨੂੰ ਮਿਲਦਾ ਸੀ। ਹਰ ਹਾਲ ਵਿਚ ਮਾਸ ਵਿਹਤ ਯਾ ਅਵਿਹਤ ਦਾ ਝਗੜਾ ਸਿਖ ਧਰਮ ਵਿਚ ਦੂਸਰੇ ਮਤਾਂ ਵਾਂਙੂ ਨਹੀਂ, ਇਸ ਕਰਕੇ ਪੱਖ ਵਾਦੀਆਂ ਨੂੰ ਝਗੜਨ ਦੀ ਲੋੜ ਨਹੀਂ। (ਅ) ਗੁਰੂ ਜੀ ਦੇ ਛਕੇ ਵਿਚੋਂ ਛਾਂਦਾ।

[3]ਲੜਕਿਆਂ ਦੇ ਨਾਲ ਮਿਲਕੇ।

[4]ਘੁਲਦੇ ਹਨ।

[5]ਘੁਲਾਵਣਾ।

[6]ਹਾਰ ਹੋਵੇ।

[7]ਸਮੂਹ ਮੁਨੀਆਂ ਸਮੇਤ ਸ਼ਿਵਜੀ।

ਚਹੁਂ ਦ੍ਰਿਸ਼ ਪਰਵਾਰਤਿ[1] ਸਿਖ ਆਇ।
ਰੁਚਿਰ ਰਬਾਬੀ ਰਾਗਨਿ ਗਾਇਂ ॥੧੭॥
ਸਕਲ ਪ੍ਰੇਮ ਕਹਿ ਸੁਨਹਿਂ ਸੁ ਦਾਸ।
ਜਿਨ ਤੇ ਬ੍ਰਿੰਦ[2] ਬਿਕਾਰ ਬਿਨਾਸ਼।
ਸੰਧਜਾ ਸਮੈਂ ਸੁ ਹੋਇ ਇਕੰਤ।
ਨਿਜ ਸਰੂਪ ਮਹਿਂ ਲੈ[3] ਭਗਵੰਤ ॥੧੮॥
ਬੈਠਹਿਂ ਏਕਾਂਕੀ ਇਕ ਜਾਮ।
ਪੁਨ ਪ੍ਰਯੰਕ ਪਰ ਕਰਹਿਂ ਅਰਾਮ।
ਇਸ ਪ੍ਰਕਾਰ ਨਿਸ ਦਿਵਸ ਬਿਤਾਵਹਿਂ।
ਸਿੱਖਜਨ ਤੇ ਸਤਿਨਾਮੁ ਜਪਾਵਹਿਂ ॥੧੯॥
ਆਪਨ ਢਿਗ ਮਾਯਾ ਵਿਵਹਾਰ।
ਜ਼ਿਕਰ ਨ ਹੋਨ ਦੇਹਿਂ ਕਿਸਿ ਵਾਰ[4]।
ਹਰਖ ਸੋਗ ਜੇਤਿਕ ਬਿਧਿ ਨਾਨਾ।
ਇਨ ਕੋ ਸਿੱਖਜ ਨ ਕਰਹਿਂ ਬਖਾਨਾ ॥੨੦॥
ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ।
ਰਾਗ ਨ ਦ੍ਵੈਸ਼, ਮ੍ਰਿੱਤ ਨਹਿਂ ਬੈਰੀ।
ਸਦਾ ਅਨੰਦ ਪ੍ਰੇਮ ਰਸ ਪਾਗੇ।
ਸ਼੍ਰੀ ਨਾਨਕ ਜਸ ਸੋਂ ਨਿਤਿ ਲਾਗੇ ॥੨੧॥
ਗੋਰਖ ਆਦਿ ਸਿੱਧਜ ਬਡ ਪੂਰੇ।
ਇਕ ਦਿਨ ਕਰਿ ਬਿਚਾਰ ਸਭਿ ਰੂਰੇ।
-ਸ਼੍ਰੀ ਨਾਨਕ ਗਾਦੀ ਪਰ ਜੌਨ।
ਕੈਸੋ ਅਹੈ ਬਿਲੋਕਹਿਂ ਤੌਨ ॥੨੨॥
ਆਪ[5] ਸੁ ਹੁਤੇ ਮਹਿਦ ਮਹਿਯਾਨ[6]।
ਕਰਿ ਦਿਗਬਿਜੈ[7] ਪੁਜੇ[8] ਸਭਿ ਥਾਨ।
ਪੀਰ ਨ ਮੀਰ ਅਰਜੋ ਨਹਿਂ ਆਗੇ।

---

[1]ਉਦਾਲੇ ਆ ਬੈਠਦੇ ਹਨ।
[2]ਸਾਰੇ।
[3]ਲੀਨ ਹੁੰਦੇ ਹਨ।
[4]ਕਿਸੇ ਵੇਲੇ।
[5]ਭਾਵ ਗੁਰੂ ਨਾਨਕ ਜੀ।
[6]ਬੜਿਆਂ ਤੋਂ ਬੜੇ।
[7]ਹਰ ਪਾਸੇ ਜੈ ਕਰਕੇ।
[8]ਪੂਜੇ ਗਏ।

ਹਾਰ ਸਰਬ ਚਰਨੀ ਤਿਨ ਲਾਗੇ- ॥੨੩॥
ਇਮਿ ਬਿਚਾਰਿ ਸਭਿ ਹੀ ਚਲਿ ਆਏ।
ਸਤਿਗੁਰੁ ਕੋ ਨਿਜ ਦਰਸ ਦਿਖਾਏ।
ਗੋਰਖ, ਭਰਥਰਿ, ਚਰਪਟ ਸਾਥਿ।
ਗੋਪੀਚੰਦ, ਸੁ ਈਸ਼ੁਰ ਨਾਥ ॥੨੪॥
ਆਏ ਸਤਿਗੁਰੁ ਲੇਨਿ ਪ੍ਰਤੱਗਜਾ[1]।
ਪਾਇ ਪ੍ਰਤੀਤ ਭਰਮ ਉਰ ਭੱਗਜਾ।
ਸ਼੍ਰੀ ਅੰਗਦ ਸਿੰਘਾਸਨ[2] ਬੈਸੇ।
ਆਇ ਕਹੀ 'ਆਦੇਸ਼ ਅਦੇਸ਼ੇ' ॥੨੫॥
ਤਿਨਿ ਕੇ ਮਨ ਕੀ ਸਭਿ ਗੁਰ ਜਾਨੀ।
ਸਾਦਰ ਮਧੁਰ ਭਾਖਿ ਕਰਿ ਬਾਨੀ।
ਬੈਠਾਰੇ ਆਸਨ ਸ਼ੁਭ ਦਏ।
ਗੋਰਖ ਆਦਿ ਪ੍ਰਸੰਨ ਮਨ ਭਏ ॥੨੬॥
ਕਹਿਂ 'ਅਸ਼ਟਾਂਗਹਿ ਜੋਗ ਮਹਾਤਮ[3]।
ਬਿਨਾ ਜੋਗ ਨਹਿਂ ਨਿਰਮਲ ਆਤਮ।
ਪ੍ਰਿਥਮ ਸਕਲ ਜੇ ਭਏ ਮਹਾਨਾ।
ਕਰਿ ਕਰਿ ਜੋਗ ਸੁ ਪਾਯੋ ਗਜਾਨਾ ॥੨੭॥
ਤੁਮ ਕਲਿਜੁਗ ਮਹਿਂ ਭੇ ਅਵਿਤਾਰ।
ਗੁਰਤਾ ਗਾਦੀ ਬੈਠਿ ਉਦਾਰ।
ਜੋਗ ਜੁਗਤਿ ਨਹਿਂ ਪੰਥ ਤੁਮਾਰੇ।
ਕਿਸ ਪ੍ਰਕਾਰ ਸਿਖ ਕਰਹੁ ਉਧਾਰੇ? ॥੨੮॥
ਬਿਨਾ ਜੋਗ ਸਿਧਿ[4] ਹਾਥ ਨ ਆਵਤਿ।
ਬਿਨਾ ਜੋਗ ਬਿੱਗਜਾਨ[5] ਨ ਪਾਵਤਿ।
ਗਜਾਨੀ ਸੰਤ ਅਨਿਕ ਜਗ ਭਏ।
ਜੋਗ ਸਾਧ ਸੁ ਪਰਮਪਦ[6] ਲਏ' ॥੨੯॥
ਸੁਨਿ ਸ਼੍ਰੀ ਅੰਗਦ ਆਸ਼ੈ ਤਾਂਹੀ।
ਕਰਨਿ ਲਗੇ 'ਅਬਿ ਸਮਾਂ ਸੁ ਨਾਂਹੀਂ।

---

[1]ਪ੍ਰੀਖਜਾ [ਸੰਸ: ਪ੍ਰਤਿੱਗਜਾ = ਪ੍ਰਣ, ਪ੍ਰਤਿ = ਪਰਸਪਰ। ਗਜਾ = ਜਾਣਨਾ]।
[2]ਗੱਦੀ।
[3]ਫਲ।
[4]ਸਿੱਧੀ।
[5]ਪੂਰਾ ਗਜਾਨ।
[6]ਪੂਰਨ ਪਦਵੀ (ਮੁਕਤੀ)।

ਭਗਤਿ ਜੋਗ ਹੈ ਮਤੋ ਹਮਾਰਾ।
ਸਿੱਧਾਂ ਸਰਬ ਰਹੈਂ ਦਰਬਾਰਾ[1] ॥੩੦॥
ਆਤਮ ਗਯਾਨ ਭਗਤਿ ਹੀ ਦੇਤਿ।
ਭਗਤਿ ਕਰਤਿ ਸਭਿ ਹੀ ਸੁਖ ਲੇਤਿ।
ਨਾਮ ਆਸ਼ਰੈ ਜੋਗ ਤੁਮਾਰਾ।
ਸੋ ਸਤਿਨਾਮ ਹਮਹੁਂ ਕੋ ਪਯਾਰਾ ॥੩੧॥
ਤਨ ਸਾਧਨ ਹਿਤ ਜੋਗ ਕਮਾਵਹੁ।
ਪੁਨ ਮਨ ਜੀਤਹੁ ਨੀਠ[2] ਟਿਕਾਵਹੁ।
ਸਿੱਧਿ[3] ਆਇ ਤਬਿ ਠਾਂਢੀ ਹੋਇਂ।
ਤਿਨ ਸੋਂ ਪਰਚੋ ਤੁਮਰੋ ਜੋਇ ॥੩੨॥
ਬੈਸ[4] ਬਧਾਵਨ ਆਦਿਕ ਰਾਚੇ।
ਜਗ ਦਿਖਰਾਇ ਮਾਨ ਕੋ ਜਾਚੇ।
ਯਾਂ ਤੇ ਰਹੋ ਅਨਾਤਮ[5] ਮਾਂਹੀ।
ਬ੍ਰਹਮਾਤਮ[6] ਕੋ ਜਾਨਹੁ ਨਾਂਹੀ ॥੩੩॥
ਜੋਗ ਜੁਗਤਿ ਤੇ ਛੂਛੇ ਰਹੇ।
ਆਤਮ ਕੋ ਰਸ ਨਾਂਹਿਨ ਲਹੇ।
ਜਿਮ ਸ਼੍ਰੀ ਨਾਨਕ ਜੋਗ ਬਖਾਨਾ।
ਸੋ ਹਮ ਕਰਹਿਂ ਸੁਨਹੁ ਤੁਮ ਕਾਨਾ- ॥੩੪॥

ਸ੍ਰੀ ਮੁਖਵਾਕ:
ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ ॥
ਜੋਗੁ ਨ ਖਿੰਥਾ[7] ਜੋਗੁ ਨ ਡੰਡੈ ਜੋਗੁ ਨ ਭਸਮ[8] ਚੜਾਈਐ ॥
ਜੋਗੁ ਨ ਮੁੰਦੀ[9] ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ[10] ॥
ਅੰਜਨ[11] ਮਾਹਿ ਨਿਰੰਜਨਿ[12] ਰਹੀਐ ਜੋਗ ਜੁਗਤਿ ਇਵ ਪਾਈਐ ॥੧॥

---

[1]ਸਿਧੀਆਂ ਸਭ ਦਰਬਾਰ ਵਿਚ (ਹਾਜ਼ਰ) ਰਹਿੰਦੀਆਂ ਹਨ।
[2]ਮਸਾਂ ਮਸਾਂ।
[3]ਸਿੱਧੀਆਂ।
[4]ਉਮਰਾ।
[5]ਜੋ ਆਤਮਾ ਨਹੀਂ ਹੈ।
[6]ਬ੍ਰਹਮ ਤੇ ਆਤਮਾ ਨੂੰ। ਬ੍ਰਹਮ ਜੋ ਸਰਬ ਦਾ ਆਤਮਾ ਹੈ।
[7] ਗੋਦੜੀ ਪਹਿਨਣ ਨਾਲ।
[8] ਸੁਵਾਹ ਮਲਿਆਂ।
[9]ਮੁੰਦਰਾ।
[10]ਨਾਦ ਵਜੌਣ ਨਾਲ।
[11]ਮਾਇਆ ਰੂਪੀ ਸੁਰਮਾਂ (ਕਾਲਖ)।
[12]ਮਾਯਾ ਰਹਤ।

ਗਲੀ[1] ਜੋਗੁ ਨ ਹੋਈ ॥
ਏਕ ਦ੍ਰਿਸਟਿ[2] ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ[3] ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ[4] ਰਹਾਈਐ[5] ॥
ਨਿਝਰੁ ਝਰੈ[6] ਸਹਜ ਧੁਨਿ ਲਾਗੈ ਘਰ ਹੀ ਪਰਚਾ[7] ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

ਚੌਪਈ: ਸੁਨਹੁ ਨਾਥ! ਹਮਰਾ ਇਹ ਜੋਗ।
ਪਾਇ ਪ੍ਰਮਾਤਮ ਜਾਇ ਵਿਯੋਗ।
ਸਹਜ ਜੋਗ ਸੰਤਨਿ ਮਤਿ ਐਸੇ।
ਸੰਸੈ ਭਰਮ ਨ ਕੀਜੈ ਕੈਸੇ' ॥੩੫॥

ਸ੍ਰੀ ਮੁਖਵਾਕ:
ਸਲੋਕੁ ਮਃ ੨ ॥ ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥

ਚੌਪਈ: ਇਮਿ ਸੁਨਿ ਸਿੱਧ ਭਏ ਸੁ ਪ੍ਰਸੰਨ।
'ਸ੍ਰੀ ਨਾਨਕ ਤੁਮ ਰੂਪ ਸੁ ਧੰਨ।
ਉਚਿਤ[8] ਜਾਨਿ ਤੁਮ ਕੋ ਦਈ ਗਾਦੀ।
ਸਿੱਖ ਉਧਾਰਹੁ ਕਰਿ ਅਹਿਲਾਦੀ' ॥੩੬॥
ਕਰਿ ਆਦੇਸ਼ੁ ਅਦੇਸ਼ ਚਲੇ ਹੈਂ।
ਉੱਤਰ ਲੇ ਕਰਿ ਕਹਤਿ -ਭਲੈ ਹੈਂ।
ਸ੍ਰੀ ਨਾਨਕ ਕਲਿਜੁਗ ਮਹਿਂ ਭਾਰੇ।
ਧਰਿ ਅਵਤਾਰ ਅਧਿਕ ਨਰ ਤਾਰੇ- ॥੩੭॥
ਮਾਰਗ ਸਕਲ ਸਰਾਹਤਿ[9] ਗਏ।

---

[1]ਗੱਲਾਂ ਕਰਨ ਨਾਲ।
[2]ਨਜ਼ਰ।
[3]ਸਮਾਧੀ।
[4]ਦੌੜ ਰਹੇ (ਮਨ ਨੂੰ)।
[5]ਰੋਕੀ ਰੱਖੀਏ।
[6]ਇਕ ਰਸ ਝੜਦਾ ਹੈ (ਬ੍ਰਹਮਾ ਨੰਦ)।
[7]ਉਪਦੇਸ਼ (ਅ) ਵਿਸ਼ੇਖ ਗਿਆਨ, ਮੇਲ, ।ਸੰਸ: ਪਰਿਚਯ॥।
[8]ਯੋਗ।
[9]ਸਲਾਹੁੰਦੇ।

-ਉਚਿਤ ਲਖੇ, ਨਿਜ ਥਲ ਥਿਤਿ ਕਿਏ-।
ਇਮਿ ਸ੍ਰੀ ਅੰਗਦ ਉੱਤਰ ਦੀਨੇ।
ਸਿਖ ਚਹੁੰ ਦਿਸ਼, ਬਿਚ ਆਪ ਅਸੀਨੇ ॥੩੮॥
ਇਸ ਪ੍ਰਕਾਸ਼ ਕੁਛ ਦਿਵਸ ਬਿਤਾਏ।
ਦਿਨ ਪ੍ਰਤਿ ਬਿਦਤਹਿਂ ਜਗ ਅਧਿਕਾਏ।
ਦਿੱਲੀ ਕਾ ਹੁਮਾਉ* ਭਾ ਸ਼ਾਹੂ।
ਭਯੋ ਰਾਜ ਬਡ ਸਭਿ ਜਗ ਮਾਂਹੂ ॥੩੯॥
ਦ੍ਵੈ ਭ੍ਰਾਤਾ ਪਠਾਨ ਬਡ ਸੂਰੇ।
ਬਡ ਉਮਰਾਵ ਸੁ ਕੀਨ ਹਦੂਰੇ।
ਬਿਗਰ ਪਰੇ ਦਿੱਲੀ ਪਤਿ ਸੰਗ[1]।
ਗਰਬ ਠਾਨਿ ਚਾਹਤਿ ਭੇ ਜੰਗ ॥੪੦॥
ਏਕ ਸਲੇਮ ਸ਼ਾਹਿ ਤਿਸ ਨਾਮ+।
ਸ਼ੇਰ ਸ਼ਾਹ ਦੂਸਰ ਬਲਧਾਮ[2]।
ਆਕੀ ਦੁਰਗ ਪ੍ਰਜਾਗ[3] ਕਰਿ ਲੀਨਾ।
ਸਕਲ ਸਮਾਜ ਜੁੱਧ ਕੋ ਕੀਨਾ ॥੪੧॥
ਸੁਨਿ ਹੁਮਾਉ ਨੇ ਕੀਨਿ ਚਢਾਈ।
-ਮੋ ਪੈ ਸੈਨਾ ਬਹੁ ਸਮੁਦਾਈ।
ਤਿਨ ਕੇ ਨਿਕਟਿ ਅਲਪ ਹੀ ਅਹੇ।
ਹਤੋਂ ਕਿ ਬਾਂਧੋਂ ਚਢਿ- ਇਮਿ ਚਹੇ ॥੪੨॥
ਪਹੁੰਚਿ ਪ੍ਰਯਾਗ ਜੰਗ ਕੋ ਠਾਨਾ।
ਦੁਹਿਦਿਸ਼ਿ ਬਾਜੇ ਬਜੇ ਮਹਾਂਨਾ।
ਨਿਕਸੇ ਤਬਿ ਪਠਾਨ ਦ੍ਵੈ ਭਾਈ।
ਲਸ਼ਕਰ[4] ਮਿਲਤੇ ਮਚੀ ਲਰਾਈ ॥੪੩॥
ਤਬਹਿ ਪਠਾਨਿ ਗਹੀ ਕਿਰਪਾਨੈਂ।
ਭਏ ਸਮੁਖ ਗਨ ਸੁਭਟਨਿ ਹਾਨੈ[5]।

---

*ਹੁਮਾਯੂੰ-ਪਾਤਸ਼ਾਹ। ਇਹ ਬਾਬਰ ਦਾ ਪੁੱਤ੍ਰ ਤੇ ਅਕਬਰ ਦਾ ਪਿਤਾ ਸੀ।

[1]ਭਾਵ ਹੁਮਾਯੂੰ ਨਾਲ।

+ਸ਼ੇਰ ਸ਼ਾਹ ਦੇ ਦੋ ਭਰਾ ਸਨ, ਇਕ ਦਾ ਨਾਮ ਨਿਜ਼ਾਮ ਸੀ ਤੇ ਦੂਸਰੇ ਦਾ ਸੁਲੇਮਾਨ। ਇਸ 'ਸਲੇਮ' ਤੋਂ ਮੁਰਾਦ ਸੁਲੇਮਾਨ ਦੀ ਜਾਪਦੀ ਹੈ। ਸ਼ੇਰਸ਼ਾਹ ਦੇ ਮਰਨ ਪਿਛੋਂ ਉਸ ਦਾ ਦੂਸਰਾ ਪੁੱਤਰ ਜਲਾਲ ਨਾਮੇ ਗੱਦੀ ਤੇ ਬੈਠਾ ਸੀ, ਏਸ ਨੇ ਆਪਣਾ ਖਿਤਾਬ 'ਸਲੇਮ' ਰਖਿਆ ਸੀ।

[2]ਸੂਰਮਾ।

[3]ਅਲਾਹਾਬਾਦ।

[4]ਫੌਜ।

[5]ਸਨਮੁਖ ਸਮੂਹ ਸੂਰਮਿਆਂ ਨੂੰ ਮਾਰਨ ਲਈ।

ਕਹੋਂ ਕਹਾਂ ਲਗ ਜੁੱਧ ਅਖਾਰਾ।
ਲੋਥੈਂ ਬਿਥਰੀ ਧਰਾ ਮਝਾਰਾ ॥੪੪॥
ਜਬਹਿ ਬ੍ਰਿੰਦ ਤਰਵਾਰੈਂ ਚਾਲੀ।
ਰੰਗ ਭੂਮਿਕਾ[1] ਪਸਰੀ ਲਾਲੀ।
ਪਾਤਿਸ਼ਾਹਿ ਕੋ ਲਸ਼ਕਰ ਭਾਗਾ।
ਨਹੀਂ ਪਠਾਨਨਿ ਕੋ ਲਿਯ ਆਗਾ[2] ॥੪੫॥
ਤਛਾਮੁੱਛ[3] ਤਰਵਾਰਨਿ ਕਰਿ ਕੈ।
ਕਾਇਰ ਭਜੇ ਨ ਹੇਰਤਿ ਫਿਰਿ ਕੈ।
ਤਬ ਹੁਮਾਉਂ ਰਜਧਾਨੀ ਤਜਾਗੇ।
ਲਸ਼ਕਰ ਮਰਜੋ ਚਲਜੋ ਤਬ ਭਾਗੇ ॥੪੬॥
ਦਿੱਲੀ ਆਇ ਪਠਾਨਨਿ ਛੀਨੀ।
ਅਪਨੀ ਦੋਹੀ ਫੇਰਨਿ ਕੀਨੀ।
ਬਜਾਕੁਲ ਹ੍ਵੈ ਹੁਮਾਉਂ ਤਬ ਕਹਜੋ।
ਸੇਵਕ ਨਿਜ ਨਜੀਕ ਜੋ ਲਹਜੋ ॥੪੭॥
'ਸ਼੍ਰੀ ਨਾਨਕ ਕੋ ਸੇਵਕ ਪੂਰਾ।
ਹੈ ਕਿ ਨਹੀਂ ਗਾਦੀ ਪਰ ਰੂਰਾ[4]?
ਤਿਹ ਸੋਂ ਕਰਹਿਂ ਮੇਲ ਹਮ ਜਾਈ।
ਮਮ ਪਿਤ ਬਾਬਰ ਤਹਿਂ ਤੇ ਪਾਈ ॥੪੮॥
ਕਹੀ[5] -ਪੁਸ਼ਤ ਲੌਂ[6]- ਫੁਰਜੋ ਨ ਬੈਨਾ।
ਬੂਝਹਿਂ ਤਿਹ ਸੋਂ ਜਿਹ ਉਰ ਭੈ ਨਾ।'
ਤਬ ਵਜ਼ੀਰ ਨੇ ਕਹਾ ਸੁਨਾਈ।
'ਗੁਰ ਅੰਗਦ ਬੈਠਜੋ ਤਿਨ ਥਾਈਂ ॥੪੯॥
ਆਰਫ਼ ਕਾਮਲ ਵਲੀ ਵਿਲਾਇਤ[7]।

---

[1]ਜੰਗ ਭੂਮੀ ਤੇ।
[2]ਪਠਾਣਾਂ ਦੇ ਹਰੌਲ ਦੀ ਬੀ ਤਾਬ ਨਾ ਲਿਆ ਸਕੇ। ਤੁਰਕੀ ਵਿਚ ਹਰਾਵਲ ਫੌਜ ਦੇ ਮੋਹਰੀ ਦਸਤੇ ਨੂੰ ਕਹਿੰਦੇ ਹਨ।
[3]ਟੋਟੇ ਟੋਟੇ ਕਰਕੇ।
[4]ਸੁਹਣਾ।
[5]ਆਖੀ ਸੀ।
[6]ਪੀੜ੍ਹੀਆਂ ਤਕ।
[7]ਆਰਿਫ=ਰਬ ਨੂੰ ਪਛਾਣਨ ਵਾਲਾ, ਬ੍ਰਹਮ ਗਯਾਨੀ। ਕਮਾਲ=ਪੂਰਨ। ਵਲੀ=ਰਬ ਦਾ ਸਮੀਪੀ, ਮਿੱਤ੍ਰ। ਵਿਲਾਯਤ=ਸਾਈਂ ਦੀ ਸਮੀਪਤਾ।
(ਅ) ਵਿਲਾਯਤ=ਦੇਸ਼, ਮੁਰਾਦ ਅਕਸਰ ਅਫਗਾਨਿਸਤਾਨ, ਤੁਰਕਿਸਿਤਾਨ, ਈਰਾਨ ਆਦਿਕ ਤੋਂ ਹੁੰਦੀ ਸੀ, ਭਾਵ ਹੈ ਕਿ ਦੂਰ ਦੇਸ਼ਾਂ ਵਿਚ ਵਲੀ ਪ੍ਰਸਿੱਧ ਹਨ।

ਮਿਲ ਮਕਸੂਦ, ਚਲਹੁ ਇਹ ਸਾਇਤ[1]।
ਭਲੋ ਵਿਚਾਰ ਆਪਿ ਨੇ ਕੀਨੋ।
ਬੂਝਹੁ ਤਿਨ ਇਹ ਪਦ[2] ਜਿਨ ਦੀਨੋ' ॥੫੦॥
ਸੁਨਤਿ ਖਡੂਰ ਹੁਮਾਊਂ ਆਯੋ।
ਸ਼੍ਰੀ ਅੰਗਦ ਜੀ ਜਹਾਂ ਸੁਹਾਯੋ।
ਸੰਗ ਬਾਲਕਨਿ ਖੇਲਤਿ ਬੈਸੇ।
ਹਰਖ ਸ਼ੋਕ ਜਿਨ ਮਹਿਂ ਨਹਿਂ ਕੈਸੇ ॥੫੧॥
ਬੰਦਨ ਠਾਨਿ ਹੁਮਾਊਂ ਖਰਯੋ।
ਤਿਸ ਦਿਸ਼ਿ ਰੁਖ਼ ਗੁਰੁ ਨੈਕ ਨ ਕਰਯੋ[3]।
ਪਰਚਤਿ ਰਹੇ ਬਾਲਕਨਿ ਸਾਥਿ।
ਸਭਿ ਘਟ ਕੀ ਜਾਨਤਿ ਜਗ ਨਾਥ ॥੫੨॥
ਤਬ ਹਮਾਊਂ ਮਨ ਕੋਪ ਬਿਸ਼ੇਖ਼ਾ।
-ਨਹਿਂ ਇਸ ਨੇ ਮੇਰੀ ਦਿਸ਼ ਦੇਖਾ।
ਦ੍ਵੈ ਘਟਿਕਾ ਮੈਂ ਠਾਂਢੋ ਰਹਯੋ।
ਕਛੂ ਪ੍ਰਭਾਵ[4] ਨ ਮਨ ਮਹਿਂ ਲਹਯੋ ॥੫੩॥
ਗਯੋ ਰਾਜ ਮੈਂ ਹੋਯੋ ਦੀਨ।
ਪਾਸ ਖਰੋ ਇਨਿ ਕੀਨਿ ਨ ਚੀਨ[5]।
-ਉਚਿਤ ਮਾਰਿਬੇ[6]- ਰਿਦੇ ਬਿਚਾਰਿ।
ਧਰਯੋ ਹਾਥ ਕਬਜ਼ੇ ਤਲਵਾਰ[7] ॥੫੪॥
-ਹਤੋਂ ਖੈਂਚ ਕਰਿ- ਉਰ ਮਹਿਂ ਠਾਨਹਿ।
ਤਬ ਮੋਕਹੁ ਇਹੁ ਸ਼ਾਹੁ ਪਛਾਨਹਿ।
ਉਦੈ ਭਯੋ[8] ਐਂਚਨ[9] ਕੋ ਜਬੈ।
ਮੁਸ਼ਟ ਸੰਗ ਕਰਿ ਚਿਮਟਯੋ ਤਬੈ[10] ॥੫੫॥
ਇਤ ਉਤ ਹੋਤਿ ਨ, ਰਹਯੋ ਹਿਲਾਇ।

---

[1]ਮੁਰਾਦ ਮਿਲ ਜਾਏਗੀ ਏਸੇ ਘੜੀ ਚਲੋ।
[2]ਮੁਰਾਤਬਾ।
[3]ਰਤਾ ਧਿਆਨ ਨਾ ਕੀਤਾ।
[4]ਪਾਤਸ਼ਾਹੀ ਰੋਅਬ (ਅ) ਮਾਨ।
[5]ਪਛਾਣਿਆਂ ਭੀ ਨਹੀਂ।
[6]ਮਾਰਣ ਦੇ।
[7]ਤਲਵਾਰ ਦੀ ਮੁੱਠ ਤੇ।
[8]ਤਿਆਰ ਹੋਇਆ।
[9]ਖਿੱਚਣ ਲਈ।
[10](ਤਲਵਾਰ ਦੀ) ਮੁੱਠ ਨਾਲ ਤਦੋਂ ਹੱਥ ਚਿਮਟ ਗਿਆ।

ਸਾਰੋ ਬਲ ਹਾਰਜੋ ਸੁ ਲਗਾਇ।
ਪੁਨ ਮੂਰਖ ਪਛੁਤਾਵਨ ਲਾਗਾ।
-ਕਰਜੋ ਖੋਟ ਮੈਂ ਹੁਤੋ ਅਭਾਗਾ- ॥੫੬॥
ਤਬਿ ਸ੍ਰੀ ਅੰਗਦਿ ਕਰਿ ਉਤ[1] ਨੈਨ।
ਦੀਨ ਭਯੋ ਪਿਖਿ ਉਚਰੇ ਬੈਨ।
'ਸ਼ੇਰਸ਼ਾਹ ਸੋਂ ਕਛੁ ਨ ਬਸਾਯੋ[2]।
ਖੜਗ ਹਤਨ ਹਮ ਪਰ ਚਲਿ ਆਯੋ ! ॥੫੭॥
ਕਾਇਰ ਭਯੋ ਭਾਜ ਕਰਿ ਆਵਾ।
ਹਮਹਿ ਸੂਰਤਾ[3] ਚਹੈਂ ਦਿਖਾਵਾ।'
ਤਬਿ ਹੁਮਾਉਂ ਬਹੁ ਬਿਨਤੀ ਠਾਨੀ।'
'ਛਿਮਹੁ ਗੁਰੂ ! ਮੈਂ ਬਡ ਅਨਜਾਨੀ ॥੫੮॥
ਸ੍ਰੀ ਨਾਨਕ ਥੇ ਜ਼ਾਤਿ ਖ਼ੁਦਾਇ।
ਤਿਨ ਕੀ ਬਖ਼ਸ਼ਿਸ਼ ਹੋਤਿ ਬਿਲਾਇ[4]।
ਇਹ ਕਜਾ ਕਾਰਨ? ਬੂਝਤ ਆਵਾ।
ਤੁਮ ਸੌਂ ਉਨ ਕੌ ਭੇਦ ਨ ਪਾਵਾ[*]' ॥੫੯॥
ਸ੍ਰੀ ਅੰਗਦ ਸੁਨਿ ਕੈ ਕਹਿ ਬਾਨੀ।
'ਕਛੂ ਬਿਅਦਲੀ[+] ਕੀਨਿ ਮਹਾਨੀ।
ਯਾਂ ਤੇ ਭਯੋ ਤੋਹਿ ਤ੍ਰਿਸਕਾਰਾ[5]।
ਅਬਿ ਜੇ ਧਰਤਿ ਨ ਕਰ ਤਰਵਾਰਾ[6] ॥੬੦॥
ਤੌ ਪਤਿਸ਼ਾਹਿਤਿ ਅਬਿ ਹੀ ਪਾਵਤਿ।
ਦਰਸ਼ਨ ਕੌ ਫਲ ਅਨੰਦ ਬਧਾਵਤਿ।
ਜਾਇ ਵਿਲਾਇਤ[7] ਅਬਿ ਫਿਰ ਆਵੋ।
ਛਤ੍ਰ ਤਖਤ ਦਿੱਲੀ ਪੁਨ ਪਾਵੋ' ॥੬੧॥
ਸੁਨਿ ਇਮ ਗਯੋ ਵਿਲਾਇਤ ਥਾਨ।
ਤਹਿਂ ਤੇ ਲਸ਼ਕਰ ਲੀਨਿ ਮਹਾਨ।

---

[1]ਉਧਰ।
[2]ਵੱਸ ਨਾ ਚਲਿਆ।
[3]ਬਹਾਦਰੀ।
[4]ਬਿਤੀਤ ਹੋਣ ਲਗੀ ਹੈ।
[*]ਪਾ-ਤੁਮ ਮੈਂ ਉਨਮੈਂ ਭੇਦ ਨ ਪਾਵਾ।
[+]ਇਸ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਜੀ ਦੀ ਅਸੀਸ-ਇਨਸਾਫ ਦੀ ਸ਼ਰਤ ਉੱਤੇ ਸੀ।
[5]ਨਿਰਾਦਰੀ।
[6]ਹੁਣ ਜੇ ਆਪਣਾ ਹੱਥ ਤਲਵਾਰ ਤੇ (ਸਾਡੇ ਮਾਰਨ ਲਈ) ਨਾ ਧਾਰਦਾ।
[7]ਅਫ਼ਗ਼ਾਨਸਿਤਾਨ, ਤੁਰਕਸਿਤਾਨ, ਈਰਾਨ ਆਦਿ ਤੋਂ ਮੁਰਾਦ ਹੈ।

ਹਿੰਦੁਸਤਾਨ ਕਰੀ ਸਰ[1] ਆਇ*।
ਖਾਨ ਨਾਮ ਸਭਿਹਿਨਿ ਮਰਿਵਾਇ ॥੬੨॥

ਦੋਹਰਾ: ਸਤਿਗੁਰ ਬੇਪਰਵਾਹੁ ਨਿਤ,
ਰਾਗ ਦ੍ਵੈਸ਼[2] ਚਿਤ ਨਾਂਹਿ।
ਕਰਹਿਂ ਭਾਵਨਾ[3] ਪਾਇਂ ਤਿਮਿ,
ਜੇ ਨਰ ਚਲਿ ਢਿਗ ਜਾਹਿਂ ॥੬੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਹੁਮਾਉ' ਪ੍ਰਸੰਗ ਬਰਨਨੰ ਨਾਮ ਦਸ਼ਮੋਂ ਅੰਸੂ ॥੧੦॥

---

[1]ਫਤੇ ਕੀਤੀ।

*ਹਮਾਯੂੰ ਲਾਹੌਰ ਤੋਂ ਸਿੰਧ ਹੁੰਦਾ ਹੋਇਆ ਫਾਰਸ ਪਹੁੰਚਾ, ਓਥੇ ਕਈ ਬਰਸ ਰਹਿਕੇ ਫੇਰ ਆਕੇ ਉਸ ਨੇ ਹਿੰਦ ਪਠਾਣਾਂ ਤੋਂ ਫਤਹ ਕੀਤਾ।
ਈਸਵੀ ਸੰਨ ੧੫੪੦ ਵਿਚ ਹਮਾਯੂੰ ਹਾਰਿਆ ਤੇ ੧੫੫੬ ਈਸਵੀ ਸੰਨ ਵਿਚ ਫੇਰ ਜਿੱਤਿਆ ਸੀ।

[2]ਮੋਹ ਤੇ ਵੈਰ।

[3]ਜੇਹੀ ਇੱਛਾ।

੧੧. [ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ, ਪਾਰੋ ਜੁਲਕਾ ਪ੍ਰਸੰਗ]

੧੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੨

ਦੋਹਰਾ: ਅਬਿ ਸ਼੍ਰੀ ਗੁਰ ਅੰਗਦ ਨਿਕਟਿ,
ਸਿੱਖ ਭਏ ਜੋ ਆਇ।
ਕਹੋਂ ਕਥਾ ਨਿਰਧਾਰ ਕਰਿ[1],
ਸੁਨਹੁ ਸੰਤ ਚਿਤ ਲਾਇ ॥੧॥

ਚੌਪਈ: ਸੇਵਕ ਰਹੈ ਪਾਸ ਇਕ ਜੀਵਾ।
ਸੇਵਹਿ ਸ਼ਰਧਾ ਧਰੇ ਸਦੀਵਾ।
ਦਧਿ[2] ਸੋਂ ਖਿਚਰੀ ਕਰਿ ਕੈ ਤਜਾਰਿ।
ਲਜਾਇ ਅਚਾਵਤਿ[3] ਅਪਰ ਅਹਾਰ[4+] ॥੨॥
ਇਕ ਦਿਨ ਘਟੀ ਚਾਰ ਦਿਨ ਰਹਜੋ।
ਗੁਰ ਸੋਂ ਹਾਥ ਜੋਰ ਬਚ ਕਹਜੋ।
'ਆਜ ਚਲਤਿ ਹੈ ਬਾਯੁ ਅੰਧੇਰੀ।
ਹਟਹਿ ਨਹੀਂ ਨਿਰਨੈ ਕਰਿ ਹੇਰੀ ॥੩॥
ਬਡੀ ਨਿਸਾ ਬੀਤੇ ਹਟਿ[++] ਜਾਇ।
ਅਬ ਤੌ ਬਹਿਤ ਮਹਾਂ ਰਜ ਛਾਇ[5]।
ਬਾਕ ਆਪ ਕੋ ਹੋਵੈ ਜਬੈ।
ਮਿਟਹਿ ਅੰਧੇਰੀ ਰਜ[6] ਸੋਂ ਸਬੈ ॥੪॥
ਕਰਿ ਲੇਵੋਂ ਮੈਂ ਤੁਰਤ ਅਹਾਰਾ।
ਤੁਮਹਿ ਅਚਾਵੌਂ ਬਿਬਿਧਿ ਪ੍ਰਕਾਰਾ।
ਬਹੁਰੋ ਚਲਹਿ ਜਥਾ ਅਬਿ ਅਹੈ।'
ਸ਼੍ਰੀ ਅੰਗਦ ਸੁਨਿ ਤਿਸ ਤੇ ਕਹੈਂ ॥੫॥
'ਐਸੋ ਨਹੀਂ ਮਨੋਰਥ ਕਰੀਅਹਿ।
ਜਿਸ ਤੇ ਮਹਾਂ ਦੋਸ਼ ਸਿਰ ਧਰੀਅਹਿ।
ਪਰਮੇਸੁਰ ਜੋ ਬਾਯੁ ਬਹਾਈ।

---

[1]ਨਿਰਨੈ ਕਰਕੇ।
[2]ਦਹੀਂ।
[3]ਖੁਲਾਉਂਦਾ।
[4]ਭਾਵ ਖਿਚੜੀ ਤੋਂ ਵੱਖਰੇ ਹੋਰ ਖਾਣੇ।
ਅੱਗੇ ਅੰਗ ਪੰਜ ਵਿਚ 'ਬਿਬਿਧ ਪ੍ਰਕਾਰਾ' ਲਿਖਿਆ ਹੈ।
[+]ਪਾ:-ਅਪਰ ਅਪਾਰ। ਭਾਵ ਸ਼੍ਰੀ ਗੁਰੂ ਜੀ ਨੂੰ।
[++]ਪਾ:-ਮਿਟ।
[5]ਬਹੁਤ ਮਿੱਟੀ ਛਾ ਰਹੀ ਹੈ।
[6]ਧੂੜੀ।

ਇਸ ਤੇ ਬਹੁ ਕਾਰਜ ਨਿਬਹਾਈ[1] ॥੬॥
ਸਰਿਤਾਪਤਿ[2] ਮਹਿਂ ਅਨਿਕ ਜਹਾਜ।
ਨਰਨਿ ਹਜ਼ਾਰਹੁਂ ਲਾਦਿ ਸਮਾਜ[3]।
ਬਹੁ ਬਿਵਹਾਰ ਕਰਹਿਂ ਹਿਤ ਰੋਜ਼ੀ।
ਦੀਪਨਿ ਗਮਨਹਿਂ[4], ਲਾਹਾ ਖੋਜੀ ॥੭॥
ਬਹੁਤ ਦਿਵਸ ਕੇ ਟਿਕਿ ਸੋ ਰਹੇ।
ਅਬਿ ਚਲਾਇ ਬਾਯੂ ਇਹੁ ਲਹੇ[*+]।
ਹਿਤ ਅਹਾਰ ਕੇ ਕਰਹਿਂ ਕਮਾਈ।
ਤਿਸ ਮਿਸ[5] ਦੇਤਿ ਤਿਨਹੁਂ ਜਗਰਾਈ[6] ॥੮॥
ਧਰਤੀ ਜਹਾਂ ਤਾਂਬ੍ਰ[7] ਕੀ ਅਹੈ।
ਲਾਖਹੁਂ ਬਿਸੀਅਰਿ[8] ਤਿਸ ਥਲ ਰਹੈਂ।
ਤਿਨ ਹਿਤ ਧੂਲ[9] ਜਾਇ ਤਿਸ ਦੇਸ਼।
ਨਿਜ ਕੁੰਡਲ[10] ਮਹਿਂ ਲੇਤ ਅਸ਼ੇਸ਼[11] ॥੯॥
ਤਿਸ ਕੋ ਖਾਇ ਨਿਬਾਹੈਂ ਕਾਲ[12]।
ਆਪੋ ਅਪਨੀ ਲੇਤਿ ਸੰਭਾਲ।
ਲਾਖਹੁਂ ਅਹੈਂ ਛੁਧਾਤੁਰ[13] ਸੇਈ।
ਪ੍ਰਭੁ ਪਹੁਂਚਾਇ ਪਾਲਿ ਹੈ ਤੇਈ[14] ॥੧੦॥
ਇਸ ਤੇ ਆਦਿਕ ਕਾਜ ਬਿਸਾਲ[15]।
ਕਰਹਿ ਪ੍ਰਮੇਸੁਰ ਬਾਯੂ ਨਾਲ।

---

[1]ਸਰਨੇ ਹਨ।
[2]ਸਮੁੰਦਰ।
[3]ਸਮਿੱਗ੍ਰੀ।
[4]ਟਾਪੂਆਂ ਨੂੰ ਜਾਂਦੇ ਹਨ।
[*+]ਪਹਿਲੇ ਸਮੇਂ ਜਹਾਜ ਇਕ ਖਾਸ ਰੁਖ਼ ਉੱਤੇ ਹਵਾ ਦੇ ਚੱਲ ਪੈਣ ਨਾਲ ਹੀ ਚੱਲਿਆ ਕਰਦੇ ਸਨ।
[5]ਇਸ ਬਹਾਨੇ।
[6]ਈਸ਼ਵਰ।
[7]ਤਾਂਬੇ।
[8]ਸੱਪ।
[9]ਧੂੜ।
[10]ਲਪੇਟ (ਅ) ਮੁਖ।
[11]ਸਾਰੀ।
[12]ਝੱਟ ਲੰਘਾਉਂਦੇ ਹਨ।
[13]ਭੁੱਖ ਨਾਲ ਦੁਖੀ।
[14]ਉਨ੍ਹਾਂ ਨੂੰ।
[15]ਬੜੇ ਕੰਮ।

ਅਬਿ ਜੇ ਕਹਿ ਕਰਿ ਪੌਨ ਮਿਟਾਵੈਂ।
ਬਿਗਰਹਿ ਕਾਜ ਛੁਦਿਤਿ[1] ਰਹਿ ਜਾਵੈਂ ॥੧੧॥
ਪ੍ਰਭੁ ਸਰਬੱਗਜ ਸਫਲ ਕ੍ਰਿਤ[2] ਧਰੈ।
ਕਜਾ ਅਲਪੱਗਜ[3] ਤਰਕਨਾ[4] ਕਰੈ।
ਲਾਖਹੁਂ ਜੀਵਨਿ ਕੌ ਸੰਤਾਪ।
ਮੇਟਹਿ ਪੌਨ, ਦੋਸ਼ ਲੇਂ ਆਪਿ? ॥੧੨॥
ਇਹ ਮਨਮੁਖ ਕੀ ਰੀਤਿ ਪਛਾਨੈ।
ਹੁਵਤਿ ਮਿਟਾਇ, ਕਿ ਤਰਕ ਬਖਾਨੈ[5]।
ਜਥਾ ਕਰਹਿ ਪ੍ਰਭੁ, ਪਿਖ ਹਰਖੰਤੇ[6]।
ਨਹਿਂ ਤਰਕਹਿਂ, ਕਹਿ ਕੈ ਨਾ ਮਿਟੰਤੇ ॥੧੩॥
ਸੋ ਗੁਰੁਮੁਖ, ਸੁਖ ਪ੍ਰਾਪਤਿ ਹੋਇ।
ਸੰਕਟਿ ਸਹੈ ਨ ਲੋਕਹੁਂ ਦੋਇ।
ਤੂੰ ਕਰਿਬੇ ਚਿਤ ਚਹਤਿ ਅਹਾਰੇ।
ਘਟੀ ਚਾਰ ਕਰਿ ਲੇਹੁ ਪਿਛਾਰੇ ॥੧੪॥
ਹਟਹਿ ਨ ਜੇ, ਪ੍ਰਭਾਤਿ ਕਰਿ ਲੀਜੈ।
ਧਰਹੁ ਨ ਚਿੰਤਾ, ਆਨੰਦ ਕੀਜੈ।
ਸਤਿਗੁਰੁ ਅਰ ਪ੍ਰਭੁ[7] ਜਥਾ ਰਜਾਇ।
ਤਿਸ ਪਰ ਰਾਜੀ ਰਹਿਨ ਸਦਾਇ ॥੧੫॥
ਮੁੱਖਜ ਧਰਮ ਸਿੱਖੀ ਕੋ ਏਹੀ।
ਜੋ ਧਾਰਹਿ ਸਿਖ ਗੁਰੂ ਸਨੇਹੀ।
ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ।
ਪਤਿ ਆਗਜਾ ਮਹਿਂ ਸੁਖੀ ਬਿਚੱਛਨ[8] ॥੧੬॥
ਪ੍ਰਭੁ ਆਗਜਾ ਮਹਿਂ ਤਥਾ ਸਦੀਵਾ।
ਰਹੁ ਰਾਜ਼ੀ ਬਨਿ ਗੁਰਮੁਖ, ਜੀਵਾ!
ਜਪ ਤਪ ਬਰਤ ਦਾਨ ਫਲ ਸਾਰੇ।

---

[1]ਭੁੱਖੇ।
[2]ਉਹ ਕਰਨੀ ਜਿਸ ਵਿਚ ਲਾਭ ਹੈ।
[3]ਭਾਵ ਜੀਵ।
[4]ਹੁੱਜਤਾਂ।
[5]ਹੁੰਦੀ ਨੂੰ (ਚਾਹੇ ਕਿ ਇਹ) ਮਿਟ ਜਾਵੇ ਯਾ ਹੁੱਜਤ ਕਰੇ (ਕਿ ਇਹ ਕਿਉਂ ਹੁੰਦੀ ਹੈ)।
[6]ਪ੍ਰਸੰਨ ਹੁੰਦੇ ਹਨ।
[7]ਪ੍ਰਮਾਤਮਾਂ ਦੀ।
[8]ਸਿਆਣੀ।

ਇਸ ਤੇ ਪ੍ਰਾਪਤਿ ਹੋਇਂ ਸੁਖਾਰੇ ॥੧੭॥
ਸਿਮਰਹੁ ਸੱਤਿਨਾਮ ਕਰਿ ਪ੍ਰੀਤਿ।
ਤਜਾਗਹੁ ਤਨਹੰਤਾ ਇਮੁ ਨੀਤਿ।
ਬ੍ਰਹਮਗਜਾਨ ਤਬਿ ਪਾਇ ਸੁਖੇਨ।
ਜਨਮ ਮਰਨ ਪੁਨ ਬਨਹਿ ਕਦੇ ਨ*' ॥੧੮॥
ਸੁਨਿ ਜੀਵੇ ਤਬ ਬੰਦਨ ਕਰੀ।
ਸਤਿਗੁਰੁ ਸੀਖ ਭਲੀ ਉਰ ਧਰੀ।
ਕੋਇਕ ਦਿਨ ਮਹਿਂ ਗਜਾਨੀ ਹੋਵਾ।
ਏਕਹੁ ਰੂਪ ਸਰਬ ਮਹਿਂ ਜੋਵਾ[1] ॥੧੯॥
ਜੀਵਤਿ ਰਹਜੋ ਕਰੀ ਗੁਰ ਸੇਵਾ।
ਤਨ ਤਜਿ ਲੈ ਹੁਇ ਬ੍ਰਹਮ ਅਭੇਵਾ[2]।
ਗੁੱਜਰ ਨਾਮ ਸੁ ਜਾਤਿ ਲੁਹਾਰ।
ਚਲਿ ਆਯਹੁ ਗੁਰੁ ਕੇ ਦਰਬਾਰ ॥੨੦॥
ਬੰਦਨ ਕਰਿ ਬੈਠਜੋ ਗੁਰ ਪਾਸਿ।
ਦਰਸ਼ਨ ਦੇਖਿ ਕਰੀ ਅਰਦਾਸ।
'ਸੁਨਹੁ ਗੁਰੂ ਜੀ! ਹੇਤ ਅਹਾਰ।
ਦਿਨ ਸਗਰੇ ਹਮ ਠਾਨਹਿਂ ਕਾਰ ॥੨੧॥
ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼[3]।
ਸੇਵਾ ਕਰਹਿਂ ਰਹਹਿਂ ਤੁਮ ਪਾਸ।
ਹਮਰੋ ਭੀ ਕਿਮ ਹੁਇ ਕੱਲਜਾਨ।
ਜਨਮ ਮਰਨ ਦਾ[4] ਬੰਧਨਿ ਹਾਨਿ' ॥੨੨॥
ਸੁਨਿ ਸਤਿਗੁਰ ਕੀਨਸਿ ਉਪਦੇਸ਼।
'ਇਕ ਚਿਤ ਜਪੁਜੀ ਪਠਹੁ ਹਮੇਸ਼।
ਜੇਤਿਕ ਵਾਰ ਪਠਜੋ[5] ਨਿਤ ਜਾਇ।
ਪਠਤਿ ਰਹਹੁ[6] ਦੀਰਘ ਫਲ ਪਾਇ ॥੨੩॥

---

*ਤਾਤਪਰਯ ਸਤਿਗੁਰਾਂ ਦੀ ਸਾਰੀ ਕਥਾ ਤੋਂ 'ਹੁਕਮਿ ਰਜਾਈ ਚਲਣਾ' ਤੋਂ ਹੈ, ਵਜਾਖਯਾ ਸਿਖਾਂ ਦੀ ਭਗਤ ਮਾਲ ਦੀਆਂ ਹਨ।

[1]ਦੇਖਿਆ।

[2]ਅਭੇਦ।

[3]ਸਮਾਂ, ਵਿਹਲ।

[4]ਦੇਣ ਵਾਲੇ।

[5]ਪੜ੍ਹਿਆ।

[6]ਪੜ੍ਹਦੇ ਰਹੋ।

ਪਿਖਹੁ ਗ਼ਰੀਬ ਕਾਜ ਕਰਿ ਦੀਜੈ।
ਨਹਿਂ ਤਿਸ ਨਿਕਟ ਮਜ਼ੂਰੀ ਲੀਜੈ।
ਜਪੁਜੀ ਅਰਥ ਬਿਚਾਰਨ ਕਰੋ।
ਸ੍ਵਾਸੁ ਸ੍ਵਾਸੁ ਅੰਤਰ ਨਿਤਿ ਧਰੋ* ॥੨੪॥
ਗੁਰੂ ਨਮਿੱਤ ਕਰਹੁ ਜੁਤਿ ਪ੍ਰੀਤਿ+।
ਦਯਾ ਕਰਹੁ ਦੀਨਨਿ[1] ਪਰ ਨੀਤਿ।
ਜੋ ਅਪਨੀ ਕਛੁ ਕਰਹੁ ਕਮਾਈ।
ਗੁਰ ਹਿਤ ਦਿਹੁ ਦਸਵੰਧ ਬਨਾਈ ॥੨੫॥
ਸਾਧਿਕ ਸਿੱਖ[2] ਆਇ ਜੋ ਡੇਰੇ।
ਕਰਹੁ ਸੇਵ ਧਰਿ ਪ੍ਰੇਮ ਘਨੇਰੇ।'
ਸੁਨਿ ਉਪਦੇਸ਼ ਰਿਦੇ ਤਿਨ ਧਾਰਾ।
ਜਿਮ ਗੁਰੁ ਕਹਜੋ ਕਰਹਿ ਤਿਮ ਕਾਰਾ ॥੨੬॥
ਗ੍ਰਿਹਸਤੀ ਭਗਤ ਹੁਤੇ ਤਿਸ ਗ੍ਰਾਮ।
ਤੁਹਮਤ[3] ਦੇ ਕਰਿ ਤਿਨ ਕੇ ਨਾਮ।
ਗਹਿ ਕਰ ਪਾਇਨ ਪਾਇ ਸੁ ਬੇਰੀ।
ਕਾਰਾਗ੍ਰਹਿ[4] ਮਹਿਂ ਦੀਨਸਿ ਗੇਰੀ ॥੨੭॥
ਕਿਤਿਕ ਦਿਵਸ ਹੁਇ ਪ੍ਰਭੂ ਸਹਾਇ।
ਕਿਸ ਬਿਧਿ ਤੇ ਦੀਨੇ ਨਿਕਸਾਇ[5]।
ਅਰਧਿ ਰਾਤਿ ਮਹਿਂ ਸੋ ਚਲਿ ਆਏ।
ਸ੍ਰਿੰਖਲ[6] ਤਿਨ ਕੇ ਪਾਇਨ[7] ਪਾਏ ॥੨੮॥
ਗੁੱਜਰ ਨਾਮ ਲੁਹਾਰ ਅਵਾਸ।

---

*ਏਥੇ ਦੋ ਪਿਛਲੀਆਂ ਤੁਕਾਂ ਦਾ ਪਾਠ ਦੋ ਨੁਸਖਿਆਂ ਵਿਚ ਹੋਰਵੇਂ ਵੀ ਹੈ:-
੧. ਅਨਾਥਨ ਕੋ ਕਰੀਏ ਬਹੁ ਮਾਨ। ਤਿਹ ਉਧਰਨ ਕੀ ਰੀਤ ਪਛਾਨਿ।
੨. ਸਾਧ ਅਭਜਾਗਤ ਕੀ ਜੋ ਸੇਵਾ। ਦੁਖੀਏ ਕੋ ਕਾਰਜ ਲਖਿ ਸੇਵਾ।
+ਇਸ ਵਿਚ ਗੁਰੂ ਆਦਰਸ਼ ਸੇਵਾ ਦਾ ਦੱਸਿਆ ਹੈ ਕਿ ਸੇਵਾ ਉਪਕਾਰ ਜੋ ਭਲੇ ਕੰਮ ਕਰੋ ਗੁਰੂ ਜੀ ਵਿਚ ਪ੍ਰੀਤ ਰਖਕੇ ਗੁਰੂ ਨਮਿੱਤ ਕਰੋ। ਇਸ ਤਰ੍ਹਾਂ ਨਾ ਆਪਣੇ ਮਨ ਵਿਚ ਅਹੰਕਾਰ ਆਵੇਗਾ, ਨਾ ਜਿਨ੍ਹਾਂ ਤੇ ਉਪਕਾਰ ਕੀਤਾ ਹੈ, ਓਹਨਾਂ ਦੀ ਮੈਲ ਦਾ ਬੋਝ ਪਵੇਗਾ। ਜੋ ਸ਼ੁਭ ਕਰਮ ਸਿੱਖ ਕਰੇ ਗੁਰੂ ਅਰਪਨ ਕਰਕੇ ਕਰੇ।
[1]ਗ੍ਰੀਬਾਂ।
[2]ਸਾਧਨਾਂ ਕਰਨ ਵਾਲੇ ਸਿੱਖ। (ਅ) ਸਾਧ ਯਾਂ ਸਿੱਖ।
[3]ਤੁਹਮਤ = ਝੂਠੀ ਊਜ। ਭਾਵ (ਰਾਜੇ ਨੇ) ਊਜ ਲਾਕੇ ਉਨ੍ਹਾਂ ਭਗਤ ਗ੍ਰਿਹਸਤੀਆਂ ਨੂੰ। ਅੰਕ ੩੦ ਤੋਂ ਰਾਜੇ ਦਾ ਪਤਾ ਲਗਦਾ ਹੈ।
[4]ਕੈਦਖਾਨੇ।
[5]ਓਹ ਕੈਦਖਾਨੇ ਤੋਂ ਕੱਢ ਦਿੱਤੇ ਕਿਸੇ ਤਰ੍ਹਾਂ।
[6]ਸੰਗਲ।
[7]ਪੈਰਾਂ ਵਿਚ।

ਆਇ ਕਹਜੋ ਤਿਨ ਇਸ ਕੇ ਪਾਸ।
'ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ।
ਤੁਝ ਕੋ ਹੋਇ ਨ ਜਮ ਕੀ ਬਾਟ' ॥੨੯॥
ਸੁਨਿ ਕਰਿ ਸੁਕਚਜੋ[1] ਰਿਦੇ ਬਿਸਾਲਾ।
-ਜੇ ਮੁਝ ਜਾਨ ਲੇਹਿ ਮਹਿਪਾਲਾ[2]।
ਗਹਿ ਲੈਹੈ ਸਗਰੋ ਪਰਵਾਰਾ।
ਜ਼ਾਲਮ ਬਡੋ ਕਰਾਵਹਿ ਮਾਰਾ- ॥੩੦॥
ਤ੍ਰਾਸ ਪਾਇ ਕਰਿ ਬਹੁਰ ਬਿਚਾਰਾ।
-ਗੁਰੁ ਮੁਝ ਪ੍ਰਤਿ ਉਪਦੇਸ਼ ਉਚਾਰਾ।
ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।
ਨਹੀ ਬਿਲੰਬ ਕਿਸੀ ਬਿਧਿ ਕੀਜੈ ॥੩੧॥
ਸੋ ਨਹਿਂ ਛੋਡੌਂ, ਹੋਇ ਸੁ ਹੋਇ।
ਸੰਤ ਕਹੇ ਲੋਕਨ ਸੁਖ ਦੋਇ[3]-।
ਇਮ ਬਿਚਾਰਿ ਕਰਿ ਬਿਲਮ ਨ ਕੀਨ।
ਉਠਿ ਤਤਕਾਲ ਕਾਟ ਕਰਿ ਦੀਨ ॥੩੨॥
ਆਸ਼ਿਖ[4] ਦੇਤਿ ਗਏ ਨਿਜ ਦੇਸ਼।
ਉਪਜਜੋ ਇਸ ਕੇ ਗਜ਼ਾਨ ਵਿਸ਼ੇਸ਼।
ਇਕ ਨਾਈ ਧਿੰਙਾ ਚਲਿ ਆਯੋ।
ਸ਼੍ਰੀ ਅੰਗਦ ਪਗ ਸੀਸ ਨਿਵਾਯੋ ॥੩੩॥
ਬੈਠਿ ਗਯੋ ਢਿਗ ਸਿਖ ਗਨ ਹੇਰੇ।
ਕਰਹਿਂ ਪਰਸਪਰ ਸੇਵ ਘਨੇਰੇ।
ਤਿਨ ਮਹਿਂ ਮਿਲਿ ਸੇਵਾ ਕਹੁ ਲਾਗਜੋ।
ਭਲੀ ਜਾਨਿ ਕਰਿ ਉਰ ਅਨੁਰਾਗਜੋ[5] ॥੩੪॥
ਤਪਤ ਨੀਰ ਕਰਿਵਾਇ ਸ਼ਨਾਨ।
ਵਸਤ੍ਰ ਪਖਾਰਹਿ ਮਲ ਕਰਿ ਹਾਨ[6]।
ਚਰਨ ਚਾਂਪ, ਹਾਂਕਤਿ ਹੈ ਬਾਯੁ[7]।

---

[1]ਸੰਕੋਚ ਕੀਤਾ ਭਾਵ ਡਰਿਆ।
[2]ਰਾਜਾ।
[3]ਸੰਤਾਂ ਦੇ ਕਹੇ ਨੂੰ (ਕਮਾਉਣ ਨਾਲ) ਦੋਹਾਂ ਲੋਕਾਂ ਦਾ ਸੁਖ ਹੁੰਦਾ ਹੈ।
[4]ਅਸੀਸ।
[5]ਪ੍ਰੇਮ ਵਿਚ ਆਇਆ।
[6]ਮੈਲ ਨੂੰ ਨਾਸ਼ ਕਰਕੇ।
[7]ਮੁੱਠੀ ਚਾਂਪੀ ਕਰਦਾ ਹੈ ਝੱਲਦਾ ਹੈ, ਵਾਯੂ (ਭਾਵ ਪੱਖਾ)।

ਬਾਸਨ ਧੋਵੈ ਮਾਂਝ ਬਨਾਯੁ[1] ॥੩੫॥
ਕਬਿ ਕਬਿ ਗੁਰ ਕੀ ਸੇਵਾ ਪਾਇ।
ਮਹਾਂ ਪ੍ਰੇਮ ਤੇ ਕਰਹਿ ਬਨਾਇ।
ਇਕ ਦਿਨ ਸ਼੍ਰੀ ਅੰਗਦ ਕੇ ਪਾਸ।
ਹਾਥ ਜੋਰਿ ਕੀਨੀ ਅਰਦਾਸ ॥੩੬॥
'ਸ਼੍ਰੀ ਸਤਿਗੁਰ ਮੁਝ ਦਿਹੁ ਉਪਦੇਸ਼ੁ।
ਜਿਸ ਤੇ ਮਿਟਹਿਂ ਕਲੇਸ਼ ਅਸ਼ੇਸ਼ੁ[2]'।
ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ।
'ਗੁਰੂ ਗੋਰ[3] ਮਹਿਂ ਸੋ ਚਲਿ ਆਯੋ ॥੩੭॥
ਹੁਇ ਮੁਰੀਦ[4] ਮੁਰਦੇ ਮਾਨਿੰਦ।
ਅੰਗ ਨ ਕੋ ਹਾਲਤਿ ਬਿਨ ਜਿੰਦ[5]।
ਤਿਮ ਮੁਰੀਦ ਆਦਿਕ ਹੰਕਾਰਾ[6]।
ਤਜਾਗ ਦੇਤਿ ਏ ਸਕਲ ਬਿਕਾਰਾ ॥੩੮॥
ਗੁਰੂ ਗੋਰ ਮਹਿਂ ਜਾਇ ਸਮਾਇ।
ਹੁਇ ਮੁਰੀਦ ਮੁਰਦਾ ਜਿਸਿ ਭਾਇ*।
ਦੇਖਿ ਜਾਤ ਅਪਨੀ ਭਾ ਸੈਨ[7]।
ਕਰੀ ਸੇਵ ਸੰਤਨ ਕੀ ਰੈਨ ॥੩੯॥
ਪ੍ਰੇਮ ਪਰਖ ਕਰਿ ਸ਼੍ਰੀ ਭਗਵਾਨ।
ਬਨੇ ਸੈਨ ਕੇ ਰੂਪ ਸੁਜਾਨ।
ਰਾਣੇ ਕੋ ਇਸ ਰੀਤਿ ਰਿਝਾਯੋ[8]।
ਬਖਸ਼ੀ ਤਬਿ ਕਵਾਇ[9] ਹੁਲਸਾਯੋ+ ॥੪੦॥
ਤਿਸ ਕੇ ਸਮ ਸੰਤਨ ਕੀ ਸੇਵਾ।

---

[1]ਮਾਂਜ ਬਣਾ ਕੇ।
[2]ਸਾਰੇ।
[3]ਕਬਰ।
[4]ਚੇਲਾ।
[5](ਜਿਵੇਂ) ਜਿੰਦ ਤੋਂ ਬਿਨਾ ਕੋਈ ਅੰਗ ਨਹੀਂ ਹਿੱਲਦਾ (ਮੁਰਦੇ ਦਾ)।
[6]ਹੰਕਾਰ ਆਦਿਕ (ਸਾਰੇ ਵਿਕਾਰ)।
*ਮੁਰਦਾ ਹੋਣ ਤੋਂ ਮੁਰਾਦ ਮਰ ਜਾਣ ਦੀ ਨਹੀਂ, ਨਾ ਨਿਕਾਰਾ ਹੋਣ ਦੀ ਹੈ, ਪਰੰਤੂ ਪੂਰਨ ਸੱਤ ਨੂੰ ਸਮਝਣ ਤੇ ਦੱਸੇ ਮਾਰਗ ਤੇ ਟੁਰਨ ਵਿਚ ਆਪਣੇ ਅੜਬਪੁਣੇ, ਹੈਂਕੜ, ਆਪਣੀ ਰਾਇ ਦੇ ਅਭਿਮਾਨ ਨੂੰ ਛੱਡਣ ਤੋਂ ਮੁਰਾਦ ਹੈ।
[7]ਦੇਖ! ਤੇਰੀ ਜਾਤ ਵਿਚ (ਅੱਗੇ ਇਕ) ਸੈਣ ਨਾਮੇ ਭਗਤ ਹੋਇਆ ਹੈ।
[8]ਮੋਹਿਤ ਕੀਤਾ।
[9]ਪੋਸ਼ਾਕ [ਅ: ਕਬਾ]।
+ਪਾ:-ਬਖਸ਼ਿਸ਼ ਕਰੀ ਰਿਦਾ ਹੁਲਸਾਯੋ।

ਕਰਹੁ ਸਦਾ ਰੀਝਹਿਂ ਗੁਰੁਦੇਵਾ।'
ਸੁਨਿ ਉਪਦੇਸ਼ ਕਮਾਵਨਿ ਕੀਨਿ।
ਧਰਜੋ ਪ੍ਰੇਮ ਸਿੱਖੀ ਪਦ ਲੀਨਿ ॥੪੧॥
ਸਭਿ ਕੁਟੰਬ ਕੋ ਭਯੋ ਉਧਾਰ।
ਜਿਮ ਕਾਸ਼ਟ ਸੇ[1] ਲੋਹੋ ਪਾਰ।
ਪਾਰੋ ਜੁਲਕਾ ਨਾਮ ਸੁ ਆਯੋ।
ਸੁਨਿ ਜਸ ਕੋ ਮਿਲਿਬੇ ਲਲਚਾਯੋ ॥੪੨॥
ਨਮਸਕਾਰ ਕਰਿ ਬੈਠਜੋ ਪਾਸਿ।
ਹਾਥ ਜੋਰਿ ਕੀਨਸਿ ਅਰਦਾਸਿ।
'ਸ਼੍ਰੀ ਗੁਰ ਪਰਮਹੰਸ ਹੁਇ ਕੌਨ?
ਲੱਛਨ ਮੋਹਿ ਸੁਨਾਵਹੁ ਤੌਨ[2] ॥੪੩॥
ਸੁਨੇ ਨਾਮ ਅਰ ਰੂਪ ਨਿਹਾਰੇ।
ਨਹਿਂ ਵਿਸ਼ੇਸ਼ ਤੇ ਹਮ ਨਿਰਧਾਰੇ।
ਤੁਮ ਤੇ ਸੁਨਹਿਂ ਜਥਾਰਥ ਜਾਨੈ।
ਕੋ ਗੁਨ ਤੇ ਤਿਨ ਅਧਿਕ ਬਖਾਨੈ?' ॥੪੪॥
ਸ਼੍ਰੀ ਅੰਗਦ ਸੁਭ ਮਤਿ ਜੁਤਿ ਹੇਰਾ[3]।
ਹਿਤ ਉਪਦੇਸ਼ ਕਹਜੋ ਤਿਸ ਬੇਰਾ।
'ਪਰਮਹੰਸ ਕੇ ਸੁਨੀਅਹਿ ਲੱਛਨ।
ਸੁਨਿ ਜੇ ਧਰਹਿ ਸੁ ਮਨੁਜ ਬਿਚੱਛਨ[4] ॥੪੫॥
ਹੰਸ ਜਿ ਮਾਨ ਸਰੋਵਰ ਰਹੈਂ।
ਮੁਕਤਾ[5] ਕਰਹਿਂ ਅਹਾਰ ਜਿ ਲਹੈਂ।
ਮਿਲਿ ਇਕ ਰੂਪ ਹੋਤ ਪਯ[6] ਪਾਨੀ।
ਤਿਨ ਕੇ ਆਗੇ ਧਰਿਯ ਜਿ ਆਨੀ ॥੪੬॥
ਪਯ ਤੇ ਜਲ ਕੋ ਕਰਹਿਂ ਨਿਰਾਲਾ।
ਸਾਰ ਅਸਾਰ ਪਿਖਹਿਂ ਤਤਕਾਲਾ।
ਤਜਹਿਂ ਅਖਿਲ ਜਲ[7], ਪਯ ਕੋ ਖਾਂਹਿ।

---

[1]ਕਾਠ ਨਾਲ।
[2]ਤਿਸਦੇ।
[3]ਸ੍ਰੇਸ਼ਟ ਮੱਤ ਦੇ ਸਹਿਤ ਦੇਖਕੇ।
[4]ਜੋ ਧਾਰਨ ਕਰੇ ਓਹ ਮਨੁੱਖ ਸਿਆਣਾ ਹੈ।
[5]ਮੋਤੀ।
[6]ਦੁੱਧ ਤੇ।
[7]ਸਾਰਾ ਪਾਣੀ।

ਉਡਹਿਂ, ਬਿਦੇਸ਼ਨਿ ਦੇਸ਼ਨ ਜਾਂਹਿ[1] ॥੪੭॥
ਪਰਮਹੰਸ ਤਿਨ ਤੇ ਅਧਿਕਾਇ[2]।
ਮੁਕਤਾ ਮੁਕਤੀ[3] ਚਹਤਿ ਸਦਾਇ।
ਮਾਨਸ ਗੁਰੂ ਸਬਦ ਕੇ ਮਾਂਹੀ[4]।
ਲੇਤਿ ਅਹਾਰ ਅਪਾਰ[++] ਰਹਾਂਹੀ[5] ॥੪੮॥
ਦੇਹਿ ਆਤਮਾ ਮਿਲਿ ਇਕ ਭਏ।
ਬਿਨ ਬਿਚਾਰਿ ਕਿਨ ਨਹਿਂ ਲਖਿ ਲਏ।
ਤਿਨ ਕੌ ਪ੍ਰਿਥਮੈ ਹੋਤਿ ਬਿਚਾਰ।
ਦਿਨ ਪ੍ਰਤਿ ਦੇਹਿ ਨ ਰਹਿ ਇਕਸਾਰ ॥੪੯॥
ਪ੍ਰਥਮ ਨ ਹੁਤੀ ਭਵਿੱਖਜ ਨ ਰਹੈ[6]।
ਮੱਧੁ ਕੁਤੋ[7] ਸਾਚੀ ਤਿਸੁ ਕਹੈ?
ਪੁਨ ਜੜ੍ਹ ਹੈ ਕੁਛ ਨਾਹਿਨ ਛਾਨੀ[8]।
ਨਿਤ ਦੁਖ ਰੂਪ ਲੇਹਿ ਮਨ ਜਾਨੀ ॥੫੦॥
ਸੱਤਿ ਆਤਮਾ ਨਿਰਨੈ ਕਰਹਿ।
ਪੂਰਬ ਹੁਤੋ[9], ਦੇਹਿ ਬਹੁ ਧਰਹਿ।
ਅਬਿ[10] ਪ੍ਰਤੱਖ ਅਰੁ ਰਹੈ ਭਵਿੱਖ[11]।
ਯਾਂ ਤੇ ਸੱਤਿ ਲਖਹਿ ਗੁਰੁ ਸਿੱਖ ॥੫੧॥
ਬਹੁਰ ਆਤਮਾ ਚੇਤਨ ਜਾਨਹਿਂ।
ਜਿਹ ਸਬੰਧ ਤਨ ਚੇਤਨ ਠਾਨਹਿਂ[12]।

---

[1]ਉੱਡ ਕੇ ਦੇਸ਼ਾਂ ਪ੍ਰਦੇਸ਼ਾਂ ਨੂੰ ਜਾਂਦੇ ਹਨ।
[2]ਵੱਧ।
[3]ਕਲਿਆਨ ਰੂਪੀ ਮੋਤੀ।
[4]ਮਾਨ ਸਰੋਵਰ ਰੂਪੀ ਗੁਰਾਂ ਦੇ ਸ਼ਬਦ ਵਿਚ। (ਅ) ਸ਼ਬਦ ਅਰਥਾਤ ਜਗਤ ਵਿਚ ਗੁਰੂ ਰੂਪੀ ਮਾਨ ਸਰੋਵਰ ਵਿਚੋਂ।
[++]ਪਾਛ-ਅਧਾਰ।
[5](ਮਾਨ ਸਰੋਵਰ ਵਿਚੋਂ ਮੁਕਤੀ ਰੂਪੀ ਮੋਤੀ ਦਾ) ਭੋਜਨ ਲੈਂਦੇ ਹਨ ਤੇ ਉਸ ਦੇ ਵਿੱਚੇ ਰਹਿੰਦੇ ਹਨ। [ਅਪਾਰ = ਜੋ ਪਾਰ ਨਹੀਂ, ਭਾਵ ਵਿੱਚੇ] (ਅ) ਭਾਵ ਪਰਮੇਸ਼ੁਰ ਵਿਚ ਰਹਿਣਾ (ਇਹ) ਅਹਾਰ ਲੈਂਦੇ ਹਨ [ਅਪਾਰ = ਪਾਰ ਤੋਂ ਰਹਤ, ਬ੍ਰਹਮ]।
[6]ਨਹੀਂ ਸੀ ਅਤੇ ਨਾਂ ਹੀ ਅਗਾਂਹ ਨੂੰ ਰਹੇਗੀ।
[7]ਵਿਚਕਾਰ ਕੌਣ।
[8]ਕੋਈ ਛੁਪਾ ਨਹੀਂ।
[9]ਪਹਿਲੇ ਸੀ (ਆਤਮਾ)।
[10]ਹੁਣ।
[11]ਅਗਾਂਹ ਨੂੰ।
[12]ਜਿਸ ਦੇ ਸਬੰਧ ਹੋਣ ਕਰਕੇ ਤਨ ਚੇਤਨ ਹੁੰਦਾ ਹੈ।

ਫਰਕਾਵਨ ਚਖ ਆਦਿ ਰਿਖੀਕੇ[1]।
ਜਿਸ ਬਿਨ ਹੋਤਿ ਨਹੀ ਲਖਿ ਨੀਕੇ ॥੫੨॥
ਪੁਨ ਆਤਮ ਕੋ ਰੂਪ ਅਨੰਦ।
ਪਰਖਤਿ ਭਲੇ ਸਦਾ, ਬਿਨ ਦੁੰਦ।
ਬਿਸ਼ਿਯਨ ਬਿਖੈ ਅਨੰਦ ਕਲਪੰਤਾ।
ਇਹੁ ਮਮ ਰੂਪ ਨ, ਅੱਗਜ ਲਖੰਤਾ[2] ॥੫੩॥
ਪਰਮਹੰਸ ਸੋ ਕਹੀਅਹਿ ਰੂਪ।
ਸਤਿ, ਚੇਤੰਨ, ਆਨੰਦ ਅਨੂਪ।
ਤਨ ਤੇ ਨਜਾਰੋ ਜਾਨਹਿਂ ਐਸੇ।
ਮੰਦਰਿ ਬਿਖੈ ਬਸਹਿ ਕੋ ਜੈਸੇ ॥੫੪॥
ਤਿਸ ਕੋ ਅਪਨੋ ਰੂਪ ਪਛਾਨਹਿ।
ਤਨ ਹੰਤਾ[3] ਨਿਰਨੈ ਕਰਿ ਹਾਨਹਿ।
ਸਮ ਮੰਦਿਰ ਕੇ ਜਾਨਹਿ ਨਜਾਰੋ।
ਜੀਰਣ[4] ਹੋਏ ਤਜਾਗ ਪਧਾਰੋ ॥੫੫॥
ਤਨ ਆਤਮ ਸਮਸਰ ਪਯ ਪਾਨੀ[5]।
ਕਰਹਿ ਜੁ ਨਰ ਹੁਇ ਹੰਸ ਸਮਾਨੀ।
ਤਿਨ ਕੋ ਪਰਮਹੰਸ ਹੈ ਨਾਮੂ।
ਪਾਵਹਿਂ ਬ੍ਰਹਮ ਗਜਾਨ ਅਭਿਰਾਮੂ ॥੫੬॥
ਤਨ ਤੇ ਨਜਾਰੋ ਜਬਿ ਮਤਿ ਧਰੈਂ।
ਰਸੁ ਬਿਸ਼ਿਯਨ ਹਿਤ ਪਾਪ ਨ ਕਰੈਂ।
ਜਲ ਤੇ ਕਮਲ ਰਹੈ ਨਿਰਲੇਪੂ।
ਲਿਪਹਿ ਨ ਕਿਮਿ ਹੁਇਂ ਬ੍ਰਿੰਦ ਵਿਖੇਪੂ[6] ॥੫੭॥
ਸੂਰਜ ਕੀ ਦਿਸ਼ ਹੈ ਤਿਨਿ ਧਜਾਨ।
ਛੁਵੈ ਨ ਜਲ ਰੰਚਕ ਭਰਿ ਆਨਿ।

---

[1]ਅੱਖ ਆਦਿ ਇੰਦ੍ਰਿਆਂ ਦਾ ਫੁਰਕਣਾ।
[2]ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰਦਾ ਹੈ ਤੇ 'ਇਹ ਮੇਰਾ ਰੂਪ ਨਹੀਂ' ਅੱਗਜਾਨੀ (ਇਹ ਗੱਲ) ਨਹੀਂ ਲਖਦਾ। -ਨ-ਦੇਹੁਰੀ ਦੀਪਕ ਹੈ।
(ਅ) ਅੱਗਜਾਨੀ ਇਹ ਗੱਲ ਨਹੀਂ ਸਮਝਦਾ ਕਿ ਅਨੰਦ ਤਾਂ ਮੇਰਾ ਸ੍ਵੈ ਸਰੂਪ ਹੈ, ਮੈਂ ਜੁ ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰ ਰਿਹਾ ਹਾਂ (ਇਹ ਝੂਠੀ ਹੈ)।
[3]ਹੰਕਾਰ।
[4]ਪੁਰਾਣਾ।
[5]ਪਾਣੀ ਤੋਂ ਦੁੱਧ ਵਾਂਙੂ ਜੋ ਤਨ ਤੋਂ ਆਤਮਾ ਨੂੰ (ਜੁਦਾ ਕਰ ਸਕੇ)।
[6]ਕਿਵੇਂ ਬੀ ਲਿਪਾਇਮਾਨ ਨਹੀਂ ਹੁੰਦਾ, ਭਾਵੇਂ ਕਿੰਨੇ ਵਿਖੇਪ (ਦੁਖ) ਹੋਣ [ਸੰਸ: ਵਿਕਸ਼ੇਪ = ਘਬਰਾ, ਬ੍ਰਿਤੀ ਦਾ ਖਿੰਡਾਉ]।

ਪਰਮਹੰਸ ਤਿਮਿ ਜਗ ਮਹਿਂ ਰਹੈ।
ਆਤਮ ਧਜਾਨ ਸਦਾ ਉਰ ਲਹੈ ॥੫੮॥
ਤਨ ਕੇ ਸੁਖ ਦੁਖ ਜਬਿ ਪਰਿ ਜਾਇਂ[1]।
ਤਿਨ ਤੇ[2] ਹਰਖ ਨ ਸੋਗ ਕਦਾਇ।
ਬਰਤੈ ਗਜਾਨੀ ਸਮ ਅੱਗਜਾਨੀ।
ਜਾਨਹਿਂ ਜਗ ਕੋ ਸੁਪਨ ਸਮਾਨੀ[3] ॥੫੯॥
ਬੰਧਨਿ ਹੋਤ ਨਹੀ ਪੁਨ ਤਾਹੂੰ।
ਰਹੈ ਸਮਾਇ ਬ੍ਰਹਮ ਕੇ ਮਾਹੂੰ।'
ਸੁਨੀ ਸੀਖ ਪਾਰੋ ਹਰਖਾਯੋ।
ਲਗਾ ਬਿਚਾਰਨਿ ਮਨ ਸੁਖ ਪਾਯੋ ॥੬੦॥
ਕਿਤਿਕ ਕਾਲ ਗੁਰ ਅੰਗਦ ਸੇਵ।
ਪੁਨ ਭੇ ਅਮਰਦਾਸ ਗੁਰਦੇਵ।
ਤਿਨ ਢਿਗ ਬਨਜੋ ਸੁ ਬ੍ਰਹਮ ਗਿਆਨੀ।
ਆਗੇ ਕਰਿ ਹੈਂ ਕਥਾ ਬਖਾਨੀ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਜੀ ਸਿਖਾਂ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

---

[1]ਆ ਬਣਨ, ਆ ਪੈਣ।
[2]ਭਾਵ ਸੁਖ ਦੁਖ ਤੇ।
[3](ਪਰੰਤੂ ਗਿਆਨੀ) ਜਾਣਦਾ ਹੈ ਜਗਤ ਨੂੰ ਸੁਪਨੇ ਸਮਾਨ।

੧੨. [ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰਾਇਣ ਦਾਸ, ਬੂਲਾ ਪ੍ਰਸੰਗ]

੧੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੩

ਦੋਹਰਾ: ਮੱਲੂ ਸ਼ਾਹ ਆਇ ਕਰਿ,
ਸ਼੍ਰੀ ਅੰਗਦ ਕੇ ਪਾਸ।
ਕਰਿ ਬੰਦਨ ਬੈਠਜੋ ਨਿਕਟਿ,
ਬਿਨਤੀ ਕੀਨਿ ਪ੍ਰਕਾਸ਼ ॥੧॥

ਚੌਪਈ: 'ਸ਼੍ਰੀ ਗੁਰ! ਮੈ ਕਾਰਨ ਕੱਲਜਾਨ[1]।
ਆਯੋ ਸੁਨਿ ਤੁਮ[2] ਸੁਜਸੁ ਮਹਾਨ।
ਕੀਜਹਿ ਅਬਿ ਅਪਨੋ ਉਪਦੇਸ਼।
ਜਿਸ ਤੇ ਬਿਨਸਹਿਂ ਸਕਲ ਕਲੇਸ਼ ॥੨॥
ਕਰਤਿ ਚਾਕਰੀ ਮੁਗ਼ਲਨਿ ਕੇਰੀ।
ਕਰੌਂ ਜੀਵਕਾ ਤਹਾਂ ਘਨੇਰੀ।
ਹਲਤਿ ਪਲਤਿ ਮੁਖ ਊਜਲ ਰਹੈ।
ਅਸੁ ਕਰਨੀ ਕੋ ਮਮੁ ਚਿਤ ਚਹੈ' ॥੩॥
ਸੁਨਿ ਕਰਿ ਸ਼ਰਧਾ ਪਿਖ ਕਰਿ ਭਾਰੇ।
ਸ਼੍ਰੀ ਅੰਗਦੁ ਗੁਰੁ ਬਾਕ ਉਚਾਰੇ।
'ਭਾਈ ਮੱਲੂ ਰਿਦੇ ਬਿਚਾਰਹੁ।
ਦੇਹ ਅਨਿੱਤ ਸਦਾ ਨਿਰਧਾਰਹੁ ॥੪॥
ਸੋ ਤੌ ਮ੍ਰਿਤਕ ਜਾਨਿ ਹੀ ਲੀਜੈ।
ਇਸ ਹਿਤ ਚਿਤ ਨਹਿਂ, ਸੰਸਾ ਕੀਜੈ।
ਆਤਮ ਸਦਾ ਸਾਚ ਹੀ ਜਾਨੋ।
ਕਿਸ ਕੋ ਮਾਰਜੋ ਮਰਹਿ, ਨ ਮਾਨੋ[3] ॥੫॥
ਪਾਵਕ ਦਾਹ ਕਰਤਿ ਨਹੀ ਤਿਸੈ।
ਜਲ ਨ ਡੁਬਾਇ ਸਕਹਿ ਨਿਜ ਬਿਸੈ[4]।
ਸ਼ਸਤ੍ਰਨਿ ਤੇ ਨਹਿਂ ਛੇਦਜੋ[5] ਜਾਇ।
ਜਿਸਿ ਕੋ ਪੌਨ ਨ ਸਕਹਿ ਡੁਲਾਇ* ॥੬॥
ਕਾਲ ਬਿਨਾਸ਼ਕ ਸਭਿਨਿ ਬਿਸਾਲਾ।

---

[1]ਮੈਂ (ਆਪਣੀ) ਮੁਕਤੀ ਵਾਸਤੇ।
[2]ਆਪ ਦਾ।
[3]ਨਾ ਮੰਨੋ ਕਿ ਕਿਸੇ ਦੇ ਮਾਰਿਆਂ ਇਹ (ਆਤਮਾ) ਮਰੇਗਾ (ਅ) ਮੰਨੋ ਕਿ ਮਾਰਿਆਂ ਨਹੀਂ ਮਰੇਗਾ।
[4]ਬਿਖੇ = ਵਿਚ।
[5]ਕੱਟਿਆ।
*ਪਾਛ-ਉਠਾਇ।

ਆਤਮ ਅਹੈ ਕਾਲ ਕੋ ਕਾਲਾ[1]।
ਜਗ ਕੋ ਲਖਿ ਕੈ ਸੁਪਨ ਸਮਾਨੈ।
ਵਰਣ[2] ਆਸ਼੍ਰਮਨਿ ਕ੍ਰਿਯਾ ਸੁ ਠਾਨੈ* ॥੭॥
ਬ੍ਰਹਮਗਯਾਨ ਕੋ ਨਿਤਿ ਅੱਭਯਾਸਹਿ।
ਤਨ ਹੰਤਾ ਲਖਿ ਝੂਠਿ ਬਿਨਾਸਹਿ।
ਇਮਿ ਹੀ ਕ੍ਰਿਸ਼ਨ ਕੀਨ ਉਪਦੇਸ਼+।
ਅਰਜਨ ਧਾਰਯੋ ਰਿਦੇ ਬਿਸ਼ੇਸ਼ ॥੮॥
ਵਰਣ ਧਰਮ ਰਣ ਕਰਹੁ ਮਹਾਨੇ।
ਆਤਮ ਸਾਚ ਕੂੜ ਤਨ ਜਾਨੇ।
ਦੀਜਹਿ ਦਾਨ ਸੁਕਰਮ[3] ਕਰੀਜਹਿ।
ਤਨ ਬਿਨਸਨ ਨਹਿਂ ਸੰਸਾ ਕੀਜਹਿ ॥੯॥
ਦੇਸ਼, ਕਾਲ, ਵਸਤੂ ਮਿਲ ਤੀਨ।
ਤਬ ਹੁਇ ਕਾਯਾਂ ਪ੍ਰਾਨ ਬਿਹੀਨ।
ਪੂਰਨ ਬਯ ਕੋ[4] ਸਮਾਂ ਸੁ ਆਵਹਿਂ।
ਜਿਸ ਥਲ ਦੇਹਿ ਗਿਰਹਿ ਸੋ ਪਾਵਹਿ[5] ॥੧੦॥
ਤ੍ਰਿਤੀਏ ਜਿਸ ਤੇ ਹੋਵਨਿ ਘਾਤ[6]।
ਬਯਾਧਿ ਕਿ ਆਯੁਧਾਦਿ ਮਿਲਿ ਜਾਤਿ[7]।
ਇਨ ਤੀਨਹੁ ਬਿਨ ਇਕਠੇ ਹੋਇ।
ਪ੍ਰਾਨ ਹਾਨ ਕਿਮਿ ਨਹਿਂ ਕਿਸ ਜੋਇ[8] ॥੧੧॥
ਬਿਨ ਤ੍ਰੈ ਮਿਲੇ ਕਾਲ ਰਖਵਾਰੋ।

---

[1]ਕਾਲ ਦਾ ਨਾਸ਼ ਕਰਨ ਵਾਲਾ, ਭਾਵ ਆਤਮਾ ਅਕਾਲ ਹੈ।
[2]ਜਾਤ।
*ਜੋ ਕੰਮ ਕਿਸੇ ਦਾ ਕਰਨਾ ਧਰਮ ਹੈ, ਉਸ ਵਿਚ ਬ੍ਰਹਮ ਗਯਾਨ ਦਾ ਅਭਿਆਸ ਜਾਰੀ ਰਖੇ। ਤਦੋਂ ਵਰਣਾਂ ਦੀ ਵੰਡ ਮੂਜਬ ਕੰਮ ਕਰਦੇ ਸਨ, ਹੁਣ ਆਪੋ ਆਪਣੀ ਚੋਣ ਮੂਜਬ ਕਰਦੇ ਹਨ। ਕਵਿ ਜੀ ਦੀ ਮੁਰਾਦ ਕੇਵਲ ਇਹ ਹੈ ਕਿ ਕਾਰ ਕਰਦਿਆਂ ਬ੍ਰਹਮ ਗਯਾਨ ਵਿਚ ਰਹੇ। ਅੰਕ ੯ ਵਿਚ ਸਪੱਸ਼ਟ ਹੋ ਜਾਂਦਾ ਹੈ ਕਿ ਮੁਰਾਦ ਕਿਰਤ ਯਾ ਕਿੱਤੇ ਤੋਂ ਹੈ। ਆਸ਼੍ਰਮ ਬਰਨ ਦੀ ਵੰਡ ਦਾ ਖੰਡਨ ਅੱਗੇ ਅੰਸੂ ੧੩ ਅੰਕ ੧੫, ੧੬ ਤੇ ੧੭ ਵਿਚ ਕਵਿ ਜੀ ਆਪ ਹੀ ਦੱਸਦੇ ਹਨ।
+ਗੁਰੂ ਜੀ ਦੇ ਉਪਦੇਸ਼ ਆਪਣੇ ਅਨੁਭਵ ਦੇ ਹਨ। ਅਵਤਾਰ ਸ਼ਾਸਤ੍ਰਾਂ ਦਾ ਮੁਥਾਜ ਨਹੀਂ ਹੁੰਦਾ। ਉਸ ਦਾ ਗਿਆਨ ਸੁਤੇ ਸੰਪੂਰਨ ਗਯਾਨ ਹੁੰਦਾ ਹੈ। ਦ੍ਰਿਸ਼ਟਾਂਤ ਮਾਤ੍ਰ ਤੋਂ ਭਾਵ ਲੈਣਾ ਚਾਹੀਏ।
[3]ਸ੍ਰੇਸ਼ਟ ਕਰਮ।
[4]ਆਯੂ ਦੇ ਪੂਰੇ ਹੋਣ ਦਾ।
[5]ਜਿਸ ਥਾਵੇਂ ਗਿਰਨਾ (ਮਰਨਾ) ਹੈ ਦੇਹ ਉਹ ਥਾਂ ਪ੍ਰਾਪਤਿ ਕਰ ਲੈਂਦਾ ਹੈ।
[6]ਜਿਸ ਨਾਲ ਨਾਸ਼ ਹੋਣਾ ਹੈ।
[7]ਦੁੱਖ ਕਿ ਸ਼ਸਤ੍ਰ ਆਦਿਕ (ਉਹ) ਮਿਲ ਜਾਂਦਾ ਹੈ।
[8]ਕਿਸੇ ਦੇ ਪ੍ਰਾਣਾਂ ਦੀ ਹਾਨੀ ਨਹੀਂ ਦੇਖੀ।

ਮਰਤਿ ਨਹੀਂ ਨੀਕੇ ਨਿਰਧਾਰੋ।
ਜੇ ਕਰਿ ਜੁੱਧ ਆਨਿ ਕਿਤ ਪਰੈ।
ਅਲਪ ਕਿ ਬਹੁਤੇ[++] ਨਹੀਂ ਬਿਚਰੈ ॥੧੨॥
ਪੀਠ ਨ ਦੇਹਿ ਸਮੁਖਿ ਰਿਪੁ[1] ਰਹੈ।
ਨਿਰਭੈ ਸ਼ਸਤ੍ਰ ਬਹੈ ਜਸ ਲਹੈ।
ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ।
ਲੇ ਸਤਿਸੰਗਤਿ ਲਾਇ ਸਕਾਰਥ ॥੧੩॥
ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ[2]।
ਸ੍ਵਰਗ ਨਿਸੰਸੈ[3] ਸੂਰ ਸਿਧਾਵੈ।
ਇਮ ਦ੍ਵੈ ਲੋਕਨਿ ਉੱਜਲ ਆਨਨਿ[4]।
ਕਰਿ ਕੱਲਜਾਨ ਏਵ ਨਿਜ ਪ੍ਰਾਨਨਿ' ॥੧੪॥
ਮੱਲੂ ਸ਼ਾਹੀ ਸੁਨਿ ਉਪਦੇਸ਼ੁ।
ਬਰਤਣ ਲਾਗਜੋ ਤਥਾ ਹਮੇਸ਼ੁ।
ਵੰਡ ਖਾਇ ਨਿਜ ਧਰਮ ਵਿਚਾਰੈ।
ਆਤਮ ਤਨ ਸੱਤਾਸਤ ਧਾਰੈ[5] ॥੧੫॥
ਇਕ ਸਿਖ ਆਯੋ ਨਾਮ ਕਿਦਾਰੀ।
ਸਤਿਗੁਰ ਆਗੈ ਬਿਨੈ ਉਚਾਰੀ।
'ਕਾਮ ਕ੍ਰੋਧ ਮਹਿਂ ਜਲਤੋ ਜਗਤ।
ਮੋਹਿ ਉਬਾਰਹੁ ਕਰਿ ਨਿਜਿ ਭਗਤ ॥੧੬॥
ਤ੍ਰਾਸ ਪਾਇ ਮੈ ਸ਼ਰਨਿ ਤਿਹਾਰੀ।
ਆਨਿ ਪਰਜੋ ਦਿਹੁ ਆਸਰ[6] ਭਾਰੀ।'
ਸੁਨਿ ਕੈ ਸ਼੍ਰੀ ਅੰਗਦ ਤਿਸ ਕਹਜੋ।
'ਸਕਲ ਬਿਕਾਰਨ ਤੇ ਜਗ ਦਹਜੋ ॥੧੭॥
ਜਿਮ ਦੌ[7] ਲਗਜੋ ਮਹਾਂ ਸਭਿ ਬਨ ਕੋ।
ਫਾਂਧ ਜਾਤਿ ਮ੍ਰਿਗ ਕਰਿ ਬਲ ਤਨ ਕੋ।

[++]ਪਾ:-ਥੋਰੇ।
[1]ਸਾਹਮਣੇ ਵੈਰੀ ਦੇ।
[2]ਸਾਹਮਣੇ ਮਰ ਜਾਵੇ।
[3]ਬਿਨਾਂ ਸ਼ੱਕ ਦੇ।
[4]ਮੁਖ ਉੱਜਲੇ।
[5]ਆਤਮਾ ਨੂੰ ਸੱਤ ਤੇ ਤਨ ਨੂੰ ਅਸੱਤ ਨਿਸ਼ਚੇ ਕਰੇ।
[6]ਆਸ੍ਰਾ।
[7]ਦਾਵਾ ਅਗਨੀ।

ਮਹਾਂ ਤਪਤਿ ਤੇ ਸਲਿਤਾ ਮਾਂਹੀ।
ਜਾਇ ਪ੍ਰਵੇਸ਼ਹਿ ਸੁਖ ਬਹੁ* ਪਾਹੀ[1] ॥੧੮॥
ਤਿਮਿ ਜਗ ਜਲਤਿ ਦੇਖਿ ਕਰਿ ਤਜਾਗੇ।
ਮਿਲਿ ਸਤਿਸੰਗਤ ਸੇਵਾ ਲਾਗੇ।
ਸਕਲ ਬਿਕਾਰਨਿ ਤਪਤ ਬਿਨਾਸ਼ੇ+।
ਸੀਤਲਤਾ ਗੁਰ ਸ਼ਬਦ ਪ੍ਰਕਾਸ਼ੇ ॥੧੯॥
ਗੁਰਬਾਣੀ ਕੋ ਕਰਤਿ ਬਿਚਾਰਨਿ।
ਗਜਾਨ ਸੀਤ ਲਹਿ ਮੋਹ ਨਿਵਾਰਨ[2]'।
ਸੁਨਿ ਕਰਿ ਗੁਰ ਉਪਦੇਸ਼ ਕਿਦਾਰੀ।
ਦ੍ਰਿੜ ਕੀਨਸਿ ਉਰ ਬਹੁ ਨਿਰਧਾਰੀ ॥੨੦॥
ਦੀਪਾ ਅਪਰ ਨਰਾਇਣ ਦਾਸ।
ਬੂਲੇ ਸਹਿਤ ਆਇ ਗੁਰ ਪਾਸ।
ਬੰਦਨ ਕਰਿ ਭਾਖੀ ਅਰਦਾਸੁ।
'ਜਨਮ ਮਰਣ ਦੁਖ ਦੇਹੁ ਬਿਨਾਸ਼ੁ' ॥੨੧॥
ਸ਼੍ਰੀ ਅੰਗਦ ਉਪਦੇਸ਼ ਬਤਾਯੋ।
'ਕਰਹੁ ਭਗਤਿ ਜੇ ਇਮਿ ਉਰ ਭਾਯੋ।'
ਕਹਿਨ ਲਗੇ 'ਹਮ ਭਗਤਿ ਨ ਜਾਨਹਿਂ।
ਕਿਮ ਸਰੂਪ ਕੈਸੇ ਕਰਿ ਠਾਨਹਿਂ' ॥੨੨॥
ਸ਼੍ਰੀ ਗੁਰ ਬਰਨਨ ਕੀਨ ਸਿਖਾਈ[3]।
'ਬ੍ਰਹਮ ਸਵਲ ਮਾਯਾ ਜਗ ਜਾਈ[4]।
ਹੁਕਮ ਪ੍ਰਮੇਸ਼ੁਰ ਕੋ ਤਿਨ ਪਾਯੋ[5]।
ਅਪਨੇ ਮਹਿਂ ਸਭਿ ਜਗ ਭਰਮਾਯੋ ॥੨੩॥
ਬਹੁਰ ਪ੍ਰਭੂ ਨੇ ਚਤਰ ਉਪਾਏ[6]।
ਜਿਨ ਤੇ ਮਿਲਹਿ ਮੋਹਿ ਕਹੁ[7] ਆਏ।
ਇਕ ਬੈਰਾਗ ਜੋਗ ਅਰੁ ਗਜਾਨ।

---

*ਪਾ:-ਬਲ।
[1]ਬੜਾ ਪਾਉਂਦਾ ਹੈ।
+ਪਾ:-ਸਕਲ ਵਿਕਾਰ ਨਿਤਾਪ੍ਰਤਿ ਨਾਸੇ।
[2]ਗਿਆਨ ਦੀ ਠੰਢ ਪ੍ਰਾਪਤ ਹੁੰਦੀ ਹੈ ਤੇ ਮੋਹ (ਦੀ ਤਪਤ) ਦੂਰ ਹੋ ਜਾਂਦੀ ਹੈ।
[3]ਸਿੱਖਜਾ।
[4]ਮਾਇਆ ਸਬਲ ਬ੍ਰਹਮ ਨੇ ਜਗ ਉਤਪਤਿ ਕੀਤਾ।
[5]ਤਿਸ (ਮਾਇਆ) ਨੇ।
[6]ਚਾਰ (ਭਾਵ ਚਾਰ ਸਾਧਨ ਮੁਕਤੀ ਦੇ)।
[7]ਮੈਨੂੰ (ਭਾਵ ਪਰਮੇਸ਼ੁਰ ਨੂੰ)।

ਚਉਥੀ ਉਪਜੀ ਭਗਤਿ ਮਹਾਂਨ ॥੨੪॥
ਗਜ਼ਾਨ, ਵਿਰਾਗ, ਜੋਗ, ਸ਼ੁਭ ਤੀਨ।
ਪੁਰਖ ਰੂਪ[1] ਇਨ ਕੋ ਮਨ ਚੀਨ।
ਮਾਯਾ ਲੇ ਇਨ ਕੋ ਭਰਮਾਇ।
ਬਡੇ ਜਤਨ ਤੇ ਉਬਰਯੋ ਜਾਇ ॥੨੫॥
ਭਗਤਿ ਅਹੈ ਪਤਿੱਬ੍ਰਤਾ ਨਾਰੀ।
ਇਸ ਪਰ ਨਹਿਂ ਮਾਯਾ ਬਲੁ ਭਾਰੀ।
ਇਸਤ੍ਰੀ ਕੋ ਇਸਤ੍ਰੀ ਨ ਭ੍ਰਮਾਵੈ।
ਧਰਹਿ ਭਗਤਿ ਤਿਸ ਪ੍ਰਭੂ ਮਿਲਾਵੈ ॥੨੬॥
ਮਾਯਾ ਨਟਨੀ ਚਾਤੁਰ ਛਲ ਤੇ[2]।
ਸਭਿਨਿ ਭ੍ਰਮਾਇ ਲੇਤਿ ਨਿਜ ਬਲ ਤੇ।'
ਸੁਨਿ ਸਿੱਖਨ ਬੂਝੇ ਗੁਰ[3] ਫੇਰ।
'ਇਨ ਚਤਰਨਿ ਕੋ ਰੂਪ ਬਡੇਰ ॥੨੭॥
ਕਰਿ ਬਰਨਨਿ ਸਭਿ ਦਿਹੁ ਸਮੁਝਾਇ।
ਜਿਸ ਤੇ ਹਮ ਪ੍ਰਾਪਤ ਹੁਇ ਜਾਇਂ।
ਜਨਮ ਮਰਨ ਕੋ ਬਹੁਰਿ ਨ ਪਾਇਂ।
ਅਨਦ ਰੂਪ ਮਹਿਂ ਰਹੈਂ ਸਮਾਇ' ॥੨੮॥
ਤਬਿ ਸ਼੍ਰੀ ਅੰਗਦ ਬਹੁਰ ਉਚਾਰਾ।
'ਇਕ ਬਿਰਾਗ ਹੈ ਉਭੈ ਪ੍ਰਕਾਰਾ[4]।
ਇਕ ਮਨ ਕੋ, ਇਕ ਤਨ ਕੋ ਹੋਤਿ।
ਬਡਿ ਭਾਗਨਿ ਕੇ ਰਿਦੈ ਉਦੋਤਿ[5] ॥੨੯॥
ਸਕਲ ਪਦਾਰਥ ਤਜ਼ਾਗਨ ਕਰੈ।
ਧਨ, ਬਨਿਤਾ[6], ਸੁਤ ਸਭਿ ਪਰਹਰੈ।
ਹਠਿ ਕਰਿ ਬਾਹਰਿ ਕੋ[7] ਤਜਿ ਦੇਤਿ।
ਰਹੈ[8] ਵਾਸ਼ਨਾ ਰਿਦੇ ਨਿਕੇਤਿ[9] ॥੩੦॥

---

[1]ਏ ਪੁਲਿੰਗ ਹੋਣ ਕਰਕੇ ਮਰਦ ਹੈਨ, ਮਾਇਆ ਇਸਤ੍ਰੀ ਲਿੰਗ ਹੈ।
[2]ਛਲ ਕਰਨ ਵਿਚ ਮਾਇਆ ਨਟਨੀ ਵਾਂਙੂ ਚਤੁਰ ਹੈ।
[3]ਪੁੱਛਿਆ ਗੁਰੂ ਜੀ ਤੋਂ
[4]ਦੋਇ ਤਰ੍ਹਾਂ ਦਾ।
[5]ਪ੍ਰਗਟ ਹੁੰਦਾ ਹੈ।
[6]ਇਸਤ੍ਰੀ।
[7]ਬਾਹਰ ਦੇ (ਪਦਾਰਥ)।
[8]ਟਿਕੀ ਰਹਿੰਦੀ ਹੈ।
[9]ਘਰ ਰੂਪੀ ਰਿਦੇ ਵਿਚ।

ਦੂਸਰ ਬ੍ਰਹਮ ਲੋਕ[1] ਲੌਂ ਸਾਰੇ।
ਬਾਇਸ ਬਿਸ਼ਟਾ ਸਮ ਨਿਰਧਾਰੇ[2]।
ਰਿਦੇ ਵਾਸ਼ਨਾ ਕਜੋਂਹੁੰ ਨ ਧਰੈ।
ਸੁਪਨਿ ਸਮਾਨ ਜਾਨਿ ਪਰਹਰੈ ॥੩੧॥
ਪਾਇ ਪਦਾਰਥ ਪਰਾਲਬਧ ਤੇ।
ਭੋਗਤਿ ਹੈਂ, ਪਰ ਮਨ ਨਹਿਂ ਬੰਧ ਤੇ[3]।
ਨਿਜ ਸਰੂਪ ਦਿਸ਼ਿ ਬ੍ਰਿਤੀ ਲਗਾਵੈਂ।
ਬਿਸ਼ਯ ਬਾਸ਼ਨਾ ਤੇ ਉਲਟਾਵੈਂ ॥੩੨॥
ਤਥਾ ਜੋਗ ਭੀ ਦੋਇ ਪ੍ਰਕਾਰ।
ਇਕ ਤੌਂ ਕਸ਼ਟ ਜੋਗ ਉਰਧਾਰਿ।
ਯਮ, ਨੇਮਾਦਿ ਅਸ਼ਟ ਹੈਂ ਅੰਗ।
ਸਕਲ ਕਹੇ ਬਹੁ ਵਧੇ ਪ੍ਰਸੰਗ[*] ॥੩੩॥
ਦੂਸਰ ਰੂਪ ਸੁਨਹੁ ਤਿਸ ਭੇਤ।
ਰੋਕ ਵਾਸ਼ਨਾ ਤੇ ਮਨ ਲੇਤਿ।
ਸਤਿਗੁਰ ਸ਼ਬਦ ਸਦੀਵ ਬਿਚਾਰੈ।
ਜੀਵ ਬ੍ਰਹਮ ਇਕਤਾ ਨਿਰਧਾਰੈ ॥੩੪॥
ਆਤਮ ਬਿਖੈ ਜੁਟੀ ਬ੍ਰਿਤ ਰਹੈ।
ਸ੍ਰੇਸ਼ਟ ਪਰਮ ਜੋਗ ਇਹ ਕਹੈ।
ਵਾਸਤਵ[4] ਨਿਜ ਸਰੂਪ ਕੋ ਜਾਨੈ।
ਇਸ ਕੋ ਗਜ਼ਾਨੀ ਗਜ਼ਾਨ ਬਖਾਨੈ ॥੩੫॥
ਚਉਥੀ ਭਗਤਿ ਰੂਪ ਸੁਨਿ ਲੇਹੁ।
ਕਲੀ ਕਾਲ ਇਹ ਮੁੱਖ ਲਖੇਹੁ[5]।
ਵਾਹਿਗੁਰੂ ਕੀਜਹਿ ਨਿਜ ਸ੍ਵਾਮੀ।
ਸਕਲ ਸ਼ਕਤਿ ਯੁਤਿ ਅੰਤਰਜਾਮੀ ॥੩੬॥
ਆਪ ਬਨਹਿ ਦਾਰਾ ਪ੍ਰਭੁ ਕੇਰੀ।
ਪਤੀਬ੍ਰਤਾ ਕੀ ਰੀਤਿ ਬਡੇਰੀ।
ਤਨ ਮਨ ਧਨ ਸਭਿ ਅਰਪਹਿ ਪਤਿ ਕੌਂ।

---

[1]ਬ੍ਰਹਮਾਂ ਦਾ ਲੋਕ।
[2]ਭਾਵ ਕਾਂ ਦੇ ਵਿਸ਼ਟਾ ਤੁੱਲ ਜਾਣੇ।
[3]ਮਨ ਕਰਕੇ ਬੰਧਾਇਮਾਨ ਨਹੀਂ ਹੁੰਦੇ।
[*]ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਸਾਰਾ ਦੱਸ ਆਏ ਹਨ, ਦੇਖੋ ਪੂਰਬਾਰਧ ਅਧਜ਼ਾਯ ੪੮।
[4]ਯਥਾਰਥ।
[5]ਸ੍ਰੇਸ਼ਟ ਜਾਣੋਂ।

ਪਜਾਰੋ ਪਰਮ ਪ੍ਰੇਮ ਕਰਿ[++] ਚਿਤ ਕੌ ॥੩੭॥
ਪਤਿ ਰਜਾਇ ਮਹਿਂ ਰਾਜ਼ੀ ਰਹੈ।
ਬਿਛੁਰੇ, ਨਿਤਿ ਮਿਲਿਬੇ ਕਹੁ ਚਹੈ।
ਜਾਵਤ ਮਿਲਹਿ ਨ, ਰਚਹਿ ਉਪਾਈ[1]।
ਅਹੈ ਸੁਖਦ ਪਤਿ ਬਿਨ ਦੁਖਦਾਈ ॥੩੮॥
ਦੀਰਘ ਸ੍ਵਾਸ ਪਰੀ ਮੁਖ ਪੀਰੀ।
ਅੱਸ਼੍ਰੂ ਬਹਹਿਂ, ਧਰਹਿ ਨਹਿਂ ਧੀਰੀ।
ਜੋ ਤਿਸ ਪਤਿ ਕੀ ਬਾਤ ਸੁਨਾਵੈ।
ਸੇਵਾ ਕਰਹਿ ਪ੍ਰੇਮ ਕੋ ਲਾਵੈ ॥੩੯॥
ਪਤਿ ਪਰਮੇਸੁਰ ਪ੍ਰੇਮ ਪਛਾਨੈ।
ਮਿਲਹਿ ਪ੍ਰਿਯਾ[2] ਸੋਂ ਰਲੀਆ ਠਾਨੈ[*]।
ਤਿਨ ਕੇ ਬਸਿ ਹੁਇ ਫਿਰਹਿ[3] ਪਿਛਾਰੀ।
ਇਮਿ ਹਰਿ ਭਗਤਿ ਲੇਹੁ ਉਰ ਧਾਰੀ' ॥੪੦॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਤੀਨਹੁ ਭਗਤਿ ਭਏ ਸੁਖ ਪਾਏ।
ਸਤਿਸੰਗਤਿ ਕੀ ਸੇਵਾ ਲਾਗੇ।
ਪ੍ਰੇਮ ਪ੍ਰਮੇਸੁਰ ਕੋ ਮਨੁ ਜਾਗੇ ॥੪੧॥
ਮੱਲੂ ਸ਼ਾਹੀ ਆਦਿਕ ਸਾਰੇ।
ਸ੍ਰੀ ਅੰਗਦ ਕੇ ਰਹੇ ਦੁਆਰੇ।
ਸ਼੍ਰੀ ਗੁਰੁ ਅਮਰਦਾਸ ਢਿਗ ਰਹੈਂ।
ਕਰਿ ਸਿੱਖੀ ਕੋ ਸ਼ੁਭ ਗਤਿ ਲਹੈਂ ॥੪੨॥
ਇਨ ਸੋਂ ਮਿਲੇ ਅਪਰ ਸਿੱਖ ਹੋਏ।
ਸਤਿਗੁਰੁ ਜਸ ਕੋ ਰਿਦੇ ਪਰੋਏ।
ਬਡੇ ਭਾਗ ਜਿਨ ਕੇ ਜਗ ਜਾਗੇ।
ਗੁਰ ਮਿਲਿ ਪ੍ਰਭੂ ਪ੍ਰੇਮ ਮਹਿਂ ਪਾਗੇ[4] ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਜਨਿ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

[++]ਪਾ:-ਪਜਾਰੋ ਪਰਮੇਸਰ ਕਰਿ।
[1]ਜਦ ਤਕ ਨਾ ਮਿਲੇ ਉਪਾਉ ਕਰੇ।
[2]ਪਿਆਰੀ ਨਾਲ।
[*]ਪਾ:-ਮਾਨੈ।
[3](ਪਰਮੇਸੁਰ) ਫਿਰਦਾ ਹੈ।
[4]ਰਪ ਗਏ।

੧੩. [ਹਰੀਕੇ ਦਾ ਚੌਧਰੀ, ਖਡੂਰ ਦਾ ਮਦ ਪਾਨੀ ਚੌਧਰੀ ਤੇ ਸਿਖ ਚੋਰ ਪ੍ਰਸੰਗ]

੧੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੪

ਦੋਹਰਾ: ਏਕ ਬੇਰ ਸ੍ਰੀ ਗੁਰ ਗਏ, ਗ੍ਰਾਮ ਹਰੀਕੇ+ ਥਾਨ।
ਪ੍ਰਿਥਮ ਬਾਸ ਤਹਿਂ ਕੁਛ ਕਿਯੋ[1], ਪਹੁਂਚੇ ਮੇਲੀ ਜਾਨਿ ॥੧॥

ਚੌਪਈ: ਡੇਰਾ ਕਰਯੋ ਗ੍ਰਾਮ ਤਿਸ ਜਾਇ।
ਜਿਨ ਕੇ ਸੰਗ ਸਿੱਖ ਸਮੁਦਾਇ।
ਸੁਨਿ ਸੁਨਿ ਮਹਿਮਾ ਨਰ ਬਿਸਮਾਏ।
'ਸ੍ਰੀ ਨਾਨਕ ਗਾਦੀ ਇਨ ਪਾਏ' ॥੨॥
ਮੇਲੀ ਹੁਤੇ ਮਿਲੇ ਸਭਿ ਆਇ।
ਕਰਿ ਬੰਦਨ ਬੈਠੇ ਸਮੁਦਾਇ।
ਹੁਤੇ ਹਰੀ ਕੇ ਤਹਿਂ ਸਰਦਾਰਾ।
ਤਿਨ ਭੀ ਸੁਨਿ ਕਰਿ ਸੁਜਸ ਉਦਾਰਾ[2] ॥੩॥
-ਕਰਮਾਤਿ ਸਾਹਿਬ ਗੁਰ ਭਏ।
ਪੂਰਬ ਬਸਤਿ ਹੁਤੇ[3], ਜੋ ਗਏ-।
ਮਿਲਨਿ ਹੇਤੁ ਸੋ ਭੀ ਚਲਿ ਆਯੋ।
ਸੁਧਿ ਹਿਤ ਮਾਨਵ ਪ੍ਰਥਮ ਪਠਾਯੋ ॥੪॥
ਸ੍ਰੀ ਅੰਗਦ ਤਿਨ ਕੀ ਗਤਿ ਜਾਨੀ।
ਅਧਿਕ ਪਦਾਰਥ ਤੇ ਬਡ ਮਾਨੀ[4]।
ਯਾਂ ਤੇ 'ਏਕ ਪੰਘੂਰਾ[5] ਲਜਾਵੋ।
ਤਿਸ ਬੈਠਨਿ ਕੇ ਹੇਤ ਡਸਾਵੋ' ॥੫॥
ਦਾਸ ਆਨਿ ਤਤਕਾਲ ਬਿਛਾਵਾ।
ਇਤਨੇ ਮਹਿਂ ਚਲਿ ਕਰਿ ਸੋ ਆਵਾ।
ਕੇਤਿਕ ਸੰਗ ਲੋਕ ਤਹਿਂ ਆਏ।
ਸਭਿਨਿ ਦੇਖਿ ਕੈ ਸੀਸ ਨਿਵਾਏ ॥੬॥
ਤਿਨ ਮਹਿਂ ਮਾਨੀ ਜੋ ਸਰਦਾਰ।
ਨਹੀਂ ਪੰਘੂਰੇ ਦਿਸ਼ਿ ਪਗ ਧਾਰਿ[6]।

+ਨਾਂਗੇ ਦੀ ਸਰਾਂ (ਮੁਕਤਸਰ) ਦੇ ਕੋਲ ਇਹ ਹਰੀਕੇ ਪਿੰਡ ਹੈ।
[1]ਪਹਿਲੇ ਕੁਛ (ਸਮਾਂ ਗੁਰੂ ਜੀ) ਓਥੇ ਵਾਸਾ ਕਰ ਆਏ ਹੋਏ ਸਨ।
[2]ਬੜਾ।
[3]ਪਹਿਲੇ ਜੋ ਇੱਥੇ ਵਸਦੇ ਹੁੰਦੇ ਸਨ।
[4]ਭਾਵ ਸ਼ਾਹੂਕਾਰ ਹੋਣ ਕਰਕੇ ਹੰਕਾਰੀ ਹੈ।
[5]ਪੀੜ੍ਹਾ, ਮੂੜ੍ਹਾ।
[6]ਚਰਨ ਨਾ ਰਖੇ।

ਸ਼੍ਰੀ ਗੁਰ ਤਰੇ ਪ੍ਰਯੰਕ[1] ਨਿਹਾਰਾ।
-ਤਰੇ ਨ ਬੈਠੌਂ- ਇਮ ਜਿਯ ਧਾਰਾ ॥੭॥
ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ।
ਸਰਦਾਰੀ ਕੇ ਮਾਨ ਅਮੈਠਾ[2]।
ਮੂਰਖ ਨਹਿਂ ਜਾਨੀ ਬਡਿਆਈ।
-ਮੈਂ ਸਰਦਾਰ- ਲਖਹਿ ਗਰਬਾਈ[3] ॥੮॥
ਸ਼੍ਰੀ ਗੁਰ ਪਿਖਿ ਤੂਸ਼ਨ ਹੀ ਠਾਨੀ।
ਮੇਲੀ ਜਾਨਿ ਨ ਕਛੂ ਬਖਾਨੀ।
ਬੈਠਿ ਘਰੀ, ਘਰ ਗਮਨਜੋ ਮੂਢ।
ਮਹਿਮਾ ਲਖੀ ਨ ਗੁਨ ਗਨ ਗੂਢ ॥੯॥
ਪੀਛੇ ਸਿੱਖਜਨ ਗੁਰੁ ਸੰਗਿ ਕਹਜੋ।
'ਇਹੁ ਤੋ ਅਤਿ ਮੂਰਖ ਹੀ ਲਹਜੋ।
ਉਚਿਤ ਅਵਨਿ ਪਰ ਬੈਠਨਿ ਇਹਾਂ।
ਪੁਨ ਨ ਪੰਘੂਰੇ ਕੀ ਦਿਸ਼ ਲਹਾ[4] ॥੧੦॥
ਬਰਜਤਿ ਬਰਜਤਿ[5] ਜਾਇ ਸਿਰਾਨੇ।
ਬੈਠਜੋ, ਕੁਛ ਨ ਅਦਾਇਬ[6] ਜਾਨੇ।'
ਸੁਨਿ ਸ਼੍ਰੀ ਅੰਗਦ ਸਹਿਜ ਸੁਭਾਇ[*]।
ਬਾਕ ਬਖਾਨਜੋ ਸਭਿਨਿ ਸੁਨਾਇ ॥੧੧॥
'ਪਲਂਘ ਪੰਘੂਰਾ ਕਛੂ ਨ ਰਹਜੋ।
ਅਬਿ ਤੇ ਇਨ ਕੋ ਸਭਿ ਕਿਛੁ ਦਹਜੋ[7]।
ਕਰਨਿ ਬਿਅਦਬੀ ਬਡਿਅਨਿ ਕੇਰੀ।
ਨਾਸ਼ ਦੇਤਿ ਕਰਿ ਬਡਿਹੁਂ ਬਡੇਰੀ ॥੧੨॥
ਬਡਿਅਨਿ ਕੌ ਠਾਨਹਿਂ ਸਨਮਾਨਾ।
ਸੋ ਜਾਨਹੁ ਇਹੁ ਹੋਇ ਮਹਾਨਾ।'
ਤਬਿ ਤੇ ਘਟਤਿ ਘਟਤਿ ਘਟਿ ਗਏ।

---

[1]ਪਲੰਘ।
[2]ਨਾਲ ਆਕੜਿਆ।
[3]ਹੰਕਾਰ ਕਰਕੇ ਸਮਝਿਆ ਕਿ 'ਮੈਂ ਸਰਦਾਰ ਹਾਂ।'
[4]ਪਘੂੰੜੇ ਵੱਲ ਨਾ ਡਿੱਠੋ ਸੁ।
[5]ਵਰਜਦਿਆਂ, ਰੋਕਦਿਆਂ।
[6]ਅਦਬ।
[*]ਇਸ ਦਾ ਮਤਲਬ ਹੈ ਕਿ ਸ੍ਰਾਪ ਵਾਂਙੂ ਗ਼ੁੱਸੇ ਵਿਚ ਆਕੇ ਨਹੀਂ ਕਿਹਾ, ਸਹਿਜ ਸੁਭਾ ਬੇਅਦਬੀ ਦਾ ਫਲ ਜੋ ਮਿਲਣਾ ਹੈ ਸੋ ਦੱਸਿਆ, ਵਾਹਿਗੁਰੂ ਅਪਣੇ ਦੀ ਬੇਅਦਬੀ ਨਹੀਂ ਸਹਾਰਦਾ।
[7]ਦਾਹ ਹੋ ਜਾਏਗਾ।

ਨਹਿਂ ਉਕਸੇ[1] ਸੁ ਬਿਨਾਸ਼ੀ[2] ਭਏ ॥੧੩॥
ਇਸ ਪ੍ਰਕਾਰ ਗੁਰ ਫੇਰਾ ਪਾਇ।
ਬਹੁਰ ਖਡੂਰ ਬਿਰਾਜੇ ਆਇ।
ਸ਼੍ਰੀ ਅੰਗਦ ਨਿਤ ਬੇਪਰਵਾਹ।
ਨੀਰ ਕਮਲ ਸਮ ਲੇਪ ਨ ਕਾਹਿ ॥੧੪॥
ਬੁਰੀ ਭਲੀ ਕੁਛ ਸੁਨਹਿਂ ਨ ਕਹੈਂ।
ਅਪਨੇ ਪਰਚੇ ਮਹਿਂ ਨਿਤ ਰਹੈਂ।
ਆਸ਼੍ਰਮ ਬਰਨ ਰੀਤਿ ਜੋ ਧਰਿਹੀਂ।
ਸੋ ਗੁਰੁ ਸੰਗਤਿ ਕੋ ਨਹਿਂ ਕਰਿਹੀਂ ॥੧੫॥
ਇਕ ਸਮਾਨ ਆਸ਼੍ਰਮ ਅਰੁ ਧਰਮ।
ਸ਼੍ਰੀ ਗੁਰ ਕੇ ਇਨਿ ਤੇ ਨਿਹਭਰਮ[3]।
ਮਾਟੀ ਕੇ ਬਾਸਨ ਕੋ ਦੇਖਿ।
ਮਿਲਹਿਂ ਨ ਕਰਮ ਜੁ ਕਰਤਿ ਵਿਸ਼ੇਖ[4] ॥੧੬॥
ਪ੍ਰੇਮ ਭਗਤਿ ਪਰਮੇਸ਼ੁਰ ਕੇਰੀ।
ਉਪਦੇਸ਼ਹਿਂ, ਇਹ ਮੁੱਖਜ ਬਡੇਰੀ।
ਲੋਕ ਬੇਦ ਕੁਲ ਕਰਮ ਪ੍ਰਚਾਰਾ।
ਕਰਹਿਂ ਨਹੀਂ, ਅਰ ਭੈ ਨਹਿਂ ਧਾਰਾ ॥੧੭॥
ਯਾਂ ਤੇ ਲੋਕ ਸਮੀਪ ਨ ਆਵੈਂ।
ਦੇਖਿ ਦੂਰ ਤੇ ਸੀਸ ਨਿਵਾਵੈਂ।
ਸੰਗਤਿ ਕਰਹਿਂ ਨ ਬੈਠਹਿਂ ਪਾਸਿ।
ਸੁਨਹਿਂ ਨ ਬਚਨ ਭਾਗ ਘਟ ਜਾਸ[5] ॥੧੮॥
ਸ਼੍ਰੀ ਨਾਨਕ ਕੀ ਸੰਗਤਿ ਜੇਈ।
ਦੂਰ ਦੂਰ ਤੇ ਆਵਹਿ ਤੇਈ।
ਦਰਸ਼ਨ ਪਰਸਹਿਂ ਬਾਂਛਤਿ[6] ਪਾਵੈਂ।
ਬਹੁਰ ਆਪਨੇ ਸਦਨ ਸਿਧਾਵੈਂ ॥੧੯॥
ਹੁਤੋ ਚਉਧਰੀ ਤਿਸੀ ਗਿਰਾਉਂ।
ਭਾਉ ਭਗਤਿ ਕੋ ਲਖਹਿ ਨ ਨਾਉਂ।

---

[1]ਉੱਚੇ ਨਾ ਹੋਏ।
[2]ਨਾਸ਼।
[3]ਭਾਵ ਆਸ਼੍ਰਮ ਅਰ ਧਰਮਾਂ ਤੋਂ ਸ਼੍ਰੀ ਗੁਰੂ ਜੀ ਨਿਹਭਰਮ ਸਨ।
[4]ਭਾਵ ਕਰਮਕਾਂਡੀ ਨਹੀਂ ਮਿਲਦੇ ਸਨ।
[5]ਜਿਨ੍ਹਾਂ ਦੇ ਭਾਗ ਘੱਟ ਨਹੀਂ ਹਨ।
[6]ਮਨਇੱਛਤ।

ਨਿਤਾਪਤ੍ਰੀ ਬਹੁਤੋ ਮਦਪਾਨੀ[1]।
ਸਭਿ ਕੋ ਬਕਹਿ ਖੋਟਿ ਬਡਿ ਬਾਨੀ ॥੨੦॥
ਮਿਰਗੀ ਰੋਗ ਹੁਤੋ ਤਿਸ ਭਾਰੀ।
ਬਜ਼ਾਕੁਲ ਕਰਹਿ ਉਠਹਿ ਜਿਸ ਬਾਰੀ।
ਏਕ ਦਿਵਸ ਤਿਸ ਕੇ ਮਨ ਆਈ।
ਸੁਨਿ ਪਿਖਿ ਸ਼੍ਰੀ ਅੰਗਦ ਬਡਿਆਈ ॥੨੧॥
ਤਬਿ ਸਮੀਪ ਗੁਰ ਕੇ ਚਲਿ ਆਯੋ।
ਅਪਨੋ ਸਰਬ ਬ੍ਰਿਤਾਂਤ ਸੁਨਾਯੋ।
'ਆਪ ਤਪਾ ਜੀ! ਪਰਮ ਕ੍ਰਿਪਾਲੁ।
ਸਭਿ ਭਾਖਹਿਂ ਤੁਮ ਸੁਜਸੁ ਬਿਸਾਲ ॥੨੨॥
ਰੋਗ ਅਧਿਕ ਮੇਰੇ ਤਨ ਮਾਂਹੀ।
ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ।
ਤਬਿ ਪ੍ਰਤੀਤ ਉਰ ਮੋ ਕਹੁ ਆਵੈ।
ਜਿਮਿ ਇਹੁ ਕੀਰਤਿ ਬ੍ਰਿੰਦ ਸੁਨਾਵੈ[2]' ॥੨੩॥
ਸੁਨਿ ਕ੍ਰਿਪਾਲੁ ਇਹੁ ਬਾਕ ਬਖਾਨਾ।
'ਜੇਕਰਿ ਤਜਾਗ ਦੇਹਿਂ ਮਦਪਾਨਾ।
ਮਿਰਗੀ ਬਹੁਰ ਨ ਉਠਹਿ ਕਦਾਈ।
ਤਨ ਅਰੋਗ ਤੇਰੋ ਹੁਇ ਜਾਈ ॥੨੪॥
ਜੇ ਆਇਸੁ ਉਲੰਘਹਿਂ ਕਿਤ ਕਾਲਾ।
ਕਰਹਿਂ ਪਾਨ ਮਦ, ਹੋਇਂ ਨ ਟਾਲਾ।
ਤਹਿ ਮਿਰਗੀ ਹੋਵਹਿ ਤਨ ਆਨਿ।
ਜਿਸ ਤੇ ਬਿਨਸ ਜਾਹਿਂ ਤਵ ਪ੍ਰਾਨ' ॥੨੫॥
ਸੁਨਿ ਬੰਦਨ ਕਰਿ ਸਦਨ ਸਿਧਾਰਾ।
ਤਜਾਗ ਦੀਨ ਮਦ ਪਾਨ ਕੁਢਾਰਾ[3]।
ਰੋਗ ਮ੍ਰਿਗੀ ਕੋ ਭਯੋ ਬਿਨਾਸਾ।
ਸਦਾ ਅਰੋਗੀ ਹੋਇ ਹੁਲਾਸਾ ॥੨੬॥
ਚਿਰੰਕਾਲ ਸੁਖ ਭੋਗਯੋ ਪੀਨਾ।
ਮਨ ਕਠੋਰ ਨਹਿਂ ਕੀਨ ਪਤੀਨਾ।
ਭੂਲ ਗਯੋ ਜੜ੍ਹ ਗੁਰ ਕੇ ਬੈਨਿ।

---

[1]ਸ਼ਰਾਬ ਪੀਣ ਵਾਲਾ।
[2]ਭਾਵ, ਸਿੱਖ ਸਾਰੇ ਆਪ ਦਾ ਯਸ ਜਿਵੇਂ ਸੁਣਾਉਂਦੇ ਹਨ।
[3]ਸ਼ਰਾਬ ਪੀਣ ਦੀ ਖੋਟੀ ਚਾਲ।

ਪਤਾ ਨਿਹਾਰਿ ਲੀਨ ਭੀ ਨੈਨ[1] ॥੨੭॥
ਇਕ ਦਿਨ ਸ਼ਜਾਮ[2] ਘਟਾ ਘੁਮਡਾਈ।
ਭਈ ਠੰਢ ਬੂੰਦੈਂ ਬਰਖਾਈ।
ਚਲਹਿ ਬਾਯੁ ਸੁਖ ਦੇਵਨ ਹਾਰੀ।
ਮਧੁਰ ਮਧੁਰ ਗਰਜਤਿ ਘਟ ਕਾਰੀ[3] ॥੨੮॥
ਤਬ ਹੀ ਮਦਰਾ ਲੀਨ ਮੰਗਾਈ।
ਉਮਗਯੋ ਰਿਦਾ ਰਹਯੋ ਨਹਿਂ ਜਾਈ।
ਕਰਯੋ ਪਾਨ ਮੁਖ, ਨੁਕਲ[4] ਮੰਗਾਇ।
ਖਾਵਤਿ ਚਢਯੋ ਅਮਲ[5] ਉਰ ਛਾਇ ॥੨੯॥
ਜਾਇ ਅਰੂਢਯੋ[6] ਬਹੁਰ ਅਟਾਰੀ।
ਪਿਖਿਨ ਬਹਾਰ ਬਰਖਤੋ ਬਾਰੀ[7]।
ਗੁਰ ਦਿਸ਼ ਊਚੇ ਕਹਯੋ ਪੁਕਾਰਾ।
ਕਰਿ ਮਦਪਾਨ ਭਯੋ ਮਤਵਾਰਾ[8] ॥੩੦॥
'ਤਪਾ! ਹਟਾਯੋ ਹੁਕਮ ਤੁਮਾਰਾ।
ਬੂੰਦੈਂ ਬਰਖਤਿ, ਬਡੀ ਬਹਾਰਾ।
ਰਹਯੋ ਨ ਜਾਹਿ ਮੋਹਿ ਤੇ ਕੈਸੇ।
ਪਾਵਤਿ ਅਤਿ ਪ੍ਰਮੋਦ ਮੈਂ ਐਸੇ' ॥੩੧॥
ਸ਼੍ਰੀ ਅੰਗਦ ਸੁਨਿ ਬਿਕਸੇ ਤਬੈ।
ਕਹਯੋ, 'ਸੁਚੇਤ[9] ਹੋਹੁ ਤੂੰ ਅਬੈ!
ਛੁਟਿ ਮਿਰਗੀ, ਆਈ ਦਿਸ਼ ਤੋਹਿ*।

---

[1]ਪਤੀਆਂ ਅੱਖੀਂ ਦੇਖ ਬੀ ਲਿਆ।
[2]ਕਾਲੀ।
[3]ਕਾਲੀ ਘਟਾ।
[4]ਨੁਕਲ = ਸ਼ਰਾਬ ਦੇ ਪਿੱਛੋਂ ਮੂੰਹ ਸੁਆਰਨ ਲਈ ਕੋਈ ਖਾਣ ਦੀ ਚੀਜ਼ [ਅ:-ਨੁਕ਼ਲ]।
[5]ਨਸ਼ਾ।
[6]ਚੜ੍ਹ ਗਿਆ।
[7]ਬਰਸਦੇ ਜਲ ਦੀ ਬਹਾਰ।
[8]ਮਸਤ।
[9]ਹੁਸ਼ਿਆਰ।
*ਹਰੀਕੇ ਦੇ ਚੌਧਰੀ ਦੀ ਅਵੱਗਜਾ ਤੇ ਖਡੂਰ ਦੇ ਚੌਧਰੀ ਦੀ ਮਦਪਾਨ ਤੋਂ ਮਿਰਗੀ ਦਾ ਮੁੜ ਪੈਣਾਂ ਤੇ ਉਸ ਦਾ ਡਿਗ ਕੇ ਮਰਨਾ ਉਨ੍ਹਾਂ ਦੇ ਕੁਕਰਮਾਂ ਦੇ ਦੰਡ ਹਨ, ਸਤਿਗੁਰੂ ਜੀ ਦੇ ਚਿੱਤ ਕੋਈ ਖੋਭ ਹੋਇਆ ਤਾਂ ਗੁੱਸਾ ਆਇਆ ਤੇ ਦੰਡ ਦੀ ਸ਼ਕਲ ਫੁਰੀ ਏਹ ਭਾਵ ਉਨ੍ਹਾਂ ਦੇ ਸਦਾ ਅਛੋਭ ਸੁਭਾਵ ਦੇ ਵਿਰੁੱਧ ਹਨ। ਇਸੇ ਲਈ ਕਵੀ ਜੀ ਨੇ ਪਿੱਛੇ ਇਸੇ ਅੰਸੂ ਦੇ ਅੰਕ ੧੧ ਵਿਚ ਕਿਹਾ ਹੈ ਕਿ 'ਸੁਨ ਸ਼੍ਰੀ ਅੰਗਦ ਸਹਿਜ ਸੁਭਾਇ।' ਤੇ ਹੁਣ ਆਖ ਰਹੇ ਹਨ, 'ਸ਼੍ਰੀ ਅੰਗਦ ਸੁਨਿ ਬਿਕਸੇ ਤਬੈ' ਤੇ ਅੱਗੇ ਚੱਲਕੇ ਅੰਸੂ ੨੩ ਵਿਚ ਜੋ ਤਪੇ ਨੂੰ ਗੁਰੂ ਅਮਰ ਦਾਸ ਜੀ ਨੇ ਉਸ ਦੀ ਕਰਨੀ ਦਾ ਫਲ ਭੁਗਾਇਆ ਹੈ ਤਿਸ ਤੇ ਗੁਰੂ ਅੰਗਦ ਦੇਵ ਜੀ ਉਨ੍ਹਾਂ ਨਾਲ ਉਦਾਸ ਹੋ

ਹੁਕਮ ਹਟਾਵਨਿ ਕੀਨਸਿ ਮੋਹਿ ॥੩੨॥
ਬਾਂਧੀ ਹੁਤੀ ਹੁਕਮ ਕੀ ਏਹੀ।
ਹੁਕਮ ਨ ਰਹਜੋ, ਟਿਕਹਿ ਕਬਿ ਕੇਹੀ।'
ਤਤਛਿਨ ਉਠੀ[1] ਚੌਧਰੀ ਜਾਇ।
ਗਿਰਜੋ ਅਟਾਰੀ ਤੇ ਉਥਲਾਇ[2] ॥੩੩॥
ਸੀਸ ਧਰਾ ਪਰ[+] ਲਾਗਜੋ ਜਬੈ।
ਫੂਟਜੋ ਨਿਕਸਿ ਮੀਝ[3] ਤਿਹ ਤਬੈ।
ਤਤਛਿਨ ਮਰਜੋ ਮੁਗਧ ਦੁਖ ਪਾਇ।
ਲਿਯੋ ਸਬੰਧਨਿ[++] ਦਿਯੋ ਜਲਾਇ ॥੩੪॥

ਸੋਰਠਾ: ਸਤਿਗੁਰ ਸੋਂ ਉਪਹਾਸ[4],
ਕਰੇ ਗਰਬ ਧਰਿ ਮੂਢ ਮਤਿ।
ਤਤਛਿਨ ਹੋਹਿ ਬਿਨਾਸ਼,
ਪਰਹਿ ਨਰਕ ਮਰਿ ਕੈ ਅਗਤਿ[5] ॥੩੫॥

ਚੌਪਈ: ਇਕ ਸੇਵਕ ਸੰਗਤਿ ਕੇ ਮਾਂਹਿ।
ਕਹਜੋ ਨ ਮਾਨਹਿਂ ਸੇਵਹਿ ਨਾਂਹਿ।
ਕਿਸੁ ਕੇ ਕਹੇ ਟਹਿਲ ਨਹਿਂ ਕਰੇ।
ਚਿਰੰਕਾਲ ਤਿਨ ਅਸ ਬੁਧਿ ਧਰੇ ॥੩੬॥
-ਜੋ ਗੁਰ ਕਹਹਿਂ ਕਾਜ ਸੋ ਕਰਿਹੌਂ।
ਆਨ ਬਾਕ ਕੇ ਕਾਨ ਨ ਧਰਿਹੌਂ-।
ਚਿਰੰਕਾਲ ਬੀਤਜੋ ਤਹਿਂ ਰਹੇ।
ਇਕ ਦਿਨ ਸ਼੍ਰੀ ਬੁੱਢੇ ਬਚ ਕਹੇ ॥੩੭॥
'ਗੁਰ ਸੰਗਤਿ ਮਹਿਂ ਭਲੋ ਰਹਾਵਨਿ।
ਭਜਨ ਟਹਿਲ ਕਰਿ ਕਾਲ ਬਿਤਾਵਨਿ।
ਬੈਠੇ ਦੇਹਿ ਕਾਜ ਕਿਸ ਆਇ।

ਕੇ ਮੂੰਹ ਹੀ ਨਹੀਂ ਸਨ ਦਿਖਾਲਦੇ ਤੇ ਵਾਕ ਬੀ ਇਹੋ ਕਹੇ ਨੇ- 'ਸਤਿਗੁਰ ਕੋ ਘਰ ਹੈ ਨਿਤ ਨੀਵਾ॥ ਹੋਨ ਹੰਕਾਰ ਥਾਨ ਨਹਿਂ ਥੀਵਾ॥' ਦੂਸਰੇ ਇਹ ਆਤਮ ਸੱਤਜਾ ਦੇ ਕੌਤਕ ਹਨ। ਹੁਕਮ ਨਾਲ ਹਟੀ ਸੀ, ਹੁਕਮ ਟੁਟਦਿਆਂ ਆ ਗਈ। ਹਰੀਕੇ ਚੌਧਰੀ ਦੀ ਕਥਾ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

[1]ਭਾਵ ਮਿਰਗੀ ਉਠੀ।
[2]ਉਲਟ ਕੇ।
[+] ਪਾ:-ਪਗ।
[3]ਮਿੱਝ।
[++] ਪਾ:-ਸੰਬੰਧੀ।
[4]ਹਾਸੀ, ਮਖ਼ੌਲ।
[5]ਬੇਗਤ।

ਛੁਹੈ ਨ ਕੋਈ[1] ਮ੍ਰਿਤੁ ਜਬ ਪਾਇ' ॥੩੮॥
ਕਹਨਿ ਲਗਜੋ 'ਗੁਰ ਬਾਕ ਕਹੈਂ ਜਿਮਿ।
ਟਹਲ ਕਰੌਂ ਤਿਸ ਕਾਲ ਭਲੇ ਤਿਮ।
ਕਹਜੋ ਅਪਰ ਕੋ ਮਾਨੌਂ ਨਾਂਹੀ।
ਯਹਿ ਨਿਸ਼ਚੈ ਮੇਰੇ ਮਨ ਮਾਂਹੀ' ॥੩੯॥
ਬਹੁਰ ਤਿਸੇ ਬੀਤਾ ਚਿਰਕਾਲ।
ਇਕ ਦਿਨ ਬੋਲਜੋ ਸ਼੍ਰੀ ਗੁਰੁ ਨਾਲਿ।
'ਬਹੁਤ ਦਿਵਸ ਕੋ ਮੈਂ ਅਭਿਲਾਖੀ।
ਨਿਜ ਮੁਖ ਤੇ ਕਛੁ ਸੇਵ ਨ ਭਾਖੀ' ॥੪੦॥
ਕਰਜੋ ਬਾਕ ਤਬ ਬੇਪਰਵਾਹਿ।
'ਅਗਨਿ ਜਰਹੁ, ਇਹੁ ਸੇਵਾ ਆਹਿ।'
ਸੁਨਿ ਤਬਿ ਗਮਨਜੋ ਬਨ ਕੇ ਮਾਂਹੀ।
ਲਕਰੀ ਕਰੀ ਬਟੋਰਨਿ[2] ਤਾਂਹੀ ॥੪੧॥
ਅਗਨਿ ਪ੍ਰਜੁਲਤ[3] ਹੇਰਿ ਕਰਿ ਡਰਜੋ।
ਗੁਰ ਬਚ ਪਰਿ ਨਹਿਂ ਟਿਕਬੋ ਕਰਜੋ।
ਇਕ ਤਸਕਰ[4] ਚੋਰੀ ਕੋ ਮਾਲ।
ਲੀਯੇ ਜਾਤ ਆਯੋ ਤਿਸ ਕਾਲ ॥੪੨॥
ਪਿਖਿ ਅਚਰਜ ਕੋ ਪੂਛਨ ਕਰਜੋ।
'ਇਹ ਕਯਾ ਕਰਤਿ ਇਹਾਂ ਤੈ ਖਰਜੋ?'
'ਗੁਰ ਕੋ ਬਚ ਮੋ ਕਹੁ' ਤਿਨ ਕਹਜੋ।
'-ਜਰੋ ਅਗਨਿ- ਅਬ ਜਾਇ ਨ ਦਹਜੋ[5]' ॥੪੩॥
ਤਿਸ ਕੋ ਗਰਬ ਬਿਨਾਸ਼ਨਿ ਹੇਤ।
ਬੋਲਜੋ ਤਸਕਰ ਹੋਇ ਸੁਚੇਤ।
'ਮੈਂ ਕਲਮਲ ਕੀਨੇ ਸੁਮਦਾਇ।
ਇਹਾਂ ਜਰੇ ਤੇ ਸਭਿ ਮਿਟ ਜਾਇਂ ॥੪੪॥
ਮੋ ਤੇ ਦਰਬ ਸਰਬ ਅਬ ਲੇਵੋ।
ਸ਼੍ਰੀ ਗੁਰ ਬਾਕ ਮੋਲ ਮੁਝ ਦੇਵੋ।'
ਸੁਨਿ ਕੈ ਧਨ ਲੀਨਸਿ ਲਲਚਾਇ।

---

[1]ਭਾਵ ਦੇਹ ਨੂੰ ਕੋਈ ਨਹੀਂ ਛੁਂਹਦਾ।
[2]ਇਕੱਠੀ।
[3]ਜਲਦੀ ਹੋਈ।
[4]ਚੋਰ।
[5]ਸੜਿਆ ਨਹੀਂ ਜਾਂਦਾ।

ਤਬ ਤਸਕਰ ਤਨ ਦੀਨ ਜਲਾਇ ॥੪੫॥
ਸੁਰ ਪੁਰਿ[1] ਤੇ ਬਿਬਾਨ ਚਲਿ ਆਵਾ।
ਸਾਦਰ ਕਹਿ ਕੈ ਤੁਰਤ ਚਢਾਵਾ।
ਸੁਖ ਅਨੰਤ ਮਹਿਂ ਜਾਇ ਰਹਜੋ ਹੈ।
ਗੁਰ ਬਚ ਤੇ ਅਘ ਦੇਹਿ[2] ਦਹਜੋ ਹੈ ॥੪੬॥
ਲੋਭ ਧਾਰਿ ਸਿਖ ਗਮਨਜੋ ਘਰ ਕੋ।
ਗਹਜੋ ਨਰਨ ਤਿਸ ਲਖਿ ਤਸਕਰ ਕੋ[3]।
ਕੋਟਵਾਰ[4] ਕੇ ਕਰਜੋ ਅਗਾਰੀ।
ਤਿਨ ਦੇਖਤਿ ਹੀ ਗਿਰਾ ਉਚਾਰੀ ॥੪੭॥
'ਛੀਨ ਲੇਹੁ ਤਿਸ ਕੋ ਸਭਿ ਮਾਲ।
ਫਾਂਸੀ ਦੇਹੁ ਜਾਇ ਤਤਕਾਲ।'
ਹੁਕਮ ਮਾਨਿ ਫਾਂਸੀ ਤਿਸ ਦੀਨਾ।
ਮੂਰਖ ਮਰਜੋ ਧਰਮ ਤੇ ਹੀਨਾ ॥੪੮॥
ਗੁਰੂ ਬਚਨ ਪਰ ਜਿਹ ਪਰਤੀਤਿ।
ਤਿਸਹਿ ਮਿਲਹਿ ਊਚੋ ਪਦ ਨੀਤਿ।
ਤਜਹਿ ਬਾਕ ਧਰਿ ਲੋਭ ਬਿਸਾਲਾ।
ਪਾਵਹਿ ਨਰਕ ਤੁਰਤ ਹੁਇ ਕਾਲਾ[5] ॥੪੯॥

ਦੋਹਰਾ: ਗੁਰੂ ਸੰਤ ਤੇ ਲਾਭ ਤਿਹ, ਗੁਰਮੁਖ ਦ੍ਰਿੜ ਮਤਿ ਜੋਇ।
ਮਨਮੁਖ ਚੰਚਲ ਸਿੱਖ ਕੋ, ਸਿੱਖੀ ਉਲਟੀ ਹੋਇ ॥੫੦॥
ਮਹਿਮਾ ਸਤਿਗੁਰ ਬਚਨ ਕੀ, ਦੇਖਹੁ ਪੁੰਨ ਪ੍ਰਮਾਨ[6]।
ਬਿਮੁਖ ਭਯੋ ਸਿਖ ਫਾਂਸ ਤਿਸ, ਤਸਕਰ ਸ੍ਵਰਗ ਮਹਾਨ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖ ਤਸਕਰ' ਪ੍ਰਸੰਗ ਬਰਨਨੰ ਨਾਮ ਤ੍ਰੌਦਸ਼ਮੋਂ ਅੰਸੂ ॥੧੩॥

---

[1]ਦੇਵਤਿਆਂ ਦੀ ਪੁਰੀ।
[2]ਪਾਪੀ ਦੇਹ।
[3]ਕੋਈ ਚੋਰ ਜਾਣ ਕੇ।
[4]ਕੋਤਵਾਲ।
[5]ਮੌਤ।
[6]ਭਾਵ ਪ੍ਰਤੱਖਜ।

੧੪. [ਸ੍ਰੀ ਗੁਰ ਅਮਰ ਦਾਸ ਜੀ ਦੀ ਮੁੱਢਲੀ ਕਥਾ]

੧੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੫

ਨਿਸਾਨੀ ਛੰਦ: ਸੰਗ ਬਾਲਿਕਨਿ ਖੇਲਹੀਂ, ਨਿਤਿ ਗੁਰੂ ਕ੍ਰਿਪਾਲਾ।
ਹਰਖ ਸ਼ੋਕ ਨਹਿਂ ਜਿਨਹੁਂ ਕੇ, ਇਕ ਰਸ ਸਭਿ ਕਾਲਾ।
ਦੀਨ ਬੰਧੁ ਤਾਰਨ ਤਰਨ, ਸਿੱਖੀ ਬਿਦਤਾਏ।
ਜਗੇ ਭਾਗ ਜਿਨ ਨਰਨਿ ਕੇ, ਚਰਨੀ ਲਪਟਾਏ ॥੧॥
ਕਰੋਂ ਨਿਰੂਪਨ ਅਬਿ ਕਥਾ, ਭੱਲਜਨ ਕੁਲ ਟੀਕਾ[1]।
ਆਇ ਮਿਲੇ ਜਿਸ ਰੀਤਿ ਸੋਂ, ਸੇਵਨ ਕਿਯ ਨੀਕਾ।
ਇਕ ਬਾਸੁਰਕੇ* ਗ੍ਰਾਮ ਹੈ, ਤਹਿਂ ਬਸਹਿ ਨਿਕੇਤੰ।
ਤੇਜੋ ਛੱਤ੍ਰੀ+ ਭਾਗ ਬਡ, ਨਿਸ ਦਿਨ ਪ੍ਰਭੁ ਚੇਤੰ[2] ॥੨॥
ਭਲੇ ਕਰਮ ਮਹਿਂ ਪ੍ਰੀਤਿ ਉਰ, ਭੱਲਜਨ[3] ਕੁਲ ਮਾਂਹੀ।
ਧੀਰਜ ਧਰਮ ਬਿਸ਼ਾਲ ਜਿਹ, ਅਵਗੁਨ ਚਿਤ ਨਾਂਹੀ।
ਤਿਨ ਕੇ ਸੁਤ ਉਤਪਤਿ ਭਏ, ਸ੍ਰੀ ਅਮਰ ਬਡੇਰੇ।
ਅਪਰ ਭਏ ਪੁਨ ਤੀਨ ਸੁਤ, ਹਰਖਤਿ ਭਾ ਹੇਰੇ ॥੩॥
ਖੇਤੀ ਕ੍ਰਿਤਿ ਕੋ ਸੁਤ ਕਰਹਿਂ, ਤੇਜੋ ਸੁਖ ਪਾਵੈ।
ਬੈਠਿ ਰਹਹਿ ਸਿਮਰਹਿ ਪ੍ਰਭੂ, ਭਗਤੀ ਚਿਤ ਲਾਵੈਂ।
ਬਜਾਹ ਕਰੇ ਸਭਿ ਸੁਤਨਿ ਕੇ[4], ਪਿਖਿ ਸਹਿਜ ਸੁਨੂਖਾ[5]।
ਉਰ ਮਹਿਂ ਅਧਿਕ ਪ੍ਰਮੋਦ[6] ਹੀ, ਬਡ ਭਾਗ ਅਦੂਖਾ[7] ॥੪॥
ਆਪੋ ਅਪਨੇ ਕਾਜ ਮਹਿਂ, ਚਾਰਹੁਂ ਸੁਤ ਲਾਗੇ।
ਬੀਤ ਗਯੋ ਚਿਰ ਕਾਲ ਹੀ, ਪੌਤ੍ਰੇ ਪਿਖਿ ਆਗੇ।
ਅਮਰਦਾਸ ਨਿਜ ਬਾਸ[8] ਮਹਿਂ,
ਚਿਰਕਾਲ ਬਿਤਾਵਾ।
ਇਕ ਦਿਨ ਰਿਦੈ ਬਿਚਾਰਿਓ
-ਹੁਇ ਬੈਸ ਬਿਹਾਵਾ ॥੫॥

---

[1]ਭਾਵ ਗੁਰੂ ਅਮਰ ਦਾਸ ਜੀ ਦੀ।
*ਸ੍ਰੀ ਅੰਮ੍ਰਿਤਸਰ ਜੀ ਤੋਂ ਪੰਜ ਛੇ ਮੀਲ ਤੇ ਹੈ।
+ਪਾ:-ਖੱਤ੍ਰੀ।
[2]ਸਿਮਰਦੇ।
[3]ਭੱਲੇ, ਖੱਤ੍ਰੀਆਂ ਦੀ ਇਕ ਜਾਤ ਹੈ।
[4]ਸਪੁੱਤ੍ਰਾਂ ਦੇ।
[5]ਨੂੰਹਾਂ ਦੇ।
[6]ਅਨੰਦ ਹੁੰਦਾ ਹੈ।
[7]ਦੁਖਾਂ ਤੋਂ ਰਹਿਤ ਹੈ।
[8]ਘਰ।

ਦੋਹਰਾ: ਕਰਤਿ ਬਨਜ ਫੇਰੋ ਫਿਰਹਿਂ,
ਧਰਮ ਸਹਿਤ ਕ੍ਰਿਤਿ ਠਾਨਿ।
ਹੁਇ ਅਦੋਸ਼ ਜਿਮਿ ਜੀਵਕਾ[1],
ਨਿਰਬਾਹਤਿ ਗੁਜ਼ਰਾਨ ॥੬॥

ਨਿਸਾਨੀ ਛੰਦ: ਕਰਹਿਂ ਅਬਹਿ ਸ਼ੁਭ ਕਰਮ ਕੋ,
ਸੁਖ ਹੁਇ ਪਰਲੋਕੰ।
ਨਾਂਹਿਤ ਰਾਗ ਰੁ ਦ੍ਵੈਸ਼[2++] ਮਹਿਂ,
ਲਹਿਂ ਹਰਖ ਰੁ ਸ਼ੋਕੰ[3]।
ਦੇਯ ਦਮਾਮਾ ਆਨਿ ਜਮ, ਕਛੁ ਹ੍ਵੈ ਨ ਉਪਾਈ।
ਪਛੁਤਾਵਹਿਂ ਨਿਜ ਸਿਰ ਧੁਨਹਿਂ, ਬਯ ਬਾਦ[4] ਬਿਤਾਈ ॥੭॥
ਤੀਰਥ ਕੈ ਤਪਸਾ ਕਰਹਿਂ, ਅਬ ਸਮੋ ਹਮਾਰਾ।
ਤਰੁਨ[5] ਅਵਸਥਾ ਇਹ ਬਨਹਿ, ਬ੍ਰਿਧ ਤਨ ਬਲ ਹਾਰਾ-।
ਇਤਜਾਦਿਕ ਤਰਕਤਿ[6] ਰਿਦੈ, ਪੁਨ ਨਿਸ਼ਚੈ ਕੀਨਾ।
-ਸੇਵਨਿ ਗੰਗਾ ਕੋ ਕਰਹਿਂ, ਕਲਿ ਮਹਿਂ ਅਘ ਛੀਨਾ ॥੮॥
ਖਸ਼ਟ ਮਾਸ ਕੋ ਪ੍ਰਨ ਕਰਜੋ, ਬਾਹਨ ਬਿਨੁ ਚਾਲੇ[7]।
ਸੁਰਸਰਿ[8] ਨੀਰ ਸ਼੍ਨਾਨਹੀ, ਧਰਿ ਹਰਖ ਬਿਸਾਲੇ[9]।
ਰਿਦੇ ਕਾਮਨਾ ਹੀਨ ਹੁਇ, ਪੂਜਹਿਂ ਥਿਤ ਤੀਰਾ।
ਚੰਦਨ ਚਰਚਤਿ[10] ਕੁਸਮ[11] ਗਨ, ਅਰਪਹਿਂ ਉਰ ਧੀਰਾ ॥੯॥
ਦੇਵਹਿਂ* ਧੂਪ ਸੁ ਨੰਮ੍ਰ ਹੁਇ, ਜਲ ਡਾਲਿ ਪਤਾਸੇ।
ਬਰਤ ਕਰਹਿਂ ਤਿਸ ਕੂਲ[12] ਪਰ, ਰਹਿ ਕਰ ਉਪਵਾਸੇ[13]।

---

[1]ਜਿਵੇਂ ਪਾਪ ਤੋਂ ਬਿਨਾਂ ਰੋਜ਼ੀ ਤੁਰੇ।
[2]ਮਿੱਤ੍ਰਾਈ ਅਰ ਵੈਰ।
[++]ਪਾ:-ਦ੍ਵੈਖ।
[3]ਪ੍ਰਸੰਨਤਾ ਤੇ ਅਫਸੋਸ।
[4]ਵਿਅਰਥ ਆਯੂ ਗੁਆਈ।
[5]ਜਵਾਨੀ।
[6]ਦਲੀਲਾਂ ਕਰਦਿਆਂ।
[7]ਸਵਾਰੀ ਬਿਨਾਂ ਭਾਵ ਪੈਦਲ ਜਾਵੇ।
[8]ਗੰਗਾ।
[9]ਬੜੇ ਖੁਸ਼ ਹੋ ਕੇ ਨ੍ਹਾਉਂਦੇ ਹਨ।
[10]ਛਿੜਕਦੇ ਹਨ।
[11]ਫੁੱਲ।
*ਪਾ:-ਖੇਵਹਿਂ। ਧੁਖਵਹਿਂ।
[12]ਕੰਢੇ।
[13]ਨਿਰਾਹਾਰ।

ਅਧਿਕ ਭਾਉ ਧਰਿ ਜਾਤਿ ਹੈਂ, ਜੈਕਾਰ ਉਚਾਰੇ।
ਇਸੀ ਰੀਤਿ ਨਿਸ਼ਕਾਮ ਹੀ, ਬਹੁ ਬਾਰ ਪਧਾਰੇ[1] ॥੧੦॥

ਚੌਪਈ: ਅਤਿ ਪਵਿੱਤ੍ਰ ਜਾਤ੍ਰਾ ਕੋ ਕਰੈਂ।
ਸਰਬ ਬਿਕਾਰ ਰਿਦੈ ਪਰਿਹਰੈਂ।
ਕਾਮ ਨ ਕ੍ਰੋਧ ਨ ਲੋਭ ਨ ਧਾਰੈਂ।
ਸੁਚ ਸੰਜਮ ਕੇ ਸਾਥ ਸਿਧਾਰੈਂ ॥੧੧॥
ਖਸ਼ਟ ਮਾਸ ਬੀਤੇ ਜਬਿ ਜਾਵੈਂ।
ਗ੍ਰਿਹ ਭੀ ਬੈਠੇ ਸੁਰਸਰਿ ਧਜਾਵੈਂ।
ਊਨਬਿੰਸਤੀ ਬਾਰ[2] ਗਏ ਜਬਿ।
ਦੇਹ ਜਰਜਰੀ ਭੂਤ[3] ਭਈ ਤਬਿ ॥੧੨॥
ਚਲਹਿਂ ਚਰਨ[4] ਸਿਮਰਨ ਕੋ ਕਰਿਤੇ।
ਊਚੇ ਜਯ ਜਯਕਾਰ ਉਚਰਿਤੇ।
ਬਹੁਰ ਬੀਸਵੀਂ ਬਾਰਿ ਪਧਾਰੇ।
ਮਿਹੜਾ[5] ਗ੍ਰਾਮਿਕ ਪੰਥ ਮਝਾਰੇ ॥੧੩॥
ਬਸਹਿ ਬਿੱਪ੍ਰ ਇਕ ਤਹਿਂ ਅਵਿਦਾਤਿ[6]।
ਹੁਤੋ ਸਾਰਸੁਤ ਭੰਬੀ ਜਾਤਿ[7]।
ਦੁਰਗਾ ਨਾਮ ਭਨਹਿਂ ਤਿਸ ਕੇਰਾ।
ਕਰਹਿਂ ਜਾਤਰੀ ਤਹਾਂ ਬਸੇਰਾ ॥੧੪॥
ਆਵਤਿ ਜਾਤਿ ਪਾਇਂ ਬਿਸਰਾਮਾ।
ਸਾਦਰ ਕਰਹਿ ਉਤਾਰਨ ਧਾਮਾ[8]।
ਤਹਾਂ ਗਏ ਸ਼੍ਰੀ ਅਮਰ ਸੁਜਾਨਾ।
ਪੰਥ ਤਪਤ ਭਾਨੁਜ ਮੱਧਜਾਨਾ[9] ॥੧੫॥
ਥਿਰੇ[10] ਦੁਪਹਿਰਾ ਹੇਤ ਬਿਤਾਵਨਿ।

---

[1]ਕਈ ਵੇਰ ਗਏ।
[2]ਉਨੀਵੀਂ ਵਾਰ।
[3]ਭਾਵ ਬ੍ਰਿੱਧ।
[4]ਪੈਰੀਂ ਤੁਰਕੇ ਜਾਣ।
[5]ਇਕ ਪਿੰਡ ਦਾ ਨਾਮ।
[6]ਸ੍ਰੇਸ਼ਟ, ਮਸ਼ਾਹੂਰ।
[7]ਬ੍ਰਾਹਮਣਾਂ ਦਾ ਇਕ ਗੋਤ੍ਰ, ਸੰਭਾਵਨਾ ਹੈ ਕਿ ਜਿਨ੍ਹਾਂ ਦੇ ਵਡੇ ਸਰਸ੍ਵਤੀ ਨਦੀ ਦੇ ਕਿਨਾਰੇ ਕਦੇ ਵਸਦੇ ਸਨ ਸੋ ਸਾਰਸ੍ਵਤ।
[8]ਘਰ ਉਤਾਰਾ ਦੇਵੇ।
[9]ਦੁਪਹਿਰ ਦੇ ਸੂਰਜ ਦੀ ਧੁੱਪ ਕਰਕੇ ਰਾਹ ਤਪ ਰਿਹਾ ਸੀ।
[10]ਟਿਕੇ।

ਪੌਢਿ ਰਹੇ ਜਿਨ ਕੀਰਤਿ ਪਾਵਨ।
ਬਿੱਦਜਾ ਪਠਜੋ ਸੁ ਬਿੱਪ੍ਰ ਬਿਸ਼ੇਖ਼ਾ।
ਸਾਮੁੰਦ੍ਰਿਕ[1] ਭੀ ਤਿਸਨੇ ਦੇਖਾ ॥੧੬॥
ਸੁੰਦਰ ਪਦ ਅਰਬਿੰਦ ਨਿਹਾਰਾ[2]।
ਜਿਨ ਕੇ ਹੁਤੋ[+] ਸੁ ਪਦਮ ਅਕਾਰਾ[3]।
ਪਿਖਜੋ ਦੂਰ ਤੇ ਪੁਨ ਢਿਗ ਆਯੋ।
ਨੀਕੀ ਰੀਤਿ ਬਹੁਰ ਦਰਸਾਯੋ ॥੧੭॥
ਰਿਦੇ ਬਿਚਾਰਹਿ ਤਰਕ[4] ਅਨੇਕਾ।
-ਇਹ ਉੱਤਮ ਲੱਛਨ ਪਗ ਏਕਾ।
ਸ੍ਰੀਪਤਿ ਬਿਸ਼ਨੁ ਭਏ ਅਵਤਾਰਾ[5]।
ਕਿਧੌਂ ਚੱਕ੍ਰਵਰਤੀ ਨ੍ਰਿਪ ਭਾਰਾ ॥੧੮॥
ਇਨ ਦੋਇਨ ਬਿਨ ਅਪਰ ਨ ਕੋਊ।
ਪਦਮ ਰੇਖ ਇਮਿ ਧਾਰਹਿ ਦੋਊ-।
ਪੌਢੇ ਸੁਪਤ ਰਹੇ ਤਹਿਂ ਜਾਵਦਿ।
ਰਹਜੋ ਬਿਚਾਰਤਿ ਦਿਜਬਰ ਤਾਵਦਿ ॥੧੯॥

ਨਿਸਾਨੀ ਛੰਦ: ਜਾਗਿ ਉਠੇ ਸ੍ਰੀ ਅਮਰ ਜੀ, ਚਲਿਬੇ[6] ਕਰਿ ਤਜਾਰੀ।
ਬਿੱਪ੍ਰ ਨਿਕਟ ਬੈਠਤਿ ਭਜੋ, ਦੇਖਤਿ ਹਿਤ ਧਾਰੀ।
ਲਗੇ ਦੇਨਿ ਤਬ ਦੱਛਨਾ[7], 'ਦਿਜ ਜੂ ! ਇਹ ਲੀਜੈ।

---

[1]ਸਰੀਰ ਦੇ ਚਿਨ੍ਹਾਂ ਤੋਂ ਮਨੁੱਖ ਦੇ ਸ਼ੁਭ ਅਸ਼ੁਭ ਦੀ ਵਿਚਾਰ ਦੱਸਣ ਵਾਲੀ ਵਿਦਜਾ।
[2]ਚਰਨ ਕਮਲ ਤੱਕਿਆ।
[+]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਸਜੇ ਹੱਥ ਵਿਚ ਭੀ ਕੰਵਲ ਦਾ ਚਿੰਨ੍ਹ ਲਿਖਿਆ ਹੈ, ਯਥਾ-
'ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥' (ਸਵਃ ਮਃ੩ ਕੇ)
ਇਸੇ ਤਰ੍ਹਾਂ ਪੰਚਮ ਸਤਿਗੁਰੂ ਜੀ ਭੀ ਉਚਾਰਦੇ ਹਨ
'ਮੇਰੇ ਹਾਥਿ ਪਦਮੁ ਆਗਨਿ ਸੁਖ ਬਾਸਨਾ॥
(ਫੁਨਹੇ ਮਃ ੫)
ਇਥੇ ਚਰਨਾਂ ਵਿਚ ਭੀ ਪਦਮ ਕਿਹਾ ਹੈ ਸੋ ਪ੍ਰਤੀਤ ਹੁੰਦਾ ਹੈ ਕਿ ਸ਼੍ਰੀ ਗੁਰੂ ਅਮਰ ਦੇਵ ਜੀ ਦੇ ਸਫਲ ਸ਼ਰੀਰ ਵਿਚ ਦੋਨੋਂ ਥਾਂ ਪਦਮ ਸੀ, ਇਸੇ ਲਈ ਆਪ ਗੁਰ ਅਵਤਾਰ ਹੈਨ।
ਸ੍ਰੀ ਕ੍ਰਿਸ਼ਨ ਜੀ ਦੇ ਕੇਵਲ ਚਰਨਾਂ ਵਿਚ ਹੀ ਪਦਮ ਸੀ ਯਥਾ-
'ਚਰਣ ਕਮਲ ਵਿਚ ਪਦਮ ਹੈ ਝਿਲਮਿਲ ਝਲਕੇ ਵਾਂਗੀ ਤਾਰੇ।'
ਵਾਰ ਭਾਃ ਗੁਃ ੧੦-੨੩
[3]ਜਿਨ੍ਹਾਂ ਦੇ (ਚਰਨਾਂ ਵਿਚ) ਕਵਲ ਦਾ ਚਿੰਨ੍ਹ ਸੀ।
[4]ਦਲੀਲਾਂ।
[5]ਵਿਸ਼ਨੂੰ ਦਾ ਅਵਤਾਰ ਹੈਨ ਏਹ।
[6]ਚਲਣੇ।
[7]ਭੇਟ।

ਸਾਧ! ਸਾਧ!! ਤੁਝ ਕੋ ਅਹੈ, ਇਮਿ ਹੀ ਨਿਤਿ ਕੀਜੈ ॥੨੦॥
ਉਤਰਹਿਂ ਸੰਗੀ ਗੰਗ ਕੇ, ਪਾਵੈਂ ਬਿਸਰਾਮਾ।
ਪਾਵਨ ਕੋ ਪਾਵਨ ਕਰਹਿਂ, ਪਾਵਨ ਹੁਇ ਧਾਮਾ[1]'।
ਬਿੱਪ੍ਰ ਦੀਨ ਬਨਿ ਬਿਨੈ ਭਨਿ[2], 'ਮੈਂ ਅਬਿ ਨਹਿਂ ਲੇਊਂ।
ਜਬਿ ਸਮ੍ਰੱਥ ਹੋਵਹੁ ਮਹਾਂ, ਤਬਿ ਲੇਨਿ ਕਰੇਊਂ ॥੨੧॥
ਅਬਿ ਮੁਝ ਸੋਂ ਕਹਿ ਦੀਜੀਅਹਿ, -ਬਾਂਛਤ ਹਮ ਦੈ ਹੈਂ-।
ਤਬਿ ਚੇਤਹੁ ਇਸ ਸਮੈਂ ਕੋ, ਹਮ ਆਨਿ ਮਿਲੈ ਹੈਂ।'
ਸੁਨਿ ਸ੍ਰੀ ਅਮਰ ਬਖਾਨਿਓਂ, 'ਕੈਸੇ ਤੁਵ ਜਾਨੀ।
ਕੈਸੇ ਐਸ਼੍ਵਰਜ ਹੋਇ ਹੈ, ਕਰਿ ਸਕਲ ਬਖਾਨੀ' ॥੨੨॥
ਦਿਜ ਭਾਖਯੋ 'ਤੁਮ ਪਦ ਪਦਮ, ਪਦਮਾਪਤਿ ਜੈਸੇ[3]।
ਅਤਿ ਉੱਤਮ ਲੱਛਨ ਇਹੀ, ਫਲ ਭਯੋ ਨ ਕੈਸੇ!
ਤਊ ਅਗਾਰੀ ਹੋਹਿਗੋ, ਪ੍ਰਭੁ ਜੋਤਿ ਮਿਲੈਹੈ।
ਚੱਕ੍ਰਵਰਤਿ ਰਾਜਾ ਕਿਧੌਂ, ਕਿਸ ਕਾਲ ਬਨੈ ਹੈ ॥੨੩॥
ਨਿਰਸੰਸੈ ਮਮ ਬਾਰਤਾ, ਨਿਸ਼ਚੈ ਕਰਿ ਲੀਜੈ।
ਐਸ਼੍ਵਰਜ ਹੋਇ ਤ ਜਾਚਿਹੌਂ*, ਤਬਹੂੰ ਤੁਮ ਦੀਜੈ।'
ਸੁਨਿ ਪ੍ਰਸੰਨ ਚਿਤ ਅਤਿ ਭਏ, 'ਹੋਵਹੁ ਬਚ ਸਾਚਾ।
ਮਿਲਹੁ ਹਮੈਂ ਤਬਿ ਆਨਿ ਕੈ, ਲਿਹੁ ਜੋ ਕਰਿ ਜਾਚਾ' ॥੨੪॥
ਕਹਿ ਦਿਜ ਸੋਂ ਮਾਰਗ ਚਲੇ, ਆਵਨਿ ਕੋ ਧਾਮਾ।
ਇਕ ਬ੍ਰਹਮਚਾਰੀ ਬੇਸ ਮਹਿਂ, ਜਿਹ ਮਤਿ ਅਭਿਰਾਮਾ।
ਮਿਲਯੋ ਸੰਗ ਸ੍ਰੀ ਅਮਰ ਕੇ, ਕਿਯ ਬਚਨ ਬਿਲਾਸਾ।
ਚਲਤਿ ਪੰਥ ਸ਼ੁਭ ਕਥਾ ਪ੍ਰਭੁ, ਬਹੁ ਭਾਂਤਿ ਪ੍ਰਕਾਸ਼ਾ ॥੨੫॥
ਸਰਬ ਦਿਵਸ ਸੰਗੀ ਰਹੇ, ਉਤਰੇ ਇਕ ਥਾਨਾ।
ਗਮਨੇ ਬਹੁਰ ਪ੍ਰਭਾਤਿ ਕੋ, ਹਿਤ ਦੁਹੂੰਅਨਿ* ਠਾਨਾ।
ਜਾਵਦਿ ਆਏ ਸਦਨ ਨਿਜ, ਤਾਵਦਿ ਰਹਿ ਸੰਗਾ[4]।
ਖਾਨ ਪਾਨ ਇਕਠੋ ਕਰਹਿਂ, ਸਿਮਰਤਿ ਉਰ ਗੰਗਾ ॥੨੬॥
ਘਰ ਅਪਨ ਸ੍ਰੀ ਅਮਰ ਜੂ, ਆਨਯੋ ਬ੍ਰਹਮਚਾਰੀ।
ਸਾਦਨ ਖਾਨ ਰੁ ਪਾਨ ਕੋ, ਦੀਨਸਿ ਹਿਤ ਧਾਰੀ।

---

[1]ਚਰਨਾਂ ਨੂੰ ਪਾਉਣਾ ਕਰਦੇ ਹਨ (ਯਾਤ੍ਰੀ ਤਾਂਤੇ) ਪਵਿੱਤ੍ਰ ਹੋ ਜਾਂਦਾ ਹੈ ਘਰ (ਤੁਸਾਡਾ)।
[2]ਬੇਨਤੀ ਕੀਤੀ।
[3]ਵਿਸ਼ਨੂੰ ਵਰਗਾ ਕਮਲ (ਚਿੰਨ੍ਹ) ਤੁਸਾਡੇ ਚਰਨਾਂ ਵਿਚ ਹੈ।
*ਪਾ:-ਤਬ ਹੀ ਚਹੌਂ।
*ਪਾ:-ਦੁਲਹਨ।
[4]ਭਾਵ ਘਰ ਪਹੁੰਚਦੇ ਤਕ ਨਾਲ ਰਿਹਾ।

ਭਈ ਨਿਸਾ ਹਿਤ ਸੈਨ ਕੇ, ਊਪਰ ਆਰੂਢੇ।
ਕਰਹਿਂ ਪਰਸਪਰ ਬਾਰਤਾ, ਅੰਤਰਗਤਿ ਗੂਢੇ[1] ॥੨੭॥
ਕਿਸ ਪ੍ਰਸੰਗ ਪਰ ਬਾਰਤਾ, ਬੋਲਜੋ ਬ੍ਰਹਮਚਾਰੀ।
'ਗੁਰੂ ਤੁਮਾਰੋ ਕਵਨ ਹੈ, ਕਿਮ ਦੀਖਜਾ ਧਾਰੀ[2]?'
ਸੁਨਿ ਸ੍ਰੀ ਅਮਰ ਬਖਾਨਿਓ, 'ਗੁਰੁ ਮੋਹਿ ਨ ਪਾਯੋ।
ਖੋਜ ਰਹਜੋ ਅਭਿਲਾਖ ਸੋਂ, ਕੋ ਦ੍ਰਿਸ਼ਟਿ ਨ ਆਯੋ ॥੨੮॥
ਨਹਿਂ ਦੀਖਜਾ ਕਿਸ ਕੀ ਲਈ, ਮੈਂ ਕਰੀ ਨ ਸੇਵਾ।
ਅਬਿ ਲਗ ਬਾਂਛਤ ਹੌਂ ਰਿਦੈ, ਕਰਿਹੌਂ ਗੁਰਦੇਵਾ।'
ਸੁਨਤਿ ਦੁਖਜੋ ਅਤਿ ਚਿਤ ਬਿਖੈ, ਬੋਲਜੋ ਬ੍ਰਹਮਚਾਰੀ।
'ਤਪ ਤੀਰਥ ਬ੍ਰਤਿ ਘਾਲ ਬਡ, ਭੀ ਬਿਫਲ[3] ਹਮਾਰੀ ॥੨੯॥
ਮਹਾਂ ਸ਼੍ਰਮਤਿ[4] ਹੁਇ ਮੈਂ ਕਰੇ, ਸਭਿ ਬਾਦਿ ਗਵਾਏ।
ਭਯੋ ਅਚਾਨਕ ਸਾਥ ਤੁਮ', ਇਮਿ ਕਹਿ ਪਛੁਤਾਏ।
'ਨਿਗੁਰੇ ਕੋ ਸੰਗੀ ਭਯੋ, ਕਿਯ ਖਾਨ ਰੁ ਪਾਨਾ।
ਪੁੰਨ ਅਕਾਰਥ ਸਭਿ ਭਏ, ਮੁਝ ਚਿੰਤ ਮਹਾਂਨਾ ॥੩੦॥
ਬ੍ਰਿੱਧ ਹੋਤਿ ਲੌ ਇਮ ਰਹੇ[5], ਨਹਿਂ ਗੁਰੂ ਬਨਾਯੋ?
ਮਹਾਂ ਕਰਮ ਖੋਟਾ ਕਿਯੋ, ਮਨਮਤਿ ਬਿਰਮਾਯੋ।'
ਚਿਤ ਮਹਿਂ ਅਤਿ ਰਿਸ ਕਰਤਿ ਹੀ, ਉਠਿ ਮਾਰਗ ਲੀਨਾ।
ਅਮਰਦਾਸ ਪਸ਼ਚਾਤਿ ਤਿਸੁ, ਪਛੁਤਾਵਨਿ ਕੀਨਾ ॥੩੧॥
ਅਪਰ ਸਰਬ ਹੀ ਸੁਧ ਗਈ, ਇਕ ਹੀ ਲਿਵ ਲਾਗੀ।
-ਗੁਰੂ ਮਿਲਹਿਂ, ਕਰਿ ਲੇਇ ਹੌਂ- ਇੱਛਾ ਬਹੁ ਜਾਗੀ।
ਪ੍ਰਭੁ ਆਗੈ ਬਿਨਤੀ ਕਰੀ -ਪੂਰਹੁ ਮਮ ਆਸਾ।
ਦੀਨਬੰਧੁ ਹਰਿ ਦਯਾਨਿਧਿ! ਲਖਿ ਦਾਸਨ ਦਾਸਾ ॥੩੨॥
ਰਾਵਰ ਕੇ ਪਦ ਪਦਮ ਤੇ, ਨਿਕਸੀ ਸ਼ੁਭ ਗੰਗਾ।
ਸੇਵੀ ਮੈਂ ਬਹੁ ਕਾਲ ਲਗ, ਨਿਸ਼ਕਾਮ ਉਮੰਗਾ।
ਅਬਿ ਸਤਿਗੁਰ ਮੁਝ ਕੋ ਮਿਲੈ, ਸਭਿ ਹੂੰ ਫਲ ਪਾਊਂ।
ਅੰਤਰਜਾਮੀ ਸਰਬ ਕੇ, ਕਹਿ ਕਿਸਹਿ ਸੁਨਾਊਂ- ॥੩੩॥
ਚਿੰਤਾ ਚਿਤ ਤੇ ਦੀਨ ਹੁਇ, ਬਿਨਤੀ ਬਹੁ ਭਾਖੇ।
ਦਿਵਸ ਨ ਬੀਤੇ ਦੁਖਦ ਬਹੁ, ਉਰ ਗੁਰੁ ਅਭਿਲਾਖੇ।

---

[1]ਭਾਵ, ਦਿਲ ਦੀਆਂ ਗੂੜ੍ਹੀਆਂ ਗੱਲਾਂ।
[2]ਤੇ ਕਿਵੇਂ ਗੁਰ ਮੰਤ੍ਰ ਲਿਆ ਹੈ?
[3]ਬਿਅਰਥ।
[4]ਮੇਹਨਤ ਨਾਲ।
[5]ਭਾਵ ਗੁਰੂ ਹੀਨ ਰਿਹਾ।

ਗੰਗਾ ਰਿਦੇ ਅਰਾਧਤੋ* -ਹੇ ਭੀਸ਼ਮ ਮਾਤਾ[1]!
ਉੱਤਮ ਤੀਰਥ ਸਭਿਨਿ ਮਹਿਂ, ਬਾਂਛਤ ਕੀ ਦਾਤਾ[2] ॥੩੪॥
ਬ੍ਰਹਮਲੋਕ ਤੇ ਜਤਨ ਕਰਿ, ਭਾਗੀਰਥ ਆਨੀ[3]।
ਸਾਠ ਹਜ਼ਾਰ ਉਧਾਰ ਕਰਿ, ਇਹ ਕਥਾ ਮਹਾਂਨੀ।
ਸੁਰਮਾਨੀ, ਹਾਨੀ ਅਘਨਿ, ਜਾਨੀ ਤ੍ਰਿਹੁ ਲੋਕਾ[4]।
ਸੁਖਦਾਨੀ, ਰਾਨੀ ਜਗਤਿ, ਤੁਵ ਬੇਗ ਅਰੋਕਾ[5] ॥੩੫॥
ਕਰਹੁ ਸਫਲ ਮਮ ਕਾਮਨਾ, ਗੁਰੁ ਦੇਹੁ ਮਿਲਾਈ-।
ਇਸ ਪ੍ਰਕਾਰ ਬਿਨਤੀ ਭਨਹਿ,
ਬਹੁ ਬਿਧਿ ਬਡਿਆਈ।
ਨਿਸਾ ਬਿਤੀ ਦਿਨ ਆਗਲੋ, ਦੁਖ ਸਾਥ ਬਿਤਾਵਾ।
ਖਾਨ ਪਾਨ ਕੁਛ ਨਹਿਂ ਰੁਚੀ, ਬੈਰਾਗ ਉਪਾਵਾ ॥੩੬॥
ਬਹੁਰੁ ਭਈ ਜਬਿ ਜਾਮਨੀ, ਸੋਚਤਿ ਚਿਤ ਜਾਗਾ।
ਲਿਵ ਲਾਗਹਿ ਨਹਿਂ ਨੀਂਦ ਹੁਇ, ਜਿਨ ਮਨ ਅਨੁਰਾਗਾ।
ਸ਼੍ਰੀ ਪਰਮੇਸ਼ੁਰ ਸੁਰਸੁਰੀ, ਪਰਸੰਸਤਿ[6] ਦੋਊ।
ਬਿਨੈ ਭਨਤਿ ਮਨ ਦੀਨ ਬਨਿ, ਗੁਨ ਗਨ ਗਿਨਿ ਸੋਊ[7] ॥੩੭॥
ਨਾਉਂ ਥਾਉਂ ਬਿਨ ਰੂਪ ਕੇ, ਸਤਿਗੁਰ ਕੋ ਧਜਾਵੈ।
-ਪੂਰਹੁ ਮੇਰੀ ਆਸ ਕੋ-, ਐਸੇ ਉਰ ਭਾਵੈ।
-ਸਰਬ ਥਾਨ ਸਭਿ ਕਾਲ ਮਹਿਂ, ਸਤਿਗੁਰ ਹੈ ਬਜਾਪੇ।
ਬਿਨਤੀ ਸੁਨਿ ਕੈ ਸ਼੍ਰੋਨ ਮੈਂ, ਦਿਹੁ ਦਰਸ਼ਨ ਆਪੇ ॥੩੮॥
ਮੈਂ ਪਰਖਨ ਜਾਨਹੁ ਨਹੀਂ, ਗੁਰ ਪੂਰਨ ਕੇਹੂ[8]।
ਅਪਨੋ ਬਿਰਦ ਪਛਾਨਿ ਕੈ, ਨਿਜ ਦਰਸ਼ਨ ਦੇਹੂ।'
ਇਮਿ ਇਕ ਲਿਵ ਲਾਗੀ ਰਿਦੈ, ਤਜਿ ਕਾਰਜ ਆਨਾ।
ਖਾਨ ਪਾਨ ਨਿੰਦ੍ਰਾ ਨਹੀਂ, ਦ੍ਰਿਗ ਨੀਰ ਚਲਾਨਾ ॥੩੯॥

---

*ਇਹ ਗੰਗਾ ਆਦਿ ਦੀ ਉਸਤਤੀਆਂ ਪਹਿਲੇ ਖਿਆਲਾਂ ਅਨੁਸਾਰ ਹਨ, ਜਦੋਂ ਅਜੇ ਸਤਿਗੁਰੂ ਅੰਗਦ ਦੇਵ ਜੀ ਦੀ ਸ਼ਰਨ ਨੂੰ ਪ੍ਰਾਪਤਿ ਨਹੀਂ ਹੋਏ ਸਨ।

[1]ਗੰਗਾ ਦਾ ਇਕ ਨਾਮ ਹੈ, ਰਾਜਾ ਸ਼ਾਂਤਨੁ ਤੋਂ ਗੰਗਾ ਦੇ ਪੇਟੋਂ ਭੀਸ਼ਮ ਦਾ ਜਨਮ ਹੋਇਆ ਸੀ।

[2]ਭਾਵ ਮਨ ਮੰਗੀ ਮੁਰਾਦ ਦੀ ਦਾਤੀ ਹੈਂ ਤੂੰ।

[3]ਕਥਾ ਹੈ ਕਿ ਸੂਰਜਵੰਸੀ ਰਾਜਾ ਦਲੀਪ ਦੇ ਪੁੱਤ੍ਰ ਭਗੀਰਥ ਨੇ ਤਪੱਸਜਾ ਕਰਕੇ ਵੱਡਿਆਂ ਦੇ ਉਧਾਰ ਵਾਸਤੇ ਗੰਗਾ ਪ੍ਰਿਥਵੀ ਤੇ ਆਂਦੀ ਸੀ।

[4]ਦੇਵਤਿਆਂ ਦੀ ਮੰਨੀ ਹੋਈ, ਨਾਸ਼ ਕਰਤਾ ਪਾਪਾਂ ਦੀ ਤੇ ਤਿੰਨਾਂ ਲੋਕਾਂ ਵਿਖੇ ਜਾਣੀ ਹੋਈ।

[5]ਤੇਰਾ ਪ੍ਰਵਾਹ ਰੋਕਿਆ ਨਹੀਂ ਜਾਂਦਾ।

[6]ਉਸਤਤਿ ਕਰਦੇ ਹਨ।

[7]ਸਾਰੇ ਗੁਣ ਗਿਣਕੇ।

[8]ਕੌਣ ਹੈ।

ਦੀਰਘ ਸ੍ਵਾਸ ਉਸਾਰਿਤੋ[1], ਇਕ ਤੋ ਬ੍ਰਿਧ ਦੇਹੀ।
ਗੰਗਾ ਆਵਤਿ ਜਾਤ ਮਗ, ਬਲ ਬਿਨਾ ਅਛੇਹੀ[2]।
ਪ੍ਰੇਮ ਅਧਿਕ ਚਿੰਤਾ ਬਹੁਤ, ਉਰ ਮਹਿਦ ਬਿਸੂਰਾ[3]।
'ਕੈ ਮਰਿਹੋਂ ਕੈ ਮਿਲਹਿ ਅਬਿ, ਸ੍ਰੀ ਸਤਿਗੁਰ ਪੂਰਾ ॥੪੦॥
ਧਿਕ ਜੀਵਨਿ ਸਤਿਗੁਰੁ ਬਿਨਾ, ਕੁਛ ਸਰੈ ਨ ਕਾਜੂ।
ਗੁਰ ਬਿਨ ਛਿਤਿ ਕੋ ਰਾਜ ਕਜਾ, ਧਿਕ ਸੁਰਪੁਰਿ[4] ਰਾਜੂ।
ਤਪ, ਤੀਰਥ, ਬਰਤ ਰੁ ਧਰਮ, ਬਿਨ ਗੁਰ ਨਿਫਲਾਵੈਂ।
ਗੁਰ ਬਿਨ ਲੋਕ ਪ੍ਰਲੋਕ ਕੇ, ਸੁਖ ਸਕਲ ਨਸਾਵੈਂ ॥੪੧॥
ਸਤਿਗੁਰ ਪੂਰਾ ਜੇ ਮਿਲਹਿ, ਦੇ ਨਿਜ ਉਪਦੇਸ਼ੂ।
ਸਫਲ ਤਪਾਦਿਕ ਹੋਤਿ ਹੈਂ, ਮਿਟ ਜਾਤਿ ਕਲੇਸ਼ੂ।
ਕਰਮ ਹੀਨ ਇਮ ਮੈਂ ਰਹਜੋ, ਅਬਿ ਸਤਿਗੁਰ ਪਾਊਂ।
ਨਾਤੁਰ ਤਜਿ ਕੈ ਅੰਨ ਜਲ, ਨਿਜ ਤਨ ਬਿਨਸਾਊਂ- ॥੪੨॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਚੌਦਸ਼ਮੋਂ ਅੰਸੂ ॥੧੪॥

---

[1]ਲੰਮੇ ਸਾਹ ਭਰਕੇ।
[2]ਨਿਰੰਤਰ।
[3]ਬੜਾ ਝੂਰਦੇ ਹਨ।
[4]ਸ੍ਵਰਗ ਦਾ।

੧੫. [ਸ੍ਰੀ ਅਮਰਦਾਸ ਜੀ ਦਾ ਗੁਰ ਅੰਗਦ ਜੀ ਨਾਲ ਮਿਲਾਪ]

੧੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੬

ਦੋਹਰਾ: ਸ੍ਰੀ ਗੁਰ ਅੰਗਦ ਕੀ ਸੁਤਾ, ਬੀਬੀ ਅਮਰੋ ਨਾਮ।
ਭਗਤਿ ਧਾਰ ਬਪੁ ਆਪਨੋਂ[1], ਉਪਜੀ ਸਤਿਗੁਰ ਧਾਮ ॥੧॥

ਨਿਸਾਨੀ ਛੰਦ: ਅਨੁਜ[2] ਹੁਤੋ ਸ੍ਰੀ ਅਮਰ ਕੋ, ਤੇਜੋ ਕੇ ਤਾਤਾ[3]।
ਤਿਸ ਕੇ ਨੰਦਨ ਸੰਗ ਇਹੁ, ਬਜਾਹੀ ਬਡਿ ਗਜਾਤਾ।
ਬਿਦਾ ਹੋਇ ਪਿਤ ਪਾਸ ਤੇ, ਸਸੁਰਾਰ ਬਸੰਤੀ[4]।
ਬਹੁਤ ਬਰਖ ਤਿਨ ਘਰ ਰਹੀ, ਅਮਰੋ ਮਤਿਵੰਤੀ[5] ॥੨॥
ਮਹਿਮਾ ਲਖੀ ਨ ਕਿਨਹੁ ਤਿਹ, ਨਿਤਪ੍ਰਤਿ ਇਮ ਠਾਨੈ।
ਗ੍ਰਹਿ[6] ਧੰਧਾ ਸਭਿ ਦਿਨ ਕਰਹਿ, ਤਿਨ ਆਇਸੁ ਮਾਨੈ।
ਜਾਗਹਿ ਪਾਛਲ ਰਾਤਿ ਕੌ, ਕਰਿ ਸ਼ੌਚ ਸ਼ਨਾਨਾ।
ਸ੍ਰੀ ਨਾਨਕ ਬਾਨੀ ਪਠਹਿ, ਕਰਿ ਪ੍ਰੇਮ ਮਹਾਨਾ ॥੩॥
ਤਿਸ ਨਿਸ ਉਠਿ ਸਤਿਗੁਰ ਸਿਮਰ, ਮੱਜਨ ਕੌ ਠਾਨਾ।
ਪਠਹਿ ਗੁਰੂ ਕੇ ਸ਼ਬਦ ਸ਼ੁਭ, ਫਲ ਜਿਨਹੁ ਮਹਾਨਾ।
ਦਧੀ[7] ਬਿਲੋਵਤਿ[8] ਸਹਜਿ ਸੋਂ, ਮੁਖ ਬੋਲਤਿ ਬਾਨੀ।
ਹੁਇ ਪ੍ਰਸੰਨ ਕਰਿ ਪ੍ਰੇਮ ਸੋਂ, ਨਿਜ ਬ੍ਰਿਤੀ ਟਿਕਾਨੀ ॥੪॥
ਨਿਜ ਘਰ ਪਰ ਸ੍ਰੀ ਅਮਰ ਜੀ, ਚਿੰਤਾ ਗ਼ਲਤਾਨੇ।
ਜਾਗੇ ਸਗਲੀ ਜਾਮਨੀ, ਪੁਨ ਪੁਨ ਪਛੁਤਾਨੇ।
ਸਤਿਗੁਰ ਦਰਸ਼ਨ ਚਿਤਵਨੇ, ਬਿਨਤੀ ਬਹੁ ਭਾਖੇ।
ਜਾਮ ਨਿਸਾ ਤੇ ਧੁਨਿ[9] ਪਰੀ, ਸੁਨਿ ਮਨ ਅਭਿਲਾਖੇ ॥੫॥
ਸੁਨਨਿ ਲਗੇ ਮਨ ਰੋਕਿ ਕੈ, ਸੁੰਦਰ ਗੁਰਬਾਨੀ।
ਚੁਭਤਿ ਚੀਤ ਦਰਵਤਿ ਰਿਦਾ[10], ਰੁਚਿ ਜਗੀ ਮਹਾਨੀ।
ਤਹਿਂ ਤੇ ਉਠਿ ਹੁਇ ਨਿਕਟ ਤਿਹ, ਓਟਾ[11] ਇਕ ਲੀਨਾ।

---

[1](ਮਾਨੋ) ਭਗਤੀ ਆਪਣਾ ਸਰੀਰ ਧਾਰਕੇ।
[2]ਛੋਟਾ ਭਾਈ।
[3]ਪੁੱਤਰ।
[4]ਸਹੁਰੇ ਵੱਸਦੀ ਸੀ।
[5]ਬੁਧਿਵਾਨ।
[6]ਘਰ ਦਾ।
[7]ਦਹੀਂ।
[8]ਰਿੜਕਦੀ ਹੋਈ।
[9]ਭਾਵ ਬੀਬੀ ਦੇ ਸ਼ਬਦ ਪੜ੍ਹਨ ਦੀ ਧੁਨ।
[10]ਪੰਘਰਦਾ ਹੈ ਦਿਲ।
[11]ਓਹਲਾ।

-ਦੇਖਿ ਨ ਸੁਕਚਹਿ[1] ਮੋਹਿ ਕੋ, ਸ਼ੁਭ ਮਤੀ ਪ੍ਰਬੀਨਾ[2]- ॥੬॥
ਛਪੇ ਸੁਨਤਿ ਗੁਰ ਸਬਦ ਕੋ, ਥਿਤ[3] ਕੇਤਿਕ ਕਾਲਾ।
ਪਢਤਿ ਰਹੀ ਅਮਰੋ ਤਬਹਿ, ਪੁਨ ਭਯੋ ਉਜਾਲਾ।
ਜਬਿ ਪ੍ਰਭਾਤਿ ਹੋਈ ਪਿਖਿ, ਤਬਿ ਨਿਕਟ ਸਿਧਾਰਾ।
ਬੂਝਨ ਲਾਗਯੋ 'ਸ਼ਬਦ ਇਹ, ਕਿਸ ਭਾਂਤਿ ਉਚਾਰਾ? ॥੭॥
ਹੇ ਪੁੱਤ੍ਰੀ! ਅਬਿ ਫੇਰ ਪਢਿ, ਮੁਝ ਦੇਹੁ ਸੁਨਾਈ।
ਮਰਯੋ ਹੁਤੋ ਮੈਂ, ਸੁਧਾ ਕੀ; ਬੂੰਦੈਂ ਮੁਖ ਪਾਈ[4]।
ਕਰਯੋ ਜਿਵਾਵਨ, ਸੁਖ ਦਿਯੋ, ਇਹ ਬਡ ਉਪਕਾਰਾ।'
ਸੁਨਿ ਅਮਰੋ ਸੁਕਚਤਿ[5] ਕੁਛਕ ਗੁਰ ਸ਼ਬਦ ਉਚਾਰਾ ॥੮॥

ਸ੍ਰੀ ਮੁਖਵਾਕ:
ਮਾਰੂ ਮਹਲਾ ੧ ਘਰੁ ੧ ॥
ਕਰਣੀ ਕਾਗਦੁ ਮਨੁ ਮਸਵਾਣੀ[6] ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ[7] ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ[8] ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ[9] ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ[10] ਦੇਹਾ ॥੪॥੩॥

ਨਿਸ਼ਾਨੀ ਛੰਦ: ਸੁਨਿ ਕੇ ਸਤਿਗੁਰ ਸਬਦ ਕੋ, ਮਨ ਭਯੋ ਹੁਲਾਸਾ।
-ਮੋਹਿ ਦਸ਼ਾ ਅਸ ਅਬਿ ਅਹੈ, ਜਿਮ ਸ਼ਬਦ ਪ੍ਰਕਾਸ਼ਾ[11]।
ਤਰੁਨ ਅਵਸਥਾ ਬਿਤ ਗਈ, ਬਿਰਧਾਪਨ ਪਾਵਾ।
ਲੋਹਾ ਹੁਤੇ ਮਨੂਰ ਭਾ, ਕਿਤ ਕਾਜ ਨ ਆਵਾ ॥੯॥

---

[1]ਸੰਕੋਚ ਨਾ ਕਰੇ
(ਅ) ਸ਼ਰਮਾਵੇ ਨਾ।
[2]ਭਾਵ ਬੀਬੀ ਅਮਰੋ।
[3]ਖੜੋਕੇ।
[4](ਤੂੰ) ਪਾਈਆਂ ਹਨ।
[5]ਸ਼ਰਮਾਕੇ।
[6]ਦਵਾਤ।
[7]ਕਮਲਿਆ।
[8]ਭੱਠੀ।
[9]ਸੜਿਆ ਗਲਿਆ ਲੋਹਾ।
[10]ਟਿਕੇ।
[11]ਮੇਰੀ ਦਸ਼ਾ ਹੁਣ ਉਜੇਹੀ ਹੈ ਜੇਹੀ ਸ਼ਬਦ ਨੇ ਪ੍ਰਕਾਸ਼ ਕੀਤੀ ਹੈ।

ਲੋਹੇ ਕੋ ਪਾਰਸ ਛੁਵੈ, ਕੰਚਨ ਹੁਇ ਜਾਈ।
ਮਮ* ਮਨੂਰ ਕੋ ਗੁਰ ਮਿਲਹਿਂ, ਸੁਧ ਕਰਹਿਂ ਬਨਾਈ।
ਮਨਹੁ ਸਬਦ ਮੁਝ ਪਰ ਕਿਯੋ[1], ਅਸ ਦਸ਼ਾ ਸਰੀਰਾ-।
ਇਮ ਬਿਚਾਰਿ ਬੂਝਤਿ ਭਏ, ਆਸ਼ੈ ਗੰਭੀਰਾ[2] ॥੧੦॥
'ਸ਼ਬਦ ਕਰਯੋ ਕਿਸ ਕੋ ਅਹੈ, ਕਿਤ ਤੇ ਤੁਮ ਪਾਵਾ?
ਕਰਨਹਾਰਿ[3] ਅਬਿ ਹੈ ਕਿ ਨਹਿਂ? ਜਿਨ ਸ਼ੁਭ ਪਦ ਗਾਵਾ।
ਸੁਨਤਿ ਰੋਮ ਹਰਖਨ ਭਯੋ[4], ਮਨ ਪ੍ਰੇਮ ਬੰਧਾਯੋ।
ਮੇਰੇ ਹੇਤ ਉਧਾਰਿਬੇ, ਇਹ ਰੁਚਿਰ ਬਨਾਯੋ' ॥੧੧॥
ਸੁਨਿ ਬੀਬੀ ਅਮਰੋ ਕਹਯੋ, 'ਸ਼੍ਰੀ ਨਾਨਕ ਪੂਰੇ।
ਤਿਨਹੁ ਬਨਾਯੋ ਸ਼ਬਦ ਕੋ, ਜਿਸ ਮਹਿਂ ਫਲ ਰੂਰੇ।
ਅਪਰ ਬਹੁਤ ਬਾਨੀ ਬਨੀ, ਤਿਨ ਕੇ ਮੁਖ ਦ੍ਵਾਰਾ।
ਜਿਸ ਕੇ ਪਠਿਬੇ ਪ੍ਰੇਮ ਤੇ, ਭਉਜਲ ਨਿਸਤਾਰਾ ॥੧੨॥
ਸੁਨਹਿਂ ਪਠਹਿਂ ਮੇਰੋ ਪਿਤਾ ਮਨ* ਪ੍ਰੇਮ ਬਿਸਾਲਾ।
ਗਾਇਂ ਰਬਾਬੀ ਤਿਨਹੁ ਢਿਗ, ਥਿਤ ਦੋਨਹੁ ਕਾਲਾ।
ਸ਼੍ਰੀ ਸਤਿਗੁਰੁ ਨਾਨਕ ਅਬੈ, ਬੈਕੁੰਠ ਪਧਾਰੇ।
ਨਿਜ ਸਥਾਨ ਨਿਜ ਜੋਤਿ ਦੇ, ਮਮ ਪਿਤਾ ਬਿਠਾਰੇ ॥੧੩॥
ਤਿਨਹੁਂ ਨਿਕਟ ਤੇ ਕੰਠ ਕਰਿ, ਬਹੁ ਸੁਨਤਿ ਰਹੰਤੀ[5]।
ਸਤਿਗੁਰ ਗਿਰਾ ਪ੍ਰਚਾਰ ਤਹਿਂ, ਗਨ ਕਿਲਵਿਖ ਹੰਤੀ।
ਸੇਵਤਿ ਸਿੱਖ ਅਨੇਕ ਹੈਂ, ਜਿਨ ਕੇ ਵਡਭਾਗਾ।
ਸਰਬ ਬਿਕਾਰਨਿ ਤਜਾਗਿ ਕੈ, ਮਨ ਸਿਮਰਨ ਜਾਗਾ' ॥੧੪॥
ਸੁਨਤਿ ਅਮਰ ਬੋਲੇ ਬਹੁਰ, 'ਦੁਹਿਤਾ[6]! ਸੁਨਿ ਲੀਜੈ।
ਮੇਰੇ ਪਰ ਉਪਕਾਰ ਇਹੁ, ਕਰੁਨਾ ਕਰਿ ਕੀਜੈ।
ਲੇਹੁ ਸੰਗ ਤਹਿਂ ਕੋ ਚਲਹੁ, ਦਿਹੁ ਮੋਹਿ ਮਿਲਾਈ।
ਦਰਸ਼ਨ ਕੀ ਪਜਾਸਾ ਲਗੀ, ਅਬ ਰਹਯੋ ਨ ਜਾਈ ॥੧੫॥
ਬ੍ਰਿੱਧ ਅਨਾਥ ਅਜਾਨ ਮੈਂ, ਸਮਰਥ ਤੇ ਹੀਨਾ।

---

*ਪਾ:-ਸਮ।
[1]ਮੇਰੀ (ਹਾਲਤ) ਤੇ ਰਚਿਆ ਹੈ।
[2]ਭਾਵ ਸ੍ਰੀ ਅਮਰ ਜੀ।
[3]ਰਚਣ ਵਾਲੇ।
[4]ਲੂੰ ਖਿੜ ਗਏ।
*ਪਾ-ਨਿਤ।
[5]ਭਾਵ ਮੈਂ ਆਪਣੇ ਪਿਤਾ ਗੁਰੂ ਜੀ ਪਾਸੋਂ ਬਹੁਤ ਸੁਣਦੀ ਰਹਿੰਦੀ ਹਾਂ ਓਥੋਂ ਹੀ ਕੰਠ ਕੀਤਾ ਹੈ।
[6]ਹੇ ਬੇਟੀ!

ਮਰਤਿ ਮੋਹਿ ਜੀਵਾਇ ਹੈਂ, ਹੇ ਸੁਤਾ ਪ੍ਰਬੀਨਾ' ![1]।
ਸੁਨਿ ਅਮਰੋ ਨੇ ਪੁਨ ਭਨਜੋ 'ਤੁਮ ਬ੍ਰਿੱਧ[2] ਹਮਾਰੇ।
ਕਜੋਂ ਨਹਿਂ ਮਾਨੌਂ ਬੈਨ ਕੋ, ਮੈਂ ਬਿਨਾ ਬਿਚਾਰੇ ॥੧੬॥
ਮੋ ਕਹੁ ਸਸੁਰ ਸਥਾਨ ਹੋ[3], ਸਮ ਪਿਤਾ ਬਿਚਾਰੌਂ।
ਇਕ ਪਰੰਤੁ ਮੈਂ ਡਰਤਿ ਹੌਂ, ਬਿਨ ਕਹੇ ਪਧਾਰੌਂ।
ਪਿਤ ਸਤਿਗੁਰੁ ਕੋ ਅਦਬ ਸੋਂ, ਦਰਸੋਂ ਦਰਸੰਨਾ[4]।
ਤਿਨ ਰਜਾਇ ਮੈਂ ਨਿਤ ਰਹੌਂ, ਬਹੁ ਕਰੌਂ ਪ੍ਰਸੰਨਾ ॥੧੭॥
ਜਾਵੌਂ ਨਿਕਟ ਨ ਬਿਨ ਕਹੇ, ਬਿਨ ਬਿਦਾ ਨ ਆਵੌਂ।
ਰਿਸਿ ਕਰਿ ਕੁਛ ਨਹਿਂ ਕਬਿ ਕਹੈਂ, ਜਾਂ ਤੇ ਡਰ ਪਾਵੌਂ।'
ਸੁਨਿ ਬੋਲੇ ਸ੍ਰੀ ਅਮਰ ਜੀ 'ਤੂੰ ਮਤਿ ਕਰਿ ਚਿੰਤਾ[+]।
ਅੰਤਰਜਾਮੀ ਘਟਨ ਕੇ, ਹੁਇਂ ਜੇ ਭਗਵੰਤਾ ॥੧੮॥
ਤੌ ਨ ਕਰਹਿਂ ਮਨ ਭੰਗ ਕੋ, ਹੇਰਹਿਂ ਮਨ ਪ੍ਰੇਮਾ[++]।
ਦਾਸ ਜਾਨਿ ਢਿਗ ਰਾਖਿ ਹੈਂ, ਦੈ ਹੈਂ ਮਗ ਛੇਮਾ[5]।
ਬ੍ਰਿੱਧ ਬਿਨੈ ਸੁਨਿ ਦੀਨ ਕੀ, ਅਮਰੋ ਕਰਿ ਤਜਾਰੀ।
ਝੀਵਰ ਲੀਏ ਹਕਾਰਿ[6] ਕੈ, ਚਢਿ ਕਰਿ ਅਸਵਾਰੀ[7] ॥੧੯॥
ਚਲੇ ਪੰਥ ਸ਼ੁਭ ਸ਼ਗੁਨ ਤੇ, ਸ਼ੁਭ ਬਹੀ ਸਮੀਰਾ[8]।
ਪਰਖਤਿ, ਹਰਖਤਿ ਚਿੱਤ ਮਹਿਂ, ਹੁਇ ਕਾਜ ਗਹੀਰਾ।
ਸਨੇ ਸਨੇ ਮਾਰਗ ਚਲੇ, ਪਿਖਿ ਗ੍ਰਾਮ ਖਡੂਰਾ।
ਬੀਬੀ ਅਮਰੋ ਤਬਿ ਕਹਜੋ, 'ਪਿਤ ਸਤਿਗੁਰ ਪੂਰਾ ॥੨੦॥
ਗ੍ਰਾਮ ਨਿਕਟਿ ਤੁਮ ਬੈਠੀਏ, ਮੈਂ ਜਾਉਂ ਅਗਾਰੀ।
ਪਿਖਿ ਸੁਭਾਵ ਸਤਿਗੁਰੂ ਕੋ, ਪੁਨ ਲੇਹੁੰ ਹਕਾਰੀ[9]।
ਆਗਜਾ ਕਰਹਿਂ ਪ੍ਰਸੰਨ ਹੁਇ, ਪੂਛੌਂ ਜਬਿ ਜਾਈ।
ਮਿਲਹੁ ਬਹੁਰ, ਢਿਗ ਰਹਹੁ ਤਿਨ; ਲਖਿ ਚਲਹ ਰਜਾਈ' ॥੨੧॥

---

[1]ਸਿਆਣੀ।
[2]ਵਡੇ।
[3]ਸਹੁਰੇ ਦੀ ਥਾਂ।
[4]ਦਰਸ਼ਨ ਦੇਖਦੀ ਹਾਂ।
[+]ਪਾ:-ਮਤ ਕਰ ਚਿਤ ਚਿੰਤਾ।
[++]ਪਾ:-ਮਮ ਪ੍ਰੇਮਾ = ਮੇਰੇ ਪ੍ਰੇਮ ਨੂੰ।
[5]ਕਲਜਾਨ ਦਾ ਰਾਹ।
[6]ਬੁਲਾਇ ਲਏ।
[7]ਭਾਵ ਡੋਲੇ ਤੋਂ ਹੈ।
[8]ਪੌਣ।
[9]ਸੱਦ ਲਵਾਂਗੀ (ਤੁਸਾਂ ਨੂੰ)।

ਇਮਿ ਧੀਰਜ ਦੇ ਕਰਿ ਭਲੇ, ਚਲਿ ਗਈ ਅਗਾਰੇ।
ਪਿਤਾ ਸਾਥ ਹਿਤ ਕਰਿ ਮਿਲੀ, ਬਡ ਸ਼ਰਧਾ ਧਾਰੇ।
ਘਰ ਅੰਤਰ ਬੈਠੀ ਨਿਕਟ, ਗੁਰੁ ਅੰਤਰਜਾਮੀ।
ਕਹਜੋ 'ਬੁਲਾਯੋ ਤੁਝ ਨਹੀਂ, ਆਈ ਕਿਸ ਕਾਮੀ? ॥੨੨॥
ਬਨਹਿ ਨ ਆਵਨਿ ਬਿਨ ਭਨੇ, ਕਜੋਂ ਚਲਿ ਕਰਿ ਆਏ?
ਜਿਨਹੁ[1] ਸੰਗ ਆਨਜੋ ਹੁਤੋ, ਤਿਸ ਕਜੋਂ ਨਹਿਂ ਲਜਾਏ।'
ਕਹਜੋ ਜੋਰਿ ਕਰ 'ਜਾਇ ਮੈਂ, ਆਨਹੁਂ ਅਬਿ ਪਾਸਾ।
ਆਇਸੁ[2] ਬਿਨੁ ਨਹਿਂ ਮਿਲਿ ਸਕਹਿਂ, ਬਹੁ ਧਰੇ ਹੁਲਾਸਾ[3]' ॥੨੩॥
ਗਈ ਆਪ ਹੀ ਉਠਿ ਬਹੁਰ, ਤਿਸ ਜਾਇ ਹਕਾਰਾ।
ਰਿਦੇ ਅਨੰਦ ਬਿਲੰਦ ਧਰਿ, ਪਹੁੰਚਜੋ ਦਰਬਾਰਾ।
ਦਰਸ਼ਨ ਕੀਨਸਿ ਜਾਇ ਕੈ, ਮੁਖ ਕਮਲ ਬਿਕਾਸ਼ਾ[4]।
ਰਾਗ ਦ੍ਵੈਸ਼ ਸੁਖ ਦੁਖ ਬਿਖੈ, ਬ੍ਰਿਤਿ ਜਿਨਹੁ* ਉਦਾਸਾ ॥੨੪॥
ਲਖਿ ਸੰਸਾਰ ਸੰਬੰਧ ਕੇ, ਹੁਇ ਸਤਿਗੁਰ ਠਾਂਢੇ।
ਗਲ ਮਿਲਿਬੇ ਕਹੁ ਤਜਾਰ ਭੇ, ਪਟ ਤੇ ਕਰ ਕਾਢੇ[5]।
ਚਰਨ ਗਹੇ ਸ੍ਰੀ ਅਮਰ ਤਬਿ, ਬੰਦਨ ਕੋ ਠਾਨੀ।
'ਉਚਿਤ ਨਹੀਂ[6] ਗਰ ਮਿਲਨ ਕੇ, ਲਿਹੁ ਦਾਸ ਪਛਾਨੀ' ॥੨੫॥
ਕੁਸ਼ਲ ਛੇਮ[7] ਸਭਿ ਪੂਛ ਕੈ, ਨਿਜ ਨਿਕਟ ਬਿਠਾਯੋ।
ਅਪਰ ਬਾਤ ਕੁਛ ਜਗਤ ਕੀ, ਬੂਝਤਿ ਹਰਖਾਯੋ[8]।
ਕਿਤਿਕ ਸਮੋ ਬੀਤਜੋ ਜਬਹਿ, ਬੈਠੇ ਗੁਰ ਪਾਸੂ।
ਆਇ ਰਸੋਈਆ ਥਿਤਿ ਭਯੋ, ਕੀਨਸਿ ਅਰਦਾਸੂ ॥੨੬॥
'ਪ੍ਰਭੁ ਜੀ! ਸਿੱਧ[9] ਅਹਾਰ ਹਹਿ' ਸੁਨਿ ਉਠੇ ਕ੍ਰਿਪਾਲਾ।
ਬੁੱਢੇ ਆਦਿਕ ਸਿੱਖ ਸਭਿ, ਆਏ ਤਿਸ ਕਾਲਾ।
ਪੰਕਤਿ ਬੈਠੀ ਮਿਲਿ ਤਬਹਿ, ਗੁਰ ਬੀਚ ਸੁਹਾਏ।
ਮਿਲਿ ਸੰਗਤਿ ਮਹਿਂ ਅਮਰ ਜੀ, ਬੈਠੇ ਤਿਸ ਥਾਏਂ ॥੨੭॥

---

[1]ਜਿਸ ਨੂੰ।
[2]ਆਗਜਾ।
[3]ਭਾਵ ਸ੍ਰੀ ਅਮਰ ਦਾਸ ਜੀ ਮਿਲਨ ਦਾ ਹੁਲਾਸ ਬਹੁਤ ਰਖਦੇ ਹਨ।
[4]ਖਿੜ ਰਿਹਾ ਹੈ।
*ਪਾ:-ਇਨਹੁ।
[5]ਕਪੜੇ ਦੀ (ਬੁੱਕਲ) ਤੋਂ ਹੱਥ ਬਾਹਰ ਕੱਢੇ।
[6](ਮੈਂ) ਜੋਗ ਨਹੀਂ।
[7]ਅਨੰਦ ਪ੍ਰਸੰਨਤਾ।
[8]ਪੁੱਛਦੇ ਹਨ ਪ੍ਰਸੰਨ ਹੋ ਕੇ।
[9]ਤਿਆਰ।

ਪਹਿਤ ਭਾਤ[1] ਬਰਤਜੋ ਪ੍ਰਥਮ, ਪੁਨ ਆਮਿਖ[2] ਆਵਾ।
ਇਕ ਦਿਸ਼ ਪੰਕਤਿ ਮਹਿਂ ਦਯੋ, ਤਬ ਇਨ ਦਰਸਾਵਾ[3]।
ਬਹੁ ਗਿਲਾਨ[4] ਠਾਨੀ ਰਿਦੈ, ਇਮਿ ਕਰਤਿ ਬਿਚਾਰਾ।
-ਮੈਂ ਆਮਿਖ ਖਾਯੋ ਨ ਕਬਿ, ਕਰਿ ਅੰਨ[5] ਅਹਾਰਾ ॥੨੮॥
ਪੰਕਤਿ ਮੈਂ ਅਬਿ ਬੈਠਗਾ, ਕਿਮਿ ਹੋਹਿ ਬਚਾਊ।
ਨਹਿਂ ਲੇਵੋਂ ਅਪਮਾਨ ਹੀ, ਕਯੋਂ ਬੈਠਜੋ ਆਊ[6]।
ਆਯੋ ਸਤਿਗੁਰ ਕਰਨ ਕੋ, ਬਿਗਰਹਿ ਇਮਿ ਬਾਤੀ।
ਸਿੱਖਜ ਨ ਕਰਿ ਹੈਂ ਮੋਹਿ ਕੋ, ਮਨ ਹਟਿ ਇਸ ਭਾਂਤੀ[7] ॥੨੯॥
ਅਪਰ ਜਤਨ ਅਬਿ ਕੋ ਨਹੀਂ, ਜੇ ਅੰਤਰਜਾਮੀ।
ਸੂਪਕਾਰ ਕੋ[8] ਬਰਜ ਹੈਂ, ਆਪਹਿ ਗੁਰੁ ਸ੍ਵਾਮੀ।
ਇਕ ਤੋ ਮੇਰੋ ਧਰਮ ਰਹਿ, ਪੁਨ ਹੁਇ ਪਰਤੀਤਾ।
ਜਗ ਤੇ ਕਰਹਿਂ ਉਧਾਰ ਮਮ, ਸਰਬੱਗਜ ਪੁਨੀਤਾ[9]- ॥੩੦॥
ਇਮਿ ਕੀਨੋ ਸੰਕਲਪ ਕੋ, ਸ਼੍ਰੀ ਗੁਰੁ ਨੈ ਜਾਨਾ।
ਸੂਪਕਾਰ ਕੋ ਬਰਜਿਓ, ਮੁਖ ਬਾਕ ਬਖਾਨਾ।
'ਪੰਕਤ ਮਹਿਂ ਜੋ ਨਵੋ ਨਰ, ਤਿਸ ਦੇਹੁ ਅਹਾਰਾ।
ਆਮਿਖ ਨਾਂਹਿ ਪਰੋਸੀਏ, ਤਿਨ ਧਰਮ ਬਿਚਾਰਾ[10]' ॥੩੧॥
ਨਹੀਂ ਦਯੋ ਤਬਿ ਮਾਸ ਕੋ, ਸਭਿ ਸੰਗਤਿ ਖਾਯੋ।
ਤ੍ਰਿਪਤ ਭਏ ਪੰਕਤਿ ਉਠੀ, ਜਲ ਪਾਨ ਕਰਾਯੋ।
-ਮਮ ਮਨ ਕੀ ਗਤਿ ਗੁਰ ਲਖੀ-, ਹਰਖਜੋ ਉਰ ਭਾਰੀ।
-ਭਏ ਪੁੰਨ ਮੇਰੇ ਉਦੇ-, ਬਹੁ ਕਰਤਿ ਬਿਚਾਰੀ ॥੩੨॥
-ਅਬ ਇਨ ਤੇ ਆਛੋ ਗੁਰੂ, ਕਤਹੁਂ ਨ ਦਰਸਾਵੋਂ।
ਧੰਨ ਭਾਗ ਇਹੁ ਜੇ ਮਿਲੈਂ, ਸਮ ਔਰ ਨ ਪਾਵੋਂ।
ਸ਼੍ਰੀ ਪ੍ਰਭੁ ਸ਼੍ਰੀ ਗੰਗਾ ਸੁਨੀ, ਮੈਂ ਬਿਨੈ ਜੁ ਕੀਨੀ।

---

[1]ਦਾਲ ਚਾਵਲ।
[2]ਮਾਸ = ਮਹਾਂ ਪ੍ਰਸ਼ਾਦਿ।
[3]ਭਾਵ ਸ਼੍ਰੀ ਅਮਰ ਜੀ ਨੇ ਦੇਖਿਆ।
[4]ਸੂਗ।
[5](ਤੇ) ਕਰਦਾ ਹਾਂ ਅੰਨ ਦਾ ਅਹਾਰ।
[6]ਨਾ ਲਵਾਂ ਤਾਂ ਅਪਮਾਨ ਹੋਵੇਗਾ, ਮੈਂ ਕਿਉਂ ਆ ਬੈਠਾ (ਪੰਕਤ ਵਿਚ)। (ਅ) ਭਾਵ ਰਸੋਈਏ ਕਹਿਣਗੇ ਕਿ ਜੇ ਇਨ ਲੈਣਾ ਨਹੀਂ ਸੀ ਤਾਂ ਪੰਕਤ ਵਿਚ ਆ ਕਿਉਂ ਬੈਠਾ।
[7]ਇਸ ਤਰ੍ਹਾਂ ਗੁਰੂ ਜੀ ਦਾ ਮਨ ਪਰੇ ਹਟ ਜਾਏਗਾ।
[8]ਰਸੋਈਏ ਨੂੰ।
[9]ਭਾਵ ਗੁਰੂ ਅੰਗਦ ਜੀ।
[10](ਉਸ ਨੇ ਮਾਸ ਨਾ ਖਾਣਾਂ) ਧਰਮ ਸਮਝਿਆ ਹੈ।

ਇਹੁ ਪੂਰਨ ਅਵਤਾਰ ਹੈਂ-, ਸ਼ਰਧਾ ਧਰਿ ਲੀਨੀ ॥੩੩॥
ਕਰਿ ਭੋਜਨ ਬੈਠਜੋ ਵਹਿਰ, ਏਕਾਕੀ ਹੋਵਾ।
ਚਿਤਵਤਿ ਚਿਤ ਮਹਿਮਾ ਗੁਰੂ, ਸੰਸੈ ਸਭਿ ਖੋਵਾ।
ਨਿਸਾ ਬਿਤਾਈ ਪੁਨ ਦਿਵਸ, ਭੋਜਨ ਭਾ ਤਜਾਰੀ।
ਮਿਲਿ ਪੰਕਤਿ ਬੈਠਜੋ ਤਹਾਂ, ਮਨ ਮੈਂ ਇਮ ਧਾਰੀ ॥੩੪॥
-ਸ਼੍ਰੀ ਗੁਰ ਸਦਾ ਸਰਬੱਗਜ ਹੈਂ, ਸੰਸੈ ਕਿਛੁ ਨਾਂਹੀ।
ਤਊ ਮੋਹਿ ਮਨ ਭਾਵਨੀ, ਲਖਿ ਨਿਜ ਉਰ ਮਾਂਹੀ।
ਸੀਤ ਪ੍ਰਸਾਦ ਸਰਬੋਤਮੰ, ਬਿਨ ਜਾਚੇ ਮੋਹੀ।
ਕ੍ਰਿਪਾ ਧਾਰਿ ਸੋ ਦੇਹਿਂ ਅਬਿ, ਉਰ ਮਮ ਸੁਧ ਹੋਹੀ- ॥੩੫॥
ਇਮਿ ਚਿਤਵਤਿ ਭੋਜਨ ਕਰਜੋ, ਸ਼੍ਰੀ ਗੁਰ ਨੈ ਜਾਨੀ[1]।
ਆਪ ਅਚਜੋ ਤ੍ਰਿਪਤਾਇ ਕੈ, ਪੁਨ ਪੀਵਤਿ ਪਾਨੀ।
ਪੀਛੈ ਉਚਰਜੋ ਦਾਸ ਕੋ, 'ਜੋ ਬਚਜੋ ਅਹਾਰਾ।
ਦੇਹੁ ਪੁਰਖੁ ਤਿਸ ਜਾਇ ਕਰਿ, ਚਹਿ ਰਿਦੈ ਉਦਾਰਾ ॥੩੬॥
ਸੁਨਤਿ ਅਨੰਦ ਬਿਲੰਦ ਭਾ, ਲੇ ਕਰਿ ਤਬ ਖਾਯੋ।
ਨਿਸ਼ਚਲ ਨਿਸ਼ਚੈ ਚਿਤ ਭਯੋ, ਸਮ ਮੇਰੁ ਥਿਰਾਯੋ।
ਭਈ ਸ਼ਾਂਤਿ, ਦੁਬਿਧਾ ਨਸੀ; ਮਨ ਤਹਾਂ ਟਿਕਾਵਾ।
ਪਾਨਿ ਕਰਜੋ ਜਲ ਧੋਇ ਕਰ, ਬਾਹਰ ਪੁਨ ਆਵਾ ॥੩੭॥

ਰਹਜੋ ਇਕੰਤ ਸੁ ਬੈਠਿ ਕਰਿ,
ਸਭਿ ਦਿਵਸ ਬਿਤਾਯੋ।
ਭੋਜਨ ਕੋ ਜਬਿ ਸਮੋ ਹੁਇ,
ਤਬਿ ਅੰਤਰ ਆਯੋ।
ਪੰਕਤਿ ਮਹਿਂ ਬੈਠਹਿ ਤਹਾਂ,
ਜੋ ਦੇਹਿਂ ਸੁ ਖਾਵੈ।
ਪੁਨਹਿ ਇਕਾਕੀ ਹੋਇ ਕਰਿ,
ਪ੍ਰਭੁ ਗੁਨ ਮਨ ਲਾਵੈ ॥੩੮॥

ਚੌਪਈ: ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਰਹਹਿ ਵਹਿਰ ਲੇ ਭੋਜਨ ਖਾਏ।
ਸ਼੍ਰੀ ਅੰਗਦ ਪੁਨ ਨਹੀਂ ਬੁਲਾਯੋ।
ਕਬਹੁਂ ਨ ਬਚ ਸ਼੍ਰੀ ਮੁਖ ਫੁਰਮਾਯੋ ॥੩੯॥
ਨਹਿਂ ਸੰਗਤਿ ਮਹਿਂ ਮਿਲਹਿ ਲਜਾਵਹਿ[2*]।

---

[1]ਸ੍ਰੀ ਅਮਰ ਦਾਸ ਜੀ ਦੇ (ਦਿਲ ਦੀ) ਜਾਣ ਲਈ।
[2]ਭਾਵ ਸ਼ਰਮ ਕਰਕੇ ਸੰਗਤ ਵਿਚ ਫਿਰਦਾ ਟੁਰਦਾ ਨਹੀਂ (ਰੋਟੀ ਵੇਲੇ ਮਿਲਕੇ ਜਾ ਬੈਠਦਾ ਹੈ)।

ਮਿਲ ਕਰਿ ਤਹਿਂ ਅਹਾਰ ਕੋ ਖਾਵਹਿ।
ਸ਼੍ਰੀ ਪਰਮੇਸ਼ੁਰ ਨਾਮ ਬਖਾਨੈ।
-ਅਬਿ ਨ ਜਾਉਂ ਕਿਤ-, ਦ੍ਰਿੜ ਨਿਤੁ ਠਾਨੈ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ੍ਰੀ ਅਮਰ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥੧੫॥

*ਪਾ:-ਸੰਗਤਿ ਮਹਿਂ ਮਿਲ ਕਰਿ ਤਬ ਜਾਵੈ।

੧੬. [ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ]

੧੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੭

ਦੋਹਰਾ: ਕਿਤਿਕ ਦਜੋਸ ਬੀਤੇ ਜਬੈ, ਚਿਤ ਮਹਿਂ ਚਿਤਵਨ ਕੀਨ।
-ਸੇਵਾ ਚਹੀਯੇ ਗੁਰੂ ਕੀ, ਜਿਸ ਤੇ ਹੋਇਂ ਪ੍ਰਸੀਨ[੧] ॥੧॥

ਸ੍ਵੈਯਾ ਛੰਦ: ਬੇ ਪਰਵਾਹ ਗੁਰੂ ਹੈ ਜੱਦਜਪਿ[੨]
ਚਿੱਤ ਮੈਂ ਜਿਨ ਕੇ ਚਾਹ ਨ ਕੋਇ।
ਤਦਪਿ ਦਾਸ ਨਿਜ ਧਰਮ ਬਿਚਾਰਹਿ
ਸੇਵਾ ਕਰਹਿ ਭਾਉ ਮਨ ਭੋਇ[੩]।
ਪ੍ਰਿਥਮ ਜੁਗਨ ਮਹਿਂ ਤਪ ਕੋ ਤਾਪਹਿਂ
ਛੁਧਾ ਪਿਪਾਸਾ ਸਹਿ ਕਰਿ ਸੋਇ।
ਪੰਚਾਗਨਿ ਤਾਪਹਿਂ[੪], ਜਲ ਪੈਠਹਿਂ[੫],
ਬਰਖਾ ਸਹਹਿਂ, ਨਗਨ ਤਨ ਹੋਇ ॥੨॥

ਏਕ ਚਰਨ ਪਰ ਠਾਂਢੇ ਹੋਵਤਿ,
ਊਰਧਿ ਬਾਹੂ[੬] ਕਿਤੇ ਰਹੰਤਿ।
ਕੈ ਲਟਕਤਿ ਹੈਂ ਊਪਰ ਪਦ ਕਰਿ,
ਚਹੈਂ ਪ੍ਰਸੰਨ ਹੋਹਿ ਭਗਵੰਤਿ।
ਸੋ ਤਪ ਫਲ ਅਬ ਕਲੀ ਕਾਲ ਮਹਿਂ
ਸਤਿ ਸੰਗਤਿ ਸੇਵਨ ਕਰਿਯੰਤਿ।
ਜਲ ਢੋਵਨਿ ਅਰ ਲਕਰੀ ਲਜਾਵਨਿ,
ਕਰਨ ਬੀਜਨੋ[੭] ਪ੍ਰਭੁ ਸਿਮਰੰਤਿ[੮] ॥੩॥

ਚਰਨ ਪਖਾਰਨਿ ਅੰਨਿ ਪਕਾਵਨਿ
ਇੱਤਜਾਦਿ ਜੇਤਿਕ ਹੈਂ ਆਨਿ।
ਮਿਲਿ ਸਤਿਸੰਗ ਕਰਨ ਜੋ ਸੇਵਾ
ਅਧਿਕ ਤਪਨ[੯] ਫਲ ਹੋਹਿ ਮਹਾਨ-।
ਇਮਿ ਬਿਚਾਰਿ ਸ੍ਰੀ ਅਮਰ ਕਰਜੋ ਉਰ

---

[੧]ਪ੍ਰਸੰਨ ਹੋਣ।
[੨]ਭਾਵੇਂ।
[੩]ਪ੍ਰੇਮ ਮਿਲੇ ਮਨ ਨਾਲ।
[੪]ਪੰਜ ਧੂਣੀਆਂ ਤਾਉਂਦੇ।
[੫]ਜਲ ਪ੍ਰਵੇਸ਼ ਕਰਦੇ।
[੬]ਉੱਪਰ ਨੂੰ ਕਰਕੇ ਬਾਹਾਂ।
[੭]ਪੱਖਾ ਝੱਲਣਾ।
[੮]ਸਿਮਰਦਿਆਂ।
[੯]ਤਪਾਂ ਤੋਂ ਬੀ।

–ਆਨੌਂ ਨੀਰ ਆਪਨੇ ਪਾਨ।
ਨਿਤਿ ਸਤਿਸੰਗਤਿ ਦੇਵਨਿ ਠਾਨੌਂ*
ਅਰੁ ਸਤਿਗੁਰੁ ਤਨ ਕਰਹਿਂ ਸ਼ਨਾਨ– ॥੪॥
ਮਿਲਿ ਸਿੱਖਜਨ ਮਹਿਂ ਭਨਜੋਂ ਸਭਿਨਿ ਕੋ
'ਜਲ ਕੀ ਸੇਵਾ ਦਿਹੁ ਮੁਝ ਦਾਨ।'
ਆਇਸੁ ਲੇ ਕਰਿ ਕਲਸ[1] ਉਚਾਯਹੁ
ਸਿਰ ਧਰਿ ਲਜਾਵਤਿ ਹੈਂ ਤਿਸ ਥਾਨ।
ਦੇਤਿ ਰਸੋਈ ਮਹਿਂ ਚਹਿ ਜੇਤਿਕ
ਸਿੱਖਜਨ ਕੋ ਕਰਵਾਵਹਿਂ ਪਾਨ।
ਮਨ ਨੀਵੌਂ ਕਰਿ ਸਾਦਰ ਬੋਲਹਿਂ
ਨਹਿਂ ਡੋਲੈਂ ਬੁਧਿ ਕੋ ਦ੍ਰਿੜ ਠਾਨਿ ॥੫॥
ਸ਼੍ਰੀ ਅੰਗਦ ਜਬ ਜਾਮ ਜਾਮਨੀ[2]
ਜਾਗਹਿਂ ਮੱਜਹਿਂ ਬਿਤ ਤਿਸੁ ਕਾਲ।
ਤਬਿ ਤੇ ਆਗੇ ਹੀ ਉਠਿ ਕਰਿ ਕੈ
ਜਲ ਆਨਹਿ ਭਰਿ ਕਲਸ ਬਿਸਾਲ।
ਅਧਿਕ ਪ੍ਰੀਤ ਕਰਿ ਸੇਵਾ ਠਾਨਹਿਂ
ਨਹਿਂ ਅਕੁਲਾਵਹਿਂ ਬਲਹਿ ਸੰਭਾਲ।
ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾਲਹਿਂ,
ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲਿ ॥੬॥
ਪੁਨ ਇਕੰਤ ਹੁਇ ਸਭਿ ਤੇ ਬੈਠਹਿਂ
ਕਹਹਿਂ ਨ ਸੁਨਹਿ ਬਚਨ ਕਿਸਿ ਨਾਲਿ।
ਸਤਿਗੁਰ ਮੂਰਤਿ ਰਿਦੇ ਸਮਾਲਹਿਂ
ਅਪਰ ਮਨੋਰਥ ਸਭਿ ਕੋ ਟਾਲਿ[3]।
ਨਿਜ ਕੁਲ ਕੋ, ਨਿਜ ਗ੍ਰਿਹ ਕੋ ਤਜਿ ਕਰਿ
ਨਹੀਂ ਜਾਇ ਪੁਨ ਕੀਨਿ ਸੰਭਾਲ[4]।
ਨਰ ਉਪਹਾਸ ਕਰਨਿ ਸਭਿ ਲਾਗੇ
–ਬ੍ਰਿੱਧ ਹੋਇ ਕਿਆ ਕੀਨੀ ਢਾਲਿ[5]– ॥੭॥

---

*ਪਾ:–ਨਿਤ ਸਤਿਸੰਗਤਿ ਸੇਵਾ ਠਾਨੌਂ।
[1]ਘੜਾ।
[2]ਪਹਿਰ ਰਾਤ ਰਹਿੰਦੀ।
[3]ਸਾਰੇ ਸੰਕਲਪ ਦੂਰ ਕਰਕੇ।
[4]ਮੁੜ ਜਾ ਕੇ ਨਹੀਂ ਸੰਭਾਲਿਆ।
[5]ਚਾਲ।

ਸੰਮਤ ਗਜੋ ਬੀਤ ਜਬਿ ਇਸ ਬਿਧਿ,
ਜੀਰਣ[1] ਬਸਤ੍ਰ ਧਰੇ ਤਨ ਮਾਂਹਿ।
ਸ਼੍ਰੀ ਅੰਗਦ ਸੇਵਾ ਕੇ ਤਤਪਰ
ਅਪਰ ਮਨੋਰਥ ਹੋਹਿ ਨ ਕਾਹਿ।
ਖਾਨ ਪਾਨ ਨਿਰਬਾਹ ਦੇਹਿ ਹਿਤ
ਛੁਧਾ ਪਿਪਾਸਾ ਬਹੁ ਬਿਰਧਾਹਿ[2]।
ਤਬਿ ਕੁਛ ਕਰਹਿਂ[3], ਪਹਿਰਬੇ ਪਟ ਕੀ
ਸੁਧਿ ਬੁਧਿ ਕੌਨ ਕਰਹਿ? ਹੁਇ ਨਾਂਹਿ[4]' ॥੮॥

ਏਕ ਬਰਖ ਬੀਤਜੋ ਪਿਖਿ ਸਤਿਗੁਰ
ਗਜ ਡੇਢਿਕ ਤਬ ਦੀਨ ਰੁਮਾਲ।
ਸੋ ਲੇ ਕਰਿ ਨਿਜ ਸੀਸ ਚਢਾਯੋ
ਦ੍ਰਿਢ ਕਰਿ ਬਾਂਧਜੋ ਰਸਰੀ ਨਾਲ।

ਬਹੁਰ ਉਤਾਰਨਿ ਕੋ ਨਹਿਂ ਕੀਨਸਿ
ਲਖਿ ਕਰਿ ਗੁਰੂ ਪ੍ਰਸਾਦਿ ਬਿਸਾਲ।
ਸੇਵਾ ਕਰਹਿਂ ਤਿਸੀ ਬਿਧਿ ਨਿਸ ਦਿਨ,
ਜਲ ਆਨਹਿਂ ਚਹੀਅਹਿ ਜਿਸ ਕਾਲ ॥੯॥

ਬਰਖ ਬਹੱਤਰ* ਭਾਈ ਆਰਬਲ
ਤਬਿ ਆਏ ਸਤਿਗੁਰ ਕੇ ਪਾਸਿ।
ਨਿਬਲ ਸਰੀਰ, ਜਰਜਰੀ ਭੂਤ ਸੁ
ਤਊ ਸੇਵ ਕੋ ਧਰਹਿਂ ਹੁਲਾਸਿ।
ਆਲਸ ਤਜਾਗ ਕਰਤਿ ਉੱਦਜੋਗਹਿ[5]
ਕਲਸ ਉਠਾਇ ਲਜਾਇਂ ਜਲ ਰਾਸਿ।
ਨਿਜ ਤਨ ਕੀ ਅਰ ਘਰ ਕੁਟੰਬ ਕੀ

---

[1]ਪੁਰਾਣੇ।
[2](ਜਦੋਂ) ਭੁਖ ਤੇਹ ਬਹੁਤ ਵਧੇ।
[3]ਤਦੋਂ ਦੇਹ ਦੇ ਨਿਰਬਾਹ ਵਾਸਤੇ ਕੁਛ (ਅਹਾਰ) ਕਰਨ।
[4]ਕਪੜੇ ਪਹਿਨਣ ਦੀ ਹੋਸ਼ (ਆਪ ਨੂੰ) ਹੁੰਦੀ ਨਹੀਂ (ਤੇ ਹੋਰ) ਕੌਣ ਲਵੇ ਖਬਰ।
(ਅ) ਕਪੜੇ ਪਹਿਨਣ ਦੀ ਸੁਧ ਬੁਧ (ਖਬਰ ਲੈਣੀ) ਕੌਣ ਕਰੇ, (ਆਪ ਨੂੰ ਤਾਂ) ਹੈ ਹੀ ਨਹੀਂ (ਲੋੜ ਕਪੜੇ ਦੀ)।
*ਸ਼੍ਰੀ ਭੱਟਾਂ ਨੇ ਸਵਈਆਂ ਵਿਚ ਲਿਖਿਆ ਹੈ,
'ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨਖੀਣਉ'
ਅਰਥਾਤ ਗੁਰੂ ਅਮਰਦੇਵ ਜੀ ੩੦+੧+੫+੩੫ = ੭੧ ਵਰਹੇ ਦੀ ਉਮਰ ਵਿਚ ਆਏ ਸਨ ਸੇਵਾ ਵਿਚ, ੧ ਵਰਹਾ ਬੀਤ ਗਿਆ ਹੈ ਹੁਣ, ਐਉਂ ੭੨ ਹੁੰਦੇ ਹਨ।
[5]ਉੱਦਮ।

ਸੁਧਿ ਭੂਲੀ ਕਰਿ ਗੁਰ ਨਿਰਜਾਸਿ[1] ॥੧੦॥
ਤਨ ਕਰਿ ਕਰਹਿਂ ਕਾਰ ਸਭਿ ਸੇਵਾ
ਮਨ ਕਰਿ ਗੁਰੁ ਕੋ ਸਦਾ ਸਮ੍ਹਾਲਿ।
ਕੇਤਿਕ ਨਰ ਜਬਿ ਮਿਲਹਿਂ ਆਨਿ ਕਰਿ
ਬੂਝਹਿਂ 'ਸਦਨ[2] ਆਪਨੇ ਚਾਲਿ[3]।
ਨਿਜ ਬੰਧਪ[4] ਕੋ ਸੁਧ ਲਿਹੁ ਨੀਕੇ,
ਕੁਟੰਬ ਮਿਲਹੁ ਤੁਝ ਚਹਤਿ ਬਿਸਾਲ।
ਕਯੋਂ ਇਤ ਬੈਠਿ ਰਹਯੋ ਕਯਾ ਲੇਵਹਿਂ?
ਸਭਿ ਬਿਧਿ ਸੰਕਟ ਸਹੈਂ ਕਰਾਲ' ॥੧੧॥
ਤਿਨ ਸੋਂ ਕਹੈਂ 'ਨ ਹਮਰਾ ਕੋਈ
ਹਮ ਕਿਸਹੂੰ ਕੇ ਨਹਿਂ ਕਿਸ ਕਾਲ।
ਜਿਮਿ ਪ੍ਰਵਾਹ ਮੈਂ ਤ੍ਰਿਣ ਮਿਲਿ ਜਾਵਹਿਂ
ਤਥਾ ਮੇਲਿ ਸਭਿ ਕੋ ਸਭਿ ਨਾਲ।
ਉਤਰਨਿ ਪਾਰ, ਤਰੀ[5+] ਪਰ ਮੇਲਾ,
ਪੁਨ ਬਿਛੁਰਹਿ, ਨਹਿਂ ਕਰਹਿ ਸੰਭਾਲ।
ਆਇ ਪਾਹੁਨੋ ਨਿਸ ਬਿਸਰਾਮਹਿਂ[6],
ਹੋਤਿ ਪ੍ਰਾਤਿ[7] ਮਾਰਗ ਕੋ ਚਾਲਿ[8] ॥੧੨॥
ਅਬਿ ਮੇਰੇ ਸਤਿਗੁਰ ਹੈਂ ਸਭਿ ਕਿਛੁ,
ਸਦਨ, ਕੁਟੰਬ, ਪਿਤਾ ਅਰੁ ਮਾਤ[9]।
ਇਹੀ ਸਹਾਇਕ ਹੋਹਿਂ ਅੰਤ ਕੋ,
ਰਹਿ ਏਕਲ ਜਹਿਂ ਕੋਇ ਨ ਜਾਤਿ।
ਜੀਵਤਿ ਪ੍ਰਾਨ ਅਧਾਰ ਇਹੀ ਹੈਂ,
ਬਿਨ ਪਗ ਦੇਖੇ ਕਛੁ ਨ ਸੁਹਾਤਿ।'
ਇਮਿ ਸੁਨਿ ਲੋਕ ਪਯਾਨਹਿਂ ਘਰ ਕੋ,

---

[1]ਗੁਰੂ ਸਹੀ ਕਰਕੇ।
[2]ਘਰ।
[3]ਚੱਲ।
[4]ਸੰਬੰਧੀਆਂ।
[5]ਬੇੜੀ।
[+]ਪਾ:-ਤਹੀ।
[6]ਰਾਤ ਆਰਾਮ ਕਰਦਾ ਹੈ।
[7]ਸਵੇਰਾ ਹੁੰਦਿਆਂ।
[8]ਰਾਹ ਟੁਰ ਪੈਂਦਾ ਹੈ।
[9]ਅੰਤ ਨੂੰ (ਜਦ) ਇਕੱਲਿਆਂ ਰਹਿ ਜਾਣਾ ਹੈ ਤੇ ਨਾਲ ਜਿੱਥੇ ਕਿਸੇ ਨਹੀਂ ਜਾਣਾਂ ਇਹੋ (ਗੁਰੂ) ਸਹਾਈ ਹੋਣਗੇ।

ਜਾਨਹਿਂ -ਭਯੋ ਨਿਲਾਇਕ ਗਾਤ[1]- ॥੧੩॥
ਕਰਤਿ ਸੇਵ ਨਿਸ ਦਿਨ ਸ੍ਰੀ ਗੁਰ ਕੀ
ਅਹੰਮੇਵ ਤਜਿ ਕੈ ਸਭਿ ਰੀਤਿ।
ਦਿਨ ਪ੍ਰਤਿ ਅਧਿਕ ਅਧਿਕ ਹੀ ਸੇਵਹਿ
ਕਰਤਿ ਚੌਂਪ[2] ਅਤਿ ਉਪਜਤਿ ਚੀਤ।
ਸੁਨਹਿਂ ਨ, ਭਨਹਿਂ ਨ ਆਨ ਬੈਨ,
ਮਨ ਗਿਨਹਿਂ ਨ ਗਿਨਤੀ ਕੁਛ ਬਿਪਰੀਤਿ[3]।
ਤਨੁ ਮਨੁ ਅਰਪਜੋ[4] ਚਰਨ ਗੁਰੂ ਕੇ
ਇਸੀ ਖਜ਼ਾਲ ਮਹਿਂ ਪਰਮ ਅਤੀਤ ॥੧੪॥
ਪੁਨ ਸੰਮਤ ਦੂਸਰ ਭਾ ਪੂਰਨਿ
ਸ਼੍ਰੀ ਗੁਰ ਦੂਜੋ ਦੀਨ ਰੁਮਾਲਿ।
ਬਖਸ਼ਿਸ਼ ਜਾਨੀ ਸ੍ਵਾਮੀ ਕਰ ਕੀ
ਸਿਰ ਪਰ ਬਾਂਧਿ ਲੀਨਿ ਤਤਕਾਲਿ।
ਦ੍ਰਿੜ ਕਰਿ ਦਾਮ[5] ਜਿ ਉਤਰਹਿ ਨਾਹਿਨ,
ਸਿਥਲ ਹੋਹਿ ਪੁਨ ਲੇਹਿਂ ਸੰਭਾਲਿ।
ਕਬਹੂੰ ਨਹੀਂ ਉਤਾਰ ਨਿਹਾਰੀ
ਭੀਜਹਿ ਕਈ ਬਾਰ ਜਲ ਨਾਲਿ ॥੧੫॥
ਬੈਸ ਘਟਤਿ ਨਿਤ, ਪ੍ਰੇਮ ਬਧਤਿ ਚਿਤ,
ਤਜੋਂ ਤਜੋਂ ਸੇਵਾ ਕਰਹਿਂ ਕ੍ਰਿਪਾਲੁ।
ਨਰ ਉਪਹਾਸ[6] ਜਿ ਠਾਨਹਿਂ ਮੂਰਖ,
ਨਹਿਂ ਮਾਨਹਿਂ[7], ਕਰਿ ਮੌਨਿ ਬਿਸਾਲਿ।
ਭਾਉ ਭਗਤਿ ਮਹਿਂ ਜਾਗਹਿਂ* ਨਿਤਪ੍ਰਤਿ
ਸੋਯੋ ਜੇ ਜਗ ਕੇ ਜੰਜਾਲਿ[8]।
ਬਸਤ੍ਰ ਫਟਤਿ ਤਨ ਦੁਰਬਲ ਹੋਯਹੁ

---

[1]ਸਰੀਰ ਨਾਲਾਯਕ, ਭਾਵ ਦੇਹ ਰਹਿ ਚੁਕੀ ਹੈ। [ਸੰਸ: ਗਾਤ੍ਰ = ਸਰੀਰ] (ਅ) ਇਹ ਨਲੈਕ (ਘਰਦਿਆਂ ਨਾਲ) ਗੁੱਸੇ ਹੋ ਕੇ (ਆ ਟਿਕਿਆ ਹੈ) [ਸੰਸ: ਗਾਤੁ = ਗੁਸੇ]।
[2]ਚਾਉ।
[3]ਕਿਸੇ ਉਲਟੀ ਗਲ ਦੀ ਕੁਛ ਗਿਣਤੀ (ਸੋਚ) ਨਹੀਂ ਕਰਦੇ।
[4]ਭੇਟਾ ਕੀਤਾ।
[5]ਰੱਸੀ ਨਾਲ।
[6]ਠੱਠਾ।
[7]ਪਰਵਾਹ ਨਹੀਂ ਕਰਦੇ।
*ਪਾ-ਜਗਤ
[8]ਭਾਉ ਭਗਤਿ ਵਿਚ ਨਿੱਤ ਜਾਗਦੇ ਹਨ ਤੇ ਜਗਤ ਦੇ ਜੰਜਾਲਾਂ ਵੱਲੋਂ ਸੌਂ ਗਏ ਹਨ।

ਗੁਰ ਅਨੁਰਾਗ ਧਰੇ ਰੰਗ ਲਾਲ ॥੧੬॥
ਤ੍ਰਿਤੀ ਬਰਖ ਮਹਿਂ ਸ੍ਰੀ ਗੁਰ ਅੰਗਦ
ਤ੍ਰਿਤੀ ਡੇਢ ਗਜ ਦੀਨਹੁ ਚੀਰ।
ਨਹਿਂ ਬੋਲਹਿਂ ਤਿਹ ਸੰਗੁ ਕਬਹਿ ਕਛੁ
ਬੈਠਹਿਂ ਦੂਰ ਕਿ ਹੋਵਹਿਂ ਤੀਰ।
ਹਾਥ ਚਰਨ ਜੁਗ ਭਏ ਬਿਬਰਨੇ[1]
ਫਟੇ ਮਾਸ ਲਾਗੇ ਜਲ ਸੀਰ।
ਤਊ ਨ ਮਨ ਮਹਿਂ ਫੁਰੈ ਔਰ ਬਿਧਿ
ਇਕ ਸੇਵਾ ਕੇ ਤਤਪਰ ਧੀਰ[2] ॥੧੭॥
ਜਾਮ ਜਾਮਨੀ ਜਾਗਹਿਂ, ਆਨਹਿਂ
ਜਲ ਕੋ ਕਲਸ, ਕਰਾਇ ਸ਼ਨਾਨ।
ਚਰਨ ਪਖਾਰਹਿਂ, ਬਸਤ੍ਰ ਪਖਾਰਹਿਂ,
ਪੁਨ ਪਰਮੇਸ਼ੁਰ ਸਿਮਰਨ ਠਾਨਿ।
ਬਹੁਤ ਦੇਗ ਹਿਤ ਨੀਰ ਘਟਾ ਭਰਿ
ਚਹੀਅਹਿ ਜਿਤਿਕ ਤਿਤਕ ਦੇਂ ਆਨਿ।
ਸਮਧਾ[3] ਆਨਹਿਂ, ਜਾਰਨਿ ਠਾਨਹਿਂ,
ਪੁਨ ਪੰਕਤਿ ਜੁਤ ਕਰਿਹੀਂ ਖਾਨ ॥੧੮॥
ਪਾਤ੍ਰ ਸੁਧਾਰਹਿਂ[4] ਸਤਿਗੁਰ ਕੇ ਸਭਿ,
ਗਰਮੀ ਬਿਖੈ ਸੁ ਹਾਂਕਹਿਂ[+] ਪੌਨ।
ਜਬਿ ਜਲ ਪਾਨ ਕਰਹਿਂ ਲੇ ਆਵਹਿਂ,
ਸੇਜ ਸੁਧਾਰਹਿਂ ਹਿਤ ਗੁਰ ਸੌਨ।
ਚਰਨ ਅੰਗੂਠੇ ਮਹਿ ਬ੍ਰਿਣ[5] ਪਾਕੋ[++]

---

[1]ਹੋਰ ਰੰਗ ਦੇ।
[2]ਧੀਰਜ ਧਾਰਕੇ।
[3]ਲੱਕੜੀਆਂ।
[4]ਭਾਂਡੇ ਮਾਂਜਣ।
[+]ਪਾ-ਹਾਂਕ ਹੈ।
[5]ਫੋੜਾ।
[++]ਇਹ ਗੱਲ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਫੋੜਾ ਸੀ, ਉਨ੍ਹਾਂ ਦੇ ਗੱਦੀ ਪਰ ਬੈਠਣ ਦੇ ਵਿਰੋਧੀ ਨਿੰਦਕਾਂ ਦੀ ਟੋਰੀ ਹੋਈ ਨਿੰਦਾ ਹੈ, ਜਿਸ ਨੂੰ ਨਾਵਾਕਫ ਪਰ ਪ੍ਰੇਮਾਧੀਨ ਸਿੱਖਾਂ ਨੇ ਸੁਹਣੇ ਅਰਥਾਂ ਵਿਚ ਲਾਉਣ ਦਾ ਜਤਨ ਕੀਤਾ ਹੈ। ਭਾਈ ਗੁਰਦਾਸ ਨੇ ਇਹ ਗੱਲ ਨਹੀਂ ਲਿਖੀ ਮਹਿਂਮਾ ਪ੍ਰਕਾਸ਼ ਵਿਚ ਜੋ ਸ੍ਰੀ ਗੁ: ਪ੍ਰ: ਸੂ: ਗ੍ਰੰਥ ਤੋਂ ਤੀਹ ਬਰਸ ਤੋਂ ਵਧੀਕ ਪਹਿਲੋਂ ਦਾ ਗ੍ਰੰਥ ਹੈ ਇਹ ਵਾਰਤਾ ਨਹੀਂ ਦਿੱਤੀ, ਨਾਂ ਹੀ ਭੱਟਾਂ ਨੇ ਸਵਈਆਂ ਵਿਚ ਜ਼ਿਕਰ ਕੀਤਾ ਹੈ। ਬਲਕਿ ਇਹ ਗਲ ਪ੍ਰਸਿੱਧ ਹੈ ਕਿ ਸਵੇਰੇ ਜਿਸ ਰੋਗੀ ਉਤੇ ਉਹਨਾਂ ਦੀ ਨਜ਼ਰ ਪੈਂਦੀ ਸੀ ਉਹ ਅਰੋਗ ਹੋ ਜਾਂਦਾ ਸੀ।

ਨਿਜ ਆਨਨ ਮਹਿਂ ਰਾਖਹਿਂ ਤੌਨ।
ਮੁਖ ਕੇ ਗਰਮ ਸ੍ਵਾਸ ਤੇ ਦੁਖ ਨਹਿਂ
ਯਾਂ ਤੇ ਧਰਹਿਂ ਬੈਠ ਰਹਿਂ ਭੌਨ ॥੧੯॥
ਜਬ ਮੁਖ ਰੁਧਰ ਰਾਂਧਿ[1] ਕਿਛੁ ਆਵਹਿ
ਤਿਸ ਕੋ ਥੂਕ ਦੇਹਿਂ ਧਰ ਡਾਰਿ[2]।
-ਸੁਖ ਸੋਂ ਸੈਨ ਕਰਹਿਂ ਗੁਰ ਪੂਰੇ
ਨਹਿਂ ਦੁਖ ਹੁਇ- ਇਮਿ ਰਿਦੇ ਬਿਚਾਰਿ।
ਇੱਤਯਾਦਿਕ ਜਬਿ ਸੇਵ ਉਠਾਈ
ਸੰਮਤ ਬੀਤ ਗਏ ਤਬ ਚਾਰ।
ਚੌਥੋ ਦਿਯੋ ਰੁਮਾਲ ਬਹੁਰ ਤਬਿ
ਸੋ ਭੀ ਲੀਨਹੁਂ ਸਿਰ ਪਰ ਧਾਰਿ ॥੨੦॥
ਪੰਚ ਬਰਖ ਮਹਿਂ ਪੰਚ ਦਿਯੇ ਗੁਰ,
ਖਸ਼ਟ ਬਰਖ ਮਹਿਂ ਖਸ਼ਟੋਂ* ਦੀਨ।
ਸੰਮਤ ਸਪਤਮ ਮਹਿਂ ਗੁਰ ਸੇਵਤਿ
ਪਗ ਅੰਗੁਸ਼ਟ ਧਰਹਿਂ ਮੁਖ ਲੀਨ।
ਭਯੋ ਕਛੁਕ ਪਰਕਾਸ਼ ਰਿਦੈ ਮਹਿਂ
ਜਿਮ ਅਰਣੋਦੈ[3] ਹੋਤਿ ਨਵੀਨ।
ਕਰਾਮਾਤ ਕੀ ਸ਼ਕਤਿ ਭਈ ਤਬਿ
ਸਿੱਧਾਂ ਫੁਰਨ ਲਗੀ ਮਨ ਚੀਨ ॥੨੧॥

ਭੱਟ ਬੀ ਕਹਿੰਦੇ ਹਨ: ਯਥਾ- 'ਜਾਕੀ ਦ੍ਰਿਸ਼ਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ।' ਇਸ ਰਾਸ ਦੇ ਅੰਸੂ ੧੦ ਦੇ ਅੰਕ ੪ ਤੇ ੫ ਵਿਚ ਇਹੋ ਗੱਲ ਕਵਿ ਜੀ ਆਪ ਦੱਸ ਆਏ ਹਨ। ਫਿਰ ਟਿੱਕੇ ਦੀ ਵਾਰ ਵਿਚ ਲਿਖਿਆ ਹੈ ਕਿ-

'ਜੋਤਿ ਸਮਾਣੀ ਜੋਤਿ ਮਾਹਿ।'

ਪੁਨਾ:- 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥'

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕਾਂਇਆ (ਦੇਹ) ਬਦਲੀ ਹੈ ਤਾਂ ਫਿਰ ਫੋੜੇ ਦੀ ਥਾਂ ਕਿੱਥੇ ਹੈ। ਫੇਰ ਭਾਈ ਗੁਰਦਾਸ ਜੀ ਲਿਖਦੇ ਹਨ-

'ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ..। ਕਾਯਾਂ ਪਲਟ ਸਰੂਪ ਬਣਾਯਾ।

[ਵਾਰ ੧: ਪੌੜੀ ੪੫]

ਤਥਾ:- 'ਗੁਰੂ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਫਲਿਆ।

[ਵਾਰ ੨੪, ਪੌੜੀ ੮]।

ਏਹ ਸਾਰੇ ਪ੍ਰਮਾਣ ਆਪ ਦੇ ਸ਼ਰੀਰ ਨੂੰ ਗੁਰ ਨਾਨਕ ਵਰਗਾ ਅਰੋਗ ਪ੍ਰਗਟ ਕਰਦੇ ਹਨ। ਫੋੜੇ ਵਾਲੀ ਗੱਲ ਸੱਚ ਨਹੀਂ ਸਹੀ ਹੁੰਦੀ।

[1]ਲਹੂ ਪਾਕ।

[2]ਧਰਤੀ ਪਰ ਸੁੱਟ ਦੇਣ।

*ਪਾ:-ਖਸ਼ਟ ਸੁ।

[3]ਚੜ੍ਹਦੇ ਸੂਰਜ ਦਾ।

ਇਕ ਦਿਨ ਸ਼੍ਰੀ ਅੰਗਦ ਜੀ ਸੋਏ
ਚਰਨ ਅੰਗੂਠ ਲੀਨ ਮੁਖ ਧਾਰਿ।
ਰਾਂਧ[+] ਰੁਧਿਰ ਜੋ ਹੋਇ ਇਕੱਤ੍ਰੈ
ਮੁਖ ਤੇ ਥੂਕ ਦੇਤਿ ਛਿਤਿ ਡਾਰਿ।
ਪੁਨ ਆਨਨ ਮਹਿਂ ਧਾਰਹਿਂ ਸੁਖ ਹਿਤ
ਪਾਇਂ ਨ ਸੰਕਟ ਗੁਰੂ ਉਦਾਰਿ।
ਬੈਠੇ ਬੀਤਯੋ ਏਕ ਜਾਮਿ ਜਬਿ
ਹਿਰਦੈ ਮਹਿਂ ਤਬਿ ਕੀਨ ਬਿਚਾਰਿ ॥੨੨॥
-ਮੋ ਮਹਿਂ ਸ਼ਕਤਿ ਕਾਮ ਕਿਸ ਆਵਹਿ
ਗੁਰ ਸ਼ਰੀਰ ਤੇ ਜੇ ਦੁਖ ਪਾਇਂ।
ਕਰੋਂ ਅਰੋਗ ਜੁ ਬ੍ਰਿਣ ਇਹ ਸੂਕਹਿ
ਸਰਬ ਪ੍ਰਕਾਰ ਤਬਹਿ ਸੁਖ ਆਇ-।
ਇਮਿ ਬਿਚਾਰਿ ਕਰਿ ਅਪਨ ਸ਼ਕਤਿ ਤੇ
ਸਗਰੋ ਰੋਗ ਦੀਨ ਬਿਨਸਾਇ।
ਭਏ ਅਰੋਗ ਅੰਗ ਸਭਿ ਸੁਧਰੇ
ਦੇਖਤਿ ਬਿਸਮਤਿ ਹੁਇ ਹਰਖਾਇ ॥੨੩॥
ਸ਼੍ਰੀ ਅੰਗਦ ਜੀ ਜਾਗ ਪਿਖਯੋ ਤਨ
ਚਰਣ ਅੰਗੂਠੇ ਮਹਿਂ ਬ੍ਰਿਣ ਨਾਂਹਿ।
ਅਪਰ ਸਰੀਰ ਅਰੋਗ ਭਯੋ ਸਭਿ
ਬਹੁਰ ਬਿਲੋਕਯੋ ਬੈਠਯੋ ਪਾਹਿ।
ਰਿਦੇ ਬਿਚਾਰਯੋ -ਕਯਾ ਇਹੁ ਹੋਯਹੁ
ਸੁਪਤ[1] ਜਾਮ ਇਕ[2], ਰੋਗ ਬਿਲਾਹਿ[3]-।
ਪੁਨ ਜਾਨਯੋ -ਸ਼੍ਰੀ ਅਮਰ ਕੀਨ ਇਮਿ
ਕੁਛਕ ਸ਼ਕਤਿ ਹੋਈ ਇਨ ਮਾਂਹੀ- ॥੨੪॥
'ਸੁਨਿ ਪੁਰਖਾ! ਤੈਂ ਕਯਾ ਇਹੁ ਕੀਨਸਿ?
ਜਰਾ[4] ਸ਼ਕਤਿ ਭੀ ਜਰੀ ਨ ਜਾਇ।
ਤੀਨ ਲੋਕ ਪਤਿ ਸ਼੍ਰੀ ਗੁਰ ਨਾਨਕ
ਇਸ ਤਨ ਕੋ ਤਿਨ ਸੀਸ ਨਿਵਾਇ।

[+]ਪਾ:-ਗੰਧ।
[1]ਸੁਤਿਆਂ।
[2]ਇਕ ਪਹਿਰ (ਵਿਚ)।
[3]ਰੋਗ ਦੂਰ ਹੋ ਗਿਆ।
[4]ਥੋੜੀ।

ਉਚਿਤ ਕਸ਼ਟ ਕੇ ਹੈ ਇਹ ਸਦ ਹੀ
ਕਜੋਂ ਇਹੁ ਦੀਨੋ ਰੋਗ ਗਵਾਇ।
ਅਬਿ ਤੇ ਬਹੁਰ ਨ ਕਰਹੁ ਦਿਖਾਵਨਿ
ਕਿਸ ਅਸਥਾਨ ਕਿਛੂ ਹੁਇ ਜਾਇ ॥੨੫॥
ਅਜਰ ਜਰਨ ਹੁਇ ਸੰਤਨਿ ਕੋ ਉਰ
ਮਹਾਂ ਗੰਭੀਰ ਸੁ ਧੀਰ ਬਿਸਾਲ।
ਸਿਰ ਲਗ ਦੇਤਿ ਦੇਰ ਨਹਿਂ ਲਾਵਹਿਂ,
ਅਜ਼ਮਤ ਨਹਿਂ ਦਿਖਾਇਂ ਕਿਸਿ ਕਾਲ।
ਐਸੇ ਕਰਹਿਂ ਬਧਤਿ[1] ਨਿਤ ਜਾਵਹਿ,
ਕਿਸੂ ਜਨਾਵਹਿਂ ਰਹਹਿ ਨ ਪਾਲਿ[2]।
ਸੀਖ ਧਰਹੁ ਦ੍ਰਿੜ ਨਹਿਨ ਬਿਸਾਰਹੁ,
ਸਦਾ ਸਮਾਰਹੁ ਪ੍ਰਭੂ ਕ੍ਰਿਪਾਲ' ॥੨੬॥
ਸੁਨਿ ਸ਼੍ਰੀ ਅਮਰ ਜੋਰਿ ਕਰ ਠਾਂਢੇ
'ਛਿਮਹੁ ਗੁਰੂ ! ਮੈਂ ਮਨਮਤਿ ਕੀਨਿ।
ਨਹੀਂ ਰਜਾਇ ਆਪ ਕੀ ਬਰਤੀ
ਅਬਿ ਮੈਂ ਕਰੌਂ ਸੀਖ ਜਿਮ ਦੀਨ।
ਬਿਰਦ ਬਡੋ ਬਖਸ਼ਿੰਦ ਆਪ ਕੋ
ਸਾਗਰ ਜਿਮ ਗੰਭੀਰ ਪ੍ਰਬੀਨ[3]।
ਧੀਰ ਧਰਾ ਸੀ ਧਰਤਿ[4] ਸਦਾ ਤੁਮ,
ਹਮ ਕਜਾ ਜਾਨਹਿਂ ਜੀਵ ਮਲੀਨ' ॥੨੭॥
ਬਿਨਤੀ ਸੁਨਤਿ ਪ੍ਰਸੰਨ ਹੋਇ ਪ੍ਰਭੁ*
ਬਖਸ਼ੇ, 'ਕਰਹੁ ਨ ਐਸੇ ਫੇਰਿ।'
ਨਿਜ ਸਰੀਰ ਪੁਨ ਤਥਾ ਬਨਾਯਹੁ
ਚਰਣ ਅੰਗੂਠੇ ਬ੍ਰਿਣ[5] ਜੁ ਬਡੇਰ।
ਰਾਂਧ ਰੁਧਰ ਚੋਵਤਿ+ ਰਹਿ ਥੋਰੋ
ਗੁਰ ਕੀ ਕਥਾ ਅਕਥ ਹੀ ਹੇਰਿ।

---

[1](ਸ਼ਕਤੀ) ਵਧਦੀ ਹੈ।
[2]ਕਿਸੇ ਨੂੰ ਜਣਾਇਆਂ ਪੱਲੇ ਨਹੀਂ ਰਹਿੰਦੀ।
[3]ਦਾਨੇ।
[4]ਧਰਤੀ ਵਾਂਗ ਧੀਰਜ ਧਾਰਨ ਕਰਦੇ ਹੋ।
*ਪਾ:-ਕਰਿ।
[5]ਫੋੜਾ।
+ਪਾ:-ਨਿਚੁਰਤਿ।

ਕਿਸ ਮਹਿਂ ਸਮਰਥ ਜਾਨ ਸਕਹਿ ਕੋ
ਸੁਰ ਨਰ ਬਿਸਮਤਿ ਸੁਮਤਿ ਬਡੇਰ[++] ॥੨੮॥
ਬਰਖ ਇਕਾਦਸ਼ ਸੇਵਾ ਕੀਨਸਿ
ਦਿਏ ਰੁਮਾਲ ਇਕਾਦਸ਼ ਪਾਨਿ।
ਸੋ ਸਗਰੇ ਸਿਰ ਪਰ ਕਰਿ ਬਾਂਧਨਿ
ਰਸਰੀ[1] ਸੰਗ ਸੁ ਦ੍ਰਿੜਤਾ ਠਾਨਿ।
ਬਡੋ ਮੁਕਟ ਤਿਨ ਕੋ ਤਬ ਹੋਯਹੁ
ਦਿਨ ਪ੍ਰਤਿ ਭੀਗਹਿ ਨੀਰ ਮਹਾਨ।
ਬਹੁ ਪਪੀਲਕਾ[2] ਬਾਸਾ ਕੀਨਸ
ਅਪਰ ਜੀਵ ਉਪਜੇ ਤਿਸ ਥਾਨ[*] ॥੨੯॥
ਜਬਿ ਕੇ ਦਏ ਸੀਸ ਪਰ ਬਾਂਧੇ
ਬਹੁਰ ਨ ਤਰੇ ਉਤਾਰਨਿ ਕੀਨਿ।
ਕਰਤਿ ਰਹਤਿ ਦਿਨ ਪ੍ਰਤਿ ਦ੍ਰਿੜ ਤਿਨ ਕੋ
ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ।
ਅਪਰ ਬਾਸਨਾ ਰਹੀ ਨ ਕੋਊ
ਚਰਨ ਕਮਲ ਸਿਮਰਤਿ ਹੁਇ ਲੀਨ।
ਕਹਨਿ ਸੁਨਨ ਕਿਹ ਸੋਂ ਨ[+] ਕਰਹਿਂ ਕਬਿ,
ਇਕ ਸੇਵਾ ਕੇ ਤਤਪਰ ਭੀਨਿ[3] ॥੩੦॥
ਬਰਖ ਦ੍ਵਾਦਸ਼ੋ ਸੇਵਤਿ ਆਯਹੁ
ਜੀਰਣ ਚੀਰ ਸਰੀਰ ਸੁ ਛਾਦਿ[4]।
ਪਗ ਮਹਿਂ ਭਈ ਬਿਵਾਈ[5] ਫਟ ਕਰਿ,
ਖਾਨ ਪਾਨ ਕੋ ਚਹੈ ਨ ਸਾਦਿ।
ਜਲ ਸੋਂ ਭੀਜ ਹਾਤ ਤਿਸ ਬਿਧਿ ਭੇ,

[++]ਪਾ:-ਘਨੇਰ।
[1]ਰੱਸੀ।
[2]ਕੀੜੀਆਂ।
[*]ਹਰ ਸਾਲ ਡੇਢ ਗਜ ਰੁਮਾਲ ਤੇ ਕਿਰਮ ਚੱਲਣ ਦੀ ਸਾਖੀ ਮਹਿੰਮਾਂ ਪ੍ਰਕਾਸ਼ ਵਿਚ ਹੈ, ਓਥੇ ਲਿਖਿਆ ਹੈ ਕਿ ਬਾਰਾਂ ਬਰਸ ਓਹੀ ਬਸਤਰ ਵਰਤਦੇ ਰਹੇ ਜੋ ਪਹਿਨੇ ਸੇਵਾ ਵਿਚ ਆਏ ਸੇ। ਇਹ ਕਿਰਮ ਚਲਣ ਵਾਲੀ ਗੱਲ ਬੀ ਉਨ੍ਹਾਂ ਹੀ ਨਿੰਦਕ ਲੋਕਾਂ ਦੀ ਚਲਾਈ ਹੋਈ ਜਾਪਦੀ ਹੈ। ਭੱਟਾਂ ਨੇ ਸਵਈਆਂ ਵਿਚ ਤੀਸਰੇ ਸਤਿਗੁਰਾਂ ਦੀ ਸੇਵਾ ਦਾ ਜ਼ਿਕਰ ਕੀਤਾ ਹੈ, ਪਰ ਇਹ ਬਾਤ ਸਪਸ਼ਟ ਯਾ ਇਸ਼ਾਰੇ ਨਾਲ ਬੀ ਨਹੀਂ ਦਿੱਤੀ ਹੈ।
[+]ਪਾ:-ਸ੍ਰੋਨ।
[3]ਭਿੱਜੇ ਹੋਏ।
[4]ਢਕਿਆ ਹੈ।
[5]ਬਿਆਈ।

ਕਬਿ ਬੈਠਹਿਂ ਸੁਨਿ ਸ਼ਬਦ ਸੁ ਨਾਦਿ[1]।
ਘਾਲੀ ਘਾਲ[2] ਅਧਿਕ ਜਬਿ ਐਸੇ
ਦੇਖਤਿ ਸਿੱਖਜ ਹੋਹਿਂ ਬਿਸਮਾਦਿ ॥੩੧॥
-ਮਧਰੋ ਡੀਲ ਸਰੀਰ ਅਲਪ[3] ਇਨ,
ਬਹੁਰ ਬ੍ਰਿੱਧ, ਬਲ ਨਹਿਂ ਜਿਨ ਮਾਂਹਿ।
ਸ੍ਵੇਤ ਕੇਸ, ਤਨ ਚਰਮ ਸਿਥਲ ਬਹੁ,
ਸੇਵਾ ਸਭਿ ਤੇ ਅਧਿਕ ਕਰਾਹਿਂ।
ਚਰਨ ਅੰਗੂਠਾ ਨਿਸ ਮੁਖ ਰਾਖਤਿ,
ਨਹਿਂ ਸੋਵਤਿ ਕਬਹੂੰ ਚਿਤ ਚਾਹਿ।
ਜਾਮ ਜਾਮਨੀ ਤੇ ਜਲ ਆਨਹਿਂ
ਗੁਰੂ ਸ਼ਨਾਨਹਿਂ ਪ੍ਰੇਮ ਉਮਾਹਿ ॥੩੨॥
ਸੀਤ ਉਸਨ[4] ਬਰਖਾ ਬਡ ਹੋਵਤਿ
ਸੇਵਹਿਂ ਇਕ ਸਮ ਜਾਨਹਿਂ ਨਾਂਹਿ[5]।
ਤਪ ਬਿਸਾਲ ਕਰ ਘਾਲ ਸੁ ਘਾਲਹਿਂ
ਧੰਨ ਜਨਮ ਕਰਿ ਲੀਨਿ ਉਪਾਹਿ[++]।
ਤੱਦਪਿ ਰੁਖ਼ ਨਹਿਂ ਗੁਰ ਕਛੁ ਕਰਿ ਹੈਂ[*]
ਉਦਾਸੀਨ ਸੀ ਬ੍ਰਿਤੀ ਰਖਾਹਿਂ।
ਨਿਕਟ ਬਿਠਾਇ ਨ ਬੋਲਹਿਂ ਬੂਝਹਿਂ,
ਅਗਮ ਗੁਰੂ, ਗਤਿ ਲਖੀ ਨ ਜਾਹਿ- ॥੩੩॥
ਸਿਖ ਇਮ ਭਨਤਿ[6], ਅਪਰ ਜੇ ਨਰ ਹੈਂ
ਬਹੁ ਬਿਧਿ ਕੇ ਠਾਨਹਿਂ ਉਪਹਾਸ।
-ਘਰ ਤੇ ਮਨਹੁ ਨਿਕਾਸਜੋ ਕਿਸਿ ਨੇ
ਦਰਬ ਨਹੀਂ ਕੁਛ ਇਸ ਕੇ ਪਾਸ।
ਗੁਰ ਨਿਰਾਸਰੇ ਕੋ ਸੁ ਆਸਰਾ
ਇਮ ਲਖਿ ਆਯਹੁ ਇਨਹੁ ਅਵਾਸ।

---

[1]ਸ਼ਬਦ ਕੀਰਤਨ।
[2]ਕਮਾਈ।
[3]ਛੋਟਾ ਸਰੀਰ।
[4]ਠੰਢ ਗਰਮੀ, ਉਨ੍ਹਾਲ ਸਿਆਲ।
[5](ਠੰਢ ਗਰਮੀ ਬਰਖਾ) ਨੂੰ ਨਹੀਂ ਜਾਣਦੇ, ਪਰਵਾਹ ਨਹੀਂ ਕਰਦੇ।
[++]ਪਾ:-ਲੀਨ ਉਮਾਹਿ।
[*]ਪਾ:-ਤੱਦਪਿ ਗੁਰ ਰੁਖ ਨਹਿਂ ਕਛੁ ਇਸ ਦਿਸ਼॥
[6]ਅੰਕ ੩੨ ਤੇ ੩੩ ਵਿਚ ਸਿਖ ਜਿਵੇਂ ਕਹਿੰਦੇ ਹਨ ਓਹ ਦੱਸਿਆ ਹੈ, ਤੇ ਜੋ ਲੋਕ ਹਾਸੀ ਕਰਦੇ ਹਨ ਉਹਨਾਂ ਦੀ ਗੱਲ ਅੱਗੇ ਦੱਸਣ ਲਗੇ ਹਨ।

ਟੁਕਰੇ ਖਾਨ ਰਹਜੋ ਪਰਿ ਕੈ ਇਹ,
ਸਭਿ ਨੇ ਤਜਾਗਜੋ ਭਯੋ ਨਿਰਾਸ ॥੩੪॥
ਫਿਰਹਿ ਨਿਥਾਵਾਂ ਥਾਂਵ ਨ ਪਾਵਹਿ,
ਅਹੈ ਨਿਮਾਨਾ ਮਾਨ ਨ ਕਾਇ।
ਰੈਨਿ ਦਿਵਸ ਇਤ ਉਤ ਕੋ ਬਿਚਰਤਿ
ਸਭਿ ਕੇ ਆਗੈ ਸੇਵ ਕਮਾਇ।
ਇਕ ਅਹਾਰ ਕੋ ਅਚਵਨ ਕਰਿਹੀ
ਅਵਰ ਵਸਤੁ ਕਿਛੁ ਹਾਥ ਨ ਆਇ।
ਸਭਿ ਕੋ ਕਹਜੋ ਕਰੈ ਉਡ ਡਰਪਤਿ
ਨਹੀਂ ਨਿਕਾਸ ਦੇਹਿਂ ਇਸ ਥਾਇਂ- ॥੩੫॥
ਇਮਿ ਨਿੰਦਕ ਉਪਹਾਸ ਜੁਕਤਿ ਬਹੁ
ਨਿੰਦਹਿਂ, ਬਿੰਦਹਿਂ ਨਹੀਂ ਗਵਾਰ[1]।
ਦੀਨ ਦੁਨੀ ਕਾ ਪਾਤਸ਼ਾਹ ਹੁਇ
ਜਿਸ ਕੇ ਸਮ ਕੋ ਹ੍ਵੈ ਨ ਉਦਾਰ।
ਸਿੱਖਜਨ ਅਰੁ ਨਿੰਦਕ ਤੇ ਸੁਨਿ ਕਰਿ
ਹਰਖ ਨ ਸ਼ੋਕ ਕਰਹਿਂ ਕਿਸ ਬਾਰਿ।
ਇੱਕ ਸੇਵ ਕੇ ਤਤਪਰ ਹ੍ਵੈ ਕਰਿ
ਗੁਰੂ ਅਰਾਧਹਿਂ ਸਰਬ ਪ੍ਰਕਾਰ* ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅਮਰ ਸੇਵਾ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

---

[1]ਠੱਠੇ ਨਾਲ ਨਿੰਦਦੇ ਹਨ ਤੇ ਗਵਾਰ ਨਹੀਂ ਜਾਣਦੇ।

*ਸ਼੍ਰੀ ਪਾਵਨ ਅਮਰਦਾਸ ਜੀ ਘਾਲ ਤੇ ਗੁਰੂ ਸਾਹਿਬ ਜੀ ਦੀ ਦਿਸ ਰਹੀ ਬੇਪਰਵਾਹੀ ਤੋਂ ਪ੍ਰਸ਼ਨ ਉਠ ਖੜੋਂਦੇ ਹਨ ਕਿ ਕਿਉਂ ਬੇਪਰਵਾਹੀ ਹੈ? ਕੀਹ ਇਸ ਸੇਵਾ ਮਾਤ੍ਰ ਨੇ ਸ਼੍ਰੀ ਅਮਰਦਾਸ ਜੀ ਨੂੰ ਗੁਰੂ ਬਨਾਉਣਾ ਹੈ? ਕੀ ਗੁਰੂ ਅੰਗਦ ਜੀ ਦਾ ਇਸ ਸੇਵਾ ਨਾਲ ਕੁਛ ਸੰਵਰਦਾ ਹੈ? ਉੱਤਰ ਇਹ ਹੈ ਕਿ ਗੁਰੂ ਜੀ ਬੇਪਰਵਾਹ ਨਹੀਂ ਹਨ। ਓਹ ਸ਼੍ਰੀ ਅਮਰਦਾਸ ਜੀ ਨੂੰ ਮਹਾਨ ਉੱਚ ਪਦਵੀ ਲਈ ਤਿਆਰ ਕਰ ਰਹੇ ਹਨ। ਸ਼੍ਰੀ ਅਮਰ ਦਾਸ ਜੀ ਧੁਰੋਂ ਗੁਰੂ ਹਨ, ਚਰਨਾਂ ਵਿਚ ਪਦਮ ਦਾ ਹੋਣਾਂ ਦੱਸਕੇ ਕਵਿ ਜੀ ਇਹ ਗੱਲ ਸੂਚਤ ਕਰ ਆਏ ਹਨ। ਗੱਲ ਇਹ ਹੈ ਕਿ ਜਗਤ ਵਿਚ ਝੂਠੇ ਗੁਰੂ ਤੇ ਝੂਠੇ ਸਿੱਖਾਂ ਦੀ ਪਰਪਾਟੀ ਨੇ ਸੱਚ ਤੇ ਅਸਲੀਅਤ ਗੁੰਮ ਕਰ ਦਿੱਤੀ ਸੀ, ਸੱਚੇ ਗੁਰੂ ਦਾ ਆਦਰਸ਼ ਤੇ ਸੱਚੇ ਸਿੱਖ ਦਾ ਆਦਰਸ਼ ਕਰਕੇ ਦਿਖਾਉਣਾ ਸੀ, ਇਸ ਲਈ ਸ਼੍ਰੀ ਅਮਰ ਦਾਸ ਜੀ ਵਾਹਿਗੁਰੂ ਜੀ ਪਰਮ ਕੌਤਕੀ ਵਲੋਂ ਸਿੱਖੀ ਦੇ ਨਾਟ ਵਿਚ ਰਖੇ ਗਏ ਸਨ। ਪਹਿਲਾਂ ਨੇਕ ਤਬੀਯਤ ਧਰਮ ਦਾ ਝੁਕਾਉ, ਭਗਤੀ ਦੀ ਪਿਆਸ ਵਿਚ ਤੀਰਥ ਪਰਸਨ, ਫੇਰ ਗੁਰੂ ਦੀ ਪਜਾਸ, ਫਿਰ ਸੇਵਾ ਦੀ ਅਵਧੀ ਕਰਕੇ ਉਨ੍ਹਾਂ ਨੇ ਜਗਜਾਸਾ ਤੇ ਸਿਖੀ ਦੀ 'ਸਰਬ ਆਪਾ ਤਜਾਗ' ਮਿਸਾਲ ਕਾਯਮ ਕੀਤੀ, ਫੇਰ ਜੋ ਕੁਛ ਸਨ ਅਰਥਾਤ ਗੁਰੂ, ਸੋ ਹੋਕੇ ਫਿਰ ਗੁਰਿਆਈ ਦਾ ਆਦਰਸ਼ ਦਿਖਾਯਾ ਤੇ ਗੁਰੂ ਪਦ ਦੀ ਕਾਰ ਪੂਰੀ ਪੂਰੀ ਨਿਬਾਹੀ।

੧੭. [ਸ੍ਰੀ ਅਮਰ ਦੇਵ ਜੀ ਨੂੰ ਵਰ ਦੀ ਬਖਸ਼ੀਸ਼]

੧੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੮

ਦੋਹਰਾ: ਇਸ ਪ੍ਰਕਾਰ ਸੇਵਾ ਕਰਹਿਂ, ਹਰਖ ਸ਼ੋਕ ਉਰਿ ਤਜਾਗ।
ਕਹਜੋ ਕਿਸੂ ਕੋ ਕਿਸੀ ਬਿਧਿ+, ਧਰਹਿਂ ਨ ਮਨ ਬਡਭਾਗ ॥੧॥

ਨਿਸਾਨੀ ਛੰਦ: ਘਟਾ ਸ਼ਜਾਮ ਇਕ ਨਿਸਾ ਮਹਿਂ, ਪਸਰਜੋ ਅੰਧਕਾਰਾ।
ਕੋ ਕੋ ਬਰਖੈ ਬੂੰਦ ਧਰਿ, ਕਰਦਮ[1] ਕਰਿ ਡਾਰਾ।
ਸਰਦ ਕਾਲ ਪਾਲਾ ਪਰੇ, ਤਨ ਸੁਕਚਹਿਂ ਸਾਰੇ।
ਤੂਲ[2] ਤੁਲਾਈ ਕੈ ਅਗਨਿ, ਸੀਤਹਿ ਨਿਰਵਾਰੇ[3] ॥੨॥
ਰਹੀ ਜਾਮ ਜਬ ਜਾਮਨੀ, ਭਾ ਮੱਜਨ ਕਾਲਾ।
ਚਲੇ ਕਲਸ ਲੇ ਹਾਥ ਮਹਿਂ, ਆਲਸ ਕੋ ਟਾਲਾ।
ਭਰਜੋ ਜਾਇ, ਸਿਰ ਪਰ ਧਰਜੋ, ਹਟਿ ਆਵਨ ਲਾਗੇ।
ਸਨੇ ਸਨੇ[4] ਸ੍ਰੀ ਅਮਰ ਜੀ, ਪਗ ਰਾਖਹਿਂ ਆਗੇ ॥੩॥
-ਫਿਸਲਹਿ ਪਗ ਕਲਸਾ ਗਿਰਹਿ, ਜਲ ਪਹੁੰਚਹਿ ਨਾਂਹੀ।
ਟਰਹਿ ਸਮੋ ਇਸ਼ਨਾਨ ਕੋ-, ਇਸ ਚਿੰਤਾ ਮਾਂਹੀ।
ਧਰਮਸਾਲ ਕੇ ਪੰਥ ਮਹਿਂ, ਘਰ ਹੁਤੋ ਜੁਲਾਹੇ[5]।
ਗਿਰਜੋ ਨੀਰ ਤਿਨ ਤੇ ਤਹਾਂ, ਕਰਦਮ ਬਹੁ ਤਾਂਹੇ ॥੪॥
ਮੰਦ ਮੰਦ ਬੂਝਨ ਗਿਰੈਂ, ਪੁਨ ਪੰਕ ਸੁ ਯਾਂ ਤੇ[6]।
ਅਧਿਕ ਅੰਧੇਰੋ ਹੁਇ ਰਹਜੋ, ਮਗ ਲਖਜੋ ਨ ਯਾਂ ਤੇ।
ਇਕ ਕਰੀਰ ਕੋ ਕਿਲਕ[7] ਤਹਿਂ, ਛਿਤਿ ਗਡਜੋ ਜੁਲਾਹੇ।
ਚੀਰ ਬੁਨਹਿਂ ਤਿਸ ਬਾਂਧਿ ਕਰਿ, ਕੁੰਭਲ[8] ਪੁਨ ਮਾਂਹੇ ॥੫॥
ਆਏ ਜਬਿ ਸ੍ਰੀ ਅਮਰ ਤਹਿਂ, ਪਗ ਕੀਲੇ ਲਾਗਾ।
ਨਿਕਟ ਗਿਰੇ ਕੁੰਭਲ ਬਿਖੈ, ਨਹਿਂ ਸੰਭਲਿ ਆਗਾ।
ਕਲਸ ਬਚਾਵਨਿ ਕਾਰਨੇ, ਬਲ ਕੀਨ ਬਡੇਰਾ।
ਨੀਰ ਨ ਗਿਰਨੇ ਦੀਨ ਤਿਸੁ, ਥੰਭਜੋ ਤਿਸ ਬੇਰਾ ॥੬॥
ਨੀਠ ਨੀਠ ਕਲਸਾ ਤਬਹਿ, ਸਿਰ ਊਪਰ ਰਾਖਜੋ।

+ਪਾ:-ਕਿਸ ਬਿਧੀ।
[1]ਚਿੱਕੜ।
[2]ਰੂਈਂ ਦੀ।
[3]ਠੰਢ ਨੂੰ ਦੂਰ ਕਰਦੇ ਹਨ।
[4]ਸਹਿਜੇ ਸਹਿਜੇ।
[5]ਜੁਲਾਹੇ ਦਾ ਘਰ।
[6]ਇਸ ਕਰਕੇ ਚਿੱਕੜ ਸੀ।
[7]ਕਿੱਲਾ।
[8]ਖੱਡੀ।

-ਮੱਜਨ ਕੋ ਨਹਿਂ ਬਿਲਮੁ ਹੁਇ, ਗੁਰ ਦਿਸ਼- ਅਭਿਲਾਖਜੋ।
ਪਰੀ ਜੁਲਾਹੀ ਸਦਨ ਮਹਿਂ, ਅਰੁ ਹੁਤੋ ਜੁਲਾਹਾ।
ਭਯੋ ਖੜਕ ਸੁਨਿ ਕੈ ਸ਼ਬਦ, 'ਬਾਹਰ ਕੋ ਆਹਾ? ॥੭॥
ਗਿਰਜੋ ਕੌਨ ਇਸ ਥਲ ਬਿਖੈ, ਤਸਕਰ ਹੈ ਕੋਊ?
ਕਿਧੋਂ ਅਪਰ ਮਾਨਵ ਅਹੈ? ਉੱਤਰ ਦਿਹੁ ਸੋਊ।'
ਸੁਨਯੋ ਜੁਲਾਹੇ ਕੋ ਭਨਯੋ, ਸ਼੍ਰੀ ਅਮਰ ਬਤਾਯੋ।
'ਮੈਂ ਸਤਿਗੁਰ ਕੋ ਦਾਸ ਹੌਂ, ਲੈਬੇ ਜਲ ਆਯੋ' ॥੮॥
'ਕੌਨ ਦਾਸ ਇਸ ਕਾਲ ਮਹਿਂ, ਪਾਲਾ ਅੰਧਕਾਰਾ।
ਬੂੰਦਾਂ ਬਰਖਤਿ, ਘਨ ਘਟਾ ਅਵਨੀ ਪਰ ਗਾਰਾ[1]'।
ਸੁਨਤਿ ਜੁਲਾਹੀ ਨੇ ਭਨਜੋ, 'ਔਰ ਨ ਅਸ ਕੋਊ।
ਨਿਰਥਾਵਾਂ ਅਮਰੂ ਫਿਰਹਿ, ਇਸ ਛਿਨ ਹ੍ਵੈ ਸੋਊ ॥੯॥
ਨਿਸ ਦਿਨ ਇਸ ਕੋ ਚੈਨ ਨਹਿਂ, ਇਤ ਉਤ ਨਿਤ ਡੋਲੈ।
ਖਾਇ ਪੇਟ ਨਿਤ* ਭਰਤਿ ਹੈ, ਕਿਹ ਸੋਂ ਨਹਿਂ ਬੋਲੈ।
ਕੁਲ ਗ੍ਰਹਿ ਤਜਿ ਉਪਹਾਸ ਸਹਿ[2], ਰਹਿ ਤਪੇ ਨਜੀਕਾ।
ਜਗ ਕੀ ਲਾਜ ਨ ਕਛੁ ਕਰਹਿ, ਕਹਿ ਬੁਰਾ ਕਿ ਨੀਕਾ' ॥੧੦॥
ਸੁਨਿ ਬੋਲੇ ਸ਼੍ਰੀ ਅਮਰ ਜੀ, 'ਮੈਂ ਨਹੀਂ ਨਿਥਾਵਾਂ।
ਸੇਵਜੋ ਸਤਿਗੁਰ ਸਭਿ ਬਡੋ, ਸ਼ੁਭ ਸ਼ੁਭਤਿ ਸੁਭਾਵਾ[3]।
ਤੂੰ ਕਮਲੀ ਹੁਇ ਕਹਤਿ ਹੈਂ, ਬੁਧਿ ਰਿਦੈ ਨ ਕੋਈ।
ਨਹੀਂ ਮਹਾਤਮ ਕੋ ਲਖਜੋ, ਦਾਤਾ ਜਗ ਜੋਈ' ॥੧੧॥
ਇਮਿ ਕਹਿ ਸਿਰ ਪਰ ਕਲਸ ਲੇ, ਆਏ ਨਿਜ ਥਾਨਾ।
ਆਗੇ ਸ਼੍ਰੀ ਅੰਗਦ ਗੁਰੂ, ਚਹਿਂ ਕਰਜੋ ਸ਼ਨਾਨਾ।
ਚੌਕੀ ਪਰ ਤਬ ਖਰੇ ਥੇ, ਸੁਨਿ ਸ਼੍ਰੌਨ ਬ੍ਰਿਤੰਤਾ।
ਅਤਿ ਧ੍ਰਿਤ[4] ਜਾਨੀ ਦਾਸ ਮਹਿਂ, ਚਾਹਤਿ ਪਰਖੰਤਾ ॥੧੨॥
ਆਯੋ ਨਿਕਟ, ਬਤਾਇ ਨਹਿਂ, ਲਗਿ ਸੇਵ ਸੁਜਾਨਾ।
ਚਰਨ ਪਖਾਰੇ ਸੌਚ ਜੁਤਿ, ਕਰਵਾਇ ਸ਼ਨਾਨਾ।
ਭਈ ਜੁਲਾਹੀ ਬਾਵਰੀ[5], ਤਿਨ ਕੇ ਬਚ ਭਾਖੇ।
ਦਾਂਤਨ ਕਾਟਤਿ, ਮੁਖ ਬਕਹਿ, ਉਰ ਜਿਮੁ ਅਭਿਲਾਖੇ ॥੧੩॥

---

[1]ਜ਼ਿਮੀਂ ਉਤੇ ਚਿਕੜ ਹੈ।
*ਪਾ:-ਇਕ।
[2]ਹਾਸੀ, ਠੱਠਾ ਸਹਾਰ ਕੇ।
[3]ਸਭ ਤੋਂ ਵੱਡਾ, ਨੇਕ ਤੇ ਸ਼ੋਭਾ ਵਾਲੇ ਸੁਭਾਵ ਵਾਲਾ।
[4]ਧੀਰਜ।
[5]ਕਮਲੀ।

ਭਈ ਪ੍ਰਭਾਤੀ ਨਿਸ ਬਿਤੀ, ਸਤਿਗੁਰ ਸਭਿ ਜਾਨਜੋ।
ਅਮਰਦਾਸ ਨਿਜ ਪਾਸ ਤਬਿ, ਬੁਲਿਵਾਵਨ ਠਾਨਜੋ।
ਆਨਿ ਕਰੀ ਪਦ ਬੰਦਨਾ, ਕਰ ਜੋਰਿ ਸੁ ਠਾਂਢੇ।
ਅਵਲੋਕਤਿ ਹੈਂ ਦਰਸ ਕੋ, ਅਨੁਰਾਗ ਸੁ ਬਾਢੇ ॥੧੪॥
'ਕਹੁ ਬ੍ਰਿਤਾਂਤ ਸਭਿ ਰਾਤਿ ਕੋ, ਕੈਸੇ ਕਰਿ ਹੋਈ?
ਲਜਾਵਤਿ ਜਲ ਕੋ ਕਲਸ ਜਬ, ਬੋਲਜੋ ਕਿਮ ਕੋਈ?'
ਹਾਥ ਬੰਦਿ ਬਿਨਤੀ ਭਨੀ 'ਤੁਮ ਅੰਤਰਜਾਮੀ।
ਬਿਨਾ ਕਹੇ ਜਾਨੋ ਸਕਲ, ਦਾਤਾ ਜਗ ਸ੍ਵਾਮੀ ॥੧੫॥
ਕੁਛ ਦੁਰਾਉ[1] ਨਹਿਂ ਆਪ ਤੇ, ਜੇ ਸਭਿ ਕਿਛੁ ਜਾਨੇ।
ਮੈਂ ਡਰਪੌਂ ਕੋ ਅਪਰ ਬਿਧਿ[2], ਨਹਿਂ ਜਾਇ ਬਖਾਨੇ।'
ਸੁਨਿ ਕੈ ਸ਼੍ਰੀ ਅੰਗਦ ਤਬੈ, ਬੁਲਵਾਇ ਜੁਲਾਹਾ।
ਜੁਕਤਿ ਜੁਲਾਹੀ[3] ਆਇ ਸੋ, ਥਿਤ ਭਾ ਗੁਰ ਪਾਹਾ[4] ॥੧੬॥
ਦਰਸ਼ਨ ਕੀਨੇ ਸੁਧਿ[5] ਭਈ, ਸਮ ਪ੍ਰਥਮ ਜੁਲਾਹੀ[6]।
ਸ਼੍ਰੀ ਅੰਗਦ ਬੂਝਜੋ ਤਬੈ 'ਸਚ ਕਹੁ ਹਮ ਪਾਹੀ।
ਨਿਸ ਬ੍ਰਿਤਾਂਤ ਕਿਸ ਬਿਧਿ ਭਯੋ, ਸਭਿ ਦੇਹੁ ਸੁਨਾਈ।
ਦੀਨ ਦੁਨੀ ਦੁਖ ਪਾਇਂ ਹੈਂ, ਜੇ ਰਾਖਿ ਦੁਰਾਈ' ॥੧੭॥
ਸੁਨਤਿ ਜੁਲਾਹੇ ਭੈ ਧਰਜੋ, -ਇਨਕੇ ਬਚ ਸਾਚੇ।
ਕਹੌਂ ਨ ਮੈਂ ਦੁਖ ਪਾਇ ਹੌਂ-, ਇਮ ਲਖਿ ਸਚੁ ਰਾਚੇ[7]।
'ਬੂਝਜੋ ਮੈਂ -ਕਜਾ ਖੜਕ ਭਾ, ਬਾਹਰ ਇਸ ਕਾਲਾ?-।
ਮਮ ਦਾਰਾ ਜਾਗਤਿ ਹੁਤੀ, ਤਿਨ ਕੀਨ ਸੰਭਾਲਾ[8] ॥੧੮॥
ਬੋਲੀ ਸੁਨਿ ਮਨ ਪਰਖਿ ਕੈ, -ਇਹ ਅਮਰੁ ਨਿਥਾਵਾਂ-।
ਦਾਸ ਤੁਮਾਰੇ -ਬਾਵਰੀ-, ਤਬਿ ਬਾਕ ਅਲਾਵਾ।
ਦਰਸ਼ਨ ਦੇਖੇ ਸੁਧਿ ਭਈ, ਅਬ ਰਾਵਰਿ ਪਾਸੀ।
ਬਚਨ ਫੁਰਹਿ ਸਭਿ ਕਹੈਂ ਜਿਮ, ਸੁਨਿ ਹਮ ਮਤਿ ਤ੍ਰਾਸੀ[9]' ॥੧੯॥
ਪੁਨ ਗੁਰ ਬੂਝਜੋ ਸ਼੍ਰੀ ਅਮਰ, 'ਐਸੇ ਬਿਧਿ ਹੋਈ?'

---

[1]ਛਿਪਾਉ।
[2]ਹੋਰ ਤਰ੍ਹਾਂ।
[3]ਸਣੇ ਜੁਲਾਹੀ।
[4]ਪਾਸ।
[5]ਹੋਸ਼।
[6]ਜੁਲਾਹੀ ਨੂੰ ਪਹਿਲੇ ਵਾਂਗੂ।
[7]ਇਉਂ ਸਮਝਕੇ ਸੱਚ ਵਿਚ ਰਚਿਆ ਭਾਵ ਸੱਚ ਬੋਲਿਆ।
[8]ਹੋਸ਼, ਸੋਝੀ।
[9]ਬੁੱਧੀ ਡਰੀ।

ਕਰਨ ਲਗੇ ਬਿਨਤੀ ਤਬਹਿ, ਕਰਿ ਜੋਰਤਿ ਦੋਈ।
'ਮੋਹਿ ਨਿਥਾਵਾਂ ਇਨ ਕਹਜੋ, ਸੋ ਸਾਚ ਬਖਾਨੀ।
ਜਬ ਲੌ ਆਤਮ ਰੂਪ ਕੋ, ਮਨ ਲੇਯ ਨ ਜਾਨੀ ॥੨੦॥
ਥਾਉਂ ਪਾਇ ਕਰਿ ਥਿਰਹਿ ਨਹਿਂ[੧], ਤਬ ਲਗੌਂ ਨਿਥਾਵਾਂ।
ਭਟਕਤਿ ਮ੍ਰਿਗ ਤ੍ਰਿਸ਼ਨਾ ਬਿਖੈ, ਕਿਤ[*] ਸ਼ਾਂਤਿ ਨ ਪਾਵਾ।
ਜਬ ਤਮਰੀ ਸੇਵਾ ਰੁਚਿਰ[੨], ਕਿਯ ਤਰਕ ਜੁਲਾਹੀ।
ਸਹੀ ਗਈ ਨਹਿਂ ਮੋਹਿ ਤੇ, -ਬੌਰੀ- ਤਬ ਪ੍ਰਾਹੀ' ॥੨੧॥
ਪ੍ਰੇਮ ਲਪੇਟਜੋ ਬਾਕ ਸੁਨ, ਮਨ ਦ੍ਰਵਜੋ ਕ੍ਰਿਪਾਲਾ।
ਭਏ ਮਹਾਂ ਅਨੁਕੂਲ[੩] ਤਬਿ, ਲਖਿ ਘਾਲ ਬਿਸਾਲਾ।
ਬਖਸ਼ਨ ਕੋ ਬਖਸ਼ਸ਼ ਮਹਾਂ, ਉਮਗਜੋ ਉਰ ਭਾਰੀ।
ਕਰਨ ਕ੍ਰਿਤਾਰਥ ਦਾਸ ਕੋ, ਗੁਰ ਗਿਰਾ ਉਚਾਰੀ ॥੨੨॥

ਤੋਮਰ ਛੰਦ: 'ਤੁਮਹੋ ਨਿਥਾਵਨ ਥਾਨ[੪]।
ਕਰਿ ਹੋ ਨਿਮਾਨਹਿਂ[+] ਮਾਨ[੫]।
ਬਿਨ ਓਟ ਕੀ ਤੁਮ ਓਟ[੬]।
ਨਿਧਰੇਨ ਕੀ ਧਿਰ ਕੋਟ[੭] ॥੨੩॥
ਬਿਨ ਜੋਰ ਕੇ ਤੁਮ ਜੋਰ[੮]।
ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਰ ਧੀਰ[੯]।
ਸਭਿ ਪੀਰ ਕੇ ਬਡ ਪੀਰ ॥੨੪॥
ਤੁਮ ਹੋ ਸੁ ਗਈ ਬਹੋੜ[੧੦]।
ਨਰ ਬੰਧ ਕੋ ਤਿਹ ਛੋੜ[੧੧]।
ਘੜ ਭੰਨਿਬੇ ਸਮਰੱਥ।

---

[੧]ਨਾ ਟਿਕੇ।
[*]ਪਾ-ਚਿਤ।
[੨]ਸੁਹਣੀ ਸੇਵਾ ਨੂੰ।
[੩]ਕ੍ਰਿਪਾਲੂ।
[੪]ਨਿਥਾਵਿਆਂ ਦਾ ਥਾਂ।
[+]ਪਾ-ਨਿਮਾਨਨ।
[੫]ਨਿਮਾਣਿਆਂ ਦੇ ਮਾਣ।
[੬]ਨਿਓਟਿਆਂ ਦੀ ਓਟ।
[੭]ਨਿਰ ਆਧਾਰ ਦੀ ਦ੍ਰਿੜ੍ਹ ਧਿਰ (ਆਧਾਰ) ਕੋਟ (ਵਾਂਙੂ)।
[੮]ਨਿਜ਼ੋਰਿਆਂ ਦੇ ਜ਼ੋਰ।
[੯]ਅਧੀਰਜਾਂ ਨੂੰ ਧੀਰਜ ਦੇਣ ਵਾਲੇ।
[੧੦]ਗਈ ਨੂੰ ਫੇਰ ਮੋੜ ਲੈਣ ਵਾਲੇ।
[੧੧]ਫਸੇ ਹੋਏ ਨਰਾਂ ਨੂੰ ਛੁਡਾਉਣ ਵਾਲੇ।

ਜਗ ਜੀਵਕਾ ਤੁਮ ਹੱਥ[1] ॥੨੫॥
ਬਰ ਦੀਨ ਦ੍ਵਾਦਸ਼ ਹੇਰ।
ਸੁ ਪ੍ਰਸੰਨ ਹੋਇ ਬਡੇਰ।
ਗਰ ਸੰਗ ਲਾਵਨ ਕੀਨਿ[2]।
ਪੁਲਕਾਇ ਪ੍ਰੇਮ ਪ੍ਰਬੀਨ[3] ॥੨੬॥
'ਮਮ ਰੂਪ ਭੇ ਮਿਲਿ ਅੰਗ।
ਸਲਿਤਾ ਮਿਲੇ ਜਿਮਿ ਗੰਗ।
ਜਿਮਿ ਬੂੰਦ ਸਿੰਧੁ ਮਝਾਰ।
ਤਿਮ ਏਕ ਰੂਪ ਹਮਾਰ ॥੨੭॥
ਦੋਹਰਾ: ਕਰਨਾ ਪਾਵਕ ਦੌ ਬਿਖੈ, ਮਿਲਿ ਸਰੂਪ ਇਕ ਹੋਇ[4]।
ਤਿਮ ਹਮ ਤੁਮ ਏਕੈ ਭਏ, ਭੇਦ ਨ ਜਾਨਿਯ ਕੋਇ ॥੨੮॥
ਚੌਪਈ: ਤੁਵ ਤਨ ਮਹਿਂ ਹੁਇ ਕਰਿ ਪਰਵੇਸ਼ੁ।
ਕਰਨੇ ਹੈਂ ਜਗ ਕਾਜ ਬਿਸ਼ੇਸ਼ੁ।'
ਇਮਿ ਪ੍ਰਸੰਨ ਇਕ ਰੂਪ ਬਨਾਯੋ।
ਸਤਿਗੁਰ ਸੇਵ ਸਕਲ ਸਫਲਾਯੋ[++] ॥੨੯॥
ਗੁਰ ਢਿਗ ਘਾਲ ਨਿਫਲ ਨਹਿਂ ਹੋਇ।
ਬਾਂਛਤ ਪਾਇ ਕਰਤਿ ਭਾ ਜੋਇ।
ਕਹਿ ਸ਼੍ਰੀ ਗੁਰੁ ਸਿਰ ਮੁਕਟ ਉਤਾਰਾ।
ਬਰਖ ਇਕਾਦਸ਼ ਕੋ ਜੋ ਧਾਰਾ ॥੩੦॥
ਜਿਸ ਮਹਿਂ ਜੀਵ ਕੀਟੀਯਨ[5] ਆਦਿ।
ਧਰਯੋ ਉਤਾਰਿ ਸੁਨਤਿ[+] ਗੁਰ ਨਾਦ[6]।
ਸੁੰਦਰ ਜਲ ਇਸ਼ਨਾਨ ਕਰਾਯਾ।
ਬਸਤ੍ਰ ਨਵੀਨ ਸਰਬ ਪਹਿਰਾਯਾ ॥੩੧॥
'ਮੈਂ ਅਪਨੇ ਅਸਥਾਨ ਬਿਠਾਵੌਂ।
ਗੁਰਤਾ ਗਾਦੀ ਦੈ ਹਰਖਾਵੌਂ।'

---

[1]ਸਾਰੇ ਜਗਤ ਦੀ ਰੋਜ਼ੀ ਤੁਸਾਡੇ ਹੱਥ ਹੈ।
[2]ਗਲ ਲਾ ਲਿਆ।
[3]ਪ੍ਰੇਮ ਵਿਚ ਰੋਮ ਖੜੇ ਹੋ ਗਏ।
[4]ਅੱਗ ਦਾ ਚੰਗਿਆੜਾ ਬਨ ਅਗਨੀ (ਮਹਾਨ ਅੱਗ) ਵਿਚ ਮਿਲ ਕਰਕੇ ਇਕ ਰੂਪ ਹੋ ਜਾਂਦਾ ਹੈ।
[++]ਪਾ:-ਸਕਲ ਫਲ ਲਾਯੋ।
[5]ਕੀੜੀਆਂ।
[+]ਪਾ:-ਸੁਨੋ, ਸੁਨਯੋ।
[6](ਆਗਜ਼ਾ ਦੀ) ਆਵਾਜ਼।

ਸਭਿ ਸੰਗਤਿ ਕੌ ਦਯੋ ਸੁਨਾਇ।
'ਇਹੁ ਮੇਰੋ ਅਬ ਰੂਪ ਸੁਹਾਇ ॥੩੨॥
ਇਸ ਮਹਿਂ ਮੋ ਮਹਿਂ ਭੇਦ ਨ ਕੋਈ।
ਅਹੈ ਏਕ ਕੀ ਦੇਹ ਜੁ ਦੋਈ।'
ਬਿਦਤਿ ਭਏ ਗੁਰ ਸੰਗਤਿ ਮਾਂਹਿ।
'ਗੁਰ ਸ਼੍ਰੀ ਅਮਰ ਅਪਰ ਹੁਇਂ ਨਾਂਹਿ[1]' ॥੩੩॥
ਪੁਨ ਬੋਲੇ ਮੁਖ ਚੰਦੁ ਸੁਧਾ ਸੇ[2]।
ਆਨੰਦ ਕੰਦ ਬਿਲੰਦ ਨਿਵਾਸੇ।
'ਸੁਨਿ ਪੁਰਖਾ ਗ੍ਰਹਿ ਸੰਤਤਿ[3] ਕਜਾ ਹੈ?
ਦੁਹਿਤਾ ਪੁੱਤ੍ਰ ਭਏ ਸੁ ਕਹਾਂ ਹੈਂ?' ॥੩੪॥
ਹਾਥ ਜੋਰਿ ਕਰਿ ਬਿਨੈ ਬਖਾਨੀ।
'ਸਭਿ ਰਾਵਰਿ ਕੋ ਗਜਾਤ ਮਹਾਨੀ।
ਤਦਪਿ ਜੁ ਪੂਛੋ ਸਮ ਅਨਜਾਨੇ।
ਕਹੋਂ ਸੁਨੇ ਗੁਨ ਖਾਨਿ ਮਹਾਨੇ ॥੩੫॥
ਦੋਇ ਪੁੱਤ੍ਰ ਹੈਂ ਮੋਹਿਨ ਮੁਹਰੀ।
ਦ੍ਵੈ ਤਨਿਯਾ[4] ਸਭਿ ਕਿਰਪਾ ਤੋਰੀ।'
ਸੁਨਿ ਬੋਲੇ 'ਸੁਨਿ ਪੁਰਖਾ ਅਬੈ।
ਹਿਤ ਲਾਇਕ ਤੁਹਿ ਭਾਖੋਂ ਸਬੈ ॥੩੬॥
ਅਬਿ ਖਡੂਰ ਕੋ ਬਸਿਬੋ ਛੋਰਿ।
ਅਪਰ ਸਥਾਨ ਬਾਸ ਕੋ ਟੋਰਿ[5]।
ਸ਼੍ਰੀ ਨਾਨਕ ਮੁਹਿ ਦੀਨ ਗੁਰਾਈ।
ਕ੍ਰਿਪਾ ਧਾਰਿ ਪੁਨ ਗਿਰਾ ਅਲਾਈ ॥੩੭॥
-ਹਮ ਜਹਿਂ ਬਸੈਂ ਥਾਨ ਦਿਹੁ ਤਜਾਗ।
ਅਪਰ ਸਥਲ ਕਰਿ ਥਿਤ[6] ਬਡਭਾਗ-।
ਤਬਿ ਕੇ ਹਮ ਖਡੂਰ ਮਹਿਂ ਆਏ।
ਬਸਤੇ ਸੰਮਤ ਕਿਤਿਕ ਬਿਤਾਏ ॥੩੮॥
ਸਿਰੀਚੰਦ ਅਰੁ ਲਖਮੀਦਾਸ।

---

[1]ਸ਼੍ਰੀ ਅਮਰਦਾਸ ਜੀ ਗੁਰੂ ਹਨ, ਹੋਰ ਨੇ ਨਹੀਂ ਹੋਣਾਂ।
[2]ਅੰਮ੍ਰਤ ਜੈਸੇ।
[3]ਸੰਤਾਨ।
[4]ਪੁੱਤ੍ਰੀਆਂ।
[5]ਵੱਸਣਾ ਢੂੰਡੋ।
[6]ਟਿਕਾਣਾ।

ਪਿਤ ਸਥਾਨ ਤਿਨ ਕਰਜੋ ਨਿਵਾਸ।
ਤੈਸੇ ਤੁਮ ਥਲ ਅਪਰ ਬਨਾਇ।
ਬਸਹੁ ਤਹਾਂ ਸਭਿ ਬਿਧਿ ਸੁਖ ਪਾਇ ॥੩੯॥
ਦਾਸੂ ਦਾਤੂ ਸਦਨ ਰਹੈਂਗੇ।
ਪਿਖਹਿਂ ਨ ਤੁਮ ਇਰਖਾ ਨ ਲਹੈਂਗੇ+।
ਨਾਂਹਿ ਤ ਦੇਖਿ ਪ੍ਰਤਾਪ ਤਿਹਾਰੋ।
ਜਰਹਿਂ ਰਿਦੇ ਨਹਿਂ[1], ਪਰਹਿ ਬਿਗਾਰੋ' ॥੪੦॥

ਦੋਹਰਾ: ਇਸ ਪ੍ਰਕਾਰ ਕਹਿ ਮ੍ਰਿਦੁਲ ਬਚ, ਧੀਰਜ ਦਈ ਬਿਸਾਲ।
ਦਿਨ ਸੋ ਨਿਸਾ ਬਿਤਾਇਕੈ, ਬੈਠੇ ਪਰਮ ਕ੍ਰਿਪਾਲ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ, ਸ੍ਰੀ ਅੰਗਦ' ਪ੍ਰਸੰਗ ਬਰਨੰਨ ਨਾਮ ਸਪਤਦਸ਼ਮੋਂ ਅੰਸੂ ॥੧੭॥

+ਪਾ:-ਪਿਖਨੇ ਕਰਿ ਤਮ ਇਰਖਾ ਨ ਲਹੇਂਗੇ।
[1]ਜੋਰ ਨਹੀਂ ਸੱਕਣਗੇ।

੧੮. [ਸ੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ]

੧੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੧੯

ਦੋਹਰਾ: *ਅਗਲੇ ਦਿਨ ਸ੍ਰੀ ਸਤਿਗੁਰੂ,
ਬੈਠੇ ਸੰਗਤਿ ਬੀਚ।
ਕਰਤਿ ਕ੍ਰਿਤਾਰਥ ਸੇਵਕਨਿ,
ਦਰਸਤਿ ਊਚ ਰੁ ਨੀਚ ॥੧॥

ਚੌਪਈ: ਇਕ ਗੋਂਦਾ ਖੱਤ੍ਰੀ ਤਹਿਂ ਆਯੋ।
ਦਰਸ਼ਨ ਦੇਖਤਿ ਸੀਸ ਨਿਵਾਯੋ।
ਹਾਥ ਜੋਰਿ ਕਰਿ ਬਿਨੈ ਬਖਾਨੀ।
'ਸ੍ਰੀ ਗੁਰ ਤੁਮਰੀ ਸਿਫਤ ਮਹਾਨੀ ॥੨॥
ਸੁਨਤਿ ਰਹਯੋ ਬਹੁ ਲੋਕ ਭਨੰਤੇ।
ਕਰਹਿਂ ਸਰਾਹਨਿ ਜੇ ਮਤਿਵੰਤੇ।
ਗੁਪਤ ਪ੍ਰਗਟ ਜਗ ਜੀਵ ਬਿਸਾਲੈਂ।
ਸਭਿ ਸਤਿਗੁਰ ਕੀ ਆਇਸੁ ਚਾਲੈਂ[1] ॥੩॥
ਮੇਰੋ ਗ੍ਰਾਮ ਉਜਾਰ ਪਰਯੋ ਹੈ।
ਸਰਬ ਭੂਤਨੇ ਬਾਸ ਕਰਯੋ ਹੈ।
ਦੇਵ ਜਿੰਨ ਬਹੁ ਪ੍ਰੇਤਨਿ ਜਾਤੀ।
ਤਹਾਂ ਕੀਨ ਬਾਸੋ ਉਤਪਾਤੀ[2] ॥੪॥
ਕੇਤੇ ਲਾਖ[3] ਪ੍ਰੇਤ ਕੋ ਡੇਰੇ।
ਫਿਰਹਿਂ ਜਹਾਂ ਕਹਿਂ ਦੇਸ਼ ਘਨੇਰੇ।
ਕਰਹਿਂ ਸਥਿਤੀ ਗ੍ਰਾਮ ਮਮ ਆਇ।
ਨਰ ਕੋਊ ਤਹਿਂ ਬਸਨ ਨ ਪਾਇ ॥੫॥

ਦੋਹਰਾ: ਕਰਿਤੇ ਕੰਧ ਉਸਾਰਿਕੈ,
ਦਿਨ ਮਹਿਂ ਮਾਨਵ ਬ੍ਰਿੰਦ[4]।
ਨਿਸਾ ਪਰੈ ਢਾਹਤਿ ਸਕਲ,
ਭੀਮ ਕੁਰੂਪ ਬਿਲੰਦ[5] ॥੬॥

---

*ਇਕ ਲਿਖਤੀ ਨੁਸਖੇ ਵਿਚ ਏਥੇ ਇਹ ਦੋਹਿਰਾ ਵਾਧੂ ਹੈ- 'ਇਮਿ ਕਹਿ ਕੈ ਗੁਰ ਅਮਰੁ ਸੋਂ ਸ੍ਰੀ ਗੁਰ ਕੀਨ ਬਿਸ੍ਰਾਮ। ਰਾਤਿ ਬਿਖੈ ਸੁਪਤੇ ਸਲਗ ਸ੍ਰੀ ਗੁਰ ਕੋ ਧਰਿ ਧਯਾਨ।'

[1]ਚਲਦੇ ਹਨ।

[2]ਉਪਦ੍ਰਵੀਆਂ ਨੇ ਵਾਸਾ ਕੀਤਾ ਹੈ।

[3]ਕਈ ਲੱਖ।

[4]ਦਿਨੇ ਸਾਰੇ ਲੋਕੀ ਉਸਾਰ ਕੇ ਕੰਧ (ਖੜੀ) ਕਰਦੇ ਹਨ।

[5]ਬੜੇ ਭਯਾਨਕ ਖੋਟੇ ਰੂਪ ਵਾਲੇ।

ਚੌਪਈ: ਕਈ ਬਾਰ ਮੈਂ ਆਨਿ ਬਸਾਏ।
ਤ੍ਰਾਸ ਦੇਤਿ ਮਾਰਤਿ ਉਜਰਾਏ[1]।
ਤਹਾਂ ਆਪਨੇ ਚਰਨ ਫਿਰਾਵੋ।
ਕ੍ਰਿਪਾ ਕਰਹੁ ਸੋ ਗ੍ਰਾਮ ਬਸਾਵੋ ॥੭॥
ਆਪ ਲੇਹੁ ਛਿਤਿ[2] ਬਾਂਛਤਿ ਜੇਤੀ।
ਕੋ ਨ ਮੁਜ਼ਾਹਮ[3] ਹੋਵਹਿ ਤੇਤੀ[4]।
ਇਹ ਮਮ ਜਾਚਾ ਪੂਰੁ[5] ਕ੍ਰਿਪਾਲਾ।
ਕਰਹੁ ਬਸਾਵਨਿ ਗ੍ਰਾਮ ਬਿਸਾਲਾ' ॥੮॥
ਸ਼੍ਰੀ ਅੰਗਦ ਸੁਨਿ ਬਿਨਤੀ ਐਸੇ।
ਬੂਝਯੋ 'ਭਯੋ ਬ੍ਰਿਤਾਂਤ ਸੁ ਕੈਸੇ?
ਕਬਿ ਕੋ ਡੇਰਾ ਪ੍ਰੇਤਨਿ ਪਾਯੋ?
ਕਿਸ ਪ੍ਰਕਾਰ ਪੁਰਿ ਕੋ ਉਜਰਾਯੋ? ॥੯॥
ਬੈਠੇ ਸਕਲ ਪ੍ਰਸੰਗ ਸੁਨਾਵਹੁ।
ਮਨ ਬਾਂਛਤਿ ਪੁਨ ਗੁਰ ਤੇ ਪਾਵਹੁ।'
ਸੁਨਿ ਸਤਿਗੁਰ ਤੇ ਗੋਂਦਾ ਬੈਸੁ[6]।
ਕਹਿਨ ਲਗਯੋ ਬਿਰਤਾਂਤ ਜੁ ਹੈਸੁ ॥੧੦॥
'ਸ਼੍ਰੀ ਸਤਿਗੁਰ ਇਮਿ ਭਯੋ ਪ੍ਰਸੰਗ।
ਝਗਰਾ ਹੁਤੋ ਸ਼ਰੀਕਨਿ ਸੰਗ।
ਆਪਸ ਮਹਿਂ ਬਹੁ ਬਾਦ ਉਠਾਵਾ।
ਬਹੁ ਮਿਲਿ ਭੀ ਨਹਿਂ ਝਗਰ ਚੁਕਾਵਾ ॥੧੧॥
ਦੋਨਹੁਂ ਦਿਸ਼ ਝਗਰਤਿ ਚਲਿ ਗਏ।
ਦਿੱਲੀ ਜਾਇ ਪ੍ਰਵੇਸ਼ਤਿ ਭਏ[7]।
ਤਹਾਂ ਨਜਾਉਂ ਕੋ ਇਮਿ ਠਹਿਰਾਯੋ।
-ਧਰਮ ਕਰਹੁ[8] ਨਿਜ ਪਦ[9] ਲਿਹੁ ਪਾਯੋ- ॥੧੨॥

---

[1]ਉਜਾੜ ਦਿੱਤੇ।
[2]ਜ਼ਿਮੀ।
[3]ਰੋਕ, ਰੋਕਣ ਵਾਲਾ
[ਫਾਰਸੀ, ਮਜ਼ਾਹਮ]।
[4]ਇਹ ਪਦ ਪਿਛਲੀ ਤੁਕ ਨਾਲ ਹੈ, ਜੇਤੀ ਬਾਂਛੋ ਤੇਤੀ ਲਓ।
[5]ਇਹ ਮੰਗ ਪੂਰੀ ਕਰੋ।
[6]ਬੈਠਿਕੇ।
[7]ਜਾ ਵੜੇ।
[8]ਸੌਂਹ ਚੁੱਕੋ।
[9]ਥਾਉਂ [ਸੰਸ: ਪਦ = ਥਾਂ]।

ਤਬਿ ਮੈਂ ਸੁਨਿ ਕਰਿ ਹੋਯਹੁ ਤਯਾਰਿ।
ਕੂਰਾ ਧਰਮ ਕੀਨਿ[1] ਤਿਸ ਬਾਰਿ।
ਜੀਤਿ ਲੀਨ ਮੈਂ ਝਗਰਾ ਸਾਰੋ।
ਅਵਨੀ[2] ਲੀਨ ਹਰਖ ਕਰਿ ਭਾਰੋ ॥੧੩॥
ਜਬ ਮੈਂ ਆਇ ਬਸਾਵਨ ਕੀਨਾ।
-ਭਯੋ ਅਧਰਮ- ਪ੍ਰੇਤ ਸਭਿ ਚੀਨਾ[3]।
ਚਲਿ ਆਏ ਲਖਿ ਪਾਪ ਮਹਾਨਾ।
ਦੇਸ਼ ਦੇਸ਼ ਤੇ ਭੇ ਇਕ ਥਾਨਾ ॥੧੪॥
ਸਨੇ ਸਨੇ ਨਰ ਦਿਯੇ ਉਜਾਰੋ।
ਆਪ ਆਇ ਕਰਿ ਬਸੇ ਹਜ਼ਾਰੋਂ।
ਇਸੀ ਰੀਤਿ ਡੇਰਾ ਪਰ ਗਯੋ।
ਲਾਖਹੁਂ ਪ੍ਰੇਤ ਬਾਸ ਕੋ ਕਯੋ ॥੧੫॥
ਤਿਨਿ ਡਰ ਤੇ ਅਬਿ ਲੋਕ ਨ ਜਾਇਂ।
ਮਹਾਂ ਪਾਪ ਕਰਿ, ਸੋ ਫਲ ਪਾਇਂ।
ਨਹੀਂ ਜਤਨ ਕੋ[4] ਬਿਨਾ ਤੁਮਾਰੇ।
ਪਾਵਨ ਥਾਨ ਬਨੈ, ਪਗ ਧਾਰੇ[5]' ॥੧੬॥
ਸ਼੍ਰੀ ਅੰਗਦ ਤਬਿ ਰਿਦੇ ਵਿਚਾਰੀ।
-ਹਮਰੇ ਪੁੱਤ੍ਰ ਗਰਬ ਉਰ ਭਾਰੀ।
ਕਹਯੋ ਬਾਕ ਸੋ ਮਾਨਹਿਂ ਨਾਂਹੀ।
ਚਾਹਤਿ ਗੁਰਤਾ[6] ਹੁਇ ਹਮ ਪਾਹੀ ॥੧੭॥
ਇਹੁ ਸੇਵਕ ਕੀ ਵਸਤੂ ਅਹੈ।
ਰਹਿ ਅਨੁਸਾਰ ਸੇਵ ਕਰਿ ਲਹੈ।
ਸਿਰੀ ਅਮਰ ਸੋਂ ਇਰਖਾ ਠਾਨੈਂ।
ਅਪਨੇ ਮਹਿਂ ਕਛੁ ਦੋਸ਼ ਨ ਜਾਨੈਂ ॥੧੮॥
ਅਪਰ ਸਿੱਖ ਭੀ ਚਾਹਤਿ ਕੇਈ।
ਦਾਸੂ ਕੇ ਪੱਖੀ ਹਹਿਂ ਜੇਈ।
ਯਾਂ ਤੇ ਅਬਿ ਸਭਿਹਨਿ ਕੇ ਮਾਂਹੀ।

---

[1]ਝੂਠਾ ਧਰਮ ਕੀਤਾ, ਭਾਵ ਸਹੁਂ ਝੂਠੀ ਖਾ ਲਈ।
[2]ਜ਼ਿਮੀਂ।
[3]ਸਾਰੇ ਪ੍ਰੇਤਾਂ ਨੇ ਜਾਣਿਆਂ।
[4]ਕੋਈ।
[5]ਚਰਨ ਪਾਇਆਂ (ਆਪਦੇ)।
[6]ਗੁਰਿਆਈ।

ਪਰਖ ਦਿਖਾਵਹਿਂ ਉਚਿਤ ਸੁ ਨਾਂਹੀ[1*]- ॥੧੯॥
ਇਮ ਬਿਚਾਰਿ ਸ਼੍ਰੀ ਅੰਗਦ ਠਾਨਾ।
ਬਡੇ ਪੁੱਤ੍ਰ ਸੋਂ ਬਾਕ ਬਖਾਨਾ।
'ਦਾਸੂ! ਇਸ ਕੇ ਸੰਗ ਸੁ ਜਾਵਹੁ।
ਪ੍ਰੇਤ ਬਿਡਾਰਿ ਸੁ ਗ੍ਰਾਮ ਬਸਾਵਹੁ' ॥੨੦॥
ਸੁਨਿ ਕੈ ਕਹਤਿ 'ਭਯੋ ਨਹਿਂ ਜਾਊ।
ਭੂਤ ਪ੍ਰੇਤ ਮਹਿਂ ਕੁਤੋ[2] ਬਸਾਊਂ।
ਹਮਰੋ ਗ੍ਰਾਮ ਖਡੂਰ ਰਹਨਿ ਕੋ।
ਇਸ ਕੋ ਤਜਾਗਤਿ ਜਾਉਂ ਤਿਹ ਨ ਕੋ[+] ॥੨੧॥
ਐਸੇ ਥਾਨ ਪਠਾਵਨ ਲਾਗੇ।
ਜਹਿਂ ਕੋ ਬਸਹਿ ਨ, ਸਭਿਹੂੰ ਤਜਾਗੇ[3]।
ਮੋ ਤੇ ਤਹਾਂ ਨ ਜਾਯੋ ਜਾਇ।
ਥਾਨ ਸਖਤ ਸੋ ਬਸਹਿ ਨ ਕਾਇ[4] ॥੨੨॥
ਮਹਾਂ ਬਲੀ ਤਹਿਂ ਦੇਵ ਸੁਨੇ ਹੈਂ।
ਕਿਸ ਹੂੰ ਪਾਸ ਨ ਜਾਹਿਂ ਗਿਨੇ ਹੈਂ।
ਘਰ ਕੀ ਕੰਧ ਉਸਾਰਤਿ ਜੌਨ।
ਭਈ ਰੈਨ ਢਾਹਤਿ ਹੈਂ ਤੌਨ ॥੨੩॥
ਕਰਹਿਂ ਬਾਦ, ਨਹਿਂ ਬਸਨੇ ਦੇਤਿ।
ਕੈਸੇ ਹੋਵੈ ਕਰੇ ਨਿਕੇਤ[5]।
ਤਹਿਂ ਬਸਿ ਕੈ ਹਮ ਲੇਨੋ ਕਜਾ ਹੈ।
ਸਕਲ ਪਦਾਰਥ ਦਿਏ[6] ਇਹਾਂ ਹੈ' ॥੨੪॥
ਲਘੁ ਸੁਤ ਦਾਤੂ ਕੀ ਦਿਸ਼ਿ ਹੇਰ।
ਫੇਰੁ ਆਨ ਫੁਰਮਾਯੋ ਫੇਰ[7]।

---

[1]ਓਹ (ਭਾਵ ਪੁੱਤ੍ਰ) ਗੱਦੀ ਦੇ ਯੋਗ ਨਹੀਂ ਹਨ।
[*]ਪਾ:-ਯਾਹੀ = ਜੇਹੜਾ ਗੱਦੀ ਦੇ ਜੋਗ ਹੈ।
[2]ਕਿੱਥੇ, ਕਿਵੇਂ।
[+]ਪਾ:-ਤਜਾਗ ਨ ਜਾਉਂ ਤਹਨਿ ਕੋ।
[3]ਜਿਸ ਨੂੰ ਸਭ ਨੇ ਛੱਡ ਦਿੱਤਾ ਹੈ, ਕੋਈ ਨਹੀਂ ਵਸਦਾ।
[4]ਕੋਈ
(ਅ) ਕਿਵੇਂ ਬੀ।
[5]ਘਰ ਬਣਾਏ ਹੋਏ (ਬਾਦ ਕਰਦੇ =) ਬਿਰਥਾ ਕਰ ਦੇਂਦੇ ਹਨ, ਭਾਵ ਢਾਹ ਦੇਂਦੇ ਹਨ, ਵੱਸਣ ਨਹੀਂ ਦੇਂਦੇ (ਭਾਵੇਂ ਕੋਈ) ਕੇਹੋ ਜੇਹਾ ਹੋਵੇ। (ਅ) ਓਥੇ ਘਰ ਦਾ ਬਨਾਉਣਾ ਕਿਸ ਤਰ੍ਹਾਂ ਹੋਵੇ।
[6]ਦਿੱਤੇ ਹਨ (ਤੁਸਾਂ ਯਾ ਰੱਬ ਨੇ)।
[7]ਫੇਰ ਫੇਰੂ ਦੇ ਪੁੱਤ੍ਰ (ਭਾਵ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ) ਫੁਰਮਾਇਆ।

'ਬਡੋ ਭ੍ਰਾਤ ਨਹਿਂ ਜਾਇ ਤਿਹਾਰੋ।
ਮਾਨ ਬਾਕ ਅਬ ਤੁਹੀਂ ਪਧਾਰੋ ॥੨੫॥
ਖੱਤ੍ਰੀ ਬਿਨਤੀ ਕਰਤਿ ਉਚਾਰੀ।
ਉਠਿ ਅਬਿ ਜਾਹੁ ਬਨਹੁ ਉਪਕਾਰੀ।
ਸਭਿ ਭੂਤਨ ਕੋ ਤ੍ਰਾਸ[1] ਦਿਖਾਇ।
ਨਿਰਉਪਾਧਿ ਕਰਿ ਗ੍ਰਾਮ ਬਸਾਇ' ॥੨੬॥
'ਸੁਨਹੁ ਪਿਤਾ ਜੀ! ਬਸਹਿਂ ਖਡੂਰ।
ਤਹਾਂ ਜਾਨਿ ਕੀ ਕੌਨ ਜ਼ਰੂਰ।
ਬੈਸੇ ਸਦਨ ਗੁਬਿੰਦ ਗੁਨ ਗਾਵੈਂ।
ਨਿਜ ਕਾਰਜ ਹਿਤ ਬਹੁ ਚਲਿ ਆਵੈਂ[2] ॥੨੭॥
ਕਿਸ ਕਿਸ ਸੰਗ ਆਪ ਚਲਿ ਜਾਵੌਂ।
ਕਜ਼ਾ ਹਮ ਕੋ? ਉਜਰੋ ਕਿ ਬਸਾਵੋ[3]।'
ਸੁਨਿ ਸੁਤ ਦੋਇਨ ਤੇ ਇਮਿ ਬੈਨ।
ਅਮਰਦਾਸ ਕੀ ਦਿਸ਼ ਕਰਿ ਨੈਨ ॥੨੮॥
ਕਹਯੋ 'ਜਾਹੁ ਪੁਰਖਾ ਤੁਮ ਤਹਾਂ।
ਬਾਸਾ ਭੂਤ ਪ੍ਰੇਤ ਕੋ ਜਹਾਂ।
ਕਰਹੁ ਬਸਾਵਨਿ ਸੁੰਦਰ ਪੁਰੀ[4]।
ਜਨੁ ਗੁਰ ਕੀਰਤਿ ਕੀ ਹੁਇ ਪੁਰੀ[5]' ॥੨੯॥
ਮੁਖ ਤੇ ਅੱਖਜ਼ਰ ਨਿਕਸੇ ਆਧੇ।
ਸੁਨਿ ਤਿਆਰ ਹੋਯਹੁ ਕਟ ਬਾਂਧੇ[6]।
ਹਾਥ ਜੋਰਿ ਬੂਝੀ 'ਬਿਧਿ ਕੈਸੇ।
ਜਸ ਆਇਸੁ ਹੁਇ ਰਚਿ ਪੁਰਿ[7] ਤੈਸੇ' ॥੩੦॥
ਕਹਯੋ ਗੁਰੂ 'ਪੂਰਬ ਦਿਸ਼ ਜੋਈ।
ਕਰਹੁ ਖਨਾਵਨਿ[8] ਨੀਕੇ ਸੋਈ।
ਇਕ ਸਮ ਕਰਿ ਕੈ ਥਾਨ ਤਹਾਂ ਸੁ।

---

[1]ਡਰ।
[2]ਆਪਣੇ ਕੰਮਾਂ ਲਈ ਬਥੇਰੇ ਲੋਕੀਂ ਆਉਂਦੇ ਹਨ।
[3]ਸਾਨੂੰ ਕੀ ਕੋਈ ਉਜੜੇ ਕੋਈ ਵੱਸੇ।
[4]ਸ਼ਹਿਰ।
[5]ਗੁਰ ਕੀਰਤੀ ਦਾ ਧਾਮ।
[6]ਲੱਕ ਬੰਨ੍ਹ ਕੇ।
[7]ਮੈਂ ਰਚਾਂ ਸ਼ਹਿਰ।
[8]ਪੁੱਟਣਾ।

ਬਸਿਬੇ ਕਾਰਨ ਰਚਹੁ ਅਵਾਸੁ' ॥੩੧॥
ਸੁੰਦਰ ਛਰੀ ਸੁ ਚੰਚਲ ਕਰਿਤੇ।
ਅਮਰਦਾਸ ਕੋ ਦੀਨਸਿ ਕਰ ਤੇ[1]।
'ਇਹੁ ਲੇ ਜਾਹੁ ਸਮੁਖ ਤਿਨ ਹੋਇ।
ਕਰਹੁ ਦਿਖਾਵਨਿ ਰਹਹਿ ਨ ਕੋਇ ॥੩੨॥
ਜਹਿਂ ਜਹਿਂ ਚਰਨ ਤੁਹਾਰੋ ਫਿਰਿਹੀ।
ਹੋਇ ਅਸ਼ੁਭ ਤਿਸ ਕੋ ਸ਼ੁਭ ਕਰਿਹੀ[2]।
ਨਿਜ ਨਿਵਾਸ[3] ਹਿਤ ਰਚਹੁ ਅਵਾਸੁ।
ਨਰ ਪਿਖਿ ਆਵਹਿਂ ਕਰਹਿਂ ਸੁ ਬਾਸੁ ॥੩੩॥
ਇਹ ਗੋਂਦਾ ਖੱਤ੍ਰੀ ਧਨਵਾਨ।
ਕਰਹਿ ਚਿਨਾਵਨ ਮਹਿਲ ਮਹਾਨ।
ਨਾਮ ਇਸੀ ਕੇ ਪਰਿ* ਪੁਰਿ ਨਾਮੂ[4]।
ਰਚਹੁ ਰੁਚਿਰ ਬਸਿਬੇ ਹਿਤ ਧਾਮੂ ॥੩੪॥
ਕਰਤਿ ਫਰੇਬ ਸੁ ਦਾਸੂ ਦਾਤੂ।
ਸੁਨਿ ਪ੍ਰੇਤਨਿ ਕੋ ਇਹ ਡਰਪਾਤੂ[5]।
ਨਹਿਂਨ ਜਾਨਤੇ ਗੁਰੂ ਪ੍ਰਤਾਪੂ।
ਕਰਨ ਹਾਰ ਕੋ ਜਾਨਹਿਂ ਆਪੂ[6] ॥੩੫॥
ਯਾਂ ਤੇ ਇਨਿ ਕੋ[7] ਤ੍ਰਾਸੁ ਮਹਾਨੋ।
ਕਰਨ ਕਰਾਵਨ ਗੁਰੁ ਤੁਮ ਜਾਨੋ[8]।'
ਇਮਿ ਸਮਝਾਇ ਸੰਗ ਤਿਸੁ ਕੀਨੋ।
ਤਬਿ ਸ਼੍ਰੀ ਅਮਰ ਚਲੇ ਰਸ ਭੀਨੋ ॥੩੬॥
ਪ੍ਰੇਮ ਤਰੋਵਰ ਉਰ ਕੇ ਮਾਂਹੀ।
ਸ਼ਰਧਾ ਆਲਬਾਲ ਹੈ ਜਾਂਹੀ[9]।
ਗੁਰ ਆਇਸੁ ਕੇ ਨਿਤਿ ਅਨੁਸਾਰੀ।

---

[1]ਹੱਥੋਂ ਦਿੱਤੀ।
[2]ਅਸ਼ੁਭ (ਜ਼ਿਮੀਂ) ਨੂੰ ਸ਼ੁਭ ਕਰਨਗੇ।
[3]ਰਹਿਣ ਲਈ।
*ਪਾ-ਧਰ।
[4]ਸ਼ਹਿਰ ਦਾ ਨਾਮ (ਪਵੇ)।
[5]ਡਰਦੇ ਹਨ।
[6]ਆਪਣੇ ਆਪ ਨੂੰ ਕਰਨ ਹਾਰਾ ਸਮਝਦੇ ਹਨ।
[7]ਇਨ੍ਹਾਂ ਨੂੰ।
[8]ਤੁਸੀਂ ਕਰਨ ਕਰਾਵਨ ਹਾਰਾ ਗੁਰੂ ਨੂੰ ਜਾਣੋ।
[9]ਦੌਰ (ਉਹ ਘੇਰਾ ਜਿਸ ਵਿਚ ਪੇੜ ਲਾਇਆ ਜਾਵੇ ਤੇ ਪਾਣੀ ਠਹਿਰਨ ਦੀ ਥਾਂ ਹੋਵੇ)।

ਯਹੀ ਸੰਚਿਬੇ ਕੋ ਬਰ ਬਾਰੀ[1] ॥੩੭॥
ਨਿਸ ਦਿਨ ਚਿਤਵਨ ਬਲਕਲ[2] ਅਹੈ।
ਦ੍ਰਿੜ ਜੜ੍ਹ ਸਦਾ ਭਗਤਿ ਮਹਿਂ ਰਹੈ।
ਸਤਿ ਸੰਤੋਖ ਆਦਿ ਗੁਨ ਸਾਰੇ।
ਚਹੂੰ ਦਿਸ਼ਨ ਬਿਸਤਰਤਿ ਸੁ ਡਾਰੇ[3] ॥੩੮॥
ਆਤਮ ਗਯਾਨ ਮਹਾਂ ਫਲ ਲਾਗੇ।
ਰਸ ਅਨੰਦ ਪ੍ਰਾਪਤਿ ਬਡਭਾਗੇ।
ਅਸ ਤਰੁ ਪ੍ਰੇਮ ਬਰਧਬੋ ਭਾਉ[4]।
ਉਰ ਸ਼੍ਰੀ ਅਮਰ ਅਚਲ ਬਰ ਥਾਉ[5] ॥੩੯॥
ਚਲਿਬੇ ਸਮੇਂ ਨੀਰ ਭਰਿ ਆਵਾ।
ਨਮੋ ਕਰਤਿ ਪਦ ਪਦਮ ਭਿਗਾਵਾ[6]।
ਮਿਲਯੋ ਰਹਯੋ ਬੀਤਯੋ ਚਿਰਕਾਲ।
ਬਿਛੁਰਨ ਤੇ ਦੁਖ ਲਹਯੋ ਬਿਸਾਲ ॥੪੦॥
ਪੁਨ ਧੀਰਜ ਦੇ ਅਧਿਕ ਗੁਸਾਈਂ।
ਕਰਯੋ ਪਠਾਵਨ ਕੋ ਤਿਸ ਥਾਈਂ।
ਗੁਰ ਸਨਮੁਖ ਮੁਖ ਰਾਖਿ ਪਿਯਾਨਾ।
ਪਾਛਲ ਦਿਸ਼ਾ ਧਰਤ ਪਗ ਜਾਨਾ[7] ॥੪੧॥
ਇਸ ਪ੍ਰਕਾਰ ਸੁਤ ਪਰਖਨ ਕਰੇ।
ਭਰਮ ਸਰਬ ਸਿੱਖਨ ਕੇ ਹਰੇ।
ਜਾਨਤਿ ਭਏ[8] -ਕਰੀ ਬਹੁ ਸੇਵਾ।
ਲਿਯੇ ਰਿਝਾਇ ਅਧਿਕ ਗੁਰ ਦੇਵਾ ॥੪੨॥
ਗੁਰ ਪਰਮੇਸ਼ੁਰ ਸੇਵ ਬਸੀ ਹੈ।
ਜਿਨ ਕੀ ਹੰਤਾ ਰਿਦੇ ਨਸੀ ਹੈ।
ਕਯੋਂ ਨ ਹੋਹਿ ਤਿਨ ਕੇ ਅਨਕੂਲੀ[9]।
ਸਿਮਰਹਿਂ ਜੇ ਉਰ ਸਭਿ ਕਿਛੁ ਭੂਲੀ ॥੪੩॥

---

[1]ਸਿੰਚਣ ਲਈ ਸ੍ਰੇਸ਼ਟ ਜਲ ਹੈ।
[2]ਛਿੱਲ।
[3]ਡਾਲੀਆਂ।
[4]ਐਸਾ ਪ੍ਰੇਮ ਰੂਪੀ ਬ੍ਰਿੱਛ ਜਿਸ ਵਿਚ ਭਾਵ (ਪਿਆਰ ਦੇ ਵਲਵਲੇ ਸਦਾ) ਵਸਦੇ ਹਨ।
[5]ਗੁਰੂ ਅਮਰ ਜੀ ਦੇ ਸ੍ਰੇਸ਼ਟ ਹਿਰਦੇ ਵਿਚ (ਇਸ ਬ੍ਰਿੱਛ ਦਾ) ਅਚਲ ਟਿਕਾਣਾ ਹੈ।
[6]ਚਰਨ ਕਮਲ ਭਿੱਜ ਗਏ।
[7]ਜਾਂਦੇ ਸਨ (ਸ਼੍ਰੀ ਅਮਰ ਜੀ)।
[8]ਭਾਵ, ਸਿੱਖ ਜਾਣ ਗਏ।
[9]ਅਨੁਸਾਰ ਭਾਵ ਕ੍ਰਿਪਾਲੂ।

ਹਮਰੋ ਪਿਤਾ ਪੁੱਤ੍ਰ ਹੰਕਾਰੈਂ[1]।
ਸੇਵ ਭਾਵ ਕੋ ਰਿਦੈ ਨ ਧਾਰੈਂ।
ਜਿਮਿ ਸ੍ਰੀ ਨਾਨਕ ਦੀਨਸਿ ਦਾਸੁ।
ਸਿਰੀਚੰਦ ਤਜਿ ਲਖਮੀ ਦਾਸੁ ॥੪੪॥
ਤੈਸੇ ਇਨਹੁਂ ਕੀਨਿ ਸਭਿ ਜਾਨੀ।
ਲਹਜੋ ਪਰਮਪਦ[2] ਸੇਵਾ ਠਾਨੀ-।
ਇੱਤਜਾਦਿਕ ਸਿੱਖ ਆਪਸ ਮਾਂਹਿ।
'ਸ੍ਰੀ ਗੁਰ ਕਰਹਿਂ ਅਨੁਚਿਤੀ ਨਾਂਹਿ' ॥੪੫॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥੧੮॥

---

[1]ਪੁੱਤ੍ਰਾਂ ਦੇ ਜੀ ਵਿਚ ਇਹ ਹੰਕਾਰ ਹੈ ਕਿ 'ਸਾਡਾ ਪਿਤਾ ਹੈ' ਇਸ ਲਈ ਰਿਦੇ ਵਿਚ ਸੇਵਾ ਦਾ ਭਾਵ ਨਹੀਂ ਰੱਖਦੇ।

[2]ਉੱਚਾ ਪਦ, ਭਾਵ ਜਗਤ ਗੁਰਤਾ ਦਾ ਪਦ।

੧੯. [ਗੋਇੰਦਵਾਲ ਵਸਾਵਣਾ]

੧੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੦

ਦੋਹਰਾ: ਪਿਛਲਿ ਪਾਇ[1] ਸ਼੍ਰੀ ਅਮਰ ਜੀ, ਗੋਂਦੇ ਕੇ ਸੰਗ ਜਾਇਂ।
ਸਨੇ ਸਨੇ ਮਗ ਚਲਤਿ ਹੈਂ, ਜਪੁਜੀ ਪਾਠ ਕਰਾਇਂ ॥੧॥

ਚੌਪਈ: ਬ੍ਰਿੱਧ ਸਰੀਰ ਨਿਬਲ, ਕਦ ਛੋਟਾ[2]।
ਪਰਮ ਬਿਸਾਲ ਸਭਿਨਿ ਕੇ ਓਟਾ[3]।
ਤੀਨ ਕੋਸ ਪਰ ਜਬਿ ਹੀ ਗਏ।
ਹਾਥ ਜੋਰਿ ਤਹਿਂ ਠਾਂਢੇ ਭਏ ॥੨॥
ਜਪੁਜੀ ਪਾਠ ਭੋਗ ਕੋ ਪਾਯੋ।
ਉਰ ਸ਼੍ਰੀ ਅੰਗਦ ਰੂਪ ਬਸਾਯੋ।
ਪਰੇ[4] ਕਰੀ ਅਸ਼ਟਾਂਗ ਪ੍ਰਣਾਮੁ।
ਸ਼੍ਰੀ ਗੁਰਦੇਵ ਕ੍ਰਿਪਾ ਗੁਨ ਧਾਮੁ ॥੩॥
ਪੁਨ ਕਰਿ ਮੁਖ ਦਿਸ਼ ਗੋਇੰਦਵਾਲ।
ਗਮਨੇ ਪੰਥ ਨਿਰਭੈ* ਤਿਸ ਕਾਲ।
ਛਰੀ ਗੁਰੂ ਕਰ ਕੀ[5] ਕਰ ਧਾਰੀ+।
ਸਾਦਰ ਊਚੇ ਕਰੀ ਉਠਾਰੀ[6] ॥੪॥
ਕਰਿ ਕੈ ਅਪਨੋ ਹਾਥ ਅਗਾਰੀ।
ਭੂਤ ਪ੍ਰੇਤ ਕੋ ਜਾਇ ਦਿਖਾਰੀ।
ਪਰ ਤਪਤ ਦੀਰਘ ਤਿਨ ਮਾਂਹੀ।
ਛਿਨ ਭਰ ਥਿਰਜੋ ਜਾਇ ਤਹਿਂ ਨਾਂਹੀ ॥੫॥
ਜਰੇ ਜਾਤ[7] ਤਿਨ ਕੇਰ ਸਰੀਰਾ।
ਭਏ ਅਧੀਰ ਸੰਭਾਰਿ ਨ ਚੀਰਾ[8]।
ਪਿਤਾ ਪੁੱਤ੍ਰ ਕੋ ਨਹਿਨ ਸੰਭਾਰੈ।
ਭ੍ਰਾਤ ਭ੍ਰਾਤ ਕੋ ਛੋਰਿ ਪਧਾਰੈ ॥੬॥

---

[1]ਪਿਛਲੇ ਪੈਰੀਂ।
[2]ਮਧਰਾ।
[3]ਪਰ ਸਭਨਾਂ ਦੇ ਬੜੇ ਵਡੇ ਆਸਰਾ ਹਨ। (ਅ) ਬੜੇ ਵੱਡੇ ਹਨ ਤੇ ਸਭ ਦੇ ਓਹ ਆਸਰਾ ਹਨ।
[4](ਲੰਮੇ) ਪੈਕੇ।
*ਪਾ:-ਪੰਥ ਨ੍ਰਿਭੈ।
[5]ਗੁਰਾਂ ਦੇ ਹੱਥ ਦੀ।
+ਪਾ:-ਛਰੀ ਗੁਰੂ ਕੀ ਕਰ ਮੈਂ ਧਾਰੀ।
[6]ਉਠਾਈ ਹੋਈ।
[7]ਸੜਦੇ ਜਾਂਦੇ ਹਨ।
[8]ਬਸਤਰਾਂ ਦੀ ਸੰਭਾਲ ਨਹੀਂ।

ਇਸਤ੍ਰੀ ਤਜਾਗ ਚਲੇ ਪਤਿ ਪ੍ਰੇਤ।
ਕਿਤੇ ਪਰੇ ਧਰ ਹੋਇ ਅਚੇਤ[1]।
ਹਲਾ ਚਲੀ ਐਸੇ ਤਿਨਿ ਪਰੀ।
ਗਏ ਥਾਨ ਤਜਿ ਥਿਰੈ ਨ ਘਰੀ[2] ॥੭॥
ਹਾਹਾਕਾਰ ਕਰਤਿ ਭਜਿ ਚਲੇ।
ਸਕਲ ਦਿਸ਼ਨਿ ਹੁਇ ਸਕਹਿਂ ਨ ਖਲੇ।
ਜਜੋਂ ਜਜੋਂ ਛਰੀ ਹਿਲਾਵਨ ਕਰਿਹੀਂ।
ਤਜੋਂ ਤਜੋਂ ਤਪਤ ਤਿਨਹੁਂ ਪਰ ਪਰਿਹੀ ॥੮॥
ਕੇਤਿਕ ਹਾਥ ਜੋਰਿ ਕਹਿ ਬਿਨੈ।
'ਤਜਹੁ ਹਮੈਂ ਨਹਿਂ ਨਾਹਕ ਹਨੈ[3]।
ਕਿਤਿਕ ਕਾਲ ਕੋ ਉਤਰਜੋ[4] ਡੇਰਾ।
ਹਮਹਿ ਸੰਭਾਰਨਿ ਦਿਹੁ ਇਸੁ ਬੇਰਾ ॥੯॥
ਛਰੀ ਨ ਚੰਚਲ ਕਰਹੁ ਅਗਾਰੀ।
ਚਲੇ ਜਾਹਿਂ ਹਮ ਤੂਰਨ ਧਾਰੀ।'
ਇਸ ਪ੍ਰਕਾਰ ਮਾਚਜੋ ਜਬਿ ਰੌਰਾ।
ਸਗਰੇ ਗਏ ਛੋਰਿ ਤਬਿ ਠੌਰਾ ॥੧੦॥
ਹੁਤੀ ਦੇਵਣੀ ਇਕ ਤਿਨ ਮਾਂਹੀ।
ਕੇਤਿਕ ਕਾਲ ਗਰਭ ਧਰਿ ਤਾਂਹੀ।
ਹੁਤੋ ਸਮੀਪ ਪ੍ਰਸੂਤ ਸਮੈਂ ਤਿਹ।
ਪਰਜੋ ਸ਼ੋਰ ਔਚਕ ਹੀ ਦ੍ਰਿਗ ਲਹਿ[5] ॥੧੧॥
ਭਏ ਤ੍ਰਾਸ ਉਰ, ਭਾਜ ਪਧਾਰੀ[6]।
ਨਹਿਂ ਢਿਗ ਦੇਖਜੋ ਪਤਿ ਰਖਵਾਰੀ।
ਬਿਹਬਲ ਦੌਰਿਤ ਤ੍ਰਾਸਤਿ ਹੋਈ।
ਗਿਰਜੋ ਗਰਭ ਤਬਿ ਸਿਸ[7] ਭੇ ਦੋਈ ॥੧੨॥
ਹੁਤੋ ਜ੍ਵਾਰ ਕੋ ਤਹਾਂ ਕਿਦਾਰਾ[8]।

---

[1]ਬੇਸੁਧ।
[2]ਠਹਿਰੇ ਨਾਂ ਇਕ ਘੜੀ ਬੀ।
[3]ਨਿਹੱਕੇ ਨਾਂ ਮਾਰੋ।
[4]ਹਿਲਾਓ ਨਾਂ।
[5]ਅਚਾਨਕ ਹੀ ਅੱਖੀਂ ਡਿੱਠਾ।
[6]ਉਠ ਨੱਠੀ।
[7]ਬੱਚੇ।
[8]ਖੇਤ।

ਊਪਰ ਕਟੀ ਹੁਈ ਤਿਸ ਬਾਰਾ।
ਇਕ ਕੇ ਦ੍ਰਿਗ ਸੋਂ ਲਾਗਜੋ ਫਿਰੰਡਾ[1]।
ਚੁਭਜੋ ਬੀਚ ਸੋ ਕੀਨਸਿ ਖੰਡਾ[2] ॥੧੩॥
ਕਾਣਾ ਦੇਵ ਬਿਦਤ ਜਗ ਅਹੈ।
ਦੁਰਗ ਬਠਿੰਡੇ ਬਿਚ ਜੋ ਰਹੈ।
ਸ਼੍ਰੀ ਕਲਗੀਧਰ ਜਾਇ ਨਿਕਾਸਜੋ।
ਜਿਸ ਤੇ ਸਭਿ ਮਹਿਂ ਨਾਮ ਪ੍ਰਕਾਸ਼ਜੋ ॥੧੪॥
ਗਿਰਜੋ ਦੂਸਰੋ ਭੁਜ ਕੇ ਭਾਰ।
ਸੋ ਟੂਟੀ ਪਰ ਖੇਤ ਮਝਾਰ[3]।
ਦੋਨਹੁਂ ਕੋ ਤਿਨ ਲਿਯੋ ਉਚਾਇ।
ਬਸਤ੍ਰ ਲਪੇਟਜੋ ਰਖੇ ਬਚਾਇ ॥੧੫॥
ਕੇਤਿਕ ਸੰਮਤ ਮਹਿਂ ਭੇ ਜ੍ਞਾਨ।
ਬਸੇ ਸੁ ਦੋਨਹੁ ਕਰਿ ਨਿਜ ਥਾਨ।
ਇਕ ਮਸੂਰਪੁਰ[*] ਬਾਸਾ ਪਾਯੋ।
ਬੀਚ ਬਠਿੰਡੇ ਦੁਤਿਯ ਬਸਾਯੋ ॥੧੬॥
ਇਸ ਪ੍ਰਕਾਰ ਦੇਵਨਿ ਗਤਿ[4] ਹੋਈ।
ਭੂਤ ਪ੍ਰੇਤ[+] ਤਹਿਂ ਰਹਜੋ ਨ ਕੋਈ।
ਖਰੇ ਭਏ ਸ਼੍ਰੀ ਅਮਰ ਸਥਾਨ।
ਕੀਨ ਬਿਲੋਕਨ ਚਾਰੁ ਮਹਾਨ ॥੧੭॥

---

[1]ਟਾਂਡੇ ਦਾ ਮੁੱਢ।
[2](ਅੱਖ) ਫੋੜ ਦਿੱਤੀ।
[3]ਖੇਤ ਵਿਚ ਡਿਗਕੇ।
[*]ਇਹ ਜਗਾ ਧੂਰੀ ਤੋਂ ਪਟਿਆਲੇ ਦੇ ਵਿਚ ਛੀਟਾਂ ਵਾਲੇ ਸਟੇਸ਼ਨ ਤੋਂ ਨੇੜੇ ਦੱਸੀਦੀ ਹੈ।
[4]ਦੇਉ ਯਾਂ ਅਦੇਵਾਂ ਦੀ ਹਾਲਤ ਹੋਈ।
[+]ਪ੍ਰੇਤ ਨਾਮ ਹੈ ਚਲੇ ਗਏ ਦਾ। ਮੁਰਾਦ ਹੈ ਸ਼ਰੀਰ ਤਿਆਗ ਚੁੱਕੀਆਂ ਰੂਹਾਂ ਤੋਂ। ਪਰੰਤੂ ਪ੍ਰੇਤ ਦਾ ਵਿਸ਼ੇਸ਼ ਅਰਥ ਓਹ ਸਰੀਰ ਤਿਆਗ ਚੁਕੀਆਂ ਰੂਹਾਂ ਦਾ ਲਿਆ ਜਾਂਦਾ ਹੈ ਜੋ ਆਪਣੇ ਕਰਮਾਂ ਤੇ ਵਾਸ਼ਨਾ ਕਰਕੇ ਭਾਰੀਆਂ ਮਲੀਨ ਤੇ ਭੈੜੇ ਪ੍ਰਭਾਵ ਵਾਲੀਆਂ ਹਨ ਜਿਨ੍ਹਾਂ ਨੇ ਜੀਵਨ ਪਾਪ, ਅਨਰਥ ਤੇ ਜ਼ੁਲਮਾਂ ਵਿਚ ਬਿਤਾਇਆ ਹੈ, ਓਹ ਪਾਪਾਂ ਦੇ ਬੋਝ ਕਰਕੇ ਧਰਤੀ ਦੇ ਉਪਰ ਹੀ ਭਟਕਦੀਆਂ ਹਨ, ਤੇ ਆਪਣੇ ਦ੍ਰਿੜ ਭਰਮ ਵਿਚ ਮਨੁੱਖਾਂ ਵਾਂਙੂ ਜੀਵਨ ਸਮਝਕੇ ਸਾਰੇ ਕਾਰੇ ਕਰਦੀਆਂ ਹਨ, ਪਛੁਤਾਵੇ ਆਦਿ ਦੇ ਦੁਖ ਬੀ ਝੱਲਦੀਆਂ ਹਨ।

ਗੁਰਬਾਣੀ ਵਿਚ ਆਇਆ ਹੈ 'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥' ਇਨ੍ਹਾਂ ਨੂੰ ਆਪਣੇ ਲਿੰਗ ਸ਼ਰੀਰ, ਸ਼ਰੀਰ ਵਰਗੇ ਭਾਸਦੇ ਹਨ। ਖਾਣਾ ਪੀਣਾ ਪਹਿਨਣਾਂ ਆਦਿ ਉਵੇਂ ਹੀ ਭਾਸਦਾ ਹੈ। ਪਰਮੇਸ਼ੁਰ ਦੇ ਨਾਮ ਵਾਲੇ, ਭਗਤੀ ਵਾਲੇ, ਯੋਗ ਸੱਤਜ਼ਾ ਵਾਲੇ ਤੋਂ ਇਨ੍ਹਾਂ ਨੂੰ ਸੇਕ ਆਉਂਦਾ ਹੈ, ਡਰ ਖਾਂਦੇ ਤੇ ਦੂਰ ਭਜਦੇ ਹਨ। ਪੱਛਮੀ ਲੋਕਾਂ ਨੇ ਬੀ ਸਪਿਰਚਜ਼ਲਿਜ਼ਮ ਦੀ ਵਿੱਦਜ਼ਾ ਲੱਭੀ ਹੈ, ਓਹ ਬੀ ਇਨ੍ਹਾਂ ਗੱਲਾਂ ਨੂੰ ਸਹੀ ਕਰਦੇ ਹਨ। ਕੁਰਾਨ, ਅੰਜੀਲ, ਪੁਰਾਨ ਆਦਿ ਸਾਰੇ ਧਰਮ ਪੁਸਤਕਾਂ ਵਿਚ ਬੀ ਜ਼ਿਕਰ ਹਨ ਪਰੰਤੂ ਆਮ ਵਰਤਾਰੇ ਵਿਚ ਜੋ ਲੋਕੀਂ ਤਮਾਸ਼ੇ ਕਰਦੇ ਹਨ ਓਹ ਅਕਸਰ ਪਖੰਡ ਹੁੰਦੇ ਹਨ।

ਨਿਕਟ ਬਿਪਾਸਾ[1] ਬਹੇ ਪ੍ਰਵਾਹੂ।
ਜੁਕਤ ਤਰੰਗ ਬਿਮਲ ਜਲ ਮਾਂਹੂ[*2]।
ਚੱਕ੍ਰਵਾਕ[3] ਤੇ ਆਦਿ ਬਿਹੰਗਾ।
ਬਹੁ ਸ਼ਬਦਾਇ[4], ਮਾਨੁ ਜਿਮ ਗੰਗਾ ॥੧੮॥
ਸੁੰਦਰ ਪੁਲਨਿ[5] ਸਥਾਨ ਜਿਸੀ ਕੇ।
ਸਿਕਤਾ ਮ੍ਰਿਦੁ ਜੁਗ ਤੀਰ[6] ਤਿਸੀ ਕੇ।
ਲਵਪੁਰਿ ਆਦਿ ਗਮਨ ਤਹਿਂ ਰਾਹੂ[7]।
ਇਤ ਦਿੱਲੀ ਪਹੁੰਚਤਿ ਸੇ ਜਾਹੂ[8] ॥੧੯॥
ਘਾਟ ਉਰਾਰ ਪਾਰ ਉਤਰੈਬੇ।
ਆਵਤਿ ਜਾਤ ਲੋਕ ਠਹਿਰੈਬੇ।
ਤੀਰ ਬਿਪਾਸਾ ਸੁੰਦਰ ਥਾਨੂ।
ਊਚੋ ਸ਼ੋਭਤਿ, ਦੇਖਿ ਮਹਾਂਨੂ[9] ॥੨੦॥
ਜਿਮ ਸ੍ਰੀ ਅੰਗਦ ਆਗਜਾ ਦੀਨਸਿ।
ਸੱਤਿਨਾਮ ਕਹਿ ਜਲ ਕਰ ਲੀਨਸਿ।
ਛਿਰਕਨ ਕਰਜੋ ਸਥਾਨ ਚੁਫੇਰੇ।
ਫੇਰ ਨ ਆਵਹਿਂ ਪ੍ਰੇਤਨਿ ਡੇਰੇ[10] ॥੨੧॥
ਛਰੀ ਧਰੀ ਕਰ ਸ੍ਰੀ ਗੁਰ ਕਰ ਕੀ[11]।
ਕਰੀ ਲਕੀਰ ਜਿਤੀ ਧਰ ਪੁਰਿ ਕੀ[12]।
ਬਹੁਰ ਮੰਗਾਯਹੁ ਬਹੁ ਮਿਸ਼ਟਾਨਾ[13]।
ਹਰਖਜੋ ਗੋਂਦਾ ਧਨ ਮਹਾਨਾ ॥੨੨॥
ਖਰੇ ਹੋਇ ਸ੍ਰੀ ਅਮਰ ਸੁਜਾਨੇ।

---

[1]ਕੋਲ ਬਿਆਸਾ ਦਾ ਪ੍ਰਵਾਹ ਵਹਿੰਦਾ ਹੈ (ਜਿਸ) ਵਿਚ ਉੱਜਲ ਜਲ ਲਹਿਰਾਂ ਸਮੇਤ ਹੈ।
[*]ਪਾ:-ਪਾਹੂ।
[2]ਕੋਲ ਬਿਆਸਾ ਦਾ ਪ੍ਰਵਾਹ ਵਹਿੰਦਾ ਹੈ (ਜਿਸ) ਵਿਚ ਉੱਜਲ ਜਲ ਲਹਿਰਾਂ ਸਮੇਤ ਹੈ।
[3]ਚਕਵਾ।
[4]ਬੋਲਦੇ ਹਨ।
[5]ਨਦੀ ਦਾ ਕਿਨਾਰਾ, (ਅ) ਕਿਨਾਰੇ ਦੀ ਭੋਂ ਜੋ ਹੁਣੇ ਪਾਣੀ ਹੇਠੋਂ ਨਿਕਲੀ ਹੋਵੇ ਸੋ ਪੁਲਿਨ।
[6]ਕੋਮਲ ਰੇਤ ਦੇ ਦੋਨੋਂ ਕੰਢੇ।
[7]ਲਹੌਰ ਆਦਿ ਜਾਣ ਲਈ ਉਥੋਂ ਰਾਹ ਸੀ।
[8]ਇਧਰ ਦਿੱਲੀ ਜਾਣ ਵਾਲੇ ਪਹੁੰਚਦੇ ਸੀ।
[9]ਦੇਖਣ ਵਿਚ ਸ੍ਰੇਸ਼ਟ।
[10]ਪ੍ਰੇਤਾਂ ਦੇ ਡੇਰੇ।
[11]ਸ੍ਰੀ ਗੁਰੂ ਜੀ ਦੇ ਹੱਥ ਵਾਲੀ ਛੜੀ ਹੱਥ ਵਿਚ ਫੜੀ।
[12]ਧਰਤੀ ਸ਼ਹਿਰ ਦੀ।
[13]ਮਿੱਠਾ।

ਹਾਥ ਜੋਰਿ ਅਰਦਾਸ ਬਖਾਨੇ।
ਸ਼੍ਰੀ ਨਾਨਕ ਸ਼੍ਰੀ ਅੰਗਦ ਨਾਮੂ।
ਸਿਮਰਿ ਸਿਮਰਿ ਆਨਨ ਅਭਿਰਾਮੂ[1] ॥੨੩॥
ਅਰਪਨ ਕਰਜੋ ਸਕਲ ਮਿਸ਼ਟਾਨੂ।
ਪੁਨਹੁ ਸਭਿਨਿ ਕੋ ਬਾਂਟਨ ਠਾਨੂ[2]।
ਪੂਰਬ ਦਿਸ਼ਾ ਧਰਾ ਪਟਵਾਈ।
ਏਕਸਾਰ ਸੁੰਦਰ ਬਨਵਾਈ ॥੨੪॥
ਸ਼੍ਰੀ ਨਾਨਕ ਕੇ ਚਰਨ ਮਨਾਏ।
ਨਗਰ ਨੀਵ ਧਰਿ ਚਿਨਬੇ[3] ਲਾਏ।
ਤਬਿ ਤੇ ਬਹੁਰ ਨ ਭੂਤ ਨ ਪ੍ਰੇਤ।
ਨਹਿਂ ਦੇਖੇ ਜੋ ਢਾਹਿਂ ਨਿਕੇਤ ॥੨੫॥
ਪੂਰਬ ਸਦਨ ਬਨਾਵਹਿ ਕੋਊ।
ਪ੍ਰੇਤ ਬਿਦਾਰਤਿ ਢਾਹਤਿ ਸੋਊ।
ਚਿਨਜੋ ਜਿਤੋ ਸੋ ਬਨਜੋ ਰਹਜੋ ਹੈ।
ਗੋਂਦੇ ਦੇਖਿ ਅਨੰਦ ਲਹਜੋ ਹੈ ॥੨੬॥
ਬਹੁ ਧਨ ਖਰਚ ਮਜੂਰ ਲਗਾਏ।
ਕਰਤੇ ਕਾਰੀਗਰ[4] ਸਮੁਦਾਏ।
ਤਬਿ ਸ਼੍ਰੀ ਅਮਰ ਬਿਚਾਰ ਕਰਜੋ ਹੈ।
ਤਿਸ ਗੋਂਦੇ ਪਰ ਨਾਮ ਧਰਜੋ ਹੈ ॥੨੭॥
ਗੋਇੰਦਵਾਲ ਉਚਾਰਿ ਸੁਨਾਯੋ।
ਭਯੋ ਨਾਮ ਪੁਰਿ ਕੋ ਬਿਦਤਾਯੋ।
ਕੇਤਿਕ ਸਦਨ ਤਯਾਰ ਕਰਿਵਾਏ।
ਸ੍ਰੀ ਅੰਗਦ ਕੇ ਦਰਸ਼ਨ ਆਏ ॥੨੮॥
ਬੰਦਨ ਠਾਨੀ ਹੋਇ ਅਧੀਨਾ।
ਭਨਤਿ ਬਿਨੈ ਬਨਿ ਆਗੈ ਦੀਨਾ[5]।
'ਰਾਵਰਿ ਕੀ ਆਗਯਾ ਜਿਮਿ ਹੋਈ।
ਸੁਧਰਜੋ ਕਾਜ ਭਯੋ ਪੁਰਿ ਸੋਈ[6] ॥੨੯॥

---

[1]ਸੁੰਦਰ ਮੂੰਹ ਤੋਂ।
[2]ਵੰਡ ਦਿੱਤਾ।
[3]ਉਸਾਰਨ।
[4]ਉਸਾਰਨ ਵਾਲੇ।
[5](ਗੁਰੂ ਜੀ) ਅੱਗੇ ਦੀਨ ਬਣਕੇ।
[6]ਉਹ (ਕਾਜ) ਪੂਰਾ ਹੋ ਗਿਆ

ਲਗੇ ਮਜ਼ੂਰ ਕਰਤਿ ਹੈਂ ਕਾਰੇ।
ਕੇਤਿਕ ਕਰੇ ਨਿਕੇਤ ਸੁ ਤਯਾਰੇ।'
ਸ਼੍ਰੀ ਅੰਗਦ ਸੁਨਿ ਭਏ ਪ੍ਰਸੰਨ।
'ਪੁਰਖਾ! ਅਬਿ ਐਸੇ ਬਚ ਮੰਨਿ ॥੩੦॥
ਨਿਜ ਪਰਵਾਰ ਹਕਾਰਹੁ ਸਾਰਾ।
ਬਸਹੁ ਤਹਾਂ ਸੁਖ ਲਹਹੁ ਉਦਾਰਾ।
ਅਪਰ ਜਿ ਆਵਹਿਂ ਬਸਿਬੇ ਕਾਰਨ।
ਤਿਨਹਿਂ ਬਸਾਵਹੁ ਸਦਨ ਉਸਾਰਨ ॥੩੧॥
ਬਾਸ ਤੁਮਾਰ ਸਮੀਪ ਹਮਾਰੇ।
ਮਿਲਹੁ ਚਹਹੁ ਰਹਿ ਸਦਨ ਮਝਾਰੇ।
ਅਬਿ ਬਾਸਰਕੇ ਗ੍ਰਾਮ ਸਿਧਾਰਹੁ।
ਮਿਲਹੁ ਸਭਿਨਿ ਸੋਂ ਕਰਿ ਹਿਤਕਾਰਹੁ[1] ॥੩੨॥
ਚਿਰੰਕਾਲ ਬੀਤਾ ਤੁਝ ਆਏ।
ਨਹਿਂ ਕੁਟੰਬ ਸੋਂ ਮਿਲਜੋ ਸਿਧਾਏ[2]।
ਲੇ ਆਵਹੁ, ਜਾਵਹੁ ਤਤਕਾਲ।
ਕਰਹੁ ਬਾਸ ਅਬਿ ਗੋਇੰਦਵਾਲ' ॥੩੩॥
ਆਇਸੁ ਪਾਇ ਗੁਰੂ ਕੀ ਗਏ।
ਸਭਿ ਲੋਕਨ ਸੰਗਿ ਮਿਲਤੇ ਭਏ।
'ਗੁਰ ਪ੍ਰਸੰਨ ਭੇ' ਕਥਾ ਸੁਨਾਈ।
'ਦਈ ਮੋਹਿ ਸਭਿ ਭਾਂਤਿ ਬਡਾਈ ॥੩੪॥
ਅਬਿ ਗੁਰ ਹੁਕਮ ਭਯੋ ਇਸ ਢਾਲ।
-ਬਸਹੁ ਜਾਇ ਕਰਿ ਗੋਇੰਦਵਾਲ-।
ਦੇਰਿ ਨ ਕਰਹੁ ਚਲਹੁ ਮਮ ਸੰਗ।
ਪੁਰਿ ਸੁੰਦਰ ਘਰ ਹੋਹਿਂ ਉਤੰਗ[3]' ॥੩੫॥
ਜੇਤਿਕ ਮਾਨੇ ਬਾਕ ਭਨੇ ਜਬਿ।
ਉਠਿ ਸ਼੍ਰੀ ਅਮਰ ਸੰਗਿ ਭੇ ਸੋ ਸਭਿ।
ਪਹੁੰਚੇ ਗੋਇੰਦਵਾਲ ਸੁ ਜਾਇ।
ਬਸੇ ਠਾਨਿ ਰੁਚ ਸਭਿ ਸੁਖ ਪਾਇ ॥੩੬॥

(ਅ) ਉਹ ਕਾਜ ਸੌਰ ਗਿਆ ਤੇ ਸ਼ਹਿਰ ਵਸ ਗਿਆ ਹੈ।
[1]ਭਾਵ ਹਿਤ ਪੂਰਬਕ।
[2]ਜਾ ਕੇ ਨਹੀਂ ਮਿਲੇ।
[3]ਉੱਚੇ ਘਰ।

ਸ਼੍ਰੀ ਅੰਗਦ ਕੇ ਦਰਸ਼ਨ ਕਾਰਨ।
ਜਾਇ ਖਡੂਰ ਸੁ ਕਰਹਿਂ ਨਿਹਾਰਨ[1]।
ਪਾਛਲ ਪਾਂਇ ਚਲਹਿਂ ਜਬਿ ਆਵੈਂ।
ਤੀਨ ਕੋਸ ਲਗ ਏਵ ਸਿਧਾਵੈਂ ॥੩੭॥
ਤਹਾਂ ਖਰੇ ਹੁਇ ਬੰਦਨ ਠਾਨਹਿਂ।
ਪੁਨ ਘਰ ਦਿਸ਼ ਮੁਖ ਕਰਹਿਂ ਪਯਾਨਹਿਂ।
ਕੇਤਿਕ ਸਿੱਖਜਨ ਤੇ ਸੁਨਿ ਔਰ[2]।
ਜਲ ਗਾਗਰ ਆਨਤਿ ਇਸ ਠੌਰ ॥੩੮॥
ਨਦੀ ਬਿਪਾਸਾ ਤੇ ਭਰਿ ਲਯਾਵਹਿਂ।
ਸ਼੍ਰੀ ਗੁਰ ਕੋ ਇਸ਼ਨਾਨ ਕਰਾਵਹਿਂ।
ਲੇਨਿ ਜਾਹਿਂ ਚਲਿ ਪਾਛਲ ਓਰ[3]।
ਆਨਨ ਰਾਖਹਿਂ ਤਬਿ ਗੁਰ ਓਰ ॥੩੯॥
ਇਸ ਥਲ ਆਵਹਿਂ ਸੀਸ ਨਿਵਾਵਹਿਂ।
ਪੁਨ ਸਲਿਤਾ ਦਿਸ਼ ਮੁਖ ਕਰਿ ਜਾਵਹਿਂ।
ਨਿਤ ਪ੍ਰਤਿ ਕਰਹਿਂ ਇਸੀ ਬਿਧਿ ਕਾਰ।
ਇਮਿ ਸੇਵਹਿਂ ਸ਼੍ਰੀ ਗੁਰ ਦਰਬਾਰ ॥੪੦॥
ਪਰਸਰਾਮ ਤਪ ਤਪੇ ਬਿਸਾਲਾ।
ਬਰਖ ਹਜਾਰਹਂ ਬਨ[4] ਸਭਿ ਕਾਲਾ।
ਪ੍ਰਾਪਤਿ ਕਲਾ ਬਿਸ਼ਨੁ ਕੀ ਚਾਰੁ।
ਭਯੋ ਨ ਤਊ ਬਡੋ ਅਵਤਾਰ ॥੪੧॥
ਇਨਹੁਂ ਇਕਾਦਸ਼ ਸੰਮਤ ਮਾਂਹੀ।
ਸੇਵਾ ਕਰੀ ਰਿਝਾਏ ਤਾਂਹੀ।
ਪੂਰਨ ਭਏ ਪ੍ਰਭੂ ਅਵਤਾਰੇ।
ਜਗ ਮਹਿਂ ਦਾਸ ਉਧਾਰ ਹਜ਼ਾਰੇ ॥੪੨॥
ਯਾਂ ਤੇ ਸਤਿਗੁਰ ਅਰੁ ਸਤਿਸੰਗ।
ਇਨ ਕੀ ਸੇਵਾ ਅਧਿਕ ਉਤੰਗ।
ਬਰਖ ਹਜ਼ਾਰਹਂ ਤਪ ਜੇ ਘਾਲੇ।
ਤਿਨ ਤੇ ਸੇਵਾ ਅਹੈ ਬਿਸਾਲੇ ॥੪੩॥

---

[1]ਦਰਸ਼ਨ।
[2]ਕਈ ਸਿੱਖਾਂ ਤੋਂ (ਇਕ) ਹੋਰ ਗੱਲ ਸੁਣੀ ਹੈ ਕਿ।
[3]ਪਿਛਲੇ ਪੈਰੀਂ।
[4]ਜੰਗਲ ਵਿਚ।

ਜਬਿ ਕਬਿ ਅਬਿ ਅਰੁ ਆਗੇ ਕੇਈ।
ਸੇਵ ਬਿਧੈ ਮਨ ਲਾਵਹਿਂ ਜੇਈ।
ਤਿਨ ਕੋ ਬਹੁਰ ਨ ਕਰਿਬੋ ਰਹਜੋ[1]।
ਭੋਗ ਮੋਖ ਦੋਨਹੁਂ ਤਿਹ ਲਹਜੋ ॥੪੪॥
ਸ਼੍ਰੀ ਗੁਰ ਅਮਰਦਾਸ ਕੇ ਭ੍ਰਾਤਾ।
ਆਯੋ ਰਾਮਾ ਤਹਾਂ ਜਮਾਤਾ[2]।
ਜਿਤਿਕ ਭਤੀਜੇ ਸੋ ਸਭਿ ਆਏ।
ਗੋਇੰਦਵਾਲ ਬਸੇ ਘਰ ਪਾਏ ॥੪੫॥
ਇਤਜਾਦਿਕ ਸਨਬੰਧੀ ਸਾਰੇ।
ਆਇ ਬਸੇ ਗੁਰ ਨਿਕਟ ਸੁਖਾਰੇ।
ਪ੍ਰਾਪਤਿ ਸਰਬੋਤਮ ਬਡਿਆਈ।
ਮਾਨਹਿਂ ਮਾਨਵ ਬਹੁ ਸੁਖ ਪਾਈ ॥੪੬॥
ਸਭਿ ਲਾਯਕ ਸਨਬੰਧੀ ਜਾਨ।
ਆਇ ਸਮੀਪ ਬਸੇ ਪੁਰਿ ਥਾਨ।
ਸਤਿਗੁਰ ਦੇ ਕਰਿ ਧੀਰਜ ਸਬੈ।
ਨਿਕਟਿ ਬਸਾਵਨ ਕੀਨੇ ਤਬੈ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੋਇੰਦਵਾਲ' ਪ੍ਰਸੰਗ ਬਰਨਨੰ ਨਾਮ ਊਨਿਬਿੰਸਤੀ ਅੰਸੂ ॥੧੯॥

[1]ਹੋਰ ਕਰਨੀ ਕਰਨ ਦੀ ਲੋੜ ਨਹੀਂ ਰਹੀ।
[2]ਜੁਵਾਈ।

੨੦. [ਗੁਰੂ ਜੀ ਨੂੰ ਵਰੁਣ ਦਾ ਮਿਲਣਾ। ਤੇ ਸ਼੍ਰੀ ਗੁਰੂ ਅੰਗਦ ਜੀ ਦੇ ਗੁਣ]

੧੯<<ਪਿਛਲਾ ਅੰਸੂ ਤੁਤਕਰਾ ਰਾਸਿ ੧ ਅਗਲਾ ਅੰਸੂ>>੨੧

ਦੋਹਰਾ: ਇਕ ਦਿਨ ਸ਼੍ਰੀ ਅੰਗਦ ਗੁਰੂ, ਦੇਖਨਿ ਗੋਇੰਦਵਾਲ।
ਭਏ ਤਯਾਰ ਚਲਿਬੇ ਤਹਾਂ, ਰਿਦਾ ਬਿਸਾਲ ਕ੍ਰਿਪਾਲ ॥੧॥

ਚੌਪਈ: ਸਨੇ ਸਨੇ ਪਗ ਸੋਂ ਮਗ ਚਲੇ।
ਪ੍ਰੇਮ ਡੋਰ ਮਹਿਂ ਫਸਿ ਕਰਿ ਭਲੇ।
ਨਿਸ ਦਿਨ ਸਤਿਗੁਰ[+] ਅਮਰ ਅਰਾਧੇ।
-ਆਇਂ ਇਹਾਂ ਪਿਖਿ ਅਗਮ ਅਗਾਧੇ[1]- ॥੨॥
ਬੈਠੇ ਧਯਾਨ ਲਾਇ ਕਰਿ ਐਸੇ।
ਰਹਯੋ ਗਯੋ ਨਹਿਂ ਗੁਰ ਤੇ ਕੈਸੇ[2]।
ਖਿਚੇ ਪ੍ਰੇਮ ਤੇ ਮਾਰਗ ਚਲੇ।
ਬੰਦਹਿਂ ਚਰਨ ਜੁ ਬਾਹਰ ਮਿਲੇ ॥੩॥
ਕਿਨਹੁ ਕੀਨਿ ਸੁਧਿ 'ਸ਼੍ਰੀ ਗੁਰ ਆਏ।'
ਸੁਨਿ ਸ਼੍ਰੀ ਅਮਰਦਾਸ ਹਰਖਾਏ।
ਲੇਨਿ ਹੇਤ ਉਠਿ ਚਲੇ ਅਗਾਰੀ।
-ਦਰਸ਼ਨ ਮਿਲਹਿਂ- ਛੁਟਯੋ ਦ੍ਰਿਗ ਬਾਰੀ[3] ॥੪॥
ਕੇਤਿਕ ਦੂਰ ਆਗਮਨ ਆਏ।
ਦਰਸ਼ਨ ਦੇਖੇ ਤਨ ਪੁਲਕਾਏ[4]।
ਬੋਲਯੋ ਜਾਇ ਨ ਗਦਗਦ ਬਾਨੀ।
ਹਾਥ ਜੋਰਿ ਕਰਿ ਤੂਸ਼ਨਿ ਠਾਨੀ ॥੫॥
ਦਾਸ ਦਸ਼ਾ ਕੋ ਦੇਖਿ ਕ੍ਰਿਪਾਲਾ।
ਕਰ ਸੋਂ ਕਰ ਗਹਿ ਕਰਿ ਤਿਸ ਕਾਲਾ।
ਭਰਯੋ ਅੰਕ ਨਿਜ ਗਰੇ ਲਗਾਯੋ।
ਬਹੁ ਪ੍ਰਕਾਰ ਕੋ ਸੁਜਸ ਅਲਾਯੋ ॥੬॥
'ਧੰਨ ਜਨਮ ਤੇਰੋ ਜਗ ਭਯੋ।
ਪ੍ਰੇਮ ਬਿਸਾਲ ਮੋਹਿ ਬਸਿ ਕਯੋ।

[+]ਪਾ:-ਸ੍ਰੀ ਗੁਰੂ।
[1]ਦਿਨ ਰਾਤ ਗੁਰੂ ਅਮਰ ਜੀ ਅਰਾਧਨਾਂ ਕਰਦੇ ਸਨ ਕਿ ਅਗਮ ਅਗਾਧ (ਗੁਰੂ ਅੰਗਦ) ਜੀ ਨੂੰ ਏਥੇ ਆਏ ਵੇਖਾਂ।
[2]ਕਿਸੇ ਤਰ੍ਹਾਂ ਨਾ ਰਿਹਾ ਗਿਆ (ਖਡੂਰ) ਗੁਰੂ (ਅੰਗਦ) ਜੀ ਤੋਂ।
[3]ਦਰਸ਼ਨ ਮਿਲਣ ਲੱਗਾ ਹੈ, (ਇਹ ਸੋਚ ਕੇ) ਨੈਣਾਂ ਤੋਂ ਜਲ ਛੁੱਟ ਪਿਆ।
[4]ਰੋਮ ਖੜੇ ਹੋ ਗਏ।

ਜਹਾਂ ਅਰਾਧਹਿਂ ਕਰਿ ਕੈ ਪ੍ਰੇਮ।
ਤਹਿਂ ਮੈਂ ਪਹੁਚੋਂ ਇਹ ਮਮ ਨੇਮ ॥੭॥
ਆਜ ਬੈਠਿ ਕਰਿ ਤੋਹਿ ਅਰਾਧਜੋ[1]।
ਆਯੋ ਤੁਰਤ ਪ੍ਰੇਮ ਤੇ ਬਾਧਜੋ[2]।
ਮੋ ਤੇ ਰਹਜੋ ਜਾਤ ਤਬਿ ਨਾਂਹੀ।
ਪ੍ਰੇਮ ਸਮੇਤ ਧਜਾਇ[3] ਮਨ ਮਾਂਹੀ ॥੮॥
ਤੁਵ ਹਿਤ ਕਰਿ[4] ਆਯੋ ਇਤ ਓਰ।
ਚਲਹੁ ਦਿਖਾਵਹੁ ਅਪਨੀ ਠੌਰ।'
ਹਾਥ ਗਹੇ ਆਗੇ ਤਬਿ ਚਲੇ।
ਕਰੇ ਦਿਖਾਵਨ ਕੀਨ ਜੁ ਭਲੇ[5] ॥੯॥
ਭਲੀ ਪ੍ਰਕਾਰ ਹੇਰਿ ਕਰਿ ਸਾਰੇ।
ਬਹੁਰ ਬਿਪਾਸਾ ਤੀਰ ਸਿਧਾਰੇ।
ਅਮਰਦਾਸ ਅਪਨੇ ਸੰਗ ਲੀਨੇ।
ਜਾਇ ਕੂਲ ਪਰ ਗੁਰੂ ਅਸੀਨੇ ॥੧੦॥
ਅਪਰ ਦਾਸ ਨਹਿਂ ਪਾਸ ਤਿਥਾਈਂ।
ਇਕ ਸ਼੍ਰੀ ਅਮਰ ਕਿ ਆਪ ਗੁਸਾਈਂ।
ਸਲਿਤਾ ਕੂਲ ਸਥਿਤ ਕੋ ਜਾਨਿ[6]।
ਜਲਪਤਿ ਪ੍ਰਾਪਤਿ ਭਾ[7] ਤਿਸ ਥਾਨ ॥੧੧॥
ਰੁਚਿਰ ਜਾਤ ਕੀ ਸਫਰੀ ਏਕਾ[8]।
ਆਗੇ ਧਰ ਕਰਿ ਮਸਤਕ ਟੇਕਾ।
'ਸ਼੍ਰੀ ਪ੍ਰਭੁ ਕੀਨ ਪੁਨੀਤ ਸਥਾਨਾ।
ਪਦ ਪੰਕਜ ਪਰਸੇ ਜਬਿ ਆਨਾ ॥੧੨॥
ਸਲਿਤਾ ਕੂਲ ਬਸਾਯੋ ਪੁਰਿ ਕੋ।
ਕਰਜੋ ਅਨੁਗ੍ਰਹੁ ਅਪਨੇ ਉਰ ਕੋ।
ਸਤਿਸੰਗਤ ਸਿਮਰਹਿਂ ਸਤਿਨਾਮੂ।

---

[1]ਤੂੰ ਆਰਾਧਨਾ ਕੀਤੀ ਹੈ।
[2]ਬੰਨ੍ਹਿਆਂ।
[3]ਭਾਵ ਜਦੋਂ ਕੋਈ ਧਿਆਵੈ।
[4]ਤੇਰੇ ਪ੍ਰੇਮ ਕਰਕੇ (ਅ) ਤੇਰੇ ਵਿਚ ਹਿਤ ਕਰਕੇ।
[5]ਉਸਾਰੇ ਸਨ ਜੇਹੜੇ ਚੰਗੇ (ਘਰ)।
[6]ਨਦੀ ਕਿਨਾਰੇ ਬੈਠੇ ਜਾਣਕੇ।
[7]ਵਰੁਣ ਆਇਆ।
[8]ਚੰਗੀ ਕਿਸਮ ਦੀ ਇਕ ਮੱਛੀ।

ਕਰਹਿਂ ਸ਼ਨਾਨ ਸੁ ਜਲ ਅਭਿਰਾਮੂ ॥੧੩॥
ਸਲਿਤਾ ਸਫਲ ਹੋਇ ਪਗ ਪਰਸੇ।
ਮੈਂ ਭੀ ਰਾਵਰਿ ਕੇ ਪਗ ਦਰਸੇ।'
ਸੁਨਿ ਸਤਿਗੁਰ ਬੋਲੇ ਮੁਸ਼ਕਾਈ[1]।
'ਕਰਿ ਸ੍ਰੀ ਅਮਰ! ਬਰੁਨ ਸਫਲਾਈ[2] ॥੧੪॥
ਸੰਗਤਿ ਮਹਿਂ ਪ੍ਰਸਾਦਿ ਬਰਤੈ ਹੈਂ।
ਸਭਿ ਤੇ ਆਗੇ ਜਲ ਮਹਿਂ ਦੈ ਹੈਂ।
ਨਾਮ ਬਰਨ ਕੋ ਕਰਹਿਂ ਉਚਾਰਿ।
ਇਮ ਸਿੱਖਨ ਮਹਿਂ ਰੀਤੀ ਡਾਰਿ[*]' ॥੧੫॥
ਹਾਥ ਜੋਰਿ ਸ੍ਰੀ ਅਮਰ ਉਚਾਰੀ।
'ਤਿਮ ਹੁਇ ਜਥਾ ਰਜਾਇ ਤੁਮਾਰੀ।'
ਬਹੁਰ ਬਿਦਾ ਹੁਇ ਬਰੁਣ ਪਧਾਰਾ।
ਸ੍ਰੀ ਅੰਗਦ ਤਬਿ ਬਾਕ ਉਚਾਰਾ ॥੧੬॥
[+]'ਇਹ ਸਫਰੀ ਕਰਿ ਤਜਾਰ ਮੰਗਾਵੋ।

---

[1]ਮੁਸਕ੍ਰਾਕੇ।

[2]ਹੇ ਸ੍ਰੀ ਅਮਰ ਦਾਸ! ਵਰੁਣ ਨੂੰ ਸਫਲਤਾ ਦਿਓ।

[*]ਮੁਲਤਾਨ, ਸਿੰਧ ਆਦਿ ਇਲਾਕਿਆਂ ਵਿਚ ਦਰਿਆ ਦੀ ਪੂਜਾ ਕਰਨੇ ਦਾ ਇਕ ਖਾਸ ਮਤ ਹੈ, ਉਡੇਰੋ ਲਾਲ ਨਾਮੇ ਕੋਈ ਇਨ੍ਹਾਂ ਦਾ ਗੁਰੂ ਹੈ। ਇਸ ਪਾਸੇ ਵਲ ਜਦੋਂ ਸਿੱਖੀ ਪ੍ਰਚਾਰ ਹੋਇਆ, ਤਾਂ ਪੁਰਾਤਣ ਰਸਮ ਦਰਿਆ ਵਿਚ ਬਾਂਟਾ ਪਾਉਣ ਦੀ ਨਵੇਂ ਬਣੇ ਸਿੱਖਾਂ ਵਿਚ ਗ਼ਾਲਬਨ ਜਾਰੀ ਰਹੀ ਤੇ ਫਿਰ ਏਥੋਂ ਹੋਰਥੇ ਭੀ ਫੈਲੀ, ਤਦੋਂ ਇਸ ਦਾ ਕਾਰਨ ਸਿੱਖਾਂ ਵਿਚ ਇਹ ਪ੍ਰਵਿਰਤ ਹੋਇਆ ਕਿ ਵਰਣ ਗੁਰੂ ਦਾ ਸੇਵਕ ਹੈ ਉਸ ਸੇਵਕ ਨੂੰ ਛਾਂਦਾ ਮਿਲਦਾ ਹੈ।

ਇਸ ਸਮੇਂ ਸਿੱਖਾਂ ਨੇ ਇਸ ਰਸਮ ਨੂੰ ਗੁਰਮਤ ਸਿੱਧਾਂਤ ਦੇ ਪ੍ਰਤਿਕੂਲ ਤੇ ਟਪਲਾ ਦੇਣ ਵਾਲੀ ਸਮਝਕੇ ਤਿਆਗ ਦਿੱਤਾ ਹੈ।

[+]ਅੰਕ ੧੬ ਦੇ ਅੰਤ ਤੋਂ ਲੈ ਕੇ ੨੦ ਦੀ ਪਹਿਲੀ ਤੁਕ-ਅਪਰ ਅਹਾਰ ਕੁਛਕ ਤਹਿਂ ਖਾਇ-ਤੁਕ ਦਾ ਪਾਠ ਲਿਖਤ ਦੇ ਪੰਜ ਨੁਸਖਿਆਂ ਵਿਚ, ਜੋ ਸਾਡੀ ਨਜ਼ਰੋਂ ਲੰਘੇ ਹਨ, ਇਹ ਪਾਠ ਇਵੇਂ ਹੈ ਜਿਵੇਂ ਅਸਾਂ ਉੱਪਰ ਮੂਲ ਵਿਚ ਦਿੱਤਾ ਹੈ। ਛਾਪੇ ਦੇ ਉਸ ਨੁਸਖੇ ਵਿਚ ਜੋ ਲਾਹੌਰ ਦੇ ਕਿਸੇ ਬ੍ਰਾਹਮਣ ਮੁਦ੍ਰਿਤ ਕਰਤਾ ਨੇ ਛਪਵਾਇਆ ਤੇ ਆਮ ਪ੍ਰਵਿਰਤ ਹੈ, ਇਸ ਦੀ ਥਾਵੇਂ ਪਾਠ ਇਉਂ ਹੈ:-

ਭਯੋ ਸਮਾ ਪ੍ਰਸਾਦਿ ਕੋ ਜਾਨਯੋ। ਦਾਸ ਏਕ ਕੋ ਬੋਲ ਬਖਾਨਯੋ। 'ਅਬ ਹੀ ਜਾਹੁ ਰਸੋਇਯੇ ਪਾਸ। ਆਨਹੁ ਭੋਜਨ ਤੀਰ ਬਿਪਾਸ'॥੧੭॥ ਹੁਤੋ ਦੂਰ ਇਕ ਸਿੱਖ ਬੁਲਾਯੋ। ਤਿਸ ਕੋ ਕਹਿ ਕਰਿ ਨਗਰ ਪਠਾਯੋ। 'ਅਬ ਹੀ ਜਾਹੁ ਲਾਂਗਰੀ ਪਾਸ।' ਹੁਕਮ ਦੀਓ ਸ੍ਰੀ ਮੁਖ ਸੁਖਰਾਸ॥੧੮॥ ਜਾਇ ਸਿੱਖ ਪਰਸ਼ਾਦ ਲਿਆਯੋ। ਨਦੀ ਪਾਇ ਸਭਿ ਕੋ ਵਰਤਾਯੋ। ਭੋਜਨ ਪਾਇ ਉਠੇ ਜਬ ਸ੍ਵਾਮੀ। ਪੂਰਨ ਬ੍ਰਹਮ ਸਦਾ ਨਿਹਕਾਮੀ॥੧੯॥ ਨਿਜ ਦਾਸਨ ਕੇ ਸਦਾ ਸਹਾਇ।

ਸਪਸ਼ਟ ਹੈ ਕਿ ਪਾਠ ਬਦਲਿਆ ਗਿਆ ਹੈ।

ਇਕ ਲਿਖਤੀ ਨੁਸਖੇ ਵਿਚ ਅੰਕ ੧੨ ਦੇ ਮੁੱਢ ਵਿਚ 'ਰੁਚਿਰ ਜਾਤਿ ਕੀ ਸਫਰੀ ਏਕਾ' ਦੀ ਤੁਕ ਵਿਚ 'ਸਫਰੀ ਏਕਾ' ਤੇ ਹੜਤਾਲ ਲਾ ਕੇ 'ਪੁਸ਼ਪ ਅਨੇਕਾ' ਪਾਠ ਬਦਲਿਆ ਹੈ, ਪਰ ਇਸੇ ਬਦਲੇ ਹੋਏ ਪਾਠ ਦੇ ਨਾਲ ਹੀ ਕਿਸੇ ਦਾ ਲਿਖਿਆ ਹੋਇਆ ਸੀ 'ਜਿਨ ਪਾਠ ਹਟਾਇਆ ਹੈ ਗੁਰੂ ਕਾ ਦੇਣਦਾਰ ਹੈ।' ਸੋ ਸਾਬਤ ਹੋ ਗਿਆ ਕਿ ਛਾਪੇ ਦੇ ਨੁਸਖੇ ਦਾ ਪਾਠ ਜੋ ਅਸਾਂ ਉਪਰ ਦਿਖਾਇਆ ਹੈ ਆਖੇਪਕ ਹੈ, ਕਿਸੇ ਮੱਛੀ ਮਾਸ ਤੋਂ

ਤੂਰਨ ਕਰਿ ਕੈ ਇਹਾਂ ਲਿਆਵੋ।'
ਹੁਤੋ ਦੂਰ ਇਕ ਸਿੱਖ ਬੁਲਾਯੋ।
ਤਿਸ ਕੋ ਦੇ ਕਰਿ ਨਗਰ ਪਠਾਯੋ ॥੧੭॥
ਲਜਾਯੋ ਤੁਰਤ ਤਜਾਰ ਕਰਿ ਸੋਈ।
ਡਾਲਿ ਮਸਾਲੇ ਤਲਿ ਕੈ ਭੋਈ।
ਲੇ ਸ਼੍ਰੀ ਅਮਰ ਅਗਾਰੀ ਧਰੀ।
ਸੋ ਲੇ ਕਰਿ ਗੁਰ ਖਾਵਨ ਕਰੀ ॥੧੮॥
'ਮਹਾਂ ਸ੍ਵਾਦ ਇਸ ਆਮਿਖ ਭਯੋ।
ਆਗੇ ਕਬਹੁਂ ਨ ਐਸੇ ਖਯੋ।'
ਕਹਿ ਸ਼੍ਰੀ ਅਮਰ 'ਜਾਤਿ ਝਖ[1] ਕੋਈ।
ਲਜਾਯੋ ਬਰਨ ਆਪ ਹਿਤ ਸੋਈ' ॥੧੯॥
ਅਪਰ ਅਹਾਰ ਕੁਛਕ ਤਹਿਂ ਖਾਇ।
ਬਹੁਰ ਉਠੇ ਤਹਿਂ ਤੇ ਸੁਖਦਾਇ।
ਅਮਰਦਾਸ ਕੋ ਲੇ ਕਰਿ ਸਾਥ।
ਆਏ ਦਿਸ਼ ਖਡੂਰ ਜਗਨਾਥ ॥੨੦॥
ਕੇਤਿਕ ਦਿਨ ਸਮੀਪ ਹੀ ਰਾਖੇ।
ਜਾਨਿ ਰਿਦੇ ਕੀ ਤਿਨ ਅਭਿਲਾਖੇ।
ਸਭਿ ਸਮੀਪ ਕੀ ਸੇਵਾ ਕਰੇ।
ਅਸ਼ਟ ਪਹਿਰ ਸਿਮਰਨ ਉਰ ਧਰੇ ॥੨੧॥
ਦੀਨਸਿ ਆਇਸੁ ਬਹੁਰ ਕ੍ਰਿਪਾਲ।
ਚਲਿ ਆਏ ਤਬਿ ਗੋਇੰਦਵਾਲ।
ਪਾਛਲ ਦਿਸ਼ ਕੋ ਗਮਨੈਂ ਰਾਹੂ।
ਮੁਖ ਰਾਖੈਂ ਸਤਿਗੁਰ ਦਿਸ਼ ਜਾਹੂ ॥੨੨॥
ਤੀਨ ਕੋਸ ਪਰ ਮਾਥੋ ਟੇਕਿ।
ਪੁਨ ਪੁਰਿ ਦਿਸ਼ ਮੁਖ ਕੋਸ ਸੁ ਏਕ।

ਪ੍ਰਹੇਜ਼ ਕਰਨ ਵਾਲੇ ਲਿਖਾਰੀ ਯਾ ਮੁੱਦ੍ਰਿਤ ਕਰਤਾ ਨੇ ਬਦਲਵਾਇਆ ਹੈ। ਗੁਰ ਸਿੱਖੀ ਵਿਚ ਮਾਸ ਦਾ ਝਗੜਾ ਨਹੀਂ ਹੈ 'ਮਾਸੁ ਮਾਸੁ ਕਰਿ ਮੂਰਖੁ ਝਗੜੇ।' ਭਾਈ ਸੰਤੋਖ ਸਿੰਘ ਜੀ ਪਿੱਛੋਂ ਗੁਰੂ ਜੀ ਦੇ ਲੰਗਰ ਵਿਚ ਮਹਾਂ ਪ੍ਰਸ਼ਾਦ ਦਾ ਜ਼ਿਕਰ ਕਰ ਆਏ ਹਨ। ਸਾਡਾ ਮਤਲਬ ਏਥੇ ਮਾਸ ਨੂੰ ਵਿਹਤ ਅਵਿਹਤ ਸਿੱਧ ਕਰਨੇ ਤੋਂ ਨਹੀਂ, ਪਰ ਗ੍ਰੰਥ ਦੇ ਪਾਠ ਸ਼ੁਧ ਕਰਨ ਤੋਂ ਹੈ।

ਇਸ ਸਪਸ਼ਟ ਟਿਕਾਣੇ ਤੋਂ ਸਿੱਧ ਹੋ ਗਿਆ ਕਿ ਇਸ ਮਹਾਨ ਗ੍ਰੰਥ ਵਿਚ ਆਖੇਪ ਹੋ ਚੁੱਕੇ ਹਨ। ਜੋ ਸੱਜਣ ਖਿਆਲ ਕਰਦੇ ਹਨ ਕਿ ਇਸ ਵਿਚ ਆਖੇਪ ਨਹੀਂ ਹੋਏ ਓਹ ਇਸ ਇੱਕੇ ਟਿਕਾਣੇ ਤੋਂ ਤਸੱਲੀ ਕਰ ਸਕਦੇ ਹਨ।

[1]ਮੱਛੀ।

ਸੋ ਅਬਿ ਲੌਂ ਉਹ ਥਾਨ ਸੁਹਾਵਤਿ।
ਬਿਦਤਿ ਅਹੈ ਜਗ ਮੈਂ ਸਿਖ ਗਾਵਤਿ ॥੨੩॥
ਗੋਇੰਦਵਾਲ ਕੋਸ ਤਿਸ ਥਲ ਤੇ।
ਜਹਿਂ ਤੇ ਸੂਧੇ ਹੁਇ ਕਰਿ ਚਲਤੇ।
ਨਿਸ ਮਹਿਂ ਸਦਨ ਰਹਹਿਂ ਗੁਰ ਆਇਸੁ।
ਦਿਨ ਮਹਿਂ ਦਰਸਹਿਂ ਤਹਾਂ ਸਿਧਾਇਸੁ ॥੨੪॥
ਇਸੀ ਪ੍ਰਕਾਰ ਕਿਤਿਕ ਦਿਨ ਬਿਤੇ।
ਪਰਮ ਪ੍ਰਸੰਨ ਗੁਰੂ ਕਰਿ ਲਿਤੇ।
ਪ੍ਰੇਮ ਸਹਤ ਮਨ ਨੰਮ੍ਰਿ ਬਿਸਾਲਾ।
ਸੇਵਹਿਂ ਚਰਨ ਕਮਲ ਸਭਿ ਕਾਲਾ ॥੨੫॥
ਸ਼੍ਰੀ ਅੰਗਦ ਸਭਿ ਗੁਨ ਕੇ ਧਾਮ।
ਸਦਾ ਸੁਸ਼ੀਲ ਪਰਮ ਨਿਹਕਾਮ।
ਭਗਤਿ ਰੂਪ ਧਰਿ ਜਗਤ ਦਿਖਾਯੋ।
ਹਰਖ ਨ ਸ਼ੋਕ ਨ ਕਬਿ ਉਰ ਆਯੋ ॥੨੬॥
ਮਾਨ ਅਮਾਨ[1] ਸਮਾਨ ਮਹਾਨੇ।
ਰਾਗ ਨ ਦ੍ਵੈਖ ਕਿਸੀ ਸੋਂ ਠਾਨੇ।
ਅਹੰ ਬ੍ਰਹਮ[2] ਨਿਸ਼ਚਲ ਬ੍ਰਿਤਿ ਅੰਤਰ।
ਨਿਜ ਸਰੂਪ ਸੋਂ ਲਗੇ ਨਿਰੰਤਰ ॥੨੭॥
ਜਿਸ[3] ਕੋ ਛੁਵੈ ਬਿਕਾਰ ਨ ਕੋਈ[*]।
ਪਹੁੰਚਹਿ[4] ਮਨ ਬਾਣੀ ਨਹਿਂ ਦੋਈ[+]।
ਜਾਨਨੀਯ[5] ਬੁਧਿ ਕਰਿ ਕੈ ਜੋਊ।
ਪਦਮ ਪੱਤ੍ਰ ਸਮ ਲਿਪਹਿ ਨ ਸੋਊ[6] ॥੨੮॥
ਸ਼ਸਤ੍ਰਨ ਸੋਂ ਨ ਬਿਨਾਸਜੋ ਜਾਇ।
ਅਗਨਿ ਨ ਜਰਹਿ ਨ ਪਉਨ ਉਡਾਇ।
ਜਲ ਨਹਿਂ ਡੂਬਹਿ, ਨਭ ਨ ਬਿਲਾਇ[7]।

---

[1]ਆਦਰ ਅਨਾਦਰ।
[2]ਮੈਂ ਬ੍ਰਹਮ, ਭਾਵ, ਬ੍ਰਹਮ ਗਯਾਨ।
[3]ਭਾਵ ਬ੍ਰਹਮ ਨੂੰ।
[*]ਪਾ:-ਕੋਊ।
[4]ਜਿੱਥੇ ਨਹੀਂ ਪਹੁੰਚਦੇ ਭਾਵ ਬ੍ਰਹਮ ਵਿਚ।
[+]ਪਾ:-ਦੋਊ।
[5]ਜਾਨਣੇ ਯੋਗ।
[6]ਕਵਲ ਫੁੱਲ ਦੇ ਪਤ੍ਰ ਵਾਂਗ ਲਿਪਾਇਮਾਨ ਨਹੀਂ ਹੁੰਦਾ ਜੋ (ਬ੍ਰਹਮ)।
[7]ਦੂਰ ਕਰ ਸਕੇ (ਅ) ਲੀਨ ਕਰ ਸਕੇ।

ਜਿਸ ਕੋ ਕਾਲ ਸਕਹਿ ਨਹਿਂ ਖਾਇ ॥੨੯॥
ਜਿਮ ਰੱਜੂ ਅਹਿ ਕੀ ਆਧਾਰ।
ਤਿਮ ਪ੍ਰਪੰਚ ਇਹੁ ਤਿਸਹਿ ਮਝਾਰ।
ਸੂਰਜ ਆਦਿ ਜੋਤਿ ਕੀ ਜੋਤਿ।
ਜਿਸ ਅਲੰਬ ਕਰਿ ਸਕਲ ਉਦੋਤਿ[1] ॥੩੦॥
ਸੂਖਮ ਤੇ ਸੂਖਮ ਨਿਤਿ ਰਹੈ।
ਇੰਦ੍ਰੈ ਜੁਤਿ ਮਨ ਜਿਸ ਨਹਿਂ ਲਹੈ[2]।
ਸਦਾ ਮਹਿਦ ਤੇ ਜੋ ਮਹੀਆਨ[3]।
ਪਾਰ ਨ ਪਾਵਹਿਂ ਸ਼ਕਤੀਵਾਨ ॥੩੧॥
ਪ੍ਰਗਟ ਬਿਸਾਲ ਜਾਨੀਅਤਿ ਐਸੇ।
ਜਿਸ ਬਿਨ ਫੁਰਹਿ ਨਿਮੇਖ[4] ਨ ਕੈਸੇ।
ਦੁਰਜੋ ਮਹਾਨ, ਨ ਜਾਨਜੋ ਜਾਇ।
ਰੂਪ ਰੰਗ ਕੁਛ ਹ੍ਵੈ ਨ ਲਖਾਇ ॥੩੨॥
ਅਚਰਜ ਰੂਪ ਜੁ ਐਸੋ ਅਹੈ।
ਤਿਸ ਕੋ ਨਾਮ 'ਵਾਹਿ' ਕਰਿ ਕਹੈਂ 'ਗੋ।'
ਤਮ ਜੜ ਅਗਜ਼ਾਨ ਅਨਿੱਤ।
ਕਰਿ ਪ੍ਰਕਾਸ਼ ਚੇਤਨ 'ਰੂ' ਨਿੱਤ[*] ॥੩੩॥
ਐਸੋ ਨਾਮ ਵਾਹਿਗੁਰੂ ਜੋਈ।
ਸ੍ਰੀ ਅੰਗਦ ਬਪੁ ਧਰਿ ਕਰਿ ਸੋਈ।
ਜਗਤ ਬਿਖੈ ਬਨਿ ਭਗਤਿ ਦਿਖਾਵੈਂ।
ਨਹਿਂ ਸਰੂਪ ਅਪਨੋ ਬਿਦਤਾਵੈਂ ॥੩੪॥
ਕਰਨੋ ਸਿਮਰਨ ਸ੍ਰੀ ਸਤਿਨਾਮ।
ਉਪਦੇਸ਼ਤਿ ਜਗ ਕੋ ਬਸਿ ਧਾਮ।
ਸਤਿ ਸੰਗਤਿ ਸੇਵਨ ਸਿਖਰਾਵੈਂ।
ਭਾਉ ਭਗਤਿ ਕੀ ਰੀਤਿ ਚਲਾਵੈਂ ॥੩੫॥
'ਸ੍ਰੀ ਪਰਮੇਸ਼ੁਰ ਕੇ ਹਮ ਦਾਸ।
ਨਿਰਹੰਕਾਰ ਅਲੋਭ ਨਿਰਾਸੁ।

---

[1]ਪ੍ਰਕਾਸ਼ਤ ਹੈਨ।
[2]ਮਨ ਇੰਦਰੀਆਂ ਸਮੇਤ ਜਿਸ (ਬ੍ਰਹਮ) ਨੂੰ ਲਖ ਨਹੀਂ ਸਕਦਾ।
[3]ਬੜਿਆਂ ਤੋਂ ਬੜਾ [ਸੰਸ: ਮਹਤ੍] (ਅ) ਮਹਿਤਤ੍ਵ ਤੋਂ ਜੋ ਹੋਰ ਵਡਾ (ਯਾ ਮਹਾਂ ਤੱਤ) ਹੈ, ਭਾਵ ਚੇਤਨ ਰੂਪ।
[4]ਪਲ ਮਾਤ੍ਰ (ਕੁਛ) ਨਹੀਂ ਫੁਰ ਸਕਦਾ। (ਅ) ਕਿਸੇ ਤਰ੍ਹਾਂ ਪਲ ਮਾਤ੍ਰ ਲਈ ਬੀ ਜਿਸ ਬਿਨ ਨਹੀਂ ਫੁਰ ਸਕਦਾ (ਫੁਰਨਾ)। (ੲ) ਜਿਸ ਤੋਂ ਬਿਨਾਂ ਪਲਕਾਂ ਨਹੀਂ ਝਮਕ ਸਕਦੀਆਂ, ਭਾਵ ਅੱਖ ਨਹੀਂ ਫਰਕਦੀ।
[*]ਅਰਥਾਂ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੬੩।

ਪਰਮੇਸ਼ੁਰ ਭਾਣਾ ਸ਼ੁਭ ਭਾਵਨ।
ਕਾਯਾਂ ਤੇ ਹੰਤਾ ਸੁ ਉਠਾਵਨ ॥੩੬॥
ਨਿਤ ਸੰਤਨਿ ਕੀ ਸੇਵਾ ਕਰਨੀ।
ਸਤਿ ਸੰਗਤਿ ਮਹਿਂ ਚਿਤ ਬ੍ਰਿਤਿ ਧਰਨੀ।
ਆਪਾ ਨਹੀਂ ਜਨਾਵਨ ਕਰਨੋ।
ਦਾਸਨ ਦਾਸ ਦਾਸ ਨਿਜ ਬਰਨੋ[1] ॥੩੭॥
ਪਰਮ ਪ੍ਰੇਮ ਪਰਮੇਸੁਰ ਮਾਂਹੀ।
ਬਿਨਤੀ ਕਰਨ, -ਸੁ ਮੈਂ ਕੁਛ ਨਾਂਹੀ[2]।
ਕਰਨ ਕਰਾਵਨ ਕੋ ਇਕ ਦਾਤਾ।
ਪੂਰਨ ਸਰਬ ਠੌਰ ਸੋ ਜਾਤਾ[3]- ॥੩੮॥
ਸ਼ਬਦ ਗੁਰੂ ਕੇ ਗਾਵਨ ਕਰਨੇ।
ਕਿਧੌਂ ਸ਼ਬਦ ਧੁਨਿ ਸ਼੍ਰੋਨਨਿ ਧਰਨੇ[4]।
ਨਿਸ ਦਿਨ ਸਿਮਰਹੁ ਸ਼੍ਰੀ ਸਤਿਨਾਮ।
ਦੁਹਿ ਲੋਕਨਿ ਕੋ ਪੂਰਤਿ ਕਾਮੁ' ॥੩੯॥
ਇਸ ਬਿਧਿ ਅਪਨੋ ਆਪ ਛਪਾਇ।
ਨਹਿਂ ਕੈਸੇ ਜਗ ਮਹਿਂ ਬਿਦਤਾਇ।
ਜੋ ਨਰ ਅਤਿ ਪ੍ਰੇਮੀ ਸਿਖ ਆਹਿ।
ਕਹਿਨ ਸੁਨਨ ਸ਼੍ਰੀ ਮੁਖ ਕਰਿ ਤਾਂਹਿ[5] ॥੪੦॥
ਲੱਛਮੀ ਨਿਤਿ ਸੇਵਤਿ ਦਰਬਾਰ।
ਸਿੱਧਾਂ[6] ਪਦ ਅਰਬਿੰਦ ਜੁਹਾਰ[7]।
ਨੌ ਨਿੱਧਾਂ ਕਰ ਜੋਰਿ ਖਰੀ ਹੈਂ।
ਗੁਰ ਆਇਸੁ ਅਨੁਸਾਰ ਧਰੀ ਹੈਂ[8] ॥੪੧॥
ਅਪਰ ਜਿ ਸ਼ਕਤਾ[9] ਅਨਿਕ ਪ੍ਰਕਾਰੈ।
ਚਹੁੰਦਿਸ਼ ਗੁਰ ਕੈ ਨਿਤਿ ਪਰਵਾਰੈਂ[10]।

---

[1]ਆਪਣੇ ਤਾਈਂ ਦਾਸਾਂ ਦਾ ਦਾਸ ਵਰਣਨ ਕਰਨਾ।
[2]ਕਿ ਮੈਂ ਕੁਛ ਨਹੀਂ।
[3]ਜਾਣੀਦਾ ਹੈ।
[4]ਸੁਣਨੇ।
[5]ਭਾਵ ਉਸ ਨਾਲ ਗੱਲ ਬਾਤ ਕਰਦੇ ਹਨ।
[6]ਸਿੱਧੀਆਂ।
[7]ਨਮਸਕਾਰ ਕਰਦੀਆਂ।
[8]ਗੁਰੂ ਆਗਿਆ ਦੇ ਅਨੁਸਾਰੀ ਹੋ ਰਹੀਆਂ ਹਨ।
[9]ਤਾਕਤਾਂ।
[10]ਦੁਆਲੇ ਰਹਿੰਦੀਆਂ ਹਨ।

ਅੰਗੀਕਾਰ ਨ ਤਿਸ ਕੋ ਹੋਵੈ।
ਕਬਹੁਂ ਨਹੀਂ ਤਿਨ ਕੀ ਦਿਸ਼ ਜੋਵੈਂ ॥੪੨॥
ਅਪਨੋ ਨਹਿਂ ਪ੍ਰਤਾਪ ਕਰਿ ਸਾਕਹਿਂ[1]।
ਤੂਸ਼ਨ ਭਈ ਗੁਰੂ ਮੁਖ ਤਾਕਹਿਂ।
ਕਰਾਮਾਤ ਕੋ ਸਾਗਰ ਭਾਰੀ।
ਬੂੰਦ ਸਮਾਨ ਜਾਨ ਨਹਿਂ ਪਜਾਰੀ[2] ॥੪੩॥
ਕਬਹੁਂ ਨ ਹਿਤ ਕਰਿ ਕਿਸਹੁਂ ਦਿਖਾਈ।
ਮਨਹੁ ਸਮੀਪ ਨ, ਏਵ ਛਪਾਈ[3]।
ਅਜਰ ਜਰਨ ਸ੍ਰੀ ਅੰਗਦ ਜੈਸੇ।
ਭੂਤ ਭਵਿੱਖਜ ਨ ਅਬ ਭਾ ਤੈਸੇ ॥੪੪॥

ਦੋਹਰਾ: ਰਚਨਿ ਸੰਘਾਰਨਿ ਲੋਕ ਤ੍ਰੈ,
ਅਸ ਸ਼ਕਤੀ ਕੋ ਪਾਇ।
ਨਿਬਲ ਨਰਨ ਤੇ ਦੁਖ ਸਹੈਂ,
ਧੰਨ ਗੁਰੂ ਸੁਖਦਾਇ ॥੪੫॥

ਇਤ ਸ੍ਰੀ ਗੁਰੁ ਪ੍ਰਤਾਪ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਗੁਣ' ਬਰਨਨੰ ਨਾਮ ਬਿੰਸਤੀ ਅੰਸੂ ॥੨੦॥

---

[1]ਭਾਵ ਸ਼ਕਤੀਆਂ ਆਦਿਕ ਆਪਣਾ ਪ੍ਰਤਾਪ ਨਹੀਂ ਦੱਸ ਸਕਦੀਆਂ।
[2]ਪਿਆਰ ਨਾ ਕੀਤਾ।
[3]ਇਸ ਤਰ੍ਹਾਂ ਲੁਕਾਈ ਹੈ ਕਰਾਮਾਤ ਕਿ ਮਾਨੋਂ ਕੋਲ ਹੀ ਨਹੀਂ ਹੈ।

੨੧. [ਖਡੂਰ ਦੇ ਤਪੇ ਦਾ ਪ੍ਰਸੰਗ]

੨੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੨

ਦੋਹਰਾ: ਇਸ ਪ੍ਰਕਾਰ ਕੇਤਿਕ ਦਿਵਸ, ਬੀਤ ਗਏ ਤਿਸੁ ਥਾਨ।
ਪ੍ਰਗਟਹਿਂ ਜਗ ਮਹਿਂ ਨਹਿਂ ਅਧਿਕ ਸ਼੍ਰੀ ਅੰਗਦ ਗੁਨ ਖਾਨ ॥੧॥

ਚੌਪਈ: ਇਕ ਖਡੂਰ ਮਹਿਂ ਤਪਾ ਰਹਿਤ ਹੈ।
ਅਪਨੀ ਸਤੁਤਿ ਜੁ ਸਦਾ ਕਹਤਿ ਹੈ।
ਜੰਤ੍ਰ ਮੰਤ੍ਰ ਕਰਿਬੇ ਜਿਸ ਆਵੈ।
ਲੋਕਨ ਬਿਖੈ ਪਖੰਡ ਕਮਾਵੈ ॥੨॥
ਬਹੁਤੇ ਨਰ ਜਿਸ ਮਾਨਹਿਂ ਆਨ[1]।
ਚਰਨ ਧਰਹਿਂ ਸਿਰ, ਨਮੋ ਬਖਾਨਿ।
ਜਿਸ ਕੋ ਕਹਜੋ ਕਰਹਿ ਸਭਿ ਕੋਇ।
ਬਹੁਤ ਭਾਂਤਿ ਤਿਸ ਪੂਜਾ ਹੋਇ ॥੩॥
ਖਹਿਰੇ[2] ਜਾਟ ਖਡੂਰ ਮਝਾਰ।
ਬਸਤਿ ਹੁਤੇ ਸਹਿ ਬਡ ਪਰਵਾਰ।
ਸਰਬ ਤਪੇ ਕੀ ਆਇਸੁ ਮਾਨਹਿਂ।
ਅਨਿਕ ਉਪਾਇਨ ਦੇਵਨ ਠਾਨਹਿ ॥੪॥
ਦੁਗਧ, ਦਧੀ ਘ੍ਰਿਤ ਅਰ ਮਿਸ਼ਟਾਨਾ*।
ਪਰਬਨ ਬਿਖੈ ਲਜਾਇਂ ਧਨਧਾਨਾ[3]।
ਤਿਹ ਢਿਗ ਅਰਪਹਿਂ, ਬਿਨੈ ਬਖਾਨਹਿਂ।
ਇੱਤਜਾਦਿਕ ਪ੍ਰਿਯ ਵਸਤੂ ਆਨਹਿ ॥੫॥
ਤਿਸ ਤੇ ਡਰਹਿਂ ਗ੍ਰਾਮ ਨਰ ਸਾਰੇ।
-ਨਹਿਂ[4] ਰਿਸ ਧਾਰਿ ਕੁਬਾਕ ਉਚਾਰੇ-।
ਕਹੈ ਸੁ ਮਾਨਹਿਂ ਨਰ ਗ੍ਰਾਮੀਨ।
ਜੋ ਸੰਤਨ ਕੋ ਸਕਹਿਂ ਨ ਚੀਨ[5] ॥੬॥
ਪ੍ਰਿਯ[6] ਤਿਸ ਕੌ ਨਿਸ ਬਾਸੁਰ ਕਰਿਹੀਂ[7]।

---

[1]ਈਨ, ਮਿਰਯਾਦਾ, ਆਗਜ਼ਾ।
[2]ਜੱਟਾਂ ਦਾ ਇਕ ਗੋਤ।
*ਪਾ:-ਪਟ ਨਾਨਾ।
[3]ਪਰਬਾਂ ਦੇ ਦਿਨਾਂ ਪਰ (ਜੈਸੇ ਮੱਸਿਆ ਸੰਗਰਾਂਦ ਆਦਿ) ਮਾਲ ਦੌਲਤ ਲਿਆਉਂਦੇ ਸਨ। [ਧਨ = ਦੌਲਤ। ਧਾਨ = ਚਾਵਲ ਆਦਿ ਅੰਨ]।
[4]ਮਤਾਂ।
[5]ਨਹੀਂ ਪਛਾਣ ਸਕਦੇ (ਪਿੰਡ ਦੇ ਲੋਕੀਂ)।
[6]ਪਿਆਰ।
[7]ਭਾਵ ਗ੍ਰਾਮੀਨ ਲੋਕ।

ਦੇ ਧਨ ਧਾਨ ਸੁ ਬਿਨੈ ਉਚਰਿਹੀਂ।
ਤਹਾਂ ਬਾਸ ਗੁਰ ਅੰਗਦ ਕੇਰਾ।
ਨਹੀਂ ਮਹਾਤਮ ਲਖਹਿਂ ਘਨੇਰਾ ॥੭॥
ਕਬਹਿ ਨ ਜਾਇ ਨਿਵਾਵਹਿਂ ਸੀਸ।
ਨਹਿਂ ਮਾਨਹਿਂ -ਇਹ ਸਭਿ ਜਗ ਈਸ਼-।
ਅਪਰ ਲੋਕ ਜਿਮ* ਬਾਸਹਿਂ ਗ੍ਰਾਮ।
ਤਜੋਂ ਜਾਨਹਿਂ ਇਹ ਭੀ ਰਹਿਂ ਧਾਮ ॥੮॥
ਸਤਿਸੰਗੀ ਜਿਨ ਮਹਿਂ ਨਹਿਂ ਕੋਈ।
ਕਿਮਿ ਪ੍ਰਭਾਵ ਕੋ ਜਾਨਹਿਂ ਸੋਈ।
ਕੇਤਿਕ ਸਮਾਂ ਬਿਤੀਤਨ ਭਯੋ।
ਬਰਖਾ ਬਿਨਾ, ਸਮੈਂ ਤਬਿ ਹੁਯੋ ॥੯॥
ਮਾਸ ਭਾਦ੍ਰਪਦ ਔੜ ਲਗੀ ਅਸ[1]।
ਸਭਿਹੀ ਸ਼ੁਸ਼ਕ ਹੋ ਗਈ ਬਡ ਸਸਿ[2]।
ਪੂਰਬ ਜਹਾਂ ਪਿਖਤਿ ਹਰਿਆਈ।
ਬਿਨ ਪਾਕੇ ਫਿਰਗੀ ਜ਼ਰਦਾਈ[3] ॥੧੦॥
-ਹ੍ਵੈ ਨਹਿਂ ਅੰਨ- ਤ੍ਰਸੇ ਗ੍ਰਾਮੀਨ।
-ਹਮਰੇ ਤੌ ਜੀਵਨ ਇਹੁ ਚੀਨ।
ਬਿਨਾਂ ਅੰਨ ਤੇ ਬਹੁ ਦੁਖ ਪਾਇਂ।
ਸਕਲ ਕੁਟੰਬ ਕਹੋ ਕਜਾ ਖਾਇ ॥੧੧॥
ਤਨ ਧਨ ਤੇ ਅਰ ਪਸ਼ੂਅਨ ਸੰਗ।
ਜੋ ਹਮ ਪਾਲਨ ਕਰੀ ਅਭੰਗ[4]।
ਜੇ ਬਰਖਾ ਅਬਿ ਹੋਵਹਿ ਨਾਂਹੀ।
ਨਿਜ ਪਰਵਾਰ ਕੁਤੋ ਨਿਰਬਾਂਹੀ ॥੧੨॥
ਬਿਨ ਪਾਕੇ ਹੁਇ ਜਾਇ ਬਿਨਾਸ਼।
ਕਹਾਂ ਅੰਨ ਕੀ ਪੂਜਹਿ ਆਸ[5]।
ਹਮਰੇ ਨਿਕਟ ਦਰਬ ਕੁਛ ਨਾਂਹੀ।
ਜਿਸ ਕੋ ਖਰਚ ਮੋਲ ਲੇ ਖਾਂਹੀ- ॥੧੩॥

---

*ਪਾ:-ਜੇ, ਜਿਉਂ।
[1]ਭਾਦਰੋਂ ਮਹੀਨੇ ਵਿਚ ਸੋਕਾ ਐਸਾ ਪਿਆ।
[2]ਖੇਤੀ ਬਹੁਤ ਸੁਕ ਗਈ [ਸੰਸ: ਸ਼ਸਯ = ਖੇਤੀ]।
[3]ਪਿਲੱਤਣ।
[4]ਲਗਾਤਾਰ, ਇਕ ਰਸ।
[5]ਆਸ ਪੁੱਜੇਗੀ।

ਇੱਤਜਾਦਿਕ ਚਿੰਤਾ ਗ਼ਲਤਾਨੇ।
ਆਪਸ ਬਿਖੈ ਮਿਲੇ ਇਕ ਥਾਨੇ।
ਕਹਤਿ ਭਏ ਜੋ ਬਡੇ[1] ਕਹਾਵੈਂ।
'ਪੂਛਹੁ ਪਾਂਧਾ ਜੇ ਘਨ ਆਵੈ ॥੧੪॥
ਕਰਿ ਹੈਂ ਸਕਲ ਕਹੈ ਜੋ ਸੋਇ[2]।
ਜਿਮ ਖੇਤੀ ਹਰਿਆਵਲ ਹੋਇ।'
ਸੁਨਤਿ ਏਕ ਤੇ ਦੂਸਰ ਕਹੈ।
'ਹਮਰੋ ਗੁਰੂ ਤਪਾ ਜੋ ਅਹੈ ॥੧੫॥
-ਕਰਾਮਾਤ ਯੁਤਿ ਮੈਂ ਹੋਂ- ਭਾਖਤਿ।
ਸਭਿ ਤੇ ਵਡਾ ਤੇਜ ਜੋ ਰਾਖਤਿ।
ਸਕਲ ਗ੍ਰਾਮ ਕੋ ਹੈ ਹਿਤਕਾਰੀ।
ਜੋ ਸਮੁਦਾਇ ਬਿਘਨ ਦੈ ਟਾਰੀ ॥੧੬॥
ਹਮਰੀ ਤ੍ਰਿਯ ਲੈ ਜਾਵਹਿਂ ਬਾਲਿਕ।
ਮੰਤ੍ਰਨ ਤੇ ਦੁਖ ਦਾਰਿਦ ਟਾਲਿਕ[+]।
ਸੰਕਟ ਅਪਰ ਅਨੇਕ ਨਿਵਾਰਹਿ।
ਸ਼ਕਤਿਵੰਤ ਹੈ ਸੁਖ ਦਾਤਾਰਹਿ[3] ॥੧੭॥
ਤਿਸ ਢਿਗ ਮਿਲਿ ਕਰਿ ਚਲਿਹੌ ਸਾਰੇ।
ਕਛੁ ਮਿਸ਼ਟਾਨ[4] ਲਿ ਧਰਹੁ ਅਗਾਰੇ।
ਕਰਹਿਂ ਬੇਨਤੀ ਪਰਿ ਕੈ ਪਾਇ[5]।
ਤਿਸ ਤੇ ਜਾਚਹੁ ਬਰਖਾ ਆਇ' ॥੧੮॥
ਅਸ ਮਸਲਤ ਕਰਿ ਬ੍ਰਿਧ ਸਭਿ ਲੀਨੇ।
ਗਏ ਤਪੇ ਢਿਗ ਚਿੰਤਾ ਕੀਨੇ।
ਗਾਦੀ ਕੋ ਲਗਾਇ ਸੋ ਬੈਸਾ।
ਸਮਦ ਦੰਭ ਧਰਿ ਮੂਰਤਿ ਜੈਸਾ[6] ॥੧੯॥
ਧਰਜੋ ਅਗਾਰੀ ਕਰਿ ਮਿਸ਼ਟਾਨ।
ਨਮੋ ਸਭਿਨਿ ਕਰਿ ਬੰਦੇ ਪਾਨ।

---

[1](ਪਿੰਡ ਦੇ) ਵੱਡੇ।
[2]ਉਹ (ਪਾਂਧਾ)।
[+]ਪਾ:-ਦੁਖ ਹਾ ਤਤਕਾਲਕ।
[3]ਸੁਖ ਦੇਣ ਵਾਲਾ।
[4]ਮਿੱਠਾ।
[5]ਚਰਨੀ ਪੈਕੇ।
[6](ਐਉਂ ਬੈਠਾ ਹੈ ਜਿਵੇਂ) ਹੰਕਾਰ ਨਾਲ ਦੰਭ ਮੂਰਤ ਧਾਰ ਕੇ ਬੈਠਾ ਹੈ।

ਬ੍ਰਿੱਧਨ ਤਿਸ ਕੋ ਜਸ ਬਹੁ ਭਾਖਾ।
'ਤੁਮ ਪੂਰਹੁ ਬਹੁਤਨਿ ਅਭਿਲਾਖਾ ॥੨੦॥
ਅਜ਼ਮਤਿਵਾਨ[1] ਮਹਾਨ ਪਛਾਨੇ।
ਬਹੁ ਆਵਤਿ ਤੁਮ ਢਿਗ ਦੁਖ ਹਾਨੇ।
ਯਾਂ ਤੇ ਰਾਵਰਿ ਕੀ ਬਹੁ ਕੀਰਤਿ।
ਹੈ ਸਮੁਦਾਇ ਗ੍ਰਾਮ ਬਿਸਤੀਰਤਿ[2] ॥੨੧॥
ਸਭਿ ਚਲਿ ਆਏ ਸ਼ਰਣ ਤੁਮਾਰੀ।
ਅਬਹਿ ਕਾਮਨਾ ਪੁਰਵ[3] ਹਮਾਰੀ।'
ਸੁਨਿ ਕਰਿ ਤਪਾ ਹਰਖਿ ਕੈ ਗਰਬਾ।
'ਮਮ ਅਨੁਸਾਰਿ ਸਦਾ ਰਹਿਂ ਸਰਬਾ ॥੨੨॥
ਪਿਖਹੁਂ ਤੁਮਾਰੀ ਭਗਤਿ ਬਿਸਾਲਾ।
ਕਰਹੁ ਕਾਮਨਾ ਦਿਹੁਂ ਦਰਹਾਲਾ[4]।
ਤੁਮ ਮੇਰੇ ਹੋ ਸੇਵਕ ਸਾਰੇ।
ਪੂਜਹੁ ਚਰਨ ਦੇਹਿਂ* ਦੁਖ ਟਾਰੇ' ॥੨੩॥
ਸੁਨਿ ਕੈ ਰਾਹਕ[5] ਬਿਨੈ ਬਖਾਨੀ।
'ਸੁਨੋ ਤਪਾ ਜੀ! ਦੁਰਲਭ ਪਾਨੀ।
ਪ੍ਰਥਮ ਭਈ ਬਰਖਾ ਬਹੁ ਧਰਾ[6]।
ਬੀਜੇ ਖੇਤ ਉਗੇ ਰੰਗ ਹਰਾ ॥੨੪॥
ਬ੍ਰਿਧੀ ਅਰੋਗ ਬਡੀ ਜਬਿ ਹੋਈ।
ਹਟੇ ਮੇਘ, ਨਭ ਆਇ ਨ ਕੋਈ।
ਬੀਤਯੋ ਕਿਤਿਕ ਕਾਲ ਬਿਨ ਪਾਨੀ।
ਹਰੀ ਹੁਤੀ ਸਕਲੀ ਕੁਮਲਾਨੀ ॥੨੫॥
ਵਹਿਰ ਅੰਨ ਜੇ ਹੋਯਹੁ ਨਾਂਹੀ।
ਸ਼ੰਕਾ ਹਮਰੇ ਜੀਵਨਿ ਮਾਂਹੀ[7]।
ਯਾਂ ਤੇ ਕਰੁਨਾ ਕਰਹੁ ਮਹਾਨੀ।

---

[1]ਕਰਾਮਾਤ ਵਾਲੇ।
[2]ਫੈਲੀ ਹੋਈ।
[3]ਪੂਰੋ।
[4]ਛੇਤੀ ਕਾਮਨਾਂ ਪੂਰੀ ਕਰਾਂਗਾ। (ਅ) (ਜੋ ਤੁਸੀਂ) ਕਾਮਨਾ ਕਰਦੇ ਹੋ (ਮੈਂ) ਝੱਟ ਦੇ ਦਿੰਦਾ ਹਾਂ।
*ਪਾ:-ਹੋਹਿਂ।
[5]ਜ਼ਿਮੀਦਾਰਾਂ ਨੇ।
[6]ਧਰਤੀ ਤੇ।
[7]ਭਾਵ ਕੀਕੂੰ ਜੀਵਾਂਗੇ।

ਜਿਸ ਤੇ ਘਨ ਹੁਇ, ਮੋਚਹਿਂ ਪਾਨੀ[1]' ॥੨੬॥
ਸੁਨਤਿ ਤਪੇ ਨੇ ਬਾਤ ਬਿਚਾਰੀ।
ਹੁਤੋ ਗੁਰੂ ਸੋਂ ਮਤਸਰਿ ਭਾਰੀ[2]।
ਆਇਂ ਵਹਿਰ ਤੇ ਸਿੱਖ ਘਨੇਰੇ।
ਰਹਤਿ ਨਿਕਟ ਪੁਨ ਗਮਨੈਂ ਡੇਰੇ[3] ॥੨੭॥
ਤਿਨ ਕੋ ਦੇਖਿ ਦੁਖਤਿ ਮਨ ਮਾਂਹੀ।
ਗੁਰਤਾ ਗੁਰਨ ਸਹਿ ਸਕਹਿ ਨਾਂਹੀ[4+]।
ਮਹਾਂ ਤਪਹਿ[5] ਚਿਤ ਚਿੰਤਾ ਧਰਿਤਾ।
ਨਿਸ ਦਿਨ ਮਹਾਂ ਅਸੂਯਾ[6] ਕਰਿਤਾ ॥੨੮॥
-ਖਹਿਰੇ ਸੇਵਕ ਹੈਂ ਮਿਤ ਮੇਰੇ।
ਨਹਿਂ ਭਰਮਾਇ ਜਾਇਂ ਤਿਸ ਡੇਰੇ[7]-।
ਯਾਂ ਤੇ ਡਰਤਿ ਰਹਤਿ ਉਰ ਮਾਂਹਿ।
ਨਿਸਿ ਬਾਸੁਰ ਬਹੁ ਨਿੰਦ ਕਰਾਹਿ ॥੨੯॥
ਗੁਰੁ ਕੀਰਤਿ ਰਾਂਕਾ ਸੁ[8] ਪ੍ਰਕਾਸ਼ੀ।
ਸੋ[9] ਤਸਕਰ ਦੁਰਮਤੀ ਦੁਰਾਸੀ[10]।
ਚਹਤਿ ਛਾਦਿਬੇ ਮੂਰਖ ਮਾਨੀ।
ਲਖਿ ਉਪਾਇ ਕੋ ਬੋਲਜੋ ਬਾਨੀ ॥੩੦॥
'ਭੋ ਖਹਿਰਜੋ![11] ਤੁਮ ਜਾਨਹੁ ਕਾਰਨ।
ਜਿਸ ਤੇ ਬਰਖਾ ਹੋਤਿ ਨ ਬਾਰਨ[12*]।
ਖੱਤ੍ਰੀ ਗ੍ਰਾਮ ਤੁਮਾਰੇ ਅਹੈ।
ਸੋ ਅਪਰਾਧ ਕਰਤਿ ਹੀ ਰਹੈ ॥੩੧॥

---

[1]ਛੱਡੇ ਪਾਣੀ ਨੂੰ ਭਾਵ ਮੀਂਹ ਪਵੇ।
[2]ਗੁਰੂ ਜੀ ਨਾਲ ਈਰਖਾ ਭਾਰੀ (ਰਖਦਾ) ਸੀ।
[3]ਘਰਾਂ ਨੂੰ।
[4]ਗੁਰੂ ਜੀ ਦੀ ਗੁਰਿਆਈ ਸਹਿ ਨਹੀਂ ਸਕਦਾ।
[+]ਗੁਰਤਾ ਗੁਰ ਸਹਿ ਸਕਹਿ ਸੁਨਾਹੀਂ।
[5]ਸੜਦਾ।
[6]ਈਰਖਾ।
[7]ਮਤਾਂ ਭਰਮ ਕੇ ਉਸ ਦੇ ਡੇਰੇ ਚਲੇ ਜਾਣ।
[8]ਪੂਰਨਮਾਸ਼ੀ ਦੇ ਚੰਦਰਮਾਂ ਦੀ ਚਾਨਣੀ ਵਤ।
[9]ਸੋ ਭਾਵ ਤਪਾ।
[10]ਚੋਰ, ਖੋਟੀ ਨੀਯਤ ਵਾਲਾ [ਸੰ: ਦੁਰਾਸ਼ਯ] (ਅ) ਝੂਠੀ ਆਸ ਵਾਲਾ। [ਸੰਸ: ਦੁਰਾਸ਼ਾ]।
[11]ਓ! ਖਹਿਰਓ!
[12]ਬੱਦਲਾਂ ਤੋਂ। (ਅ) ਵੱਸਦੀ।
[*]ਪਾ:-ਜਿਸਤੇ ਅਭਿ ਭੀ ਬਰਖਾ ਬਾਰ ਨਾ।

ਪੂਰਬ ਨਾਮ ਅਹੈ ਜਿਸ ਲਹਿਣਾ।
ਅਬਿ ਅੰਗਦ ਹੀ ਤਿਸ ਕੋ ਕਹਿਣਾ।
ਨਾਮ ਆਨ ਅਪਨੋ ਧਰਵਾਯੋ।
ਕਿਤ ਕਿਤ ਤੇ ਨਰ ਹ੍ਵੈ ਸਮੁਦਾਯੋ ॥੩੨॥
ਟੇਕਹਿਂ ਮਸਤਕ ਹੋਤਿ ਅਨੀਤੀ।
ਨਹੀਂ ਸਾਧ, ਪੁਨ ਗ੍ਰਿਹਸਤੀ ਰੀਤੀ।
ਕਰਹਿ ਪੁਜਾਵਨਿ ਲੋਕਨ ਪਾਸ।
ਬੈਠਹਿ ਗੁਰਤਾ[1] ਧਰਹਿ ਪ੍ਰਕਾਸ਼ ॥੩੩॥
ਜੇ ਅਸ ਪਦਵੀ ਚਾਹਤਿ ਸੋਇ।
ਪਟ ਕਖਾਯ[2] ਸਾਧੂ ਸਮ ਹੋਇ।
ਨਿਜ ਕੁਟੰਬ ਤੇ ਹੋਇ ਨਿਰਾਲਾ।
ਲੇ ਅਲੰਬ ਕਿਹਿ ਪੰਥ[3] ਬਿਸਾਲਾ ॥੩੪॥
ਕਰਹਿ ਪੁਜਾਵਨ ਪੁਨ ਸਭਿ ਮਾਂਹਿ।
ਤਉ ਬਿਪਰੀਤਿ ਨਹੀਂ ਹੁਇ ਤਾਂਹਿ।
ਪੁੱਤ੍ਰ ਭਾਰਜਾ ਮਹਿਂ ਇਹ ਰਹੇ।
ਕਥੰ[4] ਪੁਜਾਵਨ ਨਰ ਤੇ ਲਹੈ ॥੩੫॥
ਤੁਮ ਭੀ ਰਿਦੇ ਬਿਚਾਰੋ ਬਾਤਿ।
ਹੋਤਿ ਕਿ ਨਹੀਂ ਏਹੁ ਉਤਪਾਤਿ[5]।
ਤੁਮ ਤੋ ਨਹੀਂ ਮਾਨਤੇ ਤਾਂਹਿ।
ਇਹ ਨੀਕੇ ਮੈਂ ਜਾਨਤਿ ਆਹਿ ॥੩੬॥
ਤਊ ਪਿਖਹੁ ਤੁਮ ਤਿਸ ਕੇ[+] ਬਾਸਿ[6]।
ਭਯੋ ਕਸ਼ਟ ਸਭਿ ਕੋ ਸੁ ਪ੍ਰਕਾਸ਼[7]।
ਅਬਿ ਉਪਚਾਰ ਕਰਹੁ ਤਿਸ ਕੇਰਾ।
ਤਬਹੂੰ ਬਰਖੈ ਮੇਘ ਬਡੇਰਾ ॥੩੭॥
ਸਭਿ ਮਿਲ ਜਾਵਹੁ ਅਬਿ ਉਸ ਪਾਸਿ।

---

[1]ਭਾਵ ਗੁਰਿਆਈ ਦੀ ਗੱਦੀ ਤੇ।
[2]ਕੱਪੜੇ ਭਗਵੇ (ਪਹਿਨ ਕੇ)।
[3]ਕਿਸੇ ਭੇਖ ਦਾ।
[4]ਕਿਉਂ।
[5]ਉਪੱਦ੍ਰਵ।
[+]ਪਾ:-ਤੇ।
[6]ਵੱਸਣੇ ਕਰਕੇ।
[7]ਪ੍ਰਗਟ।

ਅਪਨ ਗ੍ਰਾਮ ਤੇ ਦੇਹੁ ਨਿਕਾਸ।
ਜਬਿ ਸੋ ਗ੍ਰਾਮ ਨਿਕਸਿ ਕੈ ਜਾਇ।
ਬਹੁਰੋ ਤੁਮਾਰੋ ਹ੍ਵੈ ਮਨ ਭਾਇ ॥੩੮॥
ਅਪਰ ਗ੍ਰਾਮ ਕਿਸ ਜਾਇ ਬਸੈ ਹੈ।
ਫੇਰ ਤੁਮਹਿਂ ਨਹਿਂ ਸੰਕਟ ਪੈਹੈ।'
ਇਮਿ ਸੁਨਿ ਕੈ ਸਭਿ ਨੇ ਮਨ ਮਾਨੀ।
'ਕਹਹੁ ਤਪਾ ਜੀ! ਤੁਮ ਸਚੁ ਬਾਨੀ ॥੩੯॥
ਗ੍ਰਿਹਸਤੀ ਹੋਇ ਪੁਜਾਵਨ ਕਰਿਹੀ।
ਆਵਹਿਂ ਅਨਿਕ ਵਹਿਰ ਕੇ ਨਰ ਹੀ।
ਹਮ ਤੋ ਤਿਸ ਕੋ ਮਾਨੈਂ ਨਾਂਹੀ।
ਜਾਇ ਸਮੀਪ ਤਾਂਹਿ ਨਿਕਸਾਹੀਂ[1]' ॥੪੦॥
ਇਮਿ ਕਹਿ ਗਮਨੇ ਖਹਿਰੇ ਸਾਰੇ।
ਹਰਖਜੋ ਤਪਾ ਸੁ ਰਿਦੈ ਮਝਾਰੇ।
ਅਪਨ ਕਾਮਨਾ ਪੂਰਨ ਜੋਈ[2]।
ਇਮਿ ਨਹਿਂ ਲਖਹਿ ਨਿਕਟ ਮ੍ਰਿਤੁ ਹੋਈ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਅਰੁ ਤਪੇ ਕੋ' ਪ੍ਰਸੰਗ ਬਰਨਨੰ ਨਾਮ ਏਕਬਿੰਸਤੀ ਅੰਸੂ ॥੨੧॥

---

[1]ਉਸ ਨੂੰ ਕੱਢ ਦੇਂਦੇ ਹਾਂ।
[2]ਇੱਛਾ ਪੂਰੀ ਹੁੰਦੀ ਦੇਖੀ।

੨੨. [ਤਪੇ ਦਾ ਪ੍ਰਸੰਗ-ਜਾਰੀ।]

੨੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੩

ਦੋਹਰਾ: ਮੂਰਖ ਖਹਿਰੇ ਕ੍ਰਿਖੀਕਰਿ[1], ਮਨ ਮਹਿਂ ਨਿਸ਼ਚੈ ਠਾਨਿ।
ਨਿੰਦਕ ਅਘੀ ਦੁਰਾਤਮਾ[2], ਦੁਸ਼ਟ ਬਾਕ[3] ਕੋ ਮਾਨਿ ॥੧॥

ਚੌਪਈ: ਅਨਹਿਤ ਕੋ ਬਚ[*] ਹਿਤ ਕਰਿ ਮਾਨਾ[4]।
ਗੁਰੂ ਮਹਾਤਮ ਤੇ ਅਨਜਾਨਾ।
ਮਹਾਂ ਮੰਦ ਮਤਿ ਨੌ ਦਸ ਮਿਲੇ।
ਸ਼੍ਰੀ ਸਤਿਗੁਰ ਕੇ ਘਰ ਕੋ ਚਲੇ ॥੨॥
ਇਮਿ ਤਰਕਨ ਹਿਤ ਗੁਰੁ ਢਿਗ ਗਏ।
ਗਿਰਾ ਕਠੋਰੀ[5] ਭਾਖਤਿ ਭਏ।
'ਇਹਾਂ ਬਸਨ ਨਹਿਂ ਨੀਕ ਤੁਮਾਰੋ।
ਜਹਿਂ ਇੱਛਹੁ ਥਲ ਆਨ ਪਧਾਰੋ ॥੩॥
ਬਰਖਾ ਹਟੀ ਬਿਘਨ ਕ੍ਰਿਖਿ[6] ਭਾਰੀ।
ਅਖਿਲ ਗ੍ਰਾਮ ਕੋ ਸੰਕਟ[7] ਧਾਰੀ।
ਸਭਿਹਿਨਿ ਕੋ ਅਤਿ ਚਿੰਤਾ ਹੇਤ[8]।
ਅਹੈ ਤੁਮਾਰੋ ਏਕ ਨਿਕੇਤ ॥੪॥
ਏਕ ਗ੍ਰਾਮ ਹਿਤ ਦੇਸ਼ ਦੁਖਾਵੈ[9+]।
ਤਉ ਤਿਹ ਤਜਾਗਨ ਹੀ ਬਨਿ ਆਵੈ।
ਇਕ ਕੁਲ ਹੇਤ ਗ੍ਰਾਮ ਦੁਖ ਪਾਇ।
ਤੌ ਤਿਸ ਕੁਲ ਕੋ ਤਜਾਗ ਕਰਾਇ ॥੫॥
ਇਕ ਕੇ ਤਜਾਗੇ ਕੁਲ ਬਚ ਰਹੈ।
ਕਰਹਿ ਤਜਨਿ ਯੌਂ ਬੁਧਿ ਜਨ ਕਹੈਂ।
ਯਾਂ ਤੇ ਤੁਮ ਘਰ ਤਜਾਗਨ ਕਰੇ[10]।

---

[1]ਖੇਤੀ ਦੇ ਕਰਨ ਵਾਲੇ।
[2]ਮੰਦ ਆਤਮਾ ਵਾਲੇ।
[3]ਦੁਸ਼ਟ (ਤਪੇ) ਦੇ ਵਾਕ ਨੂੰ।
[*]ਪਾ:-ਬਹੁ।
[4]ਵੈਰ ਦੇ ਬਚਨ ਨੂੰ ਹਿਤ ਦਾ ਬਚਨ ਮੰਨ ਲਿਓ ਨੇ।
[5]ਕੌੜੇ ਬਚਨ।
[6]ਖੇਤੀ।
[7]ਦੁੱਖ।
[8]ਚਿੰਤਾ ਦਾ ਕਾਰਨ।
[9]ਦੁਖ ਪਾਵੇ।
[+]ਪਾ:-ਦੁਖ ਪਾਵੈ।
[10]ਛੱਡਿਆਂ।

ਸਗਰੋ ਗ੍ਰਾਮ ਚਿੰਤ ਕੋ ਹਰੇ ॥੬॥
ਇਮਿ ਮਨ ਜਾਨਹੁ ਨਿਕਸਿ ਸਿਧਾਰੋ।
ਨਹੀਂ ਘਟੀ[1] ਅਬਿ ਰਹਨਿ ਤੁਮਾਰੋ।
ਕਰਹੁ ਉਤਾਇਲ ਵਸਤੁ ਸਮ੍ਹਾਰੋ।
ਰਹੈ ਸ਼ੇਖ਼ ਧਰਿ ਜਾਹੁ ਅਗਾਰੋ[2] ॥੭॥
ਪੁਨ ਅਪਨੀ ਲੇ ਗਮਨਹੁ ਸਾਰੀ।
ਚਲੇ ਜਾਹੁ ਨਹਿਂ ਕਰਹੁ ਅਵਾਰੀ[3]।
ਗ੍ਰਾਮਾਧੀਸ ਗ੍ਰਾਮ ਨਰ ਸਾਰਨ[4]।
ਮਤੋ ਏਕ ਹੈ ਵਹਿਰ ਨਿਕਾਰਨਿ ॥੮॥
ਕੋਇ ਨ ਪੱਖਜ ਤੁਮਾਰੋ ਕਰਿਹੀ।
ਜਿਸ ਤੇ ਰਹਹੁ ਧੀਰ ਉਰ ਧਰਿਹੀ।
ਬਡ ਬੁਧਿਵੰਤ ਤਪਾ ਜੀ ਕਹਜੋ।
-ਤਿਸ ਕੋ ਬਸੇ ਤੁਮਨ ਦੁਖ ਸਹਜੋ[5]- ॥੯॥
ਕਰੀ ਗ੍ਰਾਮ ਪਰ ਕ੍ਰਿਪਾ ਬਡੇਰਿ।
ਜਤਨ ਬਤਾਯੋ ਬਰਖਾ ਕੇਰਿ।
ਨਈ ਰੀਤਿ ਤੁਮ ਨੇ ਇਹੁ ਧਰੀ।
ਨਹਿਂ ਗ੍ਰਹਸਤੀ, ਨ ਫਕੀਰੀ ਕਰੀ ॥੧੦॥
ਇਸੀ ਦੋਸ਼ ਤੇ ਘਨ ਨਹਿਂ ਆਵੈ।
ਕ੍ਰਿਖੀ ਸ਼ੁਸ਼ਕ, ਨੀਰ ਨੇ ਬਾਰਖਾਵੈ।
ਪੰਚਾਇਤ ਪਤਿ ਹੈ ਇਸ ਗ੍ਰਾਮ।
ਸੋ ਸਭਿ ਕਹਿਂ, ਨਿਕਸਹੁ ਤਜਿ ਧਾਮ' ॥੧੧॥
ਸੁਨਿ ਕੈ ਸ਼੍ਰੀ ਗੁਰ ਅੰਗਦ ਕਹਜੋ।
'ਬਾਸ ਹਮਾਰ ਕਾਲ ਚਿਰ[6] ਰਹਜੋ।
ਨਿਤਿ ਬਰਖਾ ਬਰਖਤਿ ਕ੍ਰਿਖਿ ਹੋਈ।
ਹਮਰੋ ਦੋਸ਼ ਕਹੈ ਕਿਮਿ ਕੋਈ? ॥੧੨॥
ਪੁਰਸ਼ਨ ਕੇ ਕਰਮਨ ਅਨੁਸਾਰ।
ਸੁਖ ਦੁਖ ਉਪਜਤਿ ਬਾਰੰਬਾਰ।

---

[1]ਘੜੀ ਤਕ।
[2]ਬਾਕੀ ਵਸਤਾਂ (ਕਿਸੇ) ਘਰ ਧਰ ਜਾਓ।
[3]ਦੇਰੀ।
[4]ਗ੍ਰਾਮ ਪਤੀ, ਨੰਬਰਦਾਰਾਂ ਦਾ ਤੇ ਪਿੰਡ ਦੇ ਲੋਕਾਂ ਸਾਰਿਆਂ ਦਾ।
[5]ਭਾਵ ਗੁਰੂ ਅੰਗਦ ਦੇ ਏਥੇ ਵਸਣ ਨਾਲ ਤੁਸਾਂ ਦੁਖ ਪਾਇਆ ਹੈ।
[6]ਚਿਰ ਕਾਲ ਦਾ।

ਕਬਹੂੰ ਸੁਖੀ ਕਬਹਿਂ ਦੁਖ ਪਾਵੈ।
ਜਿਮਿ ਨਿਸ ਦਿਨ ਆਵਤਿ ਪੁਨ ਜਾਵੈਂ ॥੧੩॥
ਰਾਉ ਰੰਕ ਕੇ ਏਕ ਸਮਾਨ।
ਉਪਜਤਿ ਹੈ ਅਵੱਸ਼ਜ ਨਹਿਂ ਹਾਨ[1]।
ਸੁਖ ਹੋਏ ਹਰਿਖਾਇ ਹਂਕਾਰਤਿ।
ਅਧਿਕ ਅਹੰਤਾ ਅਪਨੀ ਧਾਰਤਿ ॥੧੪॥
ਦੁਖ ਕੋ ਪਾਇ ਦੀਨ ਹੁਇ ਜਾਹਿਂ।
-ਦਿਯੋ ਪ੍ਰਭੂ ਨੇ- ਕਹਿ ਬਿਲਲਾਹਿਂ[2]।
ਈਸ਼ੁਰ ਬਿਖੈ ਅਰੋਪਹਿਂ[3] ਦੋਸ਼।
ਨਿਜ ਕਰਮਨ ਗਤਿ ਕੀ ਨਹਿਂ ਹੋਸ਼ ॥੧੫॥
ਪ੍ਰਾਨੀ ਕਰਮ ਕਰਤਿ ਨਿਜ ਜਥਾ।
ਫਲ ਦੇ ਪ੍ਰਭੂ ਦੇਖਿ ਕਰਿ ਤਥਾ।
ਸੁਖ ਦੁਖ ਜਗਤ ਨਾਥ ਕੇ ਹਾਥਾ।
ਸੁਮਤਿ ਲਖਹਿਂ[4] ਦੋਸ਼ਨ ਨਿਜ ਸਾਥਾ[5] ॥੧੬॥
ਦੋਇਨ ਮਹਿਂ ਪ੍ਰਭੁ ਕੋ ਸਿਮਰੰਤੇ।
ਜਾਨਹਿਂ ਕਰਮਨਿ[6] ਫਲ ਉਪਜੰਤੇ।
ਤਿਸ ਕੋ ਪੁਰਖਨ ਮਹਿਂ ਕਹਿਂ ਧੀਰਾ[7]।
ਪਰਮੇਸ਼ੁਰ ਕੋ ਲਖਹਿਂ ਗਹੀਰਾ' ॥੧੭॥
ਸੁਨਿ ਕੈ ਗੁਰ ਕੇ ਬਚ ਸੁਖਸਾਰ।
ਪੁਨਹਿ ਭਨੀ ਪਰੁਖਾ[8*] ਕ੍ਰਿਖਿਕਾਰ[9]।
'ਕੋ ਕਬਿ ਸੁਨੈ ਨ ਗਜਾਨ ਤੁਮਾਰੋ।
ਮਤ[10] ਸਭਿ ਕੋ -ਤੁਮ ਨਿਕਸਿ ਸਿਧਾਰੋ- ॥੧੮॥

---

[1]ਭਾਵ ਦੁਖ ਸੁਖ ਅਵੱਸ਼ੋਂ ਉਪਜਦਾ ਹੈ ਮਿਟਦਾ ਨਹੀਂ।
[2]ਕਹਿਕੇ ਰੋਂਦੇ ਹਨ।
[3]ਥੱਪਦੇ ਹਨ।
[4]ਸਿਆਣੇ ਸਮਝਦੇ ਹਨ।
[5]ਆਪਣੇ ਦੋਸ਼ ਕਰਕੇ (ਮੈਨੂੰ ਦੁਖ ਪ੍ਰਾਪਤ ਹੋਇਆ ਹੈ)।
[6]ਕਰਮ ਹੀ।
[7]ਬੁੱਧੀਵਾਨ, ਧੀਰਜਵਾਨ
[ਸੰਸ: ਧੀਰ:]।
[8]ਕਠੋਰ (ਬਾਣੀ)।
[*]ਪਾ:-ਪਰਖਾ।
[9]ਖੇਤੀ ਕਰਨ ਵਾਲੇ (ਜ਼ਿਮੀਦਾਰਾਂ) ਨੇ।
[10]ਸਲਾਹ।

ਨਾਂਹਿ ਤ ਗਹਿ ਕੈ ਬਾਂਹ ਤੁਮਾਰੀ।
ਤੂਰਨ ਬਲ ਕਰਿ ਦੇਹਿਂ ਨਿਕਾਰੀ।
ਤਪੇ ਬਖਾਨਜੋ, ਹਟਹਿਂ ਸੁ ਨਾਂਹੀ।
ਬਾਤੈਂ ਆਨ ਬਨਾਵਹੁ ਕਾਹੀ[1]' ॥੧੯॥
ਸ਼੍ਰੀ ਅੰਗਦ ਸੁਨਿ ਬਹੁ ਬਿਕਸਾਨੇ।
ਬੁੱਢੇ ਸੋਂ ਅਸ ਬਾਕ ਬਖਾਨੇ।
'ਉਠਵਾਵਹੁ ਪਰਯੰਕ ਹਮਾਰੋ।
ਹਮ ਕੋ ਇਨ ਕੋ ਹੋਤਿ ਬਿਗਾਰੋ ॥੨੦॥
ਜੰਗਲ ਮੈਂ ਇਕ ਡੀਹ[2] ਪੁਰਾਨੀ।
ਖਾਨ ਰਜਾਦਾ ਨਾਮ ਬਖਾਨੀ।
ਚਲਹੁ ਤਹਾਂ ਹਮ ਰਹਹਿਂ ਇਕੰਤ।
ਸ਼ੁਭਤਿ ਇਕੰਤਹਿ ਸੰਤ ਮਹੰਤ' ॥੨੧॥
ਸੁਨਿ ਕੈ ਸਭਿ ਸਿੱਖਨ ਮਨ ਜਾਨਾ।
-ਤਪੇ ਅਸੂਯਕ[3] ਦੁਸ਼ਟ ਬਖਾਨਾ।
ਰਾਹਕ ਮੂਰਕ ਲਖਹਿਂ ਨ ਕੈਸੇ।
ਅਘੀ[4] ਈਰਖਾ ਠਾਨਹਿ ਜੈਸੇ ॥੨੨॥
ਅਪਰ ਉਪਾਵ ਬਨਤਿ ਕੁਛ ਨਾਂਹੀ।
ਨਿਕਸਹਿਂ ਚਲਹਿਂ ਆਨ ਥਲ ਮਾਂਹੀ।
ਕਰਹਿਂ ਦੇਰ ਬਿਗਰਹਿਂ ਮਤਿਮੰਦੇ।
ਮਹਾਂ ਮੂਢ ਮਿਲ ਜੈ ਹਹਿਂ ਬ੍ਰਿੰਦੇ- ॥੨੩॥
ਲਖਿ ਅਜਤਨ[5] ਨਿਕਸਨ ਹੀ ਚਹਾ।
ਚਲੇ ਵਹਿਰ ਕੋ ਸੋ ਥਲ ਜਹਾਂ।
ਕ੍ਰਿਖਿਕਾਰਨ ਸੋਂ ਨਿਕਸਤਿ ਕਹਜੋ।
'ਹਮਰੇ ਬਾਸ ਜਿ ਤੁਮ ਦੁਖ ਲਹਜੋ ॥੨੪॥
ਤੌ ਹਮ ਜਾਇ ਅਪਰ ਥਲ ਰਹੈਂ।
ਗ੍ਰਾਮ ਦੁਖੀ ਕਜੋਂ ਕਰਿਬੇ ਚਹੈਂ।'
ਜਿਤਿਕ ਸਿੱਖ ਸੇ ਸੰਗ ਸਿਧਾਰੇ।
ਚਲੇ ਪਿਛਾਰੀ, ਗੁਰੂ ਅਗਾਰੇ ॥੨੫॥

---

[1]ਕਿਉਂ।
[2]ਥੇਹ, ਝਿੜੀ।
[3]ਈਰਖਾ ਕਰਨ ਵਾਲੇ।
[4](ਤਪਾ) ਪਾਪੀ!
[5](ਗੱਲ ਨੂੰ) ਜਤਨ ਨਾਲ ਨਾ ਸਿੱਧ ਹੋਣ ਵਾਲੀ ਜਾਣਕੇ।

ਚੌਦਹਿਂ ਲੋਕਨ ਥਾਪਿ ਉਥਾਪੇ[1]।
ਤਊ ਛਿਮਾਨਿਧਿ ਪਰਮ ਅਮਾਪੇ[2]।
ਗਮਨਤਿ ਪਹੁਂਚੇ ਕੇਤਿਕ ਦੂਰੇ।
ਕਰਜੋ ਜਾਇ ਡੇਰਾ ਗੁਰ ਪੂਰੇ ॥੨੬॥
ਸਿੱਖਜ ਸਮੀਪ ਬੈਠਿਗੇ ਤਹਾਂ।
ਇਕ ਰਸ ਰਿਦਾ ਸ਼ਾਂਤਿ ਨਿਤ ਮਹਾਂ।
ਜਹਾਂ ਜਾਇ ਬੈਠੇ ਤਹਿਂ ਜੰਗਲ।
ਸਤਿਗੁਰ ਪਗ ਤੇ ਭਾ ਥਲ ਮੰਗਲ ॥੨੭॥
ਸਭਿ ਮੰਗਲ ਕੇ ਗੁਰੂ ਇਸਥਾਨ[3]।
ਕਜੋਂ ਨ ਹੋਹਿ ਤਹਿਂ* ਜਹਿਂ ਭਗਵਾਨ।
ਕਰਹਿਂ ਕੀਰਤਨ ਸੁਨੈਂ ਅਨੇਕ।
ਸੋਭਹਿਂ ਬੀਚ ਸਮੁੰਦ੍ਰ ਬਿਬੇਕ[4] ॥੨੮॥
ਤਬਿ ਸ਼੍ਰੀ ਬੁੱਢੇ ਬਾਕ ਬਖਾਨਾ।
'ਆਪ ਪਰਮ ਹੋ ਛਿਮਾ ਨਿਧਾਨਾ।
ਦ੍ਰੋਹਿ ਅਕਾਰਨ ਤਪਾ ਸੰਤਾਪੀ[5]।
ਨਿੰਦਾ ਕਰਤਿ ਅਸੂਯਕ ਪਾਪੀ ॥੨੯॥
ਇਹ ਰਾਹਕ ਮੂਰਖ ਮਤਿ ਹੀਨੇ।
ਰਿਦੇ ਬਿਚਾਰ ਜਿਨਹੁ ਨਹਿਂ ਕੀਨੇ।
ਆਨਿ ਆਪ ਕੋ ਕਿਯ ਅਪਮਾਨਾ।
ਸਭਿ ਸਿਰਮੌਰ ਉਚਿਤ ਸਨਮਾਨਾ[6] ॥੩੦॥
ਤੁਮਰੀ ਕਰੀ ਅਵੱਗਜਾ ਜੋਇ।
ਤਪਾ ਪਾਇ ਫਲ ਅਤਿ ਦੁਖਿ ਹੋਇ।
ਬਿਨ ਕਾਰਨ ਹੀ ਦ੍ਵੈਸ਼ ਕਮਾਵਹਿ+।
ਹਸਹਿ ਨਿਕਾਸਿ, ਕਹਾਂ ਸੁਖ ਪਾਵਹਿ ॥੩੧॥
ਅਜਰ ਜਰਨ ਧੀਰਜ ਤੁਮ ਮਾਂਹੀ।

---

[1]ਚੌਦਾਂ ਲੋਕਾਂ ਦੇ ਕਰਤਾ ਹਰਤਾ।
[2]ਮਾਪਣੇ ਤੋਂ ਰਹਤ।
[3]ਸਾਰੇ ਮੰਗਲਾਂ ਦਾ ਅਸਥਾਨ ਗੁਰੂ ਆਪ ਹਨ।
*ਪਾ:-ਕਜੋਂ ਨ ਹੋ ਚਿਤਹਿਂ।
[4]ਭਾਵ ਗੁਰੂ ਜੀ।
[5]ਬਿਨਾ ਕਾਰਨ ਤੋਂ ਤਪਾ ਦੁਖਦਾਈ।
[6]ਸਭ ਦੇ ਵੱਡੇ ਤੇ ਆਦਰ ਯੋਗ ਹੋ।
+ਪਾ:-ਮਚਾਵਹਿਂ।

ਕਰਿ ਸਕਿ ਹੈ ਸਮਤਾ, ਅਸ ਨਾਂਹੀ[1]।
ਛਿਮਾਵੰਤ ਛਿਤਿ ਜਿਮਿ[2] ਸਭਿ ਕਾਲਾ।
ਕੈ ਰਾਵਰਿ ਮੈਂ ਛਿਮਾ ਬਿਸਾਲਾ ॥੩੨॥
ਆਪ ਸਮਰਥ ਚਹਹੁ ਸੋ ਕਰਹੁ।
ਸਭਿਨਿ ਡਰਾਵਹੁ ਤੁਮ ਨਹਿਂ ਡਰਹੁ।
ਏਕ ਬਾਕ ਸੋਂ ਬਿਨਾ ਉਪਾਇ।
ਮਾਰਹੁ ਸਭਿਹਿਨਿ ਦੇਹੁ ਜਿਵਾਇ[3] ॥੩੩॥
ਤਿਨ ਕੇ ਕਹੇ ਨਿਕਸਿ ਅਬਿ ਆਇ।
ਨਹੀਂ ਆਪ ਨੇ ਕਛੂ ਜਨਾਇ।
ਜਸੋਂ ਤੁਮ ਭਾਵਹੁ ਸੋਈ ਭਲੇ।
ਹਮਰੋ ਕਹਨਿ ਨਹੀਂ ਕੁਛ ਚਲੇ' ॥੩੪॥
ਇਮਿ ਕਹਿ ਮੌਨ ਧਾਰਿ ਕਰਿ ਬੈਸੇ।
ਪਿਖਹਿਂ ਗੁਰੂ ਗਤਿ ਕਰਿ ਹੈਂ ਜੈਸੇ।
ਨਿਜ ਪ੍ਰਤਾਪ ਕੋ ਨਹੀਂ ਜਨਾਵਹਿਂ।
ਅਪਰ ਨਰਨਿ ਸਮ ਅਪਨ ਦਿਖਾਵਹਿਂ ॥੩੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਕੋ ਗ੍ਰਾਮ ਤੇ ਨਿਕਾਸਨ' ਪ੍ਰਸੰਗ ਬਰਨਨੰ ਨਾਮ ਦੋਇ ਬਿੰਸਤੀ ਅੰਸੂ ॥੨੨॥

---

[1]ਐਸਾ (ਕੋਈ) ਨਹੀਂ।
[2]ਧਰਤੀ ਹੈ ਜਿਵੇਂ।
[3]ਕਿਸੇ ਉਪਾਵ ਦੀ ਲੋੜ ਨਹੀਂ, ਇਕ ਵਾਕ ਨਾਲ ਹੀ ਸਭ ਨੂੰ ਮਾਰ ਜਿਵਾਲ ਸਕਦੇ ਹੋ।

੨੩. [ਤਪੇ ਦੀ ਮੌਤ।]

੨੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੪

ਦੋਹਰਾ: ਤੇਜੋ ਕੇ ਨੰਦਨ[1] ਜੁਊ* ਸੇਵ ਕਰਤਿ ਦਿਨ ਰੈਨਿ।
ਗਮਨੇ ਹੁਤੇ ਨਿਕੇਤ ਕੋ, ਪ੍ਰੇਮ ਭਰੇ ਜੁਗ ਨੈਨ ॥੧॥

ਚੌਪਈ: ਨਿਕਸੇ ਗੁਰੂ ਪਿਛਾਰੀ ਆਯੋ।
ਡੇਰੇ ਗ੍ਰਾਮ ਬਿਖੈ ਦਰਸਾਯੋ।
ਤਹਿਂ ਸੰਗੀ ਨਿਜ ਕੋਇ ਨ ਦੇਖਾ।
ਸਹਤ ਗੁਰੂ ਨਹਿਂ ਸਿੱਖ ਅਸ਼ੇਖ਼ਾ[2] ॥੨॥
ਬੂਝਨ ਕੀਨਿ 'ਗੁਰੂ ਕਿਤ ਗਏ?
ਸਿਖ ਜੇ ਸਗਲ ਸੰਗ ਹੀ ਲਏ।
ਕੌਨ ਕਾਜ ਤਿਨ ਕੋ ਅਸ ਭਯੋ।
ਤਤਛਿਨ ਗਮਨ ਵਹਿਰ ਕੋ ਕਯੋ?' ॥੩॥
ਸੁਨਿ ਕਿਸਿ ਨਰ ਨੇ ਕਥਾ ਬਖਾਨੀ।
'ਪਾਪੀ ਤਪੇ ਦੁਸ਼ਟਤਾ ਠਾਨੀ।
ਕਹਯੋ ਕਿ -ਬਰਖਾ ਹੋਵੈ ਤਦਾ।
ਸ਼੍ਰੀ ਗੁਰ ਅੰਗਦ ਨਿਕਸਹਿਂ ਜਦਾ- ॥੪॥
ਸੁਨਿ ਰਾਹਕ ਮੂਰਖਮਤਿ ਆਏ।
-ਨਿਕਸਹੁ ਗ੍ਰਾਮ- ਕਠੋਰ ਅਲਾਏ।
ਛਿਮਾ ਧਾਰਿ ਗੁਰੂ ਵਹਿਰ ਪਧਾਰੇ।
ਨਹਿਂ ਘਨ ਬਰਖੇ ਕਿਨਹੁਂ ਨਿਹਾਰੇ[3] ॥੫॥
ਕਰੀ ਅਵੱਗਜਾ ਸਤਿਗੁਰ ਕੇਰੀ।
ਤਪਹਿ ਤਪਾ ਮਤਸਰ ਤੇ ਹੇਰੀ[4]।
ਭਯੋ ਅਬਹਿ ਅਪਰਾਧੀ ਏਹੂ।
ਉਚਿਤ ਦੰਡ ਕੇ ਸੋ ਲਖਿ ਲੇਹੂ ॥੬॥
ਮਨ ਬਚ ਕ੍ਰਮ[5] ਤੇ ਕਬਿ ਅਪਕਾਰਾ।
ਨਹਿਂ ਕੀਨਸਿ[6], ਤੱਦਜਪ ਦੁਰਚਾਰਾ[7]।

---

[1]ਭਾਵ ਸ਼੍ਰੀ ਅਮਰਦਾਸ ਜੀ।
*ਪਾ:-ਹੁਤੇ।
[2]ਸਾਰੇ।
[3]ਬੱਦਲ ਵਰ੍ਹਿਆ (ਅਜੇ) ਕਿਸੇ ਨਹੀਂ ਦੇਖਿਆ।
[4]ਤਪਾ ਈਰਖਾ ਨਾਲ ਤਪਿਆ (ਸੜਦਾ) ਦੇਖੀਦਾ ਹੈ।
[5]ਸਰੀਰ।
[6]ਬੁਰਾ ਨਹੀਂ ਕੀਤਾ ਗੁਰੂ ਜੀ ਨੇ ਕਦੇ।
[7]ਤਾਂ ਭੀ ਪਾਪੀ (ਤਪਾ)।

ਕਰਤਿ ਦ੍ਵੈਸ਼ ਕੋ ਕਾਰਣ ਬਿਨਾ।
ਇਸ ਤੇ ਅਪਰਾਧੀ ਕੋ ਘਨਾ ॥੭॥
ਜਿਸਨੇ ਹਿਤ ਅਨਹਿਤ[1] ਨ ਬਿਚਾਰੇ।
ਸਿਖਵਨ[2] ਦੇ ਗੁਰ ਵਹਿਰ ਨਿਕਾਰੇ।'
ਸ਼੍ਰੀ ਗੁਰ ਅਮਰ ਸੁਨਤਿ ਦੁਖ ਪਾਯੋ।
-ਦੇਖੋ ਕਜਾ ਇਨਿ ਦ੍ਵੈਸ਼ ਕਮਾਯੋ ॥੮॥
ਸਰਲ ਸਮਾਨ ਚਿੱਤ ਗੁਰ[3] ਪੂਰੇ।
ਰਾਹਕ ਤਪਾ ਮੰਦਮਤਿ ਕੂਰੇ।
ਲੇਨਿ ਦੇਨਿ ਤਿਨ ਕੋ ਨਹਿਂ ਕੋਈ।
ਕਜੋਂ ਕੁਕਰਮ ਮਿਲਿ ਠਾਨਜੋ ਸੋਈ ॥੯॥
ਮੋ ਤੇ ਜਰਜੋ* ਜਾਇ ਨਹਿਂ ਕੈਸੇ।
ਜਾਵਦ ਫਲ ਮੈਂ ਦੇਉਂ ਨ ਤੈਸੇ-।
ਇਮਿ ਕਹਿ ਗਏ[4] ਪੰਚਾਇਤ ਪਾਸ।
ਬੈਠੇ ਧਾਰਜੋ ਬਰਖਾ ਆਸ ॥੧੦॥
'ਭੋ ਰਾਹਿਕ ਗਨ! ਕਾਜ ਤੁਮਾਰੇ।
ਭਯੋ ਕਿਧੌਂ ਨਹਿਂ ਗੁਰੂ ਨਿਕਾਰੇ[5]।
ਜੋ ਇੱਛਾ ਮਨ ਮੈਂ ਤੁਮ ਠਾਨੀ।
ਭਯੋ ਕਿ ਨਹਿਂ ਖੇਤੋਂ ਮਹਿਂ ਪਾਨੀ' ॥੧੧॥
ਸੁਨਿ ਕ੍ਰਿਖਿਕਾਰਨ ਐਸੇ ਬੈਨ।
ਕਹਤਿ ਭਏ 'ਕੋ ਬਰਖਾ ਹੈ ਨ।
ਕਹਜੋ ਤਪੇ ਕੋ ਹਮ ਨੇ ਕੀਨਾ।
ਹ੍ਵੈ ਕਰਿ ਆਤੁਰ ਨੀਰ ਬਿਹੀਨਾ ॥੧੨॥
ਜੋ ਬਰਖਾ ਬਰਖਾਵਨਿ ਕਰੈ।
ਤਿਸ ਕੋ ਕਹਜੋ ਨ ਹਮ ਤੇ ਫਿਰੈ।
ਜਿਸ[6] ਅਧੀਨ ਜੀਵਨ ਸਭਿ ਕੇਰਾ।
ਹ੍ਵੈ ਅਸ ਅੰਨ ਸੁ ਖੇਤ ਘਨੇਰਾ ॥੧੩॥

---

[1]ਭਲਾ ਬੁਰਾ।
[2]ਸਿੱਖਜਾ।
[3]ਚਿਤ ਕਰਕੇ ਗੁਰੂ ਜੀ ਸਰਲ ਤੇ ਸਮਦ੍ਰਿਸ਼ਟਾ ਹਨ।
*ਪਾ:-ਸਹਜੋ।
[4](ਸ਼੍ਰੀ ਅਮਰ ਦਾਸ ਜੀ) ਗਏ।
[5]ਗੁਰੂ ਜੀ ਨੂੰ ਕੱਢ ਦੇਣ ਨਾਲ।
[6]ਭਾਵ ਬਰਖਾ ਦੇ।

ਬਾਕ ਤਪੇ ਕੋ ਮਾਨਜੋ ਸਹੀ।
ਤਊ ਭਈ ਬਰਖਾ ਕਿਮਿ[1] ਨਹੀਂ।
ਹਮ ਆਤੁਰ ਭੇ ਨੀਰ ਬਿਹੀਨਾ।
ਨਿਜ ਜੀਵਨ ਚਹਿ ਅਕਰਨ ਕੀਨਾ[2] ॥੧੪॥
ਬਰਖਾ ਦੇ ਜੁ ਕ੍ਰਿਖੀ ਹ੍ਰਿਤ ਕਰਿਹੀ[3]।
ਹਮ ਰਾਹਕ ਤਿਹ ਨਿਤਿ ਅਨੁਸਰਹੀ[4]।
ਤਿਸ ਕੀ ਆਇਸੁ ਕੋ ਅਸ ਮਾਨਹਿਂ।
ਨਹੀਂ ਕਰਨ ਭੀ ਕਰਿਬੋ ਠਾਨਹਿਂ[5]' ॥੧੫॥
ਇਮਿ ਸ਼੍ਰੀ ਅਮਰਦਾਸ ਸੁਨਿ ਬੈਨ।
ਕਹਜੋ ਸੁ ਛੋਭ ਕੋਪ ਰਸੁ ਨੈਨ[6]।
'ਕਹੇ ਤਪੇ ਕੇ ਘਨ ਨਹਿਂ ਆਵਾ।
ਸ਼੍ਰੀ ਗੁਰ ਗ੍ਰਾਮਹਿ ਤੇ ਨਿਕਸਾਵਾ ॥੧੬॥
ਸ਼੍ਰੀ[+] ਸਤਿਗੁਰ ਕੇ ਸੇਵਕ ਜੇਈ।
ਬਰਖਾ ਦੇਨਿ ਸ਼ਕਤਿ ਧਰਿ ਤੇਈ।
ਕਹਜੋ ਤਿਨਹਿਂ ਕੋ ਮਾਨਹੁ ਨੀਕਾ।
ਬਰਖਹਿ ਮੇਘ ਭਾਵਤੋ ਜੀਕਾ ॥੧੭॥
ਤਪੇ ਈਰਖਾ ਕਰਿ ਨਿਕਸਾਏ।
ਸ਼ਕਤਿ ਹੀਨ ਨਹਿਂ ਘਨ ਬਰਖਾਏ।
ਅਬਿ ਤੁਮ ਜਾਹੁ ਤਪੇ ਕੇ ਪਾਸਿ।'
ਸੁਨਿ ਨਰ ਗਏ ਕਰੀ ਅਰਦਾਸ ॥੧੮॥
'ਗੁਰ ਤੋਂ ਹਮ ਨੇ ਦੀਨ ਨਿਕਾਰੀ।
ਤਊ ਨ ਬਰਖਜੋ ਬਾਰਦ[++] ਬਾਰੀ[7]।'
ਤਪੇ ਕੁਛਕ ਰਿਸ ਕਰਿ ਮੁਖ ਭਾਖੀ।

---

[1]ਕਿਵੇਂ ਬੀ।
[2]ਨਿਰਦਯਤਾ ਦਾ ਕੰਮ ਕੀਤਾ [ਸੰਸ: ਅਕਰੁਣ] (ਅ) (ਅਕਰਨ =) ਨਾ ਕਰਨੇ ਯੋਗ ਕੰਮ। ਭਾਵੇਂ ਅਸਾਂ ਨਾ ਕਰਨੇ ਜੋਗ ਕੰਮ ਬੀ ਕੀਤਾ (ਬਰਖਾ ਨਹੀਂ ਹੋਈ)।
[3]ਹਰੀ ਕਰੇ।
[4]ਅਨੁਸਾਰੀ ਹਾਂ।
[5]ਨਾ ਕਰਨੇ ਜੋਗ ਬੀ ਕਰਾਂਗੇ।
[6]ਕੋਪ ਵਿਚ ਨੈਣ ਰਸ ਰਹੇ ਸਨ, ਜਦ ਕਿਹਾ (ਅ) ਕੋਪ ਰਸ = ਗੁੱਸੇ ਵਾਲਾ ਰਸ, ਗੁੱਸੇ ਦੇ ਵਲਵਲੇ ਵਿਚ। ਇਹ ਗੁੱਸਾ ਕ੍ਰੋਧ ਨਹੀਂ, ਮੰਦ ਕਰਮੀਆਂ ਉਤੇ ਜੋ ਨੇਕੀ ਦੇ ਸੁਭਾਵ ਵਾਲਾ ਗੁੱਸਾ ਹੁੰਦਾ ਹੈ ਉਹ ਹੈ।
[+]ਪਾ:-ਤੋਂ।
[++]ਪਾ:-ਬਾਦਰ।
[7]ਬੱਦਲ ਤੋਂ ਜਲ।

'ਮੂਠੀ ਮਹਿਂ ਬਰਖਾ ਨਹਿਂ ਰਾਖੀ ॥੧੯॥
ਮੰਤ੍ਰ ਜੰਤ੍ਰ ਕਰਿ ਜੁਗਤਿ ਬਨਾਵੌਂ।
ਤੁਮ ਹਿਤ ਬਰਖਾ ਕੋ ਬਰਖਾਵੌਂ।'
ਸੁਨਿ ਨਰ ਆਇ ਕਹੀ ਤਿਮਿ ਬਾਤਿ।
'ਅਬਿ ਤੌ ਬੋਲਤਿ ਕਛੁਕ ਰਿਸਾਤਿ' ॥੨੦॥
ਤਬਿ ਸ੍ਰੀ ਅਮਰ ਕਹਯੋ ਬਿਨ ਦੇਰਿ।
'ਹਮ ਬਰਖਾ ਬਰਖਾਇਂ ਬਡੇਰਿ।
ਨਹਿਂ ਐਸੇ ਗੁਰ ਕੋ ਸਿਖ ਜਾਨੋ[1]।
ਬਰਖਾ ਕਰਹਿਂ ਕਹਯੋ ਤਿਨ ਮਾਨੋ' ॥੨੧॥
ਸੁਨਿ ਰਾਹਕ ਲਾਲਚ ਕਰਿ ਪਾਨੀ।
ਬਿਰਥੀ* ਬਾਤ ਤਪੇ ਕੀ ਠਾਨੀ।
'ਹਮ ਤੋ ਹੈਂ ਤਿਸ ਕੇ ਅਨੁਸਾਰੀ।
ਜੋ ਜਲ ਦੇਹਿ ਕਿਦਾਰ[2] ਮਝਾਰੀ ॥੨੨॥
ਹਿਤ ਜਲ ਕੇ ਤਿਸ ਕੋ ਬਚੁ ਮਾਨਾ।
ਅਪਰ ਜੁ ਦੇ ਬਰਖਾਇ ਮਹਾਨਾ।
ਕਹੈ ਸੁ ਹਮ ਮਾਨਹਿਂ ਸਭਿ ਗ੍ਰਾਮ।
ਜੋ ਜੀਵਨਿ ਕੋ ਦੇ ਅਭਿਰਾਮ[3] ॥੨੩॥
ਨਾਂਹਿ ਤ ਹਮ ਮਰਿਹੈਂ ਦੁਖ ਪਾਇ।
ਛੁਧਾ ਸਹੀ ਨਹਿਂ ਕਿਸਿ ਤੇ ਜਾਇ।
ਜੇ ਜਲਦਾਤਾ[4] ਬਚੁ ਨਹਿਂ ਮਾਨਹਿਂ।
ਤੌ ਹਮ ਅਪਨਾ ਜੀਵਨ ਹਾਨਹਿਂ ॥੨੪॥
ਅਸ ਕੋ ਆਜ ਹੋਇ ਉਪਕਾਰੀ।
ਦੇ ਜੀਵਨਿ ਜੀਵਨ ਸੁਖ ਕਾਰੀ[5]।
ਤਿਸ ਕੇ ਹਮ ਹੈਂ ਸਦਾ ਗੁਲਾਮੂ।
ਕਰਹਿਂ ਸੇਵਕੀ ਸਭਿਹੀ ਗ੍ਰਾਮੂ' ॥੨੫॥
ਇਮਿ ਨਿਸ਼ਚੈ ਸਭਿ ਕੋ ਕਰਿਵਾਇ।
ਕਹਿ ਸ੍ਰੀ ਅਮਰ 'ਸੁਨਹੁ ਸਮੁਦਾਇ।

---

[1]ਐਸੇ (ਤਪੇ ਵਰਗੇ) ਗੁਰੂ ਦੇ ਸਿੱਖ (ਝੂਠੇ) ਨਾ ਜਾਣੋ।
*ਪਾ:-ਬ੍ਰਿੱਥੈ।
[2]ਖੇਤੀ।
[3]ਜੋ ਸੁਹਣਾ ਜੀਵਨ ਸਾਨੂੰ ਦੇਵੇ। (ਅ) ਜੀਵਨ = ਪਾਣੀ। ਭਾਵ ਜੋ ਸਾਨੂੰ ਪਾਣੀ ਦੇਵੇ।
[4]ਜਲ ਦੇ ਵਰਸਾਉਣ ਵਾਲੇ ਭਾਵ ਉਪਕਾਰੀ ਪੁਰਸ਼ ਦਾ।
[5]ਜੀਵਾਂ ਨੂੰ ਸੁਖੀ ਕਰਨ ਵਾਲਾ ਜੀਵਨ।

ਦਿਵਸ ਰਹਜੋ ਥੋਰੋ ਰਵਿ ਜਾਇ[1]।
ਯਾਂ ਤੇ ਤੂਰਣ ਕਰਹੁ ਉਪਾਇ ॥੨੬॥
ਰਵਿ ਅਸਤਨ ਤੇ[2] ਪੂਰਬ ਕਾਲ।
ਜਹਿਂ ਜਹਿਂ ਤਪਾ ਜਾਇ ਦਰਹਾਲ[3]।
ਤਹਿਂ ਤਹਿਂ ਘਨ ਜਲ ਕੋ ਬਰਖਾਵੈ।
ਭਰਹਿਂ ਖੇਤ, ਬਹੁ ਅੰਨ ਪਕਾਵੈ ॥੨੭॥
ਬਹੁ ਕਿਦਾਰ ਹੈਂ ਦਿਨ ਰਹਿ ਥੋਰਾ।
ਲੇ ਗਮਨਹੁ ਨਿਜ ਨਿਜ ਦਿਸ਼ ਓਰਾ।
ਅੰਗ ਪ੍ਰਤਅੰਗ[4] ਜਹਾਂ ਲਗ ਜਾਇ।
ਤਹਿਂ ਲਗ ਧਾਇ ਮੇਘ ਬਰਖਾਇ ॥੨੮॥
ਨਿਕਸਹਿ ਜਬਹਿ ਤਪਾ ਨਿਜ ਡੇਰੇ।
ਤੌ ਘਨ ਹੋਇ, ਪਤਾ ਲਿਹੁ ਹੇਰੇ[5]।
ਪਹੁੰਚਹਿ ਜਬਹਿ ਕਿਦਾਰ ਮਹਿਂ ਜਾਇ।
ਤਬਿ ਦੇਖਹੁ ਘਨ ਜਲ ਬਰਖਾਇ' ॥੨੯॥
ਇਮਿ ਸੁਨਿ ਸਭਿ ਕੇ ਜਾਗਜੋ ਚਾਉ।
ਕਹਤਿ ਭਏ 'ਲਿਹੁ ਇਹ ਪਤੀਆਉ[6]।'
ਗਮਨੇ ਰਾਹਕ ਸਭਿ ਮਿਲਿ ਤਹਾਂ।
ਸਥਿਤ ਤਪਾ ਗਾਦੀ ਪਰ ਜਹਾਂ ॥੩੦॥
ਗਰਬ ਹਰਖ ਮਹਿਂ ਫੂਲਜੋ ਬੈਸਾ।
ਤੇਜ ਤਰੇ ਪੈ ਉਫਨਜੋ ਜੈਸਾ[7*]।
ਕ੍ਰਿਖਿਕਰਿ ਬ੍ਰਿੰਦ ਜਾਇ ਕਰਿ ਕਹਜੋ।
'ਸੁਨਹੁ ਤਪਾ ਜੀ! ਨਹਿਂ ਘਨ ਲਹਜੋ ॥੩੧॥
ਅਬਹਿ ਆਪ ਕਰੁਨਾ ਕੋ ਧਾਰਿ।
ਉਠਿ ਕਰਿ ਪਾਵਹੁ ਚਰਨ ਕਿਦਾਰ।

---

[1]ਭਾਵ ਡੁੱਬਣ ਵਿਚ।
[2]ਡੁੱਬਣ ਤੋਂ।
[3]ਛੇਤੀ।
[4](ਉਸ ਦਾ) ਅੰਗ ਯਾਂ ਹਰੇਕ ਅੰਗ ਭਾਵ ਕੋਈ ਅੰਗ।
[5]ਪਰਤਾਵਾ ਦੇਖ ਲੈਣਾ।
[6]ਪਰਤਿਆ ਲਓ।
[7]ਜਿਵੇਂ ਹੇਠਾਂ ਅੱਗ (ਹੋਵੇ ਤੇ) ਦੁੱਧ ਉੱਪਰ ਨੂੰ ਫੁਲ ਕੇ ਚੜ੍ਹ ਆਉਂਦਾ ਹੈ।
(ਉਫਨਨਾ = ਸੇਕ ਨਾਲ ਫੇਨ ਸਮੇਤ ਉੱਪਰ ਨੂੰ ਉਠਣਾ)।
*ਪਾ:-ਤੇਜ ਤੁਰੇ ਪੈ ਉਫਨਜੋ ਜੈਸਾ =
ਜਿਵੇਂ ਤਿੱਖੇ ਘੋੜੇ ਉੱਤੇ ਕੋਈ ਉਛਲਦਾ ਹੈ।

ਤੁਮਰੇ ਚਲੇ ਜਿ ਘਰ ਬਰਖੈ ਹੈ।
ਇਸ ਤੇ ਹਮ ਮਨੁ ਕਾਮਨ[1] ਪੈ ਹੈ ॥੩੨॥
ਜੇ ਹਿਤ ਚਾਹਤਿ ਆਪ ਹਮਾਰਾ।
ਨਿਕਸਹੁ ਬਾਹਰ ਗਮਹੁ ਕਿਦਾਰਾ[2]।
ਹਮ ਸਭਿ ਚਲਿ ਹੈਂ ਸੰਗ ਤੁਮਾਰੇ।
ਕਰਹੁ ਗ੍ਰਾਮ ਪਰ ਅਸ ਉਪਕਾਰੇ' ॥੩੩॥
ਕਰਤਿ ਮ੍ਰਿਦੁਲਤਾ ਜੁਤਿ ਪਤਿਆਵਨ[3]।
ਇਮਿ ਕਹਿ ਬਹੁ ਬਿਧਿ ਕਿਯ ਨਿਕਸਾਵਨ।
ਵਹਿਰ ਗ੍ਰਾਮ ਤੇ ਨਿਕਸਜੋ ਜਦਾ।
ਸਮੁਖ ਆਇ ਘਨ ਦੇਖਜੋ ਤਦਾ ॥੩੪॥
ਪਤਾ ਲਗਜੋ ਸਭਿ ਕੇ ਮਨ ਮਾਂਹੀ।
-ਗੁਰ ਸਿਖ ਭਨਜੋ, ਸੁ ਮਿੱਥਜਾ ਨਾਂਹੀ-।
ਕਰਤਿ ਬਾਰਤਾ ਬੇਗ ਚਲੇ ਹੈਂ।
ਪਰਖਤਿ ਸਿਖ ਕੋ ਬਾਕ ਭਲੇ ਹੈਂ ॥੩੫॥
ਲੇ ਜਬਿ ਗਏ ਕਿਦਾਰ ਮਝਾਰ।
ਬਰਖਨਿ ਬੂੰਦੈਂ ਲਗੀ ਫੁਹਾਰ।
ਦੂਸਰ ਖੇਤ ਬਿਖੈ ਪਗ ਧਾਰਾ।
ਮੋਚਤਿ ਭਏ ਮੇਘ ਜਲ ਧਾਰਾ ॥੩੬॥
-ਲਘੁ ਦਿਨ ਰਹਜੋ- ਚਿੰਤ ਉਪਜਾਵੈਂ।
ਨਿਜ ਨਿਜ ਦਿਸ਼ ਕੋ ਚਹਤਿ ਚਲਾਵੈਂ।
ਆਪਸ ਮਹਿਂ ਰਾਹਕ ਕਰਿ ਗਿਨ ਕੋ[4+]।
-ਕਿਮਿ ਇਹੁ ਕਾਰਜ[++] ਪੂਰ ਸਭਿਨਿ ਕੋ- ॥੩੭॥
ਨਿਜ ਕਿਦਾਰ ਦਿਸ਼ ਐਂਚਨ ਲਾਗੇ।
ਜਿਦਤਿ ਪਰਸਪਰ[5] ਰਿਸ ਉਰ ਜਾਗੇ।
ਤਪਾ ਭਯੋ ਬਜ਼ਾਕੁਲ ਤਿਸ ਕਾਲਾ।
ਝਿਰਕ ਝਿਰਕ ਤਿਨ ਪਰਹਿ ਬਿਸਾਲਾ ॥੩੮॥

---

[1]ਮਨੋ ਕਾਮਨਾ।
[2]ਖੇਤ ਵਿਚ ਚੱਲੋ।
[3]ਕੋਮਲਤਾ ਨਾਲ ਪਤਿਆਉਣਾ ਕੀਤੋ ਨੇ।
[4]ਗਿਣਤੀ ਕਰਦੇ।
[+]ਪਾ:-ਹਠ ਕੋ।
[++]ਪਾ:-ਕਾਰਨ।
[5]ਜਿਦਦੇ ਹਨ ਆਪਸ ਵਿਚ।

ਕਹਜੋ ਤਪੇ ਕੋ ਨਹਿਂ ਕੋ ਮਾਨਹਿ।
ਨਿਜ ਕਿਦਾਰ ਢਿਗ ਸਭਿ ਸੋ ਆਨਹਿਂ।
ਖੈਂਚਤਿ ਖੈਂਚਤਿ ਭਯੋ ਬਿਹਾਲਾ।
ਬੋਲਨ ਤੇ ਥਕ ਰਹਜੋ ਨ ਚਾਲਾ ॥੩੯॥
ਜਬਿ ਚਲਿਬੇ ਤੇ ਹਟਿ ਸੋ ਰਹਿਊ।
ਮੋਹਨ ਪਿਤਾ[1] ਆਇ ਤਬਿ ਕਹਿਊ।
'ਮਾਸ ਅਸਥਿ[2] ਜਹਿਂ ਜਹਿਂ ਲੈ ਜੈ ਹੋ।
ਤਹਿਂ ਤਹਿਂ ਬਰਖਾ ਘਨਕੀ ਪੈ ਹੋ' ॥੪੦॥
ਸੁਨਿ ਕੇ ਸਭਿਨਿ ਘਸੀਟਜੋ ਜਦਾ।
ਨਿਕਸੇ ਪ੍ਰਾਨ ਭਯੋ ਹਤਿ ਤਦਾ।
-ਰਹਿਂ ਬਰਖਾ ਬਿਨ ਖੇਤ ਹਮਾਰੇ-।
ਇਮ ਬੋਲਤਿ ਅਰ ਚਿੰਤ ਬਿਚਾਰੇ ॥੪੧॥
-ਏਕ ਮਰੇ ਜੀਵਹਿ ਸਭਿ ਗਾਉਂ-।
ਯਾਂ ਤੇ ਤੋਰ ਲਿਏ ਕਰ ਪਾਉਂ।
ਆਪੋ ਅਪਨੇ ਖੇਤ ਪਧਾਰੇ।
ਜਹਿਂ ਜਹਿਂਗੇ ਪਸਰਜੋ ਘਨ ਸਾਰੇ ॥੪੨॥
ਤਪਾ ਮਰੇ ਤੇ ਇਕ ਰਸ ਬਾਰਿ।
ਬਰਖਾ ਕੀਨਸਿ ਮੇਘ ਕਿਦਾਰਿ[3]।
-ਮਹਾਂ ਪਖੰਡੀ- ਸਭਿਹਿਨਿ ਜਾਨਜੋ।
-ਦ੍ਵੈਸ਼ ਠਾਨਿ ਗੁਰ ਕੋ ਨਿਕਸਾਨਜੋ ॥੪੩॥
ਝੂਠੋ ਹੁਤੋ ਫੁਰੀ ਨਹਿਂ ਬਾਨੀ।
ਗੁਰ ਦਾਸਨਿ[4] ਕਹਿ ਦੀਨਸਿ ਪਾਨੀ।
ਹੋਤਿ ਭੋਰ ਸ਼੍ਰੀ ਅੰਗਦ ਆਨਹੁ।
ਨਿਜ ਅਪਰਾਧ ਛਿਮਾਪਨ ਠਾਨਹੁ[5]- ॥੪੪॥
ਇਮਿ ਸ਼੍ਰੀ ਅਮਰਦਾਸ ਤਹਿਂ ਕਰਿ ਕੈ।
ਗਮਨਜੋ ਗੁਰ ਦਿਸ਼ ਪ੍ਰੀਤਿ ਸੁ ਧਰਿ ਕੈ।
ਪਰਮ ਪ੍ਰਸੰਨ ਰਿਦੈ ਹੁਇ ਗਇਓ।
ਪ੍ਰਾਪਤਿ ਡੇਰੇ ਮਹਿਂ ਚਲਿ ਭਇਓ ॥੪੫॥

---

[1]ਭਾਵ ਸ਼੍ਰੀ ਅਮਰ ਦਾਸ ਜੀ ਨੇ।
[2]ਹੱਡੀ।
[3]ਬੱਦਲ ਨੇ ਖੇਤਾਂ ਵਿਖੇ।
[4]ਗੁਰੂ ਜੀ ਦੇ ਦਾਸ ਨੇ।
[5]ਮਾਫ ਕਰਵਾਓ।

ਗੁਰ ਕੋ ਜਾਇ ਬੰਦਨਾ ਕੀਨਸਿ।
ਪਿਸ਼ਟਿ ਫੇਰਿ ਬੈਠੇ ਚਿਤ ਚੀਨਸਿ।
-ਅਜ਼ਮਤ ਕਰੀ ਦਿਖਾਵਨਿ- ਜਾਨੀ।
ਨਹਿਂ ਨੀਕੀ ਸ੍ਰੀ ਅੰਗਦ ਮਾਨੀ ॥੪੬॥
ਸਿੱਛਾ ਅਜਰ ਜਰਨ ਕੀ ਦੇਨਿ।
ਸਿਖ ਉਰ ਸਮਤਾ ਨਿਜ ਕਰਿ ਲੇਨਿ[1]।
ਪ੍ਰਿਸ਼ਟਿ ਦਏ[2] ਬੈਠੇ ਗੁਰ ਸ੍ਵਾਮੀ।
ਸਰਬ ਬਾਰਤਾ ਅੰਤਰਜਾਮੀ ॥੪੭॥
ਪਿਖਿ ਸ੍ਰੀ ਅਮਰ ਦੁਤਿਯ ਦਿਸ਼ ਗਇਊ।
ਨੰਮ੍ਰਿ ਬੰਦਿ ਕਰ ਇਸਥਿਤ ਭਇਊ।
ਲੱਜਾ ਕਰੈ ਸੁਨੇਤ੍ਰ ਨਿਵਾਏ।
ਚਿਤ ਮਹਿਂ ਦੁਚਿਤਾਈ[3] ਉਪਜਾਏ ॥੪੮॥
ਤ੍ਰਿਤੀ ਦਿਸ਼ਾ ਪੁਨ ਆਨਨ ਫੇਰਜੋ।
ਅਪਨਿ ਦਾਸ ਕੋ ਨਾਂਹਨਿ ਹੇਰਜੋ।
-ਸ਼ਕਤਿ ਜਨਾਵਨ ਕਿਯ ਅਪਰਾਧੂ।
ਨਹੀਂ ਕਰਮ ਕੀਨਸਿ ਇਹੁ ਸਾਧੂ- ॥੪੯॥
ਭਏ ਦੀਨ ਮਨ ਮੋਹਿਨ ਤਾਤ[4]।
ਪੁਨ ਸਨਮੁਖ ਹੋਯੋ ਪਛੁਤਾਤ।
ਕਹਿਨ ਬਾਕ ਕੋ ਉਦਿਤਿ[5] ਭਯੋ ਜਬਿ।
ਚਤੁਰਥ ਦਿਸ਼[6] ਮੁਖ ਫੇਰ ਲਿਯੋ ਤਬਿ ॥੫੦॥
ਹੋਇ ਉਤਾਇਲ ਮੁਖ ਦਿਸ਼ ਫੇਰ[7]।
ਨਿਜ ਅਪਰਾਧ ਸੁ ਬੂਝਜੋ ਹੇਰਿ।
'ਭੋ ਪ੍ਰਭੁ ਗੁਰ! ਅਬਿ ਛਿਮਾਂ ਕਰੀਜੈ।
ਸ਼ੁਭਿ ਉਪਦੇਸ਼ ਮੋਹਿ ਕਉ ਦੀਜੈ ॥੫੧॥
ਭੂਲੇ ਕੋ ਤੁਮ ਬਖਸ਼ਨ ਹਾਰਿ।

---

[1]ਸਿੱਖ ਦੇ ਦਿਲ ਵਿਚ ਆਪਣੀ ਸਮਤਾ ਦੇਣ ਲਈ ਭਾਵ ਆਪਣੇ ਵਰਗਾ ਕਰਨ ਲਈ। (ਅ) ਆਪਣੇ ਸਿੱਖ ਦੇ ਦਿਲ ਵਿਚ ਸਮਤਾ ਭਾਵ (ਦ੍ਰਿੜ੍ਹ) ਕਰਾਉਣ ਲਈ।
[2]ਪਿੱਠ ਮੋੜਕੇ।
[3]ਚਿੰਤਾ!
[4]ਸ੍ਰੀ ਅਮਰ ਦਾਸ ਜੀ।
[5]ਤਿਆਰ।
[6]ਚੌਥੀ ਤਰਫ।
[7]ਕਾਹਲੀ ਨਾਲ ਮੁਖੜੇ ਵਾਲੇ ਪਾਸੇ ਨੂੰ ਫਿਰੇ।

ਨਮੋ ਨਮੋ ਗੁਰ ਗਜਾਨ ਉਦਾਰ!
ਸੁਮਗ ਬਤਾਵਨ ਮਹਿਂ ਪਰਧਾਨ।
ਰਾਵਰਿ ਕੇ ਸਮਾਨ ਨਹਿਂ ਆਨ' ॥੫੨॥
ਸ਼੍ਰੀ ਗੁਰ ਅੰਗਦ ਤਬਹਿ ਬਖਾਨਾ।
'ਹਮ ਪੀਛੈ ਕਜਾ ਕ੍ਰਿਤ ਤੈਂ ਠਾਨਾ?
ਘਨ ਬਰਖਾਇ ਤਪਾ ਮਰਵਾਯੋ।
ਅਪਨ ਆਪ ਕੋ ਮਹਿਦ ਜਨਾਯੋ ॥੫੩॥
ਸਤਿਗੁਰ ਕੋ ਘਰ ਹੈ ਨਿਤ ਨੀਵਾ।
ਹੋਨਿ ਹੰਕਾਰ ਥਾਂਵ ਨਹਿਂ ਥੀਵਾ*[1]।
ਪਾਪੀ ਤਪਾ ਕੁਕਰਮ ਕਰੰਤਾ।
ਅੰਤ ਸਮੈ ਦੁਖ ਨਰਕ ਲਹੰਤਾ ॥੫੪॥
ਫਲਦਾਤਾ ਈਸ਼ੁਰ ਸਭਿ ਕਾਂਹੂ।
ਜੀਵ ਅਬਲ[2] ਕਿਸ ਗਿਨਤੀ ਮਾਂਹੂ।
ਕਾਰਨ ਕਰਨ ਏਕ ਜਗ ਨਾਥਾ।
ਕਰਤਿ ਕਰਾਵਤਿ ਸੋ ਸਭਿ ਸਾਥਾ ॥੫੫॥
ਅਪਨ ਆਪ ਨਿਜ ਕ੍ਰਿਤ ਪ੍ਰਕ੍ਰਿਤ ਮਹਿਂ।
ਨਹੀ ਅਰੋਪਹਿਂ ਕਬਿ ਸੁਧੀਰ ਲਹਿ[3]।
ਏਕੰਕਾਰ ਆਸਰੋ ਕਰਿ ਕੈ।
ਨਹੀਂ ਜਨਾਵਹਿਂ ਆਪਾ ਹਰਿ ਕੈ[4]' ॥੫੬॥
ਸੁਨਿ ਸ਼੍ਰੀ ਅਮਰ ਬੰਦਨਾ ਠਾਨੀ।
'ਭੋ ਗੁਰ! ਬਖਸ਼ਹੁ ਮਤਿ ਅਨੁਜਾਨੀ।
ਅਬਿ ਤੇ ਫੇਰ ਨ ਕਰਿਹੌਂ ਐਸੇ।
ਆਪਾ ਮੈਂ ਨ ਜਨਾਵੌਂ ਕੈਸੇ ॥੫੭॥
ਇਹੁ ਤੁਮਰੋ ਅਪਰਾਧ ਮਹਾਨਾ।
ਸਹਜੋ ਨ ਗਯੋ ਤਬਹਿ ਕ੍ਰਿਤ ਠਾਨਾ।

---

*ਪਾ:-ਮਨ ਹੰਕਾਰ ਥਾਨ ਨਹਿ ਥੀਵਾਂ।
[1]ਹੰਕਾਰ ਹੋਣ ਦਾ ਥਾਂ ਨਹੀਂ।
[2]ਬਲ ਤੋਂ ਰਹਿਤ।
[3]ਤੂੰ ਸਮਝ ਲੈ ਆਪਣੇ ਆਪ (ਆਤਮਾ) ਵਿਚ ਕਦੇ ਬੁੱਧੀਮਾਨ ਲੋਕ ਨਿਜ ਕ੍ਰਿਤੱਤ੍ਰ ਯਾ ਪਰ ਕ੍ਰਿਤੱਤ੍ਰ ਧਰਮ ਅਰੋਪਨ ਨਹੀਂ ਕਰਦੇ।
(ਅ) (ਜੀਵ) ਆਪੋ ਆਪਣੇ ਸੁਭਾਵ ਵਿਚ ਆਪ ਕ੍ਰਿਤ ਕਰਦੇ ਹਨ, ਸੁਧੀਰ ਇਹ ਦੇਖਕੇ (ਈਸ਼੍ਵਰ ਹੀ ਕਰਨ ਕਾਰਨ ਤੇ ਫਲ ਦਾਤਾ ਹੈ ਅਪਨੀ ਹੰਤਾ ਮਮਤਾ ਈਸ਼੍ਵਰ ਵਿਚ) ਨਹੀਂ ਅਰੋਪਦੇ।
[4]ਆਪਾ ਭਾਵ ਦੂਰ ਕਰਕੇ।

ਰਾਵਰ ਕੀ ਰਜਾਇ ਇਮਿ ਜੋਈ[1]।
ਕਰਹਿ ਅਪਰ[2] ਐਸੋ ਨਹਿਂ ਕੋਈ' ॥੫੮॥

ਦੋਹਰਾ: ਇਮਿ ਕਹਿ ਛਿਮਾ ਕਰਾਇ ਕਰਿ,
ਬੈਠੇ ਸ਼੍ਰੀ ਗੁਰ ਪਾਸਿ।
ਜੰਗਲ ਮਹਿਂ ਮੰਗਲ ਮਹਾ,
ਜਹਿਂ ਗੁਰ ਕਰਜੋ ਨਿਵਾਸਿ ॥੫੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜੋਗੀ ਤਪੇ ਕੋ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

---

[1]ਜੋ ਹੈ।
[2]ਹੋਰ ਤਰ੍ਹਾਂ, ਭਾਵ ਉਲਟ; ਐਸਾ ਕੋਈ ਨਹੀਂ ਜੋ ਰਜ਼ਾ ਆਪ ਦੀ ਦੇ ਉਲਟ ਟੁਰੇ।

੨੪. [ਭੈਰੋ ਪੁਰ ਖੀਓ ਭੱਲੇ ਨੂੰ ਮਿਲਕੇ ਗੁਰੂ ਜੀ ਨੇ ਵਾਪਸ ਖਡੂਰ ਆਉਣਾ]

੨੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੫

ਦੋਹਰਾ: ਰਾਹਕ[1] ਮਿਲੇ ਖਡੂਰ ਕੇ,
ਉਰ ਪ੍ਰਸੰਨਤਾ ਪਾਇ।
ਮਨ ਭਾਵਤਿ ਬਰਖਜੋ ਜਲਦ[2],
ਹਰਿਤ ਖੇਤ[3] ਸਮੁਦਾਇ ॥੧॥

ਚੌਪਈ: ਸਕਲ ਮਿਲੇ ਸਭਿ ਬਾਤ ਬਿਚਾਰੀ।
'ਗੁਰ ਕੀ ਭਈ ਅਵੱਗਜ਼ਾ ਭਾਰੀ।
ਜਿਨ ਮਹਿਂ ਅਜ਼ਮਤ ਏਤਿਕ ਅਹੈ।
ਬਰਖਜੋ ਜਲ ਜਿਨ ਸੇਵਕ ਕਹੈ ॥੨॥
ਰਹਤਿ ਹਮੇਸ਼ ਨਹੀਂ ਮਿਤਿ ਜਾਨੀ।
ਜਾ ਬੈਠੇ ਹੈਂ[+] ਅਪਰ ਸਥਾਨੀ।
ਅਬਿ ਮਿਲਿ ਚਲਹੁ ਨ ਬਿਲਮ ਲਗਾਵਹੁ।
ਭਈ ਭੂਲ ਤੂਰਨ ਬਖਸ਼ਾਵਹੁ ॥੩॥
ਨਾਂਹਿ ਤ ਸ਼੍ਰਾਪ ਦੇਹਿਂ ਭੈ ਦਾਯਕ।
ਅਪਦਾ ਪਰਹਿ ਪ੍ਰਮੋਦ ਨਸਾਇਕ[4]।'
ਇਮਿ ਕਹਿ ਮਿਲਿ ਕਰਿ ਲੇ ਪਕਵਾਨ।
ਬਖਸ਼ਾਵਨ ਗਮਨੇ ਤਿਸ ਥਾਨ ॥੪॥
-ਜਿਸ ਪ੍ਰਕਾਰ ਇਸ ਥਲ ਚਲਿ ਆਵਹਿਂ।
ਤਿਮਿ ਸਭਿ ਕਰਿਹੁ ਕ੍ਰਿਪਾਲ ਰਿਝਾਵਹਿਂ-।
ਖਾਨ ਰਜਾਦੇ ਕੇ ਥਲ ਗਏ।
ਸ਼੍ਰੀ ਗੁਰ ਬੈਠੇ ਦੇਖਤਿ ਭਏ ॥੫॥
ਸਭਿਨਿ ਜਾਇ ਪਦ ਬੰਦਨ ਠਾਨੀ।
ਬਿਨਤੀ ਜੁਕਤਿ ਬਖਾਨੀ ਬਾਨੀ।
'ਸ਼੍ਰੀ ਗੁਰ ਹਮ ਨੇ ਭੇਦ ਨ ਪਾਇਵ।
ਸਭਿ ਕੋ ਜੋਗੀ ਤਪੇ ਭੁਲਾਇਵ ॥੬॥
ਰਾਵਰਿ ਕੋ ਨਿੰਦਕ ਬਡ ਪਾਪੀ।
ਧਨ ਲੋਭੀ ਮਨ ਕੂਰ ਸੰਤਾਪੀ।

---

[1]ਜ਼ਿਮੀਦਾਰ।
[2]ਬੱਦਲ।
[3]ਖੇਤ ਹਰੇ ਹੋਏ।
[+]ਪਾ:-ਜਾ ਬੈਠਾਰੇ। ਕਾਢੇ ਹਮ ਗਏ। ਕਰਿ ਬੈਠੇ ਹੈਂ।
[4]ਖੁਸ਼ੀ ਦੂਰ ਕਰਨ ਵਾਲੀ ਵਿਪਦਾ।

ਦੁਰਮਤਿ ਖੋਟ ਕਰਮਿ ਕਿਯ ਜੇਤਿਕ।
ਤਾਤਕਾਲ ਫਲ ਪਾਇਹੁ ਤੇਤਿਕ[1] ॥੭॥
ਸ਼ਰਣਿ ਪਰੇ ਹਮ* ਰਾਹਕ ਸਾਰੇ।
ਛਿਮਹੁ ਗੁਰੂ ਤੁਮ ਮਹਿਦ ਉਦਾਰੇ।'
ਸੁਨਿ ਸਤਿਗੁਰ ਤਿਨ ਦਿਸ਼ ਪਿਖਿ ਬਿਕਸੇ।
ਬਾਕ ਸੁਧਾ, ਸਸਿ ਮੁਖ ਤੇ[2] ਨਿਕਸੇ ॥੮॥
'ਸਭਿ ਜਗ ਮਿੱਥਜਾ ਰੂਪ ਨਿਹਰੈਂ।
ਹਮ ਕਾਹੂ ਸੰਗ ਬੈਰ ਨ ਕਰੈਂ।
ਮਿੱਥਜਾ ਮਾਨ ਅਪਰ ਅਪਮਾਨ[3]।
ਹਰਖ ਸ਼ੋਕ ਹਮ ਨਾਹਿਨ ਠਾਨਿ ॥੯॥
ਕਰਹਿ ਕਰਮ ਜਸ, ਤਸ ਫਲ ਪਾਵਹਿ।
ਬੁਰਾ ਭਲਾ ਨਿਸ਼ਫਲ ਨਹਿਂ ਜਾਵਹਿ।
ਮਿੱਥਜਾ ਮਹਿਂ ਗਜਾਨੀ ਨਹਿਂ ਰਚੇ।
ਸਾਚ ਸਰੂਪ ਬੀਚ ਨਿਤਿ ਮਚੇ ॥੧੦॥
ਦੁਬਿਧਾ[4] ਤੁਮ ਮਹਿਂ ਦੇਖੀ ਭੂਰਿ।
ਹਮ ਤਜਾਗਜੋ ਤਬਿ ਗ੍ਰਾਮ ਖਡੂਰ।
ਤੁਮ ਕੋ ਸੰਕਟ ਕੋਇ ਨ ਹੋਇ।
ਬਸਹੁ ਸਦਨ ਮੈਂ, ਸਭਿ ਸੁਖ ਜੋਇ ॥੧੧॥
ਹਮ ਤੋ ਜਹਿਂ ਬੈਠਹਿਂ ਹਰਖਾਵਹਿਂ।
ਕਿਤਿ ਤੇ ਪਾਇ ਨ ਕਿਤਹੁਂ ਗਵਾਵਹਿਂ[5]।
ਹਾਨ ਲਾਭ ਹਮਰੇ ਕਿਮ ਨਾਂਹੀ।
ਮੰਗਲ ਹੈ ਇਸ ਜੰਗਲ ਮਾਂਹੀ' ॥੧੨॥
ਸੁਨਿ ਰਾਹਕਿ ਗਹਿ ਪਦ ਅਰਬਿੰਦ।
'ਛਿਮਹੁ ਛਿਮਹੁ ਤੁਮ ਰੂਪ ਗੁਬਿੰਦ।
ਚਲਿ ਕੈ ਗ੍ਰਾਮ ਪ੍ਰਵੇਸ਼ਨ ਕੀਜੈ।
ਤਜਾਗ ਆਨ, ਨਿਜ ਥਾਨ ਬਸੀਜਹਿ ॥੧੩॥

---

[1]ਤਿਤਨਾ।
*ਪਾ:-ਅਬ।
[2]ਚੰਦ ਵਰਗੇ ਮੂੰਹ ਤੋਂ।
[3]ਮਾਨ ਅਤੇ ਅਪਮਾਨ ਮਿਥਿਆ ਹਨ, ਅਪਰ ਦਾ ਅਰਥ ਏਥੇ-ਅਤੇ-ਹੈ। (ਅ) ਦੂਸਰੇ ਦਾ ਅਨਾਦਰ (ਤੇ ਆਪਣਾ) ਮਾਨ ਝੂਠੇ ਹਨ। (ੲ) ਦੂਸਰੇ ਦਾ ਅਪਮਾਨ ਕਰਨਾ ਅਸਾਂ ਝੂਠਾ ਮੰਨਿਆ ਹੈ।
[4]ਵੈਰ ਭਾਵ।
[5]ਭਾਵ ਵਸਤੀ ਉਜਾੜ ਕਿਤੇ ਬੀ ਸਾਡਾ ਹਰਖ ਵਧਦਾ ਘਟਦਾ ਨਹੀਂ।

ਬਿਰਦ ਸੰਭਾਰਹੁ ਸ਼ੀਲ ਕ੍ਰਿਪਾਲ[1]।
ਬਖਸ਼ ਦੇਹੁ ਅਪਰਾਧ ਬਿਸਾਲ।'
ਬਿਹਸ ਕਹਜੋ ਪੁਨ ਸਹਿਜ ਸੁਭਾਇ।
'ਹਮਰੇ ਹਠ ਹੋਹਿ ਨ ਕਿਸ ਭਾਇ ॥੧੪॥
ਐਬੋ ਇਹਾਂ ਕਿ ਜੈਬੋ ਗ੍ਰਾਮ।
ਇਕ ਸਮ ਵਹਿਰ ਕਿ ਬੈਠਨਿ ਧਾਮ।
ਜੇਕਰਿ ਤੁਮ ਪ੍ਰਸੰਨ ਸਮੁਦਾਇ।
ਲੇ ਸੰਗ ਚਲਹੁ ਬਸਹਿਂ ਤਿਸ ਥਾਇਂ ॥੧੫॥
ਬਿਧਿ ਨਿਖੇਧ[2] ਹਮਰੈ ਕੁਛ* ਨਾਂਹੀ।
ਸਮੋ ਬਿਤਾਵਹਿਂ ਬੈਠਹਿਂ ਜਾਂਹੀ।
'ਸੁਨਿ ਹਰਖੇ ਨਰ ਉਰ ਸਮੁਦਾਈ।
ਕਹਿ ਕਰਿ ਸਤਿਗੁਰ ਲਿਏ ਉਠਾਈ ॥੧੬॥
ਸਿੱਖਜਨ ਸਿਰ ਪ੍ਰਯੰਕ ਉਚਵਾਏ+।
ਅਪਰ ਵਸਤੁ ਕਛੁ ਲੈ ਗਮਨਾਏ।
ਸ਼੍ਰੀ ਅੰਗਦ ਕੇ ਸੰਗ ਸਿਧਾਰੇ।
ਸਿੱਖਜ ਜਾਟ ਸਗਲੇ ਪਰਵਾਰੇ ॥੧੭॥
ਮਾਰਗ ਚਲੇ ਆਇ ਗੁਰੁ ਸ੍ਵਾਮੀ।
ਸਮ ਚਿਤ ਆਨੰਦ ਅੰਤਰਜਾਮੀ।
ਪੰਥ ਬਿਖੈ ਭੈਰੋ ਪੁਰ ਗ੍ਰਾਮੂ।
ਖੀਓ ਭੱਲੇ ਕੋ ਤਹਿਂ ਧਾਮੂ ॥੧੮॥
ਸੁਨਿ ਆਗਵਨਿ ਸਤਿਗੁਰੂ ਕੇਰਾ।
ਮਿਲਜੋ ਆਨ, ਕਰਿ ਭਾਉ ਘਨੇਰਾ।
ਬਹੁ ਬਿਨਤੀ ਜੁਤਿ ਬੰਦਨ ਕਰੀ।
ਕਹਿਤਿ ਭਯੋ 'ਸਫਲੀ ਇਹ ਘਰੀ ॥੧੯॥
ਟਿਕਹੁ ਆਪ ਮੈਂ ਲਜਾਉਂ ਅਹਾਰਾ।
ਅਚਵਹੁ, ਕਰੁਨਾ ਕਰਿਹੁ ਉਦਾਰਾ।
ਰਾਉ ਰੰਕ ਕੋ ਪਰਖਤਿ++ ਕੋਇ ਨ[3]।

---

[1]ਕ੍ਰਿਪਾਲੂ ਸੁਭਾਵ ਵਾਲਾ ਬਿਰਦ ਸੰਮ੍ਹਾਲੋ।
[2]ਕਿਸੇ ਕੰਮ ਕਰਨ ਦੀ ਆਗਜ਼ਾ ਵਿਧਿ ਹੈ, ਨਾ ਕਰਨੇ ਦੀ ਆਗਜ਼ਾ ਨਿਖੇਧਿ, ਭਾਵ ਹਾਂ, ਨਾਂ।
*ਪਾ:-ਕਿਮ।
+ਪਾ:-ਉਠਾਏ
++ਪਾ:-ਪਰਖਨਿ, ਪਰਤੱਖ।
[3]ਭਾਵ ਫਰਕ ਨਹੀਂ ਕਰਦੇ ਹੋ।

ਸਮਸਰ ਜਾਨਤਿ ਹੋ ਤੁਮ ਦੋਇਨਿ ॥੨੦॥
ਭਾਉ ਬਿਲੋਕਹੁ ਭੋਜਨ ਖਾਤੇ।
ਲਾਲੋ ਘਰ ਸ੍ਰੀ ਨਾਨਕ ਜਾਂ ਤੇ।
ਦਿਜ ਬਾਹਜ ਬੈਸਨ[1] ਕੀ ਤਜਿ ਕੈ।
ਸ਼ੂਦ੍ਰ ਸਦਨ ਮਹਿਂ ਅਚਵਤਿ ਰਜ ਕੈ ॥੨੧॥
ਹੁਤੀ ਭੀਲਨੀ ਜਾਤਿ ਸਨਾਤਿ[2]।
ਰਾਮ ਚੰਦ੍ਰ ਤਿਸ ਕੇ ਫਲ ਖਾਤਿ।'
ਇਮਿ ਕਹਿ ਸਤਿਗੁਰ ਗ੍ਰਾਮ ਟਿਕਾਏ।
ਸਦਨ ਅਹਾਰ ਤਜਾਰ ਕਰਿਵਾਏ ॥੨੨॥
ਤੂਰਨ ਤਜਾਰੀ ਸਕਲ ਕਰਾਇ।
ਰਿਦੇ ਭਾਉ ਧਰਿ ਗੁਰ ਢਿਗ ਆਇ।
ਹਾਥ ਜੋਰਿ ਕਰਿ ਬਿਨੈ ਬਖਾਨੀ।
'ਭੋਜਨ ਭਯੋ ਤਜਾਰ ਗੁਨਖਾਨੀ ॥੨੩॥
ਪਦ ਅਰਬਿੰਦ ਸਦਨ ਮੁਝ ਪਾਈਏ।
ਸਭਿ ਸੰਗਤਿ ਅਪਨੇ ਸੰਗ ਲਜਾਈਏ।
ਆਸਾ ਪੂਰਨ ਕਰਹੁ ਗੁਸਾਈਂ।
ਔਚਕ ਆਵਨ ਭਯੋ ਕਦਾਈਂ[3]' ॥੨੪॥
ਭਾਉ ਜਾਨਿ ਤਿਹ ਰਿਦੇ ਘਨੇਰੇ।
ਚਲੇ ਸੰਗ ਜਿਸ ਭਾਗ ਬਡੇਰੇ।
ਜਲ ਛਿਰਕਾਇ ਸੁ ਬਸਤ੍ਰ ਬਿਛਾਏ।
ਊਪਰ ਚੌਂਕੀ ਚਾਰੁ ਡਸਾਏ ॥੨੫॥
ਤਿਸ ਪਰ ਬਸਤਰ ਬਹੁਰ ਬਿਛਾਵਾ।
ਸ੍ਰੀ ਅੰਗਦ ਕੋ ਤਹਾਂ ਬਿਠਾਵਾ।
ਥਾਲ ਬਿਸਾਲ ਕ੍ਰਿਪਾਲ ਅਗਾਰੀ।
ਖੀਰ ਖੰਡ ਘ੍ਰਿਤ ਊਪਰ ਡਾਰੀ ॥੨੬॥
ਅਪਨੇ ਹਾਥ ਪਰੋਸਜੋ ਤਾਂਹੀ।
ਗੁਰੂ ਅਚਹਿਂ ਹਰਖਹਿਂ ਮਨ ਮਾਂਹੀ।
ਸਭਿ ਸੰਗਤਿ ਕੋ ਦਿਯੋ ਅਹਾਰਾ।
ਤ੍ਰਿਪਤਾਏ ਅਚਿ ਸ੍ਵਾਦ ਉਦਾਰਾ ॥੨੭॥

---

[1]ਖੱਤ੍ਰੀ, ਵੈਸ਼।
[2]ਨੀਚ।
[3]ਕਦੇ ਕਦਾਈਂ।

ਸੀਤਲ ਪਾਨਿ ਪਾਨ ਕਰਿਵਾਵਾ।
ਸਭਿ ਹਰਖੇ ਮਨ ਬਾਂਛਤਿ ਪਾਵਾ।
ਚੁਰੀ ਕੀਨਿ ਅਰੁ ਹਾਥ ਪਖਾਰੇ।
ਭਏ ਗੁਰੂ ਚਲਿਬੇ ਕਹੁ ਤਯਾਰੇ ॥੨੮॥
ਤਬਿ ਸ੍ਰੀ ਅਮਰ* ਦਿਯੋ ਬਰ ਤਾਹੂ।
'ਹੁਇ ਸੰਤਤਿ ਤਵ ਬਡ ਸੁਖ ਪਾਹੂ[1]।
ਗਮਨ ਕੀਨਿ ਤਬਿ ਗ੍ਰਾਮ ਖਡੂਰ।
ਰਾਹਕ ਆਦਿਕ ਸੰਗਤ ਭੂਰ ॥੨੯॥
ਅਪਨੇ ਆਸਨ ਆਨਿ ਅਸੀਨੇ।
ਸੁਨਯੋ ਸਭਿਨਿ ਮਿਲ ਦਰਸ਼ਨ ਕੀਨੇ।
ਸਭਿ ਕੇ ਮੰਗਲ ਭਯੋ ਬਿਸਾਲਾ।
ਕਰਿ ਬਰਖਾ ਪੁਨ ਬਸੇ ਕ੍ਰਿਪਾਲਾ ॥੩੦॥
ਨਹੀਂ ਸ੍ਰਾਪ ਕਿਸਹੂੰ ਕੋ ਦੀਨਾ।
ਸਭਿ ਅਪਰਾਧ ਬਖਸ਼ਬੋ ਕੀਨਾ।
ਪੂਜਨਿ ਲਗੇ ਬਹੁਰ ਗੁਰ ਚਰਨਾ।
ਜਿਨ ਕੇ ਸਿਮਰਨ ਜਨਮ ਨ ਮਰਨਾ ॥੩੧॥
ਪੁਨ ਸ੍ਰੀ ਅਮਰ ਗੁਰੂ ਬਚ ਨਾਲਿ।
ਗਮਨ ਕੀਨਿ ਮਗ ਗੋਇੰਦਵਾਲ।
ਕੇਤਿਕ ਹੁਤੇ ਸਿੱਖਜ ਤਬਿ ਸੰਗ।
ਪਾਛਲ ਦਿਸ਼ ਗਮਨਹਿਂ ਤਿਸ ਢੰਗ ॥੩੨॥
ਮਾਰਗ ਬਿਖੈ ਹਾਡ ਇਕ ਮਾਨਵ।
ਪਰਯੋ ਹੁਤੋ ਕਬਿ ਕੋ ਨਹਿਂ ਜਾਨਵ[2]।
ਲਗਯੋ ਚਰਨ ਪਾਛਲ ਦਿਸ ਜਾਂ ਤੇ।
ਕਰਾਮਾਤ ਜਿਨਿ ਮਹਿਂ ਅਧਿਕਾਤੇ ॥੩੩॥
ਨਰਕ ਬਿਖੈ ਤੇ ਨਿਕਸਯੋ ਪਾਪੀ।
ਦੁਸਹਿ ਸਜ਼ਾਇ ਸਕਲ ਹੀ ਖਾਪੀ[3]।
ਤਤਛਿਨ ਮਾਨੁਖ ਤਨ ਹੁਇ ਗਯੋ।
ਜੋ ਨਿਰਜੀਵ ਸਜੀਵੀ ਥਿਯੋ ॥੩੪॥

---

*ਪਾਠ 'ਸ੍ਰੀ ਅੰਗਦ' ਚਾਹੀਏ।
[1]ਗੁਰੂ (ਅੰਗਦ) ਜੀ ਦੀ ਆਗਜ਼ਾ ਨਾਲ ਤੀਸਰੇ ਗੁਰੂ ਜੀ ਨੇ।
[2]ਨਹੀਂ ਜਾਣਿਆਂ ਜਾਂਦਾ।
[3]ਕਠਨ ਸਜ਼ਾਇ ਸਾਰੀ ਉਸ ਦੀ ਨਾਸ਼ ਹੋਈ।

ਸਭਿ ਕੇ ਦੇਖਤਿ ਗਮਨਜੋ ਕਿਤੈ।
ਅਚਰਜ ਲਖਜੋ ਸੰਗਥੇ ਜਿਤੈ।
ਅਮਰਦਾਸ ਨਿਜ ਸਹਜਿ ਸੁਭਾਇ।
ਗੋਇੰਦਵਾਲ ਗਏ ਨਿਜ ਥਾਇਂ ॥੩੫॥
ਨਿਸਾ ਬਿਤਾਈ ਬਸੇ ਨਿਕੇਤ।
ਚਲੇ ਪ੍ਰਾਤਿ ਕੋ ਦਰਸ਼ਨ ਹੇਤ[1]।
ਜਾਇ ਬੰਦਨਾ ਕੀਨਿ ਅਗਾਰੀ।
ਬੈਠੇ ਸੰਗਤਿ ਕੇਰ ਮਝਾਰੀ ॥੩੬॥
ਹੁਤੇ ਸੰਗ ਸਿਖ ਕਿਨਹੁ ਬਖਾਨਾ।
'ਗੁਰ ਜੀ! ਅਚਰਜ ਪਿਖਜੋ ਮਹਾਂਨਾ।
ਜਾਤਿ ਹੁਤੇ ਹਮ ਗੋਇੰਦਵਾਲ।
ਮਗ ਸ੍ਰੀ ਅਮਰਦਾਸ ਕੇ ਨਾਲ ॥੩੭॥
ਅਸਥੀ[2] ਏਕ ਚਰਨ ਸੰਗ ਛੁਹਜੋ।
ਤਾਤਕਾਲ ਨਰ ਤਨਬਨਿ ਗਯੋ।
ਜੀਵ ਉਠਜੋ ਗਮਨਜੋ ਜਿਤ ਚਾਹੂ।
ਇਨਹੁ ਨ ਕਹਜੋ ਸੁਨਜੋ ਕੁਛ ਤਾਂਹੂ' ॥੩੮॥
ਸ਼੍ਰੀ ਅੰਗਦ ਸੁਨਿ ਕੈ ਤਿਨ ਪਾਸੁ।
ਨਿਕਟ ਬੁਲਾਇ ਆਪਨੋ ਦਾਸੁ[3]।
ਨੀਕੀ ਬਿਧਿ ਸਮਝਾਵਨ ਕਰਜੋ।
'ਤੁਮਰੇ ਚਰਨ ਪਦਮ ਬਿਧਿ[+] ਧਰਜੋ[4] ॥੩੯॥
ਪੁਨ ਗੁਰ ਘਰ ਕੀ ਸੇਵ ਕਮਾਈ।
ਸਰਬ ਭਾਂਤਿ ਕਰਿ ਭਾ ਅਧਿਕਾਈ।
ਮਹਿਮਾ ਜਾਨਿ ਸਕਹਿਂ ਨਰ ਨਾਂਹੀ।
ਜੇਤਿਕ ਸ਼ਕਤਿ ਅਹੈ ਤੁਵ ਮਾਂਹੀ ॥੪੦॥
ਸੰਤਨ ਮਤਿ -ਅਜ਼ਮਤਿ ਬਿਦਤਾਇ ਨ[5]-।
ਤੋਹਿ ਰਿਦੇ ਮਹਿਂ ਭੀ ਇਹ ਭਾਇ ਨ[6]।

---

[1]ਭਾਵ, ਸ਼੍ਰੀ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨਾਂ ਲਈ।
[2]ਹੱਡੀ।
[3]ਭਾਵ ਸ਼੍ਰੀ ਅਮਰਦਾਸ ਜੀ ਨੂੰ।
[+]ਪਾ:-ਬਿਧ।
[4]ਕਵਲ ਦਾ ਚਿੰਨ੍ਹ ਵਿਧਾਤਾ ਨੇ ਧਰਿਆ ਹੈ।
[5]ਨਹੀਂ।
[6]ਨਹੀਂ ਭਾਉਂਦੀ ਹੈ।

ਤਊ ਅਚਾਨਕ ਨਰ ਮ੍ਰਿਤੁ ਜੀਵਜੋ।
ਲੋਕਨ ਮਹਿਂ ਅਚਰਜ ਅਤਿ ਥੀਵਜੋ ॥੪੧॥
ਸਹਜਿ ਸੁਭਾਇਕ ਤੁਮ ਨਿਤਿ ਆਵੋ।
ਇਸ ਪ੍ਰਕਾਰ ਪੁਨ ਅਪਰ ਜਿਵਾਵੋ।
ਜਗ ਮਹਿਂ ਬਿਥਰਹਿ ਨਹਿਂ ਇਹੁ ਆਛੀ।
ਮਤਿ ਸੰਤਨ ਮਹਿਂ ਨਾਹਨ ਬਾਂਛੀ[1] ॥੪੨॥
ਯਾਂ ਤੇ ਅਬ ਮੇਰੀ ਸਿਖ ਮਾਨਿ।
ਦ੍ਰਿੜ ਰਾਖਹੁ, ਨਹਿਂ ਤਜਾਗਨ ਠਾਨਿ।
ਜਬਿ ਦਰਸ਼ਨ ਕੀ ਹੁਇ ਉਰ ਪਯਾਸ।
ਹਮ ਚਲਿ ਆਵਹਿਂਗੇ ਤੁਮ ਪਾਸ ॥੪੩॥
ਅਜਮਤਿ ਬਿਦਤ ਜਗਤ ਨਹਿਂ ਹੋਇ।
ਮੇਰੇ ਮਨ ਭਾਵਹਿ ਬਿਧਿ ਸੋਇ।
ਤੁਮਹੀ ਨਿਤਿ ਐਸੇ ਹੀ ਕਰਨੋ।
ਜੋ ਸੰਤਨ ਕੇ ਮਤਿ ਸ਼ੁਭ ਬਰਨੋ' ॥੪੪॥
ਸਨਿ ਸ਼੍ਰੀ ਅਮਰਦਾਸ ਕਰ ਬੰਦਿ।
ਕਹਜੋ ਬਚਨ 'ਸ਼੍ਰੀ ਗੁਰੂ ਮੁਕੰਦ।
ਜੋ ਤੁਮ ਕੋ ਭਾਵਹਿ ਭਲਿ ਸੋਈ।
ਕਰਹਿ ਅਪਰ ਸੁਖ ਪਾਇ ਨ ਕੋਈ[2] ॥੪੫॥
ਅਰ ਮੈਂ ਤੋ ਚਰਨਨਿ ਕੋ ਦਾਸੁ।
ਤ੍ਰਿਪਤੋਂ ਨਹਿਂ ਤੁਮ ਦਰਸ ਪਿਆਸ।
ਆਗੈ ਸ਼੍ਰੀ ਸਤਿਗੁਰ ਜੋ ਭਾਵੈ।
ਸੋ ਆਛੀ ਹਮ ਕੋ ਬਨਿ ਆਵੈ' ॥੪੬॥

ਦੋਹਰਾ: ਸੀਖ ਧਾਰਿ ਉਰ ਦ੍ਰਿੜ ਕਰੀ,
ਪੁਨ ਆਇਸੁ ਕੇ ਨਾਲਿ।
ਸੰਝ ਸਮੈਂ ਪਾਛਲ ਪਗਨਿ,
ਪਹੁੰਚੇ ਗੋਇੰਦਵਾਲਿ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਪੁਨ ਖਡੂਰ ਆਵਨ' ਪ੍ਰਸੰਗ ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥੨੪॥

---

[1]ਪਸੰਦ ਨਹੀਂ।
[2]ਭਾਵ ਜੋ ਤੁਹਾਨੂੰ ਭਾਵੇ ਉਸ ਤੋਂ (ਹੋਰ =) ਉਲਟ ਕਰਕੇ ਕੋਈ ਸੁਖੀ ਨਹੀਂ ਹੋ ਸਕਦਾ।

੨੫. [ਸ੍ਰੀ ਅਮਰ ਜੀ ਦੀ ਗੁਰ ਦਰਸ਼ਨ ਲਈ ਸਿੱਕ ਤੇ ਗੁਰੂ ਜੀ ਦਾ ਮਿਲਾਪ]

੨੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੬

ਦੋਹਰਾ: ਕੇਤਿਕ ਦਿਨ ਬੀਤੇ ਜਬਹਿ, ਗੁਰੁ ਦਰਸ਼ਨ ਨਹਿਂ ਕੀਨ।
ਜੋ ਨਿਤ ਪ੍ਰਤਿ ਨਿਕਟੀ ਰਹੈਂ, ਹੋਇ ਪ੍ਰੇਮ ਆਧੀਨ ॥੧॥

ਚੌਪਈ: ਤਿਨ ਕੋ ਬਿਨ ਦੇਖੇ ਦਿਨ ਬੀਤੇ।
ਕੁਤੋ ਸ਼ਾਂਤਿ ਕਰਿ ਚੀਤਿ ਪ੍ਰਤੀਤੇ[1]।
ਤਰਫਤਿ ਰਾਤ ਨੀਂਦ ਨਹਿਂ ਆਵੈ।
ਦਿਨ ਮਹਿਂ ਰੁਚਿ ਕਰਿ ਅਸਨ ਨ ਪਾਵੈਂ ॥੨॥
ਖਾਨ ਪਾਨ ਸੋਂ ਨਹੀਂ ਸਨੇਹੂ।
ਪਦ ਅਰਬਿੰਦਨਿ ਪ੍ਰੇਮ ਅਛੇਹੂ[2]।
ਸਭਿ ਸੋਂ ਉਦਾਸੀਨ ਰਹਿਂ ਬੈਸੇ।
ਨਹਿਂ ਰੁਚਿ ਬੋਲਨ, ਸੁਨਹਿਂ ਨ ਕੈਸੇ ॥੩॥
-ਮਨ ਸਿਮਰਨ ਕਰਿ ਕਰੋਂ ਹਕਾਰਨ[3]।
ਨਿਸ਼ਚੈ ਆਵਹਿਂਗੇ ਮਮ ਕਾਰਨ।
ਤਊ ਤਿਨਹੁ ਕੋ ਸ਼੍ਰਮ[4] ਮਗ ਹੋਇ।
ਇਹੁ ਮੇਰੇ ਚਿਤ ਰੁਚਹਿ ਨ ਕੋਇ ॥੪॥
ਦਰਸ਼ਨ ਬਿਨਾਂ ਸ਼ਾਂਤਿ ਕਿਮ ਧਾਰੈਂ-।
ਇਮ ਅਸਮੰਜਸੁ ਰਿਦੈ ਬਿਚਾਰੈਂ।
-ਜਾਇ ਖਡੂਰ ਨਿਹਾਰਨ ਕਰਿਹੋਂ।
ਹੁਕਮ ਮਿਟਹਿ ਅਪਰਾਧ ਬਿਚਰਿਹੋਂ[5]- ॥੫॥
ਮਨ ਮਹਿਂ ਅਨਗਿਨ ਠਾਨਹਿਂ ਗਿਣਤੀ।
ਨਿਸ ਦਿਨ ਭਨਹਿਂ ਦੀਨ ਬਨਿ ਬਿਨਤੀ।
ਚਿਤ ਚਟਿਪਟੀ[6] ਲਗਤਿ ਅਧਿਕਾਈ।
-ਕਰੋਂ ਕਹਾਂ ਕੁਛ ਕਰੀ ਨ ਜਾਈ- ॥੬॥
ਉਤ ਸ਼੍ਰੀ ਅੰਗਦ ਜਗ ਗੁਰ ਸ੍ਵਾਮੀ।
ਦਾਸ ਰਿਦੈ ਲਖਿ ਅੰਤਰਜਾਮੀ।

---

[1]ਚਿੱਤ ਕਿਵੇਂ ਸ਼ਾਂਤੀ ਪ੍ਰਤੀਤ ਕਰੇ।
[2]ਇਕ ਰਸ।
[ਸੰਸ:] ਅਚੇਛਦ = ਨਾ ਟੁੱਟਣ ਵਾਲ਼ਾ।
[3]ਮਨ ਵਿਚ ਯਾਦ ਕਰਕੇ ਸੱਦਣਾ ਕਰਾਂ, ਤਦ।
[4]ਥਕਾਨ।
[5]ਵਿਚਾਰਦਾ ਹਾਂ।
[6]ਬਚੈਨੀ, ਆਤੁਰਤਾ।

ਬਢੀ ਪਜਾਸ ਜਿਹ ਸ਼ਾਂਤਿ ਨ ਆਵਤਿ।
ਸੁਕਚਤਿ ਚਿਤ ਕਰਿ ਨਹੀਂ ਬੁਲਾਵਤਿ[1] ॥੭॥
ਅਸਮੰਜਸ ਮਹਿਂ ਸੇਵਕ ਪਰਿਓ।
ਅਪਨੋ ਬਿਰਦ ਸੰਭਾਰਨ ਕਰਿਓ।
ਜਿਮਿ ਚਾਤ੍ਰਿਕ ਕੀ[2] ਪਜਾਸ ਬਿਚਾਰੁ।
ਜਲਧਰ[3] ਧਾਵਹਿ ਕਰੁਨਾਧਾਰਿ ॥੮॥
ਬੂਝਿ ਪ੍ਰੇਮ[4] ਨਿਜ ਬਚਨ ਸਮ੍ਹਾਲਾ।
ਉਠਿ ਕਰਿ ਗਮਨੇ ਦਜਾਲ ਬਿਸਾਲਾ[*]।
ਰਹਯੋ ਨਿਕਟਿ ਜਬਿ ਗੋਇੰਦਵਾਲੂ।
ਲਖਿ ਸ੍ਰੀ ਅਮਰ ਉਠੇ ਤਤਕਾਲੂ ॥੯॥
ਹਿਤ ਸਨਮਾਨ ਅਗਾਰੀ ਗਏ।
ਮਨਹੁ ਪ੍ਰੇਮ ਧਰਿ ਮੂਰਤਿ ਧਏ।
ਦੇਖਿ ਦੂਰ ਤੇ ਦ੍ਰਿਗ ਜਲ ਛਾਏ।
ਧਾਇ ਪਰੇ ਚਰਨਨਿ ਲਪਟਾਏ ॥੧੦॥
ਪਕਰਿ ਭੁਜਾ ਗਰ ਸੰਗ ਲਗਾਇਵ।
ਦੁਹ ਦਿਸ਼ ਪ੍ਰੇਮ ਅਧਿਕ ਉਮਗਾਇਵ।
ਕਰ ਸੋਂ ਕਰ ਗਹਿ ਕਰਿ ਪੁਨ ਚਲੇ।
ਗਜਾਨ ਵਿਰਾਗ ਮਨਹੁ ਦੋ ਮਿਲੇ ॥੧੧॥
ਪੁਰਿ ਮਹਿਂ ਨਹੀਂ ਪ੍ਰਵੇਸ਼ਨ ਕੀਨਸਿ।
ਸਲਿਤਾ ਕੂਲ ਲਲਿਤ ਕੋ ਚੀਨਸਿ।
ਜਹਾਂ ਬਿਹੰਗਨ ਕੇ ਸ਼ੁਭ ਜੋਟੇ।
ਬੋਲਤਿ ਆਪਸ ਮਹਿਂ ਸੁਰ ਛੋਟੇ[5] ॥੧੨॥
ਚਲਤਿ ਪ੍ਰਵਾਹ ਬਿਮਲ ਜਲਜਾਲਾ।
ਮਛ ਕਛ ਉਛਰਤਿ ਸ੍ਵੱਛ ਬਿਸਾਲਾ।
ਸੁੰਦਰ ਹੁਤੋ ਸਥਾਨ ਉਤੰਗਾ[6]।

---

[1]ਚਿੱਤ ਵਿਚ ਸੰਕੋਚ ਕਰਦੇ ਹਨ, (ਕਿ ਖੇਚਲ ਨਾ ਹੋਵੇ ਇਸ ਕਰਕੇ) ਬੁਲਾਂਵਦੇ ਨਹੀਂ (ਸਾਨੂੰ ਭਾਵ ਗੁਰੂ ਅੰਗਦ ਜੀ ਨੂੰ)।
[2]ਪਪੀਹੇ ਦੀ।
[3]ਬੱਦਲ।
[4]ਪ੍ਰੇਮ ਦੇਖ ਕੇ।
[*]ਪਾ:-ਦਯਾ ਬਿਸਾਲਾ।
[5]ਮਹੀਨ ਅਵਾਜ਼ ਨਾਲ ਬੋਲਦੇ।
[6]ਉੱਚਾ।

ਸਿਕਤਾ ਮ੍ਰਿਦੁਲ[1] ਪੁਲਨਿ[2] ਜਨੁ ਗੰਗਾ ॥੧੩॥
ਲਲਿਤ ਸੁਥਲ ਪਿਖਿ ਬੈਠੇ ਜਾਈ।
ਸ਼੍ਰੀ ਅੰਗਦ ਸੇਵਕ ਸੁਖਦਾਈ।
ਲੋਚਨ ਪੁਟ ਤੇ ਅੰਮ੍ਰਿਤ ਰੂਪ[3]।
ਕਰਤਿ ਪਾਨ ਸ਼੍ਰੀ ਅਮਰ ਅਨੂਪ ॥੧੪॥
ਤ੍ਰਿਪਤ ਨ ਹੋਤਿ ਹੇਰਿ ਜਨੁ ਜੀਵਤਿ।
ਅਤਿ ਹਰਖਤਿ ਚਿਤ ਸ਼ਾਂਤੀ ਥੀਵਤਿ।
ਨੀਚੇ ਥਲ ਸਨਮੁਖ ਹੁਇ ਬੈਸੇ।
ਬਾਸਦੇਵ[4] ਅਰਜਨ ਜੁਗੁ ਜੈਸੇ ॥੧੫॥
ਮਹਿਮਾ ਮਹਾਂ ਲਖੀ ਨਹਿਂ ਪਰੇ।
ਅੰਮ੍ਰਿਤ ਬਚਨ ਗਜਾਨ ਰਸ ਭਰੇ।
'ਹੇ ਪੁਰਖਾ! ਤੁਮ ਹੋ ਮਮ ਰੂਪ।
ਭੇਦ ਨ ਜਾਨਹੁ ਤਨਕ, ਅਨੂਪ![5] ॥੧੬॥
ਸਦਾ ਰਿਦੇ ਬਾਸਤਿ ਹੋ ਮੇਰੇ।
ਤੁਝ ਸੋਂ ਪਜਾਰ ਸਦੀਵ ਬਡੇਰੇ।
ਆਤਮ ਗਜਾਨ ਸਦੀਵ ਬਿਚਾਰਹੁ।
ਨਾਨਾ ਭੇਦ ਰਿਦੇ ਨਿਰਵਾਰਹੁ ॥੧੭॥
ਦੇਹਨਿ ਕੇਰ ਸਨੇਹੁ ਅਛੇਹਾ[6]।
ਮਿੱਥਜਾ ਅਹੈ ਨ ਰਾਖਹੁ ਏਹਾ।
ਆਦਿ ਅੰਤ ਮਹਿਂ ਜੋ ਨਹਿਂ ਪੱਯਤਿ।
ਮੱਧਜ ਸੱਤਜ ਸੋ ਕੈਸੇ ਲਹਿਯਤਿ ॥੧੮॥
ਜੋ ਉਪਜਹਿ ਸੋ ਬਿਨਸਨਿ ਹਾਰੋ।
ਲਖਿ ਤਾਂ ਕੋ ਮਿੱਥਜਾ ਨਿਰਵਾਰੋ[7]।
ਇਸ ਮਹਿਂ ਸੰਕਟ ਅਨਿਕ ਪ੍ਰਕਾਰ।
ਨਾਸ਼ਵੰਤ ਦ੍ਰਿਸ਼ਮਾਨ ਸੰਸਾਰ ॥੧੯॥
ਜਿਸ ਕੋ ਇਹੁ ਅਲੰਬ ਨਿਤ ਭਾਸੇ।

---

[1]ਕੋਮਲ ਰੇਤ।
[2]ਕਿਨਾਰਾ (ਅ) ਬ੍ਰੇਤਾ।
[3]ਨੇਤਰਾਂ (ਰੂਪੀ) ਡੂਨਿਆਂ ਨਾਲ ਸੁੰਦਰਤਾ (ਰੂਪੀ) ਅੰਮ੍ਰਿਤ।
[4]ਕ੍ਰਿਸ਼ਨ।
[5]ਹੈ ਉਪਮਾਂ ਤੋਂ ਰਹਤ।
[6]ਅਛੇਹ ਨੇਹ = ਲਗਾਤਾਰ ਯਾ ਨਾ ਟੁੱਟਣ ਵਾਲਾ ਪਿਆਰ।
[7]ਹਟਾ ਦਿਓ।

ਸੋ ਬਿਨ ਆਦਿ ਨ ਅੰਤ ਪ੍ਰਕਾਸ਼ੇ।
ਕਾਲ ਸਪਰਸ਼ਹਿ ਜਾਂਹਿ[1] ਨ ਕਜੋਹੂੰ।
ਆਦਿ ਅੰਤ ਮਧਿ ਇਕ ਰਸ ਤਜੋਂ ਹੂੰ ॥੨੦॥
ਸੋ ਤੂੰ ਅਪਨੋ ਰੂਪ ਪਛਾਨ।
ਏਕ ਆਤਮਾ ਮਹਿਦ ਮਹਾਂਨ।
ਸਤਿ ਚੇਤਨ ਆਨੰਦ ਸੋ ਬ੍ਰਹਮ।
ਬਿਸ਼ੈ ਨ ਇੰਦ੍ਰੀ ਕੋ[2] ਨਿਰਭਰਮ ॥੨੧॥
ਬਿਛਰਨ ਮਿਲਨ ਨ ਜਿਸ ਮੈ ਪੱਯਤਿ।
ਬਜਾਪਕ ਨਭ[3] ਸਮ ਸਭਿ ਥਲ ਲਹਿਯਤਿ।
ਜਨਮ ਨ ਮਰਨ ਨ ਸ਼ੋਕ ਨ ਹਰਖਾ।
ਦ੍ਵੰਦ ਬਿਹੀਨ ਸੁਬੁਧਿ ਕਰਿ ਪਰਖਾ[4] ॥੨੨॥
ਅਹੰਬ੍ਰਹਮ ਅੱਦ੍ਵੈ ਘਨਰੂਪ[5]।
ਇਹੁ ਬ੍ਰਿਤਿ ਨਿਸ਼ਚਲ ਧਰਹੁ ਅਨੂਪ।
ਲੋਕਨ ਕੋ ਸਿਖਵਨਿ[6] ਹਿਤ ਬਾਹਰ।
ਹਮ ਹੈਂ ਦਾਸ ਪ੍ਰਭੂ ਕੇ ਜ਼ਾਹਰ ॥੨੩॥
ਭਗਤਿ ਬਿਥਾਰਹੁ ਸੰਗਤਿ ਮਾਂਹੂ।
ਚਲਹਿਂ ਸਿੱਖ ਪਿਖ ਕਰਿ ਤੁਮ ਰਾਹੂ।'
ਇੱਤਜਾਦਿਕ ਕਹਿ ਗੁਰੂ ਸੁਜਾਨਾ।
ਅਹੰਬ੍ਰਹਮ ਦ੍ਰਿੜ ਆਤਮ ਗਜਾਨਾ* ॥੨੪॥

---

[1]ਜਿਸ ਨੂੰ।
[2]ਇੰਦਰੀਆਂ ਦਾ ਵਿਸ਼ੇ ਨਹੀਂ (ਆਤਮਾ), ਭਾਵ ਇੰਦਰੀਆਂ ਕਰਕੇ ਨਹੀਂ ਜਾਣੀਦਾ।
[3]ਅਕਾਸ਼।
[4]ਦ੍ਵੰਦਾਂ ਤੋਂ ਰਹਤ ਹੈ, (ਸੁ =) ਜੋ ਬੁੱਧੀ ਦੀ ਪਰਖ ਕਰਦਾ ਹੈ। (ਅ) (ਸੁ+ਬੁਧੀ =) ਆਤਮ ਵਿਸ਼ੈਣੀ ਬੁਧੀ ਨਾਲ ਓਸ ਨੂੰ ਪਰਖਿਆ ਜਾਂਦਾ ਹੈ।
[5]ਜਿਸ ਦੇ ਕੋਈ ਹਿੱਸੇ ਨਾ ਹੋ ਸੱਕਣ।
[6]ਸਿੱਖਜਾ।
*ਐਸੇ ਉਪਦੇਸ਼ ਇਕ ਗਜਾਨੀ ਦੂਸਰੇ ਨੂੰ ਦੇਂਦਾ ਹੈ। ਆਪ ਕਵਿ ਜੀ ਗੁਰੂ ਸਾਹਿਬਾਨ ਨੂੰ ਜੋਤਿ ਰੂਪ ਤੇ ਵਾਹਿਗੁਰੂ ਰੂਪ ਦੱਸਦੇ ਆਉਂਦੇ ਹਨ, ਸੋ ਜੋ ਆਪ ਹਨ ਉਹੋ ਹਨ, ਓਹ ਦੋਵੇਂ ਗਜਾਨ ਸਰੂਪ ਹਨ, ਉਨ੍ਹਾਂ ਵਿਚ ਗਜਾਨ ਇਉਂ ਨਹੀਂ ਆਉਂਦਾ ਜਿਵੇਂ ਜੀਵਾਂ ਵਿਚ। ਕਵਿ ਜੀ ਇਹ ਲੋਕਾਂ ਦੇ ਸਮਝਾਉਣ ਲਈ ਆਪਣੇ ਅਨੁਭਵ ਕੀਤੇ ਵੇਦਾਂਤਕ ਗਜਾਨ ਨੂੰ ਵਰਣਨ ਕਰਦੇ ਹਨ। ਗੋਬਿੰਦ ਰੂਪ ਗੁਰੂ ਅੰਗਦ ਜੀ ਨਾਲ ਜਜੋਤੀ ਸਰੂਪ ਸ੍ਰੀ ਅਮਰ ਦੇਵ ਜੀ ਦਾ ਪ੍ਰੇਮ ਅੱਗਜਾਨ ਵਾਲਾ ਪ੍ਰੇਮ ਨਹੀਂ, ਇਹ ਉਹ ਪ੍ਰੇਮ ਹੈ ਜਿਸ ਬਿਨਾਂ ਸ੍ਰੇਸ਼ਟ ਗਜਾਨੀ ਨੂੰ ਬੀ
'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।'

[ਗਉੜੀ ਬਾਃ ਅਖਃ ਮਃ ੫-੧੬]

ਜਿਥੇ ਵੇਦਾਂਤ ਅਟਕ ਖਲਾ ਸੀ ਗੁਰ ਨਾਨਕ ਨੇ ਗਜਾਨ ਨੂੰ ਉਸ ਤੋਂ ਅਗੇ ਟੋਰਿਆ ਸੀ, ਉਹ ਦਾਤ ਦੂਸਰੇ ਗੁਰੂ ਜੀ ਤੀਸਰੇ ਗੁਰੂ ਜੀ ਨੂੰ ਦੇ ਰਹੇ ਸੀ।

ਕੀਨਿ ਆਪਨੇ ਸਦ੍ਰਿਸ਼ ਕ੍ਰਿਪਾਲਾ।
ਜਿਮਿ ਮਸਾਲ ਤੇ ਜਗਹਿ ਮਸਾਲਾ।
ਕਹਿਂ ਲਗ ਕਹਉਂ ਸੁ ਬਚਨ ਬਿਲਾਸ।
ਕਰੇ ਬੈਠਿ ਸਤਿਗੁਰ ਸੰਗ ਦਾਸ ॥੨੫॥
ਬਹੁਰ ਉਠੇ ਤਹਿਂ ਤੇ ਜਗ ਨਾਥਾ।
ਸਹਿਤ ਪ੍ਰੇਮ ਗਹਿ ਸੇਵਕ ਹਾਥਾ।
'ਧੰਨ ਧੰਨ' ਭਾਖਤਿ ਸੰਗ ਜਾਂ ਤੇ[1]।
ਬਾਰ ਬਾਰ ਦਰਸ਼ਨ ਨਿਰਖਾਤੇ[2] ॥੨੬॥
ਪੰਥ ਬਰੋਬਰ ਗਮਨੇ ਜਾਹਿਂ।
ਗਹਿ ਕਰਿ ਦਾਹਨ ਕਰ ਕਰ ਮਾਂਹਿ[3]।
ਬਾਮ ਹਾਥ ਸ੍ਰੀ ਅਮਰ ਸੁਭਾਇਕ[4]।
ਲਟਕਤਿ ਜਾਤਿ ਸੁ ਤਰੇ ਡੁਲਾਇਕ[5] ॥੨੭॥
ਇਸ ਬਿਧਿ ਆਵਤਿ ਪੰਥ[6] ਖਡੂਰੇ।
ਸੇਵਕ ਸੰਗ ਲੀਏ ਗੁਰ ਪੂਰੇ।
ਕਿਤਿਕ ਰਾਹ ਚਲਿ ਕਰਿ ਜਬਿ ਆਏ।
ਤਬਿ ਸ੍ਰੀ ਅਮਰ ਜੀ ਭੁਜਾ ਡੁਲਾਏ ॥੨੮॥
ਭਈ ਅਚਾਨਕ ਗੁਰ ਕੇ ਆਗੇ।
ਦੇਖਤਿ ਅਮਰ ਦਾਸ ਵਡਭਾਗੇ।
ਬਢੀ ਚਿੰਤ ਚਿਤ ਦਾਰੁਨ[7] ਭਾਰੀ।
-ਮਹਾਂ ਅਵੱਗਜ਼ਾ ਗੁਰ ਕੀ ਧਾਰੀ ॥੨੯॥
ਬਾਮ ਬਾਂਹ ਭੀ ਡੋਲ ਅਗਾਰੇ।
ਸਤਿਗੁਰ ਇਸ ਨੇ ਕੀਨ ਪਿਛਾਰੇ-।
ਲਖਿ ਅਪਰਾਧ ਸੁ ਭੁਜਾ ਬਿਸਾਰੀ।
ਤੂਰਨ ਸੁਕਚਾਵਨ ਕੋ ਧਾਰੀ[8] ॥੩੦॥
ਛਾਤੀ ਸੰਗ ਲਾਇ ਸੋ ਲੀਨਸਿ।

---

[1]ਨਾਲੇ ਜਾਂਦੇ ਹਨ (ਸ੍ਰੀ ਅਮਰ ਜੀ)।
[2]ਵੇਖਦੇ।
[3]ਸੱਜੇ ਹੱਥ ਵਿਚ ਹੱਥ ਫੜ ਕਰਕੇ।
[4]ਸਹਿਜ ਸੁਭਾਵ ਹੀ।
[5]ਡੋਲਦਾ ਜਾਂਦਾ ਹੈ।
[6]ਰਾਸਤਾ।
[7]ਭਯਾਨਕ।
[8]ਸੰਕੋਚ ਧਾਰਿਆ।

ਤਿਸ ਛਿਨ ਨੇਮ ਏਵ ਕਰਿ ਲੀਨਸਿ।
-ਅਬਿ ਇਸ ਕੋ ਅਪਨੀ ਨਹਿਂ ਜਾਨੋਂ।
ਕੀਨੋ ਗੁਰ ਅਪਰਾਧ ਪਛਾਨੋਂ ॥੩੧॥
ਕਾਰਜ ਇਸ ਕੇ ਸਾਥ ਨ ਕਰੌਂ।
ਨਹਿਂ ਮਮਤਾ[1] ਕੋ ਮਨ ਮਹਿਂ ਧਰੋਂ-।
ਜਬਿ ਲਗ ਮਹਿ ਮਹਿਂ[2] ਤਨ ਕੌ ਧਾਰੌਂ*।
ਤਿਸ ਕੇ ਸੰਗ ਨ ਕਛੂ ਸੁਧਾਰੌਂ+- ॥੩੨॥
ਛਾਤੀ ਸਾਥ ਲਾਇ ਸੋ ਹਾਥ।
ਚਲੇ ਜਾਤਿ ਸੰਗ ਸ਼੍ਰੀ ਗੁਰ ਨਾਥ।
ਏਕ ਹਾਥ ਦਾਹਨ ਤੇ ਤਬਿਹੂੰ।
ਕ੍ਰਿਯਾ ਸੁਧਾਰਤਿ ਭੇ ਤਨ ਸਬਿਹੂੰ ॥੩੩॥
'ਜੇਤਿਕ ਤਨ ਆਦਿਕ ਕੀ ਕਾਰੇ[3]।
ਨਹੀਂ ਬਾਮ ਸੋਂ ਕਬਹੂਂ ਸੁਧਾਰੇ।'
ਇਹੁ ਸ਼੍ਰੀ ਅਮਰ ਕਹਜੋ++, ਕਸ ਕਰੀ[4]।
ਅੰਗ ਅੰਗ ਗੁਰ ਭਗਤੀ ਧਰੀ[5] ॥੩੪॥
ਇਸ ਬਿਧਿ ਅਪਰ ਜਿ ਕੋ ਨਰ ਕਰੇ।
ਭੁਗਤਿ ਮੁਕਤਿ ਲਹਿ ਭਵਜਲ ਤਰੇ।
ਸ਼੍ਰੀ ਅੰਗਦ ਅਵਲੋਕ ਪ੍ਰਸੰਨੇ।
ਕਰ ਸੁ ਛੁਡਾਇਓ*+ ਕਹਿ 'ਧੰਨ ਧੰਨੇ' ॥੩੫॥
ਉਰ ਮਹਿਂ ਜਾਂ ਤੇ ਕਰਤਿ ਬਿਚਾਰਾ।
-ਇਹ ਦੇਵਹਿਂ ਉਪਦੇਸ਼ ਉਦਾਰਾ।
ਭਗਤਿ ਕਰਹਿਂ ਨਰ ਬਿਚ ਸਤਿ ਸੰਗਤਿ।

---

[1]ਕਿ ਇਹ ਮੇਰੀ ਹੈ।
[2]ਧਰਤੀ ਵਿਚ।
*ਪਾ:-ਧਾਰਜੋ।
+ਪਾ:-ਸੁਧਾਰਜੋ।
[3]ਸਰੀਰ ਦੀ ਕਿਰਿਆ।
++ਪਾ:-ਕਹੋ।
[4]ਕਾਬੂ ਕੀਤੀ
(ਅ) ਤਾੜਨਾ ਕੀਤੀ
(ੲ) ਕੈਸੀ ਕੀਤੀ ਭਾਵ ਕਿਉਂ ਕੀਤੀ? (ਉਤ੍ਰ) ਕਿ ਉਨ੍ਹਾਂ ਨੇ ਅੰਗ ਅੰਗ ਵਿਚ ਗੁਰ ਭਗਤੀ ਧਾਰਨ ਕਰ ਰੱਖੀ ਸੀ।
[5]ਭਾਵ ਗੁਰ ਅੰਗਦ ਜੀ ਨੇ ਉਨ੍ਹਾਂ ਦਾ ਹੱਥ ਸੰਕੋਚਿਆ ਦੇਖ ਕੇ ਭਗਤੀ ਭਾਵ ਸਮਝ ਕੇ 'ਧੰਨ ਧੰਨ' ਆਖਿਆ ਤੇ ਹੱਥ ਛਾਤੀ ਤੋਂ ਛੁਡਾ ਦਿੱਤਾ।
*+ਪਾ:-ਕਰ ਛੋਡਿਓ ਬਡ।

ਸੱਤਜਨਾਮ ਸੰਗ ਹੋਵਹਿ ਰੰਗਤਿ ॥੩੬॥
ਇਸ ਤੇ ਹੋਇ ਉਧਾਰ ਹਜ਼ਾਰੋ।
ਸਿਖੀ ਮਾਰਗ ਕੋ ਬਿਸਤਾਰੋ।
ਪਹੁੰਚੇ ਜਾਇ ਖਡੂਰ ਮਝਾਰੂ।
ਬੈਠੇ ਬਹੁਰ ਸਿੰਘਾਸਨ ਚਾਰੂ ॥੩੭॥
ਢਿਗ ਸ਼੍ਰੀ ਅਮਰ ਹੇਰਿ ਹਰਖਾਇ।
ਬਾਕ ਬਿਲਾਸਨਿ ਦਿਵਸ ਬਿਤਾਇਂ।
ਸੰਧਯਾ ਸਮੈਂ ਜਬਹਿ ਨਿਯਰਾਨਾ।
ਕਹਯੋ 'ਜਾਹੁ ਪੁਰਖਾ! ਨਿਜ ਥਾਨਾ' ॥੩੮॥
ਆਇਸੁ ਪਾਇ ਚਲੇ ਤਿਸੁ ਭਾਂਤੀ।
ਗੁਰ ਦਿਸ਼ ਮੁਖ ਗਮਨਹਿਂ ਪਸ਼ਚਾਤੀ।
ਤੀਨ ਕੋਸ ਚਲਿ ਕਰਿ ਹੁਇ ਖਰੇ।
ਗੁਰੂ ਧਯਾਨ ਧਰਿ ਬੰਦਨ ਕਰੇ ॥੩੯॥
ਕੋਸ ਰਹਹਿ ਜਦ ਗੋਇੰਦਵਾਲੇ।
ਪੁਰਿ ਕੀ ਦਿਸ਼ ਮੁਖ ਕਰਿ ਤਬਿ ਚਾਲੇਂ।
ਜਾਇ ਆਪਨੇ ਧਾਮ ਬਿਰਾਜੇਂ।
ਜਿਨ ਕੇ ਧਯਾਨ ਧਰੇ ਜਮ ਭਾਜੇ ॥੪੦॥
ਪ੍ਰੇਮ ਨਿਰੰਤਰ ਰਿਦੇ ਪ੍ਰਵਾਹੂ।
ਚਿਤਵਹਿਂ ਗੁਰ ਸਰੂਪ* ਮਨ ਮਾਂਹੂ।
ਮੁਖ ਤੇ ਬੋਲਹਿਂ ਤੌ ਗੁਰ ਨਾਮੂ[1]।
ਸੁਨਹਿਂ ਸ਼੍ਰੌਨ ਕਿਰਤਨ ਸੁਖ ਧਾਮੂ ॥੪੧॥
ਅਪਰ ਨ ਦੇਖਯੋ ਸੁਨਯੋ ਨ ਭਾਵੈ।
ਇਕ ਸਤਿਗੁਰ ਕੀ ਉਰ ਲਿਵਲਾਵੈਂ।
ਜਬਿ ਸਿਮਰਹਿਂ ਤਬਿ ਦਰਸ਼ਨ ਕਰੈਂ।
ਬ੍ਰਹਮ ਗਯਾਨ ਕੋ ਨਿਤਿ ਉਰ ਧਰੈਂ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਗੋਇੰਦਵਾਲ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

---

*ਪਾ:-ਵਾ ਸਰੂਪ।
[1]ਤਾਂ ਗੁਰੂ ਜੀ ਦਾ ਨਾਮ ਹੀ (ਬੋਲਦੇ ਹਨ)।

੨੬. [ਸ਼ੀਹਾਂ ਉੱਪਲ। ਗੁਰੂ ਅੰਗਦ ਜੀ ਦੇ ਸਮਾਵਣ ਦੀਆਂ ਤਿਆਰੀਆਂ]

੨੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੭

ਦੋਹਰਾ: ਇਕ ਦਿਨ ਸ਼੍ਰੀ ਅੰਗਦ ਗੁਰੂ, ਗਮਨੇ ਗੋਇੰਦਵਾਲ।
ਸੇਵਕ ਕੋ ਦਰਸ਼ਨ ਦਿਯੋ, ਕਹਿ ਸੁਨਿ ਬਚਨ ਰਸਾਲ ॥੧॥

ਚੌਪਈ: ਸਹਿਜ ਸੁਭਾਇਕ ਆਵਤਿ ਚਲੇ।
ਮਗ ਮਹਿਂ ਸੀਹਾਂ ਉੱਪਲ ਮਿਲੇ।
ਦੇਖਤਿ ਹੀ ਪਗਬੰਦਨ ਕਰੀ।
ਭਯੋ ਨੰਮ੍ਰ ਉਰ ਸ਼ਰਧਾ ਧਰੀ ॥੨॥
ਇਕ ਸੌ ਛਾਂਗ[1] ਸੰਗ ਤਹਿਂ ਅਹੇ।
ਤਿਨ ਕਹੁ ਦੇਖਿ ਗੁਰੂ ਬਚ ਕਹੇ।
'ਭੋ ਸ਼ੀਹਾਂ! ਇਹੁ ਕਿਤ ਤੇ ਲਜਾਇ?
ਕਿਉਂ ਕੀਨਸਿ ਇਨ ਕੋ ਸਮੁਦਾਇ' ॥੩॥
ਸੁਨਿ ਕਰ ਜੋਰੇ ਕਹਯੋ ਬ੍ਰਿਤੰਤ।
'ਹੇ ਸ਼੍ਰੀ ਸਤਿਗੁਰ ਜੀ ਭਗਵੰਤ!
ਮੋਹਿ ਪੁੱਤ੍ਰ ਕੋ ਮੁੰਡਨ[2] ਅਹੈ।
ਬਡ ਉਤਸਾਹ ਕਰਯੋ ਹਮ ਚਹੈਂ ॥੪॥
ਹਮਰੀ ਕੁਲ ਸਭਿ ਇਕਠੀ ਹੋਇ।
ਬਡੋ ਹਮਾਰਨਿ ਕੀ ਬਿਧਿ ਸੋਇ।
ਇਸ ਬਿਧਿ[+] ਕਰਨ ਅਹੈ ਬਿਵਹਾਰ।
ਆਵਹਿਂ[3] ਆਮਿਖ[4] ਕਰਹਿਂ ਅਹਾਰ ॥੫॥
ਸਦਾ ਜਠੇਰਨ[5] ਰੀਤਿ ਹਮਾਰੇ।
ਓਦਨ ਆਮਿਖ[6] ਦੇਹਿਂ ਅਹਾਰੇ।
ਖੁਸ਼ੀ ਅਨੇਕ ਪ੍ਰਕਾਰਨ ਹੋਇ।
ਹੋਹਿਂ ਮੇਲ ਕੁਲ ਕੇ ਸਭਿ ਕੋਇ' ॥੬॥
ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ।
ਭਲੋ ਕਰਨ ਹਿਤ ਕਹਿ ਤਿਸ ਕਾਲ।

---

[1]ਇਕ ਸੌ ਬੱਕਰੇ।
[2]ਸਿਰ ਮੁੰਨਣਾ।
[+]ਪਾ:-ਬਧ।
[3](ਸਾਡੇ ਸਾਕ ਮਿੱਤ੍ਰ) ਆਉਣਗੇ।
[4]ਮਾਸ ਦਾ।
[5]ਵਡਿਆਂ ਦੀ।
[6](ਗਿੱਧੇ) ਚਾਵਲ ਤੇ ਮਾਸ।

ਇਤਨੇ ਜੀਵਨ ਹਿੰਸਾ[1] ਕਰੈਂ।
ਪਾਪ ਬਿਸਾਲ ਅਪਨ ਸਿਰ ਧਰੈਂ ॥੭॥
ਅਬਿ ਤੋ ਸੁਗਮ ਜਾਨੀਅਹਿ ਕਰਿਬੋ।
ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹਿਂ ਸ਼ਾਸਨਾ[2++] ਜਮ ਕੇ ਦੂਤ।
ਤਹਾਂ ਨ ਪਹੁੰਚੇ ਬੰਧਪ ਪੂਤ ॥੮॥
ਜਿਨ ਕੇ ਹਿਤ ਅਘ ਕਰਮ ਕਮਾਇਂ।
ਤਹਾਂ ਨ ਰੰਚਕ ਹੋਇਂ ਸਹਾਇ।
ਸੁਖ ਭੋਗੈਂਗੇ ਸਗਰੇ ਲੋਕ।
ਅਪਦਾ ਪਰਹਿ ਤੋਹਿ ਬਡ ਸ਼ੋਕ ॥੯॥
ਧਰਮਰਾਇ ਜਬ ਕਰਿਹੈ ਲੇਖਾ।
ਲਹੈਂ[3] ਮਹਾਂ ਦੁਖ ਰਹੈ ਨ ਸ਼ੇਖ਼ਾ[4]।'
ਸੁਨਿ ਸ਼ੀਹੇ ਭੈ ਧਾਰਿ ਬਡੇਰੇ।
ਕਹਜੋ 'ਕਰੌਂ ਜਸੁ ਆਇਸੁ ਤੇਰੇ ॥੧੦॥
ਸ਼੍ਰੀ ਗੁਰ! ਕਹਾਂ ਕਰੌਂ ਉਪਚਾਰ?
ਜਿਸ ਤੇ ਹੋਇ ਨ ਜੀਵ ਸੰਘਾਰ।
ਨੀਕੀ ਬਾਤ ਆਪ ਮੁਝ ਕਹੋ।
ਬਚ ਜਿਮ ਰਹੌਂ ਸੁ ਮੈਂ ਭੀ ਚਹੋਂ ॥੧੧॥
ਹੋਹਿਂ ਨ ਪਾਪ ਨਰਕ ਨਹਿਂ ਪਰਿਊਂ।
ਜੀਵ ਘਾਤ ਤੇ ਚਿਤ ਮਹਿਂ ਡਰਿਊਂ।
ਆਪ ਸ਼ਕਤਿ ਧਰ ਹੋ ਸਮਰੱਥੁ।
ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ ॥੧੨॥
ਤੁਮ ਤੇ ਬਡੋ ਕਹਾਂ ਮੈਂ ਪਾਵੋਂ।
ਪਰਜੋ ਸ਼ਰਨ ਮੈਂ ਨਿਤ ਗੁਨ ਗਾਵੋਂ।
ਜਿਮਿ ਇਹੁ ਜੀਵ ਘਾਤ ਨਹਿਂ ਹੋਵੈਂ।
ਨਹੀ ਜਠੇਰਨ ਕੋ ਦੁਖ ਜੋਵੈ[5] ॥੧੩॥
ਅਸ ਉਪਾਇ ਸੁਨਿ ਕੈ ਤਿਸ ਕੇਰੀ।

---

[1]ਮਾਰੇਂਗਾ।
[2]ਤਾੜਨਾ, ਦੰਡ।
[++]ਪਾ:-ਯਾਤਨਾ।
[3]ਪਾਏਂਗਾ।
[4]ਬਾਕੀ ਕਸਰ ਨਹੀਂ ਰਹੇਗੀ।
[5]ਦੇਖਾਂ।

ਭਏ ਕ੍ਰਿਪਾਲ ਭਨਜੋ ਬਚ ਫੇਰੀ ॥੧੪॥
'ਹਮਰੇ ਦ੍ਵਾਰੇ ਮੁੰਡਨ ਕਰੋ।
ਉਰ ਕੌ ਭਰਮ ਸਰਬ ਪਰਹਰੋ।
ਬਿਘਨ ਜਠੇਰਨਿ ਕੋ ਨਹਿਂ ਹੋਇ।
ਸਿਮਰਹੁ ਸੱਤਿਨਾਮ ਦੁਖ ਖੋਇ ॥੧੫॥
ਜਿਨ ਕੋ ਦੁਖਦਾਇਕ ਤੂੰ ਜਾਨੈ।
ਜੋ ਤੇਰੇ ਸਭਿ ਬਿਘਨਨਿ ਠਾਨੈ।
ਸਰਬ ਓਰ ਤੇ ਹੁਇਂ ਰਖਵਾਰੇ।
ਸਭਿ ਸੁਖ ਦੇਹਿਂ, ਨ ਕਾਜ ਬਿਗਾਰੇ ॥੧੬॥
ਅਜ[1] ਸਗਰੇ ਅਬ ਦੀਜਹਿ ਛੋਰ।
ਨਰਕ ਨਿਹਾਰਹਿਂ ਨਹਿਂ ਦੁਖ ਘੋਰ।'
ਸੁਨਿ ਬਚਨ ਧਰਿ ਸ਼ਰਧਾ ਮਾਨੇ।
ਹਾਥ ਜੋਰਿ ਅਪਨੋ ਹਿਤ ਜਾਨੇ ॥੧੭॥
ਅਜ ਖਲਾਸ ਤਿਸੁ ਛਿਨ ਸਭਿ ਕੀਨੇ[2]।
ਗੁਰ ਕੇ ਚਰਨ ਕਮਲ ਮਨੁ ਲੀਨੇ।
ਜਾਇ ਸਦਨ ਸਭਿ ਜੇਤਿਕ ਤਜਾਰੀ।
ਆਨਤਿ ਭਾ ਗੁਰ ਕੇਰ ਅਗਾਰੀ ॥੧੮॥
ਅਪਨੇ ਬੰਧੂ ਤਹਾਂ ਹਕਾਰੇ।
ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ।
ਮੁੰਡਨ ਰੀਤਿ* ਬੰਸ ਕੀ ਜੈਸੇ।
ਭਲੀ ਭਾਂਤਿ ਕਰਵਾਇਵ ਤੈਸੇ ॥੧੯॥

---

[1]ਬੱਕਰੇ।
[2]ਛੱਡ ਦਿੱਤੇ।
*ਇਹ ਪ੍ਰਸੰਗ ਮਹਿਮਾ ਪ੍ਰਕਾਸ਼ ਵਿਚ ਹੈ, ਪਰ ਓਥੇ ਗੁਰੂਦੁਆਰੇ ਮੁੰਡਨ ਹੋਣਾ ਨਹੀਂ ਲਿਖਿਆ, ਸਗੋਂ ਸਿੱਖ ਬਣਨਾ ਲਿਖਿਆ ਹੈ। ਸੀਹੇਂ ਨੂੰ ਗੁਰੂ ਜੀ ਨੇ ਕਿਹਾ ਕਿ ਤੂੰ ਵੱਡਿਆਂ ਤੋਂ ਨਾ ਡਰ, ਮੇਰੇ ਡੇਰੇ ਇਸ ਨੂੰ ਸਿੱਖ ਬਣਾ, ਯਥਾ:-

'ਸੁਹਿਰਦ ਦੇਖ ਪ੍ਰਭ ਦਇਆ ਕਰ ਤਾਂਹਿ ਕਹੀ ਸਮਝਾਇ।
ਮਮ ਦੁਆਰੇ ਸਿੱਖ ਕੋ ਕਰੋ ਬਿਘਨ ਨਾ ਹੋਵੇ ਕਾਇ।'

ਫਿਰ ਜਦ ਸਤਿਗੁਰ ਡੇਰੇ ਗਏ ਤਾਂ ਬੱਚਾ ਸਿੱਖ ਬਣਿਆਂ ਯਥਾ:-

'ਸਤਗੁਰ ਦੁਆਰ ਸਿਖ ਕੋ ਕੀਓ ਕਾਰਜ ਹੋਏ ਰਾਸ।'

ਭਾਈ ਗੁਰਦਾਸ ਜੀ ਨੇ ਸੀਹਾਂ ਉੱਪਲ ਪਹਿਲੀ ਪਾਤਸ਼ਾਹੀ ਦੇ ਵੇਲੇ ਸਿੱਖ ਹੋਇਆ ਲਿਖਿਆ ਹੈ, ਤੇ ਯਾਰਵੀਂ ਵਾਰ ਦੇ ਟੀਕੇ ਵਿਚ ਪਹਿਲੀ ਪਾਤਸ਼ਾਹੀ ਦਾ ਹੀ ਸਿੱਖ ਲਿਖਿਆ ਹੈ। ਤੀਜੇ ਸਤਿਗੁਰਾਂ ਵੇਲੇ ਸੀਹਾਂ, ਭਾਈ ਮੁਰਾਰੀ ਨੂੰ ਕਾਕੀ ਵਿਆਹ ਵਿਚ ਦੇਂਦਾ ਹੈ, ਚੌਥੇ ਸਾਹਿਬਾਂ ਵੇਲੇ ਜਾਪਦਾ ਹੈ ਅੰਮ੍ਰਿਤਸਰ ਕੁਟੰਬ ਸਣੇ ਆ ਵਸਿਆ ਹੈ, ਉਪਲਾਂ ਦੀ ਗਲੀ ਅਜੇ ਤਕ ਹੈ। ਦੂਜੇ ਸਾਹਿਬਾਂ ਨਾਲ ਸਾਖੀ ਮਹਿੰਮਾ ਪ੍ਰਕਾਸ਼ ਦੀ ਹੈ ਤੇ ਓਥੇ ਜ਼ਿਕਰ ਸਿਖ ਬਣਾਉਣ ਦਾ ਹੈ ਮੁੰਡਨ ਦਾ ਨਹੀਂ ਹੈ।

ਪਹਿਤ ਭਾਤ[1] ਕੋ ਦੀਨ ਅਹਾਰਾ।
ਰੁਚਿ ਕਰਿ ਖਾਇਂ ਸਰਬ ਪਰਵਾਰਾ।
ਸਿਖ ਸੰਗਤ ਸਭਿਹੂੰਨ ਅਚਾਵਾ।
ਬਿਘਨ ਕਛੂ ਨਹਿਂ ਹੋਵਨਿ ਪਾਵਾ ॥੨੦॥
ਸਤਿਗੁਰ ਕੋ ਪ੍ਰਤਾਪ ਅਤਿ ਭਾਰੀ।
ਬਿਘਨ ਕਾਰ[2] ਹੋਏ ਰਖਵਾਰੀ।
ਪੂਰਨ ਸਕਲ ਕਾਜ ਤਿਨ ਕਰਜੋ।
ਸ਼੍ਰੀ ਗੁਰ ਪੰਥ[3] ਰਿਦੇ ਦ੍ਰਿੜ ਧਰਜੋ ॥੨੧॥
ਭਯੋ ਸਿਖ ਤਿਸੁ ਦਿਨ ਤੇ ਗੁਰ ਕੋ।
ਸੇਵਹਿ ਚਰਨ ਭਾਉ ਕਰਿ ਉਰ ਕੋ।
ਦ੍ਰਿੜ ਪ੍ਰਤੀਤ ਕੀਨਸਿ ਗੁਰ ਓਰੀ।
ਅਪਰ ਸਭਿਨਿ ਕੀ ਮਨਤਾ[4] ਛੋਰੀ ॥੨੨॥
ਜੋ ਸਭਿ ਤਜਾਗ ਅਲੰਬ ਗੁਰੂ ਗਹਿ[5]।
ਵਸਤੁ ਅਲੱਭ ਨਹੀਂ ਕੋ ਮਹਿ ਮਹਿ[6]।
ਸ਼ੀਹਾਂ ਉੱਪਲ ਇਸੀ ਪ੍ਰਕਾਰੇ।
ਭਯੋ ਸਿੱਖ ਸਤਿਗੁਰ ਮਤਿ ਧਾਰੇ ॥੨੩॥
ਬਹੁਰੋ ਸ਼੍ਰੀ ਅੰਗਦ ਬਹੁ ਬਾਰੀ।
ਗੋਇੰਦਵਾਲ ਜਾਤਿ ਹਿਤ ਧਾਰੀ।
ਮਿਲਹਿਂ ਦਾਸ ਕੋ ਆਨੰਦ ਦੇਤਿ।
ਵਹਿਰ ਰਹਹਿਂ ਕੈ ਜਾਇਂ ਨਿਕੇਤ ॥੨੪॥
ਇਸ ਪ੍ਰਕਾਰ ਕੁਛ ਸਮੋ ਬਿਤਾਇਵ।
ਜਗ ਮਹਿਂ ਮਗ ਸਿੱਖੀ ਪ੍ਰਗਟਾਇਵ।
ਗਈ ਬਿਤੀਤ ਸਿਸੁਰ ਰੁਤਿ[7] ਸਾਰੀ।
ਸਭਿ ਥਲ ਭਾ ਬਸੰਤ ਗੁਲਜ਼ਾਰੀ[8] ॥੨੫॥
ਚਢਜੋ ਚੇਤ ਸਭਿ ਕੋ ਸੁਖ ਦੇਤਿ।

---

[1]ਦਾਲ ਚਾਵਲ।
[2]ਵਿਘਨਕਾਰਾਂ ਤੋਂ।
[3]ਭਾਵ ਸਿੱਖੀ।
[4]ਮੰਨਣਾ, ਪੂਜਾ।
[5]ਗੁਰੂ ਦਾ ਆਸਰਾ ਫੜੇ।
[6]ਪ੍ਰਿਥਵੀ ਵਿਚ।
[7]ਪਤਝੜੀ ਰੁੱਤ।
[8]ਬਸੰਤ ਦੀ ਗੁਲਜ਼ਾਰ-ਫੁਲਖੇੜਾ।

ਨਹਿਂ ਅਤਿ ਸੀਤ ਨ ਉਸ਼ਨ ਤਪੇਤਿ।
ਬਿਕਸੇ ਕੁਸਮ[1] ਅਨੇਕਨਿ ਰੰਗ।
ਅਤਿ ਸ਼ੋਭਾ ਸੁੰਦਰ ਸਰਬੰਗ[2] ॥੨੬॥
ਪਾਤ ਨਿਪਾਤ ਪਲਾਸ ਪ੍ਰਕਾਸ਼ੇ[3]।
ਜਿਤ ਕਿਤ ਅਰੁਣ ਬਰਣ ਹੀ ਭਾਸੇ।
ਚਹੁਂ ਦਿਸ਼ ਬਨ ਕੀ ਦਿਖੀਅਤਿ ਭੂਮਿ।
ਜਨੁ ਗਨ ਅਗਨੀ ਲਾਟ ਅਧੂਮ[4] ॥੨੭॥
ਉਪਬਨ ਮਹਿਂ ਗੁਲਾਬ ਚਟਕੀਲੇ[5]।
ਬਿਕਸਤਿ ਬੂਟਨ ਸਾਥ ਛਬੀਲੇ।
ਕੌਨ ਕੌਨ ਤਰੁ ਫੂਲਨ ਕੇਰੀ।
ਕਹੀਅਹਿ ਜਾਤ ਰੁਚਿਰਤਾ ਹੇਰੀ ॥੨੮॥
ਸ਼ੋਭਾ ਬਨ ਉਪਬਨ ਕੀ ਬਾਢੀ[6]।
ਮਨਹੁ ਦਿਖਾਵਨਿ ਨਿਜ ਤੇ ਕਾਢੀ[7]।
ਬ੍ਰਿੰਦ ਬਿਹੰਗਨ ਬੋਲਬਿ ਜਨੀਯਤਿ।
ਕਾਨਨ ਰਹਿ ਕਾਨਨ ਮਹਿਂ ਸੁਨੀਯਤਿ[8] ॥੨੯॥
ਰੁਤਿ ਬਸੰਤ ਜਗ ਬਿਦਤ ਛਬੀਲਾ।
ਸ਼ਾਂਤਿ ਬ੍ਰਿੱਤਿ ਸਤਿਗੁਰ ਕੀ ਲੀਲਾ।
ਆਵਤਿ ਗੋਇੰਦਵਾਲ ਜਦਾਈ।
ਬਿਪਨ ਬਿਲੋਕਤਿ ਸੁੰਦਰਤਾਈ ॥੩੦॥
ਤਨ ਕੋ ਤਜਾਗਨ ਚਿਤਵਤਿ[9] ਚਾਹਤਿ।
-ਗਮਨੈਂ ਅਬਿ ਬੈਕੁੰਠ- ਉਮਾਹਤਿ।
ਸਭਿ ਸੰਗਤਿ ਮਹਿਂ ਕਹਿ ਬਿਦਤਾਈ।
'ਤਜਹਿਂ ਸਰੀਰ ਅਬਹਿ ਚਿਤ ਆਈ' ॥੩੧॥

---

[1]ਖਿੜੇ ਫੁੱਲ।
[2]ਸਰਬ ਅੰਗਾਂ ਕਰਕੇ।
[3]ਪਲਾਸ = ਛਿੱਛਰਾ। ਛਿੱਛਰੇ ਦੇ ਪੱਤੇ (ਤਾਂ) ਝੜੇ ਹੋਏ ਹਨ (ਪਰ ਫੁੱਲਾਂ ਨਾਲ ਲੱਦਿਆਂ ਲਾਲੀ ਭਾ ਨਾਲ ਮਾਨੋਂ) ਪ੍ਰਕਾਸ਼ ਰਿਹਾ ਹੈ। ਛਿੱਛਰੇ ਨੂੰ ਫੁੱਲ ਪਹਿਲਾਂ ਨਿਕਲਦੇ ਹਨ ਤੇ ਪੱਤੇ ਪਿੱਛੋਂ।
[4]ਧੂੰਏਂ ਤੋਂ ਰਹਿਤ।
[5]ਖਿੜੇ ਹੋਏ, ਸੁੰਦਰ।
[6]ਬਗੀਚਿਆਂ ਦੀ ਵਧੀ।
[7]ਬਨ ਨੇ ਮਾਨੋਂ ਆਪਣੇ ਵਿਚੋਂ ਦਿਖਾਉਣ ਲਈ ਕੱਢੀ ਹੈ।
[8]ਬਨਾਂ ਵਿਚ ਰਹਿੰਦੇ (ਪੰਛੀ ਬੋਲਦੇ) ਕੰਨਾਂ ਵਿਚ ਸੁਣੀਂਦੇ ਹਨ। (ਅ) ਬਨਾਂ ਵਿਚ ਚੱਲ ਰਹੋ ਤਾਂ ਕੰਨ ਨਾਲ ਸੁਣੋ (ਪੰਛੀ ਬੋਲਦੇ)।
[9]ਚਿਤਵਨੀ, ਵਿਚਾਰ।

ਸੁਨਿ ਸੁਨਿ ਸਿੱਖ ਰਿਦੈ ਬਿਸਮਾਵੈਂ।
'ਵਾਹਿਗੁਰੂ[1] ਤਜਿ ਦੇਹਿ ਸਮਾਵੈਂ।'
ਜਹਿਂ ਕਹਿਂ ਪਸਰ ਗਈ ਇਮ ਬਾਤੀ।
ਹਿਤੂ ਸੁਨਤਿ ਭਰਿ ਆਵਤਿ ਛਾਤੀ ॥੩੨॥
ਊਚ ਨੀਚ ਜੁਤਿ ਚਾਰਹੁਂ ਬਰਨਾ।
ਸੁਨਿ ਸੁਨਿ ਰਿਦੈ ਬਿਸਮਤਾ ਕਰਨਾ।
-ਪੂਰਬ ਕਹੈਂ ਸਮਾਵਹਿ ਫੇਰ[2]।
ਕਰਾਮਾਤ ਕੇ ਧਨੀ ਬਡੇਰ- ॥੩੩॥
ਜਹਿਂ ਕਹਿਂ ਸਿਖ ਬਹੁ ਸੁਨਿ ਸੁਨਿ ਆਵੈਂ।
-ਦਰਸਹਿਂ ਸਤਿਗੁਰ ਬਹੁਰ ਸਮਾਵੈਂ-।
ਅਪਰ ਲੋਕ ਅਵਲੋਕਨ ਕਾਰਨ।
ਆਵਹਿਂ ਕਰਿਤੇ ਸੁਜਸ ਉਚਾਰਨ ॥੩੪॥
ਸੁਨਿ ਸ਼੍ਰੀ ਅਮਰ ਅਧਿਕ ਅਕੁਲਾਏ।
ਨਹਿਂ ਪਹੁਂਚਹਿਂ ਢਿਗ, ਬਿਨਾ ਬੁਲਾਏ।
ਘਟੀ ਕਲਪ[3] ਸਮ ਬੀਤਹਿ ਤਾਂਹੀ।
ਕਰਤਿ ਅਰਾਧਨ ਬਹੁ ਮਨ ਮਾਂਹੀ ॥੩੫॥
ਸ੍ਰੀ ਅੰਗਦ ਲਖਿ ਅੰਤਰਜਾਮੀ।
ਪਠਯੋ ਹਕਾਰਨ ਸਿਖ ਤਬਿ ਸ੍ਵਾਮੀ।
ਸਾਦਰ ਜਾਇ ਅਵਾਹਨ ਕੀਨੇ[4]।
ਸੁਨਤਿ ਚਲਯੋ ਜਲ ਸੋਂ ਦ੍ਰਿਗ ਭੀਨੇ ॥੩੬॥
ਤਤਕਾਲ ਗੁਰ ਦਰਸ਼ਨ ਕਰਯੋ।
ਤੂਰਨ ਕਰਤਿ ਚਰਨ ਪਰ ਪਰਯੋ*।
ਦ੍ਰਵੀ[5] ਬਿਲੋਚਨ ਤੇ ਜਲ ਧਾਰਾ।
ਮਨਹੁ ਪ੍ਰੇਮ ਕੋ ਛੁਟਯੋ ਫੁਹਾਰਾ ॥੩੭॥
ਬਜਾਕੁਲ ਪਰਮ ਜਾਨਿ ਕਰਿ ਦਾਸਾ।
ਸ਼੍ਰੀ ਅੰਗਦ ਮੁਖ ਬਾਕ ਪ੍ਰਕਾਸ਼ਾ।
'ਸੁਨਿ ਪੁਰਖਾ! ਪੂਰਨ ਤੁਮ ਗਜਾਨਿ।

---

[1]ਵਾਹਿਗੁਰੂ ਵਿਚ।
[2]ਪਹਿਲੇ ਕਹਿਕੇ ਫੇਰ ਸਮਾਉਂਦੇ ਹਨ।
[3]ਬ੍ਰਹਮਾ ਦਾ ਇਕ ਦਿਨ ਭਾਵ ਅਣਗਿਣਤ ਸਮੇਂ ਦੇ ਤੁੱਲ।
[4]ਬੁਲਾਏ।
*ਪਾ:-ਤੂਰਨ ਸੀਸ ਚਰਨ ਪਰ ਧਰਯੋ।
[5]ਚਲੀ।

ਪਰਮ ਧਾਮ[1] ਮੈਂ ਕਰੌਂ ਪਯਾਨ ॥੩੮॥
ਹਰਖ ਸ਼ੋਕ ਮਨ ਮਹਿਂ ਨਹਿਂ ਕੋਊ।
ਤੂੰ ਪਰਤੱਖਜ ਰੂਪ ਮਮ ਹੋਊ।
ਦੇਹ ਅਛਤ[2] ਗਯਾਨੀ ਜਗ ਐਸੇ।
ਭਰਯੋ ਕੁੰਭ ਸਾਗਰ ਰਹਿ ਜੈਸੇ[3] ॥੩੯॥
ਘਟ ਫੂਟੇ ਜਲ ਸੋਂ ਜਲ ਮਿਲੈ।
ਤਨ ਤਜਿ ਗਯਾਨੀ ਬ੍ਰਹਮ ਸੋਂ ਰਲੈ।
ਆਵਨਿ ਨਹਿਂ ਮੇਰੋ ਨਹਿਂ ਜਾਵੌਂ।
ਪਰਮਾਤਮ ਨਿਜ ਰੂਪ ਸਮਾਵੌਂ' ॥੪੦॥
ਪੁਨ ਸਿੱਖਜਨ ਸੋਂ ਗਿਰਾ ਉਚਾਰੀ।
'ਉਠਿ ਆਨਹੁ ਗਾਗਰ ਭਰਿ ਬਾਰੀ[4]।
ਅਮਰ ਦਾਸ ਇਸ਼ਨਾਨ ਕਰਾਵਹੁ।
ਸਭਿ ਸੰਗਤਿ ਕੋ ਮੇਲ ਕਰਾਵਹੁ ॥੪੧॥
ਦੋਨਹੁ ਪੁੱਤ੍ਰ ਹਕਾਰਨ ਕਰੋ[5]।
ਮਮ ਤਯਾਰੀ ਹੈ ਦੇਰਿ ਨ ਧਰੋ।
ਸਸਕਾਰਨ ਕੀ ਸੌਜ ਬਿਸਾਲਾ।
ਕਰਹੁ ਇਕੱਤ੍ਰ ਸਕਲ ਤਤਕਾਲਾ ॥੪੨॥
ਪੈਸੇ ਪੰਚ ਨਲੇਰ ਅਨਾਵਹੁ।
ਫੂਲਨ ਮਾਲ ਬਿਸਾਲ ਬਨਾਵਹੁ।
ਤਿਲ ਚੰਦਨ ਕੇਸਰ ਕੋ ਆਨਹੁਂ।
ਕੁਸ਼ਾ ਪੁਨੀਤ ਲੀਪਬੋ ਠਾਨਹੁ[6]' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਸਮਾਵਨ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

---

[1]ਸੱਚ ਖੰਡ ਨੂੰ।
[2]ਹੁੰਦਿਆਂ।
[3]ਜਲ ਦਾ ਭਰਿਆ ਘੜਾ ਸਮੁੰਦਰ ਵਿਚ ਜਿੱਕੁਰ ਰਹਿੰਦਾ ਹੈ।
[4]ਜਲ ਦੀ।
[5]ਬੁਲਾਓ।
[6]ਦੱਭ ਪਵਿੱਤ੍ਰ (ਲਿਆਓ ਤੇ) ਲੇਪਣ ਕਰੋ।

੨੭. [ਸ੍ਰੀ ਅਮਰ ਜੀ ਨੂੰ ਗੁਰਿਆਈ ਦੇਣੀ, ਤੇ ਸਮਾਵਣ ਦੀਆਂ ਤਿਆਰੀਆਂ]

੨੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੮

ਦੋਹਰਾ: ਸ੍ਰੀ ਗੁਰ ਅੰਗਦ ਕੀ ਸੁਨੀ, ਆਇਸੁ ਸਿੱਖ ਸਮਸਤ[1]।
ਬਿਸਮਤਿ ਹੁਇ ਲਾਗੇ ਕਰਨ, ਪੂਜਹਿਂ ਕਰਹਿਂ* ਨਮਸਤ[2] ॥੧॥

ਚੌਪਈ: ਤਬਿ ਸ੍ਰੀ ਅਮਰ ਠਾਨਿ ਇਸ਼ਨਾਨਾ।
ਨੰਮ੍ਰਿ ਹੋਇ ਕਰਿ ਨਿਕਟ ਮਹਾਨਾ।
ਬੈਠੇ ਬੰਦਨ ਕਰਿ ਪਦ ਕੰਜ।
ਆਨਿ ਮਿਲੀ ਸੰਗਤਿ ਸਭਿ ਪੁੰਜ ॥੨॥
ਬੀਚ ਬਿਰਾਜਹਿਂ ਸਤਿਗੁਰ ਬੈਸੇ।
ਸਭਿ ਗ੍ਰਹ ਮੈਂ ਸੂਰਜ ਹੁਇ ਜੈਸੇ।
ਨਿਸਾ ਅਵਿੱਦਜਾ ਨਿਕਟ ਨ ਆਵੈ।
ਨਿੰਦਕ ਤਸਕਰ ਦੇਖਿ ਪਲਾਵੈਂ ॥੩॥
ਪੇਚਕ[3] ਬੇਮੁਖ ਅੰਧੇ ਰਹੇ।
ਨਹੀਂ ਪ੍ਰਕਾਸ਼ ਮਹਾਤਮ[4] ਲਹੇ।
ਸੰਤ ਕਮਲ ਬਿਕਸੇ ਹਰਖਾਏ।
ਅਲਿ ਜਗਜਾਸੀ ਜਹਿਂ ਮੰਡਰਾਏ[5] ॥੪॥
ਮਤਿ ਬਹੁ ਰੀਤਿ ਉਡਗ[6] ਜਗ ਮਾਂਹੀ।
ਪਰਮ ਪ੍ਰਕਾਸ਼ ਸੁ ਪਾਵਤਿ ਨਾਂਹੀ[7]।
ਕੈਰਵ ਕਾਨਨ ਗਨ ਦੁਰਚਾਰੀ[8]।
ਸਭਿ ਮੁਰਝਾਇ ਰਹੇ ਤਿਸ ਬਾਰੀ ॥੫॥
ਸਦਗੁਨ ਜੁਤਿ ਨਰ ਜਾਗਤਿ ਭਏ।
ਬਿਖਈ ਜੀਵ ਤਮਚਰ[9] ਸੁਪਤਏ।
ਜਾਗ੍ਰਤ ਕਰਹਿਂ ਸੁ ਆਦਿ ਸ਼ਨਾਨ[10]।

---

[1]ਸਾਰਿਆਂ ਨੇ।
*ਪਾ:-ਕਹਹਿਂ।
[2]ਨਮਸਕਾਰ।
[3]ਉੱਲੂ।
[4]ਪ੍ਰਕਾਸ਼ ਦੀ ਮਹਿਮਾ।
[5]ਜੱਗਜਾਸੂਆਂ ਰੂਪੀ ਭੌਰੇ ਮੰਡਲੌਂਦੇ ਹਨ।
[6]ਤਾਰੇ।
[7]ਪਰਮ ਪ੍ਰਕਾਸ਼ ਨੂੰ ਪ੍ਰਾਪਤ ਨਹੀਂ ਹੁੰਦੇ, ਭਾਵ ਹੁੰਦੇ ਸਾਰ ਗੁੰਮ ਹੋ ਜਾਂਦੇ ਹਨ। (ਅ) ਆਪਣਾ ਚਾਨਣਾ ਜਗਤ ਉੱਤੇ ਬਹੁਤ ਨਹੀਂ ਪਾ ਸਕਦੇ।
[8]ਸਮੂਹ ਮੰਦ ਕਰਮੀ ਕਵੀਆਂ ਦੇ ਬਨ ਵਾਂਗੂ ਹਨ।
[9]ਰਾਖਸ਼, ਚਮਗਿੱਦੜ, ਉੱਲੂ ਆਦਿ ਜੋ ਹਨੇਰੇ ਵਿਚ ਵਿਚਰਦੇ ਹਨ।
[10](ਸੂਰਜ ਉਦੇ ਹੋਏ ਤੇ ਭਲੇ ਪੁਰਸ਼) ਜਾਗ ਕੇ ਜੀਕੁਣ ਇਸ਼ਨਾਨ ਆਦਿ ਕਰਦੇ ਹਨ।

ਤਿਮ ਸਿਖ ਲਗੇ ਭਗਤਿ ਅਰ ਗਯਾਨ ॥੬॥
ਸੁਪਤ ਰਹੇ ਬਿਸ਼ਿਯਨ ਕੋ ਸੇਵ।
ਨਹੀਂ ਪਛਾਨ ਸਕੇ ਗੁਰ ਭੇਵ।
ਤਬ ਸ਼੍ਰੀ ਅੰਗਦ ਮੁਖ ਪਰ ਲਾਲੀ।
ਖਿਰਯੋ ਕਮਲ ਜਨੁ ਪ੍ਰਭਾ ਬਿਸਾਲੀ ॥੭॥
ਨਿਜਾਨੰਦ ਮਹਿਂ ਮਗਨ ਮਹਾਨਾ।
ਸਭਿਹਿਨਿ ਮਹਿਂ ਤਬ ਬਾਕ ਬਖਾਨਾ।
'ਸੁਨਿ ਪੁਰਖਾ! ਸ਼੍ਰੀ ਅਮਰ ਸੁ ਪਯਾਰੇ।
ਅਬਿ ਤੁਮ ਬੈਠਹੁ ਥਾਨ ਹਮਾਰੇ ॥੮॥
ਰਾਜ ਜੋਗ ਕੋ ਮਹਦ ਸਿੰਘਾਸਨ।
ਤਿਸ ਪਰ ਸ਼ੋਭਹੁ ਕਰਿਹੁ ਪ੍ਰਕਾਸ਼ਨ।'
ਕਹਿ ਪਹਿਰਾਏ ਬਸਤ੍ਰ ਨਵੀਨ।
ਤਿਲਕ ਭਾਲ[1] ਨਿਜ ਕਰ ਸੋਂ ਕੀਨਿ ॥੯॥
'ਭਗਤਿ, ਵਿਰਾਗ, ਜੋਗ, ਤਤ ਗਯਾਨਾ।
ਇਨ ਚਾਰਨ ਕੋ ਦੀਨਿ ਖਜਾਨਾ।
ਮਨ ਬਾਂਛਤ ਦਿਹੁ ਜਗ ਮਹਿਂ ਦਾਨ।
ਤੋਟ ਨ ਦਿਨ ਪ੍ਰਤਿ, ਬਧਹਿ ਨਿਧਾਨ[2] ॥੧੦॥
ਤਾਰਕ ਮੰਤ੍ਰ[3] ਸਭਿਨਿ ਪਰ ਛਾਯਾ।
ਵਾਹਿਗੁਰੂ ਮੁਖ ਜਾਪ ਜਪਾਯਾ।
ਠਾਂਢੀ ਤੋਹਿ ਅੱਗ੍ਰ ਨੌ ਨਿੱਧਿ।
ਦੂਜੀ ਦਿਸ਼ ਪਿਖ ਅਸ਼ਟ ਦਸ਼ੋ ਸਿਧਿ[4] ॥੧੧॥
ਸਨਮੁਖ ਖਰੀ ਲੱਛਮੀ ਤੇਰੇ।
ਸੁਰ, ਗੰਧ੍ਰਬ, ਕਿੰਨਰ ਗਨ ਹੇਰੇ।
ਬਿੱਦਯਾਧਰ[5] ਆਦਿਕ ਸਭਿ ਆਏ।
ਆਗਯਾਕਾਰੀ ਤੁਵ ਸਮੁਦਾਏ ॥੧੨॥
ਤੀਨ ਲੋਕ ਮਹਿਂ ਮੁੱਖਜ ਮਹਾਨੇ।
ਸਭਿ ਕਰ ਜੋਰ ਖਰੇ ਅਗੁਵਾਨੇ।
ਨਿਤਿ ਅਧੀਨ ਰਹਿਂ, ਰਿਦੇ ਬਿਚਾਰੋ।

---

[1]ਮਸਤਕ ਤੇ।
[2]ਖਜ਼ਾਨਾਂ।
[3]ਤਾਰਨ ਵਾਲਾ ਮੰਤ੍ਰ = ਵਾਹਿਗੁਰੂ।
[4]ਅਠਾਰਾਂ ਸਿੱਧੀਆਂ।
[5]ਦੇਵਤਿਆਂ ਦੀ ਇਕ ਕਿਸਮ।

ਨਮਹੁ ਕਰਤਿ[1], ਇਨ ਦਿਸ਼ਾ ਨਿਹਾਰੋ' ॥੧੩॥
ਤਬਿ ਸ਼੍ਰੀ ਅਮਰ ਨੰਮ੍ਰਿ ਹੁਇ ਕਹਜੋ।
'ਇਨ ਸੋਂ ਮੈਂ ਕੁਛ ਕਾਮ ਨ ਲਹਜੋ।
ਕਰਹੁਂ ਕਹਾਂ ਮੈਂ ਇਨ ਕੋ ਲੋਰ।
ਬਸਹੁ ਰਿਦੇ ਪਦ ਪੰਕਜ ਤੋਰ ॥੧੪॥
ਸਭਿ ਕੇ ਮਨ ਕੀ ਜਾਨਹੁ ਸ੍ਵਾਮੀ।
ਜਿਮਿ ਬਰਤਹਿ ਤਿਮ ਅੰਤਰਜਾਮੀ।
ਯਾਂ ਤੇ ਮੇਰੇ ਮਨ ਕੀ ਜਾਨ।
ਬਸੋ ਰਿਦੇ ਨਿਤ ਕਾਂਖ ਮਹਾਨ' ॥੧੫॥
ਸ਼੍ਰੀ ਅੰਗਦ ਸੁਨਿ ਪੁਨ ਸਮਝਾਇਵ।
'ਬਿਨਾ ਕਹੇ ਇਹ ਸਭਿ ਢਿਗ ਆਇਵ।
ਕਰਨਹਾਰ ਆਗਜ਼ਾ ਨਿਤ ਤੇਰੀ।
ਸਗਲ ਭਾਤਿ ਇਨ ਸ਼ਕਤਿ ਬਡੇਰੀ ॥੧੬॥
ਚਹਹੁ ਕਹਹੁ, ਨਹਿਂ ਚਹਹੁ, ਨ ਕਹੀਅਹਿ।
ਏ ਸਭਿ ਨਿਕਟ ਆਪਨੇ ਲਹੀਅਹਿ।
ਸਕਲ ਜਗਤ ਕੋ ਤੁਝ ਗੁਰ ਕੀਨਾ।
ਰਾਜ ਜੋਗ ਸਿੰਘਾਸਨ ਦੀਨਾ ॥੧੭॥
ਸੱਤਜਨਾਮ ਕੋ ਸਿਮਰਨ ਸਾਰੇ।
ਉਪਦੇਸ਼ਹੁ, ਹੁਇ ਭਗਤ ਉਦਾਰੇ[2]।
ਨਰਨ ਹਜ਼ਾਰਨਿ ਕੋ ਕੱਲਜਾਨ।
ਕਰੋ ਆਪ ਦੇ ਕਰਿ ਉਰ ਗਜ਼ਾਨ ॥੧੮॥
ਪ੍ਰੇਮ ਭਗਤਿ ਮੈਂ ਹੇਰਿ ਤੁਮਾਰੀ।
ਬਸਿ ਹ੍ਵੈ ਦਈ ਸਮ੍ਰਿੱਧੀ[3] ਸਾਰੀ।'
ਪੈਸੇ ਪੰਚ ਨਾਲੀਅਰ ਏਕ।
ਲੇ ਬੁੱਢੇ ਤੇ ਜਲਧਿ ਬਿਬੇਕ[4] ॥੧੯॥
ਠਾਂਢੇ ਭਏ ਪ੍ਰਦੱਛਨ ਦੀਨੀ।
ਸ਼੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।
ਪੈਸੇ ਪੰਚ ਅਗਾਰੀ ਧਰੇ।

---

[1]ਏਹ ਤੁਹਾਨੂੰ ਨਮਸਕਾਰ ਕਰ ਰਹੇ ਹਨ।
[2]ਸ੍ਰੇਸਟ।
[3]ਐਸ਼੍ਵਰਜ।
[4]ਭਾਵ ਗੁਰ ਜੀ ਨੇ।

ਝੋਲੀ ਮਹਿਂ ਨਲੇਰ ਧਰਿ ਖਰੇ* ॥੨੦॥
ਕਰਿ ਬੰਦਨ ਸਿੰਘਾਸਨ ਦੀਨਾ।
ਸਭਿ ਸੋਂ ਬਾਕ ਉਚਾਰਨ ਕੀਨਾ।
'ਮੇਰੋ ਸਿੱਖ ਪੁੱਤ੍ਰ ਕੈ ਦਾਸ!
ਅੰਤ ਸਮੈਂ ਜੋ ਚਹਿ ਮਮ ਪਾਸ[1] ॥੨੧॥
ਸੋ ਸਭਿ ਉਠਹੁ ਬੰਦਨਾ ਠਾਨਹੁ।
ਨਹੀਂ ਅਪਰ ਬਿਧਿ ਮਨ ਮਹਿਂ ਆਨਹੁ।'
ਸੁਨਿ ਕਰਿ ਬੁੱਢਾ ਸਭਿਨਿ ਅਗਾਰੀ।
ਖਰੋ ਹੋਇ ਪਗਬੰਦਨ ਧਾਰੀ ॥੨੨॥
ਤਿਸ ਪੀਛੈ ਸਿੱਖ ਸੰਗਤਿ ਸਾਰੇ।
ਕਰੀ ਨਮਹਿਂ ਸ੍ਰੀ ਅਮਰ ਅਗਾਰੇ।
ਸ੍ਰੀ ਅੰਗਦ ਨਿਜ ਸੁਤ ਦਿਸ਼ਿ ਦੇਖਾ।
ਉਠਜੋ ਨ, ਮਨ ਮਹਿਂ ਗਰਬ[2] ਬਿਸ਼ੇਖਾ ॥੨੩॥
ਦਾਸੂ ਸਾਥ ਭਨਜੋ ਗੁਰ ਨਾਥ।
'ਉਠਿ ਤੁਮ ਭੀ ਟੇਕੋ ਨਿਜ ਮਾਥ।'
'ਸੁਨਹ ਪਿਤਾ! ਇਹੁ ਦਾਸ ਹਮਾਰਾ।
ਇਕ ਤੌ ਲੀਨਸਿ ਮਮ ਅਧਿਕਾਰਾ ॥੨੪॥
ਦੁਤੀਏ ਉਠ ਕਰਿ ਸੀਸ ਨਿਵਾਵੈਂ।
ਇਹ ਤੌ ਹਮ ਤੇ ਨਹਿਂ ਬਨਿ ਆਵੈ।
ਨਿਜ ਸਥਾਨ ਪਰ ਇਹੀ ਟਿਕਾਏ।
ਹਮ ਕੋ ਛੂਛੇ ਰਾਖਿ ਸਿਧਾਏ ॥੨੫॥
ਤੁਮ ਸੋਂ ਕਜਾ ਬਸ ਚਲਹਿ ਹਮਾਰੋ।
ਕਿਯੋ ਪੰਥ ਸਭਿ ਜਗ ਤੇ ਨਜਾਰੋ।
ਜਿਮ ਤੁਮ ਦਾਸ ਹੋਇ ਕਰਿ ਪਾਈ।
ਤਿਮ ਅਬਿ ਦਈ ਦਾਸ ਬਡਿਆਈ*' ॥੨੬॥

---

*ਪੰਜ ਪੈਸੇ ਨਾਲੀਏਰ ਸੇਲੀ ਤਲਵਾਰ ਆਦਿ ਗੁਰੂ ਸਾਹਿਬ ਆਪ ਅਗੇ ਰਖਕੇ ਨਮਸਕਾਰ ਕਰਦੇ ਸੇ ਤੇ ਤਿਲਕ ਬੁੱਢਾ ਦਿਆ ਕਰਦਾ ਸੀ। [ਦੇਖੋ ਜੀਵਨ ਬਾਬਾ ਬੁੱਢਾ ਜੀ]।

[1]ਜੋ ਚਾਹੁੰਦਾ ਹੈ ਕਿ ਅੰਤ ਸਮੇਂ ਮੇਰੇ ਪਾਸ (ਪਹੁੰਚੇ)।

[2]ਹੰਕਾਰ।

*ਕੇਵਲ ਸੇਵਾ ਕਰਕੇ ਗਦੀ ਮਿਲਣੀ ਸਮਝਣਾ ਭੁੱਲ ਹੈ। ਪਹਿਲਾ ਕਾਰਨ ਹੈ ਧੁਰੋਂ ਦਾਤ ਲੈ ਕੇ ਆਉਣਾ ਜਿਸ ਦਾ ਸਬੂਤ ਚਰਨਾਂ ਵਿਚ ਪਦਮ ਹੈ। ਦੇਖੋ ਪਿਛੇ ਅੰਸੂ ੨੪ ਅੰਕ ੩੯। ਫਿਰ ਘਾਲ, ਦੇਖੋ ਅੰਸੂ ੨੪ ਅੰਕ ੪੦। ਫਿਰ ਪ੍ਰੇਮ ਜੋ ਅੰਤਰ ਆਤਮੇ ਸਤਿਗੁਰ ਨਾਲ ਸੀ। ਫਿਰ ਨਾਮ ਸਿਮਰਨ, ਫਿਰ ਸਤਿਗੁਰ ਦੀ ਅਗੰਮੀ ਮੇਹਰ। ਐਸੇ ਐਸੇ ਸਾਰੇ ਕਾਰਨ ਗੱਦੀ ਮਿਲਨ ਦੇ ਹੁੰਦੇ ਰਹੇ ਹਨ। ਸੇਵਾ ਤੇ ਪਰਖ ਕਈ ਵੇਰ ਸਿੱਖਾਂ ਨੂੰ ਨਿਸਚੇ ਕਰਾਣ ਲਈ ਹੁੰਦੇ ਸਨ।

ਸੁਨਿ ਦਾਸੂ ਤੇ ਦਾਤੂ ਸਾਥ।
ਆਗਜਾ ਕਹਿ ਗੁਰ 'ਟੇਕੋ ਮਾਥ।'
ਤਿਨ ਭੀ ਨਹਿਂ ਮਾਨੀ ਥਿਤ ਰਹਜੋ।
ਨਿਜ ਬਡਿਆਈ ਕੋ ਬਚੁ ਕਹਜੋ ॥੨੭॥
ਸ਼੍ਰੀ ਅੰਗਦ ਤੂਸ਼ਨਿ ਮੁਖ ਧਾਰੀ।
ਭਲੀ ਬੁਰੀ ਸੁਤ ਸੋਂ ਨ ਉਚਾਰੀ।
ਪੁਨ ਸੰਗਤਿ ਮਹਿਂ ਕਹਜੋ ਸੁਨਾਈ।
'ਮਮ ਸਰੂਪ ਅਬਿ ਇਹੈ ਸੁਹਾਈ ॥੨੮॥
ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁਂ।
ਏਕ ਸਰੂਪ ਦੁਹੁੰਨ ਕੋ ਮਾਨਹੁ।'
ਪੁਨ ਸ਼੍ਰੀ ਸਤਿਗੁਰ ਆਗਜਾ ਕਰੀ।
'ਭੋਜਨ ਤਜਾਰ ਹੋਇ ਇਸ ਘਰੀ ॥੨੯॥
ਸਭਿ ਸੰਗਤਿ ਕੋ ਦੇਹੁ ਅਹਾਰਾ।
ਸਭਿ ਮਿਲਿ ਕਰਉ ਅਨੰਦ ਉਦਾਰਾ।'
ਤਬਿ ਸ਼੍ਰੀ ਅਮਰ ਉਠਜੋ ਹਿਤ ਧਾਰਿ।
ਕੀਨਸਿ ਜਾਇ ਅਹਾਰ ਸੁ ਤਜਾਰ ॥੩੦॥
ਸਤਿਗੁਰ ਆਪ ਜਾਇ ਕਰਿ ਖਾਇਵ।
ਪੁਨ ਸਭਿ ਸੰਗਤਿ ਮਹਿਂ ਬਰਤਾਇਵ।
ਅਪਨ ਸਿੰਘਾਸਨ ਪਰ ਗੁਰ ਗਏ।
ਅਤਿ ਅਨੰਦ ਜੁਤਿ ਸ਼ੋਭਤਿ ਭਏ ॥੩੧॥
ਮਿਲਹਿਂ ਪਰਸਪਰ ਸਿਖ ਸਮੁਦਾਇ।
ਪੂਰਬਲੀ[+] ਕਹਿ ਬਾਤ ਸੁਨਾਇਂ।
-ਸ਼੍ਰੀ ਨਾਨਕ ਨਿਜ ਦੇਹਿ ਸਮੇਤ।
ਕੀਨ ਗਮਨ ਬੈਕੁੰਠ ਨਿਕੇਤ ॥੩੨॥
ਭਗਤ ਕਬੀਰ ਆਦਿ ਜੇ ਭਏ।
ਬਹੁਤ[++] ਸ਼ਰੀਰ ਸਮੇਤ ਸੁ ਗਏ-।
ਇਮਿ ਬਿਚਾਰ ਸਿੱਖਨ ਮੈਂ ਹੋਈ।
ਸ਼੍ਰੀ ਅੰਗਦ ਜਾਨੀ ਮਨ ਸੋਈ ॥੩੩॥
ਰਿਦੇ ਬਿਚਾਰਹਿਂ -ਸ਼ੰਕਾ ਇਨ ਕੇ।
ਨੀਕੇ ਨਹਿਂ ਬਿਬੇਕ ਮਨ ਜਿਨ ਕੇ।

[+]ਪਾ:-ਪੂਰਬ ਕੀ।
[++]ਪਾ:-ਬਹੁਰ।

ਦੇਹਿ ਸਨੇਹ ਨ ਸੰਤਨ ਮਾਂਹੀ।
ਇਮਿ ਸੂਛਮ ਗਤਿ ਜਾਨਹਿਂ ਨਾਂਹੀ ॥੩੪॥
ਜੇ ਇਨ ਕੀ ਮਨ ਸ਼ੰਕ ਨ ਜਾਇ।
ਮਮ ਸੰਗਤਿ ਕੋ ਕਜਾ ਫਲ ਪਾਇਂ।
ਪੁੰਨ ਮਹਾਨ ਬ੍ਰਿਥਾ ਸਭਿ ਖੋਵਹਿਂ।
ਅਸ ਸੰਦੇਹ[1] ਮੈਂ ਜੇ ਮਨ ਹੋਵਹਿ ॥੩੫॥
ਸ਼ਰਧਾ ਤਜਾਗੇ ਦੋਸ਼ ਬਿਸ਼ਾਲੇ।
ਉਰ ਨਿਸ਼ਚਾ ਇਨ ਕੈ ਸਭਿ ਹਾਲੇ[2]-।
ਇਮਿ ਸਿੱਖਨ ਪਰ ਕਰੁਨਾ ਠਾਨੀ।
ਅਦਭੁਤ ਲੀਲਾ ਰਚੀ ਮਹਾਨੀ ॥੩੬॥
ਭਏ ਅਲੋਪ ਸਿੰਘਾਸਨ ਪਰ ਤੇ।
ਹੁਤੇ ਸਮੀਪ, ਨ ਕਹੂੰ ਨਿਹਰਿਤੇ।
ਦੇਖਿ ਚਲਿੱਤ੍ਰ ਬਿਸਮ ਮਤਿ ਰਹੀ।
ਅਦਭੁਤ ਲੀਲਾ ਜਾਤਿ ਨ ਕਹੀ ॥੩੭॥
ਚਹੁੰ ਦਿਸ਼ ਬੋਲਿ ਉਠੇ ਸਿਖ ਸਾਰੇ।
'ਤਨ ਜੁਤਿ ਗੁਰ ਬੈਕੁੰਠ ਪਧਾਰੇ।'
ਪਰਜੋ ਰੌਰ ਸੰਗਤਿ ਕੇ ਮਾਂਹੀ।
'ਸਤਿਗੁਰ ਦਰਸ਼ਨ ਪ੍ਰਾਪਤਿ ਨਾਂਹੀ' ॥੩੮॥
ਲੰਗਰ ਬਿਖੇ ਸੇਵ ਸਭਿ ਕੇਰੀ।
ਕਰਤਿ ਹੁਤੇ ਸ਼੍ਰੀ ਅਮਰ ਬਡੇਰੀ।
ਸੁਨਿ ਕਰਿ ਚਲਿ ਆਏ ਤਤਕਾਲਾ।
ਪਰਜੋ ਸਿੰਘਾਸਨ ਹੀਨ ਕ੍ਰਿਪਾਲਾ[3] ॥੩੯॥
ਪਿਖਿ ਸ਼੍ਰੀ ਅੰਗਦ ਕੀ ਅਸ ਲੀਲਾ।
ਖਰੇ ਹੋਇ ਕਰਿ ਤਹਾਂ ਸੁਸ਼ੀਲਾ[4]।
ਅਚਰਜ ਗਤਿ ਕੁਛ ਲਖੀ ਨ ਜਾਵੈ।
ਜੋ ਸਮ ਹੋਇ ਤਊ ਕੁਛ ਪਾਵੈ[5] ॥੪੦॥

---

[1]ਸੰਸੇ।
[2]ਹਿੱਲ ਜਾਏਗਾ।
[3]ਕ੍ਰਿਪਾਲੂ ਜੀ ਤੋਂ ਸੱਖਣਾ।
[4]ਭਾਵ ਸ਼੍ਰੀ ਅਮਰਦਾਸ ਜੀ।
[5]ਜੇ ਉਨ੍ਹਾਂ ਦੇ ਬ੍ਰੱਬਰ ਦਾ ਹੋਵੇ ਸੋ ਕੁਛ (ਭੇਦ ਨੂੰ) ਪਾਵੇ।
ਅਗੇ ਫੇਰ ਦਸਦੇ ਹਨ ਕਿ ਗੁਰੂ ਅਮਰ ਦੇਵ ਜੀ ਨੇ ਗੱਲ ਸਮਝ ਲਈ, ਭਾਵ ਕਿ ਓਹੋ ਉਨ੍ਹਾਂ ਦੇ ਤੁੱਲ ਸਨ ਓਹੀ ਸਮਝ ਸਕਦੇ ਸਨ।

ਕਰਹਿਂ ਬਿਚਾਰਨਿ ਅਪਨੇ ਚੀਤ।
-ਸ਼੍ਰੀ ਗੁਰ ਕਜੋਂ ਕੀਨਸਿ ਅਸ ਰੀਤਿ?-।
ਤਾਤਪਰਯ ਕੋ ਨੀਕੇ ਜਾਨਾ[1]।
ਪ੍ਰਗਟਾਵਨ ਹਿਤ ਸੁਜਸ ਬਖਾਨਾ[2]: ॥੪੧॥

ਪ੍ਰਮਾਨਕ ਛੰਦ: 'ਅਨੰਦ ਕੰਦ ਰੂਪ ਹੋ।
ਬਿਲੰਦ ਭੂਪ ਭੂਪ[3] ਹੋ।
ਨ ਆਦਿ ਅੰਤ ਤੋਹਿ ਕੋ।
ਸਮਾਨ ਆਨ ਹੋਹਿ ਕੋ[4] ॥੪੨॥

ਮੁਕੰਦ ਸੇਵਕਾਨ ਕੋ। ਪ੍ਰਕਾਸ਼ ਚੰਦ ਭਾਨੁ ਕੋ[5]।
ਸੁ ਦਾਨ ਦੇ ਜਹਾਨ ਕੋ। ਕਰੈ ਜੁ ਖਾਨ ਪਾਨ ਕੋ[6] ॥੪੩॥
ਚਰਿੱਤ੍ਰ ਤੋ[7] ਬਚਿੱਤ੍ਰ ਹੈਂ। ਭਨੇ ਸੁਨੇ[8] ਪਵਿੱਤ੍ਰ ਹੈਂ।
ਅਦੇਵ ਦੇਵ ਨਾਥ ਹੈਂ। ਸਭੈ ਨਿਵਾਇ ਮਾਥ ਹੈਂ ॥੪੪॥
ਅਜਾਯ ਹੋ[9], ਅਮਾਯ ਹੋ[10]।
ਸਦੀਵ ਸੁੱਧਿ ਭਾਯ ਹੋ[11]।
ਪਰੰਪਰਾ ਪਰੇਸ਼ ਹੋ[12]।
ਧਰੰਧਰਾ ਅਦੇਸ਼ ਹੋ[13] ॥੪੫॥
ਰਹੇ ਬਿਸਾਲ ਗੋਪ[14] ਹ੍ਵੈ।
ਜਿ ਖੋਜਿਏ ਨ ਓਪ ਹ੍ਵੈ[15]।
ਅਜਾਨ ਲੋਕ ਹ੍ਵੈ ਰਹੇ।

---

[1]ਚੰਗੀ ਤਰ੍ਹਾਂ ਸਮਝ ਲਿਆ।
[2](ਫੇਰ ਗੁਰੂ ਜੀ ਨੂੰ) ਪ੍ਰਗਟ ਕਰਨ ਲਈ (ਆਪਨੇ) ਜਸ ਉਚਾਰਿਆ।
[3]ਰਾਜਿਆਂ ਦੇ ਵੱਡੇ ਰਾਜੇ।
[4]ਕੌਣ।
[5]ਚੰਦ ਸੂਰਜ ਨੂੰ ਪ੍ਰਕਾਸ਼ਣ ਵਾਲੇ ਹੋ।
[6]ਜਗਤ ਜੋ ਕੁਛ ਖਾਨ ਪਾਨ ਕਰਦਾ ਹੈ ਸੋ ਦਾਨ ਤੁਸੀਂ ਦੇਂਦੇ ਹੋ।
[7]ਆਪਦੇ।
[8]ਜੋ ਕਹੇ ਯਾ ਸੁਣੇ।
[9]ਅਜਨਮ ਹੋ।
[10]ਮਾਯਾ ਰਹਤ ਹੋ।
[11]ਜਿਨ੍ਹਾਂ ਦਾ ਭਾਵ ਸਦਾ ਪਵਿੱਤ੍ਰ ਹੈ। (ਅ) ਸੁੱਤੇ ਸਿੱਧ ਸ੍ਵਰੂਪ ਹੋ।
[12]ਪਰੰਪਰਾ ਤੋਂ ਈਸ਼੍ਵਰਾਂ ਨਾਲੋਂ ਵੱਡੇ ਹੋ।
[13]ਧਰਤੀ ਦੇ ਧਾਰਨ ਵਾਲੇ ਜੀ! (ਆਪਨੂੰ) ਨਮਸਕਾਰ ਹੋਵੇ।
[14]ਗੁੱਝੇ।
[15]ਜਿਨ੍ਹਾਂ ਨੇ ਤੁਸੀਂ ਖੋਜੇ (ਲੱਭੇ) ਹੋ ਉਨ੍ਹਾਂ ਦੀ ਉਪਮਾ (ਸੁੰਦਰਤਾ) ਨਹੀਂ (ਕਹੀ ਜਾ) ਸਕਦੀ। (ਅ) ਆਪ ਜੀ ਦੇ ਇਸੇ ਤਰ੍ਹਾਂ ਦੇ ਗੁਪਤ ਰਹਿਣ ਦੀ ਜੇ ਉਪਮਾ ਖੋਜੀਏ ਤਾਂ ਨਹੀਂ (ਮਿਲਦੀ)।

ਪ੍ਰਤੀਤ ਧਾਰਿ ਨਾ ਲਹੇ[1] ॥੪੬॥
ਗੁਰੂ ਮਹਾਨ ਚੀਨਿਯੋ।
ਨਿਹਾਲ ਦਾਸ ਕੀਨਿਯੋ।
ਨਿਵਾਰਿ ਮੋਹ ਤਾਪ ਕੋ।
ਜਪਾਇ ਨਾਮ ਜਾਪ ਕੋ ॥੪੭॥
ਸਦਾ ਅਧੀਨ ਪ੍ਰੇਮ ਕੇ।
ਨ੍ਰਿਬਾਹਿ ਕੀਨਿ[2] ਨੇਮ ਕੇ।
ਸੁ ਤਾਇ ਜੇਮੁ ਹੇਮ ਕੇ[3]। ਸੁ ਦਾਨ ਦੇਤਿ ਛੇਮ ਕੇ ॥੪੮॥
ਸੁਛੰਦ* ਸਿੰਧੁ ਨੰਦਨਾ[4]। ਅਮੰਦ ਹੋ, ਮਨਿੰਦ ਨਾ[5]।
ਗੋਬਿੰਦ, ਸ਼ੱਤ੍ਰੂ ਕੰਦਨਾ[6]। ਸੁ ਬੰਦਨਾ, ਤੁ ਬੰਦਨਾ[7] ॥੪੯॥

ਦੋਹਰਾ: ਸ੍ਰੀ ਸਤਿਗੁਰ! ਕਿਮ ਆਪ ਅਬਿ, ਹੁਇ ਗੇ ਅੰਤਰ ਧਜਾਨ।
ਲੋਕਨਿ ਕੀ ਸ਼ੰਕਾ ਕਹਾਂ, ਤੁਮਹਿ ਨ ਉਚਿਤ ਮਹਾਂਨ ॥੫੦॥
ਦਿਹੁ ਦਰਸ਼ਨ ਕਰੁਨਾ ਕਰਹੁ, ਪ੍ਰਥਮ ਜਗਤ ਕੀ ਰੀਤਿ।
ਕਰਤੇ ਰਹੇ ਸੁ ਅਬਿ ਕਰਹੁ, ਕਜੋਂ ਠਾਨਹੁ ਬਿੱਪ੍ਰੀਤ ॥੫੧॥
ਪਰਮ ਧਾਮ ਅਭਿਰਾਮ ਕੋ, ਗਮਨਹੁ ਇਹ ਤਨ ਤਜਾਗਿ।'
ਇਮ ਬਿਨਤੀ ਸੁਨਿ ਦਾਸ ਕੀ, ਜਾਨਿ ਮਹਾਂ ਅਨੁਰਾਗ ॥੫੨॥
ਸਿੰਘਾਸਨ ਪਰ ਵਿਦਤ ਭੇ, ਦੇਖਿ ਸਕਲ ਹਰਿਖਾਇ।
'ਜੈ! ਜੈ!' ਸ਼ਬਦ ਉਚਾਰਿ ਕਰਿ, ਪਰੇ ਦੌਰ ਸਭਿ ਪਾਇ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਪਰਮ ਧਾਮ ਗਮਨ' ਪ੍ਰਸੰਗ ਬਰਨਨੰ ਨਾਮ ਸਪਤਬਿੰਸਤੀ ਅੰਸੂ ॥੨੭॥

---

[1]ਨਹੀਂ ਦਰਸ਼ਨ ਕਰਦੇ।
[2]ਨਿਬਾਹੁਣ ਵਾਲੇ।
[3]ਤਾਕੇ ਸੋਨਾ ਜੈਸੇ (ਸੁੱਧ ਕਰੀਦਾ ਹੈ)।
*ਪਾ:-ਜੁ ਛੰਦ।
[4]ਆਪ (ਜਿੰਨੇ) ਸੁਤੰਤ੍ਰ ਹੋ ਸਮੁੰਦਰ ਦਾ ਪੁੱਤ੍ਰ (ਚੰਦਰਮਾਂ ਬੀ ਉਤਨਾ ਨਹੀਂ) (ਅ) (ਵਧੇਰੇ) ਸ੍ਵੱਛ ਹੋ ਚੰਦ੍ਰਮਾਂ ਨਾਲੋਂ (ੲ) ਸੁਤੰਤ੍ਰ ਹੋ ਤੇ ਆਨੰਦ ਦੇ ਸਮੁੰਦ੍ਰ ਹੋ।
[5](ਤੁਸੀਂ ਚੰਦ ਵਾਂਗੂ) ਮੰਦ ਨਹੀਂ ਹੁੰਦੇ (ਵਧਦੇ ਘਟਦੇ ਨਹੀਂ) ਤਾਂਤੇ ਉਹ ਤੁੱਲਜ ਨਹੀਂ।
[6]ਵੈਰੀ ਦੇ ਨਾਸ਼ ਕਰਤਾ।
[7]ਤੁਹਾਨੂੰ ਨਮਸਕਾਰ ਹੈ।

੨੮. [ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ]

੨੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੨੯

ਦੋਹਰਾ: ਅਮਰਦਾਸ ਹੁਇ ਪਾਸ ਗੁਰ, ਨਿਜ ਅਰਦਾਸ ਪ੍ਰਕਾਸ਼।
'ਅਦਭੁਤ ਲੀਲਾ ਆਪ ਕੀ, ਸਦਾ ਬਿਲਾਸ ਹੁਲਾਸ ॥੧॥

ਚੌਪਈ: ਇਹ ਕਾਰਨ ਕਿਮ ਰਾਵਰ ਕੀਨਾ?
ਸਭਿ ਕੇ ਮਨ ਅਚਰਜ ਬਡ ਦੀਨਾ।
ਇਸ ਪ੍ਰਕਾਰ ਨਹਿਂ ਉਚਿਤ ਤੁਮਾਰੇ।
ਪਰਮ ਧਾਮ ਕੋ ਜਥਾ ਪਧਾਰੇ' ॥੨॥
ਸ਼੍ਰੀ ਅੰਗਦ ਸੁਨਿ ਤਬਹਿ ਬਖਾਨਾ।
'ਸਿੱਖਨ ਕੇ ਮਨ ਸ਼ੰਕ ਮਹਾਨਾ।
-ਸਹਤ ਸਰੀਰ ਬਿਕੁੰਠ ਸਿਧਾਰੇ[1]-।
ਆਪਸ ਮਹਿਂ ਮਿਲ ਕਰਤਿ ਉਚਾਰੇ ॥੩॥
ਏਵ ਨ ਕਰਤੇ ਸ਼ਰਧਾ ਨਾਸਤਿ।
ਲਗਤਿ ਦੋਸੁ ਮਮ ਦਾਸਨ ਗ੍ਰਾਸਤਿ।
ਸਭਿਹਿਨਿ ਮਨ ਸ਼ੰਕਾ ਮਲ ਧਾਰੀ।
ਇਹੁ ਕ੍ਰਿਤਿ ਜਲੁ ਸਾਥ ਪਖਾਰਾ[2] ॥੪॥
ਮਮ ਸੰਗਤ ਤੇ ਸਿਖ ਸੁਖ ਪਾਵਹਿਂ।
ਬਿਨ ਸ਼ਰਧਾ ਸੋ[3] ਹਾਥ ਨ ਆਵਹਿ।'
ਬਿਗਸ ਬਦਨ ਤੇ ਬਹੁਰ ਬਖਾਨੀ।
'ਸੁਨਿ ਪੁਰਖਾ! ਤੂੰ ਪੂਰਨ ਗਜ਼ਾਨੀ* ॥੫॥
ਇਹ ਜਗ ਸਲਿਤਾ ਕੋ ਸੁ[4] ਪ੍ਰਵਾਹਾ।
ਚਲਜੋ ਜਾਤ, ਪੁਨ ਪੂਰਨ ਆਹਾ।
ਜਲ ਤਰੰਗ ਜਿਉਂ ਜਲਹਿ ਸਮਾਵੈਂ।
ਹੈਂ ਜਲ ਜਲ ਤੇ ਭਿੰਨ[5] ਦਿਖਾਵੈ ॥੬॥
ਸੰਤ ਦ੍ਵੈਤ ਤਿਮ ਨਾਂਹਿਨ ਮਾਨੇ।
ਆਤਮ ਪਰਮਾਤਮ ਇਕ ਜਾਨੇ।

---

[1](ਕਿ ਇਹ ਬੀ) ਸਰੀਰ ਸਮੇਤ ਬੈਕੁੰਠ ਸਿਧਾਰਨ (ਅ) (ਕਿ ਗੁਰੂ ਨਾਨਕ) ਸਿਧਾਰੇ ਹਨ।
[2]ਇਹ ਕਰਕੇ (ਉਹ ਮੈਲ ਮਾਨੋਂ) ਜਲ ਨਾਲ ਧੋ ਦਿੱਤੀ ਹੈ।
[3]ਉਹ (ਸੁਖ)।
*ਗੁਰੂ ਅਮਰ ਦਾਸ ਜੀ ਹੁਣ ਆਪਣੇ ਅਸਲੀ ਸਰੂਪ ਵਿਚ ਪ੍ਰਕਾਸ਼ਮਾਨ ਹਨ ਤੇ 'ਆਪ' ਹਨ: ਹੁਣ ਉਨ੍ਹਾਂ ਨੂੰ ਪੂਰਨ ਗਜ਼ਾਨੀ ਕਹਿਣਾ ਨੀਵੀਂ ਉਪਮਾ ਹੈ, ਗਜ਼ਾਨ ਤਾਂ ਉਨ੍ਹਾਂ ਤੋਂ ਪ੍ਰਕਾਸ਼ ਪਾਉਂਦਾ ਹੈ। ਕਵਿ ਜੀ ਦੀ ਮੁਰਾਦ 'ਪੂਰਨ' ਤੇ ਜ਼ੋਰ ਦੇਣ ਤੋਂ ਹੈ, ਕਿਉਂਕਿ ਓਹ ਸਭ ਬਿਧ ਪੂਰਨ ਹਨ, 'ਆਪ' ਹਨ।
[4]ਵਾਂਗੂ ਹੈ।
[5]ਅੱਡ।

ਜਿਮੁ ਜਲ ਬਿਖੈ ਬੁਦਬੁਦਾ ਹੋਇ।
ਜਨਮ ਮਰਨ ਦੇਹਿਨਿ ਇਮ ਜੋਇ[1] ॥੭॥
ਪੱਤ੍ਰ ਪੁਰਾਤਨ ਤਰੁ ਕੇ ਗਿਰੈਂ।
ਬਹੁਰ ਨ ਜੁਰੈਂ ਨਏ ਲਗ ਪਰੈਂ।
ਤਥਾ ਸਰੀਰ ਜਰਜਰੀ ਹੋਇ।
ਮਰਤਿ ਨ ਏ ਉਪਜਹਿ ਜਗ ਜੋਇ ॥੮॥
ਜਗਤ ਅਨਾਦਿ ਕਾਲ ਕੋ ਐਸੇ।
ਚਲਜੋ ਆਇ ਜਿਹ ਪਾਰ ਨ ਕੈਸੇ।
ਅਬਿ ਤੁਮ ਸਭਿ ਨੇ ਮੋਹਿ ਪਿਛਾਰੀ।
ਕਰਹੁ ਨ ਸ਼ੋਕ ਮੋਹ ਕੋ ਟਾਰੀ ॥੯॥
ਮੰਗਲ ਨਾਨਾ ਭਾਂਤਿ ਕਰੀਜੈ।
ਸ਼ਬਦ ਕੀਰਤਨ ਪਠਹੁ ਸੁਨੀਜੈ।'
ਦੋਨਹੁ ਪੁੱਤ੍ਰ ਆਇ ਤਿਸ ਕਾਲਾ।
ਪਰੇ ਚਰਨ ਅਰਬਿੰਦ ਕ੍ਰਿਪਾਲਾ ॥੧੦॥
'ਦਯਾਧਾਰਿ ਬਿਵਹਾਰ ਬਤਾਵਹੁ।
ਜਿਮਿ ਪੀਛੇ ਹਮ ਕਰਹਿਂ, ਜਨਾਵਹੁ।
ਜਗਤ ਰੀਤਿ ਅਰੁ ਕੁਲ ਆਚਾਰ[2]।
ਜੈਸੇ ਆਯੋ ਹੋਤਿ[+] ਅਗਾਰ[3] ॥੧੧॥
ਸੁਨਿ ਸ਼੍ਰੀ ਸਤਿਗੁਰ ਬਾਕ ਉਚਾਰੇ।
'ਜਗ ਅਰ ਕੁਲ ਕੇ ਜਿਤਿਕ ਅਚਾਰੇ।
ਹਮਰੇ ਹੇਤ ਨਹੀਂ ਕੁਛ ਕਰਨਾ।
ਕੀਰਤਿ ਪਠਿ ਸੁਨਿ ਨਾਮ ਸਿਮਰਨਾ ॥੧੨॥
ਕਰਹੁ ਅਨੰਦ ਮੰਗਲਾ ਚਾਰਾ।
ਦੇਹੁ ਸਰੀਰ ਅਗਨਿ ਸਸਕਾਰਾ[++]।'
ਪੁਨ ਪੁੱਤ੍ਰਨ ਕੋ ਸੰਗਤਿ ਸਾਥ।
ਕਹਿ ਸ਼੍ਰੀ ਅਮਰ ਗਹਾਯੋ ਹਾਥ ॥੧੩॥
ਸਭਿਹਿਨਿ ਕੋ ਉਪਦੇਸ਼ ਦ੍ਰਿੜ੍ਹਾਯੋ।
'ਇਹ ਮੈਂ ਅਪਨੇ ਥਾਨ ਬਿਠਾਯੋ।

---

[1]ਦੇਖ! (ਅ) ਦੇਖੀਦਾ ਹੈ।
[2]ਕਰਤੱਵਜ।
[+]ਪਾ:-ਹੁਤੋ।
[3]ਜਿਸ ਤਰ੍ਹਾਂ ਅੱਗੇ ਹੁੰਦਾ ਆਇਆ ਹੈ।
[++]ਇਹ ਵਾਕ ਤੇ ਇਨ੍ਹਾਂ ਦਾ ਅਮਲ ਗੁਰ ਮਿਰ੍ਯਾਦਾ ਹੈ, ਇਹ ਗੁਰ ਮਿਰ੍ਯਾਦਾ ਦਾ ਮੁੱਢ ਹੈ।

ਮੋ ਮਹਿਂ ਇਸ ਮਹਿਂ ਭੇਦ ਨ ਜਾਨੋ।
ਜੋ ਜਾਨੈ ਲਹਿ ਖੇਦ ਮਹਾਨੋ ॥੧੪॥
ਭੁਗਤਿ ਮੁਕਤਿ ਸਭਿ ਇਨ ਕੇ ਹਾਥ।
ਜੋ ਸੇਵਹਿ ਹੋਵੈ ਸੁਖ ਸਾਥਿ।
ਸ਼ਰਨ ਪਰੈ ਸੋਊ ਜਗ ਤਰੈ।
ਹੋਇ ਦੁਖੀ ਦ੍ਰੋਹ ਜੁ ਉਰ ਧਰੈ ॥੧੫॥
ਇਰਖਾ ਕਰੈ ਸਰੈ ਨਹਿਂ ਕਾਰ।
ਉਲਟੋ ਅਪਨੋ ਲੇਹਿ ਬਿਗਾਰਿ।'
ਇਮ ਕਹਿ ਲੀਨਿ ਹਕਾਰਿ ਜੁਲਾਹੇ।
ਤਤਛਿਨ ਆਏ ਸਤਿਗੁਰ ਪਾਹੇ ॥੧੬॥
ਤਿਨ ਸੋਂ ਕਹਯੋ 'ਤਜਹੁ ਇਹ ਗ੍ਰਾਮ*।
ਅਪਰ ਥਾਨ ਕੀਜਹਿ ਨਿਜ ਧਾਮ।
ਕੀਲਾ ਅਮਰ ਚਰਨ ਲਗ ਗਿਰਯੋ।
ਸੋ ਤਰੁ ਹੋਇ ਭਯੋ ਅਬਿ ਹਰਯੋ[1] ॥੧੭॥
ਤਿਸ ਕੇ ਢਿਗ ਸਸਕਾਰ ਹਮਾਰੋ।
ਮੰਦਰ ਸੁੰਦਰ ਬਨਹਿਂ ਉਦਾਰੋ।
ਨਹੀਂ ਬਿਦਾਰੁ ਸਕਹਿ ਤਿਸ ਕੋਊ।
ਰਹਿ ਚਿਰਕਾਲ ਥਿਰਹਿ ਤਰੁ ਸੋਊ' ॥੧੮॥
ਦਰਬ ਬ੍ਰਿੰਦ ਤਬਿ ਦਿਯੋ ਕੁਵਿੰਦਹ[2]।
'ਕਰਹੁ ਅਪਰ ਥਲ ਸਦਨ ਬਿਲੰਦਹਿ।
ਜੇ ਕਰਿ ਇਹਾਂ ਬਸਹੁ ਕਬਿ ਆਇ।
ਨਹਿਂਨ ਬਚੋ ਸਗਰੇ ਮਰਿ ਜਾਇ ॥੧੯॥
ਸੋ ਇਹ ਥਾਨ+ ਹਮਾਰਾ ਭਯੋ।
ਤਿਸ ਕੋ ਮੋਲ ਤੁਮੈਂ ਦੈ ਦਯੋ।'
ਸੁਨਿ ਕੁਵਿੰਦ ਧਰਿ ਤ੍ਰਾਸ ਬਿਲੰਦ।
ਲਯੋ ਦਰਬ ਜੋ ਦੀਨਸਿ ਬ੍ਰਿੰਦ++ ॥੨੦॥
ਪੁਨ ਸ਼੍ਰੀ ਅਮਰ ਸਿੱਖ ਸਮੁਦਾਏ।

---

*ਪਾ:-ਠਾਮ।
[1]ਉਹ ਹੁਣ ਹਰਾ ਹੋ ਆਇਆ ਹੈ, ਬ੍ਰਿੱਛ ਬਣ ਜਾਏਗਾ।
[2]ਜੁਲਾਹੇ ਨੂੰ।
+ਪਾ:-ਸੋ ਇਸਥਾਨ।
++ਪਾ:-
ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

ਤਨ ਸਿਸਕਾਰਨ ਕੋ ਸਮੁਝਾਏ।
'ਜਹਿਂ ਕਰੀਰ ਹੋਵੈ ਤਰੁ ਹਰੋ।
ਤਿਸ ਕੇ ਨਿਕਟ ਥਾਨ ਮਮ ਕਰੋ' ॥੨੧॥
ਮੁਖ ਪ੍ਰਸੰਨ ਇਮਿ ਕਹਿ ਸਭਿ ਕਾਂਹੂ।
ਖਿਰਜੋ ਕਮਲ ਜਨੁ ਜਲ ਕੇ ਮਾਂਹੂ।
ਅਤਿਸ਼ੈ ਸੁੰਦਰਤਾ ਛਬਿ ਬਾਢੀ।
ਲਾਲੀ ਅਰਣੋਦਯ[1] ਸਮ ਗਾਢੀ ॥੨੨॥
ਕਮਲ ਪੱਤ੍ਰ ਸਮ ਬਿਕਸੇ ਲੋਚਨ।
ਦੇਖਤਿ ਸਭਿ ਦਿਸ਼ ਸੋਚ ਬਿਮੋਚਨ।
ਮੁਸਕਾਵਤਿ ਬੋਲਤਿ ਮਨ ਭਾਵਤਿ।
ਸਿਖ ਸਭਿ ਪਿਖਿ ਕਰਿ ਬਲਿ ਬਲਿ ਜਾਵਤਿ ॥੨੩॥
ਨਿਜ ਅਨੰਦ ਮਹਿਂ ਮਗਨ ਬਿਲੰਦੇ।
ਧਾਰਨ ਤਜਾਗਨ ਦੇਹਿ ਸੁਛੰਦੇ[2]।
ਕ੍ਰਿਪਾ ਦ੍ਰਿਸ਼ਟਿ ਸੋਂ ਸਭਿ ਦਿਸ਼ਿ ਦੇਖਾ।
ਦੀਨਸਿ ਦਰਸ਼ਨ ਅਨੰਦ ਵਿਸ਼ੇਖ਼ਾ ॥੨੪॥
ਪੁਨ ਸਭਿ ਕੇ ਦੇਖਤਿ ਤਤਕਾਲ।
ਪੌਂਢ ਗਏ ਸ਼੍ਰੀ ਗੁਰੂ ਕ੍ਰਿਪਾਲ।
ਊਪਰ ਬਿਸਦ ਬਸਤ੍ਰ ਕੋ ਲੀਨਾ।
ਪਰਮ ਧਾਮ ਪ੍ਰਸਥਾਨੋ ਕੀਨਾ ॥੨੫॥
ਤਿਹ ਛਿਨਿ ਬਿਧਿ[3] ਸ਼ੰਕਰ[4] ਚਲਿ ਆਏ।
'ਸਾਧ ਸਾਧ' ਮੁਖ ਬਾਕ ਅਲਾਏ।
'ਗੁਰ ਆਸ਼ੈ[5] ਕੋ ਦ੍ਰਿੜ੍ਹ ਬਡ ਕਰਜੋ।
ਅਜਰ ਜਰਨ ਨਿਸ਼ਚੈ ਉਰ ਧਰਜੋ ॥੨੬॥
ਅਪਨੀ ਚਾਹਨਿ ਹਿਤ ਬਡਿਆਈ।
ਕਰਾਮਾਤ ਨਹਿਂ ਰੰਚੁ ਦਿਖਾਈ।
ਉਰ ਗੰਭੀਰ ਧੀਰ ਬੁਧਿਵੰਤਾ।
ਅਚਲ ਮੇਰੁ ਸਮ ਨਹੀਂ ਚਲੰਤਾ' ॥੨੭॥
ਅਪਰ ਦੇਵ ਇੰਦ੍ਰਾਦਿਕ ਆਏ।

---

[1]ਸੂਰਜ ਉਦਯ ਦੀ ਲਾਲੀ।
[2]ਦੇਹ ਦਾ ਧਾਰਨਾ ਯਾ ਤਿਆਗਣਾ ਆਪ ਦੇ ਆਪਣੇ ਵੱਸ ਵਿਚ ਹੈ।
[3]ਬ੍ਰਹਮਾਂ।
[4]ਸ਼ਿਵ ਜੀ।
[5]ਭਾਵ ਗੁਰ ਨਾਨਕ ਦੇਵ ਦੇ ਆਸ਼ੇ ਨੂੰ।

ਮੰਗਲ ਕਰਿ 'ਜੈ' ਸ਼ਬਦ ਸੁਨਾਏ।
ਗੋਰਖ ਆਦਿ ਸਿੱਧ ਸਮੁਦਾਈ[1]।
ਆਇ ਸਭਿਨਿ ਕੀਨਸਿ ਬਡਿਆਈ ॥੨੮॥
'ਜੈ ਜੈ ਕਾਰ' ਸੁਰਗ ਮਹਿਂ ਭਯੋ।
ਅਤਿ ਉਤਸਾਹ ਦੇਵਤਨਿ ਕਯੋ।
'ਧੰਨ ਧੰਨ ਸਤਿਗੁਰੂ' ਬਖਾਨੈਂ।
ਆਇ ਅਗਾਊ ਆਦਰ ਠਾਨੈਂ ॥੨੯॥
ਕਲਪ ਬ੍ਰਿੱਛ ਫੂਲਨ ਕੀ ਮਾਲਾ।
ਪਹਿਰਾਵਹਿਂ ਗੁਰ ਗਰੇ ਬਿਸਾਲਾ।
ਪੁਸ਼ਪਾਂਜਲ[2] ਛੋਰਤਿ ਬਰਖਾਵੈਂ।
ਬਡ ਸੁਗੰਧਿ ਚੰਦਨ ਚਰਚਾਵੈਂ ॥੩੦॥
ਇੱਤਜਾਦਿਕ ਅਰਪਹਿਂ ਅਰ ਗਾਵੈਂ।
ਦੇਵਬਧੂ ਨਾਚਤਿ ਹਰਿਖਾਵੈਂ।
ਗੁਰ ਆਗਵਨ ਸੁਰਗ ਉਤਸਾਹੂ।
ਕਹਿਂ ਲਗ ਕਹੋ ਜੁ ਭਯੋ ਉਮਾਹੂ ॥੩੧॥
ਇਤ[3] ਸ਼੍ਰੀ ਅਮਰ ਸਿੱਖਜ ਜੇ ਸਾਰੇ।
ਆਇਸੁ ਤੇ ਉਰ ਸ਼ੋਕ ਨਿਵਾਰੇ।
ਸਭਿ ਮਿਲਿ ਕਰਹਿਂ ਕੀਰਤਨ ਚਾਰੁ।
ਊਚੇ ਉਚਰਹਿਂ ਜੈ ਜੈ ਕਾਰ ॥੩੨॥
ਪੁਨ ਬਿਬਾਨ ਨੀਕੋ* ਬਨਵਾਇਵ।
ਮਾਲ ਬਿਸਾਲ ਪੁਸ਼ਪ ਲਰਕਾਇਵ[4]।
ਸੁੰਦਰ ਬਸਤ੍ਰ ਲਾਇ ਦਿਸ਼ ਚਾਰ।
ਮਿਲਿ ਬਹੁਤਨਿ ਸ਼ੁਭ ਰੀਤਿ ਸੁਧਾਰਿ ॥੩੩॥
ਸਤਿਗੁਰ ਤਨ ਕਰਿਵਾਇ ਸ਼ਨਾਨ।
ਬਰ ਅੰਬਰ[5] ਊਪਰ ਕੋ ਤਾਨ।
ਬੀਚ ਬਿਬਾਨ ਬਹੁਰ ਪੌਢਾਏ।
ਬੁੱਢੇ ਆਦਿ ਸੁ ਲੀਨਿ ਉਠਾਏ ॥੩੪॥

---

[1]ਸਾਰੇ।
[2]ਫੁੱਲਾਂ ਦੇ ਬੁਕ।
[3]ਇਧਰ।
*ਪਾ:-ਕੀਨੋ।
[4]ਲਟਕਾਈਆਂ।
[5]ਸੁਹਣਾ ਕੱਪੜਾ।

ਜਹਾਂ ਜੁਲਾਹਨਿ ਸਦਨ ਸਥਾਨ।
ਚਿਖਾ ਰਚੀ ਤਹਿਂ ਰੁਚਿਰ ਮਹਾਂਨ।
ਚੰਦਨ ਬ੍ਰਿੰਦ ਧਰਜੋ ਤਿਸ ਬੀਚ।
ਤਿਲ ਘ੍ਰਿਤ ਅਧਿਕ ਆਨਿ ਤਿਹ ਸੀਂਚ[1] ॥੩੫॥
ਸਤਿਗੁਰ ਤਨ ਊਪਰ ਪੌਢਾਇ।
ਦਾਸੂ ਦੀਨਸਿ ਅਗਨਿ ਲਗਾਇ।
ਸੱਤਿਨਾਮ ਕੋ ਸਿਮਰਨ ਕਰੈਂ।
ਹੋਤਿ ਕੀਰਤਨ ਸ਼ੋਕਹਿਂ ਹਰੈਂ ॥੩੬॥
ਭਲੀ ਰੀਤਿ ਸਸਕਾਰਣਿ ਕਰੇ।
ਨਮੋ ਠਾਨਿ ਧਰ ਪਰ ਸਿਰ ਧਰੇ।
ਮੰਗਲ ਕਰਤਿ ਰਹੇ ਸਮੁਦਾਇ।
ਗੁਰ ਆਇਸੁ ਤੇ ਸ਼ੋਕ ਨਸਾਇ ॥੩੭॥
ਬੈਠੇ ਬਹੁਰ ਸੁ ਡੇਰਨਿ ਜਾਇ।
ਕਹਹਿਂ ਸੁਨਹਿਂ ਗੁਰ ਜਸੁ ਸਮੁਦਾਇ।
'ਸਾਗਰ ਸਮ ਗੰਭੀਰ ਮਹਾਂਨੇ।
ਰਿਦੇ ਅਚਲ ਮੇਰੂ ਸਮਠਾਨੇ ॥੩੮॥
ਅਜਰ ਜਰਨ ਜਿਨ ਕੇਰ ਸਮਾਨ।
ਭਯੋ ਨ ਭੂਤ ਭਵਿੱਖਜ ਜਹਾਨ।
ਕ੍ਰਿਪਾ ਦ੍ਰਿਸ਼ਟਿ ਜਿਸੁ ਪਿਖਹਿਂ ਵਿਸ਼ੇਸ਼ੂ।
ਦੇ ਉਪਦੇਸ਼ ਨਿਕਦਨ ਕਲੇਸ਼ੂ ॥੩੯॥
ਕਲੀ ਕਾਲ ਅੰਧੇਰ ਗੁਬਾਰਾ।
ਤਿਨ ਦਰਸ਼ਨ ਦੀਪਕ ਉਜਿਆਰਾ[2]।
ਧੰਨ ਧੰਨ ਸ੍ਰੀ ਅੰਗਦ ਰੂਪ।
ਜਿਨ ਕੀ ਮਹਿਮਾ ਮਹਾਂ ਅਨੂਪ' ॥੪੦॥
ਇੱਤਜਾਦਿਕ ਗੁਨ ਕਹਿ ਸਿਮਰੰਤੇ।
ਕੇਤਿਕ ਦਿਨ ਜਬਿ ਕੀਨਿ ਬਿਤੰਤੇ।
ਅੰਨ ਘ੍ਰਿੱਤ, ਮਿਸ਼ਟਾਨ ਬਿਸਾਲਾ।
ਕਰਜੋ ਇਕੱਤ੍ਰ ਸਭਿਨਿ ਤਿਸੁ ਕਾਲਾ ॥੪੧॥
ਜਹਿਂ ਕਹਿਂ ਤੇ ਸਿਖ ਸਾਧ ਹਕਾਰੇ।
ਸਭਿ ਆਏ ਸ਼੍ਰੀ ਸਤਿਗੁਰ ਦ੍ਵਾਰੇ।

---

[1]ਪਾਇਆ।
[2]ਦੀਵੇ ਦੇ ਉਜਾਲੇ (ਵਾਂਙੂ)

ਸ਼੍ਰੀ ਗੁਰ ਅਮਰ ਆਪ ਬਿਚ ਥਿਰੇ।
ਬੀਚ ਰਸੋਈ ਕੇ ਸ਼ੁਭ ਕਰੇ ॥੪੨॥
ਸਭਿ ਪ੍ਰਕਾਰ ਕਰਿ ਤਜਾਰ ਅਹਾਰਾ।
ਅਪਰ ਸਿੱਖਜ ਮਿਲਿ ਪਾਕ ਸੁਧਾਰਾ[1]।
ਬਹੁ ਪੰਕਤਿ ਇਕਸਾਰ ਬਿਠਾਈ।
ਲਗੇ ਪਰੋਸਨ ਕੋ ਸਮੁਦਾਈ ॥੪੩॥
ਸ੍ਵਾਦ ਬਿਸਾਲ ਅਚਹਿਂ ਸਭਿ ਸੰਗਤਿ।
ਬੈਠਿ ਬੈਠਿ ਕਰਿ ਅਪਨੀ ਪੰਗਤਿ।
ਸਭਿ ਤ੍ਰਿਪਤੇ ਅਚਿ ਸ੍ਵਾਦ ਅਹਾਰਾ।
ਕੀਨਸਿ ਇਨਿ ਗੁਰ ਪੁਰਬ ਉਦਾਰਾ ॥੪੪॥
ਸ਼੍ਰੀ ਅੰਗਦ ਗੁਰ ਸਿਮਰਨ ਕਰਿ ਕਰਿ।
ਬੰਦਤਿ ਕਰ ਬੰਦਹਿਂ ਸਿਰ ਧਰ ਧਰਿ।
ਸ਼੍ਰੀ ਨਾਨਕ ਕੋ ਲੇ ਕਰਿ ਨਾਮਾ।
ਕਰਿ ਅਰਦਾਸ ਸਰਬ ਅਭਿਰਾਮਾ ॥੪੫॥
ਮਸਤਕ ਟੇਕਤਿ ਸੰਗਤਿ ਸਾਰੀ।
ਕਰਿ ਉਤਸਾਹ ਮਿਲੀ ਤਿਸ ਬਾਰੀ[2]।
ਦਾਸੂ ਅਰੁ ਦਾਤੂ ਕੇ ਮਨ ਕੀ।
ਲਖਿ ਸ਼੍ਰੀ ਅਮਰ ਗੁਰੂ ਬਿਧਿ ਇਨ ਕੀ[3] ॥੪੬॥
ਹੋਇ ਨੰਮ੍ਰ ਪਦ ਪਰ ਕਰਿ ਨਮੋ।
ਸੰਗਤਿ ਭਈ ਸੰਗ ਤਿਹ ਸਮੋ।
ਗੋਇੰਦਵਾਲ ਪੰਥ ਚਲਿ ਪਰੇ।
ਮੁਖ ਖਡੂਰ ਦਿਸ਼ ਤਿਸ ਬਿਧਿ ਕਰੇ ॥੪੭॥
ਪਾਛਲ ਦਿਸ਼ਾ ਗਮਨਤੇ ਜਾਇਂ।
ਇਸੀ ਪ੍ਰਕਾਰ ਪਹੁੰਚਿ ਤਿਸ ਥਾਇਂ।
ਸ਼੍ਰੀ ਅੰਗਦ ਕੋ ਸਿਮਰਨ ਕਰਿ ਕੈ।
ਮਸਤਕ ਧਰਨੀ ਪਰ ਨਿਜ ਧਰਿ ਕੈ ॥੪੮॥
ਨਮਸਕਾਰ ਕਰਿ ਪ੍ਰੇਮ ਪ੍ਰਬੀਨ।
ਗੋਇੰਦਵਾਲ ਦਿਸ਼ਾ ਮੁਖ ਕੀਨ।
ਜਾਇ ਆਪੁਨੇ ਸਦਨ ਬਿਰਾਜੇ।

---

[1]ਰਸੋਈ ਤਿਆਰ ਕੀਤੀ।
[2]ਉਸ ਵੇਲੇ।
[3]ਭਾਵ ਦਾਸੂ ਦਾਤੂ ਦੀ।

ਗੁਰਤਾ ਗਾਦੀ ਪਰ ਸ਼ੁਭ ਸਾਜੇ ॥੪੯॥

ਦੋਹਰਾ: ਸੋਲਹ ਸੈ ਸੰਮਤ ਹੁਤੋ, ਨੌ ਊਪਰ[1] ਤਿਸ ਜਾਨ।
ਚੇਤ ਸੁਦੀ ਤਿਥਿ ਚੌਥ ਤਬਿ, ਸ਼੍ਰੀ ਅੰਗਦ ਪ੍ਰਸਥਾਨ[2] ॥੫੦॥
ਤ੍ਰੇਹਣ ਕੁਲ ਬਾਹਜ[3] ਬਰਨ, ਫੇਰੂ ਪਿਤਾ ਸੁਭਾਗ।
ਸਭਿਰਾਈ ਮਾਤਾ ਹੁਤੀ, ਸ਼੍ਰੀ ਅੰਗਦ ਸੁਖ ਬਾਗ[4] ॥੫੧॥
ਖੀਵੀ ਨਾਮ ਸੁ ਭਾਰਜਾ, ਪਤਿਬ੍ਰਤ ਧਰਮ ਸਦੀਵ।
ਦਾਸੂ ਦਾਤੂ ਪੁੱਤ੍ਰ ਦੁਇ, ਮਹਾਂ ਸ਼ਕਤਿ ਜੁਤ ਥੀਵ ॥੫੨॥
ਸੰਮਤ ਦ੍ਵਾਦਸ਼ ਮਾਸ ਖਟ, ਨੌ ਦਿਨ ਊਪਰ ਚੀਨ।
ਗੁਰਤਾ ਗਾਦੀ ਪਰ ਥਿਰੇ, ਅੰਗਦ ਗੁਰੂ ਪ੍ਰਬੀਨ ॥੫੩॥
ਪਠਹਿ ਸੁਨਹਿ ਇਤਿਹਾਸ ਕੋ, ਆਸ਼ਾ ਪੂਰਨ ਹੋਇ।
ਇਹ ਦੂਸਰ ਪਤਿਸ਼ਾਹ ਕੇ, ਕਰਜੋ ਸੁਨਜੋ ਜਿਮ ਜੋਇ[5] ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਜੀ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

---

[1]-੧੬੦੯।
[2]ਜੋਤੀ ਜੋਤ ਸਮਾਏ।
[3]ਖੱਤਰੀ।
[4]ਸੁਖ ਦੇ ਬਾਗ ਤੋਂ ਮੁਰਾਦ, ਸੁਖਾਂ ਦੇ ਦਾਤੇ ਤੋਂ ਹੈ, ਜਿਵੇਂ ਬਾਗ ਸੁੰਦਰਤਾ ਦਾ ਦਾਤਾ ਹੈ। (ਅ) ਬਾਗ = ਬਾਕ। ਵਾਕ = ਬਾਣੀ। ਸੁਖਦਾਈ ਬਾਣੀ ਵਾਲੇ ਭਾਵ ਦਾਤੇ।
[5]ਜਿਵੇਂ ਜੋ ਸੁਣਿਆਂ ਹੈ ਤਿਵੇਂ ਕਥਨ ਕੀਤਾ ਹੈ।

੨੯. [ਸ੍ਰੀ ਗੁਰ ਅਮਰ ਜੀ ਦੀ ਕਥਾ ਦਾ ਆਰੰਭ, ਚੁਬਾਰਾ ਸਾਹਿਬ।]

੨੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੦

ਦੋਹਰਾ: ਅਬਿ* ਸ਼੍ਰੀ ਸਤਿਗੁਰ ਅਮਰ ਕੀ, ਕਥਾ ਕਹੌਂ ਰੁਚਿ ਠਾਨਿ।
ਸ਼੍ਰੋਤਾ ਸੁਨਹੁ ਪ੍ਰਸੰਨ ਹ੍ਵੈ, ਦਿਹੁ ਸਿੱਖੀ ਮੁਝ ਦਾਨ ॥੧॥

ਪਾਧੜੀ ਛੰਦ: ਮੈ ਸੁਨੀ ਜਿਤਕ ਸਿਖ ਮੁਖ ਦੁਵਾਰ।
ਅਰ ਲਿਖੀ ਪਠੀ ਜਹਿਂ ਕਹਿਂ ਉਦਾਰ।
ਸੋ ਸਭ ਬਨਾਇ ਛੰਦਨ ਮਝਾਰ।
ਅਬਿ ਕਰਵ ਨਿਰੂਪਨ ਰੀਤਿ ਚਾਰੁ ॥੨॥
ਸ਼੍ਰੀ ਅਮਰ ਦਾਸ ਜਿਮ ਮਾਰਤੰਡ[1]।
ਗਾਦੀ ਗੁਰੂਨਿ ਸਜੰਦਨ[2] ਅਖੰਡ।
ਤਿਸ ਪਰ ਅਰੂਢ[3] ਥਿਤ ਹੋਇ ਆਪ।
ਕੀਨਸਿ ਪ੍ਰਕਾਸ਼ ਸਭਿ ਦਿਸ਼ ਪ੍ਰਤਾਪ ॥੩॥
ਗੁਰਪੁਰਬ ਆਦਿ ਕਰਿ ਕੈ ਖਡੂਰ।
ਗੋਇੰਦਵਾਲ ਪਹੁੰਚੇ ਹਦੂਰ[4]।
ਦੀਨਾਨਿ ਨਾਥ ਗੁਰਤਾ ਸੁ ਪਾਇ।
ਹੁਇ ਅਨੰਦ ਮਗਨ ਪ੍ਰਵਿਸ਼ੇ ਜੁ ਜਾਇ ॥੪॥
ਇਕ ਹੁਤੋ ਸਦਨ ਪਰ ਸਦਨ ਚਾਰੁ[5]।
ਤਿਸ ਪਰ ਅਰੂਢਿ ਦਿਯ ਦਰ ਕਿਵਾਰ[6]।
ਨਿਕਸੇ ਨ ਵਹਿਰ, ਨਹਿਂ ਕੋ ਬੁਲਾਇ।
ਥਿਤ ਹੁਇ ਸਮਾਧਿ ਗੰਭੀਰ ਲਾਇ ॥੫॥
ਹ੍ਵੈ ਕਰਿ ਇਕੰਤ ਆਨੰਦ ਲੀਨਿ।
ਜਬਿ ਮਹਦ ਜੋਤਿ ਪ੍ਰਾਪਤ ਪ੍ਰਬੀਨ।
ਨਹਿਂ ਸਕਹਿ ਬੇਦ ਜਿਸ ਕੋ ਬਤਾਇ।
ਮਨ ਗਿਰਾ ਜੁਗਤਿ ਜਿਹ ਨਹਿਂ ਲਖਾਇ[7] ॥੬॥
ਅਸ ਅਨੰਦ ਸਿੰਧੁ ਮਹਿਂ ਸਥਿਤ ਹੋਇ।
ਜਿਸ ਏਕ ਬੂੰਦ ਲਹਿ ਜਗਤ ਜੋਇ।

---

*ਪਾ:-ਅਬ।
[1]ਸੂਰਜ।
[2]ਗਾਦੀ ਰੂਪੀ ਰਥ।
[3]ਚੜ੍ਹਕੇ।
[4]ਸ਼੍ਰੀ ਜੀ ਆਪ।
[5]ਘਰ ਤੇ ਸੁਹਣਾ ਘਰ ਭਾਵ ਚੁਬਾਰੇ ਤੋਂ ਹੈ।
[6]ਤਖਤੇ ਬੰਦ ਕਰ ਦਿੱਤੇ।
[7]ਮਨ ਬਾਣੀ ਸਮੇਤ ਜਿਸ ਨੂੰ ਲਖ ਨਹੀਂ ਸਕਦਾ।

ਬ੍ਰਹਮਾਦਿ ਅਪਰ ਚੀਟੀ ਪ੍ਰਯੰਤ[1]।
ਤਿਸ ਬਿਖੈ ਸਕਲ ਪਾਯਤਿ ਨ ਅੰਤਿ ॥੭॥
ਅਸ ਸੁਮਤਿਵੰਤ ਕਹੁ ਕੌਨ ਹੋਇ।
ਤਿਸ ਕੋ ਬਿਥਾਰ ਕਰਿ ਕਹਹਿ ਜੋਇ।
ਟਿਕ ਗੀ ਸਮਾਧਿ ਇਕਰਸ ਬਿਸਾਲ।
ਨਹਿਂ ਸਕਹਿ ਤਜਾਗ ਪ੍ਰੇਮੀ ਰਸਾਲ ॥੮॥
ਬਹੁ ਸਿੱਖਜ ਵਹਿਰ ਇਕਠੇ ਸੁ ਹੋਇ।
ਚਿਤ ਚਹਤਿ ਦੇਖਿਬੇ ਦਰਸ ਸੋਇ।
ਸੁਨਿ ਜਹਾਂ ਕਹਾਂ ਪੁਰਿ ਗ੍ਰਾਮ ਬੀਚ।
ਚਲਿ ਆਏ ਦੇਖਿਬੇ ਊਚ ਨੀਚ ॥੯॥
ਗਨ ਹੁਇ ਇਕੱਤ੍ਰ ਕਰਤੇ ਬਿਚਾਰ।
-ਗੁਰ ਦੇਹਿਂ ਦਰਸ ਤਿਮ ਕਰਹੁ ਢਾਰਿ[2]।
ਇਨ ਕੋ ਨ ਬੈਠਿਓ ਬਨੈ ਐਸ।
ਅਬਿ ਦੇਹਿਂ ਦਰਸ ਤਿਮ ਕਰਹੁ ਜੈਸ- ॥੧੦॥
ਸਭਿ ਕਹਜੋ ਬ੍ਰਿੱਧ ਕੋ[3] 'ਆਪੁ ਜਾਇ।
ਸਿਖ ਸੰਗਤਾਨਿ ਸੁਧ ਦਿਹੁ ਪੁਚਾਇ।
ਹਿਤ ਦਰਸ ਆਨਿ ਇਕਠੀ ਬਿਲੰਦ।
ਗਨ ਸਮ ਚਕੋਰਚਿਤ ਚਹਤਿ ਚੰਦ' ॥੧੧॥
ਸੁਨਿ ਕਹਜੋ ਬ੍ਰਿੱਧ 'ਸਭਿ ਲਖਨ ਹਾਰ[4*]।
ਲੇਹਿਂ ਜਾਨਿ ਮਨ ਕੀ[5] ਬਿਨ ਉਚਾਰ।
ਨਿਜ ਦਯਾ ਕਰਹਿਂ ਅਪੁਨੀ ਮਹਾਨ।
ਤਬਿ ਦੇਹਿਂ ਦਰਸ ਸਭਿਹੂੰਨਿ ਆਨਿ' ॥੧੨॥
ਸੁਨਿ ਰਹੇ ਠਟਿਕ[6], ਕਹਿ ਸਕਿ ਨ ਕੋਇ।
ਦਿਨ ਪ੍ਰਤੀ ਚਾਹਿ, ਚਿਤ ਚਗੁਨ ਹੋਇ।
ਸਿਖ ਸਕਲ ਮਹਾਂ ਅਕੁਲਾਇ ਭੂਰ।
-ਕਬਿ ਦੇਹਿਂ ਦਰਸ਼ ਗੁਰ, ਇੱਛ ਪੂਰ ॥੧੩॥

---

[1]ਕੀੜੀ ਤਕ।
[2]ਤਰਕੀਬ।
[3]ਸਾਰਿਆਂ ਨੇ ਬਾਬੇ ਬੁੱਢੇ ਜੀ ਨੂੰ ਕਿਹਾ।
[4](ਗੁਰੂ ਸਾਹਿਬ) ਸਭ ਜਾਣਨਹਾਰ ਹਨ।
[*]ਪਾ:-ਸਭਿਹਿਨ ਨਿਹਾਰ।
[5]ਮਨ ਦੀ ਜਾਣ ਲੈਣ ਵਾਲੇ ਹਨ।
[6]ਠਠੰਬਰ।

ਜਿਮ ਸ੍ਵਾਂਤਿ ਬੂੰਦ ਚਾਤ੍ਰਿਕ ਪਿਪਾਸ।
ਚਕਵਾ ਨ ਚਾਹਿ ਸੂਰਜ ਪ੍ਰਕਾਸ਼।
ਪਤਿਬ੍ਰਤਾ ਤਰੁਨਿ[1] ਪਤਿ ਕੇ ਬਿਓਗ।
ਜਿਮ ਮਹਾਂ ਕਸ਼ਟ ਤੇ ਚਹਿ ਸੰਜੋਗ- ॥੧੪॥

ਦੋਹਰਾ: ਨਹਿਂ ਕੋਊ ਜਬਿ ਕਹਿ ਸਕੈ, ਕੀਨਸਿ ਅਪਰ ਉਪਾਇ।
ਇਕ ਸੇਵਕ ਬੱਲੂ ਹੁਤੋ, ਸੋ ਗੁਰੁ ਸੇਵ ਕਮਾਇ ॥੧੫॥

ਸ੍ਵੈਯਾ ਛੰਦ: ਬੱਲੂ ਤੇ ਨਿਤ ਪ੍ਰਤਿ ਸਭਿ ਸੇਵਾ
ਹੁਇ ਪ੍ਰਸੰਨ ਸਤਿਗੁਰ ਕਰਵਾਇਂ।
ਪ੍ਰੇਮ ਜੁਗਤਿ ਸੋ ਨੀਕੇ ਕਰਤਾ
ਸਨਮੁਖ ਖਰੋ ਰਹੈ ਹਿਤ ਲਾਇ।
ਜਬਿ ਕੁਛ ਟਹਿਲ ਕਰਹਿਂ ਫੁਰਮਾਵਨਿ
ਤਬਿ ਸੋ ਕਰਤਿ ਸੁਧਾਰਿ ਬਨਾਇ।
ਨਾਂਹਿ ਤ ਠਾਂਢੋ ਰਹੈ ਅਗਾਰੀ,
ਇਮਿ ਸਤਿਗੁਰ ਕੇ ਚਿਤ ਕੋ ਭਾਇ ॥੧੬॥
ਬੁਢੇ ਆਦਿ ਸਿੱਖਜ ਸਭਿ ਮਿਲਿਕੈ
ਤਿਸ ਬੱਲੂ ਕੋ ਨਿਕਟਿ ਬੁਲਾਇ।
ਬਿਨੈ ਬਖਾਨੀ ਪ੍ਰੀਤ ਮਹਾਨੀ
'ਇਹ ਸੰਗਤ ਬੈਠੀ ਸਮੁਦਾਇ।
ਸਭਿ ਚਾਹਤਿ ਹੈਂ ਸਤਿਗੁਰ ਦਰਸ਼ਨ
ਸਪਤ ਦਿਵਸ ਇਨਿ ਦਿਏ ਬਿਤਾਇ।
ਬਿਨ ਸੂਰਜ ਪੰਕਜ ਮੁਰਝਾਵਹਿਂ
ਇਹ ਗਤਿ ਸਭਿ ਕੀ ਪਰੈ ਲਖਾਇ' ॥੧੭॥
ਤਬਿ ਬੱਲੂ ਕਰ ਜੋਰਿ ਸਭਿਨਿ ਢਿਗਿ
ਕਹਤਿ ਭਯੋ 'ਮੈਂ ਤੁਮ ਅਨੁਸਾਰਿ।
ਜਿਮ ਤੁਮ ਕਹਹੁ ਕਰਹੁਂ ਮੈਂ ਤਿਸ ਬਿਧਿ
ਦਰਸ਼ਨ ਪ੍ਰਾਪਤਿ ਹੋਇਂ ਉਦਾਰ।
ਅਰਜ਼ ਗੁਜ਼ਾਰਨਿ ਪਰਉਪਕਾਰਨਿ
ਇਸਤੇ ਨੀਕੀ ਔਰ ਨ ਕਾਰ।'
ਸਭਿ ਕੋ ਲੇ ਨਿਜ ਸੰਗ ਗਯੋ ਦਰ
ਖਰੇ ਕਰੇ ਤਹਿਂ ਬਿਨੈ ਉਚਾਰ ॥੧੮॥
ਆਪ ਨਿਕਟ ਸਤਿਗੁਰ ਕੇ ਗਮਨਜੋ

[1]ਪਤਿਬ੍ਰਤਾ ਇਸਤਰੀ।

ਹਾਥ ਜੋਰਿ ਹੁਇ ਸਮੁਖ ਬਖਾਨਿ।
'ਸਭਿ ਘਟਿ ਅੰਤਰਜਾਮੀ ਹੇ ਪ੍ਰਭੁ !
ਵਹਿਰ ਖਰੀ ਸੰਗਤ ਹਿਤਵਾਨ।
ਦਰਸ਼ਨ ਕੋ ਅਭਿਲਾਖਤਿ ਉਰ ਮਹਿਂ
ਜੇ ਸਿੱਖੀ ਮਹਿਂ ਰਹਿਂ ਸਾਵਧਾਨ।
ਤਰ ਸ਼ੁਸ਼ਕਤਿ ਜਲ ਕੋ ਜਿਮੁ ਕਾਂਖਤਿ[1]
ਪਿਤ ਦੇਖਨ ਸੁਤ ਚਾਹਿ ਮਹਾਂਨ[+]' ॥੧੯॥
ਬਿਨੈ ਸੁਨੀ ਲਖਿ ਸਿੱਖਜਨ ਮਨ ਕੀ
ਬੋਲੇ ਸ਼੍ਰੀ ਸਤਿਗੁਰ ਸੁਖ ਖਾਨ।
'ਤਨਹੁ ਚੰਦੋਵਾ ਸੁੰਦਰ ਊਪਰ
ਫਰਸ਼ ਕਰਹੁ ਬੈਠਨਿ ਇਸਥਾਨਿ।'
ਬੱਲੂ ਨੇ ਸਭਿ ਕੀਨਸਿ ਤਜਾਰੀ
ਜਜੋਂ ਜਜੋਂ ਸ਼੍ਰੀ ਗੁਰ ਕੀਨਿ ਬਖਾਨਿ।
ਆਇ ਸਿੰਘਾਸਨ ਪਰ ਤਬਿ ਬੈਠੇ
ਭਗਤ ਵਛਲ ਨਿਜ ਬਿਰਦ ਪਛਾਨ ॥੨੦॥
ਚਕ੍ਰਵਰਤਿ ਨ੍ਰਿਪ ਪੋਸ਼ਿਸ਼ ਪਹਿਰਹਿ
ਤਥਾ ਤ੍ਰਿੱਤੀਓ ਰੂਪ ਸੁਹਾਇ।
ਜਿਮਿ ਇਕ ਨਟ ਹੁਇ ਸਾਂਗ ਕਰੈ ਬਹੁ,
ਬਦਲਹਿ ਬੇਖ ਜਗਤ ਦਿਖਰਾਇ।
ਦੇਖ ਨਿਹਾਰ ਭਿੰਨ ਪਹਿਚਾਨਹਿਂ
ਸਭਿ ਕੀ ਮਤਿ ਕੌ ਦੇ ਬਿਰਮਾਇ[2]।
ਢਿਗ ਵਰਤੀ[3] ਜੋ ਦਾਸ ਤਾਂਹਿ ਕੋ
ਲਖਹਿ ਸੁ –ਇਕ ਬਹੁ ਬੇਖ ਬਨਾਇ[4]– ॥੨੧॥
ਤਿਮਿ ਸਤਿਗੁਰ ਕੇ ਸਿੱਖ ਸਮੀਪੀ
ਸੋ ਜਾਨਹਿਂ –ਇਕ ਜੋਤਿ ਜਗੰਤਿ।
ਅਪਰ ਸਰੀਰ ਧਰਨ ਸਮੁ ਬੇਖ[5]– ਸੁ,
ਦ੍ਰਿੜ੍ਹ ਮਤਿ ਰਾਖਹਿਂ, ਨਹੀਂ ਭੁਲੰਤਿ।

---

[1]ਸੁਕਦਾ ਬ੍ਰਿੱਛ ਜਿਵੇਂ ਜਲ ਨੂੰ ਲੋਚਦਾ ਹੈ।
[+]ਪਾ:–ਤਿਮ ਦੇਖਨਿ ਕੀ ਚਾਹਿ ਮਹਾਨ।
[2]ਭਰਮਾ ਦੇਵੇ।
[3]ਨੇੜੇ ਰਹਿਣ ਵਾਲੇ।
[4]ਲਖਦੇ ਹਨ ਕਿ ਇਹ ਇਕੋ ਹੀ ਬਹੁਤ ਵੇਸ ਬਣਾ ਰਿਹਾ ਹੈ।
[5]ਹੋਰ ਸਰੀਰ ਦਾ ਧਾਰਨਾ ਵੇਸ (ਬਦਲਣ) ਵਾਂਙੂ ਹੈ।

ਸ਼੍ਰੀ ਨਾਨਕ ਅੰਗਦ ਅਬਿ ਸੋ ਇਹ,
ਬੈਠੇ ਤਖਤ ਸੁਹਾਇਂ ਮਹੰਤ[1]।
ਆਇਸੁ ਪਾਇ ਨਿਕਟ ਸਭਿ ਆਏ
ਬੰਦਨ ਕਰਿ ਅਕੋਰ ਅਰਪੰਤਿ ॥੨੨॥
ਦਰਸ਼ਨ ਕਰਿ ਕਰਿ ਆਨੰਦ ਧਰਿ ਧਰਿ
ਮਿਲਿ ਮਿਲਿ ਗੁਨ ਕਹਿ ਕਹਿ ਸਹਿ ਪ੍ਰੇਮ।
ਉਦਯੋ ਗਯਾਨ ਰਵਿ, ਹਰਿ ਅੱਗਯਾਨ ਤਮ[2],
ਪੁਰਹਿਂ ਕਾਮਨਾ ਪ੍ਰਾਪਤਿ ਛੇਮ[3]।
ਬੁੱਢੇ ਆਦਿਕ ਸਿੱਖਯ ਸਕਲ ਜੇ
ਰਿਦੇ ਸੁੱਧ ਤਪਤਯੋ ਜਿਮਿ ਹੇਮ[4]।
ਨੰਮ੍ਰਿ ਹੋਇ ਕਰਿ ਬੈਠਿ ਗਏ ਢਿਗ
ਜਿਨ ਕੇ ਮਨ ਸਿੱਖੀ ਕਹੁ ਨੇਮ ॥੨੩॥
ਸ਼ਬਦ ਕੀਰਤਨ ਹੋਨਿ ਲਗਯੋ ਤਬਿ
ਕਰਹਿਂ ਰਬਾਬੀ ਰਾਗ ਅਲਾਪ।
ਸ਼੍ਰੀ ਗੁਰ ਕੋ ਦਰਬਾਰ ਲਗਯੋ ਪਿਖਿ
ਸਿੱਖਯਨ ਕੈ ਮਨ ਆਨੰਦ ਥਾਪ।
ਸੁਨੇ ਸ਼ਬਦ ਨਿਜ ਭਾਗ ਬਡੇ ਲਖਿ
ਬਿਦਤਯੋ ਜਹਿਂ ਜਹਿਂ ਗੁਰੂ ਪ੍ਰਤਾਪ।
ਥਾਪ ਉਥਾਪਨ ਸਭਿ ਕੇ ਸੰਮ੍ਰਥ,
ਪਾਪ ਕਲਾਪ ਖਾਪਿ[5], ਹਰਿਜਾਪ ॥੨੪॥

ਦੋਹਰਾ: ਗੁਰਤਾ ਗਾਦੀ ਪਰ ਥਿਰੇ, ਤ੍ਰਿਤੀਓ ਰੂਪ* ਨਵੀਨ।
ਬੁੱਢੇ ਆਦਿਕ ਸਿੱਖਯ ਸਭਿ, ਉਸਤਤਿ ਕਰਤਿ ਪ੍ਰਬੀਨ ॥੨੫॥

ਤ੍ਰਿਭੰਗੀ ਛੰਦ: 'ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ,
ਤਨ ਕੋ ਧਾਰਨ ਕੀਨ ਪ੍ਰਭੋ !
ਸਿੱਖਨ ਹਿਤਕਾਰੀ ਜਮ ਭੈ ਹਾਰੀ
ਭਗਤਿ ਬਿਥਾਰੀ ਆਪ ਬਿਭੋ[6]।

---

[1]ਪ੍ਰਧਾਨ, ਪੂਜਨੀਕ।
[2]ਗਯਾਨ ਰੂਪੀ ਸੂਰਜ ਚੜ੍ਹਿਆ ਤੇ ਨਾਸ਼ ਹੋਇਆ ਅਗਯਾਨ ਰੂਪੀ ਅੰਧੇਰਾ।
[3]ਕੁਸ਼ਲ, ਮੁਕਤੀ।
[4]ਤਪਾਏ ਸੋਨੇ ਵਾਂਙੂ ਸੁਧ ਰਿਦੇ ਵਾਲੇ।
[5]ਨਾਸ਼ ਕਰਤਾ।
*ਪਾ:-ਗੁਰੂ।
[6]ਵਿਆਪਕ ਨੇ [ਸੰਸ: ਵਿਭੁ]।

ਦਾਸਨ ਸੁਖਦਾਤਾ ਪੁਰਖ ਬਿਧਾਤਾ,
ਅਨ ਭੈ ਰਾਤਾ ਰੂਪ ਥਿਰੇ[1]।
ਜੈ ਜੈ ਗੁਰਦੇਵਾ, ਅਲਖ ਅਭੇਵਾ,
ਸੁਰ ਨਰ ਸੇਵਾ ਦੇਵ ਹਰੇ[2] ॥੨੬॥
ਕਲਿ ਕਲੁਖ ਨਿਕੰਦਨ[3], ਜਗ ਗੁਰ ਬੰਦਨ,
ਤਾਰਹੁ ਮੰਦਨ, ਕਰਿ ਕਰੁਨਾ[4]।
ਸਭਿਹਿਨਿ ਕੇ ਸ੍ਵਾਮੀ, ਅੰਤਰਜਾਮੀ
ਨਿਤਿ ਨਿਸ਼ਕਾਮੀ ਦੁਖ ਦਰਨਾ[5]।
ਉਰਿ ਇੱਛਾ ਪੂਰਨਿ, ਸ਼ੱਤ੍ਰੁਨ* ਚੂਰਨਿ,
ਦਾਸਨਿ ਤੂਰਨਿ ਦੇ ਸਰਨਾ[6]।
ਜੈ ਜੈ ਗੁਰ ਅਮਰੰ, ਪਤਿ ਸਭਿ ਅਮਰੰ,
ਸਦ ਅਜ ਅਮਰੰ, ਹਮ ਪਰਨਾ[7]' ॥੨੭॥

ਪਾਧੜੀ ਛੰਦ: ਇਸ ਭਾਂਤਿ ਸਿੱਖਜ ਸਭਿ ਸਤੁਤਿ ਕੀਨ।
'ਇਮ ਦੇਹੁ ਦਰਸ ਹਮ ਕੋ ਪ੍ਰਬੀਨ!
ਦਾਸਨ ਮਝਾਰ ਬੈਠਹੁ ਸਦੀਵ।
ਸਭਿ ਕੋ ਅਲੰਬ ਅਬਿ ਆਪ ਥੀਵ ॥੨੮॥

ਸ਼੍ਰੀ ਨਾਨਕ ਅੰਗਦ ਰੂਪ ਦੋਇ।
ਪਰਲੋਕ ਗਮਨ ਬੈਕੁੰਠ ਸੋਇ।
ਗੁਰ ਭਏ ਆਪ ਤਿਨ ਕੇ ਸਥਾਨ।
ਦਿਹੁ ਨਾਮ ਦਾਨ, ਤਾਰਹੁ ਜਹਾਨ' ॥੨੯॥
ਸੁਨਿ ਬਿਨੈ ਸਭਿਨਿ ਤੇ ਉਚਿਤ ਜੋਇ।
ਮੁਖ ਭਨਜੋ, ਭਲੋ ਇਹ ਰੀਤਿ ਹੋਇ[8]।
ਸਿੱਖਜਨ ਮਝਾਰ ਹਮਰੋ ਨਿਵਾਸ।
ਚਿਤ ਚਹਹਿ ਸਦਾ ਪੂਰਹਿੰ[9] ਸੁ ਆਸ ॥੩੦॥

---

[1]ਗਿਆਨ (ਰੂਪੀ ਵਾਹਿਗੁਰੂ) ਵਿਚ ਰੱਤੇ ਹੋਏ (ਤੁਸੀਂ) ਸਰੂਪ ਇਸਥਿਤ ਹੋ।
[2]ਦੇਵਤਿਆਂ ਮਨੁੱਖਾਂ ਕਰ ਸੇਵਨ ਯੋਗ ਪ੍ਰਕਾਸ਼ ਰੂਪ ਹਰੀ।
[3]ਕਲਜੁਗ ਦੇ ਪਾਪ ਕੱਟਣ ਵਾਲੇ।
[4]ਤਾਰੋ ਮੰਦਾਂ ਨੂੰ ਕ੍ਰਿਪਾ ਕਰਕੇ।
[5]ਸਦਾ ਕਾਮਨਾ ਰਹਿਤ ਹੋ ਤੇ ਦੁਖਾਂ ਨੂੰ ਦਲਨ ਵਾਲੇ ਹੋ।
*ਪਾ:-ਸੰਕਟ।
[6]ਦਾਸਾਂ ਨੂੰ ਛੇਤੀ ਆਸਰਾ ਦੇਣ ਵਾਲੇ ਹੋ।
[7]ਜੈ ਗੁਰੂ ਅਮਰ ਜੀ ਆਪ ਸਭ ਦੇਵਤਿਆਂ ਦੇ ਸੁਆਮੀ, ਸਦਾ ਅਜੈ, ਮੌਤ ਤੋਂ ਰਹਿਤ, ਸਾਡਾ ਆਸਰਾ ਹੋ।
[8]ਚੰਗਾ ਇਸੇ ਤਰ੍ਹਾਂ ਹੋਵੇਗਾ।
[9]ਪੂਰਨ ਕਰਾਂਗੇ।

ਗੁਰ ਸਿੱਖਜ ਧੰਨੁ ਬਡਭਾਗ ਹੋਇ।
ਤਿਨ ਕੋ ਮਿਲਾਪ ਸਭਿ ਬਿਘਨ ਖੋਇ।'
ਕਰਿ ਬਚ ਬਿਲਾਸ ਬਹੁ ਇਸ ਪ੍ਰਕਾਰ।
ਪੁਨ ਉਠਤਿ ਭਏ ਸ਼੍ਰੀ ਗੁਰ ਉਦਾਰ ॥੩੧॥
ਇਮਿ ਨਿਤਾ ਪ੍ਰਤੀ ਦਰਸ਼ੰਨ ਦੇਤਿ।
ਪੁਨ ਆਇਂ ਸੰਗਤਾਂ ਬਹੁ ਨਿਕੇਤ।
ਹਤਿ ਮੋਹ ਮਿਰਗ ਗੁਰ ਸ਼ੁਭਤਿ ਸਿੰਘ[1]।
ਪਿਖ ਲਹਿ ਸ਼ਂਤੋਖ, ਸੰਤੋਖ ਸਿੰਘ[2] ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਸਤਿਗੁਰੂ ਅਮਰ' ਪ੍ਰਸੰਗ ਬਰਨਨੰ ਨਾਮ ਏਕੋਨਤ੍ਰਿੰਸਤੀ ਅੰਸੂ ॥੨੯॥

---

[1]ਸ਼ੇਰ ਰੂਪ।
[2]ਜਿਨ੍ਹਾਂ ਦੇ ਦਰਸ਼ਨ ਤੋਂ ਹੇ ਸੰਤੋਖ ਸਿੰਘ ਸੰਤੋਖ ਪ੍ਰਾਪਤ ਹੁੰਦਾ ਹੈ।

੩੦. [ਸ਼੍ਰੀ ਗੁਰ ਅਮਰ ਦੇਵ ਜੀ ਦਾ ਨਿੱਤ ਬਿਵਹਾਰ]

੨੯<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੧

ਦੋਹਰਾ: ਸਪਤ ਦਿਵਸ ਪੀਛੇ ਪ੍ਰਭੂ,
ਠਹਿਰਾਇਵ ਬਿਵਹਾਰ।
ਚਲਹਿਂ ਨਿਤਾਪ੍ਰਤਿ ਤਿਸੀ ਬਿਧਿ,
ਸੁਨਹੁ ਸੁ ਕਰਵ ਉਚਾਰ ॥੧॥

ਨਿਸ਼ਾਨੀ ਛੰਦ: ਜਾਮ ਨਿਸਾ ਬਾਕੀ ਰਹੈ, ਹੁਇ ਅੰਮ੍ਰਿਤ ਵੇਲਾ।
ਤਬਿ ਜਾਗਹਿਂ ਸ਼੍ਰੀ ਸਤਿਗੁਰੂ, ਲਖਿ ਭਜਨ ਸੁਹੇਲਾ[1]।
ਬੱਲੂ ਆਗਜ਼ਾ ਲੇਹਿ ਤਬ, ਜਲ ਕੋ ਉਠਿ ਜਾਵੈ।
ਸਲਿਤਾ ਤੇ ਭਰਿ ਕਲਸ ਕੋ, ਮੱਜਨ ਕਰਿਵਾਵੈ ॥੨॥
ਕੇਸਨਿ ਮਹਿਂ ਨਿਤਿ ਦਧੀ ਸੋਂ, ਗੁਰ ਕਰਹਿਂ ਸਕਾਰੇ[2]।
ਪਰਮ ਬ੍ਰਿੱਧ ਬਹੁ ਸੇਤ ਕਚ[3*], ਕਰ ਸ਼ਮਸ਼ ਪਖਾਰੇ[4]।'
ਬੱਲੂ ਸਰਬ ਸਰੀਰ ਕੋ, ਉਬਟਨਿ[5] ਮਲਿ ਆਛੇ।
ਸੁੱਧ ਹੋਇ ਸਭਿ ਰੀਤਿ ਸੋਂ, ਪਟ ਪਹਿਰਹਿਂ ਪਾਛੇ ॥੩॥
ਤਿਲਕ ਲਗਾਵਹਿਂ ਭਾਲ ਮਹਿਂ, ਸ਼ੁਭ ਚੰਦਨ ਕੇਰਾ।
ਬਹੁਰ ਸਿੰਘਾਸਨ ਪਰ ਥਿਰਹਿਂ, ਇਕ ਮਨ ਤਿਸ ਬੇਰਾ।
ਨਿਜ ਅਨੰਦ ਮਹਿਂ ਲੀਨ ਹੁਇ, ਲਗ ਸਹਜਿ ਸਮਾਧਾ।
ਜੋਗੀ ਸ਼ਿਵ ਬ੍ਰਹਮਾਦਿ ਸਭਿ, ਜਿਸ ਕਰਹਿਂ ਅਰਾਧਾ ॥੪॥
ਪ੍ਰਾਤਿ ਹੋਤਿ ਲਗ ਇਸੀ ਬਿਧਿ, ਇਸਥਿਰਤਾ ਪਾਵੈਂ।
ਬਹੁਰ ਰਬਾਬੀ ਆਇ ਕਰਿ,
ਗੁਰਸ਼ਬਦ ਸੁ ਗਾਵੈਂ।
ਅਨਿਕ ਰੀਤਿ ਕੇ ਰਾਗ ਕੋ,
ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜਤੇ, ਜਜੋਂ ਮੋਰ ਸੁਹੰਦੇ ॥੫॥
ਸ਼੍ਰੀ ਨਾਨਕ ਅੰਗਦ ਗੁਰੂ, ਇਨ ਕੀ ਬਡਿਆਈ।
ਬਖ਼ਸ਼ਸ਼ ਦਈ ਨਿਹਾਲ ਕਰ, ਨਰ ਸੁਖ ਸਮੁਦਾਈ[6]।

---

[1]ਭਜਨ ਦਾ ਸੁਹਣਾ (ਸਮਾਂ)।
[2](ਇਸ਼ਨਾਨ ਕਰਦੇ ਹਨ) ਸਵੇਰੇ।
[3]ਚਿੱਟੇ ਕੇਸ।
[*]ਪਾ:-ਬਹੁ ਸੇਤ ਹੈਂ।
[4]ਹੱਥਾਂ ਨਾਲ ਦਾੜ੍ਹਾ ਧੋਂਦੇ ਹਨ।
[5]ਵਟਣਾ।
[6]ਸ਼੍ਰੀ ਗੁਰੂ ਨਾਨਕ ਤੇ ਅੰਗਦ ਜੀ (ਵਾਂਙੂ) ਇਨ੍ਹਾਂ ਦੀ ਵਡਿਆਈ (ਬੀ ਹੋਈ ਕਿ) (ਇਨ੍ਹਾਂ ਨੇ ਉਨ੍ਹਾਂ ਵਾਂਙੂ ਹੀ) ਸਾਰੇ ਨਰਾਂ ਨੂੰ ਬਖਸ਼ਾਂ ਨਾਲ ਨਿਹਾਲ ਕਰਕੇ ਸੁਖ ਦਿੱਤੇ ਹਨ (ਅ) ਭਾਵ (ਰਬਾਬੀ) ਗੁਰੂ ਨਾਨਕ ਤੇ ਗੁਰੂ

ਪ੍ਰੇਮ ਸੰਗ ਸਿਮਰਨ ਕਰਹਿਂ, ਮੁਖ 'ਧੰਨ' ਉਚਾਰਹਿਂ।
ਪੁਲਕਾਵਲ ਗਦਿ ਗਦਿ ਗਿਰਾ, ਉਪਕਾਰ ਬਿਚਾਰਹਿਂ[1] ॥੬॥
ਲੀਨ ਹੋਇ ਮਨ ਗੁਰ ਚਰਨਿ, ਅਸ ਅੰਮ੍ਰਿਤ ਵੇਲਾ।
ਅੰਮ੍ਰਿਤ ਬਰਖਤਿ ਗੁਰੁ ਨਿਕਟ, ਸੁਨਿ ਹੋਤਿ ਸੁਹੇਲਾ[2]।
ਜਿਨ ਕੇ ਸ਼ੁਭ ਬਡਿਭਾਗ ਹੈਂ, ਪਹੁੰਚਹਿਂ ਤਿਸ ਕਾਲਾ।
ਜਿਮ ਸਮੁੰਦ ਕੀ ਝਾਲ[3] ਤੇ, ਲਹਿ ਰਤਨ ਸੁਖਾਲਾ ॥੭॥
ਇਸ ਪ੍ਰਕਾਰ ਗੁਰ ਨਿਕਟ ਤੇ, ਸਦ ਗੁਨ[4] ਕੋ ਪਾਵੈਂ।
ਜਨਮ ਮਰਨ ਚਿਰਕਾਲ ਕੇ, ਇਨ ਮੂਲ ਮਿਟਾਵੈਂ।
ਪਰਮ ਪ੍ਰੇਮ ਉਮਗਹਿ ਰਿਦੈ, ਸਿਮਰਹਿਂ ਸਤਿਨਾਮੂ।
ਮਿੱਥਜਾ ਲਖਿ ਪਰਪੰਚ ਕੋ, ਇਕ ਥਲ ਬਿਸਰਾਮੂ[5] ॥੮॥
ਦਿਵਸ ਚੜ੍ਹੇ ਇਸ ਰੀਤਿ ਸੋਂ ਹੁਇ ਅਨੰਦ ਬਿਲਾਸਾ।
ਤਬ ਸੰਗਤਿ ਸਗਰੀ ਮਿਲਹਿ, ਹੁਇ ਪਰਮ ਪ੍ਰਕਾਸ਼ਾ।
ਦਰਸ਼ਨ ਲਹੈ ਪੁਨੀਤ[6] ਬਹੁ, ਜਨ ਸ਼ਾਂਤਿ ਸਰੂਪਾ।
ਪਰਮ ਬ੍ਰਿੱਧ, ਕਦ ਲਘੁ[7] ਜਿਨਹੁਂ, ਗੁਰ ਤ੍ਰਿਤੀ ਅਨੂਪਾ ॥੯॥
ਹਲਤ ਪਲਤ ਕਰਤੇ ਸਫਲ, ਦਰਸ਼ਨ ਕੋ ਪਾਏ।
ਬੰਦਨ ਕਰਿ ਬੈਠਹਿਂ ਨਿਕਟ, ਮਨ ਮੋਦ ਉਪਾਏ।
ਪਰਮੇਸ਼ੁਰ ਕੀ ਦਿਸ਼ ਰਿਦਾ, ਅਭਿਲਾਖਤਿ ਜੋਈ।
ਸੁ ਪ੍ਰਸੰਨ ਤਿਸ ਪਰ ਅਧਿਕ, ਪ੍ਰਭੁ ਪ੍ਰਾਪਤਿ ਹੋਈ ॥੧੦॥
ਸੁਮਗ ਬਤਾਇ ਨਿਹਾਲ ਕਰਿ, ਤਤਕਾਲ ਅਨੰਦੇ।
ਸਿਮਰਨ ਕੀ ਲਿਵ ਉਰ ਲਗਹਿ, ਤਿਨ ਅਹੰ ਨਿਕੰਦੇ।
ਜੋ ਅਰਥੀਯ ਪਦਾਰਥਨ[8], ਦਰਸ਼ਨ ਕੋ ਆਵੈਂ।
ਜਾਨਿ ਬਿਰਦ[9] ਨਿਜ ਦੇਤਿ ਹੈਂ, ਖਰਚਤਿ ਹੀ ਭਾਵੈ ॥੧੧॥

ਅੰਗਦ ਦੇਵ ਜੀ ਦੀ ਵਡਿਆਈ ਕਰਦੇ ਹਨ (ਕਿ ਕਿਵੇਂ ਉਨ੍ਹਾਂ ਨੇ) ਲੋਕਾਂ ਨੂੰ ਬਖਸ਼ਸ਼ਾਂ ਤੇ ਸੁਖ ਦੇ ਕੇ ਨਿਹਾਲ ਕੀਤਾ।

[1](ਇਹ ਸੁਣਕੇ ਸ੍ਰੋਤੇ) ਪ੍ਰੇਮ ਨਾਲ (ਗੁਰਾਂ ਨੂੰ) ਯਾਦ ਕਰਦੇ ਤੇ ਮੂੰਹੋਂ ਧੰਨ ਧੰਨ ਕਹਿੰਦੇ ਹਨ, (ਐਨਾਂ ਪ੍ਰੇਮ ਹੈ ਕਿ) ਪੁਲਕਾਵਲੀ ਆ ਜਾਂਦੀ ਤੇ ਬਾਣੀ ਗਦ ਗਦ ਹੋ ਜਾਂਦੀ ਹੈ ਉਪਕਾਰ ਯਾਦ ਕਰਦਿਆਂ। ਪੁਲਕਾਵਲੀ = ਪ੍ਰੇਮ ਵਿਖੇ ਰੋਮ ਖੜੇ ਹੋਣੇ।

[2]ਹੋਈਦਾ ਹੈ ਸੁਖੀ।

[3]ਛੱਲ।

[4]ਚੰਗੇ ਗੁਣ।

[5]ਇਕ ਟਿਕਾਣੇ (ਭਾਵ ਸਰੂਪ ਵਿਚ) ਟਿਕਦੇ ਹਨ।

[6]ਪਵਿੱਤ੍ਰ।

[7]ਮਧਰਾ।

[8]ਪਦਾਰਥਾਂ ਦੇ ਲੋੜਵੰਦ।

[9]ਧਰਮ।

ਪਰਮੇਸ਼ੁਰ ਕੀ ਪ੍ਰੀਤ ਜੁਤਿ[1], ਅਤਿ ਲਾਗਹਿ ਪਜਾਰੋ[*]।
ਬੋਲਹਿਂ ਕਰੈਂ ਸਨੇਹ ਤਿਹ, ਪਾਇਸਿ[2] ਹਰਿ ਦ੍ਵਾਰੋ।
ਸੁਤ ਬਿਤ ਕੀ ਚਿਤ ਕਾਮਨਾ, ਕਰਿ[3] ਦਰਸ਼ਨ ਪਾਵੈ।
ਪੂਰਨ ਹੋਇ ਸੁ ਤਿਨਹੁ ਕੀ, ਨਹਿਂ[+] ਪ੍ਰੇਮ ਬਡਾਵੈਂ[4] ॥੧੨॥
ਇਸ ਪ੍ਰਕਾਰ ਮੱਧਜਾਨ[5] ਲੌਂ, ਗੁਰ ਕਰਿ ਦਰਬਾਰਾ।
ਲੰਗਰ ਹੋਵਹਿ ਤਜਾਰ ਤਬਿ, ਸਭਿਹੂੰਨ ਅਹਾਰਾ।
ਨਿਕਟ ਆਇ ਜਬਿ ਲਾਂਗਰੀ, ਭਾਖਹਿ ਅਰਦਾਸਾ।
ਸੁਨਿ ਸ੍ਰੀ ਸਤਿਗੁਰ ਤਬ ਉਠਹਿਂ, ਸਂਗ ਸੰਗਤਿ ਦਾਸਾ ॥੧੩॥
ਚਰਨ ਪਖਾਰਹਿਂ ਬਾਰਿ[6], ਸੋਂ ਸੇਵਕ ਹਰਖਾਵੈਂ।
ਸਿਖ ਸੰਗਤਿ ਸਭਿ ਸੰਗ ਲੇ, ਚੌਂਕੇ ਮਹਿਂ ਆਵੈਂ।
ਆਸ਼੍ਰਮ ਬਰਨ ਬਿਚਾਰ ਨਹਿਂ, ਇਕ ਪੰਕਤਿ ਬੈਸੇਂ।
ਸੁੰਦਰ ਬਿਸਦ ਮਰਾਲ[7] ਸਭਿ, ਇਕ ਸਮ ਹ੍ਵੈ ਜੈਸੇ ॥੧੪॥
ਸਿੱਖਜਨ ਮਹਿਂ ਸਤਿਗੁਰ ਸ਼ੁਭਤਿ, ਬੈਠੇ ਤਿਸ ਕਾਲਾ।
ਮਨਹੁ ਮੁਨਿਨਿ ਮਹਿਂ ਬਨ ਬਿਖੈ, ਰਘੁਬੀਰ[8] ਕ੍ਰਿਪਾਲਾ।
ਲਵਨ ਬਿਨਾ ਹੁਇ ਓਗਰਾ[9], ਸਤਿਗੁਰ ਸੋਂ ਖਾਵੈਂ।
ਅਲਪ ਅਚਹਿਂ, ਰਹਿਂ ਛੁਧਾ ਜੁਤ, ਨਹਿਂ ਉਦਰ ਭਰਾਵੈਂ[10] ॥੧੫॥
ਅਪਰ ਸਰਬ ਹੀ ਸੰਗਤਾਂ, ਬਹੁ ਸ੍ਵਾਦ ਅਹਾਰਾ।
ਭਾਂਤਿ ਭਾਂਤਿ ਕੇ ਅਚਤਿ ਹੈਂ, ਸੁਖ ਲਹਤਿ ਉਦਾਰਾ।
ਇਕ ਪੰਕਤਿ ਅਚ ਕਰਿ ਉਠਹਿਂ, ਭੇਦ ਨ ਜਹਿਂ ਦੂਵਾ।
ਆਪ ਆਪਨੇ ਥਾਨ ਮਹਿਂ, ਪੁਨ ਪਹੁੰਚਨ ਹੂਵਾ ॥੧੬॥
ਦਿਨ ਕੇ ਚੌਥੇ ਭਾਗ ਮਹਿਂ, ਪੁਨ ਬੈਠਹਿਂ ਸ੍ਵਾਮੀ।

---

[1]ਰੱਬ ਦੀ ਪ੍ਰੀਤ ਵਾਲਾ।
[*]ਪਾ:-ਰੀਤਿ ਜੁਤਿ ਲਾਗੇ ਪਜਾਰੋ।
[2]ਪ੍ਰਾਪਤ ਕਰਾ ਦੇਂਦੇ ਹਨ।
[3]ਪੁੱਤ੍ਰ ਤੇ ਦੌਲਤ ਦੀ ਕਾਮਨਾਂ ਚਿੱਤ ਧਾਰਕੇ ਜੋ।
[+]ਪਾ:-ਮਨ।
[4]ਭਾਵ ਗੁਰੂ ਜੀ ਉਨ੍ਹਾਂ ਨਾਲ ਅਧਿਕ ਪ੍ਰੇਮ ਨਹੀਂ ਕਰਦੇ।
[5]ਦੁਪਹਿਰ।
[6]ਪਾਣੀ।
[7]ਉੱਜਲ ਹੰਸ।
[8]ਰਾਮਚੰਦ੍ਰ ਜੀ।
[9]ਦਲੀਆ, ਕਣਕ ਦਾ ਯਾ ਜਵਾਂ ਦਾ। (ਸੰਪ੍ਰਦਾਈ)। (ਅ) ਚਾਵਲਾਂ ਦੀ ਗਾਹੜੀ ਪਿੱਛ, (ਪੰਜਾਬੀ ਕੋਸ਼)। (ੲ) ਖਿਚੜੀ (ਹਿੰਦੀ)। 'ਲੂਣ ਬਿਨਾ' ਕਹਿਣ ਤੋਂ ਉਹ ਸ਼ੈ ਜਾਪਦੀ ਹੈ ਜਿਸ ਵਿਚ ਲੂਣ ਜ਼ਰੂਰੀ ਪੈਂਦਾ ਹੋਵੇ। ਓਗਰਾ ਦਾ ਅਰਥ ਓਗਲ ਨਹੀਂ ਜੋ ਦੜਊ ਦਾ ਦੂਸਰਾ ਨਾਮ ਹੈ। ਇਹ ਦੁਸ਼ਪਚ ਅੰਨ ਹੈ।
[10]ਪੇਟ ਭਰਕੇ ਨਹੀਂ (ਖਾਂਦੇ)।

ਇਕ ਪੰਡਿਤ ਕੀ ਪ੍ਰੀਤਿ ਲਖਿ, ਗੁਰ ਅੰਤਰਯਾਮੀ।
ਜਿਸ ਕੇ ਮਨ ਮੈਂ ਕਾਮਨਾ -ਮੈਂ ਕਥਾ ਸੁਨਾਵੋਂ।
ਕਰੌਂ ਭਲਾ ਮੈਂ ਅਪਨੋ, ਸਤਿਗੁਰੂ ਰਿਝਾਵੌਂ- ॥੧੭॥
ਤਿਸ ਕੇ ਉਰ ਕੀ ਜਾਨਿ ਕੈ, ਗੁਰ ਕਥਾ ਕਰਾਈ।
ਦ੍ਵਿਜ ਕੇਸ਼ੋ ਗੋਪਾਲ ਕਹਿ, ਬਿੱਦਜਾ ਨਿਪੁਨਾਈ[1]।
ਆਵੈ ਚੌਥੇ ਜਾਮ ਦਿਨ, ਇਤਿਹਾਸੁ ਪ੍ਰਕਾਸ਼ੈ।
ਸੁਨੈਂ ਸਤਿਗੁਰੂ ਬੈਠਿ ਕਰਿ, ਸੰਗਤਿ ਇਕ ਪਾਸੈ* ॥੧੮॥
ਬਹੁਰ ਰਬਾਬੀ ਆਇ ਕਰਿ, ਗੁਰ ਸ਼ਬਦ ਸੁਨਾਵੈਂ।
ਰਾਗ ਰਾਗਨੀ ਧੁਨਿ ਸਹਤ, ਸੁੰਦਰ ਬਿਧਿ ਗਾਵੈਂ।
ਕਥਾ ਕੀਰਤਨਿ ਕਰਤਿ ਹੀ, ਨਿਸੁ ਜਾਮ ਬਿਤਾਵੈਂ।
ਸਿਮਰਨ ਹੁਏ ਸਤਿਨਾਮ ਕੋ, ਇਕ ਚਿਤ ਲਿਵ ਲਾਵੈਂ ॥੧੯॥
ਪੁਨਿ ਸੁਪਤਨ ਹਿਤ ਸੇਜ ਪਰ, ਸਤਿਗੁਰੂ ਬਿਰਾਜੈਂ।
ਇਸ ਬਿਧਿ ਕੋ ਵਿਵਹਾਰ ਨਿਤਿ, ਜਿਨ ਪਿਖਿ ਅਘ ਭਾਜੈਂ।
ਅਪਰ ਨੇਮ ਐਸੋ ਕਰਜੋ, ਸ਼੍ਰੀ ਅਮਰ ਸੁਜਾਨਾ।
ਸੇਤ ਬਸਤ੍ਰ ਤਨ ਪਰ ਧਰੈਂ, ਨਿਤਿ ਬਿਮਲ ਮਹਾਂਨਾ ॥੨੦॥
ਅਪਰ ਬਸਤ੍ਰ ਨਹਿਂ ਢਿਗ ਰਖਹਿਂ, ਜਬ ਦੂਸਰ ਲੇਈਂ।
ਪੂਰਬ ਊਪਰ ਹੋਇ ਜੋ, ਕਿਸਿ ਰੰਕਹਿ ਦੇਈਂ[2]।
'ਦੁਤਿਯ ਰਹਹਿ ਨਹਿਂ ਸਦਨ ਮੈਂ', ਐਸੇ ਕਹਿ ਦੀਨਾ।
ਖੈਬੇ ਹੇਤ ਜੁ ਅੰਨ ਹੁਇ, ਨਿਤਿ ਆਇ ਨਵੀਨਾ ॥੨੧॥
ਜਿਤਿਕ ਦੇਗ ਮਹਿਂ ਲਗਹਿ, ਤਬਿ ਸੋ ਸਰਬ ਪਕਾਵੈਂ।
ਸਿਖ ਸੰਗਤਿ ਗਨ ਰੰਕ[3] ਜੇ, ਮਨ ਭਾਵਤਿ ਖਾਵੈਂ।
ਬਚਹਿ ਸ਼ੇਖ਼ ਸੋ ਨਹਿਂ ਰਖਹਿਂ, ਦੇਵਹਿਂ ਕਿਸੁ ਤਾਈਂ।
ਕਿਧੌਂ ਪੁਰੀ ਮਹਿਂ ਪਸ਼ੂ ਗਨ, ਤਿਨ ਸਕਲ ਖੁਲਾਈਂ ॥੨੨॥
ਅਗਲੇ ਦਿਨ ਹਿਤ ਨਹਿਂ ਰਹਹਿ, ਇਕ ਮਨੁਜ ਅਹਾਰਾ[4]।
ਆਇ ਵਹਿਰ ਤੇ ਦੇਗ਼ ਹੁਇ, ਇਮ ਨੇਮ ਸੁਧਾਰਾ।
ਅਪਰ ਵਸਤੁ ਗਿਨਤੀ ਕਹਾਂ, ਜਲ ਕਲਸਨਿ ਮਾਂਹੀ[5]।
ਸਭਿ ਗਿਰਾਇ ਛੂਛੇ ਧਰਹਿਂ, ਰਾਖਹਿਂ ਕੁਛ ਨਾਂਹੀ ॥੨੩॥

---

[1]ਵਿੱਦਜਾ ਵਿਚ ਪ੍ਰਬੀਨ।
*ਪਾ:-ਹੁਇ ਸੰਗਤ ਪਾਸੈ।
[2]ਕਿਸੇ ਕੰਗਾਲ ਨੂੰ ਬਖਸ਼ ਦਿੰਦੇ।
[3]ਸਾਰੇ ਗ਼ਰੀਬ।
[4]ਇਕ ਮਨੁਖ ਦੇ ਖਾਣ ਜੋਗਾ ਬੀ, ਅਹਾਰ ਅਗਲੇ ਦਿਨ ਨਹੀਂ ਰਖਦੇ ਸਨ।
[5]ਘੜਿਆਂ ਦਾ ਪਾਣੀ।

ਜਿਮਿ ਬਿਹੰਗ ਦਰਵੇਸ਼[1] ਹ੍ਵੈ, ਸੰਚੈ ਨ ਕਰੈ ਹੈਂ।
ਨਿਤਿ ਨਵੀਨ ਲੇ ਕਰਿ ਅਚਹਿਂ, ਈਸ਼ੁਰ ਤਿਨਿ ਦੈ ਹੈ।
ਘਰ ਮਹਿਂ ਰਹੈ ਨ ਅੰਨ ਧਨ, ਨਹਿ ਬਸਤ੍ਰ ਬਧੀਕਾ[2]।
ਕਰਜੋ ਨੇਮ ਸ਼੍ਰੀ ਸਤਿਗੁਰੂ, ਐਸੀ ਬਿਧਿ ਨੀਕਾ ॥੨੪॥
ਵਾਹਿਗੁਰੂ ਸਿਖ ਮੁਖ ਜਪਹਿਂ, ਜਬਿ ਮਿਲਹਿਂ ਸੁ ਦੋਈ।
'ਪੈਰੀ ਪਵਣਾ ਸਤਿਗੁਰੂ' ਆਪਸ ਮਹਿਂ ਹੋਈ।
ਜੁਤਿ ਸਨੇਹ ਸਿਮਰਨ ਕਰਹਿਂ, ਗੁਰ ਦਰਸ਼ਨ ਪਾਵੈਂ।
ਨਈ ਰੀਤਿ ਗੁਰ ਸਦਨ ਕੀ ਪਿਖਿ ਜਗਤ ਰਿਸਾਵੈ ॥੨੫॥
ਨਿੰਦਹਿਂ ਖਲ ਬਿੰਦਹਿ ਨਹੀਂ[3], -ਇਹ ਮਗ ਨਿਰਬਾਨਾ[4]।
ਕਲਿ ਮਹਿਂ ਭਗਤਿ ਸੁ ਮੁਕਤਿ ਦਾ, ਧਰਮ ਨ ਕੋ ਆਨਾ[5]-।
ਪੁਨ ਸਤਿਗੁਰ ਇਮਿ ਨੇਮ ਕਿਯ, ਚਹੁ ਬਰਨ ਮਝਾਰਾ।
'ਆਸ਼੍ਰਮ ਧਾਰੀ ਹੋਇ[6] ਕੋ, ਆਵਹਿ ਦਰਬਾਰਾ ॥੨੬॥
ਪ੍ਰਥਮ ਦੇਗ ਮਹਿਂ ਜਾਇ ਕੇ, ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ, ਚਲਿ ਕਰਿ ਢਿਗ ਜਾਵੈ[*]।'
ਜੋ ਨਹਿਂ ਅਚਹਿ ਅਹਾਰ ਕੋ, ਸੁਚ ਸੰਜਮਵੰਤਾ।
ਤਿਸ ਕੋ ਦਰਸ਼ਨ ਹੋਤਿ ਨਹਿਂ, ਹਟਿ ਘਰ ਗਮਨੰਤਾ ॥੨੭॥
ਆਸ਼੍ਰਮ ਬਰਨ ਜਿ ਭੇਦ ਮਹਿਂ, ਨਹਿਂ ਮਿਲਹਿਂ ਹਦੂਰਾ[7]।
ਖਾਵਹਿਂ ਕੁਨਕਾ ਦੇਗ ਕੋ, ਦਰਸਹਿਂ ਗੁਰ ਪੂਰਾ।
ਨਿਤਿ ਪ੍ਰਤਿ ਆਨਹਿਂ ਅੰਨ ਕੋ, ਸਿਖ ਸੇਵਕ ਜੋਈ।
ਹੋਤਿ ਦੇਗ ਬਿਨ ਤੋਟ ਕੇ, ਖਾਵੈ ਸਭਿ ਕੋਈ ॥੨੮॥
ਬਿਦਤਿ ਭਏ ਸਭਿ ਦੇਸ਼ ਮਹਿਂ, ਸੁਨਿ ਸੁਨਿ ਸਿਖ ਆਵਹਿਂ।
ਸ਼੍ਰੀ ਨਾਨਕ ਕੇ ਸਮੇਂ ਕੇ[+], ਪਹੁੰਚਹਿਂ ਦਰਸਾਵੈਂ।
ਸ਼੍ਰੀ ਅੰਗਦ ਮਹਿਮਾ ਲਖਹਿਂ, ਜੇ ਦਰਸ ਕਰੰਤੇ।
ਸਭਿ ਆਵਹਿਂ ਸ਼੍ਰੀ ਅਮਰ ਢਿਗ, ਤਿਨ ਥਾਨ ਲਖੰਤੇ[8] ॥੨੯॥

---

[1]ਪੰਛੀ ਤੇ ਫਕੀਰ।
[2]ਵਾਧੂ।
[3]ਮੂਰਖ ਜਾਣਦੇ ਨਹੀਂ।
[4]ਇਹ ਹੈ ਕਲਜਾਣ ਦਾ ਰਾਹ।
[5]ਭਗਤੀ ਬਿਨਾ ਕੋਈ ਹੋਰ ਧਰਮ ਮੁਕਤੀ ਦਾਤਾ ਨਹੀਂ।
[6]ਬ੍ਰਹਮ ਚਰਜ ਆਦਿ ਕਿਸੇ ਆਸ਼੍ਰਮ ਦੀ ਮਿਰਜਾਦਾ ਨੂੰ ਧਾਰਨ ਕਰਨ ਵਾਲਾ ਹੋਵੇ।
[*]ਪਾ:-ਆਵੈ।
[7]ਭਾਵ ਗੁਰੂ ਜੀ ਦੇ ਪਾਸ ਨਹੀਂ ਜਾ ਸਕਦੇ ਸਨ।
[+]ਪਾ:-ਜੇ।
[8]ਭਾਵ ਗੁਰੂ ਨਾਨਕ ਤੇ ਗੁਰੂ ਅੰਗਦ ਜੀ ਦੀ ਥਾਵੇਂ ਗੱਦੀ ਬੈਠੇ ਸਮਝਕੇ।

ਧਰਹਿਂ ਕਾਮਨਾ ਉਰ ਬਿਖੈ, ਬਿਨ ਕਹੇ ਸੁ ਪਾਵੈਂ।
ਜੋ ਅਰਪਤਿ ਹੈਂ ਆਨਿ ਕਰਿ, ਬਹੁ ਬਿਨੈ ਅਲਾਵੈਂ।
ਏਕ ਦਿਵਸ ਕੇ ਖਰਚਿ ਕੋ, ਲੇਵਹਿਂ ਤਿਨ ਪਾਸੇ[1]।
ਔਰ ਹਟਾਇ ਸੁ ਦੇਤਿ ਤਿਨ[++], ਨਹਿਂ ਰਖਹਿਂ ਅਵਾਸੇ ॥੩੦॥
ਬਿਦਤਹਿ ਦਿਨ ਪ੍ਰਤਿ ਅਧਿਕ ਹੀ, ਨਿਤਿ ਭਗਤਿ ਪ੍ਰਕਾਸ਼ੇ।
ਅਜ਼ਮਤਿ ਜੁਤਿ ਕੇਤਿਕ ਭਏ, ਲਹਿਂ ਸਿੱਧਿ ਸੁ ਪਾਸੇ[2]।
ਸੇਵਹਿਂ ਗੁਰ ਪਗ ਕਮਲ ਕੋ, ਕਰਿ ਪ੍ਰੀਤਿ ਬਿਸਾਲਾ।
ਸਿਮਰਨ ਹੁਇ ਸਤਿਨਾਮ ਕੋ, ਦਿਨ ਰੈਨ ਸੁਖਾਲਾ ॥੩੧॥
ਬਸੇ ਪੁਰੀ ਮਹਿਂ ਆਨਿ ਕੇ, ਬਹੁ ਕੀਨਿ ਨਿਕੇਤਾ।
ਕੇਤਿਕ ਭਈ ਦੁਕਾਨ ਤਹਿਂ, ਬਹੁ ਬਨਜ ਸਮੇਤਾ।
ਸਭਿਹਿਨਿ ਕੀ ਗੁਜ਼ਾਰਨ ਹੁਇ, ਥੁਰਿ ਹੈ ਨਹਿਂ ਕੋਈ।
ਬਿਨਾ ਰੋਗ ਸੁਖ ਭੋਗ ਜੁਤਿ[3], ਬਸਿਬੋ ਤਿਨ ਹੋਈ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅਮਰ ਦਾਸ ਨਿੱਤ ਬਿਵਹਾਰ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

---

[1]ਪਾਸੋਂ।
[++]ਪਾ:-ਤਿਸ।
[2]ਪਾਸ ਰਹਿ ਕਰਕੇ।
[3]ਸਮੇਤ।

੩੧. [ਸਾਵਣ ਮੱਲ ਨੂੰ ਹਰੀ ਪੁਰ ਭੇਜਣਾ। ਰਾਜੇ ਦਾ ਪੁੱਤ੍ਰ ਜਿਵਾਉਣਾ]

੩੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੨

ਨਿਸਾਨੀ ਛੰਦ: ਸਿੱਖੀ ਮਗ ਪ੍ਰਗਟਾਇਬੇ, ਸ੍ਰੀ ਸਤਿਗੁਰ ਪੂਰੇ।
ਦੇਹਿਂ ਦਰਸ ਬਹੁ ਸੰਗਤਾਂ, ਸਿੱਖਜਨ ਇਛ ਪੂਰੇ।
ਇਕ ਦਿਨ ਬੱਲੂ ਖਰੇ ਹੁਇ, ਨਿਜ ਅਰਜ਼ ਗੁਜ਼ਾਰੀ।
'ਸੁਨਹੁ ਪ੍ਰਭੂ! ਪਤਿਸ਼ਾਹੁ ਤੁਮ, ਸਿਖ ਪੀਰ ਬਿਦਾਰੀ[1] ॥੧॥
ਚਾਰ ਬਰਨ ਕੇ ਲੋਕ ਗਨ[2], ਬਸਿਬੇ ਹਿਤ ਆਏ।
ਨੀਕੇ ਬਨੇ ਨਿਕੇਤ ਨਹਿਂ, ਯਾਂ ਤੇ ਅਕੁਲਾਏ।
ਚਰਨ ਭਰੋਸੇ ਆਪ ਕੇ, ਇਹ ਆਨਿ ਬਸੇ ਹੈਂ।
ਗ੍ਰਹਿ ਮੰਦਰ ਸੁੰਦਰ ਬਿਨਾ, ਸੁਖ ਨਹੀਂ ਰਸੇ ਹੈਂ ॥੨॥
ਕ੍ਰਿਪਾ ਹੋਇ ਜਬਿ ਆਪ ਕੀ, ਘਰ ਉਸਰਹਿਂ ਸਾਰੇ।
ਨਰ ਨਾਰੀ ਸੁਖ ਪਾਇ ਰਹਿਂ, ਅਪਨੇ ਪਰਵਾਰੇ।
ਪ੍ਰਾਪਤਿ ਵਸਤੂ ਅਪਰ ਸਭਿ, ਕਾਸ਼ਟ ਨਹਿਂ ਪਾਵੈਂ[3]।
ਦੀਰਘ ਦਾਰ ਬਿਹੀਨ[4] ਘਰ, ਕੈਸੇ ਉਸਰਾਵੈਂ ॥੩॥
ਸ਼ਰਨ ਪਰੇ ਸਭਿ ਆਪ ਕੀ, ਆਨ ਨ ਬਿਸ਼ਵਾਸ਼ਾ।
ਜ਼ਿਕਰ ਕਰਤਿ ਨਿਤਿ ਕਾਠ ਕੋ, ਨਹਿਂ ਆਵਤਿ ਪਾਸਾ[5]।'
ਸੁਨਿ ਪ੍ਰਸੰਨ ਸਤਿਗੁਰ ਭਏ, ਕਹਿ ਦੀਨਿ ਦਿਲਾਸਾ[6]।
'ਕਾਸ਼ਟ ਆਵਹਿ ਬਹੁਤ ਅਬਿ, ਕਰਿ ਲੇਹਿਂ[7] ਅਵਾਸਾ' ॥੪॥
ਭ੍ਰਾਤਾ ਕੋ ਇਕ ਸੁਤ ਹੁਤੋ, ਸਾਵਣ ਮਲ ਨਾਮੂ।
ਨਿਕਟ ਹਕਾਰਯੋ ਤਾਂਹਿ ਕੇ, ਬੋਲੇ ਸੁਖਧਾਮੂ।
'ਰਾਜ ਹਰੀਪੁਰ ਕੋ ਜਹਾਂ, ਤਹਿਂ ਕੋ ਗਮਨੀਜੈ।
ਦੀਰਘ ਦਾਰ ਸਮੂਹ ਜੋ, ਨਿਜ ਪੁਰੀ ਅਨੀਜੈ ॥੫॥
ਬੇੜੇ ਬਾਂਧੋ ਤਹਾਂ ਤੇ, ਸਲਿਤਾ ਮਹਿਂ ਡਾਰੋ।
ਜਾਇ ਬਿਲੰਬ ਨ ਲਾਈਏ, ਤੂਰਨਤਾ ਧਾਰੋ।
ਆਵਹਿ ਕਾਸ਼ਟ ਬਹੁ ਇਹਾਂ, ਨਰ ਲੇਹਿਂ ਨਿਕਾਸੇ।

---

[1]ਸਿੱਖਾਂ ਦੀ ਪੀੜਾ ਨੂੰ ਦੂਰ ਕਰਨ ਵਾਲੇ ਹੋ।
[2]ਬਹੁਤੇ।
[3]ਲਕੜੀ (ਉਸਾਰੀ ਵਾਲੀ) ਨਹੀਂ ਮਿਲਦੀ।
[4]ਲੰਮੀਆਂ ਲਕੜੀਆਂ ਬਿਨਾ।
[5]ਗੱਲਾਂ ਕਰਦੇ ਹਨ ਨਿੱਤ (ਆਪੋ ਵਿਚ) ਕਿ (ਸਾਡੇ ਕਿਸੇ ਯਤਨ ਨਾਲ) ਕਾਠ ਹਥ ਨਹੀਂ ਆਉਂਦਾ (ਅ) (ਬਾਹਰ) ਰੋਜ਼ ਲਕੜੀਆਂ ਦੀ ਗੱਲ ਬਾਤ ਕਰਦੇ ਹਨ, ਪਰ ਆਪ ਜੀ ਪਾਸ (ਅਦਬ ਕਰਕੇ) ਨਹੀਂ ਆਂਵਦੇ।
[6]ਦਿਲਾਸਾ ਦੇ ਕੇ ਕਿਹਾ:।
[7]ਉਸਾਰ ਲੈਣ।

ਕਰਹਿਂ ਸਦਨ ਨਿਜ ਬਸਨ ਕੋ, ਪੁਨ ਲਹਿਂ ਸੁਖਰਾਸੇ[1]' ॥੬॥
ਸਾਵਣ ਮਲ ਬੋਲਜੋ ਸੁਨਤਿ, ਜੋਰੇ ਜੁਗ ਹਾਥਾ।
'ਦਰਬ ਬਿਨਾ ਕਿਮ ਆਇ ਹੈ, ਨਹਿਂ ਨਰ ਗਨ ਸਾਥਾ[2]।
ਏਕਾਕੀ ਹੌਂ ਜਾਇ ਕੈ, ਕਜਾ ਕਰਵਿ ਉਪਾਏ।
ਪਰਬਤ ਬਾਸੀ ਲੋਕ ਜੇ, ਕਿਮ ਕਹਜੋ ਕਮਾਏ[3] ॥੭॥
ਗੁਰ ਮਹਿਮਾ ਜਾਨਹਿਂ ਨਹੀਂ, ਜੇ ਪਰਬਤ ਬਾਸੀ।
ਲਜਾਵਨ ਕਾਠ ਸਮੂਹ ਕੋ, ਕਿਮ ਕਰਵਿ ਪ੍ਰਯਾਸੀ[4]।
ਜੋ ਬਿਧਿ ਆਪ ਬਖਾਨਹੌਂ, ਤੈਸੇ ਮੈਂ ਲਜਾਵੌਂ।
ਕੈ ਅਜ਼ਮਤ ਮੁਝ ਨਿਕਟ ਹੁਇ, ਨ੍ਰਿਪ ਕੋ ਦਰਸਾਵੌਂ ॥੮॥
ਕਰੋਂ ਸਿੱਖ ਤਿਸ ਦੇਸ਼ ਕੋ, ਆਗਜਾ ਪੁਨ ਮਾਨੈ।
ਆਵਹਿ ਦੀਰਘ ਦਾਰ ਤਬ, ਹਮ ਜਿਤਿਕ ਬਖਾਨੈ।'
ਤਬਿ ਸੁਨਿ ਕੈ ਸ੍ਰੀ ਅਮਰ ਜੀ, ਲਖਿ ਕੈ ਤਿਸ ਆਸ਼ੈ।
ਕਹਜੋ ਕਿ 'ਜੈਸੇ ਚਿਤ ਚਹਹੁ, ਤਸ ਹੁਇ ਤੁਵ ਪਾਸੈ' ॥੯॥
ਸਾਵਣ ਮਲ ਕੀ ਮਾਤ ਨੇ, ਸੁਨਿ ਸ਼੍ਰੋਨ ਮਝਾਰਾ।
ਕਰਜੋ ਪੁੱਤ੍ਰ ਕੋ ਮੋਹੁ ਬਹੁ, ਉਰ ਮਹਿਂ ਡਰ ਧਾਰਾ।
ਕੰਪਤਿ ਹਾਥਨਿ ਪਗਨਿ ਤੇ, ਧਰਕਤਿ ਬਹੁ ਹੀਆ।
ਚਲਿ ਆਈ ਸਤਿਗੁਰ ਨਿਕਟ, ਅਸ ਬੋਲਨ ਕੀਆ ॥੧੦॥
ਹਾਥ ਜੋਰਿ ਕੰਪਤਿ ਖਰੀ, 'ਇਕ ਸੁਤ ਹੈ ਮੇਰੇ।
ਡਾਕਨਿ[5] ਪਰਬਤ ਮਹਿਂ ਰਹਤਿ, ਮੈਂ ਸੁਨੀ ਘਨੇਰੇ।
ਕਾਢਿ ਕਰੇ ਜਾ ਖਾਇਂਗੀ, ਪਰਦੇਸ਼ੀ ਜਾਨੈਂ।
ਨਹਿਂ ਕੁਛ ਚਲਹਿ ਸਹਾਇਤਾ, ਜਬਿ ਪ੍ਰਾਨਨ ਹਾਨੈਂ ॥੧੧॥
ਇਕ ਪੁੱਤ੍ਰਾਂ[6] ਮੁਝ ਜਾਨਿ ਕੈ, ਕੀਜਹਿ ਨਿਜ ਦਾਯਾ।
ਜਿਸ ਤੇ ਇਹ ਜੀਵਤਿ ਰਹੈ, ਸੁਖ ਹੁਇ ਅਧਿਕਾਯਾ।
ਇਸ ਕੋ ਨਹੀਂ ਪਛਾਨ ਕੁਛ, ਬਿਰਮਾਇਂ ਕੁਚਾਲੀ[7]।
ਕਿਮਿ ਆਵਹਿ ਹਟਿ ਸਦਨ ਕੋ, ਜਹਿਂ ਬਿਘਨ ਬਿਸਾਲੀ[8]' ॥੧੨॥

---

[1]ਸਾਰੇ ਸੁਖ।
[2]ਬਹੁਤੇ ਮਨੁੱਖ ਨਾਲ ਨਹੀਂ।
[3]ਮੇਰਾ ਕਿਹਾ ਕਿਵੇਂ ਮੰਨਣਗੇ।
[4]ਕਿਵੇਂ ਯਤਨ ਕਰਾਂਗਾ।
[5]ਡੈਣਾਂ।
[6]ਇਕ ਪੁੱਤ੍ਰ ਵਾਲੀ।
[7]ਖੋਟੀ ਚਾਲ ਵਾਲੀਆਂ (ਡੈਣਾਂ) ਭਰਮਾ ਲੈਣਗੀਆਂ।
[8]ਬਹੁਤੇ ਵਿਘਨ ਹਨ ਜਿਥੇ।

ਸੁਤ ਸਨੇਹ ਬਿਰਧਾ ਮਹਾਂ, ਸੁਨਿ ਬਾਕ ਸਤ੍ਰਾਸਾ[1]।
ਕਰੁਨਾਨਿਧਿ ਬਿਗਸੇ ਬਹੁਤ, ਕਹਿਂ ਦੇ ਭਰਵਾਸਾ[2]।
'ਤੋਹਿ ਪੁੱਤ੍ਰ ਕੋ ਭੈ ਨਹੀਂ, ਗਨ ਭੂਤ ਜੁ ਪ੍ਰੇਤਾ।
ਡਾਕਨਿ ਬਪੁਰੀ ਕਜਾ ਕਰੈਂ, ਬਡ ਭਾ ਬਲ ਏਤਾ[3] ॥੧੩॥
ਬੀਰ ਬਵੰਜਾ ਜੋਗਨੀ, ਇਸ ਆਇਸੁ ਮਾਨੈਂ।
ਸਰਬ ਸੁਰਾਸੁਰ[4] ਜਿਤ ਕਿਤੀ, ਡਰ ਧਰੈਂ ਮਹਾਨੈ।
ਮਹਾਂ ਸ਼ਕਤਿ ਇਸ ਮੈਂ ਭਈ, ਨਹਿਂ ਕੀਜਹਿ ਤ੍ਰਾਸਾ।'
ਗਈ ਸਦਨ ਕੋ ਦੀਨ ਬਨਿ, ਕੁਛ ਕਰਿ ਭਰਵਾਸ਼ਾ ॥੧੪॥
ਸਾਵਣਮੱਲ ਹਕਾਰਿ ਪੁਨ, ਨਿਜ ਨਿਕਟ ਬਿਠਾਵਾ।
ਇਕ ਰੁਮਾਲ ਕਰ ਪੌਂਛਨੋ[5], ਗੁਰ ਹਾਥ ਉਠਾਵਾ।
ਦਯੋ ਤਿਸਹਿ ਸਮਝਾਇ ਕਰਿ, 'ਇਸ ਅਜ਼ਮਤਿ ਭਾਰੀ।
ਚਹਹਿਂ ਜਿ ਕਿਸਹਿ ਸੰਘਾਰ ਦਿਹੁ, ਚਹਿਂ ਮ੍ਰਿਤਕ ਜਿਵਾਰੀ[6] ॥੧੫॥
ਜਿਸ ਕੀ ਚਿਤ ਮਹਿਂ ਚਾਹਿ ਹੁਇ, ਇਸ ਮਹਿਂ ਤੇ ਲੀਜੈ।
ਸਰਬ ਸੁਰਾਸੁਰ ਆਦਰੈਂ[7], ਚਾਹਿ ਸੁ ਕਹਿ ਦੀਜੈ।
ਥਾਤੀ ਅਜ਼ਮਤਿ ਕੀ[8] ਇਹੀ, ਨਿਹਸੰਸੈ ਮਾਨੋ।
ਕਰਹੁ ਦੇਸ਼ ਸਿੱਖ ਆਪਨੋ, ਪੁਨ ਕਾਜ ਬਖਾਨੋ ॥੧੬॥
ਬਪੁਰੇ ਕਹਾਂ ਪਹਾਰੀਏ, ਆਇਸੁ ਨਹਿਂ ਮਾਨੈਂ।
ਤੀਨ ਲੋਕ ਪਰ ਹੁਕਮ ਤੁਵ, ਨਹਿਂ ਫੇਰਨ ਠਾਂਨੈ।'
ਲੇ ਰੁਮਾਲ ਹਰਖਜੋ ਰਿਦੈ, ਕਰ ਜੋਰ ਬਖਾਨੀ।
'ਪ੍ਰਭੁ ਜੀ! ਸਭਿ ਕਾਰਜ ਸਨੈ, ਅਜ਼ਮਤ ਲੇ ਮਾਨੀ[9]' ॥੧੭॥
ਲੇ ਰੁਮਾਲ ਸਿਰ ਪਰ ਧਰਜੋ, ਖੁਲਿ ਗਏ ਕਪਾਟਾ।
ਸਭਿ ਸਿੱਧਾਂ ਆਗੇ ਖਰੀ, ਹੇਰਜੋ ਬਡ ਠਾਟਾ[10]।
ਬੰਦਨ ਕਰਿ ਗਮਨਜੋ ਸਦਨ, ਮਾਤਾਦਿ ਕੁਟੰਬਾ।

---

[1]ਡਰ ਵਾਲੇ।
[2]ਧਿਰਵਾਸ ਦੇਕੇ ਕਿਹਾ।
[3](ਇਸ ਵਿਚ) ਇਤਨਾ ਵੱਡਾ ਬਲ ਹੋਇਆ ਹੈ।
[4]ਦੇਵਤੇ ਤੇ ਦੈਂਤ।
[5]ਹਥ ਸਾਫ ਕਰਨ ਵਾਲਾ।
[6]ਜੇ ਚਾਹੇਂ ਕਿ ਕਿਸੇ ਨੂੰ ਮਾਰ ਦੇਵੇਂ (ਤਾਂ ਮਰ ਜਾਏਗਾ) ਜੋ ਚਾਹੇਂ ਮਰੇ ਹੋਏ ਨੂੰ ਜਿਵਾਲਾਂ (ਤਾਂ ਜੀ ਪਏਗਾ)।
[7]ਆਦਰ ਕਰਨਗੇ।
[8]ਕਰਾਮਾਤ ਦੀ ਥੈਲੀ।
[9](ਪਹਾੜੀਏ) ਅਜ਼ਮਤ ਲੈ ਕੇ ਮੰਨ ਜਾਣਗੇ, ਭਾਵ ਪਤੀਜ ਜਾਣਗੇ। (ਅ) ਸਾਵਣਮੱਲ ਅਜ਼ਮਤ ਲੈ ਕੇ ਪਤੀਜ ਗਿਆ ਤੇ ਕਹਿਣ ਲੱਗਾ: ਹੇ ਪ੍ਰਭੁ ਜੀ! ਹੁਣ ਸਾਰਾ ਕੰਮ ਬਣ ਜਾਏਗਾ।
[10]ਠਾਠ, ਬਣਾਉ।

ਸਭਿ ਕੋ ਧੀਰਜ ਕਹਿ ਦਈ, 'ਮੁਝਿ ਬਡੋ ਅਲੰਬਾ ॥੧੮॥
ਨਹਿਂ ਚਿੰਤਾ ਚਿਤ ਮੈਂ ਕਰਹੁ, ਪਦ ਊਚ ਮਿਲਜੋ ਹੈ।'
ਮੁਦਿਤ ਕਰਜੋ ਪਰਵਾਰ ਕੋ, ਪੁਨ ਪੰਥ ਚਲਜੋ ਹੈ।
ਸਨੈ ਸਨੈ ਗਮਨਜੋ ਤਬਹਿ, ਮਗ ਉਲਂਘਜੋ ਸਾਰੇ।
ਗਯੋ ਹਰੀ ਪੁਰ ਕੇ ਨਿਕਟ, ਗਿਰ ਰੁਚਿਰ ਨਿਹਾਰੇ ॥੧੯॥
ਸੁੰਦਰ ਬਨ ਉਪਬਨ ਜਹਾਂ, ਹਰਿਆਵਲ ਹੋਏ।
ਹਰਿਤ ਪੱਤ੍ਰ ਫਲ ਫੂਲਗਨ, ਸਾਵਨ ਮਲ ਜੋਏ।
ਬਿਮਲ ਨੀਰ ਗਨ ਬਾਪਕਾ[1], ਗਨ ਰਹੈਂ ਬਿਹੰਗਾ।
ਨਰ ਅਵਕੀਰਨ[2] ਜਹਿਂ ਕਹਾਂ, ਧਰ ਬੇਖ ਸੁਰੰਗਾ ॥੨੦॥
ਸੁੰਦਰ ਸਰਬੰਗਨ ਬਿਖੈ, ਤਰੁਨੀ ਗਨ ਹੇਰੀ[3]।
ਆਂਖ ਕਮਲ ਕੀ ਪਾਂਖਰੀ, ਚਲਚਾਲ ਘਨੇਰੀ[4]।
ਬਿਧੁ ਬਦਨੀ[5], ਸ਼ੁਕ੍ਰਿਸ਼ੋਦਰਾ[6], ਸੁਠ ਸ਼ਜਾਮ ਸੁ ਕੇਸੀ[7]।
ਗਜਗਮਨੀ, ਸੁਰ ਕੋਕਲਾ, ਕਟ ਕੇਹਰਿ ਜੈਸੀ[8] ॥੨੧॥
ਕੰਠ ਕਪੋਤੀ[9] ਸੁੰਦਰੀ, ਸਮ ਓਠ ਪ੍ਰਵਾਲਾ[10]।
ਜੋਗਿਨ[11] ਕੇ ਧੀਰਜ ਹਰੈਂ, ਐਸੀ ਗਨ ਬਾਲਾ।
ਆਨ ਦੇਸ਼ ਅਵਨੀ ਬਿਖੈ, ਤਿਸ ਦੇਸ਼ ਸਮਾਨਾ।
ਅਬਲਾ ਕਿਤਹੂੰ ਹੋਤਿ ਨਹਿਂ, ਅਸ ਰੁਚਿਰ ਮਹਾਨਾ ॥੨੨॥
ਰਜਧਾਨੀ ਤਿਹ ਨ੍ਰਿਪਤ ਕੀ, ਨਰ ਗਨ ਧਨਵਾਨਾ।
ਪਿਖਿ ਸੁੰਦਰਤਾ ਅਧਿਕ ਹੀ, ਪੁਨ ਨਿਕਟ ਪਯਾਨਾ।
ਰੋਦਨ ਕੋ ਬਡ ਸ਼ਬਦ ਹ੍ਵੈ, ਸੁਨਿ ਸ਼੍ਰੋਨ ਮਝਾਰਾ।
ਲੋਕ ਸੈਂਕਰੇ ਮਿਲਿ ਰਹੇ, ਕਰਿਂ ਹਾਹਾਕਾਰਾ ॥੨੩॥
ਬੂਝਜੋ ਇਕ ਨਰ 'ਕਜਾ ਭਯੋ, ਕਿਉਂ ਰੋਦਨ ਠਾਨੈਂ।
ਨਗਰ ਦੁਖੀ ਸਗਰੋ ਅਹੈ, ਉਰ ਸ਼ੋਕ ਮਹਾਂਨੈ।

---

[1]ਪਹਾੜੀ ਬਾਵਲੀਆਂ, ਬਾਵੜੀਆਂ।
[2]ਫੈਲੇ ਹੋਏ ਹਨ।
[3]ਸਰਬ ਅੰਗਾਂ ਵਿਖੇ ਸੁੰਦਰ ਇਸਤ੍ਰੀਆਂ ਸਮੂਹ ਦੇਖੀਆਂ।
[4]ਬਹੁਤ ਚੰਚਲ। [ਸੰਸ: ਚਲਚਾਲ]।
[5]ਚੰਦ੍ਰਮਾਂ ਵਤ ਮੁਖ ਵਾਲੀਆਂ।
[6]ਪਤਲੇ ਲੱਕ ਵਾਲੀਆਂ।
[7]ਸੁਹਣੇ ਕਾਲੇ ਵਾਲਾਂ ਵਾਲੀਆਂ।
[8]ਹਾਥੀ ਜੈਸੀ ਚਾਲ ਵਾਲੀਆਂ, ਅਵਾਜ਼ ਕੋਇਲਾਂ ਵਰਗੀ, ਲੱਕੋਂ ਸ਼ੇਰ ਜੈਸੀਆਂ (ਭਾਵ ਪਤਲੇ ਲੱਕ)।
[9]ਗਰਦਨ ਕਬੂਤਰੀ ਵਾਲੀਆਂ।
[10]ਬੁਲ ਲਾਲ ਗੁਲੀਆਂ ਵਤ।
[11]ਜੋਗੀਆਂ ਦੇ।

ਕੋ ਐਸੋ ਬਡ ਬਿਘਨ ਭਾ? ਬਜਾਕੁਲ ਨਰ ਨਾਰੀ।
ਦਿਖੀਯਤਿ ਹਰਖਤਿ ਕੋ ਨਹੀਂ, ਸਭਿ ਹੈਂ ਇਕ ਸਾਰੀ' ॥੨੪॥
ਨਰ ਨੈ ਭਨਯੋ ਬ੍ਰਿਤਾਂਤ ਤਬਿ, 'ਜੋ ਨਗਰ ਨਰੇਸ਼ਾ।
ਏਕ ਪੁੱਤ੍ਰ ਤਿਸ ਕੋ ਹੁਤੋ, ਤਨ ਚਾਰੁ ਵਿਸ਼ੇਸ਼ਾ।
ਤਰੁਨ[1] ਹੋਨਿ ਲਾਗਯੋ ਹੁਤੋ, ਪਿਖਿ ਜੀਵਤਿ ਰਾਜਾ[2]।
ਪਟਰਾਨੀ ਕੋ ਪਰਮਪ੍ਰਿਯ[3], ਮ੍ਰਿਤੁ ਭਯੋ ਸੁ ਆਜਾ ॥੨੫॥
ਯਾਂ ਤੇ ਸਭਿ ਬਜਾਕੁਲ ਭਏ, ਨ੍ਰਿਪ ਪਾਗ ਉਤਾਰੀ।
ਪੀਟਤਿ ਸਿਰ ਸੁਧ ਨਹਿਂ ਰਹੀ, ਮੂਰਛਨਾ ਧਾਰੀ।
ਤਿਮਿ ਰਾਣੀ ਆਤੁਰ ਬਡੀ, ਭਾ ਰਿਦੇ ਕਲੇਸ਼ੂ।
ਪ੍ਰਜਾ ਕੁਤੋ[4] ਹਰਖਹਿ ਰਿਦੈ, ਦੁਖ ਲਹਯੋ ਅਸ਼ੇਸ਼ੂ[5] ॥੨੬॥
ਨ੍ਰਿਪ ਸੁਖਿ ਤੇ ਪਰਜਾ ਸੁਖੀ, ਦੁਖਿ ਤੇ ਦੁਖ ਪਾਵੈ।
ਇਮ ਬਜਾਕੁਲ ਨਰ ਹੁਇ ਰਹੇ, ਰਵ ਰੁਦਨ[6] ਉਠਾਵੈਂ।'
ਸੁਨਿਕੇ ਚਿਤ ਮਹਿਂ ਚਿਤਵਤੋ -ਇਹੁ ਅਜ਼ਮਤ ਥਾਈਂ[7]।
ਨ੍ਰਿਪ ਸੁਤ ਏਕ ਜਿਵਾਇਬੇ, ਸਭਿ ਲਾਗਹਿਂ ਪਾਈ[8] ॥੨੭॥
ਸੇਵਕ ਹੋਵਹਿਂ ਭਾਵ ਧਰ, ਸਭਿ ਸੇਵ ਕਮਾਵੈਂ।
ਇਸ ਤੇ ਨੀਕੀ ਅਪਰ ਬਿਧਿ, ਕੋ ਹਾਥ ਨ ਆਵੈ।
ਉਰ ਪ੍ਰਸੰਨ ਹੁਇ ਕਰਿ ਗਯੋ, ਨ੍ਰਿਪ ਦ੍ਵਾਰ* ਅਗਾਰੇ।
ਕੁੰਜਨ ਸਮ[9] ਰਾਨੀ ਜਹਾਂ, ਕੁਰਲਾਤਿ ਪੁਕਾਰੇ ॥੨੮॥
ਕੇਸ ਉਖਾਰਤਿ ਸੀਸ ਕੇ, ਨਹਿਂ ਬਸਨ ਸੰਭਾਰੈ।
ਕਰ ਤਲ ਸੋਂ ਪੀਟਤਿ ਬਦਨ, ਸਿਰ ਜੰਘਨ ਮਾਰੈ[10]।
ਅਤਿ ਬ੍ਰਿਲਾਪ ਸੰਕਟ ਲਹਯੋ, ਲੋਚਨ ਜਲ ਗੇਰੈਂ।
ਜਹਿਂ ਕਹਿਂ ਹਾਹਾਕਾਰ ਭਾ, ਊਚੀ ਧੁਨਿ ਟੇਰੈਂ ॥੨੯॥
ਨ੍ਰਿਪਤਿ ਮਹਾਂ ਬਜਾਕੁਲ ਪਰਯੋ, ਮੰਤ੍ਰੀ ਬਿਲਖਾਵੈ[1]।

---

[1]ਜਵਾਨ।
[2]ਜਿਸ ਨੂੰ ਤੱਕ ਤੱਕ ਕੇ ਰਾਜਾ ਜੀਉਂਦਾ ਸੀ।
[3]ਬਹੁਤ ਪਿਆਰਾ।
[4]ਕਿਵੇਂ।
[5]ਸਾਰਿਆਂ ਨੇ।
[6]ਰੋਣ ਦਾ ਸ਼ਬਦ।
[7]ਕਰਾਮਾਤ ਦਾ ਮੌਕਯਾ ਹੈ।
[8]ਚਰਨੀਂ ਲੱਗਣਗੇ।
*ਪਾ:-ਦੁਰਗ।
[9]ਕੂੰਜ ਵਾਂਙੂ।
[10]ਹੱਥ ਤਲੀਆਂ ਨਾਲ ਮੂੰਹ ਸਿਰ ਤੇ ਪੱਟਾਂ ਨੂੰ ਮਾਰਦੀ ਹੋਈ ਪਿੱਟ ਰਹੀ ਹੈ।

ਆਪਸ ਮਹਿਂ ਕੋ ਧੀਰ ਦੇਇ, ਇਕ ਸਮ ਦੁਖ ਪਾਵੈਂ।
ਅਵਨੀ ਤਲ ਮਹਿਂ ਲਿਟਤਿ ਕੋ, ਸਿਮਰਹਿਂ ਗੁਨ[2] ਕੇਤੇ।
'ਸੂਰਤ ਸੁੰਦਰ ਰਾਜਸੁਤ, ਸਭਿ ਕੋ ਸੁਖ ਦੇਤੇ ॥੩੦॥
ਰਾਜਾ ਰਾਨੀ ਪ੍ਰਜਾ ਕੋ, ਸਚਿਵਨ[3] ਸਮੁਦਾਯਾ।
ਸਭਿਹਿਨਿ ਕੋ ਇਕ ਆਸਰਾ, ਸੋ ਪ੍ਰਭੁ ਨਹਿਂ ਭਾਯਾ।'
ਅਤਿ ਕਲੇਸ਼ ਜੁਤ ਹੇਰ ਕਰਿ, ਉਰ ਦਯਾ ਉਪਾਈ।
ਅਰ ਸ੍ਵਾਰਥ[4] ਹਿਤ ਆਪਨੇ, ਸਾਵਣ ਮਨਿ ਆਈ ॥੩੧॥
ਨ੍ਰਿਪ ਢਿਗ ਤੇ ਇਕ ਸਚਿਵ ਕੋ, ਨਿਜ ਨਿਕਟਿ ਹਕਾਰਾ।
ਹੁਇ ਇਕੰਤ ਤਿਸ ਕੋ ਕਹਯੋ, 'ਬਡ ਕਹਿਰ ਗੁਜ਼ਾਰਾ[5]।
ਤਊ ਗੁਰਨਿ ਕੀ ਕ੍ਰਿਪਾ ਤੇ, ਮੈਂ ਇਸੇ ਜਿਵਾਵੋਂ।
ਸਿੱਖ ਹੋਇਂ ਮੇਰੇ ਸਕਲ, ਸਿੱਖੀ ਬਿਦਤਾਵੋਂ ॥੩੨॥
ਪ੍ਰਥਮੇ ਰਾਜਾ ਸਿਖ ਬਨਹਿ, ਪੁਨ ਸਚਿਵ ਰੁ ਸੈਨਾ।
ਬਹੁਰ ਪ੍ਰਜਾ ਪਾਹੁਲ ਪਿਵੈ, ਕਹੁ ਨ੍ਰਿਪ ਸੋਂ ਬੈਨਾ।'
ਸੁਨਤਿ ਸਚਿਵ ਹਰਖਤਿ ਅਧਿਕ, ਢਿਗ ਗਾ ਮਹਿਪਾਲਾ।
ਕਹੀ ਬਾਤ ਸਮਝਾਇ ਸਭਿ, 'ਇਕ ਸੰਤ ਬਿਸਾਲਾ ॥੩੩॥
ਸ਼੍ਰੀ ਨਾਨਕ ਕੇ ਪੰਥ ਕੋ, ਬੋਲਤਿ ਇਮਿ ਬਾਨੀ।
-ਮਤਿ ਮੇਰੇ ਮਹਿਂ ਨ੍ਰਿਪਤ ਹੁਇ, ਜੇ ਲੇਵਹਿ ਮਾਨੀ।
ਤੌ ਮੈਂ ਨ੍ਰਿਪ ਸੁਤ ਪ੍ਰਾਣ ਜੁਤਿ, ਤਤਕਾਲ ਜਿਵਾਵੌਂ।
ਪੀਛੇ ਮਮ ਸਿੱਖ ਹੋਹਿਂ ਸਭਿ, ਸਿੱਖੀ ਪ੍ਰਗਟਾਵੌਂ-' ॥੩੪॥
ਸੁਨਿ ਮਹਿਪਾਲਕ ਕਾਨ ਮਹਿਂ, ਜਨੁ ਅੰਮ੍ਰਿਤ ਡਾਰਾ।
ਕਹਯੋ 'ਸਰਬ ਹੀ ਸਿੱਖ ਹ੍ਵੈਂ, ਗੁਰਦੇਵ ਹਮਾਰਾ।
ਕੁਵਰ[6] ਜਿਵਾਵਹੁ ਆਨਿ ਕਰਿ, ਆਇਸੁ ਜਿਮ ਭਾਖੇ।
ਹਮ ਤਿਸ ਕੇ ਅਨੁਸਾਰ ਨਿਤਿ, ਸੇਵਾ ਅਭਿਲਾਖੇ ॥੩੫॥
ਆਨਹੁ ਬਿਲਮ ਬਿਹੀਨ ਤਿਹ, ਪ੍ਰਾਨਨਿ ਕੋ ਦਾਤਾ।
ਨਾਂਹਿ ਤ ਸਭਿ ਹੀ ਹਮ ਮਰਹਿਂ, ਸੰਗਿ ਅਪਨੇ ਤਾਤਾ।'
ਦੌਰਿ ਸਚਿਵ ਸੰਗ ਲੇ ਗਯੋ, ਨ੍ਰਿਪ ਸਾਥ ਮਿਲਾਯੋ।
ਕਰੀ ਚਰਨ ਪਰ ਬੰਦਨਾ, ਸਨਮਾਨ ਬਿਠਾਯੋ ॥੩੬॥

---

[1]ਵਿਰਲਾਪ ਕਰ ਰਿਹਾ ਹੈ।
[2](ਮਰੇ ਹੋਏ ਦੇ) ਗੁਣ ਯਾਦ ਕਰਦੇ ਹਨ।
[3]ਵਜ਼ੀਰਾਂ ਨੂੰ।
[4]ਆਪਣੇ ਕੰਮ ਨੂੰ (ਸੋਚ ਕਰਕੇ)।
[5]ਕਹਿਰ ਹੋਯਾ ਹੈ।
[6]ਕੰਵਰ।

'ਪ੍ਰਾਨ ਸਹਤ ਸੁਤ ਕੋ ਕਰਹੁ, ਹਮ ਸਭਿ ਅਨੁਸਾਰੇ।
ਨਿਸ ਬਾਸੁਰ ਸੇਵਾ ਲਗਹਿਂ, ਹਮ ਦਾਸ ਤੁਮਾਰੇ।'
ਸਾਵਣ ਮਲ ਨੇ ਕਹਯੋ ਤਬਿ, 'ਲੇ ਮ੍ਰਿਤਕ ਸੁ ਆਵੋ।
ਭੀਰ ਹਟਾਵੋ ਸਕਲ ਹੀ, ਕਰਿ ਸ਼ਾਂਤਿ ਬਿਠਾਵੋ ॥੩੭॥
ਵਾਹਿਗੁਰੂ ਸਿਮਰਨ ਕਰਹੁ, ਨਹਿਂ ਰੋਦਨ ਕੀਜੈ।
ਸਤਿਗੁਰ ਪਰ ਬਿਸ਼ਵਾਸ਼ ਧਰਿ, ਉਰ ਸਭਿ ਹਰਖੀਜੈ।'
ਨ੍ਰਿਪ ਸੁਤ ਮ੍ਰਿਤਕ ਉਠਾਇ ਕਰਿ, ਆਨਯੋ ਤਤਕਾਲਾ।
ਸਾਵਣ ਕੇ ਆਗੇ ਧਰਯੋ*, ਬਿਸਮਾਇ ਬਿਸਾਲਾ ॥੩੮॥
ਬਸਤ੍ਰ ਉਘਾਰਯੋ ਬਦਨ ਤੇ+, ਜਲ ਬਹੁਰ ਮੰਗਾਯੋ।
ਤਿਸ ਰੁਮਾਲ ਕੀ ਖੂੰਟ[1] ਇਕ, ਧੋਈ ਕਰ ਲਾਯੋ[2]।
ਸੋ ਜਲ ਜਬਿ ਮੁਖ ਮਹਿਂ ਪਰਯੋ, 'ਸਤਿਨਾਮ' ਬਖਾਨਾ।
ਸੀਸ ਛੁਹਾਇ ਰੁਮਾਲ ਕੋ, ਆਏ ਤਿਸ ਪ੍ਰਾਨਾ ॥੩੯।
ਜਥਾ ਸੰਜੀਵਨਿ[3] ਜਲ ਘਸੀ, ਲਛਮਨ ਮੁਖ ਡਾਰੀ।
ਤਥਾ ਕੁਵਰ ਜੀਵਤਿ ਉਠਯੋ, ਚਖ ਪਲਕ ਉਘਾਰੀ[4]।
ਰਾਜਾ ਮਿਲਯੋ ਪਸਾਰਿ ਭੁਜ, ਰਾਨੀ ਮੁਖ ਚੂੰਮਾ।
ਠਾਂਢੋ ਤਤਛਿਨ ਸੋ ਭਯੋ, ਤਜਿ ਕਰਿ ਤਲ ਭੂਮਾ[5] ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਰਾਜ ਪੁੱਤ੍ਰ ਜਿਵਾਇਬੋ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

---

*ਪਾ:-ਕਰਯੋ।
+ਪਾ:-ਬਦਨ ਉਘਾਰਯੋ ਬਸਤਰ ਤੇ।
[1]ਕੰਨੀਂ।
[2]ਹਥ ਨਾਲ ਧੋਤੀ।
[3]ਇਕ ਮੰਨੀ ਹੋਈ ਬੂਟੀ ਜਿਸ ਨਾਲ ਮੁਰਦੇ ਜੀਉ ਪੈਂਦੇ ਹਨ। ਲਛਮਣ ਮੂਰਛਿਤ ਨੂੰ ਏਸੇ ਬੂਟੀ ਨਾਲ ਜਿਵਾਇਆ ਲਿਖਿਆ ਹੈ। ਇਕ ਵਿੱਦਯਾ ਦਾ ਬੀ ਨਾਮ ਹੈ ਜੋ ਮੁਰਦੇ ਜਿਵਾਲਨ ਵਾਲੀ ਮੰਨਦੇ ਹਨ, ਸ਼ੁਕ੍ਰ ਜੀ ਮੋਏ ਦੈਂਤਾਂ ਨੂੰ ਇਸੇ ਨਾਲ ਜਿਵਾ ਲੈਂਦੇ ਲਿਖੇ ਹਨ। ਵੈਦਕ ਵਿਚ ਇਕ ਦਵਾਈ ਦਾ ਬੀ ਨਾਮ ਹੈ।
[4]ਨੇਤਰ ਦੀ ਪਲਕ ਖੋਲੀ।
[5]ਪ੍ਰਿਥਵੀ ਦਾ ਥਲ ਛਡਕੇ (ਮੁੰਡਾ) ਉਠ ਖੜੋਤਾ।

੩੨. [ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਨੀਆਂ, ਸਾਵਣ ਮੱਲ ਦਾ ਮਨ ਦਾ ਮਾਨ ਹਰਨਾ]

੩੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੩

ਸ੍ਵੈਯਾ ਛੰਦ: ਭਯੋ ਅਨੰਦ ਬਿਲੰਦ ਸਭਿਨਿ ਕੈ
ਮੰਗਲ ਗਾਵਹਿਂ ਅਨਿਕ ਪ੍ਰਕਾਰ।
ਬਡ ਉਤਸਾਹ ਕਰਯੋ ਮਹਿਪਾਲਕ
ਦੀਨਨਿ ਦੀਨਸਿ ਦਰਬ ਉਦਾਰ*।
ਲਘੁ ਦੁੰਦਭਿ[1] ਗਨ ਸੰਗ ਨਫੀਰਨ[2],
ਬਾਜਨਿ ਲਾਗੇ ਦੁਰਗ ਸੁ ਦ੍ਵਾਰ[3]।
ਭਾਵ ਕਲਾਵਤਿ[4] ਕਰਤਿ ਰਾਗ ਧੁਨਿ,
ਬਜਹਿਂ ਮ੍ਰਿਦੰਗ[5], ਰਬਾਬ, ਸਤਾਰ ॥੧॥
ਮਹਾਂ ਅਮੰਗਲ[6] ਪ੍ਰਿਥਮ ਹੁਤੋ ਜਹਿਂ
ਤਹਿਂ ਤਬ ਮੰਗਲ ਰਚਹਿਂ ਬਿਸਾਲ।
ਰਾਜਾ ਰਾਨੀ ਸਚਿਵ ਸਹਤ ਸਭਿ
ਸਾਵਣ ਮਲ ਆਗੇ ਤਤਕਾਲ।
ਹਾਥਨਿ ਜੋਰਿ ਅਕੋਰਨ ਅਰਪਹਿਂ
ਗਰ ਪਹਿਰਾਈ ਫੂਲਨਿ ਮਾਲ।
ਚਮਰੁ ਢੁਰਾਵਹਿਂ ਸੁਜਸ ਬਧਾਵਹਿਂ
ਸੀਸ ਨਿਵਾਵਹਿਂ ਧਰਿ ਪਦ ਭਾਲ[7] ॥੨॥
ਸਿਵਕਾ[8] ਪਰ ਚਢਾਇ ਤਹਿਂ ਲਜਾਏ
ਸੁੰਦਰ ਮੰਦਰ ਅੰਦਰ ਥਾਨ।
ਸਾਦਰ ਡੇਰੇ ਕੋ ਕਰਵਾਯੋ
ਖਾਨ ਪਾਨ ਸਭਿ ਦੀਨਸਿ ਆਨ।
ਬਹੁਤ ਮੋਲ ਕੋ ਪਲੰਘ ਡਸਾਇਹੁ
ਆਇ ਸਭਿਨਿ ਨੇ ਬੰਦਨ ਠਾਨਿ।

---

*ਪਾ:-ਅਪਾਰ।
[1]ਛੋਟੇ ਧੌਂਸੇ।
[2]ਬੰਸਰੀ।
[3]ਕਿਲੇ ਦੇ ਦਰ ਅੱਗੇ।
[4]ਭੱਟ ਤੇ ਕਲੌਤ।
[5]ਢੋਲ।
[6]ਸ਼ੋਕ।
[7]ਮੱਥਾ ਪੈਰਾਂ ਤੇ ਧਰਕੇ।
[8]ਪਾਲਕੀ।

ਜ਼ਰੀਦਾਰ ਗੁੰਫੇ[1] ਜਿਸ ਲਟਕਤਿ
ਊਪਰ ਰੁਚਿਰ ਚੰਦੋਆ ਤਾਨਿ ॥੩॥
ਇੱਤਜਾਦਿਕ ਸੁਸ੍ਰੂਖਾ[2] ਕੀਨਸਿ
ਮਹਿਮਾ ਪਿਖ ਸਗਰੇ ਬਿਸਮਾਇ।
-ਗੁਰ ਸਮਰੱਥ ਮਹਾਂ ਸਭਿ ਰੀਤਿਨ
ਨ੍ਰਿਪ ਸੁਤ ਮ੍ਰਿਤੁ ਕੋ ਦੀਨਿ ਜਿਵਾਇ-।
ਕਿਤਿਕ ਦਿਵਸ ਮਹਿਂ ਨ੍ਰਿਪ ਸਿਖ ਹੋਯਹੁ
ਪੁਨ ਸਭਿ ਸਿੱਖੀ ਕੇ ਮਗ ਆਇ।
ਵਾਹਿਗੁਰੂ ਸਿਮਰਹਿਂ ਸੁਖ ਪਾਵਹਿਂ
ਚਿਤ ਇੱਛਾ ਕਹਿ ਦੇਤਿ ਪੁਜਾਇ ॥੪॥
ਪੁਨ ਸਾਵਣ ਮਲ ਨ੍ਰਿਪ ਸੰਗ ਭਾਖਜੋ
'ਹਮਰੇ ਸਦਨ ਬਿਪਾਸਾ ਤੀਰ।
ਚਾਹ ਦਾਰ ਦੀਰਘ ਕੀ ਤਿਹ ਠਾਂ[3]
ਇਕ ਠਾਂ ਕਰਹੁ ਬਿਸਾਲ ਸ਼ਤੀਰ।
ਬੇੜੇ ਬੰਧਹੁ ਕਾਸ਼ਟ ਗਨ ਕੇ
ਦ੍ਰਿੜ ਕਰਿ ਬੀਚ ਡਾਰੀਏ ਨੀਰ।
ਤਰਨ ਹਾਰ[4] ਨਰ ਸੰਗ ਸਿਧਾਵਹਿਂ
ਸਨੇ ਸਨੇ ਤਰਿ ਪਾਇਂ ਬਿਹੀਰ[5] ॥੫॥
ਗੋਇੰਦਵਾਲ ਨਗਰ ਤਟ ਊਪਰ
ਤਹਾਂ ਜਾਇ ਸਗਰੋ ਨਿਕਸਾਇਂ।'
ਇਮਿ ਸੁਨਿ ਭੂਪ ਹਰੀਪੁਰ ਕੇ ਤਬਿ
ਬਹੁ ਨਰ ਦੀਨੇ ਕਾਰ ਲਗਾਇ।
ਕਾਸ਼ਟ ਕੋ ਬਟੋਰ ਬਹੁਤੇਰਾ
ਖਾਤੀ ਤੇ ਤਛਾਇ[6] ਚਿਰਵਾਇ।
ਦੀਰਘ ਲੈ[+] ਲਕਰੀ ਕਰਿ ਸੰਚੈ

---

[1]ਫੁੱਮਣ।
[2]ਸੇਵਾ
[ਸੰਸਾ: ਸ਼ੁਸ਼੍ਰੂਖਾ]।
[3]ਬਹੁਤ ਲਕੜੀਆਂ ਦੀ ਲੋੜ ਹੈ ਓਥੇ।
[4]ਤਾਰੂ।
[5]ਤਰ ਕੇ ਵਹੀਰ ਪਾਉਣ ਭਾਵ ਚਲਦੇ ਜਾਣ।
[6]ਕਾਠ ਨੂੰ ਬਹੁਤਾ ਇਕੱਠਾ ਕਰਵਾਕੇ ਤਰਖਾਣ ਤੋਂ ਤੱਛਵਾ ਕੇ।
[+]ਪਾ:-ਲਘੁ।

ਅਨਿਕ ਭਾਂਤਿ ਸੁੰਦਰ ਘਰਿਵਾਇ[1] ॥੬॥
ਬੇੜੇ ਬੰਧਿ ਬਿਪਾਸਾ ਕੇ ਬਿਚ
ਨਰ ਕਰਿ ਸੰਗ ਸੁ ਦਿਏ ਚਲਾਇ।
ਗੋਇੰਦਵਾਲ ਬਿਸਾਲ ਕਾਠ ਗਨ
ਤਹਿਂ ਤੇ ਤੂਰਨ ਪਹੁੰਚੀ ਆਇ।
ਵਹਿਰ ਨਿਕਾਸੀ ਸਤਿਗੁਰ ਹੇਰੀ,
ਖਰੇ ਆਪ ਹੁਇ ਦਈ ਬੰਡਾਇ[2]।
ਜਿਤਿਕ ਚਹਤਿ ਨਰ ਦਈ ਤਿਤਿਕ ਤਿਨ
ਲੇ ਸਭਿ ਗਏ ਆਪਨੀ ਥਾਇਂ ॥੭॥
ਨਿਜ ਕੁਟੰਬ ਕੇ ਮਾਨਵ ਜੇਈ,
ਬਿੱਪ੍ਰ ਬ੍ਰਿੰਦ, ਕੋ ਬਾਂਟ ਸੁ ਦੀਨਿ।
ਬਾਈ ਜਾਤ ਜੁ ਖੱਤ੍ਰੀ ਕੁਲ ਕੀ[3]
ਗੋਇੰਦਵਾਲ ਬਾਸ ਤਿਨ ਲੀਨ।
ਸਰਬ ਜਾਤਿ ਸਿਖ ਸਦਨ ਕਰੇ ਤਹਿਂ
ਤਿਨ ਕਾਸ਼ਟ ਲੇ ਨਿਜ ਘਰ ਕੀਨਿ।
ਬਸਨ ਹਾਰ ਪੁਨ ਅਪਰ ਜਿ ਮਾਨਵ
ਬਾਂਛਤਿ ਦੀਨਸਿ ਗੁਰੂ ਪ੍ਰਬੀਨ ॥੮॥
ਸ਼੍ਰੀ ਗੁਰ ਅਮਰਦਾਸ ਹੁਇ ਠਾਂਢੇ,
ਧਾਮਨਿ ਕੀ ਅਵਨੀ ਅਵਲੋਕ[4]।
ਜਥਾ ਜੋਗ ਬਾਂਟੀ ਸਭਿਹਿਨਿ ਕੋ,
ਲੇ ਕਰਿ ਮੁਦਿਤਿ[5] ਭਏ ਸਭਿ ਲੋਕ।
ਆਪ ਆਪਨੇ ਰਚੇ ਸਦਨ ਸ਼ੁਭ
ਜੋ ਗੁਰੁ ਦਈਸੁ ਲੀਨੀ ਰੋਕ[6]।
ਬਡੇ ਭਾਗ ਜਿਨਿ ਭਾਲ ਹੁਤੇ ਤਬਿ
ਬਸੇ ਨਗਰ ਮਹਿਂ ਸਦਾ ਅਸ਼ੋਕ ॥੯॥
ਸੁੰਦਰ ਸਲਿਤਾ ਤੀਰ ਬਿਪਾਸਾ[7]

---

[1]ਘੜਵਾਕੇ, ਭਾਵ ਛਤੀਰੀਆਂ ਕਰਾਕੇ।
[2]ਵੰਡ ਦਿੱਤੀ।
[3]ਖੱਤ੍ਰੀਆਂ ਦੀਆਂ ਜਾਤਾਂ (ਵਿਚੋਂ) ਬਾਈ ਜਾਤਾਂ (ਦੇ ਪੁਰਸ਼)।
[4]ਘਰਾਂ ਦੀ ਜ਼ਿਮੀਂ ਦੇਖਕੇ।
[5]ਪ੍ਰਸੰਨ।
[6]ਭਾਵ ਥਾਂ ਮੱਲ ਲਈ।
[7]ਬਿਆਸਾ।

ਨੀਰ ਬਿਮਲ ਗੰਗਾ ਸਮ ਜਾਂਹਿ[1]।
ਪਾਪ ਬਿਨਾਸ਼ਨ ਪਾਵਨ ਸੋ ਬਹੁ
ਜਲ ਕੋ ਅੰਗ ਸਪਰਸ਼ੈ ਵਾਹਿ[2]।
ਤਾਤਕਾਲ ਫਲ ਸਤਿਗੁਰ ਦਰਸ਼ਨ
ਜਿਹਿਂ ਜੋਗੀ ਧਜਾਵਹਿਂ ਉਰ ਮਾਂਹਿ[3]।
ਬੇਦ ਸਮਾਨ ਗਿਰਾ ਗੁਰ ਸੁਨਿਬੇ
ਸਮਝਨਿ ਸੁਗਮ ਅਗਮ ਤਿਮ ਨਾਂਹਿ[4] ॥੧੦॥
ਦੇਗ ਹੋਇ ਸਗਰੇ ਦਿਨ ਗੁਰ ਕੀ
ਸਰਬ ਜਾਤਿ ਭੋਜਨ ਕੋ ਖਾਇਂ।
ਜੋ ਨਹਿਂ ਖਾਂਹਿਂ, ਨ ਦਰਸ਼ਨ ਪਾਵਹਿਂ
ਇਹੀ ਨੇਮ ਸਤਿਗੁਰ ਠਹਿਰਾਇ।
ਬਚਹਿ ਅਹਾਰ ਜੁ ਲੰਗਰ ਮਾਂਹੀ
ਸੋ ਸਭਿ ਗਊਅਨਿ ਦੇਹਿਂ ਖੁਲਾਇਂ।
ਪਸੂ ਅਘਾਇ ਸ਼ੇਖ਼ ਪੁਨ ਰਹਿ ਜੋ[5]
ਸਰਬ ਬਿਪਾਸਾ ਮਹਿਂ ਦੇਂ ਘਾਇ ॥੧੧॥
ਨਿਸ ਮਹਿਂ ਸ਼ੇਖ਼ ਰਹਿਨ ਨਹਿਂ ਪਾਵੈ
ਅੰਨ ਦਰਬ ਜੇਤਿਕ ਚਲਿ ਆਇ।
ਸਭਿ ਕੋ ਦੇਹਿਂ ਅਨੰਦਤਿ ਲੇਵੈਂ[6],
ਦੇਗ ਬਿਖੈ ਤ੍ਰਿਪਤਹਿਂ ਤਹਿਂ ਖਾਇ।
ਤਾਤਕਾਲ ਪੁਰਿ ਬਸਜੋ ਰੁਚਿਰ ਸੋ
ਸ੍ਰੀ ਸਤਿਗੁਰ ਜਹਿਂ ਆਪ ਬਸਾਇ[7]।
ਜੋ ਧਰਿ ਆਇ ਕਾਮਨਾ ਮਨ ਮਹਿਂ
ਦਰਸ਼ਨ ਪਰਸਤਿ ਸੋ ਨਰ ਪਾਇ ॥੧੨॥
ਉਤ ਸਾਵਨ ਕੀ ਕਥਾ ਕੁਛਕ ਹੈ,
ਸ਼੍ਰੋਤਾ! ਸੁਨਹੁ ਸੁਜਸੁ ਗੁਰ ਕੇਰਿ।

---

[1]ਜਿਸਦਾ।
[2]ਉਸ ਨੂੰ ਛੂਹਿਆਂ।
[3]ਭਾਵ ਗੰਗਾ ਦੇ ਸ਼ਨਾਨ ਦਾ ਫਲ ਮੁਕਤੀ ਸਮਝਦੇ ਹਨ, ਏਥੇ ਇਸ਼ਨਾਨ ਕਰਦਿਆਂ ਤਤਕਾਲ ਫਲ ਮਿਲਦਾ ਹੈ ਜਿਸ ਸਰੂਪ ਨੂੰ ਜੋਗੀ ਧਜਾਨ ਲਾ ਲਾ ਧਜਾਉਂਦੇ ਹਨ ਜੋ ਗੁਰੂ ਅਮਰ ਦੇਵ ਦੇ ਰੂਪ ਵਿਚ ਪਰਤੱਖ ਦਿੱਸ ਪੈਂਦਾ ਹੈ।
[4]ਤਿਸ ਵੇਦ ਵਾਂਙੂ ਕਥਨ ਨਹੀਂ (ਬਾਣੀ)।
[5](ਜੇ) ਪਸੂਆਂ ਨੂੰ ਰਜਾਕੇ ਕੁਛ ਬਚ ਰਹੇ।
[6]ਸਭ ਨੂੰ ਦੇ ਦੇਂਦੇ ਹਨ, (ਲੈਣ ਵਾਲੇ) ਅਨੰਦ ਹੋ ਕੇ ਲੈਂਦੇ ਹਨ।
[7]ਵਸਦੇ ਹਨ (ਅ) ਜਿਸ ਨੂੰ ਵਸਾਇਆ ਹੈ।

ਸਾਦਰ ਬਾਸ ਹਰੀ ਪੁਰ ਕੀਨਸਿ,
ਮਨਤਾ* ਜਿਸ ਕੀ ਹੋਤਿ ਬਡੇਰ।
ਜਬ ਰਾਜਾ ਤਿਹ ਚਰਨ ਪਖਾਰੇ
ਅਪਰਨ ਕੀ ਗਿਨਤੀ ਕਜਾ ਹੇਰਿ।
ਬੰਦਨ ਕਰਹਿਂ ਬ੍ਰਿੰਦ ਨਰ ਮਿਲਿ ਮਿਲਿ
ਕਰ ਜੋਰਹਿਂ ਕਰਿ ਭਾਉ ਘਨੇਰ[1] ॥੧੩॥
ਧਰਹਿਂ ਕਾਮਨਾ ਜਾਚਹਿਂ[2] ਆਨਿ[3] ਜੁ
ਤਿਸ ਰੁਮਾਲ ਤੇ ਪੂਰ ਕਰੰਤਿ।
ਸੁਤ ਬਿਤ ਕੀ, ਕੈ ਤਨ ਅਰੋਗ ਕੀ
ਇੱਤਜਾਦਿਕ ਪ੍ਰਾਪਤਿ ਹਰਖੰਤਿ।
ਪਾਇਨ[4] ਪਾਸ ਉਪਾਇਨ[5] ਅਰਪਤਿ
ਸਰਬ ਦੇਸ਼ ਨਰ ਜਸੁ ਉਚਰੰਤਿ।
ਸਿੱਖੀ ਬਿਥਰੀ ਸਾਵਨ ਮਲ ਕੀ
ਅਜ਼ਮਤ ਹੇਰਤਿ ਉਰ ਬਿਸਮੰਤਿ ॥੧੪॥
ਰਾਜਾ ਰਾਨੀ ਤ੍ਰਾਸ ਕਰਤਿ ਬਹੁ
ਸੇਵਹਿਂ ਨਿਤ ਹੁਇ ਕਰਿ ਅਨੁਸਾਰ।
ਬਹੁਤ ਮੋਲ ਕੇ ਬਸਤ੍ਰ ਮੰਗਾਵੈਂ
ਕਰਿਵਾਵੈਂ ਪੋਸ਼ਸ਼ ਸਭਿ ਚਾਰੁ।
ਭੋਜਨ ਮਹਿਂ ਅਮੇਜ਼ ਕਰਿ[6] ਮੇਵੇ
ਸ਼ੁਭ ਸ੍ਵਾਦਨਿ ਕੋ ਦੇਤਿ ਅਹਾਰ।
ਠਾਂਢੇ ਰਹੈਂ ਦਾਸ ਹਿਤ ਸੇਵਾ
ਹੁਕਮ ਦੇਹਿਂ ਸੋ ਕਰਹਿਂ ਸੁਧਾਰਿ[7] ॥੧੫॥
ਅਸ ਪਦ ਊਚੋ ਜਬਹਿ ਪਹੂਚੋ
ਚਿਤ ਮਹਿਂ ਚਿਤਵਤਿ ਭਾ ਇਸਿ ਭਾਇ।
-ਕਾਰਜ ਸੁਧਰ ਗਯੋ ਸਭਿ ਗੁਰ ਕੋ

---

*ਪਾ:-ਮੰਨਤ।
[1]ਬਹੁਤਾ ਪ੍ਰੇਮ ਕਰਕੇ।
[2]ਮੰਗਣ।
[3]ਆਕੇ।
[4]ਚਰਨ।
[5]ਭੇਟਾ।
[6]ਮਿਲਾ ਕਰਕੇ।
[7]ਚੰਗੀ ਤਰ੍ਹਾਂ ਧਾਰਨ ਕਰਦੇ ਹਨ। (ਅ) ਸੁਧਾਰ ਕੇ, ਭਾਵ ਚੰਗੀ ਤਰ੍ਹਾਂ ਕਰਦੇ ਹਨ।

ਪਹੁੰਚਾਏ ਕਾਸ਼ਟ ਸਮੁਦਾਇ।
ਪੁਰਿ ਕੇ ਘਰ ਸਭਿ ਉਸਰ ਪਰਹਿੰਗੇ
ਬਹੁਰੋ ਕੁਛ ਬਾਕੀ ਬਚ ਜਾਇ।
ਗੋਇੰਦਵਾਲ ਉਚਿਤ ਹੈ ਚਲਿਬੋ
ਦਰਸਹਿਂ ਸਤਿਗੁਰ ਪੰਕਜ ਪਾਇ[1] ॥੧੬॥
ਤਊ ਏਕ ਚਿੰਤਾ ਤਹਿਂ ਜੈਬੇ
ਇਸ ਰੁਮਾਲ ਤੇ ਅਜ਼ਮਤ ਵਾਨ[2]।
ਢਿਗ ਪਹੁੰਚੇ ਗੁਰੂ ਲੇਵਹਿੰਗੇ ਇਹੁ,
ਕਾਰਜ ਭਯੋ ਪੂਰ, ਉਰ ਜਾਨਿ।
ਸ਼ਕਤਿਹੀਨ ਹੁਇ ਹੌਂ ਤਿਸ ਛਿਨ ਮਹਿਂ
ਬਹੁਰ ਨ ਕਰਿਹੈ ਕੋ ਮਮ ਮਾਨ।
ਬਡਿਆਈ ਗੁਰ ਕੀ ਤਬਿ ਬਿਦਤਹਿ
ਮੈਂ ਬਨ ਜਾਵੌਂ ਅਪਰ ਸਮਾਨ[3] ॥੧੭॥
ਇਹਾਂ ਰਹੇ ਹੀ ਬਨੇ[+] ਬਾਰਤਾ
ਪੂਜਹਿਂ ਲੋਕ ਬਿਲੋਕਿ ਮਹਾਨ।
ਸੇਵਹਿਂ ਸਰਬ ਨ੍ਰਿਪਤ ਤੇ ਆਦਿਕ
ਅਰਪਹਿਂ ਅਨਿਕ ਉਪਾਇਨ ਆਨਿ[4]।
ਗੋਇੰਦਵਾਲ ਗਏ ਕਯਾ ਪ੍ਰਾਪਤਿ
ਬਨਜੋ ਰਹੋਂ ਗੁਰ ਇਸ ਹੀ ਥਾਨ।
ਚਹੋਂ ਸੁ ਅਜ਼ਮਤ ਤੇ ਸਭਿ ਪਾਵੌਂ
ਕੀਰਤਿ ਬਿਦਤਹਿ ਬਹੁਤ ਜਹਾਨ- ॥੧੮॥
ਇਮ ਦ੍ਰਿੜ੍ਹ ਚਿਤ ਮਹਿਂ ਕਰਿ ਤਹਿਂ ਠਹਿਰਜੋ
-ਨਹਿਂ ਜਾਵੌਂ ਅਬ ਗੋਇੰਦਵਾਲ-।
ਕਿਤਿਕ ਮਾਸ ਬਸਤੇ ਤਹਿਂ ਬੀਤੇ
ਅੰਤਰਯਾਮੀ ਗੁਰੂ ਬਿਸਾਲ।
ਜਾਨਜੋ ਚਿਤ ਬਿਕਾਰ ਜੁਤਿ[5] ਤਿਸ ਕੋ
ਪਠਜੋ ਹੁਕਮ ਨਾਮਾ ਤਿਸਿ ਕਾਲ।

---

[1]ਚਰਨ ਕਵਲ।
[2]ਤਾਂਬੀ ਓਥੇ ਜਾਣ ਵਿਚ ਇਕ ਚਿੰਤਾ ਹੈ ਕਿ ਇਸ ਰੁਮਾਲ ਕਰਕੇ ਹੀ ਮੈਂ ਕਰਾਮਾਤੀ ਹਾਂ।
[3]ਹੋਰਨਾਂ ਜਿਹਾ।
[+]ਪਾ:-ਇਹਾਂ ਰਹੇ ਨਹੀਂ ਬਨੇ = ਭਾਵ ਰੁਮਾਲ ਬਿਨਾਂ ਇਥੇ ਰਿਹਾਂ।
[4]ਲਿਆਕੇ।
[5]ਵਿਕਾਰਾਂ ਵਾਲਾ (ਹੋ ਗਿਆ ਹੈ)।

ਪਠਿ ਕਰਿ ਕੁਛ ਵਿਲਾਉ[1] ਲਿਖਿ ਭੇਜਯੋ
'ਆਵਨ ਦੇਤਿ ਨਹੀਂ ਮਹਿਪਾਲ ॥੧੯॥
ਕੇਤਿਕ ਦਿਨ ਮਹਿਂ ਦਰਸ਼ਨ ਕਰਿਹੌਂ'
ਸ਼੍ਰੀ ਸਤਿਗੁਰ ਸੁਨਿ ਜਾਨ ਵਲਾਉ।
-ਅਜ਼ਮਤ ਜੁਕਤਿ ਰੁਮਾਲ ਸੁ ਤਤਛਿਨ
ਗੋਇੰਦਵਾਲ- ਚਹਯੋ -ਚਲਿ ਆਉ[2]-।
ਚਿਤਵਨ ਤੇ ਤੂਰਨ ਹੀ ਆਯਹੁ
ਛੂਛੋ ਸਾਵਨ ਤਹਾਂ ਰਹਾਉ।
ਜਾਨਿ ਗੁਰੂ ਗਤਿ ਬਹੁਤ ਬਿਸੂਰਤਿ
-ਮੈਂ ਕੁਕਰਮ ਹੀ ਲਿਯੋ ਕਮਾਉ[3]- ॥੨੦॥
ਦਿਨ ਦੁਇ ਚਤੁਰ ਬਿਸੂਰਤ ਬੀਤੇ
ਪੁਨ ਮਨ ਮਹਿਂ ਸਮਝਯੋ ਇਸ ਭਾਇ।
-ਰਾਜਾ ਰਾਨੀ ਸਚਿਵ ਪ੍ਰਜਾ ਜੁਤ
ਮੈਂ ਅਬ ਚਲਹੁਂ ਪਰਹੁਂ ਗੁਰ ਪਾਇ।
ਭੂਲ ਕਰੌਂ ਬਖਸ਼ਾਵਨ ਸਗਰੀ
ਅਹੈਂ ਬਿਸਾਲ[4] ਨ ਕੁਛ ਮਨ ਲਜਾਇਂ।
ਸਭਿ ਸੰਗਤ ਜੁਤਿ ਸ਼ਰਨੀ ਪਰਿਹੌਂ
ਬਿਨਤੀ ਕਰਿਹੌਂ ਥਿਰ ਅਗਵਾਇ ॥੨੧॥
ਬਡਿਅਨਿ ਕੀ ਰਿਸ ਅਗਨੀ ਸਮਸਰ
ਬਿਨੈ ਨੀਰ[5] ਤੇ ਹੋਵਤਿ ਸ਼ਾਂਤਿ।
ਅਵਰ ਉਪਾਵ ਨਹੀਂ ਕੁਛ ਬਨਿ ਹੈ,
ਕਰਹਿਂ ਜਿ ਬਲ ਛਲ ਘ੍ਰਿਤ ਪਰ ਜਾਤਿ[6]-।
ਇਹ ਮਤਿ ਦ੍ਰਿੜ੍ਹ ਕਰਿ ਕਹਯੋ ਨ੍ਰਿਪਤਿ ਕੋ
'ਹਮਰੇ ਬਡੇ ਤਹਾਂ ਅਵਦਾਤਿ[7]।
ਕ੍ਰਿਪਾ ਪਾਇ ਤਿਨ ਕੀ ਮੈਂ ਆਯਹੁ
ਬਸਯੋ ਬਹੁਤ ਸਭਿ ਕੋ ਸੁਖਦਾਤਿ ॥੨੨॥

---

[1](ਸਾਵਣ ਨੇ ਹੁ: ਨਾਮਾ) ਪੜ੍ਹਕੇ ਕੁਛ ਬਹਾਨਾ।
[2]ਆਵੇ।
[3]ਭਾਵ ਆਗਿਆ ਭੰਗ ਕੀਤੀ ਹੈ।
[4]ਵਿਸ਼ਾਲ (ਚਿਤ ਵਾਲੇ) ਹਨ, ਭਾਵ ਜਿਥੇ ਸਦਾ ਬਖਸ਼ਸ਼ ਵੱਸਦੀ ਹੈ।
[5]ਬੇਨਤੀ ਰੂਪ ਪਾਣੀ ਨਾਲ।
[6]ਅੱਗ ਉੱਤੇ ਘਿਉ ਮਾਨੋ ਪੈ ਜਾਂਦਾ ਹੈ।
[7]ਪ੍ਰਗਟ।

ਅਬਿ ਦਰਸ਼ਨ ਹਿਤ ਮੈਂ ਚਲਿ ਜੈ ਹੌਂ
ਤੁਮ ਭੀ ਚਲਿ ਕਰਿ ਪਰਸਹੁ ਪਾਇ।
ਅਤਿ ਪੁਨੀਤ ਹੈ ਮੇਲ ਤਿਨਹੁਂ ਕੋ
ਲੋਕ ਪ੍ਰਲੋਕ ਭਲੋ ਹੁਇ ਜਾਇ।
ਉੱਤਮ ਅਧਿਕ ਅਕੋਰਨ ਕੋ ਲਿਹੁ
ਗੁਰ ਪ੍ਰਸੰਨਤਾ ਤੇ ਸੁਖ ਪਾਇ।
ਸਭਿ ਰਣਵਾਸ[1] ਸਚਿਵ ਅਰੁ ਸੈਨਾ
ਪ੍ਰਜਾ ਲੋਕ ਸੰਗੈ ਸਮੁਦਾਇ' ॥੨੩॥
ਨ੍ਰਿਪ ਕਰ ਜੋਰੇ ਮਾਨ ਬਾਰਤਾ
ਭਜੋ ਤਜਾਰ ਸਭਿਹੀ ਸੰਗ ਲੀਨਿ।
ਸਾਵਣ ਮਲ ਹਿਤ ਸਿਵਕਾ ਦੀਨਸਿ
ਗਜ ਬਾਜੀ ਰਚਿ ਸਾਜ ਨਵੀਨ।
ਬਹੁ ਡੋਰੇ[*2] ਮਹਿਖੀ[3] ਤੇ ਆਦਿਕ
ਚਢਿ ਚਾਲੀ ਉਰ ਆਨੰਦ ਕੀਨਿ।
ਭਯੋ ਉਮਾਹ ਸਭਿਨਿ ਕੇ ਮਨ ਮਹਿਂ
-ਦਰਸ਼ਨ ਦੇਖਹਿਂ ਗੁਰੂ ਪ੍ਰਬੀਨ- ॥੨੪॥
ਸਨੇ ਸਨੇ ਸਭਿ ਮਾਰਗ ਉਲੰਘੇ
ਗੋਇੰਦਵਾਲ ਪੁਰੀ ਕੋ ਆਇ।
ਨਦੀ ਬਿਪਾਸਾ ਕੇ ਤਟ ਉਤਰੇ
ਨ੍ਰਿਪ ਮਹਿਖੀ ਸੈਨਾ ਸਮੁਦਾਇ।
ਧੀਰ ਦਿਲਾਸਾ ਦੇ ਕਰਿ ਤਬਿ ਹੀ
ਸਾਵਣਮੱਲ ਪੁਰੀ ਪ੍ਰਵਿਸ਼ਾਇ।
ਮਿਲਜੋ ਮੇਲੀਅਨਿ ਸਿਖ ਸਭਿ ਸੰਗਤਿ
ਕੁਸ਼ਲ ਪ੍ਰਸ਼ਨ ਕਰਿ[4] ਉਰ ਹਰਖਾਇ ॥੨੫॥
ਪੁਨ ਸਤਿਗੁਰ ਕੇ ਦਰਸ਼ਨ ਕਾਰਨ
ਕੁਛਕ ਲਾਜ ਜੁਤਿ ਗਮਨਜੋ ਪਾਸ।
ਪਗ ਪੰਕਜ ਪਰ ਸਿਰ ਕੋ ਧਰਿ ਕਰਿ
ਕੀਨ ਬੰਦਨਾ ਭਾਉ ਪ੍ਰਕਾਸ਼।

---

[1]ਰਾਣੀਆਂ।
[*]ਪਾ:-ਡੇਰੇ = ਤੰਬੂ।
[2]ਡੋਲੇ।
[3]ਪਟਰਾਣੀ। [ਸੰਸ: ਮਹਿਖ਼ੀ]।
[4]ਸੁਖਸਾਂਦ ਪੁੱਛਕੇ।

'ਮੈਂ ਰਾਵਰਿ ਕੋ ਸਿਖ ਅਰ ਸੁਤ ਸਮ
ਸੇਵਕ ਸਦਾ ਏਕ ਉਰ ਆਸ।
ਲਘੁ ਬਿਗਾਰ ਦੇ[1], ਬਡੇ ਸੁਧਾਰਹਿਂ,
ਛਿਮਾ ਕਰਹਿਂ ਅਪਨੋ ਲਖਿ ਤਾਸੁ[2] ॥੨੬॥
ਸਿੱਖਜਾ ਦੇਤਿ ਦੁਲਾਰਤਿ ਸੁਤ ਕੋ
ਅਵਗੁਨ ਮਨ ਮਹਿਂ ਧਰਹਿਂ ਨ ਕੋਇ।
ਉਪਜਹਿ ਲਾਜ ਬਡਨ ਕੇ ਹੀਅਰੇ
ਸਿਖ ਸੇਵਕ ਸੁਤਿ* ਖੋਟ[3] ਜਿ ਹੋਇ।
ਬਖਸ਼ਹਿਂ ਖਤਾ[4] ਬਿਰਦ ਨਿਜ ਜਾਨਹਿਂ,
ਤੁਮ ਅੰਤਰਯਾਮੀ ਸਭਿ ਜੋਇ।
ਕਹੌਂ ਕਹਾਂ ਤੁਮ ਜਾਨਹੁ ਸਗਰੀ'
ਇਮਿ ਕਹਿ ਜੋਰ ਰਹਯੋ ਕਰ ਦੋਇ ॥੨੭॥
ਸ੍ਰੀ ਸਤਿਗੁਰ ਮੁਸਕਾਨੇ ਪਿਖਿ ਕੈ
ਕ੍ਰਿਪਾ ਸਿੰਧੁ ਕਰਿ ਕ੍ਰਿਪਾ ਬਖਾਨ।
'ਸਿਖ, ਸੇਵਕ, ਸੁਤ ਅਹੈਂ ਜਿ ਮੇਰੇ
ਤਿਨ ਕੋ ਚਹੌਂ ਕਰਨ ਕੱਲਜਾਨ।
ਤੁਵ ਮਨ ਮਹਿਂ ਹੰਕਾਰ ਬਜਾਧਿ[5] ਭੀ
ਤਿਸ ਹਰਿਬੇ ਹਿਤ ਇਮਿ ਕ੍ਰਿਤ ਠਾਨਿ[6]।
ਲਿਯੋ ਰੁਮਾਲ, ਨ ਕਰਿ ਚਿਤ ਚਿੰਤਾ,
ਅਬਿ ਭੀ ਤੁਝ ਦੈਹੌਂ ਬਹੁ ਦਾਨ ॥੨੮॥
ਦੇਸ਼ ਹਰੀ ਪੁਰ ਸਹਤ ਨ੍ਰਿਪਤਿ ਜੁਤ
ਇਹੁ ਸੰਗਤਿ ਸਗਰੀ ਤੁਝ ਦੀਨ।
ਚਿਰੰਕਾਲ ਸੁਖ ਭੋਗਹੁ ਬਨਿ ਗੁਰ+
ਮੇਰੀ ਦਾਤ ਨ ਹੋਵਹਿ ਹੀਨ।

---

[1]ਛੋਟੇ ਵਿਗਾੜ ਦਿੰਦੇ ਹਨ।
[2]ਉਸ ਨੂੰ ਆਪਣਾ ਜਾਣਕੇ।
*ਪਾ:-ਜੁਤਿ।
[3]ਖੋਟ ਵਾਲਾ।
[4]ਭੁੱਲ।
[5]ਰੋਗ।
[6](ਉਸ ਰੋਗ ਦੇ) ਨਾਸ਼ ਕਰਨ ਵਾਸਤੇ ਐਉਂ ਕੀਤਾ ਹੈ।
+ਦੇਖੋ ਰਾਜੇ ਸ਼ਿਵਨਾਭ ਨੂੰ ਮੰਜੀ ਦੇਣ ਦੇ ਪ੍ਰਸੰਗ ਵਿਖੇ-ਮੰਜੀ-ਪਦ ਦਾ ਅਰਥ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੪੯ ਅੰਕ ੧੩।
ਪੁਨਾ:-ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰ੍ਧ, ਅਧਯਾਯ ੯, ਅੰਕ ੫੬, ਪਦ-ਗੁਰ-ਦੀ ਹੇਠਲੀ ਟੂਕ।

ਰਹੋ ਕੁਸ਼ਲ ਸੋਂ ਸਭਿ ਕੁਛ ਪਾਵਹੁ
ਪੁਨ ਪ੍ਰਲੋਕ ਮੈਂ ਨਿਜ ਢਿਗ ਕੀਨ।
ਨ੍ਰਿਭੈ ਫਿਰਹੁ ਸਭਿ ਭੂਤ ਪ੍ਰੇਤ ਜੇ
ਡਾਕਨ[1] ਆਦਿ ਸੁ ਤੋਹਿ ਅਧੀਨ ॥੨੯॥
ਗੁਪਤ ਰਹਤਿ ਜੇ ਸ਼ਕਤਿ ਜੁਕਤਿ ਬਡ
ਮਮ ਬਖਸ਼ਿਸ਼ ਤੇ ਤੁਝ ਢਿਗ ਆਇਂ।
ਚਿਤ ਮਹਿਂ ਚਹਹੁ ਕਰਾਵਹੁ ਤਿਨ ਤੇ
ਨਹਿਂ ਆਗਜ਼ਾ ਕੋ ਸਕਹਿਂ ਮਿਟਾਇ।
ਨਿਸ ਦਿਨ ਸੇਵਹਿਂ ਸਗਰੇ ਤੋ ਕਹੁ
ਮਮ ਸੇਵਾ ਤੇ[++] ਇਹੁ ਫਲ ਪਾਇ।
ਬਨਿ ਗੁਰ, ਚਰਨ ਪੁਜਾਵਹੁ ਸਭਿ ਤੇ
ਅਪਰ ਨ ਸ਼ੰਕਾ ਕੁਛ ਮਨ ਲਜਾਇ ॥੩੦॥
ਮਮ ਰੁਮਾਲ ਤੇ ਸਿਧਾਂ ਸਗਰੀ
ਭਯੋ ਤੋਹਿ ਮਨ ਤਿਨ ਮਹਿਂ ਲੀਨ[2]।
ਪਾਇ ਭਯੋ ਹੰਕਾਰ ਤਿਨਹੁ ਤੇ
ਭਗਤਿ ਪੰਥ ਤੇ ਹੋਯਹੁ ਹੀਨ।
ਗਤਿ ਪ੍ਰਲੋਕ ਬਿਗਰੇ ਹੈ[3] ਤਿਨ ਤੇ
ਯਾਂ ਤੇ ਮੈਂ ਸਭਿ ਲੀਨਸਿ ਛੀਨ।
ਰੱਛਜਾ ਕਰੀ ਸਕਲ ਬਿਧਿ ਤੇ ਤੁਵ
ਅਬਿ ਸਿਮਰਹੁ ਸਤਿਨਾਮ, ਪ੍ਰਬੀਨ[*]' ॥੩੧॥

ਦੋਹਰਾ: ਇਸ ਬਿਧਿ ਅਪਨੋ ਜਾਨਿ ਕੈ,
ਸੁਖ ਦੀਨਸਿ ਦੁਇ ਲੋਕ।

---

[1]ਡੈਣਾਂ।
[++]ਪਾ:-ਕੋ।
[2]ਤੇਰਾ ਮਨ (ਉਨ੍ਹਾਂ ਸਿੱਧੀਆਂ ਵਿਚ) ਹੀ ਮਗਨ ਹੋ ਗਿਆ।
[3](ਤੇਰੀ) ਪ੍ਰਲੋਕ ਦੀ ਗਤੀ ਵਿਗੜ ਜਾਣੀ ਸੀ।
[*]ਸਾਵਣ ਮਲ ਨੇ ਸਮਝਿਆ ਕਿ ਸਤਿਗੁਰ ਦੇ ਵਰ ਨਾਲ ਜੋ ਆਤਮਕ ਸ਼ਕਤੀਆਂ ਪ੍ਰਾਪਤ ਹੋਈਆਂ ਹਨ ਇਹ ਸੰਸਾਰਕ ਪਦਾਰਥਾਂ ਵਾਂਙੂ ਪਾਸ ਰਖਣੀਆਂ ਤੇ ਵਰਤਣੀਆਂ ਹੀ ਪਰਮਾਰਥ ਹੈ। ਫਲ ਹੋਇਆ ਹੰਕਾਰ ਤੇ ਬੇਮੁਖਤਾਈ। ਸਤਿਗੁਰੂ ਨੇ ਮਿਹਰ ਕਰਕੇ ਉਸ ਨੂੰ ਸੱਖਣਾਂ ਕਰਕੇ ਮਦ ਦੂਰ ਕੀਤਾ, ਜਦ ਸਮਝ ਆਈ ਤਾਂ ਫਿਰ ਦੱਸਿਆ ਕਿ ਤੂੰ ਭਗਤੀ ਮਾਰਗ ਤੋਂ ਪਤਿਤ ਹੋ ਗਿਆ ਸੈਂ।

ਭਗਤੀ ਮਾਰਗ ਹੈ ਵਾਹਿਗੁਰੂ ਨੂੰ ਪਿਆਰ ਕਰਨਾ, ਆਪਣੀ ਕਲਿਆਨ ਦੇ ਯਤਨ ਵਿਚ ਰਹਿਣਾ, ਜੀਵਨ ਮੁਕਤੀ ਪ੍ਰਾਪਤ ਹੋਏ ਤਾਂ ਨਾਮ ਦਾਨ ਦੇ ਕੇ ਜਗਤ ਤਾਰਨਾ। ਇਹ ਸਮਝ ਦਾਨ ਕਰਕੇ ਸਤਿਨਾਮ ਵਿਚ ਲਾ ਕੇ ਫੇਰ ਕਿਹਾ ਕਿ ਆਤਮ ਸਤਿਆ ਪ੍ਰਾਪਤ ਰਹੇਗੀ। ਹੁਣ ਸਾਵਣ ਮਲ ਨਾਮੀ ਤੇ ਭਗਤ ਪੁਰਖ ਹੋ ਗਿਆ ਹੈ। ਸਿਧੀਆਂ ਨੂੰ ਹਉਂ ਦੀ ਸੇਵਾ ਵਿਚ ਨਹੀਂ ਵਰਤੇਗਾ, ਪਰ ਸਾਈਂ ਦੀ ਰਜ਼ਾ ਦੇ ਇਸ਼ਾਰੇ ਵਿਚ ਸਾਈਂ ਦੇ ਕੰਮਾਂ ਵਿਚ ਵਰਤੇਗਾ।

ਧੰਨ ਧੰਨ ਸ਼੍ਰੀ ਗੁਰ ਅਮਰ,
ਸਿਮਰਹੁ ਕਰੈਂ ਅਸ਼ੋਕ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਸ਼੍ਰੀ ਗੁਰ ਸੰਗ ਮਿਲਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

੩੩. [ਰਾਜੇ ਨੇ ਵਿਦਾ ਹੋਕੇ ਹਰੀ ਪੁਰ ਜਾਣਾ ਤੇ ਸੱਚਨ ਸੱਚ ਦਾ ਪ੍ਰਸੰਗ]

੩੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੪

ਦੋਹਰਾ: ਜੁਗ ਲੋਕਨਿ ਸੁਖ ਦਾਤਿ ਲਹਿ, ਸਾਵਣ ਮਲ ਹਰਖਾਇ।
ਮਹਿਮਾ ਜਾਨੀ ਗੁਰੂ ਕੀ, -ਅਪਰ ਨ ਕੋ ਅਧਿਕਾਇ ॥੧॥

ਸ੍ਵੈਯਾ ਛੰਦ: ਜਥਾ ਜੋਗ ਸ਼੍ਰੀ ਸਤਿਗੁਰ ਕੀਨਸਿ
ਮਮ ਮਨ ਕੋ ਨਾਸਜੋ ਹੰਕਾਰ।
ਸੰਗਤਿ ਦਈ ਗੁਪਤਿ[1] ਬਸਿ ਹੋਏ
ਕਾਰਜ ਸਗਰੇ ਦਏ ਸੁਧਾਰਿ-।
ਮੁਦਿਤ ਹੋਇ ਕਰਿ ਬਿਨੈ ਬਖਾਨੀ
'ਆਯੋ ਭੂਪ ਸਹਤ ਪਰਵਾਰ।
ਸੈਨਾ ਪ੍ਰਜਾ ਸਚਿਵ ਸੰਗ ਸਗਰੇ
ਮਹਿਖੀ[2] ਆਦਿਕ ਔਰ ਜਿ ਦਾਰ[3] ॥੨॥
ਆਗਜਾ ਰਾਵਰ ਕੀ ਅਬਿ ਹੋਵਹਿ
ਦਰਸ਼ਨ ਕਰਹਿਂ ਸਮੀਪੀ ਆਨਿ।
ਅਭਿਲਾਖਾ ਤਿਨ ਪੂਰਨ ਪ੍ਰਾਪਤਿ[4]
ਕਰਹਿਂ ਬਿਲੋਚਨ ਸਫਲ ਮਹਾਨ।
ਹੋਹਿਂ ਪੁਨੀਤ, ਪਾਪ ਸਭਿ ਨਾਸਹਿਂ,
ਪਾਵਹਿਂ ਪੁੰਨ ਬੰਦਨਾ ਠਾਨਿ।
ਸ਼ਰਧਾ ਧਰਿ ਧੁਰਿ ਤੇ ਇਹ ਗਮਨਜੋ
ਤੁਮ ਅੰਤਰਜਾਮੀ ਸਭਿ ਜਾਨਿ' ॥੩॥
ਸ਼੍ਰੀ ਗੁਰ ਅਮਰਦਾਸ ਕਰਿ ਕਰੁਨਾ
ਕਹਜੋ 'ਦੇਗ ਤੇ ਭੋਜਨ ਖਾਇ।
ਨਰ ਸੰਗੀ ਸਭਿ ਹੀ ਸੰਗ ਆਨੈ
ਇਸਤ੍ਰੀ ਰੂਪ ਨ ਆਵਨਿ ਪਾਇ।' ਵਿਸ਼ੇਸ਼ ਟੂਕ
ਪੁਨ ਸਾਵਣ ਅਰਦਾਸ ਬਖਾਨੀ
'ਮਹਾਂਰਾਜ! ਸੁਨੀਅਹਿ ਸੁਖਦਾਇ।
ਚਿਤ ਆਸਾ ਧਰਿ ਅਧਿਕ ਪ੍ਰੇਮ ਕਰਿ
ਕਹਿ ਨ੍ਰਿਪ ਸੋਂ ਆਈ ਸਮੁਦਾਇ ॥੪॥
ਕਰਹੁ ਆਪ ਅਭਿਲਾਖਾ ਪੂਰਨ

---

[1]ਗੁਪਤ ਰੂਹਾਂ, ਗੁਪਤ ਸ਼ਕਤੀਆਂ।
[2]ਪਟਰਾਣੀ।
[3]ਇਸਤ੍ਰੀਆਂ।
[4]ਸੰਪੂਰਨ ਕਾਮਨਾਂ ਪ੍ਰਾਪਤ (ਹੋਣ)।

ਚਹਤਿ ਦੂਰ ਤੇ ਪਹੁੰਚੀ ਆਇ।
ਹੁਇ ਨਿਰਾਸ ਬਿਨ ਦਰਸ਼ਨ ਗਮਨਹਿਂ[1]
ਬਹੁਤ ਬਿਸੂਰਹਿਂਗੀ[2] ਦੁਖ ਪਾਇ।
ਦਯਾ ਕਰਨ ਕੋ ਬਿਰਦ ਸੰਭਾਰਹੁ
ਆਇਸੁ ਦੇਹੁ ਸਕਲ ਦਰਸਾਇਂ[3]।
ਧਰੈਂ ਭਾਵਨੀ[4] ਸਕਲ ਭਾਮਨੀ[5]
ਗੁਰ ਜੀ! ਪਠਵਹੁ[+] ਤਿਨੈ ਬੁਲਾਇ' ॥੫॥
ਤਬਿ ਸਤਿਗੁਰ ਆਇਸੁ ਇਮਿ ਕੀਨਸਿ
'ਜਿਤਿਕ ਭਾਰਜਾ ਨ੍ਰਿਪ ਕੀ ਹੋਇਂ।
ਦਾਸੀ ਆਦਿ ਅਪਰ ਜੇ ਦਾਰਾ
ਰੰਗਦਾਰ ਅੰਬਰ ਲੇ ਜੋਇ।
ਸਭਿ ਸੋਂ ਕਰਹੁ ਸ੍ਵੇਤ ਕਰਿ ਪੋਸ਼ਿਸ਼[6]
ਮੁਖ ਕੋ ਨਹੀਂ ਛੁਪਾਵਹਿ ਕੋਇ।
ਦਰਸ਼ਨਿ ਕਰਿ ਕਰਿ ਸਗਰੀ ਗਮਨਹਿਂ
ਇਸ ਪ੍ਰਕਾਰ ਕੀ ਬਨਿ ਕੈ ਸੋਇ ॥੬॥
ਦੇਗ ਅਹਾਰ ਅਚਹਿਂ, ਨਹਿਂ ਸ਼ੰਕਹਿਂ
ਦਰਸ਼ਹਿਂ, ਨਹਿਂ ਲਾਜਹਿਂ ਮਨ ਮਾਂਹਿ।
ਇਮਿ ਦਰਸ਼ਨਿ ਕੋ ਕਰਹਿਂ ਆਨ ਕਰਿ
ਜੇ ਤਿਨ ਕੇ ਚਿਤ ਮਹਿਂ ਅਤਿ ਚਾਹਿ।'
ਸਾਵਨ ਸੁਨਿ ਕਰਿ ਤਹਿਂ ਤੇ ਗਮਨਜੋ
ਗੁਰ ਆਇਸੁ ਕੋ ਕਹਿ ਤਿਹ ਪਾਹਿ।
'ਮੈਂ ਕਹਿ ਬਹੁ ਬਿਧਿ ਅਸ ਠਹਿਰਾਈ[7]
ਦੇਨਿ ਦਰਸ ਤਿਯ ਮਾਨਹਿਂ ਨਾਂਹਿ[8] ॥੭॥
ਇਸਤ੍ਰੀ ਨਹਿਂ ਹਜ਼ੂਰ ਮਹਿਂ ਪਹੁੰਚਹਿਂ[9]

---

[1]ਜਾਵਣਗੀਆਂ।
[2]ਝੂਰਨਗੀਆਂ।
[3]ਸੱਭੇ ਦਰਸ਼ਨ ਕਰ ਲੈਣ।
[4]ਸ਼ਰਧਾ।
[5]ਇਸਤ੍ਰੀਆਂ।
[+]ਪਾ:-ਪਠਹੁ।
[6]ਚਿੱਟੀ ਪਹਿਰਕੇ ਪੋਸ਼ਾਕ।
[7]ਗੁਰੂ ਜੀ ਨੂੰ ਕਹਿਕੇ ਇਹ ਗੱਲ ਮੁਕਰਰ ਕੀਤੀ ਹੈਛ-।
[8](ਗੁਰੂ ਜੀ) ਇਸਤ੍ਰੀਆਂ ਨੂੰ ਦਰਸ਼ਨ ਦੇਣਾ ਮੰਨਦੇ ਨਹੀਂ ਸਨ।
[9]ਇਸਤ੍ਰੀਆਂ (ਗੁਰੂ ਕੇ ਹਜ਼ੂਰ) ਨਹੀਂ ਪਹੁੰਚਦੀਆਂ।

ਬਰਜੀ ਰਹਹਿਂ ਵਹਿਰ ਕੇ ਥਾਨ।
ਨਮੋ ਕਰਤਿ ਬਿਨ ਦੇਖਨਿ ਤੇ ਸਭਿ,
ਤੁਮ ਕੋ[1] ਇਸ ਬਿਧਿ ਕੀਨਿ ਬਖਾਨ।
-ਸੇਤ ਬਸਤ੍ਰ ਪਹਿਰਾਵਹੁ ਸਭਿ ਕੋ
ਪੁਨ ਪਾਵਹਿਂ ਦਰਸ਼ਨ ਇਤ ਆਨਿ-।'
ਸੁਨਿ ਮਹਿਪਾਲਕ ਮਾਨੀ ਤਿਸ ਬਿਧਿ
ਮੁਦਤਿ ਭਯੋ ਮਨ ਬਿਖੈ ਮਹਾਂਨ ॥੮॥
ਸਭਿਨਿ ਦੇਗ ਤੇ ਭੋਜਨ ਖਾਯੋ
ਬਹੁਰ ਗਯੋ ਸੰਗ ਲੇ ਰਣਵਾਸੁ[2]।
ਬਸਤ੍ਰ ਸੁਪੇਦ ਸਭਿਨਿ ਤਨ ਧਾਰੇ
ਬਦਨ ਅਛਾਦਯੋ ਨਹਿਂ ਕਿਸ ਬਾਸੁ[3]।
ਸਤਿਗੁਰ ਖਰੇ ਰਹਤਿ ਗਹਿ ਕੀਲਕ[4]
ਬੀਚ ਚੁਬਾਰੇ ਊਚ ਅਵਾਸੁ।
ਹੁਤੀ ਦਰੀਚੀ[5] ਨਿਕਟ ਤਿਸੀ ਕਹੁ
ਦਰਸ਼ਨ ਕਰਹਿਂ ਜਿਨਹੁਂ ਕਹੁ ਪਜਾਸ ॥੯॥
ਤਿਸ ਕੇ ਤਰੇ ਖਰੇ ਹੁਇ ਕਰਿ ਕੈ
ਅਵਲੋਕਤਿ ਗੁਰ ਰੂਪ ਸੁਜਾਨ।
ਦਰਸ਼ਨ ਕਰਿ ਕਰਿ ਗਮਨਤਿ ਆਗੇ
ਅਪਰ ਆਇ ਹੇਰਹਿਂ ਤਿਸ ਥਾਨ।
ਦੇਸ਼ ਬਦੇਸ਼ਨਿ ਕੀ ਬਡਿ ਸੰਗਤਿ
ਇਸੀ ਰੀਤਿ ਦਰਸਤਿ ਹੈ ਆਨਿ[6]।
ਅੰਗੀਕਾਰ ਅਕੋਰ ਕਰਹਿਂ ਨਹਿਂ
ਏਕ ਦਿਵਸ ਕੋ ਲੇਂ ਹਿਤੁ ਖਾਨਿ ॥੧੦॥
ਇਹ ਮਿਰਜਾਦ ਕਰੀ ਸ਼੍ਰੀ ਗੁਰੁ ਜੀ,
ਨਿਕਟ ਸਿੱਖ ਇਸ ਬਿਧਿ ਕੋ ਜਾਨਿ[7]।
ਸੋਈ ਕਰਹਿਂ ਅਪਰ ਨਹਿਂ ਬਰਤਹਿਂ

---

[1](ਪਰ) ਤੁਸਾਨੂੰ।
[2]ਰਾਣੀਆਂ ਨੂੰ।
[3]ਮੂੰਹ ਢਕਿਆ ਨਾ ਕਿਸੇ ਕਪੜੇ ਨਾਲ।
[4]ਕਿੱਲੀ।
[5]ਬਾਰੀ ਡਫਾਛ, ਦਰੀਚ੍ਹਾ।
[6]ਆਕੇ।
[7]ਨੇੜੇ ਰਹਿਣ ਵਾਲੇ ਸਿਖ ਇਸ ਨੂੰ ਜਾਣਦੇ ਹਨ।

ਮਹਿਪਾਲਕ ਆਯਹੁ ਤਿਸ ਥਾਨ।
ਸਨਮੁਖ ਖਰੇ ਹੋਇ ਗੁਰੁ ਦਰਸੇ
ਹਾਥ ਜੋਰਿ ਬੰਦਨ ਕੋ ਠਾਨਿ।
ਉੱਤਮ ਅਧਿਕ ਅਕੋਰਨਿ ਕੋ ਤਬਿ
ਅਰਪਨ ਲਾਗਜੋ ਬਿਨੈ ਬਖਾਨਿ ॥੧੧॥
ਸਭਿ ਬਿਧਿ ਤਬਿ ਸਿੱਖਨ ਸਮਝਾਈ
ਫੇਰ ਨਮੋ ਕਰਿ ਕੀਨ ਪਯਾਨ।
ਪੁਨ ਸਚਿਵਨ ਦਰਸੇ ਸ੍ਰੀ ਸਤਿਗੁਰੁ
ਅਰੁ ਸੈਨਾ ਕੇ ਲੋਕ ਮਹਾਂਨ।
ਮਹਿਖੀ ਸਹਤ ਅਪਰ ਜੇ ਦਾਰਾ
ਬਿਸਦ ਬਸਤ੍ਰ ਜੁਤਿ ਬੰਦਨ ਠਾਨਿ।
ਆਵਤਿ ਜਾਤਿ ਪ੍ਰਣਾਮ ਸੁ ਕਰਿ ਕਰਿ
ਸੀਸ ਨਿਵਾਇਂ ਜੋਰ ਕਰਿ ਪਾਨ ॥੧੨॥
ਇਕ ਰਾਣੀ ਸਨਮੁਖ ਜਬਿ ਹੋਈ
ਝਟਿਤ[1] ਬਸਤ੍ਰ ਤੇ ਬਦਨ ਛਿਪਾਇ।
ਹੁਤੀ ਨਵੀਨ ਲਾਜ ਉਰ ਛਾਈ
ਮਤਿ ਬਿਨ[2], ਗੁਰ ਬਚਨ ਨ ਸਿਮਰਾਇ[3]।
ਤਿਸ ਕੀ ਦਿਸ਼ਿ ਅਵਲੋਕਨ ਕਰਿ ਕੈ
ਸਤਿਗੁਰ ਬੋਲੇ ਸਹਿਜ ਸੁਭਾਇ।
'ਇਹ ਕਮਲੀ ਕਿਸ ਕਾਰਨ ਆਈ
ਜੇ ਹਮਰੋ ਦਰਸ਼ਨ ਨਹਿਂ ਭਾਇ' ॥੧੩॥
ਤਤਛਿਨ ਸੁਧਿ ਬੁਧਿ ਨਾਸ਼ ਭਈ ਤਿਸ,
ਬਸਤ੍ਰ ਉਤਾਰਤਿ ਦੀਏ ਬਗਾਇ[4]।
ਧਾਇ ਅਚਾਨਕ ਗਈ ਵਹਿਰ ਕੋ
ਮਾਨਵ ਘੇਰ ਰਹੇ ਸਮੁਦਾਇ।
ਨ੍ਰਿਪਤ ਬ੍ਰਿਤਾਂਤ ਸੁਨਜੋ ਗੁਰ ਬਚ ਕੋ
ਅਧਿਕ ਤ੍ਰਾਸ ਕਰਿ ਉਰ ਬਿਸਮਾਇ।
ਸ਼ਰਧਾ ਵਧੀ ਅਮੋਘ[5] ਵਾਕ ਅਸ

---

[1]ਛੇਤੀ ਨਾਲ।
[2]ਮੂਰਖ ਨੇ।
[3]ਯਾਦ ਨਾਂ ਕੀਤੇ।
[4]ਸੁੱਟ ਦਿੱਤੇ।
[5]ਸਫਲੇ।

ਜਿਮ ਰਘਬਰ ਕੇ ਸਰ[1] ਸਫਲਾਇ ॥੧੪॥
ਰਹਜੋ ਕਿਤਿਕ ਦਿਨ, ਨਿਤਿਪ੍ਰਤਿ ਦਰਸਹਿ
ਬੰਦਨ ਕਰਹਿ ਭਾਉ ਬਹੁ ਠਾਨਿ।
ਨਹੀਂ ਭਾਰਜਾ[2] ਪ੍ਰਾਪਤਿ ਹੋਈ
ਕਰੇ ਬੇਗ ਗਮਨੀ ਉਦਿਆਨ[3]।
ਦੇਗ ਕਰਾਵਤਿ ਰਹਜੋ ਗੁਰੂ ਕੀ
ਸਚਿਵਨਿ ਸਹਤ ਕਰਤਿ ਤਹਿਂ ਖਾਂਨਿ[4]।
ਡਰਹਿ ਅਵੱਗਜਾ ਤੇ ਕਛੁ ਹੋਹਿ ਨ,
ਮਨ ਤੇ ਨੰਮ੍ਰੀ ਰਹੈ ਮਹਾਨਿ ॥੧੫॥
ਕਿਤਿਕ ਦਿਵਸ ਬਸਿ ਬਿਦਾ ਭਯੋ ਪੁਨ
ਸਤਿਗੁਰ ਆਇਸੁ ਤਿਸੁ ਕੋ ਦੀਨਿ।
'ਸਾਵਣਮੱਲ ਗੁਰੂ ਹੈ ਤੁਮਰੋ
ਇਸ ਕੋ ਨਿਤਿ ਮਾਨਹੁ ਹਿਤ ਕੀਨਿ।
ਸੁਤ ਜਿਵਾਇਬੇ ਆਦਿ ਕਾਮਨਾ
ਪੂਰਬ ਪੂਰਨ ਕਰੀ ਪ੍ਰਬੀਨ।
ਅਭਿ ਭੀ ਬਾਂਛਤਿ ਦੇਇ ਸਭਿਨਿ ਤਿਨ*
ਸ਼ਰਧਾ ਧਰਹੁ ਕਸ਼ਟ ਗਨ ਛੀਨ[5] ॥੧੬॥
ਸਰਬ ਦੇਸ਼ ਤੁਮਰੇ ਕੋ ਗੁਰ+ ਹੈ
ਹਿਤ ਕਰਿ ਸੇਵਹੁ ਪ੍ਰਿਥਮ ਸਮਾਨ।'
ਹਾਥਿ ਜੋਰ ਨ੍ਰਿਪ ਨੇ ਸਿਰ ਧਾਰੀ
'ਤਿਨ ਕੇ ਨਿਤਿ ਅਨੁਸਾਰਿ ਮਹਾਨ।
ਮਨਹੁ ਪ੍ਰਾਨ ਸਭਿ ਕੇ ਸੁਤ ਐਸੋ[6]
ਮ੍ਰਿਤਕ ਜਿਵਾਇ ਦਿਯੋ ਬਡ ਦਾਨ।
ਇਸ ਤੇ ਨੀਕੋ ਆਨ ਕੌਨ ਹੈ
ਜਿਸ ਕਰਿ ਤੁਮਰੋ ਦਰਸ਼ਨ ਠਾਨਿ' ॥੧੭॥

---

[1]ਤੀਰ।
[2]ਔਰਤ।
[3]ਛੇਤੀ ਨਾਲ ਜੰਗਲ ਨੂੰ ਚਲੀ ਗਈ।
[4]ਭਾਵ ਲੰਗਰ ਵਿਚ ਰੋਟੀ ਖਾਂਦਾ।
*ਪਾ:-ਨਿਤ।
[5]ਸਾਰੇ ਕਸ਼ਟ ਦੂਰ ਹੋਣਗੇ।
+ਦੇਖੋ ਇਸੇ ਰਾਸ ਦੇ ਅੰਸੂ ੩੨ ਅੰਕ ੨੯ ਦੀ ਹੇਠਲੀ ਟੂਕ।
[6]ਸਭ ਨੂੰ ਪੁੱਤ੍ਰ ਐਸੀ (ਚੀਜ਼ ਹੈ) ਜੋ ਮਾਨੋ ਪ੍ਰਾਣਾਂ (ਦੇ ਤੁੱਲ ਹੈ)।
(ਅ) ਮਾਨੋ ਸਾਰਿਆਂ ਦੇ ਪ੍ਰਾਣ (ਰੂਪੀ) ਐਹੋ ਜਹੇ ਪੁੱਤ੍ਰ ਨੂੰ।

ਇਮਿ ਕਹਿ ਨ੍ਰਿਪ ਕੋ ਬਿਦਾ ਕਰਜੋ ਪ੍ਰਭੁ,
ਗਯੋ ਹਰੀਪੁਰ ਅਪਨੇ ਦੇਸ਼।
ਸਿਮਰਨ ਕਰਤਿ ਰਹਜੋ ਸ੍ਰੀ ਸਤਿਗੁਰ
ਸਾਵਣ ਮਲ ਕੋ ਪੂਜ ਵਿਸ਼ੇਸ਼।
ਸਚਿਵਨ ਸਹਤ ਪ੍ਰਜਾ ਸਭਿ ਮਾਨਹਿਂ
ਉੱਤਮ ਦੇਤਿ ਅਕੋਰ[1] ਹਮੇਸ਼।
ਗੋਇੰਦਵਾਲ ਵਸਹਿ ਕਬਿ ਆਇ[2] ਸੁ,
ਕਬਹੂੰ ਜਾਇ ਸਮੀਪ ਨਰੇਸ਼ ॥੧੮॥

ਇਕ ਸੇਵਕ ਨਿਤ ਲੰਗਰ ਕੇ ਹਿਤ
ਸਮਧਾ[3] ਬਨ ਤੇ ਭਾਰ ਸੁ ਲਜਾਇ।
ਪ੍ਰੀਤਿ ਰਿਦੈ ਸਤਿਗੁਰ ਪਦ ਪੰਕਜ
ਅਪਰ ਨ ਪ੍ਰੇਮ ਕਰੇ ਕਿਸਿ ਥਾਇਂ।
ਕ੍ਰਿਆ ਕਰਮ, ਬਿਵਹਾਰ ਅਚਾਰਨਿ,
ਜੁਕਤਿ ਨ ਕੋਊ ਜਾਨਿ ਸਕਾਇ।
ਪਠਨਿ ਸੁਨਿਨ, ਬੋਲਨਿ ਗਤਿ ਮਿਲਿਬੋ,
ਦੇਨ, ਲੇਨ, ਕੁਛ ਨਹੀਂ ਲਖਾਇ[4] ॥੧੯॥

ਜਾਪ ਮੰਤ੍ਰ ਕੁਛ ਜਪ ਨਹਿਂ ਜਾਨਹਿਂ
ਸੇਵਾ ਕਰਨਿ ਬਿਖੈ ਹਿਤ ਠਾਨਿ।
'ਸੱਚਨਿ ਸੱਚ' ਬਕੇ[5] ਇਕ ਮੁਖ ਤੇ,
ਦੂਜੀ ਬਾਤ ਧਰਹਿ ਨਹਿਂ ਕਾਨ।
ਊਠਤਿ ਬੈਠਤਿ ਆਵਤਿ ਜਾਂ ਤੇ
ਬਨ ਮਹਿਂ ਪੁਰ ਮਹਿਂ ਸਭਿ ਹੀ ਥਾਨ।
'ਸੱਚਨਿ ਸਚ' ਬਚਨ ਇਮਿ ਉਚਰਹਿ,
ਮਨ ਰਾਖਹਿ ਸਤਿਗੁਰ ਕੋ ਧਜਾਨ ॥੨੦॥

ਸਿਖ ਸੰਗਤਿ ਸਗਰੇ ਹੀ ਸੁਨਿ ਕਰਿ
'ਸੱਚਨਿ ਸੱਚ' ਨਾਮ ਕਹਿਂ ਤਾਂਹਿ।
ਦਯਾ ਕਰਹਿਂ ਤਿਸ ਪਰ ਹਿਤ ਧਾਰਹਿਂ,
ਹਸਹਿਂ ਬਹੁਤ ਸਭਿ ਉਰ ਹਰਖਾਹਿਂ।

---

[1]ਭੇਟਾ।
[2]ਉਹ (ਸਾਵਣ ਮਲ)।
[3]ਲਕੜਾਂ ਦਾ ਭਾਰ।
[4]ਭਾਵ, ਸਿੱਧਾ ਤੇ ਸੂਧਾ ਅਤਿ ਦਾ ਸੀ।
[5]ਬੋਲਦਾ ਸੀ।

'ਆਵਹੁ, ਸੱਚਨਿ ਸੱਚ!' ਪੁਕਾਰਹਿਂ
ਬਹੁਰ ਸਰਾਹਹਿਂ ਸੇਵ ਦਿਖਾਹਿਂ[1]।
ਈਂਧਨ ਆਨਹਿਂ[2] ਆਇਸੁ ਮਾਨਹਿ,
ਜੋ ਸਿਖ ਕਹਹਿਂ ਸੁ ਫੇਰਹਿ ਨਾਂਹਿ ॥੨੧॥
ਇਮਿ ਸੰਗਤ ਕੀ ਖੁਸ਼ੀ ਹੋਤਿ ਨਿਤਿ
ਸਤਿਗੁਰ ਭੀ ਉਰ ਹੋਹਿਂ ਕ੍ਰਿਪਾਲ।
ਜਿਸ ਪਰ ਸਿੱਖਜ ਪ੍ਰਸੰਨ ਰਹਹਿਂ ਬਹੁ
ਤਿਸ ਪਰ ਗੁਰੂ ਪ੍ਰਸੰਨ ਬਿਸਾਲ।
ਗੁਰ ਪ੍ਰਸੀਦ ਹੁਇ[3]' ਜਿਸ ਪਰ ਜਾਨਹੁਂ
ਤਿਸ ਪਰ ਤੀਨ ਲੋਕਪਤਿ ਦਜ਼ਾਲ[4]।
ਪ੍ਰਭੂ ਪ੍ਰਸੰਨ ਹੋਇਂ ਜਬਿ ਜਿਸ ਪਰ
ਕਰੁਨਾ ਕਰਹਿਂ ਚਰਾਚਰ ਜਾਲ ॥੨੨॥
ਕੰਬਰ ਏਕ ਧਰਹਿ[5]* ਤਨ ਛਾਦਨ
'ਭੂਰੇ ਵਾਰੋ[6]' ਕਰਹਿਂ ਉਚਾਰ।
ਸੇਵਹਿ ਸਦਾ ਦੇਗ਼ ਕੀ ਸੇਵਾ,
ਲਜਾਵਨਿ ਸਮਧਾ[7] ਆਦਿ ਜਿ ਕਾਰ।
ਸੋ ਬਨ ਬਿਖੈ ਨਿਤਾਪ੍ਰਤਿ ਗਮਨਤਿ
ਇਕ ਦਿਨ ਗਯੋ ਬੰਧਿਬੇ ਭਾਰ[8]।
ਸੋ ਨ੍ਰਿਪ ਕੀ ਦਾਰਾ[9] ਇਸ ਪਿਖਿ ਕਰਿ
ਆਈ ਦੌਰ ਮਹਾਂ ਬਿਕਰਾਰ[10] ॥੨੩॥
ਸਿਰ ਪਰ ਬਾਰ ਖਿੰਡੇ ਚਹੁਂ ਦਿਸ਼ ਮਹਿਂ
ਨਗਨ ਅੰਗ ਸਗਰੋ ਜਿਸ ਕੇਰਿ।
ਭੈਦਾਯਕ ਬਨ ਮਹਿਂ ਨਿਤਿ ਬਿਚਰਹਿ

---

[1]ਦੇਖਕੇ।
[2]ਬਾਲਕ ਲਿਆਵੇ।
[3]ਪ੍ਰਸੰਨ ਹੋਣ।
[4]ਤਿੰਨਾਂ ਲੋਕਾਂ ਦੇ ਮਾਲਕ (ਪ੍ਰਭੂ ਜੀ) ਦਿਆਲ ਹੁੰਦੇ ਹਨ।
[5]ਕੰਬਲੀ ਧਾਰਦਾ ਹੈ (ਸੱਚ ਨਿਸੱਚ)।
*ਪਾ:-ਕਰਹਿ।
[6]ਭੂਰੀ ਵਾਲਾ।
[7]ਬਾਲਣ।
[8](ਬਾਲਣ ਦਾ) ਭਾਰ ਬੰਨ੍ਹਣ ਨੂੰ।
[9]ਭਾਵ ਹਰੀ ਪੁਰ ਵਾਲੇ ਰਾਜਾ ਦੀ (ਪਾਗ਼ਲ) ਇਸਤ੍ਰੀ।
[10]ਭਿਆਨਕ।

ਸੱਚਨਿ ਸੱਚ[1] ਗਹਯੋ ਤਿਨ[2] ਹੇਰਿ।
ਗਰ ਲਪਟੀ ਮੁਖ ਦੰਤਨਿ ਕਾਟਤਿ
ਕਰੇ ਨਖਨ ਕੇ ਘਾਵ ਘਨੇਰਿ।
ਛੂਟ ਚਹਯੋ, ਬਲ ਕਰਯੋ ਆਪਨੋ,
ਤਊ ਨ ਛੋਡਯੋ ਤ੍ਰਾਸ ਬਡੇਰਿ[3] ॥੨੪॥
ਘਾਇਲ ਭਯੋ, ਰੁਧਿਰ ਬਹੁ ਸ੍ਰਵਯੋ[4]
ਕਰਹਿ ਜਤਨ ਛੂਟਨ ਤਿਸਿ ਪਾਸ।
ਨੀਠਿ ਨੀਠਿ[5] ਤਿਸ ਦੂਰ ਕਰਯੋ ਜਬਿ
ਅਪਨੋ ਜੋਰ ਬਿਸਾਲ ਪ੍ਰਕਾਸ਼।
ਬਡਿ ਲਕਰੀ ਕਰ ਮਹਿਂ ਤਬਿ ਧਾਰੀ
ਇਕ ਦੁਇ ਹਤੀਂ[6] ਪਾਇ ਬਡ ਤ੍ਰਾਸ।
ਤਬਿ ਤਜਿ ਕਰਿ ਕਾਨਨ ਦਿਸ਼ ਗਮਨੀ
ਮਹਿਦ ਬਾਵਰੀ ਸੁਧਿ ਬੁਧਿ ਨਾਸ਼ ॥੨੫॥
ਈਂਧਨ ਕੁਛਕ ਸਕੇਲਯੋ[7] ਤ੍ਰਾਸਤਿ,
ਤੂਰਨਿ ਬੰਧਿ ਹਟਯੋ ਪੁਰਿ ਓਰਿ।
ਆਗੇ ਚਲਤਿ ਪਿਖਤਿ ਬਹੁ ਪਾਛੇ
ਤ੍ਰਾਸ ਭਰਯੋ ਉਰ ਦੇਖੇ ਘੋਰਿ।
ਗੋਇੰਦਵਾਲ ਪਹੂੰਚਯੋ ਆਇ ਸੁ
ਰੁਧਰਿ ਸ੍ਰਵਤਿ ਅਰੁ ਲਕਰੀ ਥੋਰਿ।
ਅਵਲੋਕਤਿ ਸਭਿ ਲੋਕਨਿ ਬੂਝਯੋ
'ਕਹਾਂ ਭਯੋ ਤੁਝ ਕੋ ਕਿਸ ਠੋਰ?' ॥੨੬॥
ਸ੍ਰੀ ਸਤਿਗੁਰ ਨਿਜ ਨਿਕਟ ਹਕਾਰਯੋ
ਪੂਛਤਿ ਭਏ 'ਕਹਾਂ ਇਹ ਕੀਨ?
ਕਿਨ ਤਨ ਘਾਵ ਕਰੇ ਤੁਝ ਮਾਰਯੋ
ਰੁਧਰਿ ਸ੍ਰਾਵਤੇ, ਉਰ ਭੈ ਭੀਨਿ[8]।

---

[1]ਸੱਚ ਨਿਸੱਚ ਨੂੰ।
[2]ਓਸ ਨੇ।
[3]ਬਹੁਤ ਡਰਾਵੇ।
[4]ਸਿੰਮਿਆਂ।
[5]ਮਸਾਂ ਮਸਾਂ।
[6]ਮਾਰੀਆਂ।
[7]ਕੱਠਾ ਕੀਤਾ।
[8]ਭਾਵ ਦਿਲ ਭੈ ਨਾਲ ਭਰ ਰਿਹਾ ਹੈ।

ਕੌਣ ਲਰਜੋ ਕਿਨ ਬਿਘਨ ਪਸਾਰਜੋ,
ਅਰੁ ਲਕਰੀ ਥੋਰੀ ਬਨ ਲੀਨ?
ਬਾਹਰ ਬਿਲਮ ਲਗੀ ਤੁਝ ਦੀਰਘ
ਨਿਜ ਬ੍ਰਿਤਾਂਤ ਕਹੁ, ਲੇ ਸਭਿ ਚੀਨ' ॥੨੭॥
ਆਗੈ ਸਤਿਗੁਰ ਹਾਥ ਜੋਰਿ ਕਰਿ
ਉਚਰਜੋ 'ਬਨ ਮਹਿਂ ਏਕ ਬਲਾਇ।
ਬਾਰ ਖਿੰਡੇ ਸਿਰ, ਨਗਨ ਅੰਗ ਤੇ
ਮੋਹਿ ਬਿਲੋਕਤਿ ਤੂਰਨਿ ਆਇ।
ਗਰ ਲਪਟੀ ਨਖ ਦੰਤ ਹਤੇ ਬਹੁ,
ਨੀਠਿ ਨੀਠਿ ਮੈਂ ਆਪ ਛੁਟਾਇ।
ਤਿਸ ਦਿਸ਼ ਮੇਰੋ ਬਨਹਿ ਨ ਜਾਨੋ,
ਪਕਰਹਿ ਧਾਇ, ਪ੍ਰਾਨ ਬਿਨਸਾਇ ॥੨੮॥
ਸਮਧਾ ਲੇਨਿ ਦਈ ਨਹਿਂ ਤਿਸ ਨੇ
ਦੇਖਤਿ ਤ੍ਰਾਸ ਰਿਦੈ ਉਪਜਾਇ।
ਪਰਾਰਬਧ ਤੇ ਛੂਟਨ ਹੋਯਹੁ
ਨਾਂਹਿ ਤ ਮਾਰਿ ਦੇਤਿ ਤਿਸੁ ਥਾਇ।
ਰਹਜੋ ਪੁਕਾਰ ਨ ਮਾਨਵ ਨੇਰੇ
ਆਨਿ ਛੁਟਾਵਹਿ ਜੋ ਬਲਿ ਲਾਇ।
ਅਪਰ ਦਿਸ਼ਾ ਈਂਧਨ ਹਿਤ ਲੈਬੇ
ਮੈਂ ਗਮਨਹੁਂਗੋ, ਭਾਇ ਸਿ ਭਾਇ[1]' ॥੨੯॥
ਸੁਨਿ ਕਰਿ ਸ਼੍ਰੀ ਗੁਰ ਅਮਰ ਦਾਸ ਕਹਿ
'ਮਤ ਭੈ ਕਰਹੁ ਸੁ ਨਹੀਂ ਬਲਾਇ।
ਭੂਪ ਹਰੀਪੁਰ ਤਿਸ ਕੀ ਦਾਰਾ
ਭਈ ਬਾਵਰੀ ਸੁਧਿ ਨਹਿਂ ਕਾਇ।
ਜਾਹੁ ਭੋਰ ਲਿਹੁ ਕੌਂਸ[2] ਹਮਾਰੀ
ਜਬਿ ਆਵਹਿ ਤੇਰੀ ਦਿਸ਼ ਧਾਇ।
ਹਤਹੁ ਸੀਸ ਮਹਿਂ ਹੋਇ ਸੁ ਰਾਜੀ
ਅਪਨੇ ਸੰਗ ਤਾਂਹਿ ਲੈ ਆਇ' ॥੩੦॥
ਸੁਨਿ ਸਭਿ ਸੰਗਤਿ ਬਿਸਮਯ ਹ੍ਵੈ ਕਰਿ
ਸੱਚਨਿ ਸੱਚ ਸਾਥ ਬਚ ਗਾਇ।

---

[1]ਸੁੱਤੇ ਸੁਭਾ (ਅ) ਅਜ ਜੁ ਮੇਰੇ ਨਾਲ ਇਸ ਤਰ੍ਹਾਂ ਵਰਤੀ ਹੈ, (ੲ) (ਅਜ ਮੇਰੇ ਨਾਲ) ਜੋ ਹੋਈ ਸੋ ਹੋਈ।
[2]ਖੜਾਉਂ।

'ਨਹਿਂ ਅਬ ਡਰਹੁ ਜਾਹੁ ਤਿਸ ਕੀ ਦਿਸ਼'
ਨਿਸਿ ਬਿਤਾਇ ਕਰਿ ਗਾ ਤਿਸੁ ਥਾਇਂ[1]।
ਦੇਖਿ ਦੂਰ ਤੇ ਕੂਕ ਪੁਕਾਰਤਿ,
ਭੈ ਦਾਯਕ ਜੋ ਦਿਖੀ ਨ ਜਾਇ।
ਊਚੀ ਭੁਜੈਂ ਉਲਾਰਤਿ ਦੌਰੀ
ਤਤਛਿਨ ਨਿਕਟਿ ਗਈ ਤਿਸ ਆਇ ॥੩੧॥
ਕਰ ਮਾਰਨ ਕੋ ਜਬਹੂੰ* ਉਛਰੀ+
ਕੌਂਸ ਹਤੀ ਤਿਸੁ ਸੀਸ ਮਝਾਰੁ।
ਗੁਰ ਪਨਹੀ[2] ਛੂਵਤ++ ਸੁਧਿ ਹੋਈ
ਬੈਠਿ ਗਈ ਤਨ ਭਈ ਸਂਭਾਰੁ।
ਨਗਨ ਅੰਗ ਜਾਨੇ ਨਿਜ ਸਕੁਚੀ
ਅਤਿ ਲੱਜਾ ਕੋ ਚਿਤ ਮਹਿਂ ਧਾਰਿ।
ਸਿਮਰਨ ਕਰੀ ਬਾਰਤਾ ਸੋਊ,
-ਕਮਲੀ, ਸ਼੍ਰੀ ਗੁਰ ਕੀਨਿ ਉਚਾਰਿ- ॥੩੨॥
'ਹੇ ਗੁਰਸਿਖ! ਮੁਹਿ ਬਸਤ੍ਰ ਦੇਹਿ ਕੁਛ
ਤਨ ਛਾਦਨ ਮੈਂ ਕਰੌਂ ਸੁਧਾਰਿ।
ਸ਼੍ਰੀ ਗੁਰ ਨਿਕਟ ਜਾਇ ਬਖਸ਼ਾਵੌਂ
ਨਿਜ ਅਪਰਾਧ ਨ ਆਗਜ਼ਾ ਧਾਰਿ[3]।
ਮਹਾਂ ਕਸ਼ਟ ਮੁਹਿ ਪ੍ਰਾਪਤਿ ਹੋਯਹੁ
ਅਬਿ ਹੋਈ ਤਨ ਕੀ ਸੰਭਾਰਿ।
ਦਰਸ਼ਨ ਕਰਹਿਂ ਦੋਸ਼ ਗਨ ਨਾਸਹਿਂ,
ਲੇ ਚਲਿ ਤੂੰ ਅਬ ਪੁਰੀ ਮਝਾਰਿ' ॥੩੩॥
ਸੁਨਿ ਕੰਬਲਿ ਅਪੁਨੀ ਤਿਨਿ ਦੀਨਸਿ[4],
ਢਾਂਪਜੋ ਤਨ, ਅਪਨੇ ਸੰਗ ਲਜਾਇ।
ਜੁਗ[5] ਬਡਿ ਭਾਗ ਖਰੇ ਤਬਿ ਆਗੇ,

---

[1]ਗਿਆ ਓਸੇ ਥਾਵੇਂ।
*ਪਾ:-ਜਬ ਹੀ।
+ਪਾ:-ਉਸਹੀ।
[2]ਜੁੱਤੀ ਅਥਵਾ ਖੜਾਉਂ।
++ਪਾ:-ਛੂਟਤ।
[3]ਆਪਣਾ ਅਪਰਾਧ, ਜੋ ਮੈਂ ਗੁਰੂ ਜੀ ਦਾ ਹੁਕਮ ਨਹੀਂ ਮੰਨਿਆਂ ਸੀ।
[4]ਸੱਚਨਸੱਚ ਨੇ ਦਿੱਤੀ ਆਪਣੀ ਕੰਬਲੀ।
[5]ਦੋਵੇਂ (ਭਾਵ ਸੱਚਨ ਸੱਚ ਤੇ ਰਾਣੀ)।

ਸਤਿਗੁਰ ਪਿਖਿ ਤਿਨ ਬਹੁ ਬਿਗਸਾਇ।
ਕ੍ਰਿਪਾ ਕਰੀ ਪੁਨ ਕਹਯੋ 'ਸੁਨਹੁ ਤੁਮ
ਪਤਿ ਇਸਤ੍ਰੀ ਬਨਿ ਰਹੁ ਇਕ ਥਾਇ।
ਤੇਰੀ ਘਾਲਿ ਪਰੀ ਅਬਿ ਥਾਇਂ ਸੁ
ਮੇਰੋ ਧਯਾਨ ਕਰਹੁ ਘਰ ਜਾਇ ॥੩੪॥
ਦੁਤਿਯ ਕੌਂਸ ਭੀ ਲਿਹੁ ਹਮ ਪਗ ਕੀ
ਬਯਾਧਿ ਉਪਾਧਿ ਜਿ ਕਿਸ ਕੇ ਹੋਇ।
ਇਸ ਕੇ ਛੁਵਤਿ ਬਿਨਸ ਸਭਿ ਜਾਵਹਿਂ
ਤਿਸ ਤਨ ਕੇ ਦੁਖ ਰਹੈ ਨ ਕੋਇ।
ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ,
ਨਿਜ ਗ੍ਰਹਿ ਬਸਹੁ ਚਿੰਤ ਚਿਤ ਖੋਇ।
ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ'
ਅਜ਼ਮਤ ਸਹਤ ਭਯੋ ਤਬਿ ਸੋਇ ॥੩੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸੱਚਨਸੱਚ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

ਵਿਸ਼ੇਸ਼ ਟੂਕ: ਕਵੀ ਜੀ ਨੇ ਇਸੇ ਰਾਸ ਦੇ ਅੰਸੂ ੪੨ ਤੇ ੬੩ ਵਿਚ ਦੋ ਹੋਰ ਇਸਤ੍ਰੀਆਂ ਦਾ ਸਤਿਗੁਰੂ ਜੀ ਦੇ ਹਜ਼ੂਰ ਆਉਣ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਇਹਨਾਂ ਦੇ ਪੁੱਤਰ ਚਲਾਣਾ ਕਰ ਗਏ ਸੀ, ਜਿਨ੍ਹਾਂ ਨੂੰ ਲਿਆ ਕੇ ਇਹਨਾਂ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਰਖਕੇ ਜੀਉਂਦਾ ਕਰਨ ਦੀ ਯਾਚਨਾ ਕੀਤੀ ਤੇ ਸਤਿਗੁਰੂ ਜੀ ਨੇ ਓਹਨਾਂ ਨੂੰ ਜਿਵਾ ਦਿੱਤਾ। ਇਸੇ ਤਰ੍ਹਾਂ ਰਾਸ ੨ ਦੇ ਅੰਸੂ ੯ ਵਿਚ ਬਾਉਲੀ ਸਾਹਿਬ ਦਾ ਕੜ ਤੋੜਨ ਵਾਲਾ ਭਾਈ ਮਾਣਕ ਜਦ ਇਕ ਦਮ ਪਾਣੀ ਨਿਕਲ ਆਉਣ ਦੇ ਕਾਰਨ ਬਾਉਲੀ ਵਿਚ ਹੀ ਸਮਾ ਗਿਆ ਤਦ ਓਹਦੀ ਮਾਤਾ ਰੁਦਨ ਕਰਦੀ ਸਤਿਗੁਰੂ ਜੀ ਦੇ ਪਾਸ ਆਈ। ਆਪ ਨੇ ਮਾਣਕ ਜੀ ਨੂੰ ਨਵਾਂ ਜਨਮ ਦਿੱਤਾ। ਫਿਰ ਇਸੇ ਰਾਸ ਦੇ ੫੫ ਅੰਸੂ ਵਿਚ ਪਤਿਬ੍ਰਤਾ ਮਾਈ ਤੇ ਦੀਵਾਨ ਵਿਚ ਓਹਦਾ ਵਿਰਤਾਂਤ ਸੁਣਨਾ ਤੇ ੬੦ ਅੰਸੂ ਵਿਚ ਮਥੋ ਮੁਰਾਰੀ ਦਾ ਵਿਸਥਾਰ ਨਾਲ ਪ੍ਰਸੰਗ ਦੇਕੇ ਕਵੀ ਜੀ ਦੱਸਦੇ ਹਨ ਕਿ ਇਸ ਸੁਭਾਗ ਜੋੜੀ ਨੂੰ ਸਤਿਗੁਰੂ ਜੀ ਨੇ ਸਿੱਖੀ ਦਾ ਪ੍ਰਚਾਰਕ ਨੀਯਤ ਕੀਤਾ, ਇਨ੍ਹਾਂ ਤੋਂ ਪ੍ਰਗਟ ਹੈ ਕਿ ਸ਼੍ਰੀ ਗੁਰੂ ਜੀ ਦੇ ਦੀਵਾਨਾਂ ਵਿਚ ਇਸਤ੍ਰੀਆਂ ਨੂੰ ਜਾਣ ਦੀ ਰੋਕ ਨਹੀਂ ਸੀ, ਨਾ ਕੇਵਲ ਇਹ ਕਿ ਇਸਤ੍ਰੀਆਂ ਦੀਵਾਨਾਂ ਵਿਚ ਜਾ ਕੇ ਸ਼ਬਦ ਕੀਰਤਨ ਦੇ ਉਪਦੇਸ਼ ਸੁਣਕੇ ਆਪਣਾ ਜਨਮ ਸਫਲ ਕਰਦੀਆਂ, ਸਗੋਂ ਓਹ ਸਿਖੀ ਦੇ ਪ੍ਰਚਾਰਕ ਦੀ ਹੈਸੀਅਤ ਵਿਚ ਭੀ ਕੰਮ ਕਰਦੀਆਂ ਸਨ। ਇਥੇ ਕਵੀ ਜੀ ਨੇ ਜੋ ਇਸਤ੍ਰੀਆਂ ਦੇ ਜਾਣ ਦੀ ਰੋਕ ਦਾ ਜ਼ਿਕਰ ਕੀਤਾ ਹੈ, ਇਸ ਦਾ ਭਾਵ ਜਾਪਦਾ ਇਹ ਹੈ ਕਿ ਇਸਤ੍ਰੀਆਂ ਲਈ ਭੜਕੀਲੇ ਲਿਬਾਸਾਂ ਵਿਚ ਜਾਂ ਘੁੰਡ ਕੱਢ ਕੇ ਜਾਂ ਬੁਰਕੇ ਆਦਿਕ ਪਰਦਿਆਂ ਵਿਚ ਜਾਣ ਦੀ ਮਨਾਹੀ ਸੀ।

ਸਹਿਜ ਸੁਭਾ ਸਾਦੇ ਲਿਬਾਸ ਵਿਚ ਮਨ ਨੀਵੇਂ ਨਾਲ ਭਗਤੀ ਭਾਵ ਵਿਚ ਜਾਣ ਦੀ ਰੋਕ ਹੋਈ ਨਹੀਂ ਜਾਪਦੀ।

੩੪. [ਦਾਤੂ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਲਤ ਮਾਰਨੀ]

੩੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੫

ਦੋਹਰਾ: ਇਸ ਪ੍ਰਕਾਰ ਸ੍ਰੀ ਸਤਿਗੁਰੂ,
ਬਖਸ਼ਿਸ਼ ਕੀਨਿ ਬਿਸਾਲ।
ਮੇਰੁ ਕਰਜੋ ਰੰਚਕ ਹੁਤੋ[1],
ਸਫਲ ਭਈ ਤਿਸ ਘਾਲ ॥੧॥

ਚੌਪਈ: ਕ੍ਰਿਪਾ ਦ੍ਰਿਸ਼ਟਿ ਸ੍ਰੀ ਸਤਿਗੁਰ ਦੇਖਿ।
ਕਰਜੋ ਬੂੰਦ ਤੇ ਜਲਧਿ ਬਿਸ਼ੇਖ਼ਿ।
ਜਿਨ ਕੇ ਸਮ ਨ ਗਰੀਬ ਨਿਵਾਜੂ।
ਆਪਿ ਡੁਬਤਿ ਸੋ ਕਰੇ ਜਹਾਜੂ[2] ॥੨॥
ਬਿਦਾ ਕਰਜੋ ਇਸਤ੍ਰੀ ਸੋ ਦੀਨਿ[3]।
ਭਯੋ ਪ੍ਰਮੁਦਿਤ ਕਸ਼ਟ ਮਨ ਛੀਨ।
ਬਾਰਬਾਰ ਗੁਰ ਪਦ ਅਰਬਿੰਦ।
ਕਰੀ ਬੰਦਨਾ ਲਹਿ ਸੁਖ ਬ੍ਰਿੰਦੁ ॥੩॥
ਊਚੇ ਪਦ ਕੋ ਪ੍ਰਾਪਤ ਭਯੋ।
ਅਪਨੇ ਗ੍ਰਿਹ ਕੋ ਮਗ ਪੁਨ ਲਿਯੋ।
ਨਿਜ ਸਥਾਨ ਮਹਿਂ ਕੀਨਿ ਪ੍ਰਕਾਸ਼।
ਬਹੁਤ ਨਰਨਿ ਕੀ ਪੂਰਤਿ ਆਸ ॥੪॥
ਸੰਕਟ ਸਹਤ ਜਾਇ ਢਿਗ ਜੋਊ।
ਕੌਸ ਛੁਵਤਿ ਬਿਨ ਰੁਜ ਕੇ ਸੋਊ[4]।
ਲੋਕ ਹਜ਼ਾਰਨਿ ਹੀ ਚਲਿ ਆਵੈਂ।
ਕਹੈਂ ਸ੍ਰਾਪ ਬਰ ਸੇ ਸਫਲਾਵੈਂ ॥੫॥
ਮਹਿਮਾ ਮਹਾਂ ਦੇਸ਼ ਤਿਸ ਭਈ।
ਪੂਜਹਿਂ ਪਰਮ ਭਾਵਨਾ ਲਈ।
ਅਨਿਕ ਲੋਕ ਤਿਨ ਕਿਏ ਨਿਹਾਲ।
ਕਸ਼ਟ ਮਿਟਾਇ ਅਨੰਦ ਬਿਸਾਲ ॥੬॥
ਸੇਖੌ ਪੁਰਿ* ਪ੍ਰਸਿੱਧ ਹੈ ਅਬਿ ਲੌਂ।
ਕੌਂਸ ਸਮੀਪ ਅਹੈ ਤਿਨ ਤਬਿ ਲੌਂ।

---

[1]ਭਾਵ ਜੋ ਕੁਛ ਬੀ ਨਹੀਂ ਸੀ ਉਸ ਨੂੰ ਪਰਬਤ ਵਰਗਾ ਉੱਚਾ ਕਰ ਦਿੱਤਾ।
[2]ਜੋ ਆਪ ਡੁੱਬ ਰਹੇ ਸਨ ਉਹਨਾਂ ਨੂੰ (ਹੋਰਨਾਂ ਨੂੰ ਬਚਾਉਣ ਵਾਲੇ) ਜਹਾਜ ਬਣਾ ਦਿੱਤਾ।
[3]ਦਿੱਤੀ।
[4]ਅਰੋਗ (ਹੋ ਜਾਂਦਾ) ਓਹ।
*ਫੀਰੋਜ਼ਪੁਰ ਦੇ ਜ਼ਿਲੇ ਵਿਚ ਦੱਸੀਦਾ ਹੈ।

ਛੂਵਤਿ ਰੋਗ ਅਨੇਕ ਬਿਨਾਸੈਂ।
ਮਹਾਂ ਮਹਾਤਮ ਜਗਤ ਪ੍ਰਕਾਸ਼ੈ ॥੭॥
ਜਿਸ ਜਿਸ ਪਰ ਗੁਰ ਕ੍ਰਿਪਾ ਕਰੀ।
ਭਏ ਨਿਹਾਲ ਅਬਿੱਦਜਾ ਹਰੀ।
ਦੁਹਿਂ ਲੋਕਨ ਕੀ ਲਹਿ ਬਡਿਆਈ।
ਤਰੇ, ਸੁ ਲੀਨਿ ਸੰਗ ਸਮੁਦਾਈ ॥੮॥
ਤਪ, ਜਪ, ਜੋਗ, ਜੱਗਜ ਬ੍ਰਤਿ ਦਾਨੂ।
ਗੁਰ ਸੇਵਾ ਕੇ ਹ੍ਵੈ ਨ ਸਮਾਨੂ।
ਜਿਨ ਕੇ ਬਡੇ ਭਾਗ ਜਗ ਜਾਗੇ।
ਸੋ ਸਤਿਗੁਰ ਕੀ ਸੇਵਾ ਲਾਗੇ ॥੯॥
ਇਸ ਪ੍ਰਕਾਰ ਗੁਰ ਕੋ ਜਸੁ ਫੈਲਾ।
ਸੁਨਿ ਸੁਨਿ ਆਇਂ ਦਰਸ ਹਿਤ ਗੈਲਾ।
ਲੋਕ ਅਨੇਕ ਕਾਮਨਾ ਧਾਰੈਂ।
ਸਭਿ ਪਾਵਤਿ ਜਬਿ ਰੂਪ ਨਿਹਾਰੈਂ ॥੧੦॥
ਗ੍ਰਾਮ ਪੁਰਨਿ ਕੇ ਲੋਕ ਘਨੇਰੇ।
ਆਵਤਿ ਦਰਸਹਿਂ ਭਾਗ ਬਡੇਰੇ।
ਲਗਹਿ ਦਿਵਾਨ ਮਹਾਂਨ ਹਮੇਸ਼ੁ।
ਸੰਗਤਿ ਨਿਤਿਪ੍ਰਤਿ ਆਇ ਵਿਸ਼ੇਸ਼ੁ ॥੧੧॥
ਉੱਤਮ ਬ੍ਰਿੰਦ ਉਪਾਇਨ ਲਜਾਵੈਂ।
ਅੰਗੀਕਾਰ ਨ ਹੋਇ, ਹਟਾਵੈਂ[1]।
ਜੇਤਿਕ ਦੇਗ ਬਿਖੈ ਲਗਿ ਜਾਇ।
ਗ੍ਰਹਿਨ ਕਰਹਿਂ, ਸੋ ਨਰ ਗਨ ਖਾਇਂ ॥੧੨॥
ਲੰਗਰ ਚਲਹਿ ਅਤੋਟ ਬਿਸਾਲਾ।
ਹੋਵਨ ਲਗਹਿ ਪ੍ਰਾਤਿ ਹੀ ਕਾਲਾ।
ਜਬਹਿ ਦਜੋਸ ਆਵਹਿ ਮੱਧਜਾਨ[2]।
ਤਬਿ ਸਤਿਗੁਰ ਪਹੁਂਚਹਿਂ ਹਿਤ ਖਾਨ ॥੧੩॥
ਅਚਹਿਂ ਓਗਰਾ ਹੋਇ ਅਲੂਨਾ[3]।
ਸੋ ਭੀ ਤਨਕ[4], ਉਦਰ[5] ਰਹਿਊਨਾ।

---

[1]ਮੋੜ ਦੇਂਦੇ ਸਨ (ਗੁਰੂ ਜੀ)।
[2]ਦੁਪਹਿਰ।
[3]ਲੂਣ ਤੋਂ ਬਿਨਾਂ।
[4]ਥੋੜਾ ਜਿਹਾ।
[5]ਪੇਟ।

ਸੰਗਤਿ ਖਟ ਰਸ ਖਾਇ ਅਹਾਰਾ।
ਮਧੁਰ ਤੁਰਸ਼[1] ਜੇ ਅਨਿਕ ਪ੍ਰਕਾਰਾ ॥੧੪॥
ਤਬਿ ਤੇ ਲੰਗਰ ਬਰਤਤਿ ਰਹੈ।
ਆਨਿ ਅਚਹਿ ਭੋਜਨ ਜੋ ਚਹੈ।
ਨਹਿਂ ਕਿਸਹੂੰ ਹਟਕਾਰਨ ਹੋਇ।
ਦੇਸ਼ ਬਿਦੇਸ਼ੀ ਲਹਿਂ ਸਭਿ ਕੋਇ ॥੧੫॥
ਜਹਿਂ ਕਹਿਂ ਸੁਜਸੁ ਬਿਸਾਲ ਪ੍ਰਕਾਸ਼ਾ।
ਸਿੱਖਜਨ ਮਨ ਮਹਿਂ ਹੋਤਿ ਹੁਲਾਸਾ।
ਸ਼੍ਰੀ ਅੰਗਦ ਕੋ ਸੁਤ ਸੁਨਿ ਕਰਿ ਕੈ।
ਜਰਹਿਂ ਨਹੀਂ, ਜਾਵਤਿ ਜਰ ਬਰਿ ਕੈ[2] ॥੧੬॥
-ਹਮਰੇ ਘਰ ਕੀ ਇਹੁ ਬਡਿਆਈ।
ਹਮ ਕਉ ਕਿਉਂ ਨ ਹੋਹਿ ਸੁਖਦਾਈ-।
ਸ਼੍ਰੀ ਅੰਗਦ ਬੈਕੁੰਠ ਪਧਾਰੇ।
ਕਰੀ ਤੇਰ੍ਹਵੀਂ ਜਬਹਿ ਪਿਛਾਰੇ[3] ॥੧੭॥
ਬੁੱਢੇ ਉਰ ਬਿਚਾਰ ਕਰਿ ਨੀਕਾ।
ਦੀਨਸਿ ਅਮਰ ਗੁਰੂ ਕਹੁ ਟੀਕਾ।
ਦਾਤੂ ਨੇ ਨਿਜ ਬਲ ਕੋ ਧਾਰੇ।
ਲੇ ਸਭਿ ਤੇ ਬਾਂਧੀ ਦਸਤਾਰੇ ॥੧੮॥
ਬੈਠਹਿ ਨਿਤ ਗਾਦੀ ਪਰ ਸੋਇ।
ਪੂਜਾ ਕਰਨਿ ਆਇ ਨਹਿਂ ਕੋਇ।
ਉਪਦੇਸ਼ਤਿ ਸੰਗਤਿ ਕੋ ਰਹਜੋ।
ਤਊ ਨ ਗੁਰ ਇਸ ਕੋ ਕਿਨ ਕਹਜੋ ॥੧੯॥
ਆਇ ਨਹੀਂ ਕੋ ਮਾਥ ਨਿਵਾਵੈ।
ਮਿਲਹਿ ਨ, ਕੁਛ ਅਕੋਰ ਅਰਪਾਵੈ[4]।
ਯਾਂ ਤੇ ਰਿਸ ਕਰਿ ਦੁਖਹਿ ਘਨੇਰਾ।
ਹੋਹਿ ਈਰਖਾ ਸਹਤ ਬਡੇਰਾ ॥੨੦॥
ਬਨਹਿ ਗੁਰੂ, ਪਰ ਬਨਜੋ ਨ ਜਾਈ।
ਨਹਿਂ ਸੰਗਤਿ ਕਿਸ ਦਿਸ਼ ਤੇ ਆਈ।

---

[1]ਮਿੱਠਾ ਤੇ ਖੱਟਾ।
[2]ਸੜ ਬਲ ਜਾਂਦੇ ਹਨ।
[3]ਪਿਛੇ ਦੱਸ ਆਏ ਹਨ ਕਿ ਲੌਕਿਕ ਰੀਤ ਕੋਈ ਨਹੀਂ ਹੋਈ।
[4]ਨਾਂ (ਕੋਈ) ਮਿਲਦਾ ਹੈ ਨਾਂ ਭੇਟਾ ਅਰਪਦਾ ਹੈ।

ਹੁਤੇ ਮਿੱਤ੍ਰ ਖੱਤ੍ਰੀ ਇਸ ਕੇਰੇ।
ਨਿਕਟ ਬੈਠਿ ਕਰਿ ਤਰਕ ਘਨੇਰੇ[1] ॥੨੧॥
'ਤੁਮ ਸਪੂਤ ਬੈਠੇ ਰਹਿ ਛੂਛੇ।
ਆਇ ਨਹੀਂ, ਕੋ ਬਾਤਿ ਨ ਪੂਛੇ।
ਕੋ ਸਿਖ ਆਇ ਨ ਦਰਸ ਨਿਹਾਰਹਿ।
ਭੇਟ ਨ ਅਰਪਹਿ, ਨਮੋ ਨ ਧਾਰਹਿ ॥੨੨॥
ਜੀਵਤਿ ਹੀ ਭੇ ਮ੍ਰਿਤਕ ਸਮਾਨਾ।
ਪਿਤ ਗਾਦੀ ਨਹਿਂ ਲਈ ਮਹਾਂਨਾ।
ਕਿਸੀ ਥਾਨ ਕੋ ਖੱਤ੍ਰੀ ਆਯੋ।
ਮਹਾਂ ਅਰੂਜ[2] ਤਾਂਹਿ ਨੇ ਪਾਯੋ ॥੨੩॥
ਦੇਸ਼ਨਿ ਕੇ ਨਰੇਸ਼ ਚਲਿ ਆਵਹਿਂ।
ਅਰਪਿ ਉਪਾਇਨ ਸੀਸ ਝੁਕਾਵਹਿਂ।
ਨਿਤਿ ਪ੍ਰਤਿ ਭੀਰ ਸੁ ਗੋਇੰਦਵਾਲ।
ਆਇ ਸੰਗਤਾਂ ਮਿਲਹਿਂ ਬਿਸਾਲ ॥੨੪॥
ਪੂਜਹਿਂ ਪਾਇਨ ਸੁਜਸੁ ਬਖਾਨਹਿਂ।
ਅਤਿ ਉੱਤਮ ਵਸਤੂ ਕਹੁ ਆਨਹਿਂ।'
ਮਾਰੈਂ ਬਚਨ ਬਾਨ ਉਰ ਗਾਡੇ[3]।
ਸੁਨਿ ਦਾਤੂ ਧੀਰਜ ਨਿਜ ਛਾਡੇ ॥੨੫॥
ਮਹਿਮਾ ਜੱਦਯਪਿ ਜਾਨਹਿ ਤਿਨ ਕੀ।
ਤਦਪਿ ਕੁਸੰਗ ਹਤੀ ਬ੍ਰਿਤਿ ਮਨ ਕੀ[4]।
ਦੀਪਤਿ ਮਤਸਰ ਅਗਨਿ ਅਗਾਰੀ[5]।
ਦੁਸ਼ਟ ਗਿਰਾ ਮੇਲੀ ਘ੍ਰਿਤ ਧਾਰੀ[6] ॥੨੬॥
ਬਯਾਕੁਲ ਭਯੋ ਸਹਜੋ ਨਹਿਂ ਜਾਈ।
ਅਤਿ ਰਿਸ ਤੇ ਚਿਤ ਅਸ ਉਪਜਾਈ।
-ਅਮਰ ਗੁਰੂ ਕੋ ਜਾਇ ਸੰਘਾਰੌਂ।
ਗੁਰਤਾ ਗਾਦੀ ਬਹੁਰ ਸੰਭਾਰੌਂ ॥੨੭॥

---

[1]ਭਾਵ ਬੋਲੀਆਂ ਮਾਰਦੇ !
[2]ਪ੍ਰਤਾਪ [ਅ਼ਰਬੀ, ਅ਼ਰੂਜ]।
[3]ਬਚਨਾਂ ਦੇ ਤੀਰ ਮਾਰਦੇ ਹਨ ਜੋ ਦਿਲ ਵਿਚ ਖੁਭ ਜਾਂਦੇ ਹਨ।
[4]ਤਾਂ ਭੀ ਕੁਸੰਗਤ ਨੇ ਮਨ ਦੀ ਬ੍ਰਿਤੀ ਨਾਸ਼ ਕਰ ਦਿੱਤੀ।
[5]ਈਰਖਾ ਰੂਪੀ ਅਗਨ ਅੱਗੇ ਹੀ ਮਘਦੀ ਸੀ।
[6]ਦੁਸ਼ਟਾਂ ਦੀ ਬਾਣੀ ਨੇ ਘਿਉ ਦੀ ਧਾਰ (ਉਸ ਅੱਗ ਨਾਲ) ਮੇਲੀ ਭਾਵ ਪਾਈ, (ਅ) ਦੁਸ਼ਟ ਮੇਲੀਆਂ ਦੇ ਬਾਣੀ ਰੂਪ ਘਿਉ ਨੂੰ ਧਾਰਨ ਕਰਕੇ।

ਪਿਤ ਕੀ ਵਸਤੁ ਪੂਤ ਹਮ ਮਾਲਿਕ।
ਅਪਰ ਕਿਸੂ ਕੇ ਕਿਮ ਹੁਇ ਤਾਲਿਕ[1]-।
ਇਮਿ ਬਿਚਾਰ ਕਰਿ ਕੈ ਪ੍ਰਸਥਾਨਾ।
ਪਹੁੰਚਜੋ ਸ੍ਰੀ ਗੁਰ ਅਮਰ ਸਥਾਨਾ ॥੨੮॥
ਲਗਜੋ ਦਿਵਾਨ ਬਿਰਾਜਹਿਂ ਬੀਚ।
ਦਰਸਹਿਂ ਮਿਲੈ ਊਚ ਅਰੁ ਨੀਚ।
ਕੋ ਟੇਕਤਿ ਹੈ ਮਾਥ ਅਗਾਰੀ।
ਕੋ ਬਿਨਤੀ ਕਰ ਜੋਰਿ ਉਚਾਰੀ ॥੨੯॥
ਕੋ ਬੈਠੇ ਸਿਮਰਹਿ ਸਤਿਨਾਮੂ।
ਗਾਇਂ ਰਬਾਬੀ ਧੁਨਿ ਅਭਿਰਾਮੂ।
ਕੋ ਇਕ ਚਿਤ ਹ੍ਵੈ ਸ਼ਬਦ ਸੁਨਤਿ ਹੈ।
ਕੋ ਮਨ ਬਿਖੈ ਬਿਚਾਰ ਗੁਨਤਿ ਹੈ[2] ॥੩੦॥
ਜਥਾ ਸ਼ੰਭੁ[3] ਮੁਨਿ ਗਨ ਕੇ ਮਾਂਹੀ।
ਪਾਵਨ ਸਭਾ ਸ਼ੁਭਤਿ ਹੈ ਤਾਂਹੀ।
ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ।
ਭਯੋ ਕ੍ਰੋਧ ਤੇ ਛੋਭਤਿ[4] ਭਾਰਾ ॥੩੧॥
ਅਪਰ ਕਛੂ ਤਹਿਂ ਹੋਇ ਨ ਸਕਈ।
ਪਹੁੰਚ ਨਿਕਟ ਗੁਰ ਤਨ ਕੋ ਤਕਈ।
ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ।
ਜਿਮਿ ਲਛਮੀ ਪਤਿ ਕੇ ਭ੍ਰਿਗੁ ਮਾਰੀ[5] ॥੩੨॥
ਸਿੰਘਾਸਨ ਤੇ ਗਿਰ ਕਰਿ ਪਰੇ।
ਬ੍ਰਿੱਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰਿ ਉਠੇ ਤਤਕਾਲਾ।
ਗਹਿ ਦਾਤੂ ਕੇ ਚਰਨ ਕ੍ਰਿਪਾਲਾ ॥੩੩॥
ਕਰ ਕਮਲਨ ਸੋਂ ਮਰਦਨ ਕਰੇ[6]।

---

[1]ਸੰਬੰਧ। ਡਅ਼ਰਬੀ, ਤਅ਼ੱਲਕ਼ ਹੋਰ ਕਿਸੇ ਦੇ ਤਅੱਲਕ ਦੀ ਕਿਵੇਂ ਹੋਵੇ। ਭਾਵ 'ਕਿਸੇ ਦਾ ਕੀ ਤਅ਼ੱਲਕ।'
[2]ਵਿਚਾਰ ਕਰਦਾ ਹੈ।
[3]ਸ਼ਿਵ ਜੀ।
[4]ਦੁਖੀ।
[5]ਜਿਵੇਂ ਭ੍ਰਿਗੂ ਨੇ ਵਿਸ਼ਨੂੰ ਨੂੰ ਲੱਤ ਮਾਰੀ ਸੀ। ਕਥਾ-ਸ਼ਿਵ ਦੇ ਪੁੱਤ੍ਰ ਭ੍ਰਿਗੂ ਨੇ ਜੋ ਮੁਨੀ ਮੰਨੇ ਜਾਂਦੇ ਹਨ ਵਿਸ਼ਨੂੰ ਦੀ ਛਾਤੀ ਵਿਚ ਲੱਤ ਮਾਰੀ ਸੀ।
ਪਰਸਰਾਮ ਇਸੇ ਦੀ ਵੰਸ਼ ਤੋਂ ਹੋਇਆ ਸੀ। ਮਹਾਂ ਭਾਰਤ ਵਿਚ ਇਸ ਦੀ ਉਤਪਤੀ ਰੁਦ੍ਰ ਦੇ ਯੱਗ ਸਮੇਂ ਅਗਨੀ ਤੋਂ ਇਕ ਅਨੋਖੀ ਤਰ੍ਹਾਂ ਦੱਸੀ ਹੈ।
[6]ਹਥਾਂ ਕਮਲਾਂ ਦੇ ਨਾਲ ਮਲਨੇ ਕੀਤੇ।

ਬਿਨਤੀ ਸਹਤ ਸੁ ਬਾਕ ਉਚਰੇ।
'ਇਕ ਤੋ ਸੇਵਾ ਕਰਤਿ ਰਹਜੋ ਹੌਂ।
ਦੁਤੀਏ ਬਯ ਤੇ[1] ਬ੍ਰਿੱਧ ਭਯੋ ਹੌਂ ॥੩੪॥
ਯਾਂ ਤੇ ਅਧਿਕ ਸਰੀਰ ਕਠੋਰਾ[2]।
ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ[3]।
ਹੁਯੋ ਹੋਇਗੋ ਕਸ਼ਟ ਮਹਾਂਨਾ।
ਛਿਮਹੁ ਭਯੋ ਅਪਰਾਧ ਅਜਾਨਾ ॥੩੫॥
ਸ਼੍ਰੀ ਗੁਰ ਕੇ ਸੁਤ ਹੋ ਬਡਭਾਗੇ।
ਮਮ ਹਿਤ ਕਰਿ ਇਤਨੋ ਦੁਖ ਲਾਗੇ।
ਤੁਮ ਕੋ ਦੇਖਿ ਨ ਅੱਗ੍ਰ ਖਰੋਵਾ।
ਹੁਤੋ ਮਾਨ ਮਮ ਸੋ ਤੁਮ ਖੋਵਾ ॥੩੬॥
ਤਾੜਨ ਉਚਿਤ ਜਾਨਿ ਕਰਿ[4] ਮਾਰਜੋ।
ਭਲੋ ਕਰਜੋ ਨਿਜ ਦਾਸ ਨਿਹਾਰਜੋ।
ਸੇਵਾ ਅਪਨੀ ਮੋਹਿ ਬਤਾਵਹੁ।
ਕਰੌਂ ਸੁ ਤਤਛਿਨ, ਰੋਸ ਹਟਾਵਹੁ' ॥੩੭॥
ਸੁਨਿ ਦਾਤੂ ਕਰਿ ਕ੍ਰੋਧ ਉਚਾਰਜੋ।
'ਇਹੁ ਕੈਸੇ ਤੈਂ ਭਿੰਡ[5] ਪਸਾਰਜੋ।
ਗੁਰਤਾ ਗਾਦੀ ਹੈ ਹਮ ਪਾਹੀ।
ਤੈਂ ਬਾਂਧੀ ਸਿਰ ਪਾਗ ਸੁ ਨਾਂਹੀ ॥੩੮॥
ਸਭਿ ਨੇ ਮੁਝ ਕੋ ਪਾਗ ਬੰਧਾਈ।
ਤੈਂ ਕੈਸੇ ਕਰਿ ਆਪ ਪੁਜਾਈ।
ਗੁਰੂ ਭਯੋ ਤੂੰ ਆਪੇ ਆਪ।
ਹਮੈ ਦੇਖਿ ਲਾਗਤਿ ਸੰਤਾਪ ॥੩੯॥
ਇਹੁ ਪਖੰਡ ਨਹਿਂ ਮੋਹਿ ਸੁਹਾਵੈ।
ਇਕ ਸੰਗਤਿ ਆਵਹਿ ਇਕ ਜਾਵੈ।
ਅਤਿ ਸੂਧੇ ਥੇ ਪਿਤਾ ਹਮਾਰੇ।
ਕਰੀ ਸੇਵ ਤਿਨ ਕੀ ਛਲ ਧਾਰੇ ॥੪੦॥
ਝੂਠਿ ਸਾਚਿ ਤਿਨ ਤੇ ਕਹਿਵਾਏ।

---

[1]ਉਮਰਾ ਕਰਕੇ।
[2](ਮੇਰਾ) ਸਰੀਰ ਬਹੁਤਾ ਸਖਤ (ਹੋ ਗਿਆ ਹੈ)।
[3]ਭਾਵ ਬਹੁਤੇ ਕੋਮਲ ਹਨ।
[4]ਤਾੜਨਾਂ ਦੇ ਜੋਗ ਜਾਣਕੇ (ਤੁਸਾਂ)।
[5]ਪਖੰਡ।

ਬਨ ਬੈਠਜੋ ਗੁਰ, ਗਰਬ ਬਢਾਏ।
ਇਸ ਥਲ ਤੇ ਉਠ ਕਰਿ ਚਲਿ ਜੱਜੈ।
ਬਹੁਰ ਨ ਬੈਠਹੁ ਦੰਭ ਕਮੱਯੈ ॥੪੧॥
ਪਿਤਾ ਹਮਾਰੇ ਕਹਿ ਤੁਝ ਤਾਂਈ।
ਨਗਰੀ ਗੋਇੰਦਵਾਲ ਬਸਾਈ।
ਬੈਠਜੋ ਮਾਲਿਕ ਤਿਸ ਕੋ ਹੋਇ।
ਹਮ ਕੋ ਨਹਿਂ ਜਾਨਜੋ ਕਿਤ ਕੋਇ ॥੪੨॥
ਅਬਿ ਸੇਵਾ ਕਛੁ ਨਹੀਂ ਹਮਾਰੀ।
ਉਠਿ ਗਮਨਹੁ ਤੂਰਨਤਾ ਧਾਰੀ।'
ਸੁਨਿ ਕਰਿ ਸਭਾ ਨ ਬੋਲ ਸਕੈ ਹੈਂ।
ਕਰਤਿ ਢੀਠਤਾ ਬਦਨ ਤਕੈ ਹੈਂ[1] ॥੪੩॥
ਗੁਰ ਕੋ ਡਰ ਧਰਿ ਬੈਠਿ ਰਹੈ ਹੈਂ।
ਭਲੇ ਬੁਰੇ ਕਿਸ ਹੂੰ ਨ ਕਹੇ ਹੈਂ।
ਬਿਸਮਤ[2] ਪਿਖਿ ਗੁਰ ਗੌਰਵਤਾਈ[3]।
ਹੌਰੇ[4] ਪੁਰਖਨ ਕੀ ਹਰਿਵਾਈ[5] ॥੪੪॥
ਤਬਿ ਲੌਂ ਪਸ਼ਚਮ ਰਵਿ ਅਸਤਾਯੋ।
ਸੰਧਜਾ ਭਈ ਤਿਮਰ ਗਨ ਛਾਯੋ।
ਸਭਿ ਉਠਿ ਉਠਿ ਅਪਨੇ ਅਸਥਾਨਾ।
ਮਤਿ ਬਿਸਮਤਿ ਹੁਇ ਕੀਨ ਪਯਾਨਾ ॥੪੫॥
ਸ਼੍ਰੀ ਗੁਰ ਅਪਨੇ ਸੋਵਨ ਥਾਨ।
ਜਾਇ ਬਿਰਾਜੇ ਕ੍ਰਿਪਾ ਨਿਧਾਨ।
ਦਾਤੂ ਰਹਜੋ ਤਿਸੀ ਥਲ ਮਾਂਹਿ।
ਕੁਛ ਸੇਵਕ ਜਿਹ ਸੰਗੀ ਆਹਿ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਾਤੂ ਗੋਇੰਦਵਾਲ ਜਾਨਿ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

---

[1]ਮੂੰਹ ਤਕਦੇ ਹਨ।
[2]ਹੈਰਾਨ ਹੋਏ।
[3]ਗੰਭੀਰਤਾ।
[4]ਹੌਲੇ।
[5]ਹਲਕਾਪਨ।

੩੫. [ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ]

੩੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੬

ਦੋਹਰਾ: ਸ੍ਰੀ ਗੁਰ ਅਮਰ ਬਿਚਾਰਿਕੈ,
–ਕਲਹਿ ਬੁਰੀ ਬਹੁ– ਮਾਨਿ।
ਨਿਸ ਆਧੀ ਮਹਿਂ ਨਿਕਸਿ ਕਰਿ,
ਵਹਿਰ ਕੀਨਿ ਪ੍ਰਸਥਾਨ ॥੧॥

ਚੌਪਈ: ਚਲੇ ਇਕਾਕੀ ਕਛੂ ਨ ਲੀਨਾ।
ਬਿਨ ਪਦਤ੍ਰਾਨ[1] ਪਯਾਨੋ ਕੀਨਾ।
ਬਾਸਰ ਕੀ[*] ਨਗਰੀ ਤੇ ਉਰੇ।
ਸੁੰਦਰ ਅਵਨੀ ਤਹਾਂ ਨਿਹਰੇ ॥੨॥
ਧੇਨੁਪਾਲ ਕੋ ਕੋਸ਼ਠ ਹੇਰਾ[2]।
ਤਿਸ ਦਰ ਪਰ ਲਿਖਿ ਕੀਨਿ ਬਸੇਰਾ।
'ਇਸ ਦਰ ਜੋ ਨਰ ਕਰਹਿ ਉਪਾਰੇ[3]।
ਤਿਸ ਕੇ ਗੁਰ ਨਹਿਂ ਸਿੱਖ ਹਮਾਰੇ[4] ॥੩॥
ਲੋਕ ਪ੍ਰਲੋਕ ਦੌਨ ਹੀ ਖੋਵੈ।
ਨਹੀਂ ਸਹਾਇਕ ਹਮ ਤਬਿ ਹੋਵੈਂ।'
ਚਿਣ ਦਰ ਕੋ ਲਿਖਿ ਕੈ ਸੁ ਪ੍ਰਵੇਸ਼ੇ।
ਪਦਮਾਸਨ ਕਰਿ ਸ਼੍ਰੀ ਗੁਰ ਬੈਸੇ ॥੪॥
ਛਪੇ ਤਹਾਂ ਨਹਿਂ ਜਾਨਹਿਂ ਕੋਊ।
ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ।
ਅਚਲ ਸਮਾਧਿ ਅਗਾਧਿ ਲਗੀ ਹੈ।
ਬ੍ਰਹਮ ਸਰੂਪ ਆਨੰਦ ਪਗੀ ਹੈ[ਪ] ॥੫॥
ਪ੍ਰਾਤਿ ਭਈ ਗੁਰ ਨਹਿਂ ਤਹਿਂ[6] ਪਾਏ।
ਖੋਜਤਿ ਹੈਂ ਸਭਿ –ਕਹਾਂ ਸਿਧਾਏ?–।
ਇਤ ਉਤ ਦੇਖਿ ਰਹੇ ਨਹਿਂ ਪਾਯੋ।
ਸੁਨਿ ਕਰਿ ਦਾਤੂ ਉਰ ਹਰਖਾਯੋ ॥੬॥

---

[1]ਜੁੱਤੀ, ਜੋੜਾ।
[*]ਇਹ ਪਿੰਡ ਅੰਮ੍ਰਿਤਸਰ ਤੋਂ ਪੱਛੋਂ ਕੁ ਰੁਖ ਨੂੰ ਪੰਜ ਛੇ ਮੀਲ ਤੇ ਹੈ।
[2]ਗੁਵਾਲੇ ਦਾ ਕੋਠਾ ਦੇਖਿਆ।
[3]ਖੁਹਲੇ।
[4]ਨਾ ਉਹ ਸਾਡੇ ਸਿਖ ਹਨ ਨਾਂ ਅਸੀਂ ਉਸ ਦੇ ਗੁਰੂ ਹਾਂ।
[ਪ](ਵਿਚ) ਰੰਗੀ ਹੋਈ।
[6]ਭਾਵ ਗੋਇੰਦਵਾਲ ਵਿਚ।

ਗੁਰ ਕੀ ਵਸਤੁ ਸਕਲ ਅਪਨਾਈ[1]।
ਬਸਤ੍ਰ ਬਿਭੂਖਨ ਤਨ ਪਹਿਰਾਈ।
ਗੁਰਤਾ ਗਾਦੀ ਬੈਠਿ ਸਜਾਈ।
ਕਰਤਿ ਪ੍ਰਤੀਖਨ ਕੋ ਚਲਿ ਆਈ[2] ॥੭॥
ਨਹਿਂ ਸੰਗਤਿ ਤਿਸੁ ਨਿਕਟ ਗਈ ਹੈ।
ਕਰੀ ਅਵੱਗਜਾ ਕੁਪਤਿ ਭਈ ਹੈ[3]।
ਦੇਖਿ ਦੂਰ ਤੇ ਇਤ ਉਤ ਹੋਇ[4]।
ਸਾਦਰ ਨੰਮ੍ਰਿ ਭਯੋ ਨਹਿਂ ਕੋਇ ॥੮॥
ਦੁਖਹਿਂ ਦੇਖਿ ਕਰਿ ਸਿੱਖ ਮਹਾਂਨੇ।
-ਕਜਾ ਇਨ[5] ਕਰਯੋ ਲੋਭ ਉਰ ਠਾਨੇ-।
ਨਿਜ ਨਿਜ ਥਾਨ ਰਹੇ ਸਭਿ ਬੈਸੇ।
ਤਿਸ ਢਿਗ ਗਮਨਯੋ ਕੋਇ ਨ ਕੈਸੇ ॥੯॥
ਏਕਲ ਬੈਠਿ ਬਹੁਤ ਅਕੁਲਾਯੋ।
ਅਰ ਸੰਗਤਿ ਕੇ ਉਰ ਨਹਿਂ ਭਾਯੋ।
ਭਯੋ ਉਦਾਸ ਵਸਤੁ ਸਭਿ ਲੀਨੀ।
ਬੇਸਰ[6] ਲਾਦਿ ਸੁ ਤਜਾਰੀ ਕੀਨੀ ॥੧੦॥
ਸੰਧਜਾ ਸਮੈ ਚਲਯੋ ਦਿਸ਼ ਗ੍ਰਾਮੂ।
ਕੁਛ ਸੇਵਕ ਸੰਗ ਜਾਇ ਸੁ ਧਾਮੂ।
ਮਗ ਮਹਿਂ ਨਿਸਾ ਭਾਈ ਤਮ ਛਾਯੋ।
ਆਨਿ ਮਿਲੇ ਤਸਕਰ ਸਮੁਦਾਯੋ ॥੧੧॥
ਭਾਜੇ ਦਾਸ ਲੂਟਿ ਸਭਿ ਲਯੋ।
ਹੋਇ ਛੂਛ ਘਰ ਪਹੁਂਚਤਿ ਭਯੋ।
ਘਰ ਕੇ ਬਸਤ੍ਰ ਬਿਭੂਖਨ ਖੋਏ।
ਹਤੀ ਲਾਤ, ਤਿਸ ਮਹਿਂ ਦੁਖ ਹੋਏ[7] ॥੧੨॥
ਘਰ ਮਹਿਂ ਬੈਠਿ ਬਿਸੂਰਯੋ ਫੇਰਿ।
-ਮੈਂ ਕੁਕਰਮਿ ਕਜਾ ਕੀਨਿ ਬਡੇਰ।

---

[1]ਆਪਣੀ ਬਣਾ ਲੀਤੀ।
[2]ਉਡੀਕਦਾ ਹੈ ਕਿ ਕੋਈ ਆਵੇ।
[3](ਗੁਰੂ ਜੀ ਦੀ) ਅਵੱਗਜਾ ਕਰਨੇ ਕਰਕੇ (ਸੰਗਤ) ਗੁੱਸੇ ਹੋ ਗਈ ਹੈ (ਦਾਤੂ ਨਾਲ)।
[4]ਲਾਂਭੇ ਹੋ ਜਾਂਦੇ ਹਨ।
[5]ਦਾਤੂ ਨੇ।
[6]ਖੱਚਰ [ਸੰਸ: ਵੇਸਰ]।
[7](ਲਤ) ਦੁਖਣ ਲਗ ਪਈ।

ਗਯੋ ਦਰਬ ਕੋ, ਘਰ ਤੇ ਖੋਯੋ[1]।
ਹਤੇ ਲਾਤ ਤੇ ਰੁਜ ਬਹੁ ਹੋਯੋ- ॥੧੩॥
ਲੱਜਿਤਿ ਹੁਇ ਪ੍ਰਵਿਸ਼ਯੋ ਘਰ ਮਾਂਹੀ।
ਬਹੁਰ ਗਰਬ ਕਰਿ ਨਿਕਸਯੋ ਨਾਂਹੀ।
ਸ਼ੋਕ ਵਿਖੈ ਬਯਾਕੁਲ ਬਹੁ ਰਹਯੋ।
ਅਪਨੋ ਖੋਟ ਨ ਕਿਹ ਸੋਂ ਕਹਯੋ ॥੧੪॥
ਗੋਇੰਦਵਾਲ ਮਿਲੇ ਸਿਖ ਸਾਰੇ।
ਲਾਇ ਦਿਵਾਨ ਬਿਚਾਰ ਬਿਚਾਰੇ।
ਗੁਰ ਬਿਨ ਬਯਾਕੁਲ ਬਹੁ ਮੁਰਝਾਏ।
ਬਿਨ ਸੂਰਜ ਪੰਕਜ ਸਮੁਦਾਏ ॥੧੫॥
ਜਿਮਿ ਨਰੇਸ਼ ਬਿਨ ਸੈਨ ਦੁਖਾਰੀ।
ਜਿਮਿ ਸੁਰਪਤਿ[2] ਬਿਨ ਸੁਰ ਦੁਖਿ ਭਾਰੀ।
ਜਥਾ ਪੰਖ[3] ਬਿਨ ਹੋਹਿਂ ਬਿਹੰਗਾ।
ਜਿਮ ਪਤਿ ਬਿਨ ਇਸਤ੍ਰੀ ਸਰਬੰਗਾ[4] ॥੧੬॥
ਬਿਨਾ ਨੀਰ ਜਿਮਿ ਤਰੁ ਸ਼ੁਸ਼ਕੰਤੇ[5]।
ਤਥਾ ਸਿੱਖਜ ਦੁਖ ਬਿਖੈ ਤਪੰਤੇ।
ਆਪ ਆਪਨੀ ਬੁਧਿ ਅਨੁਸਾਰੇ।
ਰਿਦੇ ਬਿਚਾਰਤਿ ਬਾਕ ਉਚਾਰੇ ॥੧੭॥
'ਸਤਿਗੁਰ ਹੋਏ ਅੰਤਰ ਧਯਾਨ।
ਪਹੁੰਚੇ ਅਪਨ ਬਿਕੁੰਠ ਸਥਾਨ।
ਗੁਰ ਅੰਗਦ ਸੁਤ ਕੀ ਰਿਸ ਦੇਖਿ।
ਤਯਾਗਯੋ ਤੁਰਤ ਸਮਾਜ ਅਸ਼ੇਖ[6] ॥੧੮॥
ਰਹਨਿ ਚਲਨਿ ਤਿਨ ਏਕ ਸਮਾਨ।
ਸਿੱਖਜਨ ਹੇਤ ਹੁਤੇ ਇਸ ਥਾਨ।'
ਕੇਚਿਤ ਕਹੈਂ ਗਏ 'ਬਨ ਮਾਂਹੀ।
ਕਲਹਿ ਸਹਹਿਂ ਦਾਤੂ ਕੀ ਨਾਂਹੀ' ॥੧੯॥
ਕੇਚਿਤ ਕਹੈਂ 'ਬਦੇਸ਼ ਮਝਾਰਾ।

---

[1]ਗਿਆ ਸਾਂ (ਉਹਨਾਂ ਦੇ) ਧਨ (ਲੈਣ) ਨੂੰ ਪਰ ਪੱਲਿਓਂ (ਬੀ ਸਗੋਂ) ਗੁਵਾ ਆਇਆ।
[2]ਇੰਦਰ।
[3]ਖੰਭਾਂ।
[4]ਸਾਰੇ ਅੰਗਾਂ ਕਰਕੇ, ਸਭ ਤਰ੍ਹਾਂ।
[5]ਬ੍ਰਿੱਛ ਸੁੱਕ ਜਾਂਦੇ ਹਨ।
[6]ਸਾਰਾ।

ਪਹੁੰਚੇ ਸਤਿਗੁਰ ਦਰਸ ਉਦਾਰਾ।
ਤਹਾਂ ਸਿੱਖਜ ਸੇਵਕ ਹੁਇਂ ਬ੍ਰਿੰਦ।
ਹੈ ਜਿਨ ਮਸਤਕ ਭਾਗ ਬਿਲੰਦ' ॥੨੦॥
ਇੱਤਜਾਦਿਕ ਬਹੁ ਥਾਨ ਬਤਾਵੈਂ।
ਨਿਸ਼ਚੈ ਮਤਿ ਕੋਇ ਨ ਠਹਿਰਾਵੈ।
ਤਬਿ ਸਭਿ ਮਿਲਿ ਕੈ ਕੀਨਿ ਬਿਚਾਰਨਿ।
'ਬੁੱਢਾ ਜਾਨਹਿਗੋ ਇਸ ਕਾਰਨ ॥੨੧॥
ਗੁਰ ਘਰ ਮਹਿਂ ਸੋ ਸਚਿਵ ਸਮਾਨ।
ਤਿਸ ਢਿਗ ਚਲਹੁ ਰਹਹਿ ਜਿਸੁ ਥਾਨ।
ਸਤਿਗੁਰ ਜਹਿਂ, ਸੋ ਖੋਜ ਬਤਾਵਹਿ।
ਅਪਰਨ ਤੇ ਕਜੋਂ ਕਰਿ ਨਹਿਂ ਪਾਵਹਿ[1]' ॥੨੨॥
ਇਮਿ ਕਹਿ ਸਿਖ ਸਭਿ ਆਂਸੂ ਢਾਰਤਿ।
ਉਰ ਬਿਖਾਦ ਤੇ ਹੈਂ ਬਹੁ ਆਰਤਿ।
ਜਥਾ ਕ੍ਰਿਸ਼ਨ ਭੇ ਅੰਤਰਧਜਾਨਾ।
ਗਨ ਗੋਪੀ ਰੁਦਿਯੰਤ ਮਹਾਂਨਾ* ॥੨੩॥
ਸਭਿ ਇਕਠੇ ਹੁਇ ਕਰਿ ਤਬਿ ਚਲੇ।
ਜਹਿਂ ਥਲ ਭਾਈ ਬੁੱਢਾ ਭਲੇ।
ਧਰਜੋ ਪ੍ਰਸਾਦਿ ਅਗਾਰੀ ਜਾਇ।
ਕਰੀ ਬੰਦਨਾ ਸੀਸ ਨਿਵਾਇ ॥੨੪॥
ਹਾਥ ਜੋਰਿ ਹੁਇ ਕਰਿ ਤਬ ਖਰੇ।
ਜਸੁ ਕੇ ਸਹਤ ਬੇਨਤੀ ਕਰੇ।
'ਤੁਮ ਅਰੁ ਗੁਰ ਮਹਿਂ ਭੇਦ ਨ ਕੋਊ।
ਜੋਤਿ ਏਕ ਧਾਰੇ ਤਨ ਦੋਊ ॥੨੫॥
ਸਿੱਖ ਸਹਾਇਕ ਪਰਉਪਕਾਰੀ।
ਸਭਿ ਸੰਗਤਿ ਇਹੁ ਖਰੀ ਅਗਾਰੀ।
ਸਿੰਧੁ ਸੰਦੇਹਨਿ ਮਗਨ ਬਿਸਾਲਾ[2]।
ਬਨਹੁ ਜਹਾਜ ਆਪ ਇਸ ਕਾਲਾ ॥੨੬॥
ਸਿੱਖਜਨ ਬਿਖੈ ਅਗਾਊ ਆਪ।

---

[1]ਹੋਰਨਾਂ ਤੋਂ ਕਿਵੇਂ ਬੀ (ਖੋਜ) ਨਹੀਂ ਮਿਲੇਗਾ।

*ਐਸੇ ਵਾਕ ਕਵਿ ਜੀ ਦ੍ਰਿਸ਼ਟਾਂਤ ਮਾਤ੍ਰ ਵਰਤਦੇ ਹਨ, ਕਦੇ ਗੁਰੂ ਜੀ ਨੂੰ ਸ਼ਿਵ ਦੀ ਕਦੇ ਵਿਸ਼ਨੂੰ ਦੀ ਕਿਸੇ ਤਰ੍ਹਾਂ ਦੇ ਰੂਪਕ ਅਲੰਕਾਰ ਵਿਚ ਉਪਮਾ ਦੇਂਦੇ ਹਨ। ਆਪ ਦੀ ਵਾਕਫੀ ਹਿੰਦੀ ਤੇ ਸੰਸਕ੍ਰਿਤ ਸਾਹਿਤਜ ਨਾਲ ਹੋਣ ਕਰਕੇ ਉਸ ਦਾਇਰੇ ਤੋਂ ਬਾਹਰ ਨਹੀਂ ਜਾਂਦੇ।

[2]ਸੰਸਿਆਂ ਰੂਪੀ ਸਮੁੰਦਰ ਵਿਖੇ ਬੜੇ ਡੁੱਬੇ ਹੋਏ।

ਦੇ ਟੀਕਾ ਗੁਰਗਾਦੀ ਥਾਪ।
ਬ੍ਰਹਮਗਜਾਨ ਮਹਿਂ ਨਿਸ਼ਚਲ ਨੀਤਿ।
ਅੰਤਰਜਾਮੀ ਜਹਿਂ ਕਹਿਂ ਚੀਤ ॥੨੭॥
ਸਰਬ ਸ਼ਕਤਿ ਜੁਤਿ ਸਮਰਥ ਅਹੋ।
ਅਜ਼ਮਤਿ ਸਦਾ ਛਿਪਾਏ ਰਹੋ।
ਸਭਿ ਸੰਗਤਿ ਪਰ ਕਰੁਨਾ ਕੀਜਹਿ।
ਸ਼ਰਨ ਆਪ ਕੀ ਪਰੀ ਲਖੀਜਹਿ' ॥੨੮॥
ਸੁਨਤਿ ਬਿਨੈ ਕਹੁ ਬੁੱਢਾ ਬੋਲਜੋ?
'ਕਿਸ ਕਾਰਨ ਤੁਮਰੋ ਮਨ ਡੋਲਜੋ।
ਮੇਰੇ ਉਚਿਤ ਕੌਨ ਸੋ ਕਾਮ?
ਕਰੌਂ ਸੁ ਕਹੋ ਸਕਲ ਅਭਿਰਾਮ ॥੨੯॥
ਇਕ ਸਿੱਖ ਕੀ ਸੇਵਾ ਫਲ ਮਹਾਂ।
ਸੰਗਤਿ ਸੇਵ ਪਾਈਅਹਿ ਕਹਾਂ।
ਜਿਸ ਪਰ ਸਤਿਗੁਰ ਹੋਹਿਂ ਕ੍ਰਿਪਾਲ।
ਨਿਜ ਦਾਸਨ ਕੀ ਦੇਂ ਤਬਿ ਘਾਲ[1]' ॥੩੦॥
ਸੰਗਤਿ ਕਹਜੋ ਤਬਹਿ ਕਰ ਬੰਦਿ।
'ਗੁਰ ਬਿਨ ਬਜ਼ਾਕੁਲ ਉਰ ਸਿਖ ਬ੍ਰਿੰਦ।
ਕਹਾਂ ਗਏ, ਨਹਿਂ ਜਾਨੀ ਜਾਇ।
ਜਥਾ ਅਚਾਨਕ ਰਵਿ ਅਸਤਾਇ[2] ॥੩੧॥
ਮਸਤਕ ਟੇਕਹਿਂ ਤਾਂਹਿ ਅਗਾਰੀ।
ਰਹਹਿਂ ਬੈਠਿ ਅਬਿ ਕੌਨ ਅਧਾਰੀ[3]।
ਜਿਮਿ ਤਾਰਨਿ ਮਹਿਂ ਚੰਦ ਬਿਰਾਜਹਿ।
ਤਿਮਿ ਸੰਗਤ ਮਹਿਂ ਸਤਿਗੁਰ ਛਾਜਹਿਂ ॥੩੨॥
ਜਿਸ ਕੋ ਆਪ ਸਥਾਪਹੁ ਗੁਰ ਕਰਿ[4]।
ਤਿਸ ਕੋ ਸੰਗਤਿ ਮਾਨਹਿਂ ਸਿਰ ਧਰਿ।'
ਇਮਿ ਸੁਨਿ ਕੈ ਸਭਿ ਤੇ ਨਿਜ ਕਾਨ।
ਬੁੱਢੇ ਤਬਹਿ ਲਗਾਜੋ ਧਜਾਨ ॥੩੩॥

---

[1]ਦਾਸਾਂ ਦੀ ਸੇਵਾ ਉਸ ਨੂੰ ਦੇਂਦੇ ਹਨ।
[2]ਛਿਪ ਜਾਂਦਾ ਹੈ।
[3]ਕਿਨ੍ਹਾਂ ਦੇ ਆਸਰੇ।
[4]ਭਾਵ ਇਹ ਹੈ ਕਿ ਸੰਗਤ ਵਜ਼ਾਕੁਲਤਾ ਵਿਚ ਖਿਆਲ ਕਰਦੀ ਹੈ ਕਿ ਗੁਰੂ ਸਾਹਿਬ ਸ਼ਾਯਦ ਅੰਤਰ ਧਿਆਨ ਹੋ ਗਏ ਹਨ ਤੇ ਗੱਦੀ ਤੇ ਗੁਰੂ ਸਥਾਪਨ ਕਰ ਗਏ ਹਨ, ਜੇ ਇਹ ਗੱਲ ਹੈ ਤਾਂ ਬੀ ਬੁੱਢੇ ਜੀ ਨੂੰ ਪਤਾ ਹੈ, ਕਿਉਂਕਿ ਬੁੱਢਾ ਜੀ ਨੂੰ 'ਗੁਰੂ ਗਿਆਤਾ ਸਦਾ ਪ੍ਰਾਪਤ' ਹੋਣ ਦਾ ਵਰ ਮਿਲ ਚੁੱਕਾ ਹੈ।

ਇਕ ਘਟਿਕਾ ਲਗ ਦ੍ਰਿਗ ਨਹਿਂ ਖੋਲੇ।
ਬੈਠੇ ਸੰਗਤਿ ਜੁਕਤਿ ਅਡੋਲੇ।
ਤੀਨ ਲੋਕ ਮਹਿਂ ਖੋਜਨ ਕੀਨੇ।
ਸਤਿਗੁਰ ਬਿਦਤ ਨਹੀਂ ਕਿਤ ਚੀਨੇ[1] ॥੩੪॥
ਛਪੇ ਕਹੂੰ ਪੁਨ ਦੇਖਤਿ ਭਯੋ।
ਥਾਨ ਅਨੇਕ ਖੋਜਿਬੋ ਕਿਯੋ।
ਜਾਨਯੋ ਮਨ ਮਹਿਂ ਤਬਿ ਗੁਰ ਫੁਰੇ[2]।
ਪ੍ਰਵਿਸ਼ੇ ਕੋਸ਼ਠ ਅੰਤਰ ਦੁਰੇ ॥੩੫॥
ਦਰ ਚਿਣ ਰਾਖਯੋ, ਵਹਿਰ ਨ ਕਾਹੂੰ[3]।
ਕਰਿ ਸਮਾਧਿ ਬੈਠੇ ਤਿਸ ਮਾਂਹੂੰ।
ਸਗਰੋ ਖੋਜ ਧਯਾਨ ਮਹਿਂ ਦੇਖਿ।
ਖੋਲੇ ਲੋਚਨ ਬੀਚ ਅਸ਼ੇਖ਼[4] ॥੩੬॥
ਉਰ ਬਿਚਾਰ ਇਮਿ ਕੀਨਿ ਬਿਸਾਲਾ।
-ਕਰੋਂ ਬਤਾਵਨ ਜੇ ਇਸ ਕਾਲਾ।
ਸਤਿਗੁਰ ਅਮੁਕ[5] ਸਥਾਨ ਸੁਹਾਏ।
ਅੰਤਰ ਛਪੇ ਸਮਾਧਿ ਲਗਾਏ ॥੩੭॥
ਤਬਿ ਅਜ਼ਮਤਿ ਜ਼ਾਹਿਰ ਹੁਇ ਜਾਇ।
ਨੀਕੀ ਰੀਤਿ ਨਹੀਂ ਇਸੁ ਭਾਇ।
ਅਪਰ ਫਰੇਬ[*] ਕਰੀਜੈ ਕੋਈ[+]।
ਜਿਸ ਤੇ ਸਤਿਗੁਰ ਦਰਸ਼ਨ ਹੋਈ[++]' ॥੩੮॥
ਸਭਿ ਸੰਗਤਿ ਸੰਗਿ ਬਾਕ ਸੁਨਾਵਾ।
'ਸ਼੍ਰੀ ਗੁਰ ਸਭਿਨਿ ਬਿਖਾਦ[6] ਮਿਟਾਵਾ।
ਨਹੀ ਚਿੰਤ ਕੀਜਹਿ ਮਮ ਪਯਾਰੇ !

---

[1]ਪ੍ਰਗਟ ਨਹੀਂ ਦੇਖੇ।
[2]ਫੁਰਿਆ (ਫੁਰਨਾ ਕਿ) ਗੁਰੂ ਜੀ ਕੋਠੇ ਅੰਦਰ ਪ੍ਰਵੇਸ਼ ਹੋਏ ਲੁਕੇ ਹਨ। (ਅ) ਗੁਰੂ ਜੀ ਦਾ ਫੁਰਨਾ ਫੁਰਿਆ ਕਿ-ਭਾਵ ਝਲਕਾ ਵੱਜਾ ਕਿ-।
[3](ਹੋਰ) ਬਾਹਰ ਕਿਤੇ ਨਹੀਂ ਹਨ।
[4]ਸਾਰਿਆਂ (ਸਿਖਾਂ) ਵਿਚ।
[5]ਫਲਾਣੇ।
[*]ਫਰੇਬ ਵਿਚ ਦੂਸਰੇ ਤੋਂ ਆਪਣੇ ਲਾਭ ਦਾ ਪ੍ਰਯੋਜਨ ਹੁੰਦਾ ਹੈ, ਏਥੇ ਆਪਾ ਛਿਪਾਵਨ ਦੀ ਨਿੰਮ੍ਰਤਾ ਪ੍ਰਯੋਜਨ ਹੈ, ਤਾਂਤੇ ਇਸ ਦਾ ਅਰਥ ਛਲ ਨਹੀਂ, ਪਰਦਾ ਹੈ।
[+]ਪਾ:-ਕੋਉ।
[++]ਪਾ:-ਹੋਉ।
[6]ਸਾਰਿਆਂ ਦਾ ਦੁੱਖ।

ਸਭਿਨਿ ਸਹਾਇਕ ਕਾਰਜ ਸਾਰੇ[1] ॥੩੯॥
ਸਤਿਗੁਰ ਸਿਮਰਹੁ ਪ੍ਰੇਮ ਬਿਸਾਲੇ।
ਮਿਲਹਿਂ ਗੁਰੂ ਸਭਿ ਲੇਹਿਂ ਸੰਭਾਲੇ।
ਚਲਹੁ ਸਕਲ ਹੀ ਗੋਇੰਦਵਾਲੋਂ[2]।
ਮੈਂ ਬੀ ਅਬਿ ਤੁਮਰੇ ਸੰਗਿ ਚਾਲੋਂ[*]' ॥੪੦॥
ਗਮਨ ਕਰਯੋ ਸਭਿ ਕੇਰਿ ਅਗਾਰੀ।
ਹਰਖਤਿ ਸੰਗਤਿ ਚਲੀ ਪਿਛਾਰੀ।
ਤੂਰਨ ਹੀ ਸਭਿ ਪੁਰਿ ਮਹਿਂ ਆਏ।
ਗੁਰ ਬਿਨ ਨਗਰ ਨ ਸਦਨ ਸੁਹਾਏ ॥੪੧॥
ਜਥਾ ਸੁਰਗ ਮਘਵਾ[3] ਬਿਨ ਹੋਇ।
ਨਰ ਨਾਰੀ ਚਿੰਤਾ ਚਿਤ ਸੋਇ।
ਪੂਰਬ ਬੁੱਢਾ ਗਯੋ ਚੁਬਾਰੇ।
ਬਿਨੈ ਬਚਨ ਹੁਇ ਖਰੇ ਉਚਾਰੇ ॥੪੨॥
'ਸ਼੍ਰੀ ਸਤਿਗੁਰੁ ! ਸੰਗਤਿ ਦਿਸ਼ ਹੇਰਹੁ।
ਅਪਰ ਬਾਰਤਾ ਰਿਦੈ ਨਿਬੇਰਹੁ।
ਚਿੰਤਾਤੁਰ ਉਦਬੇਗ[4] ਸਮੇਤ।
ਪ੍ਰਭੁ ਜੀ! ਸੂਨੇ ਪਰੇ ਨਿਕੇਤ ॥੪੩॥
ਤੁਮ ਬਿਨ ਕਿਸਹਿ ਨ ਲਾਗਤਿ ਆਛੇ।
ਖਾਨ ਪਾਨ ਕੀ ਰੁਚਿ ਨਹਿਂ ਬਾਛੇ।
ਸੰਕਟ ਸਭਿ ਕੋ ਹਰਹੁ ਕ੍ਰਿਪਾਲਾ!
ਦੇਹੁ ਦਰਸ ਅਪਨੋ ਇਸ ਕਾਲਾ' ॥੪੪॥
ਇਮਿ ਕਹਿ ਵਹਿਰ ਸਰਬ ਮੈਂ ਬੈਸੇ।
ਬੂਝਤਿ 'ਇਹ ਪ੍ਰਸੰਗ ਭਾ ਕੈਸੇ?
ਨਿਕਸੇ ਸਤਿਗੁਰ ਕੌਨ ਸਮੇਂ ਹੈਂ?
ਖੋਜੈਂ ਖੋਜ ਬਤਾਉ ਹਮੇ ਹੈਂ' ॥੪੫॥
ਕਹਯੋ ਸਭਿਨਿ 'ਗੁਰ ਅੰਗਦ ਤਾਤਾ।
ਆਇ ਪ੍ਰਹਾਰੀ ਗੁਰ ਕੇ ਲਾਤਾ।
ਅਰਧ ਨਿਸਾ ਮਹਿਂ ਨਿਕਸੇ ਪੁਰਿ ਤੇ।

---

[1]ਸਾਰਿਆਂ ਦੇ ਸਹਾਇਕ (ਗੁਰੂ ਜੀ) ਕਾਰਜ ਸਾਰਨਗੇ।
[2]ਗੋਇੰਦਵਾਲ ਨੂੰ।
[*]ਪਾ:-ਮੈ ਅਬਿ ਹੋ ਸੰਗੈ ਤਹਿਂ ਚਾਲੋਂ।
[3]ਇੰਦ੍ਰ।
[4]ਚਿਤ ਦੀ ਵਿਆਕੁਲਤਾ [ਸੰਸ: ਉਦ੍ਵੇਗ]।

ਕੋ ਜਾਨਹਿਂ ਗਮਨੇ ਕਿਸ ਧਿਰ[1] ਤੇ ॥੪੬॥
ਪੀਛੈ ਦਾਤੂ ਸਭਿ ਕਿਛੁ ਲੀਨਿ।
ਅਪਨੇ ਸਦਨ ਪਯਾਨੋ ਕੀਨ।
ਇਕ ਬੜਵਾ[2] ਤਿਨ ਤਜਾਗਨਿ ਕਰੀ।
ਗੁਰੁ ਕੀ ਪ੍ਰਿਯ ਅਤਿ ਸੋ ਘਰ ਖਰੀ ॥੪੭॥
ਇਸ ਕੋ ਦਾਤੂ ਲੇਵਨ ਲਗਜੋ।
ਚੜ੍ਹਨ ਨ ਦਿਯੋ ਪ੍ਰਿਥੀ ਪਰ ਡਿਗਜੋ।
-ਲੇਇ ਸੁ ਚਲੌਂ- ਜਤਨ ਕਰਿ ਰਹਜੋ।
ਨਹਿਂ ਅਰੂਢ ਕਰਿ ਆਸਨ ਲਹਜੋ[3] ॥੪੮॥
ਚਪਲ ਤੁਰੰਗਨਿ ਸਤਿਗੁਰ ਪਜਾਰੀ।
ਰਹੀ ਆਪ, ਦਿਯ ਨਹਿਂ ਅਸਵਾਰੀ।
ਯਾਂ ਤੇ ਗਯੋ ਤਜਾਗ ਕਰਿ ਸੋਊ।
ਅਪਰ ਸੰਭਾਰ ਲਯੋ ਘਰ ਸੋਊ' ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ਼੍ਰੀ ਅਮਰਦਾਸ ਖੋਜਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

---

[1]ਕਿਸੇ ਧਿਰ = ਕਿਧਰ = ਕਿਸ ਪਾਸੇ।
[2]ਘੋੜੀ।
[3]ਚੜ੍ਹਕੇ ਉਤੇ ਬੈਠ ਨਹੀਂ ਸਕਿਆ।

੩੬. [ਬਾਬਾ ਬੁੱਢਾ ਜੀ ਸਮੇਤ ਸੰਗਤਿ ਦਾ ਸੰਨ੍ਹ ਸਾਹਿਬ ਜਾਣਾ, ਗੁਰੂ ਜੀ ਦਾ ਪ੍ਰਗਟ ਹੋਣਾ]

੩੫<<ਪਿਛਲਾ ਅੰਸੂ ਤੁਤਕਰਾ ਰਾਸਿ ੧ ਅਗਲਾ ਅੰਸੂ>>੩੭

ਦੋਹਰਾ: ਸੁਨੀ ਤੁਰੰਗਨਿ ਬਾਰਤਾ,
ਬੁੱਢੇ ਬਹੁ ਸੁਖ ਪਾਇ।
'ਇਹ ਅਸਵਾਰੀ ਗੁਰੂ ਕੀ,
ਅਜ਼ਮਤ ਜੁਤਿ ਦਰਸਾਇ ॥੧॥

ਚੌਪਈ: ਗੁਰ ਬਿਨ ਨਹੀਂ ਅਰੂਢਨਿ ਦੇਤਿ।
ਯਾਂ ਤੇ ਸੋ ਤਜਿ ਗਯੋ ਨਿਕੇਤਿ।
ਅਬਿ ਇਸ ਕੋ ਕੀਜਹਿ ਸ਼ਿੰਗਾਰ।
ਪ੍ਰਥਮ ਸ਼ਨਾਨਹੁ ਸੁੰਦਰ ਬਾਰਿ[1] ॥੨॥
ਧੂਪ ਦੀਪ ਚੰਦਨ ਚਰਚਾਵਹੁ[2]।
ਫੂਲ ਬਿਸਾਲ ਮਾਲ ਪਹਿਰਾਵਹੁ।
ਪਾਇ ਬਸਤਨੀ[3] ਸੁੰਦਰ ਜ਼ੀਨ[4]।
ਕਵਿਕਾ[5] ਦੇਹੁ ਮੁਹਾਰ[6] ਨਵੀਨ ॥੩॥
ਸੰਗਤਿ ਕਰਹਿ ਬੇਨਤੀ ਸਾਰੀ।
ਛੋਰਿ ਦੇਹੁ ਇਹੁ ਚਲਹਿ ਅਗਾਰੀ।
ਸੰਗ ਸੰਗਤਾਂ ਗਮਨਹਿਂ ਪਾਛੇ।
ਗੁਰੁ ਕੋ ਖੋਜ ਲੇਹਿ ਇਹੁ ਆਛੇ' ॥੪॥
ਬ੍ਰਿਧ ਕੋ ਬਾਕ ਮਾਨਿ ਸਭਿ ਲੀਨਾ।
ਸਭਿ ਸ਼ਿੰਗਾਰ ਸ਼ਿੰਗਾਰਨਿ ਕੀਨਾ।
ਦਈ ਛੋਰਿ ਪੁਰਿ ਵਹਿਰ ਤੁਰੰਗਨਿ।
ਬਹੁ ਸੁੰਦਰ ਜੋ ਸਗਰੇ ਅੰਗਨਿ ॥੫॥
ਸਨੇ ਸਨੇ ਚਲਿ ਸਹਜ ਸੁਭਾਇ।
ਪੀਛੇ ਸਗਰੀ ਸੰਗਤਿ ਜਾਇ।
ਬੁੱਢੇ ਆਦਿਕ ਸਿਖ ਸਮੁਦਾਏ।
ਅਵਲੋਕਤਿ ਬੜਵਾ ਬਿਸਮਾਏ ॥੬॥

---

[1]ਜਲ ਨਾਲ।
[2]ਧੂਪ ਦੀਪ (ਜਗਾ ਕੇ) ਚੰਦਨ ਛਿੜਕੇ।
[3]ਕਾਠੀ ਦੇ ਉਪਰਲਾ ਕਪੜਾ।
[4]ਕਾਠੀ।
[5]ਲਗਾਮ।
[6]ਵਾਗਾਂ।

ਕਿਤੇ ਹਰੇਖਾ[1] ਊਚੋ ਕਰੈ।
ਕਿਤ ਚੰਚਲਤਾ ਜੁਤਿ ਪਗ ਧਰੈ।
ਕਿਤਿਕ ਦੂਰ ਤੇ ਕੋਸ਼ਠ[2] ਦੇਖਾ।
ਥਿਤਿ ਹ੍ਵੈ[3] ਊਚੋ ਕੀਨ ਹਿਰੇਖਾ ॥੭॥
ਬਹੁਰ ਅਗਾਰੀ ਕੀਨ ਪਯਾਨਾ।
ਗਈ ਤਹਾਂ ਕੋਸ਼ਠ ਜਿਸ ਥਾਨਾ।
ਦੂਰ ਦੂਰ ਫਿਰ ਚਹੁੰਦਿਸ਼ਿ ਤਾਂਹੀ।
ਪੁਨ ਦਰ ਦਿਸ਼ ਗਮਨੀ ਹੁਇ ਪਾਹੀ ॥੮॥
ਤਹਾਂ ਪਹੁੰਚ ਕਰਿ ਸੀਸ ਝੁਕਾਵਾ।
ਪੁਨ ਊਚੇ ਹਿਹਨਾਟ ਸੁਨਾਵਾ।
ਸੰਗਤਿ ਦੇਖਿ ਦੇਖਿ ਬਿਸਮਾਵੈ।
-ਇਹਾਂ ਨ ਸਤਿਗੁਰ ਕਹੂੰ ਦਿਸਾਵੈਂ ॥੯॥
ਬੜਵਾ ਨਹਿਂ ਅਬਿ ਆਗੇ ਜਾਵਤਿ।
ਜਨੁ ਲਛਮੀ, ਇਤ ਬਿਸ਼ਨੁ ਬਤਾਵਤਿ।
ਰਾਜਸ਼ਿਰੀ[4] ਪੁਰਹੂਤ ਖੁਜੰਤੀ।
ਅਬਿ ਇਸ ਥਲ ਕੋ ਨਹੀਂ ਤਜੰਤੀ- ॥੧੦॥
ਪਿਖ ਬੁੱਢੇ ਸਭਿ ਕੋ ਸਮਝਾਯੋ।
'ਇਹ ਕੋਠਾ ਕਿਸ ਕੋ ਬਨਵਾਯੋ।
ਦਰ ਦੇਖਹੁ ਨਹਿਂ ਪੱਯਤਿ ਯਾਹੀ[5]।
ਬੜਵਾ ਰਹੀ ਸਥਿਰ ਹੁਇ ਪਾਹੀ[6] ॥੧੧॥
ਪ੍ਰਥਮ ਪ੍ਰਕਰਮਾ ਇਸ ਕੀ ਕਰੀ।
ਦੂਰ ਦੂਰ ਚਹੁਂ ਦਿਸ਼ ਮਹਿਂ ਫਿਰੀ।
ਸੀਸ ਝੁਕਾਇ ਬੰਦਨਾ ਠਾਨੀ।
ਥਿਰ ਅਬਿ ਰਹੀ, ਗੁਰੂ ਇਸਥਾਨੀ[7]' ॥੧੨॥
ਤਬਿ ਕੋਸ਼ਠ ਕੇ ਚਹੁੰਦਿਸ਼ ਫਿਰਿਓ।
ਦਰ ਕੋ ਥਿਰਯੋ ਨਿਹਾਰਨਿ ਕਰਿਓ।

---

[1]ਹਿਣਕਣਾ।
[2]ਕੋਠਾ।
[3]ਖੜੀ ਹੋਕੇ।
[4]ਸਚੀ। (ਅ) ਰਾਜ ਲੱਛਮੀ।
[5]ਦਿੱਸਦਾ ਨਹੀਂ ਇਸ ਦਾ ਦਰਵਾਜਾ, ਦੇਖੋ।
[6]ਇਸ ਦੇ ਕੋਲ ਹੀ।
[7](ਤਾਂਤੇ) ਗੁਰੂ ਜੀ ਇਸ ਥਾਂ ਤੇ (ਹੋਣਗੇ)।

ਅੱਖਰ ਲਿਖੈ ਦੇਖਿ ਕਰਿ ਕਹਜੋ।
'ਸਭਿ ਆਵਹੁ, ਇਕ ਪਤਾ ਸੁ ਲਹਜੋ[1] ॥੧੩॥
ਗੁਰੂ ਹਾਥ ਕੀ ਲਿਖਤਿ ਦਿਖੀਜਹਿ।
ਮੈਂ ਅਬ ਪਠਿਹੌਂ ਸਰਬ ਸੁਨੀਜਹਿ।'
ਗਏ ਧਾਇ ਤਿਸ ਦੇਖਜੋ ਜਾਇ।
ਪਠਿ ਅੱਖਰ ਸੋ ਬ੍ਰਿੱਧ ਸੁਨਾਇ ॥੧੪॥
'ਆਇ ਇਹਾਂ ਦਰ ਪਾਰਹਿ[2] ਜੋਊ।
ਹਮ ਨਹਿਂ ਗੁਰੂ, ਸਿੱਖ ਨਹਿਂ ਸੋਊ।
ਹਲਤ ਪਲਤ ਮਹਿਂ ਨਹੀਂ ਸਹਾਈ।
ਜੋ ਆਇਸੁ ਕੋ ਦੇਹਿ ਮਿਟਾਈ' ॥੧੫॥
ਸੁਨਿ ਸੰਗਤਿ ਸਗਰੀ ਬਿਸਮਾਨੀ।
ਕਿਮਿਹੂੰ ਕਹੀ ਜਾਇ ਨਹਿਂ ਬਾਨੀ।
ਆਨ[3] ਗੁਰੂ ਕੀ ਉਲੰਘ ਨ ਸੱਕਈਂ।
ਖਰੇ ਪਰਸਪਰ ਮੁਖ ਕੋ ਤੱਕਈਂ ॥੧੬॥
-ਜਾਨੀ ਜਾਇ ਜੁਗਤਿ ਨਹਿਂ ਕੋਈ।
ਜਿਸ ਤੇ ਦਰਸ ਗੁਰੂ ਕਹੁ ਹੋਈ-।
ਚਿੰਤਮਾਨ ਹੈ ਕਰਿ ਤਬਿ ਸਾਰੇ।
ਸ਼ਰਨ ਬ੍ਰਿੱਧ ਕੀ ਬਾਕ ਉਚਾਰੇ ॥੧੭॥
'ਇਹ ਕੌਤਕ ਸਭਿ ਆਪ ਦਿਖਾਏ।
ਤੁਮ ਬਿਨ ਕਿਸ ਤੇ ਹ੍ਵੈ ਨ ਉਪਾਏ।
ਸਭਿ ਸੰਗਤਿ ਪਰ ਕਰੁਨਾ ਕਰੀਏ।
ਆਪ ਜਤਨ ਕਰਿ ਗੁਰੂ ਦਿਖਰੀਏ' ॥੧੮॥
ਸੁਨਿ ਬਿਚਾਰ ਬੁੱਢੇ ਤਬਿ ਕੀਨਸਿ।
ਸਿੱਖਜਨ ਪਰ ਕਰੁਨਾ ਰਸ ਭੀਨਸਿ।
ਚਿਤਵਜੋ -ਗੁਰੁ ਨੇ ਬਚਨ ਉਚਾਰਾ।
ਹੋਹਿ ਦੋਸ਼ ਜੇ ਖੋਲਹਿਂ ਦ੍ਵਾਰਾ ॥੧੯॥
ਅਪਰ ਥਾਨ ਕੋ ਪਾਰਨ ਕਰੌਂ[4]।
ਤਹਾਂ ਨਹੀਂ ਇਸ ਦੋਸ਼ ਨਿਹਰੌਂ।

---

[1]ਇਕ ਪਤਾ ਮਿਲ ਗਿਆ ਹੈ।
[2]ਖੋਲੇਗਾ।
[3]ਮਿਰਯਾਦਾ (ਅ) ਪ੍ਰਤਿੱਗਜਾ।
[4]ਪਾੜਨਾਂ ਕਰਾਂ।

ਦਰਸ਼ਨ ਕਰਿ ਕੈ ਬਿਨਤੀ ਠਾਨਹਿਂ।
ਸਭਿ ਅਪਰਾਧ ਛਿਮਹਿ, ਹਿਤ ਜਾਨਹਿਂ[1]- ॥੨੦॥
ਰਿਦੈ ਧਯਾਨ ਧਰਿ ਬੰਦਨ ਕੀਨਸਿ।
ਕੋਸ਼ਟ ਕੋ ਪਿਛਲੀ ਦਿਸ਼ ਚੀਨਸਿ।
ਤਹਾਂ ਜਾਇ ਕਰਿ ਈਂਟ ਉਖੇਰੀ।
ਤੀਛਨ ਲੋਹ ਸੰਗ ਤਿਸ ਬੇਰੀ ॥੨੧॥
ਗਰੀ ਕਰੀ[2] ਤਹਿਂ ਪ੍ਰਵਿਸ਼ਨਿ ਜੇਤੀ।
ਸੰਗਤਿ ਦੇਖਤਿ ਅਚਰਜ ਸੇਤੀ।
ਪਸ਼ਚਮ ਦਿਸ਼ ਮਹਿਂ ਕੋਸ਼ਠ ਦ੍ਵਾਰਾ।
ਪੂਰਬ ਦਿਸ਼ਾ ਪਾਰ ਕੋ ਪਾਰਾ[3] ॥੨੨॥
ਅੰਤਰ ਧੀਰਜ ਧਾਰਿ ਪ੍ਰਵੇਸ਼ਾ।
ਪਿਖੇ ਗੁਰੂ ਤਬਿ ਮਨਹੁ ਮਹੇਸ਼ਾ।
ਆਸਨ ਲਾਇ ਸਮਾਧਿ ਅਗਾਧਾ।
ਬ੍ਰਹਮ ਰੂਪ ਇਕ ਅਚਲ ਅਬਾਧਾ ॥੨੩॥
ਅੰਗ ਅਡੋਲ ਟਿਕੇ ਜਗ ਸ੍ਵਾਮੀ।
ਕੋਟਿ ਬਰਖ ਜਿਮਿ ਸ਼ਿਵ ਨਿਸ਼ਕਾਮੀ[4]।
ਪਦ ਅਰਬਿੰਦ ਬੰਦਨਾ ਧਾਰੀ।
ਕਰ ਸਪਰਸ਼ ਕਰਿ ਥਿਰਜੋ ਅਗਾਰੀ ॥੨੪॥
ਛੁਵਤਨ[*] ਹਾਥ ਸਮਾਧਿ ਵਿਰਾਮ[5]।
ਖੁਲੇ ਬਿਲੋਚਨ ਕ੍ਰਿਪਾ ਸੁ ਧਾਮ[6]।
ਦੇਖਿ ਬ੍ਰਿੱਧ ਕੋ ਬਾਕ ਉਚਾਰਾ।
'ਕਿਮਿ ਤੈਂ ਟਾਰਜੋ ਹੁਕਮ ਹਮਾਰਾ?' ॥੨੫॥
'ਸ੍ਰੀ ਗੁਰੁ ! ਹਮ ਨਹਿਂ ਆਇਸੁ ਟਾਰੀ।
ਤਜਿ ਦਰ, ਫੋਰਜੋ ਦ੍ਵਾਰ ਪਿਛਾਰੀ[7]।

---

[1]ਗੁਰੂ ਜੀ ਪ੍ਰੇਮ ਨੂੰ ਹੀ ਜਾਣਦੇ ਹਨ, ਭਾਵ ਓਹ ਗੁੱਸੇ ਕਦੇ ਨਹੀਂ ਹੁੰਦੇ (ਅ) ਮੇਰੇ ਪ੍ਰੇਮ ਨੂੰ ਜਾਣ ਲੈਣ (ਕਿ ਇਸ ਦੀ ਅਵਗਜ਼ਾ ਦਾ ਕਾਰਣ ਪ੍ਰੇਮ ਹੈ ਬੇਅਦਬੀ ਨਹੀਂ)।
[2]ਮੋਰੀ ਕੀਤੀ।
[3]ਪਾੜ ਪਾੜਿਆ।
[4]ਕਾਮਨਾ ਤੋਂ ਰਹਤ ਸ਼ਿਵ ਜੀ।
[*]ਪਾ:-ਛੂਵਤਿ।
[5]ਉਟਕ ਗਈ, [ਸੰਸ: ਵਿਰਾਮ = ਕਿਸੇ ਕ੍ਰਿਯਾ ਦਾ ਰੁਕ ਜਾਣਾ] ਸਮਾਧੀ ਦੇ ਪ੍ਰਵਾਹ ਦਾ ਰੁਕ ਜਾਣਾ ਸਮਾਧੀ ਦਾ ਖੁਲ੍ਹ ਜਾਣਾ ਹੈ।
[6]ਭਾਵ ਗੁਰੂ ਜੀ ਦੇ ਨੇਤ੍ਰ।
[7]ਪਿਛਲੇ ਪਾਸਿਓਂ ਰਸਤਾ ਪਾੜਿਆ ਹੈ।

ਸਭਿ ਸਿੱਖਜਨ ਮਨ ਬਜਾਕੁਲ ਹੇਰਾ।
ਦੂਰੇ ਆਪ ਕਰਿ ਜਗਤ ਅੰਧੇਰਾ ॥੨੬॥
ਇਹ ਬਿਧਿ ਕਜੋਂ ਕਰਿ ਬਨਹਿ ਗੁਸਾਈਂ।
ਛਪਹੁ ਆਪ ਸੰਗਤਿ ਦੁਖ ਪਾਈ।
ਸਰਬ ਸ਼ਕਤਿ ਜੁਤਿ ਸਮਰਥ ਪੂਰਨ।
ਚਹਹੁ ਜਿ ਚਿੱਤ ਮਹਿਂ ਕਰਿ ਹੋ ਤੂਰਨ ॥੨੭॥
ਤੀਨ ਲੋਕ ਪਰ ਹੁਕਮ ਤੁਮਾਰਾ।
ਬੈਠਹੁ ਤੁਮ, ਕਿਸ ਤੇ ਡਰ ਧਾਰਾ।
ਨਿਕਸਹੁ ਵਹਿਰ ਦਿਖਾਵਹੁ ਦਰਸ਼ਨ।
ਕਰਿਹੈ ਸੰਗਤਿ ਪਾਇਨ ਪਰਸਨ ॥੨੮॥
ਸ਼੍ਰੀ ਅੰਗਦ ਕੀ ਸਿਮਰਹੁ ਸਿੱਖਜਾ।
ਨਾਮ ਜਪਾਇ ਕਰਹੁ ਸਿਖ ਰੱਖਜਾ।'
ਸੁਨਤਿ ਭਏ ਸ਼੍ਰੀ ਅਮਰ ਪ੍ਰਸੰਨ।
ਕਹਜੋ ਬ੍ਰਿੱਧ ਕੋ 'ਤੁਮ ਬਹੁ ਧੰਨ ॥੨੯॥
ਪਰਉਪਕਾਰ ਹੇਤੁ ਸਭਿ ਕਰਜੋ।
ਸਿੱਖੀ ਕੋ ਸਥੰਭ[1] ਹ੍ਵੈ ਥਿਰਜੋ।
ਮਤਸਰ ਪਾਵਕ ਜ੍ਵਲਤ[2] ਮਹਾਨਾ।
ਈਂਧਨ ਧੀਰਜ ਗਜਾਨ ਰੁ ਧਜਾਨਾ[3] ॥੩੦॥
ਪਿਸ਼ਤਾਸ਼ਨੀ[4] ਆਸ ਦੁਖਦਾਈ।
ਪੁਰਹਿ ਨ ਰਾਜ ਤ੍ਰਿਲੋਕੀ ਪਾਈ[5]।
ਬ੍ਰਹਮਾਦਿਕ ਜਿਨ ਜੀਤੇ ਸਾਰੇ।
ਕਲਿਜੁਗ ਕੇ ਨਰ ਕੌਨ ਬਿਚਾਰੇ ॥੩੧॥
ਮੋਹ ਸੈਨ ਕੋ ਜੋਰ ਮਹਾਨਾ।
ਜਹਿਂ ਕਹਿਂ ਸਦਗੁਨ ਕੀ ਕਰਿਹਾਨਾ[6]।
ਬਹੁ ਕੁਚਾਲ ਕਲਿਕਾਲ ਬਿਥਾਰੀ।
ਪੰਡਿਤ ਮੂਢਨ ਸਭਿ ਉਰ ਧਾਰੀ ॥੩੨॥

---

[1]ਥੰਮ੍ਹ, ਆਸਰਾ।
[2](ਜਗਤ ਵਿਚ) ਈਰਖਾ ਰੂਪੀ ਅੱਗ ਬਲ ਰਹੀ ਹੈ।
[3]ਧੀਰਜ, ਗਜਾਨ ਧਜਾਨ ਉਸ ਵਿਚ ਬਾਲਣ ਬਲ ਰਹੇ ਹਨ।
[4]ਆਦਮਖੋਰ। [ਸੰਸ: ਪਿਸ਼ਤਾਸ਼ਨਿ = ਰਾਖਸ਼ੀ, ਆਦਮ ਖੋਰ, ਗੋਸ਼ਤ ਖੋਰ] ਆਸਾ ਨੂੰ ਆਦਮੀਆਂ ਦਾ ਮਾਸ ਖਾਣ ਵਾਲੀ ਦੱਸਦੇ ਹਨ।
[5]ਪੂਰਨ ਨਹੀਂ ਹੁੰਦੀ ਤ੍ਰਿਲੋਕੀ ਦਾ ਰਾਜ ਪਾਇਆਂ ਭੀ।
[6]ਸ੍ਰੇਸ਼ਟ ਗੁਣਾਂ ਦੀ ਨਾਸ਼ ਕਰਤਾ ਹੈ।

ਤਿਸ ਕੋ ਤ੍ਰਾਸ ਬਿਲੋਕਿ ਬਿਸਾਲਾ।
ਆਨਿ ਛਪੇ ਕੋਸ਼ਠ ਇਸ ਕਾਲਾ*।'
ਸੁਨਿ ਬ੍ਰਿਧ ਨੇ ਪੁਨ ਬਾਕ ਬਖਾਨੇ।
'ਸਭਿ ਕੌਤਕ ਤੁਮ ਨੈ ਇਹ ਠਾਨੇ ॥੩੩॥
ਅਪਨੀ ਲੀਲ੍ਹਾ ਆਪ ਨਿਹਾਰਹੁ।
ਕਿਸੇ ਉਪਾਵਹੁ ਕਿਸੇ ਸੰਘਾਰਹੁ।
ਸਭਿ ਜੀਵਨ ਕੇ ਜੀਵ ਬਿਸਾਲਾ।
ਦੇਹੁ ਜੀਵਕਾ ਤੁਮ ਸਭਿ ਕਾਲਾ ॥੩੪॥
ਸੰਗਤਿ ਬਜਾਕੁਲ ਅਪਨੀ ਜਾਨੋ।
ਦਰਸ਼ਨ ਦੇਹੁ ਕਸ਼ਟ ਕੋ ਹਾਨੋ।
ਧਰਹਿਂ ਕਾਮਨਾ ਪੂਰਨ ਕਰੀਐ।
ਬਿਰਦ ਕ੍ਰਿਪਾਲ ਸਦੀਵ ਬਿਚਰੀਐ' ॥੩੫॥
ਬਿਨਤੀ ਸੁਨਿ ਕੈ ਬਾਕ ਉਚਾਰਾ।
'ਉਠਹੁ ਆਪ ਅਬਿ ਖੋਲਹੁ ਦ੍ਵਾਰਾ।
ਸੰਗਤਿ ਕੋ ਦਰਸਾਉ[1] ਭਲੇਰੇ।
ਇਹ ਉਪਕਾਰ ਹੁਏ ਸਭਿ ਤੇਰੇ' ॥੩੬॥
ਸੁਨਿ ਕੈ ਬ੍ਰਿੱਧ ਬਿਲੰਦ ਅਨੰਦਜੋ[2]।
ਤੂਰਨ ਉਠਜੋ ਗੁਰੂ ਪਦ ਬੰਦਜੋ।
ਢਾਹਿ ਈਂਟਕਾ ਖੋਲਜੋ ਦ੍ਵਾਰਾ।
ਸਭਿ ਸੰਗਤਿ ਕੋ ਤਬਹਿ ਹਕਾਰਾ ॥੩੭॥
ਦਿਖਤਿ ਹੁਤੀ[3], ਸੁਨਿ ਬ੍ਰਿਧ ਕੀ ਆਗਜਾ।
ਹਰਖਤਿ ਭਈ ਪ੍ਰੇਮ ਰਸ ਪਾਗਜਾ।
ਹੁਮ ਹੁਮਾਇ ਸੰਗਤਿ ਸਭਿ ਆਈ।
ਭਈ ਭੀਰ ਤਹਿਂ ਥਾਉਂ ਨ ਪਾਈ ॥੩੮॥
ਪਦ ਪੰਕਜ ਪਰਸਹਿਂ, ਕਰ ਬੰਦਹਿਂ।

---

*ਦਾਸੂ ਨੇ ਕਿਹਾ ਸੀ (ਦੇਖੋ ਅੰਸੂ ੩੪ ਅੰਕ ੪੩) ਕਿ ਇਥੋਂ ਟੁਰ ਜਾਓ। ਸੋ ਗੁਰੂ ਪੁੱਤ੍ਰ ਜਾਣਕੇ ਤੇ ਕਿਸੇ ਨਾਲ ਈਰਖਾ ਦਾ ਮੁਕਾਬਲਾ ਕਰਨਾ ਜੋਗ ਨਾ ਸਮਝਕੇ ਗੁਰੂ ਜੀ, ਸਭ ਸਮਾਜ ਛੋੜਕੇ ਟੁਰ ਆਏ ਸਨ। ਸੰਗਤ ਦਾ ਆਖਾ ਮੰਨਣਾ ਬੀ ਇਕ ਗੁਰੂ ਬਿਰਦ' ਹੈ ਸੀ। ਇਸ ਕਰਕੇ ਫੇਰ ਮੁੜ ਆਏ,
ਯਥਾ:-ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ। ਗਾਦੀ ਪਰ ਬੈਠੇ ਤਜਿ ਗਿਨਤੀ।
[ਅੰਸੂ ੩੬ ਅੰਕ ੪੯]

[1]ਦਰਸ਼ਨ ਦਿਓ।
[2]ਖੁਸ਼ ਹੋਯਾ।
[3](ਸੰਗਤ) ਤੱਕ ਰਹੀ ਸੀ, ਭਾਵ ਉਡੀਕ ਵਿਚ ਸੀ।

ਦਰਸਹਿਂ ਸਤਿਗੁਰ ਰਿਦੈ ਅਨੰਦਹਿਂ।
ਧਰਹਿਂ ਉਪਾਇਨ ਪ੍ਰੇਮ ਬਧਾਵਹਿਂ।
ਜੈ ਜੈ ਕਾਰ ਉਚਾਰਿ ਸੁਨਾਵਹਿਂ ॥੩੯॥
ਸਭਿ ਸੰਗਤਿ ਬੈਠੀ ਹਰਖਾਏ।
ਭੇਟਨਿ ਕੇ ਅੰਬਾਰ ਲਗਾਏ।
ਸਭਿਨਿ ਸੁਨਾਇ ਗੁਰੂ ਤਬ ਕਹਯੋ।
'ਇਹੁ ਉਪਕਾਰ ਸੁ ਬੁੱਢੇ ਲਹਯੋ ॥੪੦॥
ਖੇਦ ਬਡੋ ਨਿਜ ਤਨ ਪਰ ਲੀਨਾ।
ਨੀਕੋ ਹਿਤ ਸੰਗਤਿ ਕੋ ਕੀਨਾ।
ਇਸ ਕੋ ਪਾਰ ਦਯੋ ਦਰਸਾਵੈ[1]।
ਸੋ ਨਰ ਜਮ ਕੋ ਪਿਖਨ ਨ ਪਾਵੈ ॥੪੧॥
ਇਹੁ ਸੰਗਤਿ ਕੋ ਬੋਹਿਥ ਭਾਰਾ।
ਭਉਜਲ ਤੇ ਕਰਿਹੈ ਨਿਸਤਾਰਾ।
ਸਿੱਖੀ ਅਵਧਿ, ਨ ਇਸ ਤੇ ਪਰੈ[2]।
ਨਾਮ ਲਿਏ ਗਨ ਬਿਘਨ ਸੁ ਹਰੈ' ॥੪੨॥
ਬ੍ਰਿਧ ਨੇ ਕਹਯੋ 'ਤੁਰੰਗਨਿ ਖਰੀ।
ਜਿਸ ਨੇ ਰਾਵਰਿ ਕੀ ਸੁਧਿ ਕਰੀ।
ਉਠਹੁ, ਅਰੂਢਹੁ, ਚਲਹੁ ਕ੍ਰਿਪਾਲਾ!
ਸਦਨ ਆਪਨੇ ਗੋਇੰਦਵਾਲਾ' ॥੪੩॥
ਤਬਿ ਸ੍ਰੀ ਗੁਰੁ ਨਿਕਸੇ ਤਿਸ[3] ਬਾਹਰ।
ਖਰੇ ਭਏ ਦਿਯ ਦਰਸ਼ਨ ਜ਼ਾਹਰ।
ਆਇ ਤੁਰੰਗਨਿ ਸੀਸ ਨਿਵਾਵਾ।
ਫੁਰਕਾਵਿਤ[4] ਹਿਰਦਾ ਹਰਖਾਵਾ ॥੪੪॥
ਤਬਿ ਸ੍ਰੀ ਅਮਰ ਫੇਰ ਕਰਿ ਹਾਥ।
ਚਢੇ ਸਿਮਰ ਸ੍ਰੀ ਨਾਨਕ ਨਾਥ।
ਸੁੰਦਰ ਗਤਿ[5] ਬੜਵਾ ਤਬਿ ਚਲੈ।
ਸੰਗਤਿ ਚਲਤਿ ਸੰਗ ਸਭਿ ਮਿਲੈ ॥੪੫॥
ਭਾਈ ਬ੍ਰਿੱਧ ਰਕਾਬ ਤਬਿ ਗਹੀ।

---

[1]ਇਸਦੇ ਦਿੱਤੇ ਪਾੜ ਨੂੰ (ਜੋ ਕੋਈ) ਦੇਖੇਗਾ।
[2]ਸਿੱਖੀ ਦੀ ਬਾਬਾ ਬੁੱਢਾ ਹਦ ਹੈ ਇਸਤੋਂ ਪਰੇ ਹੋਰ ਸਿੱਖੀ ਨਹੀਂ।
[3]ਓਸ (ਕੋਠੇ) ਤੋਂ।
[4](ਨਾਸਾਂ) ਫੁਰਕਾਉਂਦੀ ਹੈ।
[5]ਚਾਲ।

ਸਭਿਹਿਨਿ ਅਸ ਸ਼ੋਭਾ ਤਬਿ ਲਹੀ।
ਅਨੰਦ ਉਦਧਿ ਕੀ ਉਠਹਿਂ ਤਰੰਗੈਂ।
ਇਮਿ ਸਭਿ ਜਾਤਿ ਚਲੇ ਗੁਰ ਸੰਗੈ ॥੪੬॥
ਚਲਿ ਆਏ ਇਮਿ ਗੋਇੰਦਵਾਲ।
ਸਭਿ ਨੇ ਉਤਸਵ ਕੀਨਿ ਬਿਸਾਲ।
ਦੀਪਮਾਲ ਸਗਰੇ ਪੁਰਿ ਹੋਈ।
ਦਰਸ਼ਨ ਕਹੁ ਆਏ ਸਭਿ ਕੋਈ ॥੪੭॥
ਮਧੁਰ ਪ੍ਰਸਾਦਿ ਭਯੋ ਸਮੁਦਾਈ।
ਬਰਤਤਿ ਸੰਗਤਿ ਸਗਲ ਅਘਾਈ।
ਫੂਲਨ ਮਾਲਾ ਆਨਤਿ ਕੇਈ।
ਦਰਸੈਂ ਕਿਤਿਕ ਆਨਿ ਫਲ ਤੇਈ[1] ॥੪੮॥
ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ।
ਗਾਦੀ ਪਰ ਬੈਠੇ ਤਜਿ ਗਿਨਤੀ।
ਦੇਨਿ ਲਗੇ ਦਰਸ਼ਨ ਪੁਨ ਤੈਸੇ।
ਸਿੱਖ ਸਰਬ ਪਰਵਾਰਤਿ ਬੈਸੇ ॥੪੯॥
ਜੇਤਿਕ ਸੰਗਤਿ ਹੁਤੀ ਬਿਦੇਸ਼ੁ।
ਦਰਸ਼ਨ ਕਰਿ ਵਰ ਪਾਇ ਵਿਸ਼ੇਸ਼ੁ।
ਰਹਿ ਕੇਤਿਕ ਦਿਨ ਗਈ ਅਵਾਸੂ[2]।
ਦਸ ਦਿਸ਼ ਕੀਰਤਿ ਕਰਤਿ ਪ੍ਰਕਾਸ਼ੂ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅਮਰਦਾਸ ਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

---

[1]ਉਹ (ਸਿਖ) ਫਲ ਲਿਆਕੇ (ਭੇਟ ਧਰਕੇ) ਦਰਸ਼ਨ ਕਰਦੇ ਹਨ।
[2](ਆਪਣੇ) ਘਰੀਂ।

੩੭. [ਪਾਰੋ ਜੁਲਕਾ। ਲਾਲੂ ਨੂੰ ਬਖਸ਼ੀਸ਼ਾਂ]

੩੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੮

ਦੋਹਰਾ: ਇਸ ਪ੍ਰਕਾਰ ਸ੍ਰੀ ਸਤਿਗੁਰੂ, ਪੁਰੀ ਬਿਰਾਜੇ ਆਇ।
ਭਾਈ ਬ੍ਰਿੱਧ ਕੇਤਿਕ ਦਿਵਸ, ਰਹਜੋ ਨਿਕਟ ਸੁਖ ਪਾਇ ॥੧॥

ਚੌਪਈ: ਦਾਤੂ ਲਾਤ ਬਿਖੈ ਦੁਖ* ਭਯੋ।
ਅਸਥਿ[1] ਬੀਚ ਤੇ ਪੀਰਤਿ ਥਿਯੋ[2]।
ਗੁਰੂ ਅਵੱਗਜਾ ਤੇ ਦੁਖ ਪਾਵੈ।
ਆਇ ਸਮੀਪ ਨਹੀਂ ਬਖਸ਼ਾਵੈ ॥੨॥
-ਲੱਜਾ ਜੁਤ ਕਜਾ ਮੁਖ ਲੈ ਜੈਹੌਂ।
ਬੈਠਿ ਸਭਾ ਸ਼ੋਭਾ ਕਿਮਿ ਲੈ ਹੌਂ-।
ਸਦਨ ਬਿਖੈ ਬੈਠਜੋ ਨਿਤ ਰਹੈ।
ਕਸ਼ਟ ਲਾਤ ਕੋ ਦੀਰਘ ਸਹੈ ॥੩॥
ਹਰਖ ਨ, ਸ਼ੋਕ ਨ, ਰਹੈਂ ਸਮਾਨ[3]।
ਸ੍ਰੀ ਸਤਿਗੁਰ ਉਰ ਛਿਮਾ ਨਿਧਾਨ।
ਭਲਾ ਬੁਰਾ ਕਿਸਹੂੰ ਨ ਬਖਾਨਹਿਂ।
ਸਭਿ ਪਰ ਦਯਾ ਦ੍ਰਿਸ਼ਟਿ ਕੋ ਠਾਨਹਿਂ ॥੪॥
ਤਬਿ ਭਾਈ ਬੁੱਢੇ ਕਰ ਜੋਰੇ।
ਬਿਦਾ ਹੋਇ ਗਮਨਜੋ ਗ੍ਰਿਹ ਓਰੇ।
ਗਜਾਨਵਾਨ ਗੁਰ ਧਜਾਨ ਸਦੀਵਾ।
ਸਭਿ ਤੇ ਊਚ ਅਧਿਕ ਮਨ ਨੀਵਾ ॥੫॥
ਪਾਰੋ ਜੁਲਕਾ ਡੱਲੇ ਮਾਂਹਿ[4]।
ਪਰਮੇਸ਼ੁਰ ਸੋਂ ਪ੍ਰੇਮ ਉਮਾਹਿ।
ਸਤਿਗੁਰ ਕੀ ਮਹਿਮਾ ਕੋ ਜਾਨਹਿ।
ਗੁਰਬਾਨੀ ਸੁ ਬਿਚਰਨ ਠਾਨਹਿ ॥੬॥
ਦਰਸ਼ਨ ਕੀ ਮਨ ਪਜਾਸੁ ਘਨੇਰੀ।
ਸਤਿਗੁਰ ਪਹਿ ਆਯਹੁ ਇਕ ਬੇਰੀ।
ਨਮਸਕਾਰ ਕਰਿ ਬੈਠਜੋ ਪਾਸ।
ਮਨ ਮਹਿਂ ਦੀਰਘ ਪ੍ਰੇਮ ਪ੍ਰਕਾਸ਼ ॥੭॥

---

*ਪਾ:-ਰੁਜ।
[1]ਹੱਡੀ।
[2](ਦਾਤੂ) ਹੱਡੀ ਵਿਚ (ਪੀੜ ਤੋਂ) ਪੀੜਤ ਹੋਇਆ।
[3](ਗੁਰੂ ਜੀ ਨੂੰ) ਨਾ ਹਰਖ ਹੈ ਨਾ ਸ਼ੋਕ ਹੈ, ਇਕੋ ਜਿਹੇ ਰਹਿੰਦੇ ਹਨ।
[4]ਡੱਲੇ (ਪਿੰਡ) ਵਿਚ।

ਅੰਤਰਯਾਮੀ ਗੁਰ ਨੇ ਜਾਨਾ।
'ਪਰਮ ਹੰਸ' ਤਿਸ ਨਾਮ ਬਖਾਨਾ।
ਪੂਰਨ ਗਯਾਨ ਰਿਦੇ ਹੁਇ ਆਵਾ।
ਏਕ ਰੂਪ ਸਭਿ ਜਗ ਦ੍ਰਿਸ਼ਟਾਵਾ ॥੮॥
ਪਰਮਹੰਸ ਸਤਿਗੁਰ ਕੇ ਕਹੇ।
ਬ੍ਰਹਮ ਸਰੂਪ ਅਪਨ ਸੁਖ ਲਹੇ।
ਜੋਗ, ਵਿਰਾਗ, ਭਗਤਿ ਬਿੱਗਯਾਨ[1]।
ਪੂਰਨ ਹੋਏ ਜਿਸ ਕੇ ਆਨਿ ॥੯॥
ਨਿੱਧਿ ਸਿੱਧਿ ਰਿਧਿ ਗੁਰ ਤੇ ਪਾਈ।
ਆਵਤਿ ਹੀ ਸਤਿਗੁਰ ਸ਼ਰਨਾਈ।
ਕੁਲ ਆਚਾਰ ਕਰਤਿ ਬਿਵਹਾਰ।
ਉਰ ਮਹਿਂ ਗੁਰ ਚਰਨਨ ਕੋ ਧਾਰਿ[+] ॥੧੦॥
ਜੋਗ ਭੋਗ ਦੋਨਹੁਂ ਕੋ ਪਾਇ।
ਰਹੈ ਅਲੇਪ ਕਮਲ ਜਲ ਭਾਇ[2]।
ਦੁਇ ਦਿਨ ਘਰ, ਪੁਨ ਸਤਿਗੁਰ ਪਾਸ।
ਆਵਹਿ, ਰਹੈ, ਦਰਸ ਕੀ ਪਯਾਸ ॥੧੧॥
ਇਕ ਦਿਨ ਚਢਯੋ ਤੁਰੰਗਨਿ ਆਵੈ।
ਨਹਿਂ ਅਵਨੀ ਪਰ ਪਾਇਂ ਟਿਕਾਵੈ।
ਗਤਿ ਬਿਹੰਗ[3] ਕੀ ਬੜਵਾ ਚਾਲਹਿ[4]।
ਕਰਾਮਾਤ ਕੇ ਸਹਤਿ ਬਿਸਾਲਹਿ ॥੧੨॥
ਦਿੱਲੀ ਤੇ ਨਬਾਬ ਮਗ ਜਾਇ[5]।
ਗਜ ਪਰ ਹੁਤੋ ਚਮੂੰ ਸਮੁਦਾਇ।
ਅਵਲੋਕਯੋ ਤਿਨ ਭਾਈ ਪਾਰੋ।
ਮਹਾਂ ਅਚਰਜ ਰਿਦੈ ਮਹਿਂ ਧਾਰੋ ॥੧੩॥
ਸ਼ੀਘ੍ਰ ਜਾਇ ਭਾ ਖਰੋ ਅਗਾਊ।
ਦਰਸ਼ਨ ਕੋ ਧਰਿ ਕੈ ਚਿਤ ਚਾਊ।
ਤਜਿ ਗਜ ਕੋ ਪਾਇਨ ਪਰ ਪਰਯੋ।

---

[1]ਅਨੁਭਵ ਜੰਨਯ ਪੂਰਨ ਗਿਆਨ।
[+]ਪਾ:-ਉਰ ਮਹਿ ਗੁਰੂ ਚਰਨ ਕੋ ਧਾਰਿ।
[2]ਵਾਂਙੂ।
[3]ਪੰਛੀ ।
[4]ਘੋੜੀ ਚੱਲਦੀ ਹੈ।
[5]ਰਾਹ (ਵਿਚ) ਜਾਂਦਾ ਸੀ।

ਪਾਰੋ ਕਿਰਪਾ ਦ੍ਰਿਸ਼ਟਿ ਨਿਹਰਜੋ ॥੧੪॥
ਅਧਿਕ ਰਿਦੈ ਤਿਹ ਪ੍ਰੇਮ ਪ੍ਰਕਾਸ਼ਾ।
ਮਨ ਤੇ ਭਯੋ ਬਿਕਾਰ ਬਿਨਾਸ਼ਾ।
ਹਾਥ ਜੋੜਿ ਕੈ ਤਾਂਹਿ ਉਚਾਰਾ।
'ਅਹੋ ਵਲੀ! ਕਜਾ ਨਾਮ ਤੁਮਾਰਾ? ॥੧੫॥
ਕਿਤਿ ਕੋ ਜਾਤਿ ਕਹਾਂ ਤੇ ਆਏ?
ਖਾਦਮ ਕੀਜਹਿ ਬਰਾ ਖੁਦਾਏ[1]।'
'ਪਾਰੋ ਨਾਮ ਹਮਾਰੋ ਅਹੈ।
ਗੁਰ ਦਰਸ਼ਨ ਜਾਵਤਿ ਚਿਤ ਚਹੈ' ॥੧੬॥
ਸੁਨਿ ਨਵਾਬ ਮਨ ਸਿਦਕ ਉਦਾਰਾ[2]।
ਬੂਝਜੋ[3] 'ਕਿਹ ਠਾਂ ਪੀਰ ਤੁਮਾਰਾ?
ਹਮ ਕੋ ਸੰਗ ਲੇਹੁ ਦਰਸਾਵਹੁ।
ਧੰਨ ਗੁਰੂ ਜਿਸਪਹਿ ਤੁਮ ਜਾਵਹੁ' ॥੧੭॥
ਪਾਰੋ ਕਹਜੋ 'ਸੰਗ ਜੋ ਲਸ਼ਕਰ।
ਅਪਰ ਬਿਭੂਤਿ ਸਰਬ ਕੋ ਪਰਹਰਿ।
ਤਬਿ ਤੁਮ ਗਮਨਹੁ ਦਰਸ਼ਨ ਕਰੀਅਹਿ।
ਸਤਿਗੁਰ ਪਰਸਨ ਕੋ ਫਲ ਧਰੀਅਹਿ' ॥੧੮॥
ਪ੍ਰੇਮ ਨਬਾਬ ਕੀਨਿ ਤਿਸ ਕਾਲਾ।
ਸੁਤ ਕੋ ਸੌਂਪਿ ਸਮਾਜ ਬਿਸਾਲਾ।
'ਖਿਜਮਤ ਪਾਤਿਸ਼ਾਹ ਕੀ ਕਰੋ।
ਹਮਰੋ ਖਜਾਲ ਨਹੀਂ ਉਰ ਧਰੋ' ॥੧੯॥
ਸੁਤ ਕੋ ਸਭਿ ਬਿਧਿ ਤਿਨ ਸਮਝਾਯੋ।
ਪਾਰੋ ਸੰਗ ਆਪ ਚਲਿ ਆਯੋ।
ਸਤਿਗੁਰ ਕੋ ਬੰਦਨ ਕਰਿ ਬੈਸੇ।
ਭਏ ਪ੍ਰਸੰਨ ਦੇਖਿ ਕਰਿ ਤੈਸੇ ॥੨੦॥
'ਪਾਰੋ! ਧੰਨ ਧੰਨ* ਉਪਕਾਰੀ।
ਤਰਹੁ ਆਪ ਅਪਰਨ ਦੇ ਤਾਰੀ[4]।
ਬੋਲਨ ਮਿਲਨ ਸੰਤ ਸੋਂ ਨੀਕਾ।

---

[1]ਖੁਦਾਇ ਦੇ ਵਾਸਤੇ (ਮੈਨੂੰ) ਦਾਸ ਬਣਾ ਲਓ, [ਫਾ: ਬਰਾਏ ਖ਼ੁਦਾ]।
[2]ਬਹੁਤ ਹੋਯਾ।
[3]ਪੁਛਿਆ।
*ਪਾ:-ਜੀਅਨ।
[4]ਹੋਰਨਾਂ ਨੂੰ ਤਾਰ ਦੇਂਦਾ ਹੈਂ।

ਤਾਤਕਾਲ ਕਟਿ ਸੰਕਟ ਜੀ ਕਾ' ॥੨੧॥
ਪਾਰੋ ਨੇ ਸਭਿ ਕਹਯੋ ਪ੍ਰਸੰਗ।
ਜਿਸ ਪ੍ਰਕਾਰ ਆਨਯੋ ਸੋ ਸੰਗ।
ਸੁਨਿ ਸ਼੍ਰੀ ਅਮਰ ਕਰੀ ਤਬਿ ਕਰੁਨਾ।
ਹਰਯੋ ਤਿਸੀ ਕੋ ਜਨਮ ਰੁ ਮਰਨਾ ॥੨੨॥
ਸਤਿਗੁਰ ਕੀ ਉਰ ਪ੍ਰੀਤਿ ਪਰੀ ਹੈ।
ਮਨ ਬਿਕਾਰ ਕੀ ਪੀਰ ਹਰੀ ਹੈ।
ਭਯੋ ਨਿਹਾਲ ਨਿਬਾਬ ਘਨੇਰਾ।
ਕੇਤਿਕ ਦਿਨ ਗੁਰ ਨਿਕਟ ਬਸੇਰਾ ॥੨੩॥
ਸੰਤ ਸੰਗ ਸਮ ਪਾਰਸ ਛੁਹਯੋ।
ਹੁਤੋ ਮਨੂਰ ਸੁ ਕੰਚਨ ਭਯੋ।
ਪਰਮਾਨੰਦ ਪਾਇ ਕਰਿ ਭਲੋ।
ਬਿਦਾ ਹੋਇ ਪਾਰੋ ਸੰਗ ਚਲੋ ॥੨੪॥
ਡੱਲੇ ਗ੍ਰਾਮ ਨਾਮ ਇਕ ਲਾਲੂ।
ਪ੍ਰੇਮੀ ਪਾਰੋ ਸੰਗ ਬਿਸਾਲੂ।
ਸਤਿਗੁਰ ਜਾਪ ਜਪੇ ਦਿਨ ਰੈਨ।
ਹਰੇ ਬਿਕਾਰਨ ਤੇ ਮਨ ਚੈਨਿ ॥੨੫॥
ਪਾਰੋ ਇਕ ਦਿਨ ਆਵਨਿ ਲਾਗਾ।
ਗੁਰ ਦਰਸ਼ਨ ਕੋ ਮਨ ਅਨੁਰਾਗਾ।
ਕਹਿ ਲਾਲੋ 'ਗੁਰ ਕੇ ਢਿਗ ਜਾਵਹੁ।
ਮੋ ਕੋ ਭੀ ਦਰਸ਼ਨ ਕਰਿਵਾਵਹੁ ॥੨੬॥
ਤੁਵ ਕਰੁਨਾ ਤੇ ਭਵ[1] ਕੌ ਤਰੌਂ।
ਜਨਮ ਮਰਨ ਤੇ ਮਨ ਮਹਿਂ ਡਰੌਂ।
ਸ਼ਰਨ ਪਰਯੋ ਗੁਰ ਕੀ ਅਬ ਚਾਹੌਂ।
ਰਿਦੇ ਸੰਦੇਹਿਨ ਸਭਿ ਕੋ ਦਾਹੌਂ ॥੨੭॥
ਸਿਖ ਗੁਰਮੁਖ ਹੋਵਤਿ ਉਪਕਾਰੀ।
ਤੁਵ ਪਰਿ ਸਤਿਗੁਰ ਕਰੁਨਾ ਧਾਰੀ।'
ਬਧਯੋ ਪ੍ਰੇਮ ਲਾਲੂ ਕਹੁ ਪਲ ਮੈਂ।
ਪੁਲਕਯੋ ਤਨ, ਲੋਚਨ ਜਲ ਗਲ ਮੈਂ ॥੨੮॥
ਚਰਨ ਬੰਦਨਾ ਕਰਹਿ ਅਗਾਰੀ।
ਭਯੋ ਅਧੀਰ ਦਰਸ ਕੋ ਭਾਰੀ।

[1]ਸੰਸਾਰ।

ਪਾਰੋ ਨੇ ਲਾਲੂ ਸੰਗ ਲੀਨੋ।
ਗੋਇੰਦਵਾਲ ਚਲਨਿ ਕੋ ਕੀਨੋ ॥੨੯॥
ਗੁਰ ਦਰਬਾਰ ਜਾਇ ਰਜ ਲਾਈ।
ਮਸਤਕ ਮੁਖ ਸਗਰੇ ਤਨ ਮਾਂਹੀ।
ਪੁਨ ਲੰਗਰ ਮਹਿਂ ਕਰਜੋ ਅਹਾਰਾ।
ਭਯੋ ਪੁਨੀਤ ਪਰਮ ਸੁਖ ਧਾਰਾ ॥੩੦॥
ਅੰਤਰ ਜਾਇ ਗੁਰੂ ਕੋ ਹੇਰਾ।
ਪਦ ਅਰਬਿੰਦ ਬੰਦਿ ਤਿਸੁ ਬੇਰਾ।
ਪੁਟ[1] ਲੋਚਨ ਤੇ ਅੰਮ੍ਰਿਤ ਰੂਪ।
ਪਾਨ ਕਰਤਿ, ਤ੍ਰਿਪਤੈ ਨ ਅਨੂਪ ॥੩੧॥
ਬੋਲੇ ਸਹਿਜ ਸੁਭਾਇ ਕ੍ਰਿਪਾਲੂ।
'ਅਤਿ ਹਰਿ ਰੰਗ ਚਲੂਲਜੋ[2] ਲਾਲੂ।'
ਸੁਨਿ ਕਰਿ ਪਰਮਾਨੰਦ ਕਹੁ ਪਾਯੋ।
ਨਿਸਿ ਦਿਨ ਧਜਾਨ ਗੁਰੂ ਕੋ ਲਾਯੋ ॥੩੨॥
ਕਰੁਨਾ ਕਰਿ ਲਾਲੂ ਕੇ ਭਾਲੂ।
ਨਿਜ ਕਰ ਧਰਜੋ, ਨਿਹਾਲ ਬਿਸਾਲੂ।
ਦਿਨ ਪ੍ਰਤਿ ਸਤਿਗੁਰ ਕੀਨਿ ਬਡੇਰਾ।
ਜਜੋਂ ਜਜੋਂ ਹੇਰਹਿ ਪ੍ਰੇਮ ਘਨੇਰਾ ॥੩੩॥
ਏਕ ਦਿਵਸ ਗੁਰੁ ਹੋਇ ਕ੍ਰਿਪਾਲੂ।
ਲਾਲੂ ਕੋ ਬਖਸ਼ੀਸ਼ ਬਿਸਾਲੂ।
ਜੇਤਿਕ ਗੁਪਤ ਲੋਕ ਜਗ ਮਾਂਹੀ।
ਦ੍ਰਿਸ਼ਟਿ ਨ ਪਰੈਂ ਫਿਰਹਿਂ ਸਭਿ ਜਾਹੀ[3] ॥੩੪॥
ਤਿਨ ਸਭਿ ਕੋ ਗੁਰ ਤਿਸੇ ਬਨਾਯੋ।
ਅਪਰ ਹੁਕਮ ਤੇ ਤਾਂਹਿ ਪੁਜਾਯੋ।
ਸੰਗਤਿ ਗੁਪਤਨਿ ਕੀ ਹੁਇ ਜੇਤੀ।
ਲਾਲੋ* ਕੇ ਪਗ ਪੂਜਹਿ ਤੇਤੀ ॥੩੫॥
ਦੂਰ ਦੂਰ ਤੇ ਆਵਹਿਂ ਸੇਈ।
ਮਾਨਹਿਂ ਹੁਕਮ ਦਰਸ ਕਰਿ ਤੇਈ।

---

[1]ਭੂਨੇ।
[2]ਰੰਗਿਆ ਗਿਆ।
[3]ਸਭ ਥਾਈਂ।
*ਇਹ ਪਦ ਇਸ ਪ੍ਰਸੰਗ ਵਿਚ ਸਾਰੇ ਨੁਸਖਿਆਂ ਵਿਚ ਕਿਤੇ ਲਾਲੋ ਹੈ ਕਿਤੇ ਲਾਲੂ, ਮੁਰਾਦ ਇਕੋ ਪੁਰਖ ਤੋਂ ਹੈ, ਭਾਈ ਗੁਰਦਾਸ ਜੀ ਨੇ ਨਾਮ ਲਾਲੂ ਦਿੱਤਾ ਹੈ।

ਖਰੇ ਅਗਾਰੀ ਰਹਹਿਂ ਹਮੇਸ਼।
ਕਹਿਹਿ ਸੁ ਕਰਹਿਂ ਜਿ ਕਾਜ ਵਿਸ਼ੇਸ਼ ॥੩੬॥
ਕੋਸ ਹਜਾਰਨ ਕੋ ਚਲਿ ਆਵਹਿ।
ਤੂਰਨ ਸੋ ਲਾਲੋ ਦਰਸਾਵਹਿ।
ਜਿਮ ਆਇਸੁ ਦੇ ਮਾਨਹਿਂ ਸੋਈ।
ਆਨ ਉਪਾਇਨ ਅਰਪਤਿ ਜੋਈ ॥੩੭॥
ਇਕ ਪਠਾਨ ਸੌਦਾਗਰ ਭਾਰੋ।
ਭਰਿ ਜਹਾਜ ਬਾਰਧ[1] ਮਹਿਂ ਡਾਰੋ[2]।
ਤਾਂਕੋ ਮੇਲ ਸੁ ਲਾਲੂ ਸਾਥ।
ਮਿਲਤਿ ਜਬਹਿ ਬੰਦਹਿ ਜਗ ਹਾਥ ॥੩੮॥
ਸੋ ਸਮੁੰਦ੍ਰ ਮਹਿਂ ਬਨਜ ਕਰੰਤਾ।
ਟਾਪੂ ਬਿਖੈ ਲਾਭ ਲਭਜੰਤਾ।
ਇਕ ਬਿਰ[3] ਤਿਹ ਜਹਾਜ ਫਟਿ ਗਯੋ।
ਸਕਲ ਸਮਾਜ ਬੂਡਤੋ ਭਯੋ ॥੩੯॥
ਮਹਾਂ ਅੰਧੇਰੀ ਤੇ ਬਡ ਫੂਟਾ।
ਤਖਤਾ ਏਕ ਸੰਗ ਤੇ ਟੂਟਾ।
ਤਿਸ ਪਰ ਚਢਜੋ ਪਠਾਨ ਬਚਜੋ ਤਬਿ।
ਬਾਯੁ ਬੇਗ ਤੇ ਬਹਜੋ ਗਜੋ[4] ਜਬ ॥੪੦॥
ਇਕ ਟਾਪੂ ਮਹਿਂ ਲਗਜੋ ਸੁ ਜਾਇ।
ਦੇਖਜੋ ਤਿਹ ਠਾਂ ਨਗਰ ਬਸਾਇ[5]।
ਤਖਤੇ ਪਰ ਤੇ ਉਤਰ ਸੁ ਗਯੋ।
ਕਿਹ ਕੋ ਮਿਲਿ ਤਹਿਂ ਬੂਝਤਿ ਭਯੋ ॥੪੧॥
'ਕੌਨ ਦੇਸ਼, ਕੋ ਪੁਰਿ ਕੋ ਨਾਮ?
ਬਸਹਿ ਕੌਨ ਇਹ ਥਲ ਕਰਿ ਧਾਮ।'
ਗੁਪਤ ਸਕਲ ਟਾਪੂ ਤਿਸ ਬਸਹਿਂ।
ਦੇਖਿ ਮਨੁਖ ਕੋ, ਸੋ ਤਬਿ ਹਸਹਿਂ ॥੪੨॥
ਕਹਜੋ ਤਿਨਹੁਂ 'ਗੁਪਤਨਿ ਕੋ ਥਾਂਯੋ।
ਤੂੰ ਮਾਨੁਖ ਕਹੁ ਕਿਤ ਤੇ ਆਯੋ?'

---

[1]ਸਮੁੰਦਰ।
[2]ਪਾਯਾ।
[3]ਇਕ ਵੇਰੀ।
[4]ਹਵਾ ਦੇ ਜ਼ੋਰ ਨਾਲ ਰੁੜਦਾ ਗਿਆ।
[5]ਵਸਦਾ ਹੈ।

ਤ੍ਰਸਤਿ ਪਠਾਨ ਬਖਾਨਤਿ ਅਹੈ।
'ਦੇਸ਼ ਪੰਜਾਬ ਦੂਰ ਤਹਿਂ ਰਹੈ ॥੪੩॥
ਫੂਟ ਗਯੋ ਜਹਾਜ ਜਬ ਮੇਰਾ।
ਦੈਵ ਜੋਗ ਕਰਿ[1] ਇਹ ਥਲ ਹੇਰਾ।'
ਤਬਿ ਗੁਪਤਨਿ ਪੂਛਯੋ ਤਿਸੁ ਪਾਹੀ।
'ਲਾਲੂ ਕੋ ਤੂੰ ਲਖਹਿਂ ਕਿ ਨਾਂਹੀ' ॥੪੪॥
ਸੁਨਿ ਪਠਾਨ ਹਰਖਯੋ ਬਚੁ ਕਹੈ।
'ਹਮ ਲਾਲੋ ਕੇ ਢਿਗ ਹੀ ਰਹੈਂ।
ਮਿਲਤਿ ਸਦੀਵ ਬੰਦਨਾ ਕਰੌਂ।
ਬਡੋ ਸੰਤ ਭਾਉ ਸੁ ਉਰ ਧਰੌਂ[2]' ॥੪੫॥
ਸਾਦਰ ਤਿਹ ਬਿਠਾਇ ਹਿਤ ਕੀਨੋ।
ਪਤਾ ਦੇਸ਼ ਨਗਰੀ ਕੋ ਲੀਨੋ।
ਜਬਿ ਪਠਾਨ ਸਿਮਰਯੋ ਤਹਿਂ ਲਾਲੂ।
ਦ੍ਰਿਗ ਜਲ ਲੀਨਿ ਉਸਾਸ ਬਿਸਾਲੂ[3] ॥੪੬॥
ਇਸ ਕੋ ਪਿਖਿ ਗੁਪਤਨਿ ਕਰਿ ਦਯਾ।
'ਕਯੋਂ ਰੋਵਤਿ?' ਪੂਛਨ ਕੋ ਕਿਯਾ।
'ਹਮ ਲਾਲੂ ਕੇ ਸਿਖ ਸਭਿ ਅਹੈਂ।
ਤਿਮਿ ਕਰਿ ਦੇਹਿਂ ਜਥਾ ਚਿਤ ਚਹੈਂ' ॥੪੭॥
ਕਹੈ ਪਠਾਨ 'ਦਿਖਾਵਹ ਲਾਲੂ।
ਕਰਿਹੁ ਜਿ ਮੁਝ ਪਰ ਮਿਹਰ ਬਿਸਾਲੂ।
ਸਭਿ ਕਿਛੁ ਖੋਇ ਦੂਰ ਮੈਂ ਆਯੋ।
ਦੇਸ਼ ਪੰਜਾਬ ਚਹੌਂ ਅਬਿ ਜਾਯੋ' ॥੪੮॥
ਗੁਪਤਨਿ ਦੋਇ ਲਾਲ ਤਿਹ ਦੀਨੇ।
'ਇਹ ਲਾਲੂ ਕੀ ਭੇਟ ਸੁ ਕੀਨੇ।
ਅਪਰ ਜਵਾਹਰ ਅਪਨੇ ਹਿਤ ਲਿਹੁ।
ਇਹ ਦੁਇ ਲਾਲੋ ਹਮ ਦਿਸ਼ ਤੇ ਦਿਹੁ' ॥੪੯॥
ਤਬਿ ਪਠਾਨ ਲੀਨੇ ਹਰਖਾਇ।
ਕਹਿ ਤਿਨ ਪੁਨ ਇਸ ਦ੍ਰਿਗ ਮੁੰਦਵਾਇ[4]।

---

[1]ਈਸ਼੍ਵਰ ਦੀ ਨੇਤ ਕਰ।
[2]ਉਸ ਦਾ ਪ੍ਰੇਮ ਰਿਦੇ ਧਾਰਦਾ ਹਾਂ।
[3]ਲੰਮੇ ਸਾਹ।
[4]ਤਿਨ੍ਹਾਂ ਨੇ ਕਹਿਕੇ ਇਸ ਦੇ ਨੇਤਰ ਮਿਟਵਾਏ।

ਗੁਪਤਨਿ ਸੋ ਤਤਕਾਲ ਪੁਚਾਯੋ।
ਖੋਲੇ ਦ੍ਰਿਗ ਗ੍ਰਿਹ ਮਹਿਂ ਪਿਖਿ ਆਯੋ[1] ॥੫੦॥
ਜਾਇ ਲਾਲ ਲਾਲੂ ਕੋ ਦਏ।
ਕਹਤਿ ਸੁਜਸੁ ਬਹੁ ਬੰਦਨ ਕਿਏ।
ਅਪਨਿ ਬ੍ਰਿਤਾਂਤ ਕਹਯੋ 'ਪੁਰਿ ਮਾਂਹੀ।
ਕ੍ਰਿਪਾ ਸੰਤ! ਆਯੋ ਤੁਮ ਪਾਹੀ[2]' ॥੫੧॥
ਲਾਲੋ ਲਾਲ ਲਿਏ ਕਰ ਦੋਇ।
ਗੁਰੂ ਢਿਗ ਆਨਿ ਰਖੇ ਤਿਨ ਸੋਇ।
ਪਿਖਿ ਸ਼੍ਰੀ ਅਮਰ ਬਚਨ ਮੁਖ ਭਾਖਾ।
'ਨਾਮ ਰਤਨ ਹਿਯਰੇ ਮਹਿਂ ਰਾਖਾ ॥੫੨॥
ਇਨ ਕੋ ਜਾਹ ਨਦੀ ਮੋਂ ਡਾਰ।
ਧਰਹੁ ਨ ਬਿਵਹਾਰਹੁ ਕਰਿ ਪਜਾਰ[3]।'
ਲਾਲੋ ਗੁਰ ਕੀ ਆਗਜ਼ਾ ਮਾਨੀ।
ਫੈਂਕੇ ਜਾਇ ਗਹਿਰ ਜਹਿਂ ਪਾਨੀ[*] ॥੫੩॥

ਦੋਹਰਾ: ਸਤਿਗੁਰ ਅਰ ਗੁਰ ਸਿਖਨ ਕੀ, ਮਹਿਮਾ ਮਹਾਂ ਮਹਾਨ।
ਧੰਨ ਗੁਰੂ ਅਰੁ ਧੰਨ ਸਿਖ, ਜਗਤ ਉਧਾਰਨਿਵਾਨ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਜਨ ਕੋ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤ੍ਰੀ ਅੰਸੂ ॥੩੭॥

---

[1]ਦੇਖੇ ਕਿ ਮੈਂ ਘਰ ਆ ਗਿਆ ਹਾਂ।

[2]ਹੇ ਸੰਤ! (ਤੇਰੀ) ਕ੍ਰਿਪਾ ਨਾਲ (ਇਸ) ਸ਼ਹਿਰ ਵਿਚ ਤੇਰੇ ਪਾਸ ਆਇਆ ਹਾਂ। (ਅ) (ਉਸ) ਸ਼ਹਿਰ ਵਿਚ ਦਾ ਹਾਲ ਦੱਸਿਆ (ਤੇ ਆਖਿਆ ਕਿ) ਹੇ ਸੰਤ ਤੇਰੀ ਕ੍ਰਿਪਾ ਨਾਲ ਤੇਰੇ ਪਾਸ ਆਇਆ ਹਾਂ।

[3]ਨਾ ਪਿਆਰ ਨਾਲ ਸਾਂਭੋ ਤੇ ਨਾ ਇਨ੍ਹਾਂ ਨਾਲ ਵਿਹਾਰ ਕਰੋ।

[*]ਕਵਿ ਜੀ ਦਾ ਪ੍ਰਸੰਗ ਤੋਂ ਭਾਵ ਇਹ ਹੈ ਕਿ ਗੁਰਸਿੱਖ ਨੂੰ, ਚਾਹੋ ਗੁਪਤ ਪ੍ਰਗਟ ਕਿਸੇ ਪ੍ਰਕਾਰ ਦੀ ਸ਼ਕਤੀ ਵਾਲੇ ਹੋਣ, ਧਰਮ ਦੀ ਕਿਰਤ ਨਾਲ ਨਿਰਬਾਹ ਕਰਨਾ ਚਾਹੀਏ। ਸ਼ਕਤੀਆਂ ਨੂੰ ਨਾਟਕ ਚੇਟਕ ਤਮਾਸ਼ਿਆਂ ਵਿਚ ਨਹੀਂ ਵਰਤਣਾ ਚਾਹੀਏ, ਸਤਿਨਾਮ ਦੇ ਸਿਮਰਨ ਤੇ ਵਾਹਿਗੁਰੂ ਪ੍ਰਾਪਤੀ ਦੇ ਉਦਮ ਵਿਚ ਰਹਿਣਾ ਚਾਹੀਏ।

੩੮. [ਖਾਨ ਛੁਰਾ ਆਦਿ ਬਹੱਤਰ ਸਿੱਖ। ਮਹੇਸ਼ਾ। ਸ਼ੇਖਾਂ ਦੇ ਘਰ ਉੱਜੜਨੇ]

੩੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੩੯

ਦੋਹਰਾ: ਖਾਨ ਛੁਰਾ[+] ਡੱਲੇ ਬਿਖੈ,
ਗੁਰਮੁਖ ਸਿੱਖ ਬਿਸਾਲ
ਪੂਜਹਿ ਪਗ ਪੰਕਜ ਸਦਾ,
ਸ਼੍ਰੀ ਗੁਰ ਅਮਰ ਕ੍ਰਿਪਾਲ ॥੧॥

ਚੌਪਈ: ਦੀਪਾ ਮਾਲੂ ਸ਼ਾਹੀ ਔਰ।
ਸਿੱਖੀ ਕਰਤਿ ਬਸਹਿਂ ਤਿਸ ਠੌਰ।
ਨਾਮ ਕਿਦਾਰੀ ਸਿੱਖ ਉਦਾਰ।
ਇੱਤਯਾਦਿਕ ਸਿਖ ਬਹੁਤ ਬਿਚਾਰ ॥੨॥
ਗਿਨਤੀ ਬਿਖੈ ਬਹੱਤਰ ਭਏ।
ਸ਼੍ਰੀ ਗੁਰ ਅਮਰ ਉਧਾਰਨ ਕਿਏ।
ਕਹੌਂ ਅਗਾਰੀ ਕਥਾ ਤਿਨਹੁਂ ਕੀ।
ਹਰੀ ਅਬਿੱਦਯਾ ਗੁਰੂ ਜਿਨਹੁਂ ਕੀ ॥੩॥
ਨਾਮ ਮਹੇਸ਼ਾ ਪੁਰਿ ਸੁਲਤਾਨ।
ਬਹੁਬਾਹੀ[1] ਅਰ ਧਨੀ ਮਹਾਂਨ।
ਸਤਿਗੁਰ ਕੀ ਮਹਿਮਾ ਸੁਨਿ ਤਾਂਹੀ।
ਉਪਜਯੋ ਪ੍ਰੇਮ ਮਹਾਂ ਮਨ ਮਾਂਹੀ ॥੪॥
ਗੋਇੰਦਵਾਲ ਗਯੋ ਤਬਿ ਆਇ।
ਦਰਸ਼ਨ ਕਰਿ ਗੁਰ ਕੋ ਪਰਖਾਇ।
ਪੂਰਬ ਭੋਜਨ ਲੰਗਰ ਖਾਯੋ।
ਬਹੁਰ ਜਾਇ ਸਤਿਗੁਰ ਦਰਸਾਯੋ ॥੫॥
ਬਡੇ ਭਾਗ ਤੇ ਬੈਠਯੋ ਪਾਸ।
ਨਿਸ ਦਿਨ ਜਿਸ ਕੇ ਪ੍ਰੇਮ ਸੁ ਪਜਾਸ।
ਬਾਰਬਾਰ ਬੰਦਨ ਕੋ ਕਰਿਹੀ।
ਸਮੁਖ ਬੈਠਿ ਗੁਰ ਦਰਸੁ ਨਿਹਰਿਹੀ[2] ॥੬॥
ਬੂਝਨ ਹਿਤ ਗੁਰ ਤਿਸੇ ਅਲਾਯੋ।

[+]ਭਾਈ ਗੁਰਦਾਸ ਜੀ ਨੇ ਨਾਮ 'ਖਾਂਨੂੰ ਛੁਰਾ' ਦਿੱਤਾ ਹੈ।

[1]ਬਹੁ ਬਾਹੀ ਦਾ ਅਰਥ ਇਕ ਜਾਤ ਕਰਦੇ ਹਨ, ਪਰ ਮਹਿੰਮਾ ਪ੍ਰਕਾਸ਼ ਵਿਚ ਜਿਥੋਂ ਦਾ ਇਹ ਪ੍ਰਸੰਗ ਹੈ, ਇਸ ਨੂੰ 'ਬਹੁ ਬਾਹੀ ਵੀਰ' ਲਿਖਿਆ ਹੈ, ਜਿਸ ਦਾ ਮਤਲਬ ਹੈ ਬਹੁਤੀਆਂ ਬਾਹਾਂ ਵਾਲਾ ਤੇ ਬਹਾਦੁਰ। (ਅ) ਬਾਹੀਆ = ਪੱਤੀ। ਬਾਹੀ = ਪੱਤੀਦਾਰ। ਬਹੁ-ਬਾਹੀ = ਬਹੁਤੀਆਂ ਪੱਤੀਆਂ ਵਾਲਾ, (ਦੇਖੋ ਰਾਸ ੧੧ ਅੰਸੂ ੩੪ ਅੰਕ ੪੨)।

[2]ਦੇਖਦਾ ਹੈ।

'ਕਵਨ ਅਰਥ[1] ਤੂੰ ਚਲਿ ਕਰਿ ਆਯੋ?
ਕਹਾਂ ਬਸੈਂ? ਕਿਸ ਕੋ ਮਤ ਧਾਰਹਿਂ?
ਮੰਤ੍ਰ ਜਾਪ ਕਿਸ ਬਦਨ ਉਚਾਰਹਿਂ[2]?' ॥੭॥
ਹਾਥ ਜੋਰਿ ਤਿਨ ਕਹਯੋ ਬੁਝਾਈ।
'ਪ੍ਰਭੁ ਜੀ! ਮੈਂ ਆਯੋ ਸ਼ਰਨਾਈ।
ਰਾਵਰਿ ਨਾਮ ਆਸ ਕੋ ਧਰੌਂ[3]।
ਮਿਟੇ ਸ਼ੋਕ ਭਵ ਸਾਗਰ ਤਰੌਂ ॥੮॥
ਅਪਰ ਸਭਿਨਿ ਤੇ ਆਸ ਮਿਟਾਇ।
ਰਹੌਂ ਆਪ ਕੀ ਪਰਿ ਸ਼ਰਨਾਇ।'
ਤਬਿ ਸ਼੍ਰੀ ਸਤਿਗੁਰ ਕਹਯੋ ਸੁਨਾਈ।
'ਹਮਰੀ ਸ਼ਰਨ ਪਰਯੋ ਨਹਿਂ ਜਾਈ ॥੯॥
ਜੇ ਹਮਰੋ ਸਿੱਖ ਹੋਯੋ ਚਹੈਂ।
ਨਹੀਂ ਸੰਪਦਾ ਤੁਝ ਢਿਗ ਰਹੈ।
ਨਰ ਉਪਹਾਸ ਕਰਹਿਂ ਸਮਝਾਵਹਿਂ।
ਦੁਖੀ ਹੋਇ ਪੁਨ ਬਹੁ ਪਛੁਤਾਵਹਿਂ' ॥੧੦॥
ਸੁਨਤਿ ਮਹੇਸ਼ੇ ਤਬਹਿ ਉਚਾਰਯੋ।
'ਤਨ ਮਨ ਧਨ ਤੁਮਰੇ ਪਰ ਵਾਰਯੋ।
ਨਾਸ਼ ਹੋਹਿ ਤੌ ਚਹੌਂ ਨ ਕੋਊ।
ਤੁਮਰੋ ਪ੍ਰੇਮ ਕਰੌਂ ਦ੍ਰਿੜ੍ਹ ਸੋਊ ॥੧੧॥
ਸਭਿ ਦਿਸ਼ ਤੇ ਮੈਂ ਤਜਾਗੀ ਆਸ।
ਨਿਜ ਚਰਨਨ ਮਹਿਂ ਦੇਹੁ ਨਿਵਾਸ।'
ਦ੍ਰਿੜ੍ਹ ਨਿਸ਼ਚਾ ਦੇਖਯੋ ਜਿਸ ਕਾਲਾ।
ਨਿਜ ਕਰ ਧਰਯੋ ਤਿਸੀ ਕੋ ਭਾਲਾ[4] ॥੧੨॥
ਸੱਤਿਨਾਮ ਸੋ ਮੰਤ੍ਰ ਜਪਾਵਾ।
ਸਿਖ ਨੇ ਦ੍ਰਿੜ੍ਹ ਕੀਨਸਿ ਸੁਖ ਪਾਵਾ।
ਬਹੁਰ ਕਸੌਟੀ ਮਹਿਂ ਸੋ ਕਸਯੋ[5]।
ਕੇਤਿਕ ਦਿਨ ਮਹਿਂ ਧਨ ਸਭਿ ਨਸਯੋ ॥੧੩॥
ਜਿਸ ਜਿਸ ਕਾਰ ਬਿਖੈ ਜਿਹ ਦੀਨ।

---

[1]ਕਿਸ ਕੰਮ।
[2]ਕਿਸ ਦਾ ਮੰਤਰ ਤੂੰ ਮੂੰਹੋਂ ਜਪਦਾ ਹੈਂ।
[3]ਆਪ ਦੇ ਨਾਮ ਦੀ ਆਸਾ ਧਾਰਕੇ (ਆਯਾ ਹਾਂ)।
[4]ਮੱਥੇ ਤੇ।
[5]ਭਾਵ ਉਸ ਨੂੰ ਪਰਖਣਾ ਵਿਚ ਪਾਇਆ।

ਤਹਿਂ ਸਭਿ ਨਾਸ਼ਜੋ ਭਯੋ ਬਿਹੀਨ[1]।
ਹਸਨ ਲਗੇ ਨਰ 'ਇਹੁ ਕਜਾ ਕੀਨੋ।
ਸਿੱਖ ਹੋਇ ਤੈਂ ਕਜਾ ਕਿਤ[2] ਲੀਨੋ ॥੧੪॥
ਘਰ ਤੇ ਸੰਪਦ ਭਈ ਬਿਨਾਸ਼।
ਅੰਨ ਬਸਤ੍ਰ ਕੀ ਤੋਟ, ਨ ਪਾਸ[3]।'
ਸੁਨਤਿ ਮਹੇਸ਼ੇ ਸਭਿ ਸੋਂ ਕਹਜੋ।
'ਮੈਂ ਗੁਰ[4] ਊਚ ਪ੍ਰੇਮ ਪਦ ਲਹਜੋ ॥੧੫॥
ਜੋ ਕਬਹੂੰ ਨਹਿਂ ਬਿਨਸਨਹਾਰਾ।
ਦੁਖ ਸਾਗਰ ਤੇ ਕਰਹਿ ਉਧਾਰਾ।
ਇਹੁ ਸੰਪਦ ਮਿੱਥਜਾ ਸਮ ਸੁਪਨੇ[5]।
ਕਿਮਿ ਪਰਲੋਕ ਲੇਤਿ ਸੰਗ ਅਪਨੇ[6] ॥੧੬॥
ਏਕ ਬਾਰ ਇਹੁ ਬਜੋਗ ਉਦੋਤੇ[7]।
ਜੀਵਤਿ ਜਾਤਿ ਕਿ ਮਿਰਤਕ ਹੋਤੇ[8]।
ਗੁਰ ਪਗ ਪੰਕਜ ਜੇ ਮਨ ਲਾਗੇ।
ਹਲਤ ਪਲਤ ਕੇ[9] ਸੰਕਟ ਭਾਗੇ ॥੧੭॥
ਮਿੱਥਜਾ ਸੰਪਤ ਨਾਸ਼ ਭਈ ਹੈ।
ਸਾਚੀ ਸਤਿਗੁਰ ਸ਼ਰਨ ਲਈ ਹੈ।
ਪਰਮਾਨੰਦ ਭਯੋ ਅਬਿ ਭੌ ਨ[10]।'
ਇਮਿ ਕਹਿ ਸਭਿ ਸੰਗ ਠਾਨੀ ਮੌਨ ॥੧੮॥
ਬਹੁ ਉਪਹਾਸ ਕਰਤਿ ਰਹਿਂ ਲੋਗ।
ਕਰਤਿ ਨਹੀਂ ਮਨ ਹਰਖ ਕਿ ਸੋਗ।
ਸਤਿਗੁਰ ਪ੍ਰੇਮ ਬਿਖੈ ਮਸਤਾਨਾ।
ਸਿਮਰਨ ਸੱਤਿਨਾਮ ਕੋ ਠਾਨਾ ॥੧੯॥
ਪੁਨ ਗੁਰ ਦਰਸ਼ਨ ਕੋ ਚਲਿ ਆਯੋ।

---

[1]ਜਿੱਥੇ ਜਿੱਥੇ (ਧਨ) ਦਿੱਤਾ ਤਿੱਥੇ ਸਭਿ ਨਾਸ ਹੋ ਗਿਆ ਤੇ (ਉਹ ਧਨ) ਰਹਤ ਹੋ ਗਿਆ।
[2]ਕੀਹ ਜਸ। (ਅ) ਕੀਹ ਕੁਛ।
[3]ਅੰਨ ਬਸਤਰ ਦੀ ਤੋਟ ਆ ਗਈ, ਪਾਸ ਨਾ ਰਿਹਾ।
[4]ਗੁਰੂ ਜੀ ਤੋਂ।
[5]ਸੁਪਨੇ ਵਾਂਙੂ ਝੂਠੀ ਹੈ।
[6]ਪ੍ਰਲੋਕ ਵਿਚ (ਜੀਵ) ਕਿਵੇਂ ਆਪਣੇ ਨਾਲ ਲੈ ਜਾ ਸਕਦਾ ਹੈ।
[7]ਵਿਛੋੜਾ ਉਦੇ ਹੋਣਾ ਹੀ ਹੈ।
[8]ਜੀਂਵਦਿਆਂ (ਚਲੀ ਗਈ) ਕਿ ਮਰ ਗਿਆਂ ਤੇ ਚਲੀ ਜਾਂਦੀ।
[9]ਇਸ ਲੋਕ ਤੇ ਪ੍ਰਲੋਕ ਦੇ।
[10]ਪਰਮ ਅਨੰਦ ਰੂਪ ਹੋ ਗਿਆ ਹਾਂ, ਹੁਣ ਭੈ ਨਹੀਂ ਰਿਹਾ।

ਹਾਥ ਜੋਰਿ ਕਰਿ ਸੀਸ ਨਿਵਾਯੋ।
ਦੁਰਬਲ* ਭਯੋ ਦੇਖਿ ਕਰਿ ਤਾਂਹੀ।
ਕ੍ਰਿਪਾ ਕਰੀ ਸ਼੍ਰੀ ਗੁਰ ਮਨ ਮਾਂਹੀ ॥੨੦॥
ਸਿਖ ਨੇ ਸਹਜੋ ਕਸੌਟੀ ਤਾਉ[1]।
ਬਾਰਹ ਬੰਨੀ[2] ਭਯੋ ਸੁ ਭਾਉ।
'ਆਗੇ ਤੇ ਦਸ ਗੁਨ ਧਨ ਪੈਹੈਂ[3]।
ਲੋਕ ਪ੍ਰਲੋਕ ਸੁਫਲ ਤੁਵ ਹ੍ਵੈ ਹੈ' ॥੨੧॥
ਇਮਿ ਵਰ ਦੇ ਕਰਿ ਕਰਜੋ ਨਿਹਾਲ।
ਪੁਨ ਤਿਸ ਢਿਗ ਧਨ ਭਯੋ ਬਿਸਾਲ।
ਇਸੀ ਪ੍ਰਕਾਰ ਬਹੁਤ ਨਰਤਾਰੇ।
ਸਿੱਖੀ ਮਾਰਗ ਚਲਜੋ ਉਦਾਰੇ ॥੨੨॥
ਆਇ ਸ਼ਰਨ ਜੋ ਗੁਰਕੀ ਪਰੈ।
ਬ੍ਰਹਮਗਯਾਨ ਜੁਤਿ ਸ਼ਕਤਿ ਸੁ ਧਰੈ।
ਦੋਨਹੁ ਹਾਥਨ ਸੋਂ ਬਰਤਾਵੈਂ[4]।
ਮਾਨੈਂ ਬਚਨ ਪਾਰ ਪਰਿ ਜਾਵੈਂ ॥੨੩॥

ਦੋਹਰਾ: ਗੋਂਦਵਾਲ ਸ਼ੋਭਾ ਨਿਰਖਿ[5], ਸ਼ੇਖਨਿ[6] ਰਚੇ ਨਿਕੇਤ।
ਅਕਬਰ ਸਾਥ ਰਹਤਿ ਵਹੀ, ਸਭਿ ਭਾਯਨਿ ਸੰਮੇਤ[7] ॥੨੪॥

ਚੌਪਈ: ਗੁਰ ਸਥਾਨ ਮੰਗਲ ਬਹੁ ਹੋਵੈ।
ਗਾਵਤਿ ਸਭਿ ਸਿਖ ਸ਼ਬਦਨ ਜੋਵੈਂ[8]।
ਸ਼ੇਖਨ ਕੇ ਸਿਸ[9] ਦੇਖਿ ਸੁ ਚਾਲੀ।
ਸਹਿ ਨ ਸਕਹਿਂ ਵਹਿ[10] ਕਰੈਂ ਕੁਚਾਲੀ ॥੨੫॥
ਨੀਰ ਭਰਨ ਘਟ[11] ਲੈ ਸਿਖ ਜਾਵੈਂ।

---

*ਪਾ:-ਦੁਰਲਭ।
[1]ਕਸੌਟੀ (ਦੀ ਕਸ ਤੇ ਅੱਗ ਦਾ) ਤਾਉ। [ਸੰਸ: ਅਵਕੀਰਣ]।
[2]ਭਾਵ ਅਤਯੰਤ ਸੁੱਧ।
[3]ਪਾਵੈਂਗਾ।
[4]ਵਰਤਾਂਵਦੇ ਹਨ (ਨਾਮ ਤੇ ਕਰਾਮਾਤ)।
[5]ਦੇਖ ਕਰਕੇ।
[6]ਸ਼ੇਖਾਂ ਨੇ (ਸ਼ੇਖ ਮੁਸਲਮਾਨਾਂ ਦੀ ਇਕ ਜ਼ਾਤ ਹੈ)।
[7]ਓਹ (ਸ਼ੇਖ) ਸਾਰੇ ਭਾਈਆਂ ਸਮੇਤ।
[8]ਭਾਵ ਸ਼ੇਖ ਵੇਖਦੇ।
[9]ਲੜਕੇ, ਬੱਚੇ।
[10]ਓਹੁ (ਬੱਚੇ)।
[11]ਘੜੇ।

ਬਾਲ ਗੁਲੇਲਾ ਮਾਰਿ ਗਵਾਵੈਂ[1]।
ਯਾ ਬਿਧਿ ਬਹੁਤ ਕਰੀ ਜਬਿ ਤਿਨੈ।
ਗੁਰ ਪੈ ਸਿੱਖਜਨ ਕੀਨੀ ਬਿਨੈ ॥੨੬॥
'ਸ਼ੇਖਨ ਸੁਤ ਘਟ ਤੋਰੈਂ ਤੂਰਨਿ।
ਜਲ ਕੌ ਜਬਿ ਕਰਿ ਲਜਾਵੈਂ ਪੂਰਨ।'
ਤਬਿ ਕਰੁਨਾ ਕਰ ਬੋਲੇ ਬਾਨੀ।
'ਮਸ਼ਕੈਂ ਬੀਚ ਲਿਆਵੋ ਪਾਨੀ' ॥੨੭॥
ਮਾਨਿ ਬਚਨ ਤਜੋਂ ਹੀ ਤਿਨ ਕੀਨੀ।
ਜਲ ਭਰਿਬੋ ਕੋ ਮਸ਼ਕੈਂ ਲੀਨੀ।
ਤਬਿ ਬਾਰਕ ਕਰ ਧਾਰਿ ਕਮਾਨੈ।
ਤੀਰ ਮਾਰ ਫਾਰੈਂ ਅਭਿਮਾਨੈ ॥੨੮॥
ਪੁਨ ਸਿੱਖਨ ਗੁਰ ਕੇਰਿ ਹਦੂਰਾ।
ਸਕਲ ਬ੍ਰਿਤਾਂਤ ਬਖਾਨਜੋ ਤੂਰਾ।
'ਮਸ਼ਕੈਂ ਫਾਰਤਿ ਕਸ ਕੈ ਤੀਰਨਿ।
ਬਸ ਨਹਿਂ ਚਲਤਿ ਕਰਤਿ ਅਵਗੀਰਨਿ[2]' ॥੨੯॥
ਤਬਿ ਮੁਖ ਚੰਦ ਬਚਨ[+] ਪਰਕਾਸ਼ੇ।
'ਗਾਗਰ ਮੈਂ ਜਲ ਲਜਾਉ ਹੁਲਾਸੇ।'
ਸੱਤਿ ਭਾਖਿ[3] ਕੀਨੀ ਤਿਨ ਤੈਸੇ।
ਕਹੀ ਮੁਕੰਦ ਅਨੰਦਤਿ ਜੈਸੇ ॥੩੦॥
ਵਹ ਬਾਲਕ ਘਟ[++] ਈਂਟਨ ਭਾਨੈ[4]।
ਜ਼ੁਲਮੀ ਕਰੈਂ ਦੁਸ਼ਟ ਅਭਿਮਾਨੈ।
ਮਾਤ ਤਾਤ ਤਿਨ ਕੇ ਨਹਿਂ ਹੋਰੈ[੫]।
ਹੋਤਿ ਪ੍ਰਸੰਨ ਨਿਹਾਰਿ ਬਹੋਰੈਂ ॥੩੧॥
ਪੁਨਿ ਅਰਦਾਸ ਕਰੀ ਸਭਿ ਸੰਗਤਿ।
'ਗਗਰਨ[*] ਤੋਰੈ ਬਾਲਕ ਪੰਗਤਿ।'

---

[1]ਭਾਵ ਫੋੜ ਦੇਵਨ।
[2]ਨਾਸ਼ ਕਰਦੇ ਹਨ।
[+]ਪਾ:-ਬਦਨ।
[3]ਸਤ ਵਚਨ ਕਹਿਕੇ।
[++]ਪਾ:-ਸੋ।
[4]ਇੱਟਾਂ ਨਾਲ ਤੋੜ ਦੇਣ।
[੫]ਨਹੀਂ ਰੋਕਦੇ।
[*]ਪਾ:-ਗਾਗਰਨ।

ਸੁਨਿ ਤੂਸ਼ਨ ਕਰੁਨਾਕਰ ਹੋਏ।
ਉੱਤਰ ਨਾਂਹਿ ਦਯੋ ਤਬਿ ਕੋਏ ॥੩੨॥
ਤਹਾਂ ਤਬਹਿ ਸੰਨਜ਼ਾਸੀ ਆਏ।
ਬਾਲਨਿ ਤੈਸੇ ਕੀਨੀ ਜਾਏ।
ਨੀਰ ਪੂਰ[1] ਜਬਿ ਲਜ਼ਾਵੈ ਕੋਊ।
ਤੋਰ ਦੇਤਿ ਬਿਨ ਬੇਰ ਸੁ ਸੋਊ ॥੩੩॥
ਲਾਗਯੋ ਤਹਾਂ ਗੁਲੇਲਾ ਜਾਈ।
ਨਿਕਸਯੋ ਨੈਨ ਮਹੰਤ ਤਦਾਈ।
ਸ਼ਸਤ੍ਰ ਪਕਰ ਕਰਿ ਕੇਤੇ ਮਾਰੇ[2]।
ਕੇਤੇ ਚੀਰੇ ਕੇਤੇ ਫਾਰੇ ॥੩੪॥
ਤਿਹੀ ਸਮੇਂ ਤੁਰਕਨ ਕੋ ਡੇਰਾ।
ਪਰਯੋ ਆਇ ਪੁਰਿ ਕੇ ਚੌਫੇਰਾ।
ਖਚਰਨ ਧਨ ਕੀ ਲਦੀ ਅਨੇਕਾ।
ਉਤਰੀ ਆਇ ਰੈਨ ਕਰਿ ਟੇਕਾ[3] ॥੩੫॥
ਪ੍ਰਾਤਿਕਾਲ ਚਲਿਬੋ ਤਿਨ ਕੀਨੋ।
ਆਂਧੀ ਅਈ ਪ੍ਰਲੈ ਸੀ ਚੀਨੋ।
ਅਪਨੋ ਪਰੋ[4] ਨ ਦੇਖਯੋ ਜਾਈ।
ਜਨੁ ਸਕਲੇ ਭੇ ਅੰਧ ਤਦਾਈਂ ॥੩੬॥
ਬਾਇ ਲਾਗ ਗਿਰ ਹੈਂ ਨਰ ਘੋਰੇ[5]।
ਖੱਚਰ ਭਾਜੀ ਤਬਿ ਪੁਰਿ ਓਰੇ।
ਬਰੀ ਜਾਇ ਤਿਨ ਤੁਰਕਨਿ[+] ਧਾਮਾ[6]।
ਗੁਰ ਸੋਂ ਕਰਤਿ ਬਿਰੋਧਿ ਜਿ ਗ੍ਰਾਮਾ[7] ॥੩੭॥
ਤਾਤਕਾਲ ਤਿਨ ਅੰਤਰ ਪਾਈ[8]।
ਖੁਰਾ ਖੋਜ ਜਾਨਯੋ ਨਹਿਂ ਜਾਈ।
ਆਂਧੀ ਹਟੀ ਭਯੋ ਉਜਿਆਰਾ।

---

[1]ਭਰਕੇ।
[2](ਸੰਨਜ਼ਾਸੀਆਂ ਨੇ) ਮਾਰੇ।
[3]ਰਾਤ ਟਿਕਨ ਲਈ।
[4]ਆਪਣਾ ਪਰਾਇਆ।
[5]ਆਦਮੀ ਬੁਰੀ ਤਰ੍ਹਾਂ। (ਅ) ਨਰ ਤੇ ਘੋੜੇ।
[+]ਪਾ:-ਸ਼ੇਖਨ।
[6]ਭਾਵ ਸ਼ੇਖਾਂ ਦੇ ਘਰ।
[7]ਪਿੰਡ ਵਿਚ।
[8]ਅੰਦਰ ਵਾੜ ਲਈ।

ਖੱਚਰ ਦੇਖਨ ਲਗੇ ਅਪਾਰਾ ॥੩੮॥
ਟੋਲਿ ਟੋਲਿ ਬਹੁ ਰਹੇ, ਨ ਪਾਈ।
ਹੁਇ ਨਿਰਾਸ ਜਬਿ ਚਲੇ ਮੁਰਾਈ[++]।
ਗ੍ਰਹਿ ਅੰਤਰ ਖੱਚਰ ਤਬਿ ਬੋਲੀ।
ਬਰੇ ਸਿਪਾਹੀ ਲੀਨਸਿ ਖੋਲੀ ॥੩੯॥
ਜਪਤ[1] ਕਰਜੋ ਘਰ ਬਾਹਰ ਤਿਨ ਕੋ।
ਗੁਰ ਸੋਂ ਬੈਰ ਹੁਤੋ ਥੋ ਜਿਨ ਕੋ।
ਕੇਤਿਕ ਫਾਂਸੀ ਦੀਨ ਉਠਾਈ।
ਕੇਤਿਕ ਕੀ ਤਬਿ ਪਤਿ ਉਤਰਾਈ ॥੪੦॥
ਗੁਰ ਪੈ ਸਿੱਖਨ ਕਹੀ ਸਪੂਰਨ।
ਸੁਨਿ ਗੁਰ ਕਹਤਿ ਭਏ ਤਬਿ ਤੂਰਨ।
'ਏਕ ਸੰਤ ਪੈ ਸਿੱਖ ਸੁ ਬੋਲਜੋ।
ਸੋ ਸੁਨਿਹੋ ਧਰਿ ਧਯਾਨ ਅਮੋਲਜੋ ॥੪੧॥
-ਜੇ ਕਾਹੂ ਕੋ ਬੁਰਾ ਕਰਾਵੈ।
ਤੋ ਕਯਾ ਕਰੈ? ਕਹੋ ਸੁਖਦਾਵੈ!
ਭਲਾ ਕਰੈ ਜੋ ਬੁਰਾ ਕਰਾਵੈ।
ਬਦਲਾ ਲੇਵਨ[*+] ਤੇ ਹਟਿ ਜਾਵੈ ॥੪੨॥
ਫੇਰ ਕਰੈ ਤੌ? ਕਰਿ ਹੈ ਕਰਿਹੈ।
ਤੌ ਭਲਿਆਈ ਵਹੁ ਦੁਖ ਭਰਿਹੈ।
ਕਰਿਨੇ ਜੋਗਾ ਰਹੈ ਨ ਸੋਊ।
ਆਪੇ ਹੀ ਮਰਿ ਜੈ ਹੈ ਸੋਊ[2]- ॥੪੩॥
ਜੈਸੀ ਕਰੈ ਸੁ ਤੈਸੀ ਪਾਵੈ।

[++]ਪਾ:-ਮਹਾਈ।

[1]ਜ਼ਬਤ।

[*+]ਪਾ:-ਦੇਵਨ। ਤਿੰਨ ਲਿਖਤੀ ਨੁਸਖਿਆਂ ਵਿਚ 'ਬਦਲਾ ਲੇਵਨ' ਵਾਲੀ ਤੁਕ ਹੈ ਨਹੀਂ ਸੋ, ਦੋਨੋਂ ਵੇਰ ਇਹੋ ਤੁਕ ਹੈ-ਭਲਾ ਕਰੈ ਜੋ ਬੁਰਾ ਕਰਾਵੈ।

[2]ਇਕ ਸਿੱਖ (ਸ੍ਰੀ) ਸੰਤ (ਜੀ) ਪਾਸ ਬੋਲਿਆ, ਸੋ ਅਮੋਲਕ (ਸਿੱਖਯਾ) ਧਯਾਨ ਧਰਕੇ ਸੁਣੋਂ। (ਪ੍ਰਸ਼ਨ ਸਿੱਖ ਦਾ:-) ਜੇ ਕੋਈ ਕਿਸੇ ਦਾ ਬੁਰਾ ਕਰੇ, ਤਾਂ (ਉਹ) ਕੀਹ ਕਰੇ? ਕਹੋ ਹੇ ਸੁਖਦਾਈ (ਸੰਤ) ਜੀ! (ਉਤਰ:-) ਭਲਾ ਕਰਦਿਆਂ ਜੋ ਬੁਰਾ ਕਰੇ, (ਤਾਂ ਬੁਰੇ ਤੋਂ) ਬਦਲਾ ਲੈਣੋਂ ਹਟ ਜਾਵੇ। (ਪ੍ਰਸ਼ਨ:-) (ਜੇ) ਫੇਰ (ਬੀ ਬੁਰਾ) ਕਰੇ ਤਾਂ, (ਉਤਰ:-) (ਉਹ ਭਲਿਆਈ) ਕਰ (ਭਲਿਆਈ) ਕਰੇ, ਤਾਂ (ਭਲੇ ਦੀ) ਭਲਿਆਈ (ਕਰਨ ਕਰਕੇ) ਉਹ (ਬੁਰਾ ਆਪੇ) ਦੁਖ ਭਰੇਗਾ, (ਇਥੋਂ ਤਾਈਂ ਕਿ) ਉਹ ਕਰਨ ਜੋਗਾ ਹੀ ਨਾ ਰਹੇਗਾ, ਆਪੇ ਹੀ ਮਰ ਜਾਏਗਾ। ਇਸ ਤੋਂ ਅਗੇ ਹੁਣ ਗੁਰੂ ਜੀ ਬਚਨ ਬੋਲਦੇ ਹਨ। ਇਹ ਸਾਰੀ ਗੱਲ ਬਾਤ ਦੱਸਦੀ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਵੱਲ ਇਸ਼ਾਰਾ ਕਰ ਰਹੇ ਹਨ, ਹੋ ਸਕਦਾ ਹੈ ਕਿ ਉਸ ਸਿੱਖਯਾ ਵਲ ਇਸ਼ਾਰਾ ਕਰ ਰਹੇ ਹੋਣ ਜੋ ਤਪੇ ਦੀ ਹੋਣੀ ਪਰ ਗੁਰੂ ਅੰਗਦ ਦੇਵ ਜੀ ਨੇ ਦਿੱਤੀ ਸੀ।

ਗੁਰ ਸਥਾਨ ਨੀਵੋਂ ਬਿਰਧਾਵੈ[1*]।'
ਸ੍ਰੀ ਪਰਮੇਸੁਰ ਹੈ ਸਮਰੱਥ।
ਸੰਤਨ ਕੋ ਰਾਖਤਿ ਦੈ ਹੱਥ[+] ॥੪੪॥
ਜਿਨ ਕੇ ਐਸੇ ਭਯੋ ਗਿਆਨਾ।
ਸੇਵੈਂ ਗੁਰੂ ਭਾਵ ਧਰਿ ਨਾਨਾ[++]।
ਕਹੀ ਸੰਤੋਖ ਸਿੰਘ ਇਹ ਕਥਾ।
ਜਿਨਹਿ ਸੁਨੀ ਤਿਨ ਕਾਲ ਨ ਮਥਾ[*+] ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼ੇਖਨ' ਪ੍ਰਸੰਗ ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥੩੮॥

---

[1]ਗੁਰ ਸਥਾਨ ਵਿਚ ਜੋ ਨੀਵਾਂ (ਬਣੇਗਾ) ਸੋ ਵਧੇਗਾ।
[*]ਪਾ:-ਬਧ ਜਾਵੈ। ਨੰਮ੍ਰ ਬ੍ਰਿੱਧਾਵੈ।
[+]ਇਹ ਦੋ ਤੁਕਾਂ ਇਕੋ ਨੁਸਖੇ ਵਿਚ ਸਨ।
[++]ਇਹ ਦੋ ਤੁਕਾਂ ੪ ਨੁਸਖਿਆਂ ਵਿਚ ਸਨ।
[*+]ਇਹ ਦੋ ਸਤਰਾਂ ਭੀ ਇਕੋ ਨੁਸਖੇ ਵਿਚ ਸਨ।

੩੯. [ਲਾਲੂ, ਦੁਰਗਾ, ਜੀਵੰਧਾ, ਜੱਗਾ, ਖਾਨੁ, ਮਾਈਆ, ਗੋਵਿੰਦ]

੩੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੦

ਦੋਹਰਾ: ਇਕ ਲਾਲੂ ਬੁਧਿਵਾਨ ਨਰ, ਦੂਸਰ ਦੁਰਗਾ ਨਾਮ।
ਜੀਵੰਦਾ ਮਿਲ ਤੀਸਰੋ, ਚਲਿ ਆਏ ਗੁਰ ਸਾਮ[1] ॥੧॥

ਚੌਪਈ: ਕਰਿ ਬੰਦਨ ਕੋ ਲਾਗੇ ਸੇਵਾ।
ਇਕ ਦਿਨ ਬੈਠਿ ਨਿਕਟ ਗੁਰ ਦੇਵਾ।
ਹਾਥ ਜੋਰਿ ਅਰਦਾਸ ਬਖਾਨੀ।
'ਦਿਹੁ ਉਪਦੇਸ਼ ਅਪਨਿ ਜਨ ਜਾਨੀ[2] ॥੨॥
ਜਿਸ ਤੇ ਹੋਇ ਉਧਾਰ ਹਮਾਰਾ।
ਸ਼੍ਰੀ ਗੁਰ ਅਮਰ ਸੁ ਬਾਕ ਉਚਾਰਾ।
'ਪਰਉਪਕਾਰ ਸਮਾਨ ਨ ਔਰ।
ਕਰਹਿ ਸਦਾ, ਤਿਸ ਗਤਿ ਸੁਖ ਠੌਰ[3] ॥੩॥
ਸੋ ਉਪਕਾਰ ਸੁ ਤੀਨ ਪ੍ਰਕਾਰਾ।
ਧਰੋ ਆਪ ਤੁਮ ਲਖਿ ਉਰ ਸਾਰਾ।
ਜੇਤਿਕ ਅਪਨੇ ਢਿਗ[4] ਧਨ ਅਹੈ।
ਦੇਹੁ ਰੰਕ ਜੋ ਦੁਖੀਆ ਲਹੈ[5] ॥੪॥
ਪਿਖਹੁ ਗ਼ਰੀਬ ਅਨਾਥਨਿ ਜਹਾਂ।
ਵਸਤ੍ਰ ਅਹਾਰ ਦੀਜੀਅਹਿ ਤਹਾਂ।
ਦੇਖਹੁ ਦੁਖੀ ਦਯਾ ਕੋ ਧਾਰਹੁ।
ਜਥਾ ਸ਼ਕਤਿ ਤਿਹ ਦੁਖ ਨਿਰਵਾਰਹੁ[6*] ॥੫॥
ਨਿਜ ਬਾਨੀ ਤੇ ਸ਼ੁਭ ਬਨਿ ਆਵੈ।
ਬਿਗਰਜੋ ਕਾਰਜ ਪਰ ਸੁਧਰਾਵੈਂ[7]।
ਕੈ ਬਿੱਦਜਾ ਹੁਇ ਅਪਨੇ ਪਾਸ।
ਅਪਰ ਪਢਾਵਹਿ ਧਰਹਿ ਹੁਲਾਸ[8] ॥੬॥
ਪੁਨ ਮਨ ਤੇ ਸਭਿ ਕੋ ਭਲ ਚਾਹੈ।

---

[1]ਗੁਰੂ ਸ਼ਰਨ।
[2]ਦਾਸ ਜਾਣਕੇ।
[3]ਉਸ ਨੂੰ ਸੁਖ ਦਾ ਥਾਂ ਪ੍ਰਾਪਤ ਹੁੰਦਾ ਹੈ।
[4]ਪਾਸ।
[5]ਜਾਣੋ।
[6]ਇਹ ਪਹਿਲਾ ਉਪਕਾਰ ਹੈ।
[*]ਪਾ:-ਕਰ ਤਿਹ ਨਿਰਵਾਰੋ।
[7]ਦੂਜੇ ਦਾ ਕਾਰਜ ਸੁਧਾਰ ਦੇਵੇ।
[8]ਇਹ ਦੂਜਾ (ਬਾਣੀ ਦਾ) ਉਪਕਾਰ ਹੈ।

ਬੁਰਾ ਕਰਨਿ ਹਿਤ ਕਬਿ ਨ ਉਮਾਹੈ[1]।
ਪਾਸ ਪਦਾਰਥ, ਅਰੁ ਬਚ ਕਹੈ।
ਤ੍ਰਿਤੀਏ ਕਿਸ ਕੋ ਬੁਰਾ ਨ ਚਹੈ[2] ॥੭॥
ਇਮ ਤੀਨੋ ਤੇ ਪਰਉਪਕਾਰ।
ਕਰਹੁ ਸਦਾ, ਪਰ ਦੁਖ ਨਿਰਵਾਰਿ।
ਸਰਬ ਦਾਨ ਤੇ ਅਹੈ ਬਿਸਾਲਾ।
ਅੰਨ ਦੇਨਿ ਕੀਜਹਿ ਸਭਿ ਕਾਲਾ ॥੮॥
ਜਿਸ ਤੇ ਪ੍ਰਾਨ ਧਰਤਿ ਹੈ ਪ੍ਰਾਨੀ।
ਅਪਰ ਹੋਹਿ ਕਿਮਿ ਤਾਂਹਿ ਸਮਾਨੀ।
ਕਾਚੋ ਪਾਕੋ ਜਸੋਂ ਕਸੋਂ ਦੀਜੈ।
ਛੁਧਿਤ ਦੇਖਿ ਕਰਿ 'ਨਾਂਹਿ' ਨ ਕੀਜੈ ॥੯॥
ਜਿਸ ਕਿਸ ਸਮੇਂ ਸਾਂਝ ਕੈ ਪ੍ਰਾਤਿ।
ਬਿਨਾ ਬਿਚਾਰੇ ਭੋਜਨ ਦਾਤਿ।
ਊਚ ਨੀਚ ਨਹਿਂ ਪਰਖਹੁ ਜਾਤੀ।
ਦੇ ਕਰਿ ਅੰਨ ਕਰਹੁ ਤ੍ਰਿਪਤਾਤੀ' ॥੧੦॥
ਸ਼੍ਰੀ ਗੁਰ ਅਮਰਦਾਸ ਕੀ ਬਾਨੀ।
ਸ਼ਰਧਾ ਧਰਿ ਉਰ ਤੀਨਹੁਂ ਮਾਨੀ।
ਤੀਨ ਬਿਧਿਨਿ ਕੀਨਸਿ ਉਪਕਾਰਾ।
ਦੇਤਿ[+] ਛੁਧਿਤ ਕੋ ਅਧਿਕ ਅਹਾਰਾ ॥੧੧॥
ਗੁਰ ਕੋ ਸਿੱਖ ਭਏ ਇਸ ਰੀਤਿ।
ਆਵਹਿਂ ਦਰਸ਼ਨ ਕੋ ਧਰਿ ਪ੍ਰੀਤਿ।
ਸੇਵਤਿ ਰਹੇ ਭਗਤਿ ਕੋ ਪਾਇ।
ਅੰਤ ਗੁਰੂ ਢਿਗ ਪਹੁੰਚੇ ਜਾਇ[++] ॥੧੨॥

---

[1]ਇਹ ਤੀਸਰਾ (ਮਨ) ਦਾ ਉਪਕਾਰ ਹੈ।

[2]ਤਿੰਨਾਂ ਉਪਕਾਰਾਂ ਨੂੰ ਫੇਰ ਗਿਣਦੇ ਹਨ-੧. ਪਾਸ ਪਦਾਰਥ ਹੋਣ ਵੇਲੇ ਦਾ ਭਾਵ ਦੇਣਾ, ੨. ਬਾਣੀ ਦਾ ਭਾਵ ਸ਼ੁਭ ਬਚਨ ਆਖੇ, ੩. ਮਨ ਦਾ ਭਾਵ ਕਿ ਬੁਰਾ ਕਿਸੇ ਦਾ ਨਾਂ ਚਾਹੇ।

[+]ਪਾ:-ਦੇਖਿ।

[++]ਏਹ ਦਾਨੇ ਹਕੀਮ ਦੇ ਅੱਡ ਅੱਡ ਰੋਗਾਂ ਦੇ ਅੱਡ ਅੱਡ ਦਾਰੂ ਹਨ। ਏਹ ਤ੍ਰੈਏ ਧਨ ਦੇ ਪਿਆਰੇ ਹੋਸਨ, ਇਨ੍ਹਾਂ ਦੇ ਮਨ ਦੇ ਥਰ ਨੂੰ ਦਇਆ ਦਾਨ ਦਾ ਸੁਭਾਵ ਪਾਕੇ ਪੰਘਾਰਿਆ, ਫਿਰ ਓਹ ਆਉਂਦੇ ਰਹੇ ਤੇ ਭਗਤੀ ਨੂੰ ਪ੍ਰਾਪਤ ਹੋਕੇ ਪਦਮ ਪਦ ਨੂੰ ਅੱਪੜੇ। ਕਲਿਆਣ ਤਾਂ ਨਾਮ ਤੇ ਭਗਤੀ ਨਾਲ ਹੁੰਦੀ ਹੈ, ਦੇਖੋ ਅਗੇ ਇਸੇ ਅੰਸੂ ਦੇ ਅੰਕ ੨੬, ੨੭। ਦਾਨ ਦਇਆ ਆਦਿਕ ਸ਼ੁਭ ਕਰਮ ਹਨ, ਮਨ ਨੂੰ ਨਰਮ ਤੇ ਸਫਾ ਕਰਨ ਵਾਸਤੇ। ਜੋ ਦਾਨ ਹੰਕਾਰ ਨਾਲ ਕੀਤੇ ਜਾਂਦੇ ਹਨ ਓਹ ਇਸ ਤੋਂ ਬੀ ਨੀਵੇਂ ਦਰਜੇ ਦੀ ਨੇਕੀ ਹੈ। ਕਈ ਦਾਨ ਕਪਟ ਬਣਾਕੇ ਕੀਤੇ ਜਾਂਦੇ ਹਨ ਓਹ ਪਾਪ ਹਨ। ਜੋ ਦਾਨ ਗੁਰੂ ਪਰਮੇਸ਼ੁਰ ਨਮਿੱਤ ਕੀਤਾ ਜਾਵੇ ਸੋ ਸ੍ਰੇਸ਼ਟ ਦਾਨ ਹੈ, ਕਿਉਂਕਿ ਉਹ ਨਿਸ਼ਕਾਮ ਹੁੰਦਾ ਹੈ।

ਜੱਗਾ ਸਤਿਗੁਰੁ ਕੇ ਢਿਗ ਆਯੋ।
ਕਰਿ ਦਰਸ਼ਨ ਕੋ ਸੀਸ ਨਿਵਾਯੋ।
ਸਿਖ ਗੁਰ ਕੇ ਗਨ ਦੇਖਿ ਹੁਲਾਸਾ[1]।
ਹਾਥ ਜੋਰਿ ਕਰਿ ਬਾਕ ਪ੍ਰਕਾਸ਼ਾ ॥੧੩॥
'ਮੈਂ ਚਾਹਤਿ ਅਪੁਨੀ ਕੱਲਜਾਨ।
ਮਿਲਯੋ ਏਕ ਦਿਨ ਜੋਗੀ ਆਨਿ।
ਤਿਸ ਆਗੇ ਮੈਂ ਬਿਨੈ ਸੁਨਾਈ।
ਤਬਿ ਐਸੇ ਭਾਖਯੋ ਮੁਝ ਤਾਂਈ ॥੧੪॥
-ਘਰ ਕੁਟੰਬ ਸਨਬੰਧੀ ਸਾਰੇ।
ਬੰਧਨ ਰੂਪ ਸੁ ਲੇਹੁ ਬਿਚਾਰੇ*।
ਤਜਾਗ ਕਰਹੁ ਅਬਿ ਬਨਹੁ ਫਕੀਰ।
ਪੁਨ ਆਵਹੁ ਚਲਿ ਹਮਰੇ ਤੀਰ ॥੧੫॥
ਸ਼੍ਰੇਯ ਹੇਤ ਲਿਹੁ ਮਮ ਉਪਦੇਸ਼ੁ।
ਛੋਰਹੁ ਘਰ ਕੋ ਸਹਤ ਕਲੇਸ਼-।
ਰਾਵਰਿ ਨਿਕਟ ਚਹੋਂ ਮੈਂ ਪੂਛਾ।
ਕਿਮਿ ਹੁਇ ਸ਼੍ਰੇਯ, ਬਨੈ ਉਰ ਸੂਛਾ[2]? ॥੧੬॥
ਕਿਮਿ ਪ੍ਰਾਪਤਿ ਹੁਇ ਭਗਤਿ ਮਹਾਂਨੀ?
ਜਿਸ ਤੇ ਪ੍ਰਾਪਤਿ ਪ੍ਰਭੁ ਨਿਰਬਾਨੀ।'
ਸ਼ਰਧਾ ਜਾਨਿ ਗੁਰੂ ਬਚ ਭਾਖਾ।
'ਘਰ ਤਜਾਗਨਿ ਕੀ ਨਹਿਂ ਕਰਿ ਕਾਂਖਾ ॥੧੭॥
ਜੇ ਘਰ ਤਜੇ ਮਿਲਹਿ ਭਗਵਾਨ।
ਕਯੋਂ ਫਕੀਰ ਪੁਰਿ ਪੁਰਿ ਮਹਿਂ ਆਨ[3]।
ਹਾਟਨਿ ਪਰ ਬਨਕਨਿ ਸੋਂ ਝਗਰੇ[4]।
ਜਾਚਤਿ ਡੋਲਤਿ ਬਾਸੁਰ ਸਗਰੇ[5] ॥੧੮॥
ਗੁਰਮੁਖ ਗ੍ਰਿਹਸਤਿ ਬਿਖੇ ਕਰਿਂ[6] ਭਗਤਿ।
ਪਾਇਂ ਮੁਕਤਿ, ਨਹਿਂ ਜਨਮਤਿ ਜਗਤਿ।

---

[1]ਗੁਰੂ ਕੇ ਬਹੁਤੇ ਸਿੱਖਾਂ ਨੂੰ ਦੇਖਕੇ ਖੁਸ਼ ਹੋਇਆ।
*ਪਾ:-ਨਿਹਾਰੇ।
[2]ਮਨ ਪਵਿੱਤ੍ਰ ਬਣੇ।
[3]ਕਿਉਂ (ਫੇਰ) ਫਕੀਰ ਸ਼ਹਿਰਾਂ ਵਿਚ ਆਉਂਦੇ ਹਨ।
[4]ਬਾਣੀਆਂ ਨਾਲ ਝਗੜਦੇ ਹਨ।
[5]ਮੰਗਦੇ ਫਿਰਦੇ ਹਨ ਸਾਰਾ ਦਿਨ।
[6]ਕਰਦੇ ਹਨ।

ਜਿਮਿ ਜਲ ਮਹਿਂ ਅਲੇਪ ਅਰਬਿੰਦ।
ਰਾਖਹਿ ਊਰਧ ਧਯਾਨ ਦਿਨਿੰਦ[1] ॥੧੯॥
ਤਿਮਿ ਗੁਰ ਸਿੱਖ ਕਿਰਤ ਕੋ ਕਰਤੇ।
ਦੇ ਕਰਿ ਸਤਿਸੰਗਤਿ ਪੁਨ ਬਰਤੇ[2]।
ਹੁਇ ਫਕੀਰ ਜਾਚਤਿ ਜਬਿ ਖਾਇ[3]।
ਜਪ ਤਪ ਨਿਜ ਘਾਟੋ ਤਬਿ ਪਾਇ ॥੨੦॥
ਸੇਵਾ ਕਰਹਿਂ, ਲੇਹਿਂ ਸੋ ਤਿਸ ਤੇ[4]।
ਖਾਨ ਪਾਨ ਨਿਤਿ ਕਰਿਤੋ ਜਿਸ ਤੇ।
ਗ੍ਰਿਸਤੀ ਅਪਨੋ ਪੁੰਨ ਨ ਦੇਤਿ।
ਸੇਵਾ ਠਾਨਿ ਅਪਰ ਤੇ ਲੇਤਿ[5] ॥੨੧॥
ਜਥਾ ਧੇਨੁ ਕੋ ਘਾਸੁ ਖੁਲਾਵੈਂ।
ਤਿਸ ਕੋ ਪਲਟੋ ਪੈ ਪੁਨ ਪਾਵੈਂ[6]।
ਤਿਮਿ ਜੱਗਾ! ਲਿਹੁ ਸਮਝ ਬਿਸਾਲ।
ਗ੍ਰਿਸਤਿ ਧਰਮ ਮੁਖ ਹੈ[7] ਕਲਿਕਾਲ ॥੨੨॥
ਤਨ ਤੇ ਕ੍ਰਿਤਿ ਕਰਹੁ ਸੰਤ ਸੇਵਾ।
ਮਨ ਤੇ ਭਗਤਿ ਕਰਿਹੁ ਹਰਿ ਦੇਵਾ।
ਇਸ ਤੇ ਸ਼ੀਘ੍ਰ ਲਹੈਂ ਕੱਲਯਾਨ।
ਤਜਹੁ ਨ ਸਦਨ ਠਾਨਿ ਗੁਰ ਧਯਾਨ' ॥੨੩॥
ਸੁਨਿ ਕਰਿ ਸੀਖ ਰਿਦੇ ਤਿਨ ਧਾਰੀ।
ਕਿਰਤਿ ਭਗਤਿ ਕਰਨੀ[8] ਸੁਖ ਕਾਰੀ।
ਮਾਨ ਭਲੋ ਤਬਿ ਕਰਿਬੇ ਲਾਗਾ।
ਗੁਰ ਕੀ ਸੇਵ ਲਗਯੋ ਬਡ ਭਾਗਾ ॥੨੪॥
ਖਾਨੂ ਅਰ ਮਾਈਆ[+] ਪਿਤ ਪੂਤ[9]।

---

[1]ਉੱਚਾ ਧਿਆਨ ਸੂਰਜ ਦਾ।
[2]ਵਰਤੇ ਆਪ।
[3]ਮੰਗਕੇ ਜਦੋਂ ਖਾਂਦਾ ਹੈ।
[4]ਸੇਵਾ ਕਰਨ ਵਾਲੇ ਤਿਸ ਤੋਂ ਫਲ ਲੈ ਲੈਂਦੇ ਹਨ।
[5]ਸੇਵਾ ਕਰਕੇ ਹੋਰ ਪਾਸੋਂ ਲੈ ਲੈਂਦਾ ਹੈ (ਪੁੰਨ)।
[6]ਭਾਵ, ਜਿਵੇਂ ਗਾਂ ਨੂੰ ਘਾਹ ਖੁਆਲ ਕੇ ਲੋਕੀਂ ਉਸ ਦਾ ਦੁੱਧ ਚੋ ਲੈਂਦੇ ਹਨ ਤਿਵੇਂ ਨਾਮ ਪ੍ਰੇਮੀ ਦੀ ਸੇਵਾ ਕਰਕੇ ਲੋਕੀਂ ਉਸ ਦੇ ਆਤਮ ਸੁਖ ਦਾ ਹਿੱਸਾ ਵੰਡ ਲੈਂਦੇ ਹਨ।
[7]ਸ੍ਰੇਸ਼ਟ ਹੈ।
[8]ਕਿਰਤ ਵਿਚ ਭਗਤੀ ਕਰਨੀ।
[+]ਪਾ:-ਮੱਈਆ।
[9]ਪਿਉ-ਪੁਤ੍ਰ।

ਕੀਨੋ ਸਤਿਗੁਰ ਦਰਸ਼ਨ ਪੂਤ[1]।
ਤੀਸਰ ਮਿਲਿ ਗੋਵਿੰਦ ਭੰਡਾਰੀ[2]।
ਬਿਨੈ ਕੀਨਿ 'ਹਮ ਸ਼ਰਨ ਤੁਮਾਰੀ ॥੨੫॥
ਐਸੋ ਗੁਨ ਕੀਜਹਿ ਉਪਦੇਸ਼[3]।
ਜਿਸ ਮਹਿਂ ਗੁਣ ਹੁਇਂ ਭਲੇ ਅਸ਼ੇਸ਼[4]।'
ਸੁਨਿ ਸਤਿਗੁਰ ਕਹਿ 'ਬਿਚ ਇਸ ਜਗਤਿ।
ਸਕਲ ਗੁਨਨ ਕੋ ਗੁਨ ਹਰਿ ਭਗਤਿ ॥੨੬॥
ਭਗਤਿ ਕਰਤਿ ਸਗਰੇ ਗੁਣ ਪਾਵੈਂ।
ਗੁਣ ਨਿਧਾਨ ਭਗਵਾਨ ਰਿਝਾਵੈਂ।
ਗੁਣ ਕਰਤਾ ਜਬਿਹੀ ਬਸਿ ਹੋਇ।
ਦੁਰਲਭ ਗੁਨ ਪੁਨ ਰਹੈ ਨ ਕੋਇ' ॥੨੭॥
ਬੂਝਨ ਲਗੇ 'ਭਗਤਿ ਕਿਸੁ ਰੀਤ?
ਕਰਹੁ ਬਤਾਵਨਿ ਉਪਜਹਿ ਪ੍ਰੀਤਿ।'
ਤਬਿ ਸਤਿਗੁਰ ਨੇ ਕਹਜੋ ਬੁਝਾਈ।
'-ਨਵਧਾ ਭਗਤਿ[5]- ਏਕ ਸੁਖਦਾਈ ॥੨੮॥
ਦੂਜੇ -ਪ੍ਰੇਮਾ ਭਗਤਿ- ਬਿਚਾਰੀ।
-ਪਰਾ ਭਗਤਿ- ਤ੍ਰਿਤੀਏ ਨਿਰਧਾਰੀ।
ਪ੍ਰਥਮ ਸੁਨਹੁ ਨਵਧਾ ਕੇ ਭੇਦ।
ਪ੍ਰਾਪਤਿ ਭਏ ਬਿਨਾਸਹਿਂ ਖੇਦ[6] ॥੨੯॥
ਸ਼ਰਧਾ ਸਹਤ ਗੁਰੂ ਕੇ ਬੈਨ।
੧ ਸ਼੍ਰਵਨ ਕਰਹਿ ਸਨਮੁਖ ਮਨ ਨੈਨ।
੨ ਦੁਤੀਏ ਕਥਾ ਕੀਰਤਨੁ ਕਰਨੇ।
ਨੀਕੇ ਪ੍ਰਭੁ ਕੇ ਗੁਨ ਗਨ ਬਰਨੇ ॥੩੦॥
੩ ਤ੍ਰਿਤੀਏ ਸੱਤਿਨਾਮ ਸਿਮਰੰਤੇ।
ਬਿਨਾ ਭਜਨ ਨਹਿਂ ਸਮਾਂ ਬਿਤੰਤੇ।
ਸ੍ਵਾਸਨ ਸੰਗ ਸੁ ਨਾਮ ਮਿਲਾਵੈਂ।
ਊਠਤਿ ਬੈਠਤਿ ਨਹਿਂ ਬਿਸਰਾਵੈਂ ॥੩੧॥

---

[1]ਪਵਿੱਤ੍ਰ।
[2]ਖੱਤ੍ਰੀਆਂ ਦੀ ਇਕ ਜਾਤ ਹੈ।
[3]ਐਸੇ ਗੁਣ ਦਾ ਉਪਦੇਸ਼ ਕਰੋ।
[4]ਕਿ ਜਿਸ ਵਿਚ ਬਾਕੀ (ਦੇ ਸਾਰੇ) ਭਲੇ ਗੁਣ ਆ ਜਾਣ।
[5]ਨੌਂ ਪ੍ਰਕਾਰ ਦੀ ਭਗਤੀ।
[6]ਦੁੱਖ।

੪ ਚੌਥੇ ਸਤਿਗੁਰ ਕੈ ਭਗਵਾਨ।
ਠਾਨਹਿਂ ਚਰਨ ਕਮਲ ਕੋ ਧਯਾਨ।
ਕੈ ਸੰਤਨ ਕੇ ਚਰਨ ਪਖਾਰੈ।
ਸ਼ਰਧਾ ਤੇ ਚਰਨਾਂਮ੍ਰਿਤ ਧਾਰੈ ॥੩੨॥

੫ ਪੰਚਮਿ ਕਰਹਿ ਅਹਾਰ ਭਲੇਰੇ।
ਪ੍ਰਥਮ ਅਰਪਿ ਹਰਿ ਗੁਰੂ ਅਗੇਰੇ।
ਜਥਾ ਸ਼ਕਤਿ ਸੰਤਨ ਅਚਵਾਵੈ।
ਵਸਤ੍ਰ ਸ਼ਰੀਰ ਸਾਧ ਪਹਿਰਾਵੈ ॥੩੩॥

੬ ਖਸ਼ਟਮਿ ਪ੍ਰਭੁ ਗੁਰ ਕੈ ਗੁਰਦਵਾਰੇ।
ਬੰਦਨ ਕਰਹਿ ਪ੍ਰਦਛਨਾ ਧਾਰੇ।
ਧੂਪ ਦੀਪ ਚੰਦਨ ਚਰਚਾਵੈ।
ਫ਼ੂਲਨ ਆਨਿ[1] ਸੁਗੰਧਿ ਚਢਾਵੈ ॥੩੪॥

੭ ਸਪਤਮਿ ਦਾਸੁ ਆਪ ਕੋ ਜਾਨੈ।
ਪਰਮੇਸ਼੍ਵਰ ਸ੍ਵਾਮੀ ਪਹਿਚਾਨੈ।
ਤਨ ਮਨ ਧਨ ਜਾਨੈ ਪ੍ਰਭੁ ਦਾਨ[2]।
ਸਤੀ ਨਾਰ ਸਮ ਪਤਿ ਭਗਵਾਨ[3] ॥੩੫॥

੮ ਅਸ਼ਟਮਿ ਮਿੱਤ੍ਰ ਲਖੈ ਸ੍ਰੀ ਪਤਿ ਕੌ[4]।
ਨਹੀਂ ਭੁਲਾਵੈ ਅਪਨੇ ਚਿਤ ਕੋ।
ਜੋ ਕਛੁ ਕਰਹਿ ਭਲੀ ਮਮ ਜਾਨੈ।
ਨਹੀਂ ਤਰਕਨਾ[5] ਤਿਸ ਪਰ ਠਾਨੈ ॥੩੬॥
ਜਥਾ ਸਖਾ ਕੀ ਕ੍ਰਿੱਤਿ ਲਖੰਤਾ।
-ਕਰਹਿ ਜੁ ਕਛੁ ਮਮ ਭਲਾ ਕਰੰਤਾ[6]-।
ਤਿਮਿ ਪ੍ਰਭੁ ਮਿੱਤ੍ਰ ਕਿਰਤ ਕੋ ਹੇਰੈ।
-ਜੋ ਕਿਛੁ ਕਰੈ ਭਲੀ ਸੋ ਮੇਰੈ-* ॥੩੭॥

੯ ਨੌਮੀ ਤਨ ਧਨ ਪ੍ਰਭੁ ਅਰਪਾਇ।

---

[1]ਲਿਆ ਕਰਕੇ।
[2]ਪ੍ਰਭੂ ਦਾ ਦਿੱਤਾ।
[3]ਪਤਿੱਬ੍ਰਤ ਇਸਤ੍ਰੀ ਵਾਂਗ ਪਰਮੇਸ਼ੁਰ ਨੂੰ ਪਤੀ (ਜਾਣੈ)।
[4]ਪਰਮਾਤਮਾ ਨੂੰ।
[5]ਹੁੱਜਤ।
[6]ਜਿਵੇਂ ਮਿੱਤ੍ਰ (ਮਿੱਤ੍ਰ ਦੀ) ਕੀਤੀ ਨੂੰ ਦੇਖਦਾ ਹੈ, (ਕਿ ਇਹ) ਜੋ ਕੁਛ ਕਰਦਾ ਹੈ ਮੇਰਾ ਭਲਾ ਕਰਦਾ ਹੈ।
*ਯਥਾ ਗੁਰ ਵਾਕ: ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ ॥੧॥ [ਗਉੜੀ ਮਃ ੫]

ਅਪਨੋ ਕਛੂ ਨ ਲਖਹਿ ਕਦਾਇ।
ਮਮਤਾ ਤਜਹਿ ਪਦਾਰਥ ਕੇਰੀ।
ਹਰਿਕੇ ਜਾਨਿ ਨ[+] ਸੁਖ ਦੁਖ ਹੇਰੀ[1] ॥੩੮॥
ਨਵਧਾ ਭਗਤਿ ਕਹੀ ਇਹੁ ਜੋਇ।
ਜੇ ਕਰਿ ਇਕ ਭੀ ਪ੍ਰਾਪਤਿ ਹੋਇ।
ਤੌ ਉਧਾਰ ਜਨ ਕੋ ਕਰਿ ਦੇਤਿ।
ਕਜਾ ਸੰਸੈ ਹੁਇ ਸਰਬ ਸਮੇਤ[2] ॥੩੯॥
ਅਪਰ ਸੁਨਹੁ ਜਸ[3] -ਪ੍ਰੇਮਾ ਭਗਤਿ-।
ਜਿਹ ਸਮ ਅਪਰ ਨ ਸੁਖ ਦੇ ਜਗਤ।
ਤਰੁਵਰ ਫਲ ਪੂਰਬ ਹੁਇ ਸਾਵਾ[4]।
ਸ੍ਵਾਦ ਬਿਖੈ ਕੌਰਾ ਲਖਿ ਪਾਵਾ[5] ॥੪੦॥
ਪੁਨ ਪੀਰੋ ਤਬ ਲਹਿ ਤੁਰਸ਼ਾਈ[6]।
ਬ੍ਰਿੱਛ ਬੀਚ ਤੇ ਲੇ ਰਸੁ ਪਾਈ।
ਪੁਨ ਪਾਕੋ ਹੋਵਹਿ ਰੰਗੁ ਲਾਲ।
ਸ੍ਵਾਦ ਪਾਇ ਸੋ ਮਧੁਰ ਬਿਸਾਲ ॥੪੧॥
ਤਿਮਿ ਪਰਮੇਸ਼ੁਰ ਪ੍ਰੇਮੀ ਹੋਇ।
ਤਿਨ ਕੇ ਲੱਛਨ ਇਸ ਬਿਧਿ ਜੋਇ।
ਪ੍ਰਥਮੈ ਰੁਦਨ ਕਰਤਿ ਚਿਤ ਚਾਹੈ।
ਪ੍ਰੀਤਮ ਦਰਸ਼ਨ ਧਰਤਿ ਉਮਾਹੈ[7] ॥੪੨॥
-ਬਿਛਰੇ ਹਮ- ਯਾਂ ਤੇ ਦੁਖ ਪਾਵੈ।
ਦੀਰਘ ਸ੍ਵਾਸਨਿ ਲੇ ਪਛੁਤਾਵੈ।
ਰੋਮੰਚਤਿ[8] ਹੁਇ ਗਦ ਗਦ ਬਾਨੀ।
ਕਬਿ ਗੁਨ ਗਾਇ, ਕਿ[9] ਤੂਸ਼ਨ ਠਾਨੀ ॥੪੩॥
ਤਬਿ ਮੁਖ ਕੋ ਸਾਵਾ ਹੁਇ ਰੰਗ।

[+]ਪਾ:-ਜਨ ਨ।
[1]ਹਰੀ ਦੇ ਜਾਣ ਕੇ (ਉਨ੍ਹਾਂ ਦੀ ਪ੍ਰਾਪਤੀ ਤੇ ਵਿਯੋਗ ਤੇ) ਸੁਖ ਦੁਖ ਨਾ ਦੇਖੇਗਾ।
[2]ਸਾਰੀ (ਭਾਵ ਨੌਂ ਪ੍ਰਕਾਰ ਦੀ ਭਗਤੀ) ਸਮੇਤ ਹੋਵੇ ਤਾਂ ਸੰਸਾ ਹੀ ਕਿਆ ਹੈ।
[3]ਜਿਵੇਂ।
[4]ਪਹਿਲੇ ਹਰਾ ਹੁੰਦਾ ਹੈ।
[5]ਜਾਣੀਦਾ ਹੈ।
[6]ਖਟਿਆਈ।
[7]ਰਖਦਾ ਹੈ ਉਤਸ਼ਾਹ।
[8]ਰੋਮ ਖੜੇ ਹੋ ਜਾਂਦੇ ਹਨ।
[9]ਅਥਵਾ।

ਸੁਧਿ ਭੂਲਹਿ ਸਭਿ ਆਦਿਕ ਅੰਗ[1]।
ਜਜੋਂ ਜਜੋਂ ਵਧ ਹੈ ਪ੍ਰੇਮ ਬਡੇਰਾ।
ਤਜੋਂ ਤਜੋਂ ਹੋਤਿ ਅਹਾਰ ਛੁਟੇਰਾ[2] ॥੪੪॥
ਭੂਖ ਪਜਾਸ ਕੀ ਗਮ[3] ਹੁਇ ਥੋਰੀ।
ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ[4]।
ਬ੍ਰਿਹੁ ਤੇ ਵਧਹਿ ਬਿਖਾਦ ਅਧੀਰਾ[5]।
ਬਦਨ ਬਰਨ[6] ਹੁਇ ਆਵਤਿ ਪੀਰਾ[7] ॥੪੫॥
ਪਜਾਰੇ ਕੀ ਜੇ ਬਾਤ ਬਤਾਵਹਿਂ।
ਅਸ[8] ਸੰਤਨ ਕੇ ਨਿਕਟ ਸਿਧਾਵਹਿ।
ਸੁਨਿ ਪਿਖਿ ਕੈ ਪ੍ਰਿਯ ਮਿਲਨਿ ਨਿਸ਼ਾਨੀ।
ਨਿਕਟ ਜਾਨਿ ਹੁਇ[9] ਪ੍ਰੀਤ ਮਹਾਨੀ ॥੪੬॥
ਸੰਤ ਸੰਗ ਜਬਿ ਵਧਜੋ ਵਧੇਰਾ।
ਪੂਰਨ ਪ੍ਰਭੂ ਸਰਬ ਮੈਂ ਹੇਰਾ।
ਤਬਿ ਮੁਖ ਲਾਲ ਰੰਗ ਦ੍ਰਿਸ਼ਟਾਵੈ।
ਤ੍ਰਿਪਤਿ ਹੋਇ ਮਨ ਕਿਤਹੁੰ ਨ ਧਾਵੈ ॥੪੭॥
ਸ਼ਾਂਤਿ ਮਧੁਰਤਾ[10] ਤਬਿ ਹੁਇ ਆਈ।
ਅੰਤਰ ਬ੍ਰਿਤੀ ਸਥਿਰਤਾ ਪਾਈ।
ਦਿਢ ਅੱਭਜਾਸ ਗਜਾਨ ਮਨਿ ਲਾਵਹਿ।
-ਪਰਾਭਗਤਿ[11]- ਉਤਪਤਿ ਹੁਇ ਆਵਹਿ ॥੪੮॥
ਅਪਨਿ ਸਰੂਪ ਨਿਹਾਰਨ ਚਾਹਾ।
ਈਸ਼ੁਰ ਜੀਵ ਅਭੇਦ ਉਪਾਹਾ[12]।
ਸਤਿ ਚੇਤਨ ਆਨਦ ਬ੍ਰਹਮ ਰੂਪ।

---

[1]ਅੰਗ ਆਦਿਕਾਂ ਦੀ ਸਭਿ ਸੋਝੀ।
[2]ਥੋੜਾ।
[3]ਚਿੰਤਾ।
[4]ਪ੍ਰੇਮ ਵਿਚ ਬੁੱਧੀ ਡੁਬੀ ਹੋਈ।
[5]ਦੁੱਖ ਤੇ ਅਧੀਰਜ।
[6]ਮੁਖ ਦਾ ਰੰਗ।
[7]ਪੀਲਾ।
[8]ਇਹੋ ਜਿਹੇ।
[9](ਪਰਮੇਸ਼ਰ ਨੂੰ) ਨੇੜੇ ਜਾਣ ਕੇ ਹੁੰਦੀ ਹੈ।
[10]ਸ਼ਾਂਤੀ ਰੂਪ ਮਿਠਾਸ।
[11]ਉਹ ਭਗਤੀ ਜੋ ਦ੍ਰਿਸ਼ਟਮਾਨ ਤੋਂ ਚੱਕਕੇ ਦ੍ਰਿਸ਼ਟਾ ਵਿਚ ਲੈ ਜਾਵੇ, ਵਾਹਿਗੁਰੂ ਮਿਲਾਪ ਪ੍ਰਾਪਤ ਅਵਸਥਾ।
[12]ਪਾਇ ਲਾਇਆ [ਸੰਸ: ਉਪਾਹਤ = ਮਿਲ ਗਿਆ]।

ਨਭ ਸਮ ਬਜਾਪਜੋ ਚਲਤਿ ਅਨੂਪ[1] ॥੪੯॥
ਇਸ ਪ੍ਰਕਾਰ ਜੇ ਭਗਤਿ ਕਮਾਵੈ।
ਇਕਤਾ ਬ੍ਰਹਮ ਰੂਪ[2] ਹੁਇ ਜਾਵੈ[*]।'
ਤੀਨਹੁ ਸੁਨ ਕੈ ਭਏ ਅਨੰਦ।
ਖਾਨੂ ਮਾਈਆ ਅਰੁ ਗੋਬਿੰਦ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕੋਨਦੱਤ੍ਵਾਰਿੰਸਤੀ ਅੰਸੂ ॥੩੯॥

---

[1]ਅਕਾਸ਼ ਸਮ ਪਰੀਪੂਰਨ ਹੈ। ਤੇ (ਜਿਸ ਦੇ) ਅਨੂਪਮ ਕੌਤਕ ਹਨ।

[2]ਬ੍ਰਹਮ ਨਾਲ ਇਕ ਰੂਪਤਾ।

[*]ਕਰਨੀ ਤੇ ਭਗਤੀ ਦਾ ਜ਼ਿਕਰ ਕਰਕੇ ਜਿਡੀ ਛੇਤੀ ਗਿਆਨ ਦਾ ਕਥਨ ਆ ਜਾਂਦਾ ਹੈ, ਸਾਧਨ ਕਰਨ ਲਗਿਆਂ ਪ੍ਰਾਪਤੀ ਏਡੀ ਸੌਖੀ ਤੇ ਛੇਤੀ ਨਹੀਂ। ਭਾਈ ਗੁਰਦਾਸ ਜੀ ਦੀ ਬਾਣੀ ਤੋਂ ਪਤਾ ਚਲਦਾ ਹੈ ਕਿ ਮੁਰਦੇ ਦਿਲਾਂ ਵਿਚ ਜੀਅਦਾਨ ਦੀ ਜੀਉਂਦੀ ਕਣੀ ਪਾਕੇ ਜਿਵਾਲ ਦੇਣਾ ਇਹ ਦਾਨ ਸਤਿਗੁਰੂ ਦੇ ਘਰ ਦਾ ਹੈ। ਬਾਕੀ ਨਿਰੇ ਲੇਖੇ ਪੱਤੇ ਮੁਰਦੇ ਦਿਲਾਂ ਨੂੰ ਬੀ ਆਉਂਦੇ ਸਨ, ਸਤਿਗੁਰੂ ਜੀ ਤਾਂ ਨਾਮ ਦੀ ਅਮੁੱਲਜ ਛਹੁ ਲਾਕੇ ਜੀਅਦਾਨ ਦੇਂਦੇ ਸਨ, ਨਾਮ ਫਿਰ ਆਪ ਹੀ ਪਰਮਪਦ ਵਲ ਲਈ ਜਾਂਦਾ ਸੀ। ਵਾਚਜ ਗਯਾਨ ਤੇ ਕਥਨੀ ਕਹਿਣ ਦਾ ਵੇਦਾਂਤ ਕੋਈ ਅਨੋਖੀ ਤੇ ਕੀਮਤੀ ਸ਼ੈ ਨਹੀਂ ਹਨ। ਅਮਲੀ ਜੀਵਨ ਤੇ ਅਨੁਭਵ ਦਾ ਜੀਵਨ, ਗੁਰੂ ਕੀ ਦਾਤ ਸੀ।

੪੦. [ਜੋਧ ਰਸੋਈਆ। ਪ੍ਰਿਥੀ ਮਲ। ਤੁਲਸਾ। ਮੱਲਣ। ਉੱਗਰ ਸੈਨ। ਰਾਮੂ। ਦੀਪਾ। ਗੋਪੀ। ਰਾਮੂ ਮਹਿਤਾ। ਮੋਹਣ ਮਲ। ਅਮਰੂ। ਗੰਗੂ। ਸਹਾਰੂ। ਖਾਨ ਛੁਰਾ। ਬੇਗਾ ਪਾਸੀ। ਨੰਦੂ ਸੂਦਨਾ। ਉਗਰੂ। ਤਾਰੂ। ਝੰਡਾ। ਪੂਰੋ। ਮਲਜਾਰ। ਸਹਾਰੂ ਛੀਂਬਾ। ਬੂਲਾ ਪਾਂਧਾ। ਤੇ ਡੱਲੇ ਵਾਸੀ ਸਿੱਖਾਂ ਨੂੰ ਉਪਦੇਸ਼।]

੩੯<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੧

ਦੋਹਰਾ: ਜੋਧ ਰਸੋਈਆ ਦੇਗ ਮਹਿਂ,
ਗੁਰ ਹਿਤ ਕਰਤਿ ਅਹਾਰ[1]।
ਬਿੱਪ੍ਰ ਜਾਤਿ ਸੇਵਾ ਕਰੇ,
ਉਰ ਹੰਕਾਰ ਨਿਵਾਰਿ ॥੧॥

ਚੌਪਈ: ਧਨ ਆਦਿਕ ਜੇ ਸਿਖ ਗਨ ਲਜਾਵੈਂ।
ਭੇਟ ਧਰਹਿਂ ਸਤਿਗੁਰੂ ਮਨਾਵੈਂ।
ਸੋ ਸਭਿ ਜੋਧ ਰਸੋਈਆ ਲੇਤਿ।
ਲੰਗਰ ਪਰ ਲਗਾਇ ਕਰਿ ਦੇਤਿ ॥੨॥
ਇਕ ਦਿਨ ਮਹਿਂ ਜੇਤੋ ਲਗ ਜਾਇ।
ਤਿਤਿਕ ਲੇਤਿ, ਲੰਗਰ ਮਹਿਂ ਲਾਇ।
ਦਿਨ ਅਗਲੇ ਹਿਤ ਰਹਨਿ ਨ ਪਾਵੈ।
ਵਧਹਿ ਜਿ ਪਸੂਅਨ ਵਹਿਰ ਖੁਵਾਵੈ ॥੩॥
ਨਾਂਹਿ ਤ ਸਰਿਤਾ ਮਾਂਹਿ ਗਿਰਾਵੈ।
ਜਲ ਗਾਗਰ ਤੇ ਸਕਲ ਡੁਲ੍ਹਾਵੈ।
ਨੀਰ ਆਦਿ ਹਿਤ ਪ੍ਰਾਤਿ[2] ਨ ਧਰੈ।
ਕਹਾਂ ਅੰਨਕੀ ਗਿਨਤੀ ਕਰੈਂ ॥੪॥
ਇਮਿ ਗੁਰ ਹੁਕਮ ਸੁ ਬਰਤਹਿ ਜੋਧ।
ਲੰਗਰ ਕਾਰ ਕਰਹਿ ਹਿਤ ਬੋਧ[3]।
ਪਾਛੇ ਕੁਛ ਭੋਜਨ ਰਹਿ ਜਾਇ।
ਬਿਨਾ ਸ੍ਵਾਦ ਤੇ ਖਾਇ, ਬਿਤਾਇ[4] ॥੫॥
ਗੁਰ ਕੇ ਸਿੱਖ ਜਾਨਿ ਸਮੁਦਾਈ।
ਸਭਿ ਕੀ ਸੇਵਾ ਕਰਹਿ ਬਨਾਈ।
ਜੋ ਜਿਸ ਕਾਲ ਪੁਰੀ ਮਹਿਂ ਆਵੈ।

---

[1]ਬਣਾਉਂਦਾ ਹੁੰਦਾ ਸੀ ਭੋਜਨ।
[2]ਸਵੇਰ ਲਈ।
[3]ਪ੍ਰੇਮ (ਨਾਲ ਤੇ) ਅਕਲ (ਨਾਲ) ਲੰਗਰ ਦੀ ਕਾਰ ਕਰਦਾ ਹੈ। (ਅ) ਲੰਗਰ ਦੀ ਸੇਵਾ ਕਰਦਾ ਹੈ ਵਾਹਿਗੁਰੂ ਗਿਆਨ ਦੀ ਪ੍ਰਾਪਤੀ ਲਈ।
[4]ਖਾਕੇ ਦਿਨ ਬਿਤਾਉਂਦਾ ਹੈ (ਜੋਧ)।

ਤਬਿ ਕਰਿ ਤਜਾਰ ਅਹਾਰ ਅਚਾਵੈ ॥੬॥
ਨਹਿਂ ਆਲਸ ਕੋ ਦਿਜਿਬਰ[1] ਕਰੈ।
ਆਇ ਛੁਧਿਤਿ ਕੀ ਛੁਧਾ ਸੁ ਹਰੈ।
ਦੇਖਿ ਸੇਵ ਰੀਝੇ ਗੁਰਦੇਵ।
ਸੱਤਿਨਾਮ ਦੇ ਗਜ਼ਾਨ ਕਰੇਵ[2] ॥੭॥
ਜਨਮ ਮਰਨ ਕੋ ਦੁੱਖ ਨਿਵਾਰਾ।
ਪਾਯੋ ਪਦ ਜਹਿਂ ਅਨੰਦ ਉਦਾਰਾ।
ਏਕ ਬਾਰ ਗੇ ਸਹਿਜ ਸੁਭਾਇ।
ਡੱਲੇ ਗ੍ਰਾਮ ਬਿਖੇ ਸੁਖਦਾਇ[3] ॥੮॥
ਪ੍ਰਿਥੀਮੱਲ ਅਰ ਤੁਲਸਾ ਦੋਇ।
ਹੁਤੇ ਜਾਤ ਕੇ ਭੱਲੇ ਸੋਇ।
ਸੁਨਿ ਦਰਸ਼ਨ ਕੋ ਤਬਿ ਚਲਿ ਆਏ।
ਨਮੋ ਕਰੀ ਬੈਠੇ ਢਿਗ ਥਾਏ ॥੯॥
ਉਰ ਹੰਕਾਰੀ[4] ਗਿਰਾ ਉਚਾਰੀ।
'ਏਕੋ ਜਾਤਿ ਹਮਾਰ ਤੁਮਾਰੀ।'
ਸ਼੍ਰੀ ਗੁਰ ਅਮਰ ਭਨਯੋ ਸੁਨਿ ਸੋਇ।
'ਜਾਤਿ ਪਾਤ ਗੁਰ ਕੀ ਨਹਿਂ ਕੋਇ ॥੧੦॥
ਉਪਜਹਿਂ ਜੇ ਸਰੀਰ[5] ਜਗ ਮਾਂਹੀ।
ਇਨ ਕੀ ਜਾਤਿ ਸਾਚ ਸੋ ਨਾਂਹੀ।
ਬਿਨਸਿ ਜਾਤ ਇਹੁ[6] ਜਰਜਰਿ ਹੋਇ[7]।
ਆਗੇ ਜਾਤਿ ਜਾਤ ਨਹਿਂ ਕੋਇ ॥੧੧॥

ਸ੍ਰੀ ਮੁਖਵਾਕ:
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

ਇਮ ਸ਼੍ਰੀ ਨਾਨਕ ਬਾਕ ਉਚਾਰਾ।
ਆਗੇ ਜਾਤ ਨ ਜੋਰ ਸਿਧਾਰਾ[8]।

---

[1](ਇਹ) ਚੰਗਾ ਬ੍ਰਾਹਮਣ।
[2]ਕਰਾ ਦਿੱਤਾ।
[3]ਭਾਵ ਸ਼੍ਰੀ ਗੁਰੂ ਜੀ।
[4]ਦਿਲ ਦੇ ਹੰਕਾਰੀਆਂ ਨੇ।
[5]ਜੋ ਸਰੀਰ ਪੈਦਾ ਹੁੰਦੇ ਹੈਨ।
[6]ਭਾਵ ਸਰੀਰ।
[7]ਭਾਵ ਸਰੀਰ ਬੁੱਢੇ ਹੋ ਕੇ ਬਿਨਸ ਜਾਂਦੇ ਹਨ।
[8]ਅੱਗੇ ਜਾਤ ਤੇ ਜੋਰ ਨਹੀਂ ਜਾਂਦੇ।

ਉਪਜੈਂ ਤਨ ਇਤ ਹੀ[1] ਬਿਨਸੰਤੇ।
ਆਗੇ ਸੰਗ ਨ ਕਿਸੇ ਚਲੰਤੇ ॥੧੨॥
ਸਿਮਰਜੋ ਜਿਨ ਸਤਿਨਾਮ ਸਦੀਵਾ[2]।
ਸਿੱਖਨ ਸੇਵ ਕਰੀ ਮਨ ਨੀਵਾ।
ਤਿਨ ਕੀ ਪਤਿ ਲੇਖੇ ਪਰ ਜਾਇ।
ਜਾਤਿ ਕੁਜਾਤਿ ਨ ਪਰਖਹਿਂ ਕਾਇ' ॥੧੩॥
ਮੱਲਣ[3] ਆਨਿ ਪਰਜੋ ਗੁਰ ਸ਼ਰਨੀ।
ਕਰਿ ਬੰਦਨ ਪਦ, ਬਿਨਤੀ ਬਰਨੀ।
'ਮੋ ਕਹੁ ਕੁਛ ਦੀਜਹਿ ਉਪਦੇਸ਼।
ਜਿਸ ਤੇ ਮਿਟੈਂ ਕਲੇਸ਼ ਅਸ਼ੇਸ਼' ॥੧੪॥
ਸਤਿਗੁਰ ਕਹਯੋ 'ਤਜਾਗ ਹੰਕਾਰਾ।
ਸੰਤਨ ਸੇਵੋ ਹੋਹਿਂ ਸੁਖਾਰਾ।
ਸ਼ਰਧਾ ਧਰਿ ਅਹਾਰ ਕਰਿਵਾਵਹੁ।
ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ[4] ॥੧੫॥
ਬਸਤ੍ਰ ਬਨਾਇ ਗੁਰਨ ਹਿਤ ਦੇਹੋ।
ਛੁਧਤਿ ਨਗਨ ਤੇ ਆਸ਼ਿਖ ਲੇਹੋ[5]।
ਸੱਤਿਨਾਮ ਸਿਮਰਹੁ ਤਜਿ ਕਾਨ[6]।
ਹੋਹਿ ਅੰਤ ਕੋ ਤੁਵ ਕੱਲਜਾਨ' ॥੧੬॥
ਸੁਨਿ ਗੁਰ ਬਚ ਤੇ ਕਰਨ ਸੁ ਲਾਗਯੋ।
ਸੰਤਨ ਸੇਵ ਬਿਖੈ ਅਨੁਰਾਗਯੋ।
ਉੱਗ੍ਰਸੈਨ ਅਰੁ ਰਾਮੂ ਦੀਪਾ।
ਆਇ ਨਗੌਰੀ ਗੁਰੂ ਸਮੀਪਾ ॥੧੭॥
ਕਰਿ ਬੰਦਨ ਬੂਝਯੋ ਉਪਦੇਸ਼।
ਗੁਰ ਬੋਲੇ ਕਰਿ ਕ੍ਰਿਪਾ ਵਿਸ਼ੇਸ਼।
'ਸਿਖ ਜਿਸ ਸਮੇਂ ਆਇ ਕਰਿ ਮਿਲੇ।
ਦੇਹੁ ਤਜਾਰ ਕਰਿ ਭੋਜਨ ਭਲੇ ॥੧੮॥
ਅੰਮ੍ਰਿਤ ਵੇਲਾ ਕਰਿਹੁ ਸ਼ਨਾਨ।

---

[1]ਇੱਥੇ ਹੀ।
[2]ਲਗਾਤਾਰ।
[3]ਨਾਮ ਹੈ।
[4]ਪ੍ਰੀਤ ਨਾਲ (ਛਕਾ ਕੇ ਭੋਜਨ) ਰਜਾਓ।
[5]ਅਸ਼ੀਰਬਾਦ ਲਓ।
[6]ਕਨੌਡ।

ਗੁਰ ਕੋ ਸ਼ਬਦ ਪਠਹੁ ਕਰਿ ਧਯਾਨ।
ਅਰਥ ਬਿਚਾਰ ਉਚਾਰਨ ਕਰੀਅਹਿ*।
ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ+ ॥੧੯॥
ਚਤੁਰ ਘਟੀ ਸਭਿ ਕਾਜ ਬਿਸਾਰਹੁ।
ਅਰਥ ਸੁਨਹੁ ਕੈ ਆਪ ਉਚਾਰਹੁ।
ਸਲਿਤਾ ਮਹਿਂ ਨੌਕਾ ਬਹੁ ਭਰੀਯਤਿ।
ਚਤੁਰੰਗਲ ਜਲ ਵਹਿਰ ਨਿਹਰੀਯਤਿ[1] ॥੨੦॥
ਭਰੀ ਭਾਰ ਸੋਂ ਉਤਰਹਿ ਪਾਰ[2]।
ਤਿਮਿ ਜਗ ਕਾਰਜ ਕੇ ਬਿਵਹਾਰ।
ਨਿਸ ਦਿਨ ਕਰਿਹੁ ਧਰਮ ਕੀ ਕਿਰਤਿ।
ਚਤੁਰ ਘਟੀ ਦਿਹੁ ਗੁਰ ਮਹਿਂ ਬਿਰਤਿ[3] ॥੨੧॥
ਸਭਿ ਕਾਰਜ ਜੁਤਿ ਹੁਇ ਕੱਲਯਾਨ।
ਪ੍ਰਭੂ ਪ੍ਰਸੀਦਹਿਂ ਪ੍ਰੇਮ ਮਹਾਨ[4]।
ਸਗਰੇ ਕਾਰਜ ਗੁਰੂ ਸਵਾਰੈ।
ਹਲਤ ਪਲਤ ਮਹਿਂ ਕਬਹੁਂ ਨ ਹਾਰੈ[5] ॥੨੨॥
ਗੁਰੂ ਸ਼ਬਦ ਕੋ ਕਰਿਹੁ ਬਿਚਾਰੁ।
ਇਕ ਚਿਤ ਹੁਇ ਕਰਿ ਨਾਮ ਉਚਾਰੁ++।'
ਸੁਨਿ ਉਪਦੇਸ਼ ਰਿਦੈ ਸ਼ੁਭ ਧਾਰਾ।
ਗੁਰ ਸਿੱਖ ਹੁਇ ਕਰਿ ਜਨਮ ਸੁਧਾਰਾ ॥੨੩॥
ਗੋਪੀ ਦੂਸਰ ਰਾਮੂ ਮਹਿਤਾ।

---

*ਪਾ:-ਕਰੀਅਹੁ।

+ਪਾ:-ਧਰੀਅਹੁ।

[1]ਨਦੀ ਵਿਚ ਬੇੜੀ ਬਹੁਤ (ਜੀਵਾਂ ਨਾਲ) ਭਰੀ ਹੋਈ ਹੁੰਦੀ ਹੈ, (ਪਰ) ਚਾਰ ਉਂਗਲ ਜਲ ਤੋਂ ਬਾਹਰ ਦੇਖੀ ਦੀ ਹੈ। (ਜੇ ਬੇੜੀ ਜਲ ਤੋਂ ਚਾਰ ਉਂਗਲਾਂ ਬੀ ਬਾਹਰ ਨਾ ਰਹੇ ਤਾਂ ਡੁਬ ਜਾਂਦੀ ਹੈ, ਭਾਵ ਇਹ ਕਿ ਆਪਣੇ ਮਨ ਨੂੰ ਚਾਰ ਘੜੀ ਤਾਂ ਜਗਤ ਜੰਜਾਲਾਂ ਤੋਂ ਬਾਹਰ ਰੱਖ ਕੇ ਵਾਹਿਗੁਰੂ ਜੀ ਨੂੰ ਸਿਮਰੋ, ਸਾਰਾ ਵਕਤ ਗਰਕ ਰਿਹਾਂ, ਡੁਬ ਮਰੋਗੇ)।

[2](ਚਾਰ ਉਂਗਲ ਜਲ ਤੋਂ ਬਾਹਰ ਰਹੀ ਬੇੜੀ) ਭਾਰ ਨਾਲ ਭਰੀ ਹੋਈ ਬੀ ਪਾਰ ਹੋ ਜਾਂਦੀ ਹੈ।

[3](ਮਨ ਦੀ) ਬ੍ਰਿਤਿ।

[4]ਪ੍ਰਸੰਨ ਹੋਵੇਗਾ ਅਤਿਸ਼ੈ ਪ੍ਰੇਮ (ਦੇਖਕੇ)।

[5]ਨਾ ਹਾਰ ਹੋਵੇਗੀ।

(ਅ) ਗੁਰੂ ਕਦੇ ਹਾਰ ਨਹੀਂ ਦੇਵੇਗਾ।

++ਚਾਰ ਘੜੀ ਦਾ ਉਪਦੇਸ਼ ਉਹਨਾਂ ਨੂੰ ਦਿੱਤਾ ਹੈ ਜੋ ਅਠੇ ਪਹਿਰ ਗ਼ਾਫਲੀ ਵਿਚ ਡੁੱਬੇ ਹੋਏ ਸਨ ਤਾਕਿ ਅੰਮ੍ਰਿਤ ਵੇਲਾ ਰੱਬ ਵੱਲ ਲਾਉਣ।

ਇਸ ਦਾ ਅਤਯੰਤ ਲਾਭ ਹੈ, ਸਾਰਾ ਦਿਨ ਅਸਰ ਜਾਰੀ ਰਹਿੰਦਾ ਹੈ। ਫਿਰ ਸਤਿਸੰਗ ਪ੍ਰਾਪਤ ਪੁਰਖ ਸਹਿਜੇ ਸਹਿਜੇ ਸ੍ਵਾਸ ਸਿਮਰਨ ਵਿਚ ਆ ਜਾਂਦੇ ਹਨ।

ਮੋਹਣ ਮਲ ਅਮਰੂ ਕੇ ਸਹਿਤਾ।
ਚਾਰਹੁਂ ਆਇ ਲਗੇ ਗੁਰ ਚਰਨੀ।
ਕਰ ਜੋਰਤਿ, ਕਹਿਂ 'ਰਾਖਹੁ ਸ਼ਰਨੀ ॥੨੪॥
ਬਿਰਦ ਗ਼ਰੀਬ ਨਿਵਾਜ ਤੁਮਾਰਾ।
ਉਪਦੇਸ਼ਹੁ ਜਿਮਿ ਹੋਹਿ ਉਧਾਰਾ।'
ਸ਼੍ਰੀ ਗੁਰ ਅਮਰਦਾਸ ਤਬਿ ਕਹਜੋ।
'ਹਉਮੈਂ ਕਰਿ ਬੰਧਨ* ਕੋ ਲਹਜੋ ॥੨੫॥
ਅਣਹੋਵਤਿ ਹੀ ਇਹੁ ਬਨਿਆਈ।
ਬੁਰੀ ਬਲਾਇ ਸਭਿਨਿ ਲਪਟਾਈ।
ਪਰਮੇਸ਼ੁਰ ਕਹੁ ਦੇਤਿ ਭੁਲਾਇ।
ਅਨਹੋਵਤਿ ਦੁਖ ਦੇ ਸਮੁਦਾਇ ॥੨੬॥
ਯਾਂ ਤੇ ਇਸ ਕੋ ਦੀਜਹਿ ਤਜਾਗੇ।
ਪ੍ਰਭੁ ਕੇ ਸੰਗ ਗੰਢ[1] ਤਬਿ ਲਾਗੇ।'
[2]ਚਾਰਹੁਂ ਸੁਨਿ ਪੁਨਿ ਸਤਿਗੁਰ ਪੂਛੇ।
'ਕਿਮਿ ਇਸ ਤੇ ਹਮ ਹੋਵਹਿਂ ਛੂਛੇ?' ॥੨੭॥
ਕਹਜੋ ਕਿ 'ਜਾਨਹੁ ਤਨ ਕੋ ਕੂਰਾ।
ਬਿਨਸੈ ਹੋਇ ਸਮਾਂ ਜਬਿ ਪੂਰਾ।
ਸਨੇ ਸਨੇ ਇਸ ਤੇ ਬ੍ਰਿਤਿ ਛੋਰਿ।
ਕਰਹੁ ਲਗਾਵਨ ਆਤਮ ਓਰਿ ॥੨੮॥
ਸਹਿਨ ਸ਼ੀਲਤਾ ਛਿਮਾ ਧਰੀਜੈ।
ਕਿਸ ਕੇ ਸੰਗ ਨ ਦ੍ਵੈਸ਼ ਰਚੀਜੈ।
ਬਾਕ ਕਠੋਰ ਅਨਾਦਰ ਕਰੇ।
ਸੁਨਿ ਕਰਿ ਤਪਹਿ ਨ ਰਿਸਿ ਕਬਿ ਧਰੇ[3+]' ॥੨੯॥
ਸੁਨਿ ਉਪਦੇਸ਼ ਕਰਨ ਸੋ ਲਾਗੇ।
ਅੰਤਰ ਬ੍ਰਿਤੀ ਧਰਹਿਂ ਬਡਭਾਗੇ।
ਗੰਗੂ ਅਪਰ ਸਹਾਰੂ ਭਾਰੂ।

---

*ਪਾ:-ਬੰਦਨ।
[1]ਮੇਲ, ਮਿਤ੍ਰਤਾ।
[2]ਭਾਵ ਮੇਲ ਹੋ ਜਾਂਦਾ ਹੈ।
[3]ਧਾਰਨ ਕਰੇ।
+ਬਿਨਾਂ ਨਾਮ ਦੇ ਬ੍ਰਿਤੀ ਸਾਧੀ ਜਾਣੀ ਗੁਰਮਤ ਵਿਚ ਕਠਨ ਦੱਸੀ ਹੈ-
"ਸੋਧਤ ਸੋਧਤ ਸੋਧਿ ਬੀਚਾਰਾ ॥
ਬਿਨੁ ਹਰਿ ਭਜਨ ਨਹੀਂ ਛੁਟਕਾਰਾ॥"

ਕਰਿ ਬੰਦਨ ਬੈਠੇ ਦੁਖਿਆਰੂ[1++] ॥੩੦॥
ਤਿਨ ਕੋ ਭੀ ਉਪਦੇਸ਼ਨ ਕੀਨਿ।
'ਵੰਡਖਾਹੁ ਧਰਿ ਭਾਉ ਪ੍ਰਬੀਨ?
ਮਧੁਰ ਗਿਰਾ ਸਭਿ ਸੰਗ ਉਚਾਰਹੁ।
ਕਹਿਨ ਕਠੋਰ[2] ਨਹੀਂ ਰਿਸ ਧਾਰਹੁ ॥੩੧॥
ਗੁਰ ਸਿੱਖਨ ਕੋ ਪ੍ਰਥਮ ਅਚਾਵਹੁ।
ਸ਼ੇਸ਼ ਰਹੈ ਭੋਜਨ ਤੁਮ ਖਾਵਹੁ।
ਮਹਾਂ ਪਵਿੱਤ੍ਰ ਹੋਤਿ ਹੈ ਸੋਇ।
ਸਿੱਖਜਨ ਪੀਛੈ ਅਚੀਯਤਿ ਜੋਇ[**] ॥੩੨॥
ਸਿਮਰੋ ਵਾਹਿਗੁਰੂ ਨਿਤਨਾਮੂ।
ਲਿਵ ਲਾਗੇ ਪਦ ਦੇ ਅਭਿਰਾਮੂ[3]।
ਮੜੀ, ਟੋਭੜੀ, ਮਠ ਅਰੁ ਗੋਰ।
ਇਨਹੁਂ ਨ ਸੇਵਹੁ ਸਭਿ ਦਿਹੁ ਛੋਰ' ॥੩੩॥
ਖਾਨੁ ਛੁਰਾ ਅਰੁ ਬੇਗਾ ਪਾਸੀ।
ਨੰਦ ਸੂਦਨਾ ਹੋਇ ਹੁਲਾਸੀ।
ਉਗਰੂ, ਤਾਰੂ, ਝੰਡਾ, ਪੂਰੋ।
ਸੁਨਿ ਜਸੁ ਆਏ ਗੁਰੂ ਹਜੂਰੋ ॥੩੪॥
ਮਸਤਕ ਟੇਕਿ ਅਦਬ ਤੇ ਬੈਸੇ।
ਬੂਝਤਿ ਭਏ ਸ੍ਨੇਯ ਹੁਇ ਜੈਸੇ।
ਸ੍ਰੀ ਗੁਰ ਅਮਰ ਕਹਯੋ 'ਸੁਨਿ ਲੀਜੈ।
ਅਬਿ ਕਲਿ ਕਾਲ ਬਿਸਾਲ ਜਨੀਜੈ ॥੩੫॥
ਪ੍ਰਥਮ ਜੁਗਨ ਮਹਿਂ ਜੱਗ ਕਰੰਤੇ।
ਹੋਮਤਿ[4] ਦੇਵਤਾਨ ਤ੍ਰਿਪਤੰਤੇ।
ਤਿਹ ਸਮ ਫਲ ਸਿਖ ਦੇਹੁ ਅਹਾਰਾ[5]।
ਭਾਉ ਕਰਿਹੁ ਲਿਹੁ ਭਗਤਿ ਅਧਾਰਾ ॥੩੬॥

---

[1]ਦੁਖੀ।
[++]ਪਾ:-ਦੁਖ ਆਰੂ = ਦੁੱਖਾਂ ਦੇ ਸ਼ੱਤ੍ਰੂ-ਗੁਰੂ ਜੀ।
[2](ਕਿਸੇ ਦੇ) ਕਠੋਰ ਕਹਿਣ ਤੇ।
[**]ਸਿੱਖ ਤੇ ਸੰਤ ਪਦ ਜੋ ਇਸ ਤਰ੍ਹਾਂ ਵਰਤੀਂਦੇ ਹਨ ਓਹ 'ਜੀਉਂਦੇ ਨਾਮ ਰਸੀਆਂ' ਤੋਂ ਮੁਰਾਦ ਹੁੰਦੀ ਹੈ। ਸ਼ੋਕ ਹੈ ਕਿ ਅਜ ਕਲ ਸਿੱਖਾਂ ਨੂੰ ਪ੍ਰਸ਼ਾਦ ਛਕਾਉਣ ਦੀ ਮਿਰਯਾਦਾ ਪਛਮੀ ਮਾਦਾ ਪ੍ਰਸਤੀ ਦੀ ਅੰਧੇਰੀ ਅੱਗੇ ਉਡਦੀ ਜਾਂਦੀ ਹੈ।
[3]ਪ੍ਰਾਪਤ ਹੋਵੇਗਾ ਸੁੰਦਰ ਪਦ।
[4]ਹੋਮ ਕਰਕੇ।
[5]ਫਲ ਹੋਵੇਗਾ ਜੇ ਸਿੱਖਾਂ ਨੂੰ ਭੋਜਨ ਦਿਓਗੇ।

ਜੀਵਤਿ ਰਹੋ ਸਰਬ ਸੁਖ ਪਾਵੋ।
ਵਾਹਿਗੁਰੂ ਉਰ ਬਿਖੈ ਬਸਾਵੋ*।
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ।
ਜਥਾ ਕਰਨ ਤਪ ਬਿਪਨ ਮਝਾਰੇ[1]' ॥੩੭॥
ਦੁਇ ਛੀਂਬੇ ਮੱਲਜਾਰ ਸਹਾਰੂ।
ਪਰੇ ਚਰਨ ਲਖਿ ਗੁਰ ਸੁਖਕਾਰੂ।
ਤਿਨ ਪ੍ਰਤਿ ਕਰਤਿ ਭਏ ਉਪਦੇਸ਼।
'ਸਿੱਖਨ ਸੇਵਾ ਕਰਿਹੁ ਵਿਸ਼ੇਸ਼ ॥੩੮॥
ਸੀਂਵਹੁ ਬਸਤ੍ਰ ਅੰਗ ਪਹਿਰਾਵੋ।
ਹੁਇ ਮਲੀਨ ਜੇ, ਮੈਲ ਗਵਾਵੋ।
ਉੱਜਲ ਆਛੇ ਕਰਿ ਕਰਿ ਦੇਹੁ।
ਉਰ[2] ਉੱਜਲਤਾ ਪੁਨ ਤੁਮ ਲੇਹੁ ॥੩੯॥
ਗੁਰ ਕੇ ਸੰਗ ਗੰਢ ਤਬ ਪਰੈ[3]।
ਸਤਿ ਸੰਗਤਿ ਮਨ ਕੀ ਮਲੁ ਹਰੈ।
ਸ਼ਰਧਾ ਧਰਿਹੁ ਕਰਹੁ ਗੁਰ ਸੇਵਾ।
ਸਿਮਰਹੁ ਨਾਮ ਜੁ ਦੇਵਨਦੇਵਾ[4]' ॥੪੦॥
ਇਕ ਪਾਧਾ ਬੂਲਾ ਜਿਸ ਨਾਮੁ।
ਨਮੋ ਠਾਨਿ ਆਯੋ ਗੁਰ ਸਾਮੁ[5]।
ਕਹਤਿ ਭਯੋ 'ਸੇਵਾ ਨਹਿਂ ਹੋਇ।
ਦਿਜ ਕੋ ਜਾਨਿ ਕਰਾਇ ਨ ਕੋਇ ॥੪੧॥
ਜਿਸ ਪ੍ਰਕਾਰ ਹੁਇ ਮਮ ਕੱਲਜਾਨ।
ਕਰੋ ਆਪ ਉਪਦੇਸ਼ ਬਖਾਨ।'
ਕਰਜੋ ਬਚਨ 'ਪਠਿ ਸਤਿਗੁਰ ਬਾਨੀ।
ਕੀਜਹਿ ਕਥਾ ਪ੍ਰੇਮ ਕੋ ਠਾਨੀ ॥੪੨॥
ਸਤਿ ਸੰਗਤਿ ਮਹਿਂ ਕਰਿਹੁ ਸੁਨਾਵਨਿ।
ਗੁਰਮਤਿ ਸਿੱਖਨ ਕੋ ਸਿਖਰਾਵਨਿ।

---

*ਪਾ:-ਸਮਾਵੋ।
[1]ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਕੇ ਗ੍ਰਿਹਸਤ ਦੇ ਸੁਖਾਂ ਵਿਚ ਬੈਠੇ ਰਹਿਣਾ ਐਸਾ ਹੀ ਜੈਸੇ ਬਨ ਵਿਚ ਤਪ ਕਰਨਾ।
[2]ਰਿਦੇ ਦੀ।
[3]ਤਾਂ ਪ੍ਰੀਤੀ ਪਵੇਗੀ।
[4]ਦੇਵਤਿਆਂ ਦਾ ਭੀ ਪ੍ਰਕਾਸ਼ਕ ਹੈ।
[5]ਗੁਰੂ ਸ਼ਰਨ।

ਪੋਥੀ ਲਿਖਹੁ ਸੁਫਲ ਗੁਰੁਬਾਨੀ।
ਗੁਰ ਨਮਿੱਤ ਦੀਜਹਿ ਸਿਖ[+] ਜਾਨੀ[1] ॥੪੩॥
ਜੇ ਕੋ ਆਪ ਦਰਬ ਦੇ ਜਾਇ।
ਧਰਿ ਸੰਤੋਖ ਬਰਤਿਯਹਿ ਪਾਇ[2]।
ਨਹੀਂ ਆਪ ਜਾਚਹੁ ਕਿਸ ਪਾਸੀ।
ਇਹ ਸੇਵਾ ਬਡ ਫਲਹਿ ਪ੍ਰਕਾਸ਼ੀ[3]' ॥੪੪॥
'ਡਲੇ ਬਾਸੀ ਸਿਖ ਸਮੁਦਾਏ।
ਇਕ ਦਿਨ ਸਕਲ ਗੁਰੂ ਢਿਗ ਆਏ।
ਦੇਖਿ ਦਿਯੋ ਸਾਂਝਾ ਉਪਦੇਸ਼।
ਸ਼੍ਰੀ ਸਤਿਗੁਰ ਕਰਿ ਕ੍ਰਿਪਾ ਵਿਸ਼ੇਸ਼ ॥੪੫॥
'ਦਿਨ ਗੁਰਪੁਰਬ ਦਰਸ[4] ਸ਼ੰਕ੍ਰਾਂਤਿ[5]।
ਦੀਪਮਾਲ ਆਦਿਕ ਬੱਖਜਾਤਿ।
ਹੋਹਿ ਦੁਸਹਿਰਾ ਮਿਲਿ ਇਕ ਥਾਇ।
ਕਰਿਹੁ ਕਰਾਹੁ[6] ਉਛਾਹ ਬਧਾਇ ॥੪੬॥
ਗੁਰ ਨਮਿੱਤ ਕਰਿ ਦਿਹੁ ਬਰਤਾਈ।
ਸ਼ਬਦ ਕੀਰਤਨ ਕਰੋ ਬਨਾਈ।
ਸਿਖ ਗਰੀਬ ਹੁਇ ਬਸਤ੍ਰ ਬਿਹੀਨ।
ਦੀਜਹਿ ਤਿਸਹਿ ਸਿਵਾਇ[7*] ਨਵੀਨ ॥੪੭॥
ਪਿਖਹੁ ਛੁਧਿਤਿ[8] ਕੋ ਦੇਹੁ ਅਹਾਰੋ।
ਮਿਲਿ ਕਰਿ ਸਕਲ ਏਵ ਪ੍ਰਤਿਪਾਰੋ[9]।
ਕਿਹਾਂ ਸਿਖ ਕੋ ਕਾਰਜ ਅਰਿ ਜਾਇ[10]।
ਨਹਿਂ ਤਿਸ ਤੇ ਕਜੋਹੂੰ ਬਨਿਆਇ ॥੪੮॥

[+]ਪਾ:-ਸੁਖ।
[1]ਸਿਖ ਜਾਣਕੇ।
[2]ਲੈਕੇ ਵਰਤੋ।
[3]ਪ੍ਰਕਾਸ਼ ਸਹਿਤ ਫਲੇਗੀ।
[4]ਮੱਸਿਆ [ਸੰਸ: दर्श ਦਰ੍ਸ਼]।
[5]ਸੰਗਰਾਂਦ, ਮਹੀਨੇ ਦਾ ਪਹਿਲਾ ਦਿਨ।
[6]ਕੜਾਹ ਪ੍ਰਸ਼ਾਦਿ।
[7]ਸਿਵਾ ਦਿਓ।
[*]ਪਾ:-ਕਰਾਇ।
[8]ਭੁੱਖੇ ਨੂੰ।
[9]ਪਾਲਨਾ ਕਰੋ।
[10]ਅੜ ਜਾਓ।

ਮਿਲਹੁ ਸਕਲ ਮਹਿਂ ਕਰਿ ਅਰਦਾਸ[1]।
ਜਥਾ ਸ਼ਕਤਿ ਲੀਜਹਿ ਸਭਿ ਪਾਸਿ।
ਇਕਠੋ ਕਰਿ ਧਨ ਦਿਹੁ ਤਿਸੁ ਤਾਈਂ।
ਜਿਸ ਤੇ ਕਾਰਜ ਕੋ ਬਨ ਜਾਈ ॥੪੯॥
ਇਹੀ ਰੀਤਿ ਨਿਜ ਬਿਖੇ ਚਾਲਵਹੁ।
ਕਰੋ ਜੋਰ[2] ਸ਼ੁਭ ਦਿਨ ਜਬਿ ਪਾਵਹੁ।
ਪੁੱਤ੍ਰ ਪੌਤ੍ਰੇ, ਹੋਹਿਂ ਤੁਮਾਰੇ।
ਕਰਹਿਂ ਕਾਰ ਇਸ ਰੀਤੀ ਸਾਰੇ ॥੫੦॥
ਇਹ ਰਹਿਰਾਸੁ ਕਦੀਮੀ[3] ਚਲਹਿ।
ਸਿੱਖੀ ਧਰੇ ਮਹਾਂ ਸੁਖ ਮਿਲਹਿ।
ਧਰਿ ਸ਼ਰਧਾ ਗਾਵਹਿਂ ਗੁਰ ਬਾਨੀ।
ਪਰਾਲਬਧ ਜਿਨ ਹੋਇ ਮਹਾਂਨੀ[+]' ॥੫੧॥
ਅਸ ਉਪਦੇਸ਼ ਸਭਿਨਿ ਕੋ ਕਰਿ ਕੇ।
ਗੁਨ[++] ਸਿਖਰਾਇ ਅਗੁਨ ਪਰਿਹਰਿ ਕੈ[4]।
ਗੋਇੰਦਵਾਲ ਗੁਰੂ ਚਲਿ ਆਏ।
ਸੇਵਕ ਸੰਗ ਅਹੈਂ ਸਮੁਦਾਏ ॥੫੨॥
ਭਜਨ ਕੀਰਤਨੁ ਲਾਗਤਿ ਰੰਗ।
ਹੋਤਿ ਅਨੰਦ ਗੁਰੂ ਕੇ ਸੰਗ।
ਅੰਮ੍ਰਿਤ ਸਮ ਅਹਾਰ ਨਿਤਿ ਹੋਵੈਂ।
ਦਰਸ਼ਨ ਕਰਹਿਂ ਕਲੂਖਨ[5] ਖੋਵੈਂ ॥੫੩॥
ਆਇ ਸ਼ਰਨ ਤਿਸ ਕਰਹਿਂ ਉਧਾਰੇ।
ਉਪਦੇਸ਼ਹਿਂ ਸਤਿਨਾਮ ਸੁਖਾਰੇ।
ਜਹਿਂ ਕਹਿਂ ਸਿੱਖੀ ਬਹੁ ਬਿਦਤਾਈ[6]।
ਕਿਨਿ ਸਿੱਖਨ ਤੇ ਗੁਰਮਤਿ ਪਾਈ ॥੫੪॥

---

[1]ਓਹ ਬਿਨੈ ਜਿਸ ਨਾਲ ਲੋੜ ਪ੍ਰਗਟ ਕੀਤੀ ਜਾਵੇ।
[2]ਜੋੜ ਮੇਲ।
[3]ਪੁਰਾਣੀ ਮਰਿਯਾਦਾ।
[+]ਇਨ੍ਹਾਂ ਕਥਾਂ ਵਿਚ ਐਉਂ ਜਾਪਦਾ ਹੈ ਕਿ ਨਿਰਾ ਇਹ ਉਪਦੇਸ਼ ਹੋਇਆ ਹੈ, ਅਸਲ ਬਾਤ ਹੈ ਕਿ 'ਨਾਮ' ਦੇ ਨਾਲ ਇਹ ਸੇਵਾ ਦੇ ਤਰੀਕੇ ਦੱਸੇ ਜਾਂਦੇ ਸਨ, ਜੋ ਨਿਸ਼ਕਾਮ ਕਰਮਾਂ ਨਾਲ ਮਨ ਨਿਰਮਲ ਹੁੰਦਾ ਜਾਵੇ, ਹਉਂ ਘਟਦੀ ਜਾਵੇ ਤੇ ਨਾਮ ਅੰਦਰ ਰਚਦਾ ਜਾਵੇ।
[++]ਪਾ:-ਗੁਰ।
[4]ਗੁਣ ਸਿਖਾਲੇ ਤੇ ਔਗੁਣ ਦੂਰ ਕੀਤੇ।
[5]ਪਾਪ।
[6]ਪ੍ਰਗਟ ਕੀਤੀ।

ਕੋ ਗੁਰਮੁਖ ਤੇ[1] ਸੁਨਿ ਉਪਦੇਸ਼।
ਮੇਟਹਿ ਬੰਧਨ ਕਸ਼ਟ ਅਸ਼ੇਸ਼।
ਬਾਵਨ ਚੰਦਨ ਕੀ ਸਮ ਹੋਇ।
ਨਰ ਤਰੁ ਸੁਜਸ ਸੁਗੰਧਤਿ ਸੋਇ[2] ॥੫੫॥
ਨਿਕਟ ਬਸੇ ਪੂਰਬ ਬਡਿਭਾਗੀ।
ਸੱਤਿਨਾਮ ਸੋਂ ਉਰ ਲਿਵਲਾਗੀ।
'ਧੰਨ ਧੰਨ ਗੁਰ ਅਮਰ' ਉਚਾਰੈਂ।
ਅੰਤਰ ਬ੍ਰਿਤੀ ਬੈਠਿ ਨਿਤ ਧਾਰੈਂ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਨ ਪ੍ਰਸੰਗ' ਬਰਨਨੰ ਨਾਮੁ ਚੱਤ੍ਵਾਰਿੰਸਤੀ ਅੰਸੂ ॥੪੦॥

---

[1]ਗੁਰਮੁਖਾਂ (ਭਾਵ ਮੰਜੀਆਂ ਦੀ ਬਖਸ਼ਿਸ਼ ਵਾਲੇ ਹਰੀਜਨਾਂ) ਤੋਂ। ਤ੍ਰੈ ਤਰ੍ਹਾਂ ਨਾਲ ਉਪਦੇਸ਼ ਮਿਲਦਾ ਸੀ, ਇਕ ਗੁਰੂ ਜੀ ਤੋਂ, ਦੂਜੇ ਸਿਖਾਂ ਤੋਂ (ਦੇਖੋ ਅੰਕ ੫੩) ਤੀਜੇ ਗੁਰਮੁਖਾਂ ਤੋਂ। (ਅ) ਗੁਰੂ ਜੀ ਦੇ ਮੁਖ ਤੋਂ।

[2](ਵਾਹਿਗੁਰੂ ਜੀ ਦਾ ਸੁਜਸ) ਕੀਰਤਨ ਰੂਪੀ (ਸੁਗੰਧੀ) ਨਾਲ ਸੁਗੰਧਿਤ ਹੋਏ ਓਹ ਨਰ ਰੂਪ ਬ੍ਰਿੱਛ ਬਾਵਨ ਚੰਦਨ ਵਾਂਗੂ (ਦੂਸਰਿਆਂ ਨੂੰ ਸੁਗੰਧਿਤ ਕਰਦੇ ਸਨ)।

੪੧. [ਸ਼੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ]

੪੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੨

ਦੋਹਰਾ: ਬਿਸ਼ੈ ਅਗਨਿ ਕੋ ਨੀਰ ਸਮ, ਦਾਸ ਭੀਰ ਕਟ ਦੇਤਿ[1]।
ਅਮਰਦਾਸ ਗੁਰ ਪਦ ਪਦਮ, ਬੰਦੌਂ ਨਿੱਤਮੰਨੇਤ[2] ॥੧॥

ਚੌਪਈ: ਸੰਮਤ ਸ਼ਤ ਦਸ ਪੰਚ ਇਕਾਸੀ[3]।
ਲਵਪੁਰਿ ਨਗਰ ਸਦਾ ਜਿਨ ਵਾਸੀ।
ਬੰਸ ਲਉ ਕੋ ਸਿੰਧ ਮਨਿੰਦੂ[4]।
ਜਨਮੇ ਰਾਮਦਾਸ ਗੁਰ ਇੰਦੂ ॥੨॥
ਸਭਿ ਪੁਰਿ ਹਰਖ ਅਚਾਨਕ ਲਹਜੋ।
ਨਦੀਅਨ ਨੀਰ ਛੀਰ ਹ੍ਵੈ ਬਹਜੋ[5]।
ਸਨੇ ਸਨੇ ਭੇ ਬਡੇ ਕ੍ਰਿਪਾਲਾ[6]।
ਬੁਧਿ ਬਿਲੰਦ ਨਿਕੰਦਨ ਕਾਲਾ[7] ॥੩॥
ਪਾਸ ਬੁਲਾਇ ਕਹਜੋ ਹਰਿਦਾਸ।
'ਕਾਮ ਕਰੋ ਘਰ ਕੋ ਸੁਖ ਰਾਸ।
ਖੇਲਨ ਕੇ ਦਿਨ ਖੇਲ ਗਏ ਹੈਂ[8]।
ਯਾਂ ਤੇ ਮੈਂ ਬਚ ਤੋਹਿ ਕਹੇ ਹੈਂ' ॥੪॥
[9]'ਸੱਤਿ ਬਚਨ! ਜੋ ਕਹੋ, ਸੁ ਕਰਿਹੂੰ।
ਮੈਂ ਰਾਵਰਿ ਕੇ ਸਦ ਅਨੁਸਰਿਹੂੰ।'
ਨਿਸਿ ਬੀਤੀ ਤਬਿ ਭਯੋ ਸਕਾਰੇ।
ਚਨਕ ਉਦਕ ਸਨ ਮਾਤ ਉਬਾਰੇ[10] ॥੫॥
ਭਰਿ ਚੰਗੇਰ ਸੁਤ ਕੇ ਕਰ ਦੀਨੀ।
'ਬੇਚਹੁ ਪੁੱਤ੍ਰ ਲਾਭ ਦਾ ਚੀਨੀ[11]।
ਲੈ ਕਰਿ ਗਏ ਬਜਾਰ ਕ੍ਰਿਪਾਲਾ।

---

[1]ਦਾਸਾਂ ਦੀ ਭੀੜਾਂ ਨੂੰ ਕੱਟ ਦੇਣ ਵਾਲੇ।
[2]ਨਿਤਾਪ੍ਰਤੀ, ਨਿਯਮ ਨਾਲ [ਸੰਸ: ਨਿਤਯ, ਨੀਯਤਿ]।
[3]੧੫੮੧।
[4](ਸ਼੍ਰੀ ਰਾਮਚੰਦ ਜੀ ਦੇ ਪੁੱਤ੍ਰ) ਲਉ ਦਾ ਬੰਸ ਜੋ ਸਮੁੰਦਰ ਵਾਂਙ ਹੈ (ਉਸ ਵਿਚ)।
[5](ਮਾਨੋ) ਨਦੀਆਂ ਦਾ ਪਾਣੀ ਦੁੱਧ ਹੋ ਵਗਿਆ।
[6]ਭਾਵ ਸ਼੍ਰੀ ਗੁਰੂ ਰਾਮਦਾਸ ਜੀ।
[7]ਵਿਸ਼ਾਲ ਬੁੱਧੀ ਵਾਲੇ ਤੇ ਮੌਤ ਦੇ ਦੂਰ ਕਰਨ ਵਾਲੇ।
[8]ਗੁਜਰ ਗਏ ਹਨ।
[9]ਸ੍ਰੀ ਰਾਮਦਾਸ ਜੀ ਬੋਲੇ।
[10]ਛੋਲੇ ਪਾਣੀ ਨਾਲ (ਭਿੱਜੇ) ਮਾਤਾ ਨੇ ਉਬਾਲੇ।
[11]ਨਫੇ ਵਾਲੀ (ਚੀਜ) ਜਾਣਕੇ।

ਹੋਕਾ ਦੇਵਤਿ ਮਧੁਰ ਬਿਸਾਲਾ ॥੬॥
ਇਕ ਸੁ ਸਾਧੁ ਤਿਨ ਲਿਯੋ ਬੁਲਾਈ।
'ਹਮੈ ਦੇਹੁ' ਇਉਂ ਗਿਰਾ ਅਲਾਈ।
ਸੁਨਿ ਇਕ ਮੁਸ਼ਟ ਲਗੇ ਭਰਿ ਦੇਨਿ।
'ਹਮੈ ਨ ਚਾਹਿ ਏਕ ਕੀ ਲੇਨਿ' ॥੭॥
ਇਸ ਬਿਧਿ ਦ੍ਵੈ ਤ੍ਰੈ ਦੇਹਿਂ ਨ ਲੇਵੈ।
ਸਕਲ ਚੰਗੇਰ ਪਲਟ ਦੀ ਏਵੈਂ।
ਗ੍ਰਿਹ ਆਏ ਪਿਤ ਦੇਖਯੋ ਖਾਲੀ।
ਲੋਚਨ ਪੂਰ ਲਏ ਤਬਿ ਲਾਲੀ[1] ॥੮॥
ਦਿਖਿ ਪਿਤ ਨੈਨ ਬਹਿਰ ਨਿਕਸਾਏ।
ਰੁਦਨ ਕਰਤਿ ਜਲ ਨੇਤ੍ਰ[*] ਬਹਾਏ।
ਸੰਗਤਿ ਤਿਹ ਤੇ ਚਲੀ ਨਿਹਾਰੀ।
ਗੋਇੰਦਵਾਲਹਿ ਪੁਰੀ ਬਿਚਾਰੀ ॥੯॥
ਤਿਨ ਸੰਗ ਚਲੇ ਕ੍ਰਿਪਾਲ ਬਿਸਾਲਾ।
ਗੋਇੰਦਵਾਲ ਸਮੂਹ ਉਤਾਲਾ[2]।
ਸਭਿ ਸੰਗਤਿ ਗੁਰ ਦਰਸ਼ਨ ਪਾਈ।
ਕਛੁਕ ਕਾਲ ਰਹਿ ਬਿਦਾ ਸਿਧਾਈ ॥੧੦॥
ਰਹਤਿ ਭਏ ਗੁਰ ਕੇਰ ਹਦੂਰਾ।
ਜੋ ਭਾਖੈਂ ਕਰਿ ਹੈਂ ਦ੍ਰੁਤਿ ਰੂਰਾ।
ਲੰਗਰ ਸੇਵਾ ਸਰਬ ਸੁ ਕਰਿਹੈਂ।
ਸਭਿ ਸੰਗਤਿ ਅਨੁਸਾਰੀ ਚਰਿ ਹੈਂ[3] ॥੧੧॥
ਇਤ ਏ ਭਈ ਔਰ ਸੁਨਿ ਕਾਨੀ।
ਮਹਲ[4] ਕਹਯੋ ਜਿਮਿ ਗੁਰ ਪ੍ਰਤਿ ਬਾਨੀ।
'ਮਹਾਂਰਾਜ! ਸੁਨੀਏ ਬਚ ਮੇਰਾ।
ਭਾਨੀ ਬਡੀ ਭਈ ਮੈਂ ਹੇਰਾ ॥੧੨॥
ਇਸ ਕੀ ਬਨਹਿ ਸਗਾਈ ਕਰੀ।'
ਇਮਿ ਮਾਤ ਤਬਿ ਗਿਰਾ ਉਚਰੀ।
ਇਮਿ[*] ਸੁਨਿ ਗੁਰ ਆਏ ਨਿਜ ਥਾਨਾ।

---

[1]ਭਾਵ ਗੁੱਸੇ ਹੋਏ।
[*]ਪਾ:-ਜਸੁ ਨਦੀ। ਜਲ-ਨਦੀ।
[2]ਸਾਰੀ (ਸੰਗਤ ਨਾਲ) ਛੇਤੀ।
[3]ਵਿਚਰਦੇ ਹਨ।
[4]ਸ਼੍ਰੀ ਗੁਰੂ ਅਮਰਦਾਸ ਜੀ ਦੇ ਮਹਲ।

ਬੈਠੇ ਬਾਰੀ ਬੀਚ ਨਿਧਾਨਾ ॥੧੩॥
ਬਿੱਪ੍ਰ ਬੁਲਾਇ ਕਹਜੋ 'ਸੁਨ ਪ੍ਰੋਧਾ!
ਕਰੋ ਸਗਾਈ ਭਾਨੀ ਸੋਧਾ[1]।'
ਸੁਨਿ ਦਿਜ[+] ਕਹਜੋ 'ਸੁਨੋ ਕ੍ਰਿਪਾਲੂ!
ਏਸ ਬਾਲ ਸਮ ਹੋਵੈ ਬਾਲੂ? [++]' ॥੧੪॥
ਸੁਨਿ ਬਚ ਬ੍ਰਿੱਪ੍ਰ, ਮੌਨ ਗਹਿ ਲੀਨੀ[2]।
'ਇਸੈ ਬੁਲਾਵਹੁ' ਗੁਰ ਕਹਿ ਦੀਨੀ[*]।
ਸੁਨਿ ਬਿਪ ਰਾਮਦਾਸ ਬੁਲਿਵਾਵਾ।
ਆਇ ਗੁਰੂ ਢਿਗ ਸੀਸ ਨਿਵਾਵਾ ॥੧੫॥
ਹਾਥ ਜੋਰਿ ਬੈਠਜੋ ਗੁਰ ਪਾਸ।
ਅਮਰਦਾਸ ਗੁਰ ਬਾਕ ਪ੍ਰਕਾਸ਼।
'ਕਾਂ ਕੋ ਸੁਤ? ਕੋ ਜਾਤ ਸਥਾਨਾ[3]?
ਕਹੋ ਮੋਹਿ ਢਿਗ ਸਭਿ ਬਿਬਧਾਨਾ[4+]' ॥੧੬॥

---

[*]ਪਾ:-ਇਹ।
[1]ਵਿਚਾਰਕੇ।
[+]ਪਾ:-ਬਿਪ੍ਰ।
[++]ਮਹਿਮਾਂ ਪ੍ਰਕਾਸ਼ ਵਿਚ ਦੋਹਾਂ ਬੀਬੀਆਂ ਦੇ ਵਿਵਾਹ ਗੁਰੂ ਅਮਰਦੇਵ ਜੀ ਖਡੂਰ ਆਉਣ ਤੋਂ ਪਹਿਲਾਂ ਕਰ ਚੁਕੇ ਲਿਖੇ ਹਨ। ਗੁਰੂ ਅੰਗਦ ਦੇਵ ਜੀ ਵਰ ਦਾਨ ਦੇਕੇ ਸ੍ਰੀ ਅਮਰ ਦੇਵ ਜੀ ਤੋਂ ਪੁਛਦੇ ਹਨ:- 'ਹੋਇ ਦਿਆਲ ਪ੍ਰਭੁ ਪੂਛਤ ਭਏ॥ ਤੁਮਰੇ ਸੰਤਾਨ ਪੁਰਖਾ ਕਿਆ ਅਹੇ॥ ਗੁਰ ਅਮਰ ਸਾਹਿਬ ਸਭ ਕਥਾ ਸੁਨਾਈ॥ ਦੁਇ ਕੰਨਜਾ ਥੀ ਸੋ ਦੁਊ ਬਿਆਹੀ॥੧੯॥' ਫਿਰ ਲਿਖਿਆ ਹੈ ਜਦੋਂ ਬ੍ਰਾਹਮਣ ਨੇ ਸ੍ਰੀ ਅਮਰ ਦਾਸ ਜੀ ਦੇ ਚਰਨਾਂ ਵਿਚ ਕਮਲ ਡਿੱਠਾ ਹੈ, ਉਸ ਤੋਂ ਪਹਿਲਾਂ ਲਿਖਦੇ ਹਨ ਕਿ 'ਅਬ ਗ੍ਰਿਹ ਆਸ਼੍ਰਮ ਬਿਧਿ ਸੁਨੋ ਜੁ ਅਹੀ॥ ਦੁਇ ਕੰਨਜਾ ਸਾਹਿਬ ਗ੍ਰਿਹ ਭਈ॥ ਤਾਕਾ ਕੁਟੰਬ ਕਾਜ ਸਭ ਕੀਨਾ॥ ਬਿਧ ਸੰਜੋਗ ਬਜਾਹ ਕਰ ਦੀਨਾ॥' ਹੁਣ ਜੇ ਕਵਿ ਸੰਤੋਖ ਸਿੰਘ ਜੀ ਦਾ ਆਪਣਾ ਦਿੱਤਾ ਹਿਸਾਬ ਕਰੀਏ ਤਾਂ ਬੀ ਬੀਬੀ ਭਾਨੀ ਜੀ ਦਾ ਵਿਆਹ ਖਡੂਰ ਸਾਹਿਬ ਆਉਣ ਤੋਂ ਪਹਿਲੇ ਹੋ ਚੁਕਾ ਸਿੱਧ ਹੁੰਦਾ ਹੈ। ਯਥਾ:-

ਗੁਰੂ ਅਮਰ ਦੇਵ ਜੀ ਅਵਤਾਰ ਦਾ ਸੰਮਤ ੧੫੨੬ ਹੈ ਤੇ ਕਵਿ ਜੀ ਲਿਖਦੇ ਹਨ-ਕਿ ੮੪ ਵਰ੍ਹੇ ਦੀ ਉਮਰ ਵਿਚ ਗਦੀ ਤੇ ਬੈਠੇ, (ਦੇਖੋ ਇਸੇ ਰਾਸਿ ਦਾ ਅੰਸੂ ੭ ਅੰਕ ੧੮)। ਇਸ ਹਿਸਾਬ ਗੱਦੀ ਦਾ ਸੰਮਤ ੧੬੧੦ ਹੋਇਆ, ਤੇ ਇਸੇ ਅੰਸੂ ਦੇ ਅੰਕ ੨੦ ਵਿਚ ਕਵੀ ਜੀ ਪ੍ਰਿਥੀਏ ਦਾ ਜਨਮ ੧੬੦੫ ਵਿਚ ਦੱਸਦੇ ਹਨ, ਸੋ ਸਾਫ ਸਿੱਧ ਹੋ ਗਿਆ ਕਿ ਗੁਰੂ ਅਮਰ ਦੇਵ ਜੀ ਦੇ ਗੱਦੀ ਬਿਰਾਜਣ ਤੋਂ ਪਹਿਲੇ ਬੀਬੀ ਭਾਨੀ ਦਾ ਵਿਵਾਹ ਹੋ ਚੁੱਕਾ ਸੀ। ਤਾਂਤੇ ਇਹ ਸਾਖੀ ਯਾਂ ਤਾਂ ਹੋਈ ਹੀ ਨਹੀਂ, ਜੋ ਹੋਈ ਹੈ ਤਾਂ ਬਾਸਰਕੇ ਰਹਿੰਦਿਆਂ ਦੀ ਵਾਰਤਾ ਹੈ, ਜਦੋਂ ਅਜੇ ਆਪ ਗੁਰੂ ਅੰਗਦ ਜੀ ਦੇ ਪਾਸ ਆਏ ਨਹੀਂ ਸਨ, ਪਰ ਮਹਿਮਾਂ ਪ੍ਰਕਾਸ਼ ਵਿਚ ਓਥੇ ਬੀ ਇਹ ਸਾਖੀ ਨਹੀਂ ਦਿੱਤੀ। ਇਹ ਬੀ ਔਖਾ ਦਿੱਸਦਾ ਹੈ ਕਿ ਕਵੀ ਜੀ ਆਪਣੇ ਦਿਤੇ ਸੰਮਤਾਂ ਦਾ ਹਿਸਾਬ ਨਾ ਕਰਨ ਤੇ ਭੁੱਲ ਵਿਚ ਲਿਖ ਜਾਣ, ਤਾਂਤੇ ਇਹੋ ਸ਼ੁਬਹ ਹੁੰਦਾ ਹੈ ਕਿ ਕਿਤੇ ਇਹ ਕਿਸੇ ਸਜਣ ਦਾ ਆਖੇਪ ਨਾ ਹੋਵੇ। ਪਰ ਇਹ ਨਿਸਚੈ ਹੈ ਕਿ ਬੀਬੀ ਭਾਨੀ ਦਾ ਵਿਆਹ ਆਪ ਦੀ ਗਦੀ ਨਸ਼ੀਨੀ ਤੋਂ ਪਹਿਲਾਂ ਹੋ ਚੁਕਾ ਸੀ।
[2]ਭਾਵ ਗੁਰੂ ਜੀ ਨੇ।
[*]ਪਾ:-ਪੁਨ ਬੋਲੇ 'ਯਾ ਬੁਲਾਵ ਪ੍ਰਬੀਨੀ।'
[3]ਕਿਸਦਾ ਪੁੱਤ੍ਰ, ਕੀ ਜਾਤ ਤੇ ਕਿਹੜਾ ਵਤਨ ਹੈ?
[4]ਵੇਰਵਾ।
[+]ਪਾ:-ਬਿਧਿ ਨਾਨਾ।

'ਸੋਢ ਬੰਸ, ਲਵਪੁਰਿ ਪ੍ਰਭੁ ! ਬਾਸਾ।
ਸੁਤ ਹਰਿਦਾਸ, ਨਾਮ ਰਮਦਾਸਾ।'
ਸੁਨਿ ਬਚ ਹਰਖੇ ਪਰਮ[++] ਕ੍ਰਿਪਾਲਾ।
ਲਿਖਿ ਪੱਤ੍ਰੀ[1] ਲਵਪੁਰਿ ਤਤਕਾਲਾ ॥੧੭॥
ਲੀਨ ਸਦਾਇ[2] ਮਾਤ ਪਿਤ ਤਬੈ।
ਕਰੀ ਸਗਾਈ ਹਰਖਤਿ ਸਬੈ।
ਕੁਛਕ ਕਾਲ ਲੌਂ ਕਰਜੋ ਬਿਵਾਹਾ।
ਸਭਿਹਿਨਿ ਬੀਚ ਭਯੋ ਉਤਸਾਹਾ[**] ॥੧੮॥
ਤਿਨ ਕੋ ਬਿਦਾ ਕੀਨਿ ਲਵਪੁਰਿ ਕੋ।
ਪਾਸ ਰਹੇ ਅਨੁਗਾਮੀ[3] ਗੁਰੁ ਕੋ।
ਸੇਵਾ ਕਰੈਂ ਸਕਲ ਗੁਨ ਖਾਨੀ।
ਜੋ ਭਾਖੈਂ ਗੁਰ, ਆਇਸੁ ਮਾਨੀ[4] ॥੧੯॥
ਯਾ ਬਿਧਿ ਸੰਮਤ ਬਹੁਤ ਬਿਤਾਏ।
ਸੇਵਾ ਕਰਤਿ ਸਕਲ ਹਰਖਾਏ।
ਸੰਮਤ ਸੋਲਹ ਸਤ ਇਕ ਚਾਰੀ[5]।
ਜਨਮਜੋ ਪ੍ਰਿਥੀਆ ਪ੍ਰਥਮ ਹੰਕਾਰੀ ॥੨੦॥
ਰਿਦੈ ਅਨੰਦਤਿ ਦੰਪਤਿ ਹ੍ਵੈ ਕੈ।
ਪ੍ਰਤਿਪਾਰਜੋ ਬਹੁ ਲਾਡ ਲਡੈ ਕੈ।
ਸਮਾਂ ਬਿਤਾਯੋ ਕੇਤਿਕ ਧਾਮ।
ਜਨਮਜੋ ਮਹਾਂਦੇਵ ਅਭਿਰਾਮ ॥੨੧॥
ਸੰਮਤ ਖੋੜਸ ਸੈ[6] ਅਰੁ ਅਸ਼੍ਟ[7]।
ਪ੍ਰਤਿਪਾਰੇ ਦੋਨਹੁ ਕਰਿ ਪੁਸ਼੍ਟ[8]।
ਸੋਲਾਂ ਸੈ ਦਸ[8] ਊਪਰ ਭਏ।
ਵਦੀ ਵਿਸਾਖ ਸਪਤਮੀ ਥਿਯੇ ॥੨੨॥

[++]ਪਾ:-ਬਸੰਤ।
[1]ਪੱਤ੍ਰਿਕਾ।
[2]ਬੁਲਾ ਲਿਆ।
[**]ਪਾ:-ਬਧਾਹਾ = ਵਧਾਈਆਂ।
[3]ਅਨੁਸਾਰੀ ਹੋ ਕੇ।
[4]ਆਗਿਆ ਮੰਨਣ।
[5]੧੬੦੫।
[6]੧੬੦੮।
[7]ਤਕੜੇ।
[8]੧੬੧੦।

ਮੇਖ ਪ੍ਰਵਿਸ਼੍ਟੇ ਅਠ ਦਸ ਕੇਰਾ[1]।
ਮੰਗਲ ਵਾਰ ਲਗਨ ਸ਼ੁਭ ਹੇਰਾ।
ਜੁਗਮੰ ਜਾਮ ਜਾਮਨੀ[2] ਜਬੈ।
ਹੁਤੋ ਨਿਛੱਤ੍ਰ ਰੋਹਿਣੀ ਤਬੈ ॥੨੩॥
ਸ਼੍ਰੀ ਗੁਰ ਅਰਜਨ ਕੁਲ ਨਭ ਚੰਦ[3]।
ਲੀਨੋ ਜਨਮ ਅਨੰਦ ਬਿਲੰਦ।
ਸਦਨ ਨਾਨਕੇ ਭਏ ਬਡੇਰੇ।
ਬਾਲ ਆਰਬਲ, ਤਰੁਨ ਸੁ ਫੇਰੇ ॥੨੪॥
ਬਜਾਹ ਆਦਿ ਮੰਗਲ ਜੇ ਨਾਨਾ।
ਹੋਏ ਗੋਇੰਦਵਾਲ ਮਹਾਂਨਾ।
ਮਹਿਲਾ ਗੰਗਾ ਅਰਜਨ ਪਜਾਰੀ।
ਰਹੇ ਅਨੰਦ ਸਦਾ ਸੁਖਕਾਰੀ() ॥੨੫॥

ਦੋਹਰਾ: ਅਕਬਰ ਕੋ ਮੰਤ੍ਰੀ ਹੁਤੋ,
ਬਿੱਪ੍ਰ ਬੀਰਬਲ ਨਾਮ।
ਪਸ਼ਚਮ ਦਿਸ਼ਾ ਮੁਹਿੰਮ ਕਰਿ[4],
ਚਢਜੋ ਜੀਤਿਬੇ ਕਾਮ[5] ॥੨੬॥

ਚੌਪਈ: ਰਖਹਿ ਸ਼ਾਹੁ ਤਿਹ ਸੰਗ ਸਨੇਹੂ।
ਪ੍ਰਿਥਕ ਨ ਹੋਨਿ ਦੇਤਿ ਕਬਿ ਕੇਹੂ[6]।
ਹੋਨਹਾਰ ਜਬਿ ਤਿਹ ਸਿਰ ਆਈ।
ਕਹਤਿ ਭਯੋ'ਮੈਂ ਕਰੌਂ ਚਢਾਈ ॥੨੭॥
ਸਕਲ ਮਵਾਸ[7] ਤੋਰ ਕਰਿ ਆਵੌਂ।
ਬਾਰ ਬਾਰ ਕੋ ਝਗਰ ਚੁਕਾਵੌਂ।'
ਸੁਨਿ ਅਕਬਰ ਬਹੁ ਭਯੋ ਪ੍ਰਸੰਨ।
ਕਹਜੋ ਬੀਰਬਲ ਕੋ 'ਤੁਮ ਧੰਨ ॥੨੮॥
ਤੋਹਿ ਗਏ ਬਿਨ ਕਾਜ ਨ ਸਰੈ।

---

[1]ਵਿਸਾਖ ਦਿਨ ੧੮ ਦਾ।
[2]ਦੋ ਪਹਿਰ ਰਾਤ।
[3]ਅਕਾਸ਼ ਰੂਪੀ ਕੁਲ ਵਿਚ ਚੰਦਰਮਾ ਰੂਪ।
()ਪਾ:-ਸੁਖਧਾਰੀ।
[4]ਜੰਗ ਕਰਨ ਨੂੰ।
[5]ਜਿੱਤਣ ਲਈ।
[6]ਕਿਸੇ ਤਰ੍ਹਾਂ
[7]ਆਕੀ।

ਔਰ ਕੁਮਤਿ ਕਰਿ ਕੋਇ ਨ ਅਰੈ।'
ਬਹੁ ਸੈਨਾ ਇਸ ਸੰਗ ਚਢਾਈ।
ਤੋਪ ਰਹਕਲਾ[1] ਦੇ ਸਮੁਦਾਈ ॥੨੯॥
ਪਿਖਿ ਸਮਾਜ[2] ਹੰਕਾਰਜੋ ਬਿੱਪ੍ਰ।
ਕਹੈ 'ਹਤੌਂ ਸ਼ੱਤ੍ਰੂਗਨ ਛਿੱਪ੍ਰ[3]।'
ਅਕਬਰ ਹਰਖਤਿ ਬਾਕ ਬਖਾਨਾ।
ਲਿਖਿ ਕਰਿ ਪਾਨ ਦਿਯੋ ਪਰਵਾਨਾ[4] ॥੩੦॥
'ਖੱਤ੍ਰੀ ਜਾਤ ਜਿਤਿਕ ਜਿਸ ਦੇਸ਼।
ਗ੍ਰਾਮ ਕਿ ਨਗਰ ਬਸੰਤ* ਅਸ਼ੇਸ਼[5]।
ਇਕ ਘਰ ਏਕ ਰਜਤਪਣ[6] ਦੈ ਕੈ।
ਮਿਲਹਿ ਤੋਹਿ ਨੰਮ੍ਰੀ ਸਿਰ ਕੈ ਕੈ' ॥੩੧॥
ਇਮਿ ਸਭਿ ਲਿਖਤ ਦਈ ਕਰਿ ਹਾਥ।
ਲਈ ਬੀਰਬਲ ਹੁਇ ਮਦ[7] ਸਾਥ।
ਦਿੱਲੀ ਤੇ ਚਢਿ ਚਲਿ ਕਰਿ ਆਯੋ।
ਬਡ ਲਸ਼ਕਰ ਜਿਹ ਸੰਗ ਸਿਧਾਯੋ ॥੩੨॥
ਜਾਇ ਦੇਸ਼ ਜਿਸ ਉਤਰੈ ਸੋਇ।
ਖੱਤ੍ਰੀ ਆਨਿ ਮਿਲਹਿਂ ਸਭਿ ਕੋਇ।
ਗਿਨ ਗਿਨ ਘਰਨਿ ਰਜਤਪਣ ਦੇਤਿ।
ਖੋਜਿ ਖੋਜਿ ਤਿਸ ਕੇ ਨਰ ਲੇਤਿ ॥੩੩॥
ਇਮਿ ਕੀ ਕਰਤਿ ਲਏ ਭਟ ਭੀਰ[8]।
ਉਤਰਯੋ ਆਨਿ ਬਿਪਾਸਾ ਤੀਰ।
ਕਰੀ ਸਕੇਲਨ ਤਰਨੀ[9] ਘਨੀ।
ਤਰ ਕਰਿ ਪਾਰ ਪਰੀ ਸਭਿ ਅਨੀ[10] ॥੩੪॥

---

[1]ਛੋਟੀ ਤੋਪ।
[2]ਸਮਿੱਗ੍ਰੀ।
[3]ਛੇਤੀ ਹੀ।
[4]ਹੱਥ ਦਿੱਤਾ ਪਰਵਾਨਾ।
*ਪਾ:-ਜਿ ਬਸੈਂ।
[5]ਵਸਦੇ ਹਨ (ਓਹ) ਸਾਰੇ।
[6]ਰੁਪੱਯਾ।
[7]ਹੰਕਾਰ।
[8]ਸੂਰਮਿਆਂ ਦੀ ਭੀੜ।
[9]ਬੇੜੀਆਂ।
[10]ਸੈਨਾਂ।

ਗੋਇੰਦਵਾਲ ਸਿਵਰ ਕੋ ਘਾਲਾ[1]।
ਬਿੱਪ੍ਰ ਬੀਰਬਲ ਚਮੂੰ ਬਿਸਾਲਾ।
ਪੁਰਿ ਮੈਂ ਪ੍ਰਵਿਸ਼ੇ ਨਰ ਮਤਿ ਹੀਨ।
ਘਰ ਖੱਤ੍ਰੀਨ ਖੋਜ ਕਰਿ ਲੀਨ ॥੩੫॥
'ਆਇ ਦਿਵਾਨ ਬੀਰਬਲ ਬੈਠਾ।
ਮਿਲਹੁ ਸਕਲ ਦੇ ਕਰਿ ਤੁਮ ਭੇਟਾ।'
ਸੁਨਿ ਕਰਿ ਗੁਰ ਸਨਬੰਧੀ ਘਨੇ।
ਅਪਰ ਮਿਲੇ ਕੁਛ ਗੁਰ ਢਿਗ ਭਨੇ ॥੩੬॥
'ਆਗਜਾ ਦੇਹੁ ਜਥਾ ਹਮ ਕਰੈਂ।
ਨਾਂਹਿ ਤ ਬਿੱਪ੍ਰ ਦ੍ਵੈਖ ਕੋ ਧਰੈ।'
ਸ਼੍ਰੀ ਗੁਰ ਅਮਰ ਭਨਜੋ 'ਜੁਗ[2] ਜਾਵਹੁ।
ਹਮਰੀ ਦਿਸ਼ ਤੇ[3] ਭਾਖਿ ਸੁਨਾਵਹੁ ॥੩੭॥
-ਇਹ ਗੁਰ ਪੁਰਿ ਜਾਨਹੁ ਉਰ ਮਾਂਹੀ।
ਕਾਰ ਵਿਹਾਰ ਕਰਤਿ ਕੋ ਨਾਂਹੀ[4]।
ਜੋ ਪਰਮੇਸ਼ੁਰ ਦੇਤਿ ਪਠਾਇ।
ਸੋ ਅਚਿ, ਔਰਨ ਦੇਂ ਅਚਵਾਇ[+] ॥੩੮॥
ਭੋਜਨ ਲੇਹੁ ਦੇਗ ਤੇ ਜੇਤਾ।
ਤੁਮਰੇ ਨਿਕਟ ਪਠਹਿਂ ਹਮ ਤੇਤਾ।
ਨਹੀਂ ਰਜਤਪਣ ਲੇਤਿ ਨ ਦੇਤਿ।
ਇਹੀ ਰੀਤਿ ਹੈ ਗੁਰੂ ਨਿਕੇਤ[5]-' ॥੩੯॥
ਤਿਸ ਕੇ ਨਰਨ ਸੰਗ ਸਿਖ ਗਏ।
ਬੈਠਜੋ ਬਿੱਪ੍ਰ ਅਹੰਕ੍ਰਿਤ ਕਏ[6]।
ਖਰੇ ਹੋਇ ਕਰਿ ਬਾਤ ਸੁਨਾਈ।
'ਸ਼੍ਰੀ ਨਾਨਕ ਗਾਦੀ ਇਸ ਥਾਈਂ ॥੪੦॥
ਤ੍ਰਿਤੀ ਥਾਨ ਗੁਰੁ ਅਮਰ ਸੁਹਾਏ।
ਸਿਖ ਸੰਗਤਿ ਉਪਦੇਸ਼ ਦ੍ਰਿੜਾਏ।

---

[1]ਡੇਰਾ ਪਾਇਆ।
[2]ਦੋ (ਪੁਰਸ਼)।
[3]ਅਸਾਡੇ ਵਲੋਂ।
[4]ਕੋਈ ਕਾਰ ਵਿਹਾਰ (ਗੁਰੂ ਜੀ) ਨਹੀਂ ਕਰਦੇ।
[+]ਪਾ:-ਦੇਤ ਅਚਾਇ।
[5]ਗੁਰੂ ਘਰ ਦੀ।
[6]ਹੰਕਾਰ ਕਰੇ।

ਦੇਗ ਚਲਾਵਤਿ ਭੋਜਨ ਦੇਤਿ।
ਨਹਿਂ ਸੰਚੈ ਕੁਛ ਰਖੈਂ ਨਿਕੇਤ[1] ॥੪੧॥
ਤਿਨ ਕੀ ਪੁਰੀ ਬਸਹਿਂ ਨਰ ਨਾਰੀ।
ਕਰਹਿਂ ਸਭਿਨਿ ਕੀ ਨਿਤ ਰਖਵਾਰੀ।
ਧਰਹੁ ਸ਼ਰਧਾ ਚਹਹੁ ਅਹਾਰੇ।
ਤੌ ਆਨਹਿਂ ਜੇਤਿਕ ਗੁਰਦ੍ਵਾਰੇ' ॥੪੨॥
ਸੁਨਿ ਕੈ ਕਹਯੋ ਬੀਰਬਲ ਫੇਰ।
'ਜੇਤਿਕ ਖੱਤ੍ਰੀ ਕੇ ਘਰ ਹੇਰਿ।
ਸਭਿ ਮਿਲ ਸੰਚਿ ਰਜਤਪਣ ਲਜਾਵਹਿਂ।
ਪੁਨ ਆਗੇ ਹਿਤ[2] ਨਾਮ ਲਿਖਾਵਹਿਂ ॥੪੩॥
ਕਰਹਿਂ ਬਹਾਨੇ ਅਨਿਕ ਪ੍ਰਕਾਰੇ।
ਇਹ ਨਹਿਂ ਮਿਟਹਿਂ ਲੇਹੁ ਉਰ ਧਾਰੇ[3]।
ਜਿਸ ਕੇ ਗੁਰ ਤਿਸ ਕੇ ਬਨ ਰਹੋ।
ਹਮੈਂ ਸੁਨਾਵਨਿ ਹਿਤ ਕਿਮਿ ਕਹੋ ॥੪੪॥
ਕਾਰ[4] ਕਦੀਮੀ ਹਟਹਿ ਨ ਮੋਰੀ।
ਸਭਿ ਪਰ ਦੰਡ ਲਗਯੋ ਚਹੁਂ ਓਰੀ।'
ਸੁਨਿ ਕੈ ਸਿਖ ਅਨਮਨ[5] ਹੁਇ ਆਏ।
ਸਤਿਗੁਰ ਨਿਕਟ ਬ੍ਰਿਤੰਤ ਸੁਨਾਏ ॥੪੫॥
'ਇਹੁ ਦਿਜ ਹੰਕਾਰੀ ਨਹਿਂ ਜਾਨਹਿ।
-ਕਰ ਮੇਰੋ ਅਬ ਦੇਹੁ- ਬਖਾਨਹਿ।
ਨਾਂਹਿ ਤ ਬਲ ਕੋ ਕਰਹਿ, ਕੁਚਾਲੀ।
ਲਾਖਹੁਂ ਸੈਨਾ ਕੇ ਭਟ ਨਾਲੀ' ॥੪੬॥
ਸੁਨਿ ਸ਼੍ਰੀ ਅਮਰ ਦਾਸ[+] ਮੁਸਕਾਏ।
'ਜਿਨਹੁਂ ਜਗਤ ਪ੍ਰਭੁਤਾ ਕਿਤ ਪਾਏ[6]।
ਮਦ[7] ਕਰਿ ਅੰਧ ਹੋਤਿ ਮਤਿ ਬੌਰੇ।

---

[1]ਘਰ ਵਿਚ।
[2]ਅੱਗੇ ਵਾਸਤੇ।
[3]ਇਹ (ਕਰ) ਨਹੀਂ ਹਟੇਗਾ ਰਿਦੇ ਵਿਚ ਧਾਰ ਲੌ।
[4]ਕਾਰ = ਕੁਲ ਪ੍ਰੋਹਿਤ ਆਦਿਕਾਂ ਲਈ ਬੱਧੀ ਹੋਈ ਭੇਟ।
[5]ਢੱਠੇ ਮਨ, ਚਿੰਤਾਤੁਰ।
[+]ਪਾ:-ਮੰਦ।
[6]ਜਿਨ੍ਹਾਂ ਨੂੰ ਜਗਤ ਦੀ ਵਡਿਆਈ ਕੁਛਕੁ ਮਿਲ ਗਈ ਹੋਵੇ।
[7]ਹੰਕਾਰ।

ਅਪਨੇ ਸਮ ਨਹਿਂ ਜਾਨਹਿਂ ਔਰੇ ॥੪੭॥
ਬਿਨ ਗੁਰ ਸੇਵੇ ਹੋਵ ਸੰਤਾਪ।
ਠਾਨਤਿ ਮੂਰਖਿ ਬਹੁ ਬਿਧਿ ਪਾਪ।
ਕਰਤਿ ਸਾਹਿਬੀ[1] ਕੇਤਿਕ ਦਿਨਿ ਕੀ।
ਬਿਸਰ ਜਾਤਿ ਗਤਿ ਜਨਮ ਮਰਨ ਕੀ ॥੪੮॥
ਨਹਿਂ ਦੀਰਘ ਦਰਸੀ ਹੁਇ ਹੇਰੈਂ[2]।
-ਅੰਤ ਸਮੈ ਧਨ ਸੰਗ ਨ ਮੇਰੈ-।
ਔਚਕ ਗਹੈ ਆਇ ਜਰਵਾਣਾ[3]।
ਨਗਨ ਇਕਾਕੀ[4] ਕਰਹਿ ਪਯਾਣਾ ॥੪੯॥
ਪਿਖਯ ਨ ਜਬਿ ਲੌਂ[5] ਨਾਂਹਿਨ ਮਾਨਹਿਂ।
ਪਹੁਂਚੀ ਜਰ[6] ਤਨ ਇਸ, ਨਹਿਂ ਜਾਨਹਿਂ।
ਬਿਰਮਜੋ ਮਾਯਾ ਮੋਹ ਜੁ ਮੀਠਾ[7]।
ਪਰਚਜੋ ਚਿਤ ਬਨਿਤਾ ਸੁਤ ਈਠਾ[8]' ॥੫੦॥
ਸੁਨਿ ਸਿੱਖਜਨ ਪੁਨ ਬੂਝਨ ਠਾਨੇ।
'ਇਸ ਕੌ ਕਿਮਿ ਉਪਾਵ ਹਮ ਜਾਨੇ?
ਕਰਹਿ ਅਵੱਗਜਾ ਦੇਹ ਬਿਖਾਦੂ[9]।
ਜਿਸ ਕੇ ਗੁਰੁ ਮਹਿਮਾ ਨਹਿਂ ਯਾਦੂ' ॥੫੧॥
ਸਹਜ ਸੁਭਾਇਕ ਸਤਿਗੁਰ ਬੋਲੈ।
'ਨਿਸ਼ਚੈ ਰਾਖਹੁ ਕਜੋਂ ਮਨ ਡੋਲੇ।
ਦੇਖਹੁ ਕਹਾਂ ਕਰਹਿ ਕਰਤਾਰ।
ਸਿਰ ਲਾਗੇ ਤੇ ਸਮਝ ਗਵਾਰ[10] ॥੫੨॥
ਜਾਇ ਬਿਲੋਕਹੁ ਤਹਿਂ ਤੁਮ ਦੋਊ।
ਕਹੈ ਬਾਰਤਾ ਸੁਨੀਅਹਿ ਸੋਊ।'

---

[1]ਅਮੀਰੀ, ਵਡਿਆਈ।
[2]ਲੰਮੀ ਨਿਗਾਹ ਵਾਲੇ ਹੋਕੇ ਨਹੀਂ ਦੇਖਦੇ।
[3]ਭਾਵ ਜਮਦੂਤ।
[4]ਨੰਗਾ ਤੇ ਇਕੱਲਾ,
ਗੁਰਵਾਕ:ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।
[5](ਮੌਤ) ਦੇਖਣ ਨਾ ਜਦ ਤੀਕ।
[6]ਬੁਢੇਪਾ।
[7]ਮਾਇਆ ਦਾ ਮੋਹ ਜੋ ਮਿੱਠਾ ਹੈ (ਉਸ ਵਿਚ) ਭਰਮ ਰਿਹਾ ਹੈ।
[8]ਪਿਆਰਿਆਂ ਨਾਲ।
[9]ਦੁੱਖ।
[10]ਮੂਰਖ ਨੂੰ ਸਿਰ ਲੱਗਿਆਂ ਹੀ ਸਮਝ ਆਉਂਦੀ ਹੈ।

ਆਇਸੁ ਮਾਨਿ ਗਏ ਤਤਕਾਲਾ।
ਬੈਠੇ, ਜਿਹ ਠਾਂ ਪੌਰ ਬਿਸਾਲਾ ॥੫੩॥
ਤਿਸ ਛਿਨ ਅਕਬਰ ਕੇ ਪਰਵਾਨੇ।
ਆਏ ਬਡ ਤੂਰਨਤਾ ਠਾਨੇ।
ਭਨਜੋ ਬੀਰਬਲ ਸੋਂ ਤਿਨ ਨਰਨ।
'ਇਸ ਪੁਰਿ ਮਹਿਂ ਗਨ ਖੱਤ੍ਰੀ ਬਰਨ[1] ॥੫੪॥
ਅਬਿ ਲੌਂ ਹੁਕਮ ਮਾਨਿ ਨਹਿਂ ਆਏ।
ਸੰਧਜਾ ਪਰੀ ਸੁ ਸਮਾਂ ਬਿਤਾਏ।
ਹੁਕਮ ਆਪ ਕੋ ਹੋਇ ਸੁ ਕਰੈਂ।
ਜਾਇਂ ਤਿਨਹੁਂ ਢਿਗ, ਕੈ ਇਤ ਟਰੈਂ[2]' ॥੫੫॥
ਕਹਜੋ ਬੀਰਬਲ 'ਅਬਿ ਨਿਸ ਪਰੀ।
ਪ੍ਰਾਤ ਮੁਕਾਮ ਕਰਹਿਂ ਇਸੁ ਪੁਰੀ।
ਤਬਿ ਸਭਿ ਕੋ ਗਹਿ ਕੈ ਮੰਗਵਾਵੈਂ।
ਨਾਂਹਿ ਤ ਹੁਕਮ ਮਾਨਿ ਕਰਿ ਆਵੈਂ' ॥੫੬॥
ਭਯੋ ਤਿਮਰ ਸਿਖ ਸੁਨਿ ਕਰਿ ਆਏ।
'ਬਿਗਰਹਿ ਪ੍ਰਾਤੀ' ਗੁਰਨਿ ਬਤਾਏ[3]।
ਕਹਿਂ ਸ਼੍ਰੀ ਅਮਰ 'ਮੁਕਾਮ ਨ ਹੋਇ।
ਬੇਗ ਇਹਾਂ ਤੇ ਗਮਨਹਿ ਸੋਇ ॥੫੭॥
ਨਹਿਂ ਚਿੰਤਾ ਚਿਤ ਬਿਖੇ ਬਿਚਾਰੋ।
ਰਹੋ ਅਨੰਦਤਿ ਸਦਨ ਸਿਧਾਰੋ।'
ਸੁਨਜੋ ਬੀਰਬਲ ਜਬਹਿ ਪ੍ਰਵਾਨਾ।
ਲਿਖੀ ਜਿਸੀ ਮਹਿਂ ਸ਼ੀਘ੍ਰ ਮਹਾਂਨਾ ॥੫੮॥
'ਤਿਸੀ ਦੇਸ਼ ਭਾ ਦੁੰਦ ਘਨੇਰਾ[4]।
ਲੂਟ ਕੂਟ ਲੀਨੋ ਦਲ ਡੇਰਾ[5]।
ਨਹਿਂ ਕਿਤ ਠਹਿਰ ਮੁਕਾਮ ਕਰੀਜਹਿ।
ਦੀਹ ਮਜਲ ਤੇ ਤਹਿਂ ਪਹੁਂਚੀਜਹਿ ॥੫੯॥
ਕਰਹੁ ਜਾਇ ਸਰ[6] ਲਰਹੁ ਘਨੇਰੇ।

---

[1]ਕਹੀਦੇ ਹਨ (ਅ) ਜਾਤਿ ਦੇ।
[2]ਅਥਵਾ ਇਥੋਂ ਟਲ ਜਾਈਏ।
[3]ਗੁਰੂ ਜੀ ਨੂੰ ਦੱਸਿਆ 'ਸਵੇਰੇ ਵਿਗਾੜ ਹੋ ਜਾਏਗਾ।'
[4]ਭਾਵ ਪਸ਼ਚਮ ਦੇਸ਼ ਵਿਚ ਬੜਾ ਉਪੱਦ੍ਰਵ ਹੋ ਪਿਆ ਹੈ।
[5](ਹੇ ਬੀਰਬਲ ਤੈਥੋਂ ਅੱਗੇ ਜੇਹੜਾ ਇਧਰ ਦਾ) ਦਲ (ਸੀ), ਉਸ ਦਾ ਡੇਰਾ ਲੁੱਟ ਕੁਟ ਲਿਆ ਹੈ (ਵੈਰੀ ਨੇ)।
[6]ਫਤੇ ਕਰੋ।

ਦੀਰਘ ਲਸ਼ਕਰ ਹੈ ਸੰਗ ਤੇਰੇ।'
ਸੁਨਿ ਨਿਸ ਮਹਿਂ ਤਜਾਰੀ ਕਰਿਵਾਈ।
'ਬਡੀ ਪ੍ਰਾਤਿ ਤੇ ਹੋਹਿ ਚਢਾਈ' ॥੬੦॥
ਸਭਿ ਲਸ਼ਕਰ ਮਹਿਂ ਸੁਧਿ ਕਰਿ ਦੀਨਿ।
ਨਿਸਾ ਬਿਤਾਵਨ ਤਿਹ ਠਾਂ ਕੀਨਿ।
ਭੋਰ ਭੂਰ ਤੇ[1] ਬਜੇ ਨਗਾਰੇ।
ਸੁਨਿ ਸਭਿ ਜ਼ੀਨ ਤੁਰੰਗਨ ਡਾਰੇ[2] ॥੬੧॥
ਆਪ ਚਢਿਨਿ ਕੀ ਤਜਾਰੀ ਕੀਨਿ।
ਚਲਜੋ ਪ੍ਰਸੰਗ ਤਬਹਿ ਖੱਤ੍ਰੀਨ।
'ਇਸ ਪੁਰਿ ਕੇ ਨਹਿਂ ਚਲਿ ਕਰਿ ਆਏ।
ਨਹੀਂ ਰਜਤਪਣ ਕਿਨਹੁਂ ਪਠਾਏ ॥੬੨॥
ਕਿਸ ਅਲੰਬ ਹੰਕਾਰ ਕਰੰਤੇ।
ਬਡੋ ਆਪ ਤੇ ਕਿਸਹਿ ਲਖੰਤੇ[3]?
ਜਿਸ ਤੇ ਤ੍ਰਾਸ ਨ ਧਰਹਿਂ ਤੁਮਾਰੋ[4]।
ਕਹੈਂ ਕਿ -ਹਮ ਤੇ ਲੇਹੁ ਅਹਾਰੋ-' ॥੬੩॥
ਸੁਨਿ ਕਰਿ ਕਹਜੋ ਬੀਰਬਲ ਤਬੈ।
'ਭਈ ਸ਼ੀਘ੍ਰ ਚਾਲੇ ਚਢਿ ਅਬੈ।
ਹਟਿ ਕੈ ਆਵੈਂ ਜਬਿ ਇਸ ਪੁਰਿ ਕੋ।
ਕਰਹਿਂ ਬਿਲੋਕਨ ਤਬਿ ਹਮ ਗੁਰ ਕੋ ॥੬੪॥
ਅਬਿ ਤੇ ਦਸ ਗੂਨਾ ਧਨ ਲੇਹਿਂ।
ਅਪਰ ਸਜਾਇ ਕਛੂ ਇਨ ਦੇਹਿਂ।
ਨਹਿਂ ਰਾਖੀ ਮੇਰੀ ਬਡਿਆਈ।
ਮਿਲੇ ਨ ਦਯੋ ਦਰਬ ਸਮੁਦਾਈ' ॥੬੫॥
ਇਮਿ ਇਕ ਨਰ ਸੋਂ ਭਾਖਿ ਪਠਾਯੋ[5]।
ਆਪ ਅਰੂਢਜੋ ਪੰਥ ਸਿਧਾਯੋ।
ਸ਼ੀਘ੍ਰ ਕਰਤਿ ਹੀ ਲਸ਼ਕਰ ਚਾਲਾ।
ਦੂਰ ਬਿਸਾਲ ਸਿਵਰ ਕੋ ਘਾਲਾ ॥੬੮॥
ਸੋ ਨਰ ਚਲਿ ਕਰਿ ਗੁਰ ਢਿਗ ਆਯੋ।

---

[1]ਬਹੁਤ ਸਵੇਰ ਸਾਰ ਤੋਂ।
[2]ਘੋੜਿਆਂ ਪਰ ਕਾਠੀਆਂ ਪਾਈਆਂ।
[3](ਹੋਰ) ਕਿਸ ਨੂੰ ਜਾਣਦੇ ਹਨ?
[4]ਜਿਸ ਦੀ (ਸ਼ਹਿ ਕਰਕੇ) ਤੇਰੇ ਪਾਸੋਂ ਡਰਦੇ ਨਹੀਂ।
[5]ਕਹਿ ਭੇਜਿਆ (ਗੋਇੰਦਵਾਲ)।

ਕਹਜੋ ਬੀਰਬਲ ਕੇਰ ਸੁਨਾਯੋ।
'ਤੁਮ ਪਰ ਹੋਯੋ ਕ੍ਰੋਧ ਘਨੇਰੇ।
-ਦੇਉਂ ਸਜਾਇ ਆਇ ਜਿਸ ਬੇਰੇ ॥੬੭॥
ਕਯੋਂ ਨਹਿਂ ਚਾਹਜੋ ਅਪਨ ਭਲੇਰਾ।
ਮਿਲੇ ਕਯੋਂ ਨ ਦੇ ਦਰਬ ਬਡੇਰਾ*-।
ਹਟਿ ਆਵਹਿ ਬਹੁ ਦੇਇ ਬਿਖਾਦਾ।
ਕਰਹਿ ਕੈਦ, ਧਨ ਲੇ ਬਹੁ ਬਾਦਾ[1]' ॥੬੬॥
ਬੋਲੇ ਅਮਰ ਗੁਰੂ ਸੁਨਿ ਸੋਇ।
'ਇਹਾਂ+ ਨ ਆਵਨ ਇਸ ਕੋ ਹੋਇ।
ਬਰਫ ਸੰਗ ਤਿਹ ਠਾਂ ਗਰ ਜਾਇ[2++]।
ਹੰਕਾਰੀ ਨਹਿਂ ਜੀਵਨ ਪਾਇ ॥੬੯॥
ਚਿਤਵਹਿ ਬੁਰਾ ਗੁਰੂ ਘਰ ਸੰਗ।
ਕਿਮ ਠਹਿਰਹਿ ਤੂਰਨ ਹੁਇ ਭੰਗ।'
ਇਮ ਕਹਿ ਤੂਸ਼ਨ ਭਏ ਗੁਸਾਈਂ।
ਗਯੋ ਬਿੱਪ੍ਰ ਤੁਰਕਨ ਪਰ ਧਾਈ ॥੭੦॥
ਇਕ ਦੁਇ ਜੰਗ ਅਖਾੜੇ ਭਏ।
ਬਰਫ ਗਿਰਨ ਮਹਿਂ[3] ਸਭਿ ਧਸਿ ਗਏ।
ਨਾਕ ਸੀਤ ਤੇ ਠਰ ਗਿਰ ਪਰਯੋ।
ਦੁੰਦਭਿ ਤਬੈ ਬਜਾਵਨ ਕਰਯੋ ॥੭੧॥
ਭਈ ਬਰਫ ਨਭ[4] ਬਰਖਾ ਘਨੀ।
ਦਬਯੋ ਬੀਰਬਲ ਜੁਤਿ ਸਭਿ ਅਨੀ**।

---

*ਪਾ:-ਘਨੇਰਾ।
[1]ਝਗੜਾ ਕਰਕੇ।
+ਪਾ:-ਬਹੁਰ।
[2]ਗਲ ਜਾਏਗਾ।
++ਇਸ ਤਰ੍ਹਾਂ ਦੇ ਵਾਕ ਸ੍ਰਾਪ ਨਹੀਂ ਹਨ। ਏਹ ਸਹਿਜ ਸੁਭਾਵ ਦੇ ਵਾਕ ਹਨ। ਬੀਰਬਲ ਏਥੇ ਅਵੱਗਜ਼ਾ ਕੀਤੀ ਤੇ ਡਰਾਵਾ ਦੇ ਗਿਆ ਜਿਸ ਪਰ ਸਿੱਖਾਂ ਦੇ ਘਬਰਾਉਣ ਤੇ ਆਪ ਨੇ ਭਵਿੱਖਤ ਵਾਚ ਲਈ ਤੇ ਦੱਸ ਦਿੱਤੀ ਕਿ ਇਸ ਵਿਚਾਰੇ ਨੇ ਆਕੇ ਕੀਹ ਦੁਖ ਦੇਣਾ ਹੈ, ਇਸ ਦਾ ਅੰਤ ਤਾਂ ਓਥੇ ਹੀ ਬਿਦਿਆ ਹੈ। ਇਹ ਅਗੰਮ ਵਾਚਣਾ ਹੈ। 'ਹਰ ਕੇ ਦਰ ਵਰਤਿਆ' ਦੱਸ ਦੇਣਾ ਹੈ। ਇਹ ਪ੍ਰਸੰਗ ਮਹਿੰਮਾ ਪ੍ਰਕਾਸ਼ ਵਿਚ ਨਹੀਂ ਆਇਆ।
[3]ਪਹਾੜਾਂ ਦੀ ਬਰਫ ਵਿਚ।
[4]ਅਕਾਸ਼ ਤੋਂ।
**ਬੀਰਬਲ ਤੇ ਉਸ ਦੀ ਸਾਰੀ ਫ਼ੌਜ ਤੇ ਜ਼ੈਨਖਾਂ ਦੀ ਫ਼ੌਜ ਬਿਲੰਦਜ਼ਈ ਤੇ ਕਰਾਹ ਰੁਗਾਹ ਆਦਿ ਦਰਿਆਂ ਵਿਚ, ਜੋ ਗ਼ਾਲਬਨ ਸ੍ਵਾਤ ਦੇ ਪਹਾੜਾਂ ਵਿਚ ਹਨ, ਮਾਰੀ ਗਈ ਸੀ, ਕੋਈ ਨਹੀਂ ਸੀ ਬਚਿਆ। ਅੱਬੁਲ ਫਜ਼ਲ ਲਿਖਦਾ ਹੈ ਕਿ ੫੦੦ ਜੁਵਾਨ ਮੋਏ, ਪਰ ਖ਼ਾਫੀ ਖਾਂ ਲਿਖਦਾ ਹੈ ਕਿ ਪੰਜਾਹ ਹਜ਼ਾਰ ਜਾਂ ਚਾਲੀ ਹਜ਼ਾਰ ਪੈਦਲ ਤੇ ਸਵਾਰਾਂ ਵਿਚੋਂ ਇਕ ਵੀ ਨਾ ਬਚਿਆ।

ਗੁਰ ਕੋ ਬਾਕ ਸਦਾ ਸੁਫਲਾਵੈ।
ਨਹੀਂ ਸੁਰਾਸੁਰ ਕੋ ਉਲਟਾਵੈ ॥੭੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬੀਰਬਲ ਪ੍ਰਸੰਗ' ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

੪੨. [ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੇਈਆ ਤਾਪ ਦਾ ਪ੍ਰਸੰਗ]

੪੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੩

ਦੋਹਰਾ: ਇਕ ਦਿਨ ਸਤਿਗੁਰ ਨਿਸਾ ਮਹਿਂ,
ਸਿਹਜਾ ਪਰ ਸੁਪਤਾਇ[1]।
ਕੂਕ ਪੁਕਾਰੀ ਨਾਰਿ ਇਕ,
ਸਗਰੀ ਪੁਰੀ ਸੁਨਾਇ ॥੧॥

ਚੌਪਈ: ਗੁਰ ਕੇ ਖੁਲੇ ਸੁਨਤਿ ਹੀ ਨੈਨ।
ਬੋਲੇ ਦਾਸ ਸੰਗ ਸੁਖ ਦੈਨ।
ਕੌਨ ਅਚਾਨਕ ਕੀਨ ਪੁਕਾਰੀ?
ਕਿਸ ਤੇ ਦੁਖ ਪਾਯੋ ਇਸ ਨਾਰੀ?' ॥੨॥
ਸੁਨਿ ਬੱਲੂ ਨੇ ਤਬਹਿ ਬਤਾਈ।
'-ਪੁੱਤ੍ਰ ਪੁੱਤ੍ਰ- ਕਹਿ ਕੋ ਬਿਲਲਾਈ।
ਕਹਾਂ ਭਯੋ ਕੁਛ ਜਾਇ ਨ ਜਾਨਾ।
ਨੰਦਨ ਦੁਖੀ ਕਿ ਹਤਿ ਭਾ ਪ੍ਰਾਨਾ' ॥੩॥
ਸਤਿਗੁਰ ਕਹਯੋ 'ਜਾਇ ਸੁਧ ਆਨਹੁ।
ਭਈ ਦੁਖੀ ਕਿਮਿ ਹਮਹਿਂ ਬਖਾਨਹੁ।'
ਸੁਨਿ ਆਇਸੁ ਬੱਲੂ ਚਲਿ ਗਯੋ।
ਮ੍ਰਿਤਕ ਪੁੱਤ੍ਰ ਤਿਹ ਦੇਖਤਿ ਭਯੋ ॥੪॥
ਸਭਿ ਬਿਧਿ ਬੂਝਿ ਗੁਰੂ ਢਿਗ ਕਹਯੋ।
'ਤ੍ਰਿਯ ਬਿਧਵਾ ਕੇ ਇਕ ਸੁਤ ਰਹਯੋ[2]।
ਤੇਈਆ ਤਾਪ ਖੇਦ ਤਿਸੁ ਦੈ ਕੈ।
ਕਰਯੋ ਮ੍ਰਿਤਕ ਬਹੁ ਨਿਰਬਲ ਕੈ ਕੈ' ॥੫॥
ਸੁਨਿ ਗੁਰ ਕਹਯੋ 'ਪ੍ਰਾਤਿ ਜਬਿ ਹੋਇ।
ਮਰਯੋ ਪੁੱਤ੍ਰ ਤਿਸ ਜੀਵਨ ਹੋਇ।
ਅਬਿ ਕਹਿ ਦੇਹੁ ਨ ਕਰਹਿ ਬ੍ਰਿਲਾਪ।
ਬੰਧਹਿਂ ਕੈਦ ਜਿ ਤੇਈਆ ਤਾਪ' ॥੬॥
ਸੁਨਿ ਬੱਲੂ ਨੇ ਜਾਇ ਹਟਾਈ।
ਭਈ ਭੋਰ ਸੁਤ ਮ੍ਰਿਤੁ ਲੈ ਆਈ।
ਉਠਿ ਸਤਿਗੁਰ ਤਿਹ ਚਰਨ ਲਗਾਯੋ।
ਤੂਰਨ ਬਾਲਕ ਤਬਹਿ ਜਿਵਾਯੋ ॥੭॥

---

[1]ਸੁੱਤੇ।
[2]ਇਕ ਪੁੱਤ੍ਰ ਹੈ ਸੀ।

ਪੁਨ ਗੁਰ ਤੇਈਆ ਤਾਪ ਹਕਾਰਜੋ।
ਤਿਸ ਕੋ ਬਾਲਕ ਸਮ ਤਨ ਧਾਰਜੋ।
ਚਰਨ ਜੰਜੀਰ ਡਾਰ ਕਰਿ ਦੀਨ।
ਗਰ ਮਹਿਂ ਤੌਕ ਪਾਇਬੋ ਕੀਨ ॥੮॥
ਜੁਗ ਹਾਥਨ ਮਹਿਂ ਡਾਰਿ ਹਥੌਰੀ।
ਲੋਹ ਪਿੰਜਰੇ ਮਹਿਂ ਤਿਸ ਠੌਰੀ।
ਪਾਇ ਬੀਚ ਨਿਜ ਪੌਰ ਟਿਕਾਯੋ।
ਕਹਯੋ ਗੁਰੂ 'ਇਨ ਤ੍ਰਾਸ ਨ ਪਾਯੋ[1] ॥੯॥
ਆਨਿ ਅਵੱਗਜਾ ਪੁਰਿ ਮਹਿਂ ਕੀਨਿ।
ਬਿਧਵਾ ਕੋ ਬਾਲਕ ਹਤਿ ਦੀਨ।
ਹਮਰੋ ਕਰਿਓ ਪ੍ਰਣ ਨਹਿਂ ਜਾਨਯੋ।
ਮਾਤਹਿਂ ਪਿਤਹਿਂ ਪਿਖਤਿ[2] ਸੁਤ ਹਾਨਯੋ ॥੧੦॥
ਏਕ ਰੋਗ ਕੋ ਹੋਇ ਸਜ਼ਾਇ।
ਪੁਨ ਹਮਰੇ ਪੁਰਿ ਕੋਇ ਨ ਆਇ।
ਰਹੈ ਪਿੰਜਰੇ ਮਹਿਂ ਇਹੁ ਪਰਯੋ।
ਗੋਇੰਦਵਾਲ ਨਿਡਰ ਹੁਇ ਬਰਯੋ' ॥੧੧॥
ਇਮਿ ਕਹਿ ਅਪਨੇ ਪੌਰ ਰਖਾਯੋ।
ਕੇਤਿਕ ਮਾਸਨ ਸਮਾਂ ਬਿਤਾਯੋ।
ਗੁਰ ਬਚ ਸੰਗਲ ਸੰਗ ਰਹਯੋ ਹੈ[3]।
ਛੁਧਤਿ ਅਧਿਕ ਨ ਅਹਾਰ ਲਹਯੋ ਹੈ ॥੧੨॥
ਦੁਰਬਲ ਅੰਗ ਹੋਇ ਬਹੁ ਗਯੋ।
ਗੁਰ ਸਿੱਖਨ ਕੋ ਬੰਦਤਿ ਭਯੋ।
-ਕੋ ਆਵਹਿ ਐਸੋ ਉਪਕਾਰੀ।
ਮੋਹਿ ਮੁਚਾਵਹਿ[4] ਕਰੁਨਾਧਾਰੀ- ॥੧੩॥
ਨਿਕਟ ਕਦੀਮੀ[5] ਸੇਵਕ ਜੋਇ।
ਲਖਹਿਂ ਦੁਖਦ ਹਿਤ ਕਹੈਂ ਨ ਸੋਇ[6]।
ਡੱਲੇ ਗ੍ਰਾਮ ਬਿਖੈ ਸਿਖ ਜੇਈ।

---

[1]ਇਸ ਨੇ (ਸਾਡਾ) ਡਰ ਨਹੀਂ ਮੰਨਿਆ।
[2]ਮਾਤ ਪਿਤਾ ਦੇ ਦੇਖਦਿਆਂ।
[3]ਗੁਰੂ ਜੀ ਦੇ ਬਚਨ (ਰੂਪੀ) ਜੰਜੀਰ ਨਾਲ ਬੰਨ੍ਹਿਆਂ ਰਹਿਆ
[4]ਛੁਡਾਵੇ।
[5]ਪੁਰਾਣੇ।
[6]ਦੁਖ ਦੇਵਾ ਜਾਣਕੇ ਉਸ ਦੇ ਭਲੇ ਲਈ (ਗੁਰੂ ਜੀ ਪਾਸ) ਨਹੀਂ ਕਹਿੰਦੇ।

ਗੁਰ ਦਰਸ਼ਨ ਹਿਤ ਆਏ ਸੇਈ ॥੧੪॥
ਅਰਪਿ ਅਕੋਰ ਅਨੇਕ ਪ੍ਰਕਾਰਾ।
ਸ਼੍ਰੀ ਸਤਿਗੁਰ ਮੁਖ ਕਮਲ ਨਿਹਾਰਾ।
ਕਰਿ ਕਰਿ ਬੰਦਨ ਬੈਠਿ ਨਜੀਕਾ।
ਬੋਲੇ ਗੁਰੂ ਗਿਰਾ ਰਮਣੀਕਾ ॥੧੫॥
'ਕੁਸ਼ਲ ਅਨੰਦ ਸਭਿਨਿ ਮਹੁਂ ਅਹੇ।
ਮਿਲਿ ਸਭਿ ਸੰਗਤਿ ਕੋ ਰਸ ਲਹੇ[1]!
ਡੱਲੇ ਮਹਿਂ ਸਿਖ ਸੇਵਕ ਮੇਰੇ।
ਪਾਰੋ ਲਾਲੋ ਆਦਿ ਬਡੇਰੇ ॥੧੬॥
ਨਿਤਿ ਪ੍ਰਤਿ ਮੋ ਕਹੁ ਅਤਿਸ਼ੈ ਪਜਾਰੇ।
ਜਿਨ ਮਿਲਿਬੋ[2] ਨਰ ਔਰ ਉਧਾਰੇ।'
ਸੁਨਿ ਲਾਲੋ ਕਰ ਜੋਰਿ ਬਖਾਨੀ।
'ਬਖਸ਼ਹੁ ਅਪਨੀ ਸੰਗਤਿ ਜਾਨੀ[3] ॥੧੭॥
ਜੋ ਕਿਛੁ ਅਹੈ ਪ੍ਰਤਾਪ ਤੁਮਾਰਾ।
ਹਮ ਸਮ ਬਪੁਰੇ ਕਹਾਂ ਬਿਚਾਰਾ[4]'।
ਇੱਤਜਾਦਿਕ ਬਚ ਸੁਨਿ ਅਰੁ ਕਹਿ ਕੈ।
ਇਕ ਦੁਇ ਦਿਵਸੁ ਬਿਤਾਏ ਰਹਿ ਕੈ ॥੧੮॥
ਆਵਤਿ ਜਾਤਿ ਪਿੰਜਰਾ ਹੇਰਾ।
ਬਾਲਕ ਦੁਰਬਲ ਬੀਚ ਬਡੇਰਾ।
ਦੇਖਿ ਘਨੀ ਕਰੁਨਾ ਮਨ ਆਈ।
ਸਤਿਗੁਰ ਕੇ ਢਿਗ ਜਾਇ ਸੁਨਾਈ ॥੧੯॥
'ਮਹਾਂਰਾਜ! ਇਸ ਕਰਹੁ ਖਲਾਸੀ।
ਦੁਰਬਲ ਅਧਿਕ ਲਹੈ ਦੁਖਰਾਸੀ[5]।
ਭਯੋ ਦੀਨ ਕਰ ਜੋਰਿ ਦਿਖਾਵੈ[6]।
ਛੁਟਿਬੇ ਕਾਰਨ ਬਿਨੈ ਸੁਨਾਵੈ' ॥੨੦॥
ਤਬਿ ਸ਼੍ਰੀ ਅਮਰ ਕਹਯੋ 'ਛੁਟਵਾਉ।
ਸੰਗ ਆਪਨੇ ਲੇ ਕਰਿ ਜਾਉ।

---

[1]ਅਨੰਦ ਲੈਂਦੇ ਹੋ।
[2]ਜਿਨ੍ਹਾਂ ਦਾ ਮਿਲਣਾ। ਜਿਨ੍ਹਾਂ ਨੂੰ ਮਿਲਣ ਨਾਲ।
[3]ਜਾਣਕੇ।
[4]ਵਿਚਾਰੇ ਦਾਸ ਕੀ ਹਾਂ।
[5]ਬਹੁਤਾ ਕਮਜ਼ੋਰ (ਹੈ ਤੇ) ਪਾ ਰਿਹਾ ਹੈ ਬਹੁਤ ਦੁੱਖ।
[6]ਹੱਥ ਜੋੜਕੇ ਦੱਸਦਾ ਹੈ।

ਹਮਰੀ ਦਿਸ਼ਾ ਬਹੁਰ ਨਹਿਂ ਆਵੈ।
ਮਿਲੀ ਸਜਾਇ ਥਿਰਜੋ ਪਛੁਤਾਵੈ[1]' ॥੨੧॥
ਇਮ ਆਗਜਾ ਸਤਿਗੁਰ ਕੀ ਲੀਨਿ।
ਆਇ ਖਲਾਸੀ ਤਤਛਿਨ ਕੀਨ।
ਗੁਰ ਤੇ ਬਿਦਾ ਹੋਇ ਸਭਿ ਚਾਲੇ[2]।
ਤਿਸ ਬਾਲਿਕ ਕੋ ਲੀਨਸਿ ਨਾਲੇ ॥੨੨॥
ਪਹੁੰਚੇ ਕਿਤਿਕ ਕੋਸ ਜਬਿ ਜਾਇ।
ਤੇਈਆ ਤਾਪ ਛੁਧਿਤ ਬਿਕੁਲਾਇ।
ਲਾਲੋ ਸੰਗ ਕਹਜੋ ਕਰ ਜੋਰਿ।
'ਬਹੁ ਚਲਿਬੇ ਕੋ ਨਹਿਂ ਮਮ ਜੋਰ[3] ॥੨੩॥
ਭੂਖ ਅਧਿਕ ਲਾਗੀ ਤਨ ਮੇਰੇ।
ਬਿਨ ਅਹਾਰ ਦਿਨ ਬਿਤੇ ਘਨੇਰੇ।
ਦਿਹੁ ਆਗਜਾ ਮੈਂ ਅਬਿ ਤ੍ਰਿਪਤਾਵੌਂ।
ਪੁਨ ਤੂਰਨ ਤੁਮ ਸਾਥ ਸਿਧਾਵੌਂ' ॥੨੪॥
ਸੁਨਿ ਲਾਲੋ ਕਰਿ ਦਯਾ ਉਚਾਰੀ।
'ਆਗੇ ਚਲਿ ਹੈਂ ਗ੍ਰਾਮ ਮਝਾਰੀ।
ਪਹਿਤ[4] ਚੂਨ[5] ਲੇ ਬਹੁਤ ਪਕਾਵੈਂ।
ਨੀਕੀ ਰੀਤਿ ਤੋਹਿ ਤ੍ਰਿਪਤਾਵੈਂ ॥੨੫॥
ਨਹੀਂ ਦੂਰ ਕਛੁ, ਨੇਰੇ ਜਾਨਿ।
ਮਨ ਭਾਵਤ ਕੀਜੈ ਤਹਿਂ ਖਾਨ।
ਪੁਨ ਤੁਝ ਕੋ ਲੇ ਸੰਗ ਸਿਧਾਰੈਂ।
ਸਨੇ ਸਨੇ ਚਲਿ, ਨਾਂਹਿ ਨ ਹਾਰੈ[6]' ॥੨੬॥
ਸੁਨਿ ਬਾਲਕ ਤਬਿ ਬਾਕ ਬਖਾਨਾ।
'ਮਮ ਅਹਾਰ ਅਬਿ ਹੈ ਇਸ ਥਾਨਾ।
ਤੁਮ ਆਗਜਾ ਬਿਨ ਸਕੌਂ ਨ ਖਾਇ।
ਕਹਹੁ ਤੁਰਤ ਹੀ ਹ੍ਵੈ ਤ੍ਰਿਪਤਾਇ' ॥੨੭॥
ਸਹਜ ਸੁਭਾਇਕ ਲਾਲੋ ਕਹਜੋ।

---

[1]ਬੈਠਿਆਂ ਪਛੁਤਾਂਵਦਾ ਹੈ।
[2]ਸਾਰੇ (ਡੱਲੇ ਵਾਸੀ ਸਿਖ) ਚੱਲੇ।
[3]ਤਾਕਤ।
[4]ਦਾਲ।
[5]ਆਟਾ।
[6]ਹੌਲੀ ਹੌਲੀ ਟੁਰ, ਥੱਕੇਂਗਾ ਨਹੀਂ।

'ਤ੍ਰਿਪਤਾਵਹੁ ਅਹਾਰ ਜਹਿਂ ਲਹਜੋ।
ਘਰੀ ਮਾਤ੍ਰ ਹਮ ਠਹਿਰਨਿ ਕਰੈਂ।
ਪੁਨ ਹਮ ਚਲੈਂ ਤੋਹਿ ਸੰਗ ਧਰੈਂ[1] ॥੨੮॥
ਤਹਿਂ ਧੋਬੀ ਇਕ ਬਸਤ੍ਰ ਪਖਾਰਹਿ।
ਜਲ ਨਿਚੋਰ ਸ਼ੁਸ਼ਕਨਿ ਕੋ ਡਾਰਹਿ।
ਜਬਿ ਲਾਲੋ ਤੇ ਆਗਜਾ ਲੀਨਿ।
ਤਤਛਿਨ ਚਢਿਬੋ ਤਿਸ ਤਨ ਕੀਨਿ ॥੨੯॥
ਭਯੋ ਕੰਪ ਧੋਬੀ ਗਿਰ ਪਰਜੋ।
ਸਰਬ ਸਰੀਰ ਪੀਰਬੋ[2] ਕਰਜੋ।
ਰੁਧਿਰ[3] ਨਿਚੋਰ ਲੀਨਿ ਤਬਿ ਐਸੇ।
ਬਸਤ੍ਰ ਨਿਚੋਰਤਿ ਜਲ ਕੋ ਜੈਸੇ ॥੩੦॥
ਤਹਿਂ ਘਟ ਫੋਰਿ ਠੀਕਰਾ ਭਰਜੋ।
ਲਾਲੋ ਨਿਕਟ ਲਜਾਇਬੋ ਕਰਜੋ।
ਲਗਜੋ ਦਿਖਾਵਨ 'ਲੇਹੁ ਨਿਹਾਰ।
ਇਸ ਪ੍ਰਕਾਰ ਕੋ ਮੋਰਿ ਅਹਾਰ ॥੩੧॥
ਚਿਰੰਕਾਲ ਤੇ ਛੁਧਤਿ[4] ਬਿਸਾਲਾ।
ਪਾਨ ਕਰੌਂ ਤ੍ਰਿਪਤੌਂ ਇਸ ਕਾਲਾ।
ਕ੍ਰਿਪਾ ਆਪ ਕੀ, ਮੋਹਿ ਬਚਾਯੋ।
ਬਡ ਬੰਧਨ ਤੇ ਖੋਲਿ* ਮੁਚਾਯੋ[5]' ॥੩੨॥
ਸੁਨਿ ਅਰ ਪਿਖਿ ਲਾਲੋ ਉਰ ਤ੍ਰਾਸਾ।
-ਗਹਜੋ ਪਿੰਜਰੇ ਬਿਖੇ ਨਿਕਾਸਾ[6]।
ਬਡੀ ਬਲਾਇ ਨ ਮੈਂ ਕੁਛ ਜਾਨਾ।
ਸੰਗ ਕ੍ਰੂਰ ਕਰਮਾਂ ਅਬਿ ਆਨਾ[7]- ॥੩੩॥
ਕਹਨਿ ਲਗਜੋ 'ਚਲਿ ਹਟਿ ਗੁਰ ਪੌਰ[8]।
ਮੈਂ ਨ ਲਿਜਾਵੌਂ ਅਪਨੀ ਠੌਰ।

---

[1]ਤੈਨੂੰ ਨਾਲ ਕਰਕੇ।
[2]ਦੁਖੀ, ਪੀੜਿਤ।
[3]ਦੁਖੀ, ਪੀੜਿਤ।
[4]ਭੁੱਖਾ।
*ਪਾ:-ਬੋਲਿ।
[5]ਛੁਡਾਇਆ।
[6]ਫੜਿਆ ਹੋਇਆ ਸੀ, ਪਿੰਜਰੇ ਵਿਚੋਂ (ਮੈਂ) ਕਢਾਇਆ।
[7]ਭਿਆਨਕ ਕਰਮਾਂ ਵਾਲਾ ਆਪਣੇ ਨਾਲ ਆਂਦਾ ਹੈ।
[8]ਗੁਰੂ ਜੀ ਦੇ ਦਰਵਾਜੇ।

ਜੀਵਨ[1] ਕੌ ਦੁਖਦਾਯਕ ਪਾਪੀ।
ਬਜ਼ਾਕੁਲ ਕਰਹਿ ਮਹਾਂ ਸੰਤਾਪੀ ॥੩੪॥
ਗੁਰ ਰਾਖਹਿਂਗੇ ਕੈਦ ਮਝਾਰੀ।
ਕਹਾਂ ਰੁਧਰ ਕੋ ਪਾਇਂ ਅਹਾਰੀ।'
ਸੁਨਿ ਤੇਈਆ ਚਿਤ ਅਤਿਸ਼ੈ ਤ੍ਰਾਸਾ।
'ਨਹਿਂ ਲੇ ਜਾਹੁ ਅਬਹਿ ਗੁਰ ਪਾਸਾ ॥੩੫॥
ਮੈਂ ਤੁਮਰੇ ਬਾਕਨ ਅਨੁਸਾਰੀ।
ਜਿਮਿ ਉਚਰਹੁ ਸੋ ਕਰਿਹੌਂ ਕਾਰੀ।
ਅਬਿ ਤੇ ਆਗੇ ਇਹੀ ਪ੍ਰਸੰਗ।
ਜਿਸ ਬਿਧਿ ਹੋਯੋ ਹਮ ਤੁਮ ਸੰਗ ॥੩੬॥
ਕਹੈ ਕਥਾ ਕੋ ਸੁਨਹਿ ਸੁਨਾਵੈ।
ਸ਼੍ਰੀ ਗੁਰ ਅਮਰ ਨਾਮ ਕੋ ਧਜਾਵੈ।
ਤਹਾਂ ਨ ਮੈਂ ਦੁਖ ਦੇਹੁਂ ਬਿਸਾਲਾ।
ਸੁਨਿ ਪ੍ਰਸੰਗ ਗਮਨੌਂ ਤਤਕਾਲਾ ॥੩੭॥
ਕਰੁਨਾ ਕਰਹੁ ਛੋਰ ਅਬਿ ਜਾਵਹੁ।
ਨਿਜ ਉਪਕਾਰ ਕਰਜ਼ੋ ਨ ਮਿਟਾਵਹੁ।'
ਬਿਨੈ ਸੁਨੀ ਲਾਲੋ ਤਜਿ ਗਯੋ।
ਗੁਰੂ ਕੈਦ ਤੇ ਛੂਟਤਿ ਭਯੋ ॥੩੮॥
ਬਹੁਰ ਨ ਗੋਇੰਦਵਾਲ ਪ੍ਰਵੇਸ਼ਾ।
ਸੁਨੇ ਨਾਮ ਡਰ ਧਾਰਿ ਵਿਸ਼ੇਸ਼ਾ।
ਇਸ ਪ੍ਰਕਾਰ ਸਭਿ ਰੋਗ ਡਰਾਏ।[+]
ਗੁਰ ਪੁਰਿ ਬਿਖੈ ਨ ਫੇਰੋ ਪਾਏ[2*] ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਤੇਈਆ ਤਾਪ ਕੋ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

---

[1]ਜੀਵਾਂ ਨੂੰ।

[+]ਕੋਈ ਰੋਗਾਂ ਆਦਿ ਨੂੰ ਖਿਲਤਾਂ ਦੇ ਵਿਗਾੜ ਤੋਂ ਦੱਸਦਾ ਹੈ, ਕੋਈ ਹਵਾਵਾਂ ਬੂਆਂ ਤੋਂ, ਹੁਣ ਬਹੁਤੇ ਰੋਗ ਅਤਿ ਨਿੱਕੇ ਜੀਉਂਦੇ ਕਿਰਮਾਂ ਤੋਂ ਸਹੀ ਕਰ ਰਹੇ ਹਨ। ਕੀਹ ਜਾਣੀਏ ਕਦੇ ਰੋਗਾਂ ਦੇ ਕਾਰਣ ਨੀਵੀਂ ਦਰਜੇ ਦੀ ਰੂਹਾਨੀ ਦੁਨੀਆਂ ਵਿਚੋਂ ਵੀ ਅਜ ਕਲ ਦੀ ਵਿੱਦਿਆ ਨੂੰ ਲੱਭ ਪੈਣ। ਇਹ ਗੱਲ ਤਾਂ ਹੁਣ ਬੀ ਮੰਨੀ ਜਾ ਰਹੀ ਹੈ ਕਿ ਆਪਣੇ ਤਨ ਤੇ ਮਨ ਦੀ ਮਜ਼ਬੂਤੀ ਰੋਗਾਂ ਦਾ ਮੁਕਾਬਲਾ ਕਰਦੀ ਤੇ ਉਹਨਾਂ ਨੂੰ ਦਲਦੀ ਤੇ ਜਿੱਤਦੀ ਹੈ, ਇਸੀ ਤਰ੍ਹਾਂ ਰੋਗ ਦੇ ਕਾਰਣਾਂ ਵਿਚ ਬੀ ਕੋਈ ਜਿਰਮਾਂ ਵਾਂਙੂ ਇਸ ਤੋਂ ਬੀ ਸੂਖਮ ਕੋਈ ਹੋਰ ਗੱਲ ਹੋਵੇ, ਇਹ ਪਤਾ ਲੱਗਣਾ ਸੰਭਵ ਹੈ। ਪੁਰਾਤਨ ਹਿੰਦੀ ਵਿਦਵਾਨ ਤੇ ਤਪੱਸ੍ਵੀ ਲੋਕ ਇਹ ਗੱਲ ਮੰਨਦੇ ਸਨ ਕਿ ਰੋਗਾਂ ਦੇ ਕਾਰਣ ਨੀਵੇਂ ਕਿਸਮ ਦੀਆਂ ਅਦ੍ਰਿੱਸ਼ਜ ਰੂਹਾਨੀ ਵਜ਼ਕਤੀਆਂ ਬੀ ਹਨ।

[2](ਕਿਸੇ ਰੋਗ ਨੇ) ਫੇਰਾ ਨਾ ਪਾਇਆ।

[*]ਭਾਵ ਇਹ ਹੈ ਕਿ ਆਪਣੀ ਆਤਮਕ ਸ਼ਕਤੀ ਨਾਲ ਗੁਰੂ ਜੀ ਨੇ ਆਪਣੀ ਨਗਰੀ ਨੂੰ ਅਰੋਗ ਰੱਖਿਆ।

੪੩. [ਮੇਲੇ ਦੀ ਰੀਤਿ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਤੇ ਪੁਕਾਰ ਕਰਨੀ]

੪੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੪

ਦੋਹਰਾ: ਇਕ ਦਿਨ ਪਾਰੋ ਨੇ ਕਰੀ, ਗੁਰ ਆਗੇ ਅਰਦਾਸ।
'ਪ੍ਰਿਥਕ ਪ੍ਰਿਥਕ ਸਿਖ ਸੰਗਤਾਂ, ਆਵਤਿ ਹੈਂ ਤੁਮ ਪਾਸ ॥੧॥

ਚੌਪਈ: ਨਹੀਂ ਪਰਸਪਰ ਮਿਲਿਬੋ ਹੋਇ।
ਭਾਉ ਪ੍ਰੇਮ ਨਹਿਂ ਧਾਰਹਿ ਕੋਇ।
ਕਿਹ ਕੀ ਕਿਹ ਸੋਂ ਹ੍ਵੈ ਨ ਚਿਨਾਰੀ।
ਦਰਸ ਜਾਇਂ[1] ਘਰ ਵਾਰੋ ਵਾਰੀ ॥੨॥
ਆਪਸ ਮਹਿਂ ਜਬਿ ਪ੍ਰਾਪਤਿ ਮੇਲਾ।
ਭਾਉ ਭਗਤਿ ਬਹੁ ਵਧਹਿ ਸੁਹੇਲਾ[2]।
ਕਰਿਬੇ ਉਚਿਤ ਹੋਇ ਅਸ ਬਾਤੀ।
ਆਵਹਿ ਸੰਗਤਿ ਉਰ ਹਰਖਾਤੀ ॥੩॥
ਏਕ ਦਿਵਸ ਮਹਿਂ ਮੇਲੋ ਹੋਇ।
ਬਹੁ ਦੇਸ਼ਨਿ ਪੁਰਿ ਸੰਗਤਿ ਜੋਇ।
ਰਾਵਰ ਕੀ ਰਜਾਇ ਬਨਿ ਜੈ ਹੈ।
ਦੂਰਿ ਦੂਰਿਕੇ ਸਿੱਖ ਮਿਲੈ ਹੈਂ' ॥੪॥
ਸੁਨਿ ਸ਼੍ਰੀ ਅਮਰ ਸੁ ਭਏ ਪ੍ਰਸੰਨ।
ਕਹਜੋ ਬਾਕ 'ਪਾਰੋ ਤੁਮ ਧੰਨ।
ਪਰਉਪਕਾਰ ਬਿਚਾਰਨ ਕਰੈਂ।
ਸਿੱਖ ਅਨੇਕ ਮਿਲਹਿਂ ਨਿਸਤਰੈਂ ॥੫॥
ਜੋ ਤੁਮ ਚਿਤਵੀ ਮਮ ਚਿਤ ਸੋਏ।
ਸਗਰੇ ਆਵਹਿਂ ਦਿਵਸ ਬਸੋਏ[3]।
ਸਭਿ ਸਿੱਖਨ ਕੋ ਲਿਖਹੁ ਪਠਾਵਹੁ।

---

[1]ਦਰਸ਼ਨ ਕਰਕੇ ਜਾਂਦੇ ਹਨ।

[2]ਸੁਖਦਾਈ।

[3]ਬਸੋਏ ਦਾ ਆਮ ਅਰਥ ਵਿਸਾਖੀ ਲੈਂਦੇ ਹਨ, ਪਰ ਕਈ ਥਾਈਂ (ਲਹਿੰਦੇ ਵਲ) ਇਹ ਪਦ ਬਰਸਾਤ ਲਈ ਵਰਤੀਂਦਾ ਹੈ। ਰਾਸ ੫ ਅੰਸੂ ੩੮ ਅੰਕ ੧੦, ਰਾਸਿ ੬ ਅੰਸੂ ੫੭ ਅੰਕ ੨੯ ਤੇ ਰਾਸਿ ੧੦ ਅੰਸੂ ੪ ਅੰਕ ੪ ਵਿਚ ਤੇ ਇਥੋਂ ਦੀਆਂ ਅਗਲੀਆਂ ਤੁਕਾਂ ਦਸਦੀਆਂ ਹਨ ਕਿ ਭਾਈ ਸੰਤੋਖ ਸਿੰਘ ਜੀ ਇਸ ਨੂੰ ਵਿਸਾਖੀ ਲਈ ਵਰਤ ਰਹੇ ਹਨ, ਪਰ ਅੰਕ ੨੭ ਵਿਚ ਜੋ ਦਸਿਆ ਹੈ ਕਿ ਮੇਲੇ ਦੀ ਰੀਤ ਟੋਰੀ ਤੇ ਪ੍ਰਗਟ ਕੀਤਾ ਕਿ ਇਹ ਹੁਣ ਸਦਾ ਹੋਵੇਗਾ। ਤੇ ਜੋ ਮੇਲਾ ਹੁਣ ਸਦਾ ਗੋਇੰਦਵਾਲ ਵਿਚ ਹੁੰਦਾ ਹੈ, ਇਸ ਨੂੰ ਤੱਕੀਏ ਤਾਂ ਮੇਲਾ ਤੇ ਜੱਗ ਗੋਇੰਦਵਾਲ ਹੁਣ ਤਕ ਬਰਸਾਤ ਵਿਚ ਅਰਥਾਤ ਭਾਦਰੋਂ ਦੇ ਮਹੀਨੇ ਪੂਰਨਮਾਸ਼ੀ ਨੂੰ ਹੁੰਦੇ ਹਨ। ਚਾਹੇ ਇਸ ਨੂੰ ਹੁਣ ਗੁਰੂ ਪਯਾਨੇ ਨਾਲ ਜੋੜਦੇ ਹਨ ਪਰ ਮੇਲਾ ਜਾਰੀ ਹੈ, ਜੱਗ ਹੁਣ ਤਕ ਹੁੰਦਾ ਹੈ। ਇਸੇ ਅੰਸੂ ਦੇ ਅੰਕ ੨੭ ਵਿਚ ਕਵੀ ਜੀ ਬੀ 'ਹੁਇ ਅਬਿ ਨੀਤਿ' ਕਹਿੰਦੇ ਹਨ, ਸੋ ਮੁਮਕਿਨ ਹੈ ਕਿ ਏਥੇ ਬਸੋਏ ਦਾ ਭਾਵ ਬਰਸਾਤ ਹੋਵੇ, ਗਰਮੀ।

ਗੁਰ ਦਰਸ਼ਨ ਕੋ ਇਕਠੇ ਆਵਹੁ' ॥੬॥
ਤਬਿ ਪਾਰੋ ਨੇ ਲਿਖਿ ਪਰਵਾਨੇ।
ਪਠੇ ਪੁਰਨਿ ਜਹਿਂ ਜਹਿਂ ਸਿਖ ਜਾਨੇ।
ਸੁਨਤਿ ਹੁਕਮਨਾਮਾ ਗੁਰ ਕੇਰਾ।
ਸਿੱਖਨ ਕੇ ਚਿਤਚਾਉ ਘਨੇਰਾ ॥੭॥
ਰਹੇ ਉਡੀਕਤਿ ਪੁਨ ਸਭਿ ਕੋਏ।
ਪਹੁੰਚਹਿਂ ਗੁਰ ਢਿਗ ਦਿਵਸ ਬਸੋਏ।
ਦਿਨ ਪ੍ਰਤਿ ਵਧਤਿ ਰਹਤਿ ਬਡਭਾਉ।
ਗੁਰਦਰਸ਼ਨ ਕੋ ਚੌਗੁਨ ਚਾਉ ॥੮॥
ਬੀਤੀ ਸਿਸੁਰ[1] ਬਸੰਤ ਪ੍ਰਕਾਸ਼ਾ।
ਸੁਮਨ ਸੁ ਬਨ ਉਪਬਨਹਿਂ ਬਿਕਾਸਾ[2]।
ਬਹੁਤੀ ਉਸਨ[3] ਨ ਸੀਤਲਤਾਈ।
ਚਲਨ ਪੰਥ ਕੋ ਹੈ ਸੁਖਦਾਈ ॥੯॥
ਜਹਿਂ ਜਹਿਂ ਸਤਿਗੁਰ ਕੇ ਸਿਖ ਬ੍ਰਿੰਦੇ।
ਦਰਸ਼ਨ ਕੋ ਉਮਗੇ ਆਨੰਦੇ।
ਬੰਧੇ ਟੋਲ ਸੰਗਤਾਂ ਆਈ।
ਚਹੁਂ ਦਿਸ਼ ਤੇ ਵਸਤੂ ਗਨ ਲਜਾਈ ॥੧੦॥
ਆਨਿ ਸਭਿਨਿ ਗੁਰੁ ਦਰਸ਼ਨ ਹੇਰਾ।
ਮੇਲਾ ਮਿਲਿ ਕੈ ਭਯੋ ਬਡੇਰਾ।
ਜਥਾ ਚਕੋਰ ਹੋਇ ਸਮੁਦਾਯਾ।
ਸ਼੍ਰੀ ਸਤਿਗੁਰ ਨਿਸਪਤਿ[4] ਦਰਸਾਯਾ ॥੧੧॥
ਗੋਇੰਦਵਾਲ ਬਿਸਾਲ ਸੁ ਭੀਰ।
ਦਰਸੈਂ ਵਾਰ ਨ ਪਾਵਹਿਂ ਤੀਰ[5]।
ਪਾਇਨ ਪਾਸ ਉਪਾਇਨ ਧਰਿ ਧਰਿ।
ਆਵਹਿਂ ਜਾਹਿਂ ਬੰਦਨਾ ਕਰਿ ਕਰਿ ॥੧੨॥
ਸਿਖ ਅਨੇਕ ਦੇਗ਼ ਕੋ ਲਾਗੇ।
ਕਰਹਿਂ ਪਾਕ ਸਿਧ ਉਰ ਅਨੁਰਾਗੇ।

---

[1]ਪਤ ਝੜ ਰੁੱਤ।
[2]ਫੁਲ ਬਣਾਂ ਤੇ ਬਗੀਚਿਆ ਵਿਚ ਖਿੜੇ।
[3]ਫੁਲ ਬਣਾਂ ਤੇ ਬਗੀਚਿਆ ਵਿਚ ਖਿੜੇ।
[4]ਚੰਦਰਮਾ।
[5]ਉਰਾਰ ਪਾਰ ਦਾ ਕੰਢਾ ਨਹੀਂ ਪਾਈਦਾ ਸੰਗਤ ਬਿਅੰਤ ਜੁੜੀ। (ਅ) ਨਜੀਕ ਹੋਕੇ ਦਰਸ਼ਨ ਕਰਨ ਦੀ ਵਾਰੀ ਨਹੀਂ ਮਿਲਦੀ।

ਕੇਤਿਕ ਨੀਰ ਆਨਿਬੋ ਕਰਿਹੀਂ।
ਸੰਗਤਿ ਕੋ ਸੇਵਹਿਂ ਹਿਤ ਧਰਿਹੀਂ ॥੧੩॥
ਮਹਾਂ ਕੁਲਾਹਲ ਮੇਲਾ ਹੋਵਾ।
ਹਰਖਤਿ ਸੰਗਤਿ ਦੀਰਘ ਜੋਵਾ[1]।
ਕਰਹਿਂ ਪਰਸਪਰ ਭਾਉ ਬਿਸਾਲਾ।
ਉਚਰਹਿਂ ਮਿਲਿ ਗੁਰ ਕੋ ਜਸੁ ਜਾਲਾ ॥੧੪॥
ਅਤਿ ਅਨੰਦ ਸੰਗਤਿ ਮਹਿਂ ਹੋਇ।
ਸੁਖਿ ਮੇਲੇ ਕੋ ਲਹਿ ਸਭਿ ਕੋਇ।
ਕਿਤਿਕ ਸਮੋ ਬੀਤਯੋ ਜਬਿ ਜਾਨਯੋ।
ਸ਼੍ਰੀ ਸਤਿਗੁਰ ਕਿਰਪਾਲ ਬਖਾਨਯੋ ॥੧੫॥
'ਰਾਮਦਾਸ ਕੋ ਚਿਰ ਬਹੁ ਹੋਵਾ।
ਕਹਾਂ ਗਯੋ ਹਮ ਨਿਕਟਿ ਨ ਜੋਵਾ।'
ਸੇਵਕ ਬੱਲੂ ਕਹਯੋ ਸੁਨਾਇ।
'ਸੰਗਤਿ ਕੀ ਬਹੁ ਸੇਵ ਕਮਾਇ ॥੧੬॥
ਦੇਗ ਤਯਾਰ ਕਰਿ ਦੇਹ ਅਹਾਰਾ।
ਪੰਕਤਿ ਕੋ ਬਿਠਾਇ ਇਕ ਸਾਰਾ।
ਸੀਤਲ ਜਲ ਕੋ ਭਰਿ ਭਰਿ ਲਯਾਵੈ।
ਬੂਝਿ ਬੂਝਿ ਸੰਗਤਿ ਕੋ ਪਯਾਵੈ ॥੧੭॥
ਛੁਧਾ ਪਿਪਾਸਾ ਸਭਿ ਕੀ ਹਰੈ।
ਬਾਂਛਤ ਸਿੱਖਯਨਿ ਦੈਬੋ ਕਰੈ।
ਕਰ ਮਹਿਂ ਗਹੈ ਬੀਜਨਾ ਫੇਰ।
ਬਾਯੂ ਕਰਤਿ ਉਸ਼ਨ[2] ਬਹੁ ਹੇਰਿ ॥੧੮॥
ਸਭਿ ਸੰਗਤਿ ਕੋ ਖੁਸ਼ੀ ਕਰੰਤਾ।
ਇਤ ਉਤ ਫਿਰ ਕੈ ਸੇਵ ਬੁਝੰਤਾ[3]।
ਚਹੇ ਜੁ ਦੇਹਿ ਅਹਾਰ ਕਿ ਪਾਨੀ।
ਇਸ ਪ੍ਰਕਾਰ ਕੀ ਸੇਵਾ ਠਾਨੀ ॥੧੯॥
ਯਾਂ ਤੇ ਨਹਿਂ ਆਵਨ ਤਿਸ ਕੇਰਾ।
ਰਹਯੋ ਰੁਕਯੋ ਜਹਿਂ ਕਾਜ ਬਡੇਰਾ।'
ਸੁਨਿ ਸ਼੍ਰੀ ਸਤਿਗੁਰ ਅਮਰ ਪ੍ਰਸੰਨ।

---

[1]ਬੜਾ (ਮੇਲਾ) ਦੇਖਕੇ।
[2]ਗਰਮੀ।
[3]ਸੇਵਾ ਪੁੱਛਦਾ ਹੈ।

ਕਹਜੋ ਕਿ 'ਰਾਮਦਾਸ ਹੈ ਧੰਨ ॥੨੦॥
ਜਿਨ ਸੰਗਤਿ ਕੀ ਸੇਵਾ ਕਰੀ।
ਹਮਰੇ ਹਿਤ ਇਮਿ ਪ੍ਰੀਤੀ ਧਰੀ।
ਦੁਲਭ ਪਦਾਰਥ ਹੋਇ ਨ ਕੋਇ[1]।
ਨੌ ਨਿਧਿ ਸਿਧਿ ਪਾਏ ਹੈ ਸੋਇ ॥੨੧॥
ਸਿਖ ਮੇਰੇ ਸੇਵੇ ਅਨੁਰਾਗ[2]।
ਅਪਰ ਨ ਇਸ ਤੇ ਕੋ ਬਡਿਭਾਗ।
ਜਗ ਮਹਿਂ ਬੰਸ ਬਿਸਾਲ ਜੁ ਇਸ ਕੋ।
ਪੂਜਮਾਨ ਹੋਵਹਿ ਚਹੁਂ ਦਿਸ਼ ਕੋ ॥੨੨॥
ਜੋ ਨਰ ਮਮ ਸੰਗਤਿ ਕੋ ਸੇਵਹਿ।
ਹਲਤ ਪਲਤ ਮਹਿਂ ਸ਼ੁਭ ਫਲ ਲੇਵਹਿ।
ਮੋਰ[3] ਮਹਾਤਮ ਜੇਤਿਕ ਅਹੈ।
ਰਾਮਦਾਸ ਜਾਨਹਿ ਫਲ ਲਹੈ ॥੨੩॥
ਦੁਇ ਲੋਕਨਿ ਮਹਿਂ ਜੋ ਪਦ ਊਚੇ।
ਰਾਮਦਾਸ ਤਹਿਂ ਜਾਇ ਪਹੂਚੇ।
ਜਗ ਮਹਿਂ ਪ੍ਰਗਟ ਪ੍ਰਕਾਸ਼ ਕਰਹਿਂਗੇ*।
ਇਸ ਪੀਛੇ ਸਿਖ ਬ੍ਰਿੰਦ ਤਰਹਿਂਗੇ'+ ॥੨੪॥
ਇੱਤਜਾਦਿਕ ਬਹੁ ਜਸ ਕੋ ਕਹਜੋ।
ਇਹੁ ਲਾਯਕ ਸਤਿਗੁਰ ਨੇ ਲਹਜੋ।
ਬਹੁਤ ਸੰਗਤਾਂ ਭਈ ਇਕੱਤ੍ਰ।
ਗੁਰ ਭਾਈ ਪ੍ਰੇਮੀ ਭਏ ਮਿੱਤ੍ਰ ॥੨੫॥
ਗੁਰ ਸਮ ਸਿਖ ਕੋ ਸਿਖ ਮਿਲ ਸੇਵਹਿਂ।
ਚਰਨ ਧੋਇ ਚਰਨਾਂਮ੍ਰਿਤ ਲੇਵਹਿਂ।
ਸਗਲ ਨਗਰ ਕਿਰਤਨ ਧੁਨਿ ਹੋਇ।
ਵਾਹਿਗੁਰੂ ਸਿਮਰਹਿ ਸਭਿ ਕੋਇ ॥੨੬॥
ਤਿਸ ਦਿਨ ਤੇ ਮੇਲੇ ਕੀ ਰੀਤਿ।
ਕਰੀ ਬਿਦਤਿ ਗੁਰ 'ਹੁਇ ਅਬਿ ਨੀਤਿ[4]'।

---

[1]ਉਸ ਨੂੰ ਕੋਈ ਪਦਾਰਥ ਦੁਰਲੱਭ ਨਹੀਂ ਹੋਵੇਗਾ। ਭਾਵ ਸੁਲਭ ਪ੍ਰਾਪਤ ਹੋਵੇਗਾ
[2]ਪ੍ਰੇਮ ਕਰਕੇ ਸੇਵੇ।
[3]ਸਾਡੀ (ਸੇਵਾ ਦਾ)।
*ਪਾ:-ਕਰਹਿਗੋ।
+ਪਾ:-ਤਰਹਿਗੋ।
[4]ਹੁਣ ਸਦਾ (ਇਹ ਰੀਤ) ਹੋਵੇਗੀ।

ਪਿਖਿ ਪ੍ਰਭਾਉ[1] ਸਤਿਗੁਰ ਬਡਿਆਈ।
ਨਿੰਦਕ ਦੁਸ਼ਟ ਮਹਾਂ ਦੁਖ ਪਾਈ ॥੨੭॥
ਮੇਲਾ ਬਿਛੁਰੇ ਪੁਰਿ ਪੁਰਿ ਗਏ।
ਗੁਰੂ ਬ੍ਰਿਤਾਂਤ ਸੁਨਾਵਤਿ ਭਏ।
'ਪੰਥ ਨਵੀਨ ਪ੍ਰਕਾਸ਼ਨ ਕਰਜੋ।
ਭੇਦ ਬਰਨ ਜਾਤੀ ਪਰਹਰਜੋ ॥੨੮॥
ਚਤੁਰ ਬਰਨ ਇਕ ਦੇਗ਼ ਅਹਾਰਾ।
ਇਕ ਸਮ ਸੇਵਹਿਂ ਧਰਿ ਉਰ ਪਜਾਰਾ।
ਚਰਨਾਂਮ੍ਰਿਤ ਕੋ ਦੇ ਸਿਖ ਕਰੈਂ[2]।
ਵਾਹਿਗੁਰੂ ਸਿਮਰਹਿਂ ਹਿਤ ਧਰੈਂ' ॥੨੯॥
ਸੁਨਿ ਖੱਤ੍ਰੀ ਦਿਜ ਗਨ ਅੱਗਜਾਨੀ[3]।
ਪਰਮ ਅਭਗਤ ਜਾਤਿ ਅਭਿਮਾਨੀ।
ਜਰਹਿਂ ਨ[4] ਗੁਰਕੀ ਸਿਫਤਿ ਉਦਾਰਾ।
ਕਹੈਂ ਸੁ 'ਕਜਾ ਪਰਪੰਚ ਪਸਾਰਾ?' ॥੩੦॥
ਇਕ ਦਿਨ ਮਿਲਿ ਸਭਿ ਮਸਲਤ ਕਰੀ।
'ਇਹਤੋ ਰੀਤਿ ਬੁਰੀ ਜਗ ਪਰੀ।
ਅਬਿ ਦਿਜ ਕੋ ਨਹਿਂ ਮਾਨਹਿ ਕੋਇ।
ਖੱਤ੍ਰੀ ਧਰਮ ਨਸ਼ਟ ਸਭਿ ਹੋਇ ॥੩੧॥
ਚਤੁਰ ਬਰਨ ਕੋ ਇਕ ਮਤ ਕਰਯੋ।
ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਜੋ।
ਇਕ ਥਲ ਭੋਜਨ ਸਭਿ ਕੋ ਖਈ[5]*।
ਸ਼ੰਕਰਿ ਬਰਨ[6] ਪ੍ਰਜਾ ਅਬਿ ਭਈ ॥੩੨॥
ਦੇਵ ਪਿਤਰ ਕੀ ਮਨਤਾ ਛੋਰੀ।
ਸਭਿ ਮਿਰਯਾਦ ਜਗਤ ਕੀ ਤੋਰੀ[7]।
ਅਬਿ ਉਪਾਇ ਇਕ ਕਰਨ ਪੁਕਾਰ[8]।

---

[1]ਪ੍ਰਤਾਪ।
[2]ਸਿੱਖ ਬਣਾਂਵਦੇ ਹਨ।
[3]ਅਗਜਾਨੀ ਖੱਤ੍ਰੀ ਤੇ ਪੰਡਤ ਸਮੂਹ ਸੁਣਕੇ।
[4]ਸਹਾਰਦੇ ਨਹੀਂ।
[5]ਸਭ ਕਿਸੇ ਨੂੰ ਖੁਵਾਂਦੇ ਹਨ।
*ਪਾ:-ਥਿਈ।
[6]ਜਾਤ ਭੇਦ ਦਾ ਨਾਂ ਰਹਿਣਾ, ਜਾਤਾਂ ਦਾ ਰਲ ਮਿਲ ਜਾਣਾ।
[7]ਤੋੜ ਦਿੱਤੀ।
[8](ਬਾਦਸ਼ਾਹ ਪਾਸ) ਫਰਿਯਾਦ ਕਰਨ ਦਾ ਹੈ।

ਬਰਜਹਿ ਪਾਤਸਾਹਿ ਇਸ ਢਾਰ[1]' ॥੩੩॥
ਇਮ ਮਸਲਤ ਕਰਿ ਇਕਠੇ ਹ੍ਵੈ ਕੈ।
ਦਿਜ ਖੱਤ੍ਰੀ ਮੁਖਿ[2] ਅਤਿ ਦੁਖ ਪੈਕੈ[+]।
ਲਵਪੁਰਿ ਗਏ ਫਿਰਾਦੀ[3] ਸਾਰੇ।
ਢਿਗ ਅਕਬਰ ਕੇ ਜਾਇ ਪੁਕਾਰੇ ॥੩੪॥
'ਤੁਮ ਮਿਰਯਾਦਾ ਰਾਖਨ ਹਾਰੇ।
ਬਿਗਰਤਿ ਕੋ ਜਗ ਦੇਤਿ ਸੁਧਾਰੇ।
ਗੋਇੰਦਵਾਲ ਅਮਰ ਗੁਰੁ ਹੋਵਾ।
ਭੇਦ ਬਰਨ ਚਾਰਹੁਂ ਕਾ ਖੋਵਾ ॥੩੫॥
ਰਾਮ ਗਾਇਤ੍ਰੀ ਮੰਤ੍ਰ ਨ ਜਪੈ।
ਵਾਹਿਗੁਰੂ ਕੀ ਥਾਪਨ ਥਪੈ[4]।
-ਜੁਗ ਚਾਰਹੁਂ ਮਹਿਂ ਕਹੀਂ ਨ ਹੋਈ।
ਜਿਮਿ ਮਿਰਯਾਦ ਬਿਗਾਰੀ ਸੋਈ ॥੩੬॥
ਸ੍ਰੁਤਿ ਸਿੰਮ੍ਰਤਿ ਕੇ ਰਾਹੁ ਨ ਚਾਲੇ।
ਮਨ ਕੋ ਮਤਿ ਕਰਿ ਭਏ ਨਿਰਾਲੇ।
ਹਮਰੀ ਕਰਹੁ ਅਦਾਲਤ[5] ਏਹੀ।
ਦ੍ਰਿੜ ਹੁਇ ਧਰਮ ਸੁ ਰਾਜ ਬ੍ਰਿਧੇਹੀ[6] ॥੩੭॥
ਪਸਰ ਜਾਇ[7] ਸਭਿ ਜਗਤ ਬਿਸਾਲਾ।
ਪੁਨ ਮੁਸ਼ਕਲ ਇਹੁ ਟਲਹਿ ਨ ਟਾਲਾ[8]'।
ਸੁਨਿ ਅਕਬਰ ਨੇ ਦੀਨ ਦਿਲਾਸਾ।
'ਕਰਹੁਂ ਨਜਾਉਂ ਰਾਖਹੁ ਭਰਵਾਸਾ ॥੩੮॥
ਤਿਨ ਕੋ ਇਸ ਥਲ ਲੇਹਿਂ ਬੁਲਾਈ।
ਸਭਿ ਬਿਧਿ ਬੂਝਹਿਂ ਬਿਚ ਸਮੁਦਾਈ[9]।
ਅਪਨੀ ਬਾਤ ਤਬਹਿ ਤੁਮ ਕਰੋ।

---

[1]ਇਸ ਰੀਤੀ ਤੋਂ।
[2]ਆਗੂ।
[+]ਪਾ:-ਦਿਜ ਖੱਤ੍ਰੀ ਮੁਖ ਮੁਖਿ ਦੁਖਿ ਪੈਕੈ।
[3]ਪੁਕਾਰ ਕਰਨ ਵਾਲੇ ਹੋਕੇ।
[4]ਰਚਨਾ ਰਚਦੇ ਹਨ।
[5]ਇਨਸਾਫ।
[6](ਆਪ ਦਾ) ਰਾਜ ਵਧੇਗਾ।
[7]ਭਾਵ, ਇਹ ਨਵੀਂ ਮਿਰਯਾਦਾ ਜੇ ਫੈਲ ਜਾਏਗੀ।
[8]ਹਟਾਇਆਂ ਨਾ ਹਟੇਗੀ (ਇਹ ਚਾਲ)।
[9]ਸਾਰਿਆਂ ਦੇ ਵਿਚ ਪੁੱਛਾਂਗੇ।

ਦੋਨਹੁ ਕੀ ਸੁਨਿ ਹੈਂ ਜਿਮ ਲਹੋ[1] ॥੩੯॥
ਝੂਠ ਸਾਚ ਤਬਿ ਕਰਹਿਂ ਨਿਤਾਰਾ।
ਸੁਨਿ ਕੈ ਸਭਿ ਸੰਬਾਦ[2] ਤੁਮਾਰਾ।
ਕਰੋਂ ਅਦਾਲਤ ਨੀਕੇ ਬੈਸ।
ਬਹੁ ਪੁਰਿ ਕੇ ਮੁਖਿ ਮੁਖਿ ਤੁਮ ਹੈਸ[3]' ॥੪੦॥
ਇਮਿ ਸੁਨ ਸਗਰੇ ਲਵਪੁਰਿ ਰਹੇ।
-ਗੁਰ ਕੋ ਮਤਿ ਮੋਰਹਿਂ- ਚਿਤ ਚਹੇ[4]।
ਦਿਜ ਖੱਤ੍ਰੀ ਸੁ ਜਾਤਿ* ਅਭਿਮਾਨੀ।
ਭਏ ਇਕੱਤ੍ਰ ਦ੍ਵੂਜਨ ਅਨਜਾਨੀ+ ॥੪੧॥
ਕੇਤਿਕ ਦਿਨ ਮਹਿਂ ਅਕਬਰ ਸ਼ਾਹੂ।
ਲਿਖਿ ਪਰਵਾਨਾ ਭੇਜਯੋ ਪਾਹੂ[5]।
'ਤੁਮ ਪਰ ਭਏ ਫਿਰਾਦੀ ਆਇ।
ਬਹੁ ਪੁਰਿ ਕੇ ਨਰ ਹ੍ਵੈ ਸਮੁਦਾਇ ॥੪੨॥
ਕਰਹੁ ਜਬਾਬ ਦਿਹੀ ਇਨ ਸੰਗ++।
ਨਾਤੁਰ ਇਨ ਕੇ ਚਾਲਹੁ ਢੰਗ।'
ਪਰਵਾਨਾ ਸਤਿਗੁਰ ਪਹਿ ਆਯੋ।
ਸੁਨਯੋ ਸ਼੍ਰਵਨ -ਹਮ ਸ਼ਾਹੁ ਬੁਲਾਯੋ- ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਿਜ ਬਾਹਜ ਫਰਿਆਦੀ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

---

[1]ਜਿਵੇਂ ਜਾਣਾਂਗੇ।
[2]ਝਗੜਾ।
[3]ਮੁਖੀਏ ਮੁਖੀਏ ਤੁਸੀਂ ਹੋ।
[4]ਚਿੱਤੋਂ ਚਾਹੁੰਦੇ ਹਨ ਕਿ ਗੁਰੂ ਜੀ ਦੇ ਚਲਾਏ ਮਤ ਨੂੰ ਮੋੜ (ਭਾਵ ਬੰਦ ਕਰਾ) ਦੇਈਏ।
*ਪਾ:-ਜੁ ਜਾਤ।
+ਪਾ:-ਅੱਗਜ਼ਾਨੀ
[5](ਗੁਰੂ ਜੀ ਦੇ) ਪਾਸ।
++ਪਾ:-ਕਰਹੁ ਜਵਾਬ ਆਇ ਹੈ ਸੰਗ।

੪੪. [ਸ਼੍ਰੀ ਰਾਮਦਾਸ ਜੀ ਦਾ ਅਦਾਲਤ ਵਿਚ ਜਾਣਾ ਤੇ ਮੁੜਦੀ ਵਾਰੀ ਸ਼ਰਧਾ ਦੇ ਬਸਤ੍ਰ ਤੇ ਕੁਰੱਤਾ ਅੰਬ ਭੇਟਾ ਕਰਨਾ]

੪੩<<ਪਿਛਲਾ ਅੰਸੂ ਤੜਕਰਾ ਰਾਸਿ ੧ ਅਗਲਾ ਅੰਸੂ>>੪੫

ਦੋਹਰਾ: ਸੁਨਿ ਪਰਵਾਨਾ ਸ਼ਾਹੁ ਕੋ,
ਸਤਿਗੁਰ ਕਰਜੋ ਬਿਚਾਰ।
-ਕੋ ਲਾਯਕ ਤਹਿਂ ਭੇਜਿਤੇ,
ਬੋਲੈ[1] ਸਭਾ ਮਝਾਰ ॥੧॥

ਚੌਪਈ: ਅਜਰ ਜਰਨ ਅਰ ਚਤੁਰ ਮਹਾਨਾ।
ਕਹਨਿ ਸੁਨਨਿ ਗਤਿ ਜਾਨਹਿ ਨਾਨਾ।
ਜਥਾ ਜੋਗ ਪ੍ਰਸ਼ਨੋਤਰ ਕਰੈ।
ਕੂਰੇ ਬਨਹਿਂ ਪੁਕਾਰ ਜਿ ਧਰੈਂ[2]- ॥੨॥
ਸਭਿ ਬਿਧਿ ਕੋ ਲਾਯਕ ਮਨ ਜਾਨਾ।
ਰਾਮਦਾਸ ਗੁਨ ਮਨਹੁ ਖਜ਼ਾਨਾ।
ਨਿਕਟਿ ਹਕਾਰਜੋ ਲੀਨ ਬਿਠਾਇ।
ਹਿਤ ਸੋਂ ਨੀਕੇ ਤਿਹ ਸਮਝਾਇ ॥੩॥
'ਹੇ ਸੁਤ! ਦਿਜ ਖੱਤ੍ਰੀ ਕੁਲਵਾਨ।
ਗਏ ਪੁਕਾਰੂ ਜਾਤਿ ਗੁਮਾਨ[3]।
ਹਮ ਕੋ ਦੇਖਿ ਸਕਹਿਂ ਨਹਿ ਸੋਇ।
ਅੱਗਜਾਨੀ ਮਤਿ ਮੂਰਖ ਹੋਇ ॥੪॥
ਬਹੁ ਪੁਰਿ ਕੇ ਮਿਲਿ ਗਏ ਫਿਰਾਦੀ।
ਮਤਸਰ ਕਰਿ ਮਿਥਜਾ ਅਪਵਾਦੀ[4]।
ਬੀਚ ਕਚਹਿਰੀ ਕੇ ਸੰਬਾਦ।
ਕਹਿ ਕਹਿ ਜੀਤਹੁ ਧਰਿ ਅਹਿਲਾਦ ॥੫॥
ਜਿਮਿ ਬੂਝਹਿਂ ਤਿਮ ਦੇਹੁ ਜਬਾਬ।
ਕਰਹੁ ਨ ਡੇਰੀ ਜਾਹੁ ਸ਼ਿਤਾਬ[5]।'
ਸੁਨਤਿ ਖਰੇ ਹੁਇ ਬਿਨਤੀ ਠਾਨੀ।
ਹੇ ਸਤਿਗੁਰ! ਸਭਿ ਮਤਿ ਗੁਨ ਖਾਨੀ ॥੬॥
ਤੁਮਰੇ ਪ੍ਰੇਮ ਬਿਨਾ ਕੁਛ ਆਨ।

---

[1]ਜੋ ਬੋਲਣਾ ਜਾਣੇ।
[2]ਪੁਕਾਰ ਕਰਨ ਵਾਲੇ ਝੂਠੇ ਪੈ ਜਾਣ।
[3]ਜਾਤ ਦੇ ਗੁਮਾਨ ਵਾਲੇ।
[4]ਝੂਠੇ ਨਿੰਦਕ ਈਰਖਾ ਕਰ ਰਹੇ ਹਨ।
[5]ਜਲਦੀ।

ਮੈਂ ਨਹਿਂ ਜਾਨਤਿ ਕਹਾਂ ਬਖਾਨ[1]।
ਗਾਇੱਤ੍ਰੀ ਸ਼੍ਰੁਤਿ ਸਿੰਮ੍ਰਿਤਿ ਸਾਰ।
ਪਠੇ ਨ ਕਬਹੂੰ ਕਰੇ ਬਿਚਾਰ[2] ॥੭॥
ਆਗਜ਼ਾ ਤੁਮਰੀ ਕੇ ਅਨੁਸਾਰ।
ਮੈਂ ਬੋਲੌਂ ਸੰਗ ਹੋਹਿਂ ਹਜਾਰ[3]।
ਬਿਰਦ ਲਾਜ ਤੁਮ ਕੋ ਸਭਿ ਅਹੈ।
ਹਮਰੋ ਨਾਮ ਨ ਕੋਊ ਕਹੈ[4]' ॥੮॥
ਇਮਿ ਬਿਨਤੀ ਸੁਨਿ ਸ਼੍ਰੌਨ ਕ੍ਰਿਪਾਲ।
ਕ੍ਰਿਪਾ ਦ੍ਰਿਸ਼ਟਿ ਪਿਖਿ ਕੈ ਤਿਸਕਾਲ।
ਸਤਿਗੁਰ ਕਹਯੋ ਭਲੇ ਸਮਝਾਇ।
'ਹੇ ਸੁਤ! ਤ੍ਰਾਸ ਨ ਕੀਜਹਿ ਕਾਇ ॥੯॥
ਨਿਜ ਭੁਜ ਪਿਖਹੁ ਦਾਹਿਨੀ ਜਬੈ।
ਸਭਾ ਬਿਖੈ ਫੁਰ ਆਵਹਿ ਸਬੈ।
ਚਾਰਹੁਂ ਬੇਦ ਭੇਦ ਕੋ ਪਾਵਹਿਂ*।
ਖਟ ਸ਼ਾਸਤ੍ਰ ਵਕਤਾ ਹੁਇ ਜਾਵਹਿਂ+ ॥੧੦॥
ਅਪਰ ਜਿ ਉਕਤਿ ਜੁਕਤਿ ਸਭਿ ਹੋਇ।
ਸਾਰ ਪੁਰਾਨਨ ਕੋ[5] ਲਖਿ ਸੋਇ।
ਨਿਰਭੈ ਸਭਿ ਮਹਿਂ++ ਕਹੀਅਹਿ ਬਾਨੀ।
ਹੇ ਸੁਤ ਪ੍ਰਾਪਤਿ ਬਿਜੈ ਮਹਾਂਨੀ ॥੧੧॥
ਸ਼ਾਸਤ੍ਰਾਨ ਕੇ ਕਰਤਾ ਜੋਇ।
ਤੁਝ ਸੰਗ ਕਹੈਂ ਸਮਰਥ ਨ ਸੋਇ[6]।
ਇਹੁ ਨਰ ਬਪੁਰਨਿ ਕੀ ਕਜਾ ਗਿਨਤੀ।
ਸਰਬ ਸੁਰਾਸੁਰ ਠਾਨਹਿਂ ਬਿਨਤੀ' ॥੧੨॥
ਇਮਿ ਸੁਨਿ ਬਾਕਨਿ ਧਰਯੋ ਭਰੋਸਾ।

---

[1](ਮੈਂ ਓਥੇ) ਕੀ ਕਹਾਂਗਾ
[2]ਨਾ ਪੜ੍ਹੇ ਤੇ ਨਾ ਕਦੇ ਵਿਚਾਰੇ ਹੀ ਹਨ।
[3]ਮੈਂ ਬੋਲਾਂਗਾ (ਤਿਨ੍ਹਾਂ) ਨਾਲ ਜੋ ਭਾਵੇਂ ਹਜ਼ਾਰਾਂ ਹੋਣਗੇ।
[4]ਭਾਵ ਇਹ ਹੈ ਕਿ ਸਾਡਾ ਨਾਮ ਲੈਕੇ ਕੋਈ ਅਪਜਸ ਕਰੇ ਤਾਂ ਜੀ ਸਦਕੇ ਕਰੇ ਪ੍ਰੰਤੂ ਨਾਮ ਤੁਹਾਡਾ ਹੈ ਤੇ ਤੁਹਾਡੇ ਨਾਮ ਨਾਲ ਕੋਈ ਅਜੋਗ ਗੱਲ ਨਹੀਂ ਸਹੀ ਜਾ ਸਕਦੀ ਤਾਂਤੇ ਸਹਾਇਤਾ ਕਰਕੇ ਲਾਜ ਰੱਖ ਲੈਣੀ।
*ਪਾ:-ਪਾਵਹੁ।
+ਪਾ:-ਜਾਵਹੁ।
[5]ਪੁਰਾਣਾਂ ਦਾ ਸਿੱਧਾਂਤ।
++ਪਾ:-ਨ੍ਰਿਭੈ ਸਭਾ ਮਹਿਂ।
[6]ਤੇਰੇ ਨਾਲ (ਪ੍ਰਸ਼ਨ ਉੱਤ੍ਰ) ਕਹਿਣ ਵਿਚ ਸਮਰੱਥ ਨਹੀਂ ਹੋਣਗੇ।

ਕਰਿ ਬੰਦਨ ਕੋ ਚਲੇ ਅਦੋਸ਼ਾ[1]।
ਲਵਪੁਰਿ ਅਪਨੇ ਗ੍ਰਹਿ ਮਹਿਂ ਗਏ।
ਉਠੇ ਪ੍ਰਾਤ ਤਹਿਂ ਜਾਵਤਿ ਭਏ ॥੧੩॥
ਸੁਨਿ ਅਕਬਰ ਨੇ ਸਰਬ ਹਕਾਰੇ।
ਦਿਜ ਖੱਤ੍ਰੀ ਪਹੁੰਚੇ ਤਬਿ ਸਾਰੇ।
ਅਪਰ ਲੋਕ ਅਰੁ ਸਭਿ ਉਮਰਾਵ।
ਮਿਲਿ ਇਕਠੇ ਹੋਏ ਤਿਸ ਥਾਂਵ ॥੧੪॥
ਸਭਿਨਿ ਸੰਗ ਅਕਬਰ ਨੇ ਕਹਯੋ।
'ਕੌਨ ਖੋਟ ਇਨ ਮਹੁਂ ਤੁਮ ਲਹਯੋ?
ਜਿਸ ਪਰ ਕਰਿ ਪੁਕਾਰ ਸਭਿ ਆਏ।
ਅਪਨੋ ਧਰਮ ਕਹਹੁ ਸਮੁਝਾਏ' ॥੧੫॥
ਦਿਜ ਖੱਤ੍ਰੀ ਪੰਡਿਤ ਬਿਚ ਕੇਈ।
ਮਤਸਰ ਅਗਨਿ ਜਰਤਿ ਹੈਂ ਜੇਈ।
ਸੋ ਬੋਲੇ 'ਇਨ ਖੱਤ੍ਰੀ ਜਾਤਿ।
ਅਪਨੋ ਪੰਥ ਕਰਯੋ* ਬੱਖਜਾਤ ॥੧੬॥
ਬੇਦ ਰੀਤ ਕੋ ਤਜਾਗਨ ਕਰਯੋ।
ਔਰੇ ਮਤ ਅਪਨੋ ਪਰਚੁਰਯੋ[2]।
ਅਪਰ ਬਾਤ ਤੋ ਕਹਿਨੀ ਕਹਾਂ।
ਹਿੰਦੁਨਿ ਧਰਮ ਗਾਇੱਤ੍ਰੀ ਮਹਾਂ ॥੧੭॥
ਸੋ ਭੀ ਨਹਿਂ ਜਾਨਹਿਂ ਨਹਿਂ ਜਪੈਂ।
ਗੁਰਬਾਣੀ ਕੁਛ ਔਰਹਿ ਥਪੈਂ[3]'।
ਤਬਿ ਅਕਬਰ ਨੇ ਇਨ ਦਿਸ਼ ਦੇਖਾ।
'ਗਾਇਤ੍ਰੀ ਤੁਮ ਧਰਮ ਵਿਸ਼ੇਖਾ ॥੧੮॥
ਸੋ ਭੀ ਪਠੀ ਨ ਤੁਮ ਨੇ ਕੈਸੇ।
ਹਿੰਦੁ ਧਰਮ ਖੱਤ੍ਰੀ ਕਿਮਿ ਹੈਸੇ?'
ਰਾਮਦਾਸ ਗੁਰ ਬਚਨ ਸੰਭਾਰਾ।
ਭੁਜਾ ਦਾਹਿਨੀ ਦਿਸ਼ਾ ਨਿਹਾਰਾ ॥੧੯॥
ਸਭਿ ਬਿੱਦਜਾ ਪ੍ਰਾਪਤ ਭੀ ਐਸੇ।

---

[1]ਭਾਵ ਸ਼੍ਰੀ (ਗੁਰੂ) ਰਾਮਦਾਸ ਜੀ।
*ਪਾ:-ਕਰਹਿ।
[2]ਪ੍ਰਚਾਰਿਆ ਹੈ, ਜਾਰੀ ਕੀਤਾ ਹੈ।
[3]ਬਖਾਣੀ ਹੈ।

ਚਿਰੰਕਾਲ ਪਠਿ ਪਾਵਹਿ ਜੈਸੇ[1]।
ਬੋਲੇ ਰਾਮਦਾਸ ਸੰਗ ਸ਼ਾਹੂ।
'ਪਠਹਿਂ ਗਾਇੱਤ੍ਰੀ ਹਮ ਤੁਮ ਪਾਹੂ ॥੨੦॥
ਅਰਥ ਸਮੇਤਿ ਸੁਨਾਵਹਿਂ ਸਾਰੀ।
ਜੋ ਆਸ਼ੈ[2] ਹੈ ਤਾਂਹਿ ਮਝਾਰੀ।
ਸਭਿ ਕੇ ਬੀਚ ਪਾਠ ਤਿਸ ਪਢੇ।
ਪਾਪ ਪੁੰਨ ਸਭਿ ਇਨ ਸਿਰ ਚਢੇ[3]' ॥੨੧॥
ਇਮਿ ਕਹਿ ਧੁਨਿ ਕੀਨਸਿ ਇਸ ਭਾਂਤਿ।
ਸਕਲ ਅਰਥ ਕੋ ਕਹਿ[4] ਬੱਖਜਾਤ।
'ਓਅੰਕਾਰ' ਉਚਾਰਨ ਕਰਜੋ[+]।
ਸੁਨਿ ਧੁਨਿ ਬਾਯੂ ਗਮਨਤਿ ਥਿਰਜੋ[5] ॥੨੨॥
ਪਾਥਰ ਮ੍ਰਿਦੁਲ ਤਹਾਂ ਹੁਇ ਗਏ।
ਸੁਨਿ ਸਭਿ ਲੋਕ ਬਿਸਮਤੇ ਭਏ।
ਦ੍ਰਵਜੋ ਸੁ ਮਨ ਸਭਿ ਕੋ ਤਿਸਕਾਲ।
ਤੂਸ਼ਨਿ ਪੰਡਤਿ ਕੀਨਿ ਬਿਸਾਲ ॥੨੩॥

---

[1]ਜਿਵੇਂ (ਕੋਈ) ਚਿਰ ਕਾਲ ਪੜ੍ਹਕੇ ਪ੍ਰਾਪਤ ਕਰਦਾ ਹੈ।

[2]ਸਿਧਾਂਤ।

[3]ਹਿੰਦੂ ਨਿਸਚੇ ਮੂਜਬ ਗਾਯਤ੍ਰੀ ਦਾ ਪਾਠ ਮਲੇਛ ਸਭਾ ਵਿਚ ਤੇ ਖਾਸ ਸਾਧਨ ਤੋਂ ਬਿਨਾਂ ਪੜ੍ਹਨਾਂ ਵਿਹਤ ਨਹੀਂ, ਉਸ ਨਿਸ਼ਚੇ ਵਲ ਇਸ਼ਾਰਾ ਕਰਕੇ ਸ੍ਰੀ ਜੇਠਾ ਵੀ ਵਜੰਗ ਨਾਲ ਇਹ ਵਾਕ ਕਹਿੰਦੇ ਹਨ।

[4]ਅਰਥ ਕਹੇ ਪ੍ਰਗਟ, ਅਗੇ ਅੰਕ ੨੭ ਵਿਚ ਬੀ ਲਿਖਿਆ ਹੈ,

'ਅਰਥ ਸਹਤ ਗਾਇੱਤ੍ਰੀ ਬਖਾਨੀ।'

[+]ਕਵਿ ਜੀ ਇਸ ਤੋਂ ਪਹਿਲੇ ਕਹਿ ਆਏ ਹਨ ਕਿ ਗਾਯਤ੍ਰੀ ਦੀ ਧੁਨਿ ਤੇ ਅਰਥ ਪ੍ਰਗਟ ਕਰਕੇ ਦੱਸ ਦਿੱਤੇ, ਫੇਰ ਉਨ੍ਹਾਂ ਉਚਾਰਿਆ ਹੈ ਓਅੰਕਾਰ।

ਇਹ ਪਦ ਸਿਖ ਲੇਖਕ ਗੁਰਬਾਣੀ ਦੇ ੧ੴ ਲਈ ਅਕਸਰ ਵਰਤ ਲੈਂਦੇ ਹਨ। ਸੋ ਕਵਿ ਜੀ ਦਾ ਆਸ਼ਾ ਜਾਪਦਾ ਹੈ ਕਿ ਗੁਰ ਘਰ ਦੇ 'ਇਕ ਓਅੰਕਾਰ' ਦੀ ਧੁਨਿ ਸ੍ਰੀ ਰਾਮਦਾਸ ਜੀ ਨੇ ਕੀਤੀ ਜਿਸ ਨਾਲ ਸਭ ਸਮਾਧੀ ਹੋ ਗਏ। ਕਵਿ ਜੀ ਇਹ ਨਹੀਂ ਕਹਿੰਦੇ ਕਿ ਓਅੰਕਾਰ ਦੇ ਮਗਰੋਂ ਉਹਨਾਂ ਨੇ 'ਭੂਰ ਭਵਾ ਸ੍ਵਾਹਾ ਤੱਤ ਵਿਤਰ' ਆਦਿ ਵਾਕ ਹੋਰ ਬੀ ਕਹੇ ਜਿਸ ਤੋਂ ਇਸ ਵੇਲੇ ਗਾਯਤ੍ਰੀ ਦਾ ਉਚਾਰਨ ਸਿੱਧ ਹੋ ਸੱਕੇ, ਗਾਯਤ੍ਰੀ ਦਾ ਉਚਾਰ ਤੇ ਅਰਥ ਪਹਿਲਾਂ ਹੋ ਚੁੱਕਾ ਹੈ।

ਵਾਰਤਕ ਮਹਿਮਾ ਪ੍ਰਕਾਸ਼ ਵਿਚ ਭੀ ਲਿਖਿਆ ਹੈ ਕਿ ਸ੍ਰੀ ਜੇਠਾ ਜੀ ਨੇ ਸਤਿਗੁਰੂ ਜੀ ਦਾ ਮੰਤ ਅਤੇ ਗੁਰਬਾਣੀ ਸਭਾ ਵਿਚ ਸੁਣਾਈ।

ਫਰਿਆਦੀਆਂ ਨੇ ਗੁਰਬਾਣੀ ਪਰ ਉਪਰ ਛੰਦ ੧੮ ਵਿਚ ਤਰਕ ਕੀਤੀ ਹੈ। ਸੋ ਪਹਿਲਾਂ ਵਾਦੀਆਂ ਦੇ ਇਸ ਦਾਵੇ ਨੂੰ ਖੰਡਨ ਕੀਤਾ ਕਿ ਇਨ੍ਹਾਂ ਨੂੰ ਗਾਯਤ੍ਰੀ ਆਦਿ ਦੀ ਸੋਝੀ ਨਹੀਂ, ਫਿਰ ਵਾਦੀਆਂ ਦੇ ਦੂਸਰੇ ਦਾਅਵੇ ਨੂੰ ਖੰਡਨਾ ਅਵੱਸ਼ਸ਼ਕ ਹੈ ਕਿ ਇਨ੍ਹਾਂ ਨਵੀਂ ਬਾਣੀ ਰਚੀ ਹੈ। ਉਸ ਬਾਣੀ ਦੀ ਗੌਰਵਤਾ ਅਕਬਰ ਦੇ ਦਿਲ ਤੇ ਬਿਠਾਉਣੀ ਜ਼ਰੂਰੀ ਸੀ। ਦੁਇ ਕਾਰਜ ਸ੍ਰੀ ਜੀ ਨੇ ਕਰ ਦਿਖਾਏ ਜਿਸ ਤੋਂ ਅਕਬਰ ਨੂੰ ਨਿਸ਼ਚਾ ਹੋ ਗਿਆ ਕਿ ਵਾਦੀਆਂ ਦੀ ਪੁਕਾਰ ਝੂਠੀ ਹੈ, ਏਹ ਸ਼ਾਸਤ੍ਰ ਜਾਣਦੇ ਹਨ, ਅਰ ਗੁਰੂ ਕੀ ਗੁਰਬਾਣੀ ਸ਼ਾਸਤ੍ਰਾਂ ਤੋਂ ਬੀ ਮਹਾਨ ਉਤਮ ਹੈ।

[5]ਚਲਦੀ ਹੋਈ ਹਵਾ ਖੜੋ ਗਈ।

ਸੀਤਲ ਰਿਦੈ ਭਏ ਸਭਿ ਕੇਰ।
ਪ੍ਰਗਟੀ ਪ੍ਰੀਤ ਰਹੇ ਮੁਖ ਹੇਰਿ।
ਅਚਰ ਚਰੇ, ਚਰ ਅਚਰ[1] ਭਏ ਜਬਿ।
ਕਜਾ ਗਿਨਤੀ ਨਰ ਬਪੁਰਨ ਕੀ ਤਬਿ ॥੨੪॥
ਅਕਬਰ ਅਤਿ ਪ੍ਰਸੰਨ ਹੁਇ ਗਯੋ।
ਸਭਿਨਿ ਸੁਨਾਇ ਬਖਾਨਤਿ ਭਯੋ।
'ਪਰਮੇਸ਼ੁਰ ਦਰਵੇਸ਼ ਜਿ ਦੋਊ।
ਨਹੀਂ ਭੇਦ ਏਕੋ ਇਹ ਸੋਊ ॥੨੫॥
ਇਨ ਸੋਂ ਸਮਤਾ ਤੁਮ ਹੋਇ ਨਾਂਹੀ।
ਇਹ ਸਾਚੇ ਤੁਮ ਮਿੱਥਯਾ ਮਾਂਹੀ[2]।
ਬੇਦ ਪੁਰਾਨ ਕਹਯੋ ਇਨ ਕਰਯੋ[3]।
ਤੁਮ ਕਹਿਬੇ ਮਾਤਰ ਮੇ ਥਿਰਯੋ[4] ॥੨੬॥
ਕਯੋਂ ਨ ਕਹਹੁ ਅਬਿ ਸਨਮੁਖ ਬਾਨੀ।
ਅਰਥ ਸਹਤ ਗਾਇੱਤ੍ਰੀ ਬਖਾਨੀ।
ਇਸ ਮਹਿਂ ਕਰਹੁ ਪ੍ਰਸ਼ਨ ਜੇ ਜਾਨਹੁ।
ਨਾਂਹਿ ਤ ਅਬਿ ਬੰਦਨ ਕੋ ਠਾਨਹੁ' ॥੨੭॥
ਪਿਖਿ ਅਕਬਰ ਕੋ ਤੇਜ ਬਿਸਾਲਾ।
ਝੂਠੇ ਹੋਇ ਸਕਲ ਤਿਸ ਕਾਲਾ।
ਬਾਕ ਨ ਕਿਨਹੁ ਉਚਾਰਨਿ ਕੀਨਾ।
ਉਠਿ ਸਭਿ ਨੇ ਘਰ ਮਾਰਗ[5] ਲੀਨਾ ॥੨੮॥
ਰਾਮਦਾਸ ਕੇ ਸੰਗ ਪਿਛਾਰੀ।
ਬਾਨੀ ਅਕਬਰ ਸ਼ਾਹੁ ਉਚਾਰੀ।
'ਜਗ ਕੇ ਲੋਕ ਦੁਖਹਿਂ ਤੁਮਿ ਹੇਰ।
ਅਨਿਕ ਭਾਂਤਿ ਕੀ ਨਿੰਦਾ ਟੇਰਿ ॥੨੯॥
ਯਾਂ ਤੇ ਸਭਿਹਿਨਿ ਕੋ ਮਨ ਰਾਖਨਿ।
ਮਮ ਦਿਸ਼ ਤੇ ਗੁਰ ਸੋਂ ਕਰਿ ਭਾਖਨਿ[6]।
ਕਰਨਿ ਤੀਰਥਨ ਕੋ ਇਸ਼ਨਾਨ।

---

[1]ਨਾ ਵਿਚਰਨ ਵਾਲੇ ਚੱਲਣ ਲਗ ਪਏ, ਤੇ ਚੱਲਣ ਵਾਲੇ ਜੜ੍ਹ ਹੋ ਗਏ।
[2]ਝੂਠ (ਖਿਆਲਾਂ) ਵਿਚ ਹੋ
[3]ਬੇਦ ਪੁਰਾਨ ਦੇ ਕਹੇ ਤੇ (ਹਕੀਕਤ ਵਿਚ) ਇਨ੍ਹਾਂ ਨੇ (ਅਮਲ) ਕੀਤਾ ਹੈ।
[4]ਟਿਕੇ ਹੋ।
[5]ਘਰ ਦਾ ਰਸਤਾ ਫੜਿਆ।
[6]ਭਾਵ, ਸੁਨੇਹਾ ਦੇਣਾ।

ਅੰਗੀਕਾਰ ਕਰਹਿਂ ਰੁਚਿ ਠਾਨਿ* ॥੩੦॥
ਤੁਮ ਹੋ ਬਡੇ ਰਖਹੁ ਮਿਰਜਾਦਾ।
ਅਰ ਸਭਿਹਿਨਿ ਕੋ ਮਿਟਹਿ ਬਿਬਾਦਾ[1]।
ਤੀਰਥ ਪਾਵਨ ਤੁਮ ਤੇ ਹੋਇਂ।
ਮੂਰਖ ਨਰ ਨਹਿਂ ਜਾਨਹਿ ਕੋਇ' ॥੩੧॥
ਇਸ ਪ੍ਰਕਾਰ ਕਹਿ ਅਕਬਰ ਸ਼ਾਹੂ !
ਰਾਮਦਾਸ ਕਰਿ ਬਿਦਾ ਉਮਾਹੂ।
ਇਕ ਦਿਨ ਅਪਨੇ ਗ੍ਰਹਿ ਰਹਿ ਕਰਿ ਕੈ।
ਸ਼੍ਰੀ ਗੁਰ ਕੋ ਮਨ ਪ੍ਰੇਮ ਸੰਭਾਰਿ ਕੈ ॥੩੨॥
ਜਬਿ ਬਜਾਰ ਮਹਿਂ ਪਹੁੰਚੇ ਜਾਇ।
ਬਹੁਤ ਮੋਲ ਕੇ ਬਸਤ੍ਰ ਬਿਕਾਇਂ[2]।
ਅਤਿ ਸੁੰਦਰ ਕੋ ਦੇਖਨ ਲਾਗੇ।
-ਇਹ ਗੁਰ ਉਚਿਤ- ਚਿਤਵਬੇ ਲਾਗੇ ॥੩੩॥
-ਗਰ[3]* ਕੋ ਬਸਤ੍ਰ ਹੋਇ ਇਸ ਕੇਰਾ।
ਇਹ ਊਪਰ ਕੋ ਬਨਹਿ ਬਡੇਰਾ-।
ਧਨ ਢਿਗ ਨਹੀਂ ਮੋਲ ਜੋ ਦੇਇਂ।
ਗੁਰ ਹਿਤ ਬਸਤ੍ਰ ਬਨਾਇ ਜਿ ਲੇਇਂ ॥੩੪॥
ਗੁਰ ਕੇ ਉਚਿਤ ਜਾਨਿ ਨਹਿਂ ਤਜੈ[4]।

---

*ਇਹ ਗੱਲ ਗੁਰਬਾਣੀ ਦੇ ਅਨਕੂਲ ਨਹੀਂ। ਸ਼੍ਰੀ ਗੁਰੂ ਜੀ ਨੇ ਜਗਤ ਦੇ ਉਧਾਰ ਵਾਸਤੇ ਤੀਰਥਾਂ ਤੇ ਜਾਣਾ ਕੀਤਾ ਸੀ, ਸ਼੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਵਾਕ ਹੈ।
ਯਥਾ:- 'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥'
ਮਹਿਮਾਂ ਪ੍ਰਕਾਸ਼ ਤੋਂ ਪਤਾ ਲੱਗਦਾ ਹੈ ਕਿ ਅਕਬਰ ਗੁਰੂ ਜੀ ਦੀ ਅਲੂਹੀਜਤ ਨੂੰ ਮੰਨ ਗਿਆ ਤੇ ਗੰਗਾ ਜਾਣਾ ਉਸ ਨੇ ਮੂਰਖ ਰਸਮ ਪ੍ਰਸਤੀਆਂ ਨੂੰ ਸੱਚਾ ਗਿਆਨ ਦਾਨ ਦੇਣ ਵਾਸਤੇ ਆਖਿਆ,
ਯਥਾ:-
ਤਬ ਕਹਿਓ ਅਕਬਰ ਸ਼ਾਹੁ। ਸਭਿ ਲੋਕ ਨਿਜ ਗ੍ਰਹ ਜਾਉ।
ਯਹਿ ਫਕਰ ਮੌਲਾ ਜਾਤ। ਨਹੀਂ ਚਲੇ ਇਨ ਸੋਂ ਬਾਤ।
ਮੌਲਾ ਵਲੀ ਨਹੀਂ ਭੇਦ। ਕਿਆ ਹੋਇ ਪੜਿਐ ਬੇਦ।
ਪੁਨਾ:-ਏਕ ਬਾਰ ਗੰਗਾ ਤੁਮ ਆਈਐ। ਮੂਰਖ ਲੋਗਨ ਭਰਮ ਮਿਟਾਇਐ।
ਤੁਮ ਬਡੇ ਵਲੀ ਹੋ ਜਗ ਸੋਂ ਨਿਆਰੇ। ਸੁਖਦਾਈ ਸਭ ਜਗ ਕੇ ਪਿਆਰੇ।
ਯਹ ਮੂਰਖ ਮਹਿਮਾ ਨਹੀਂ ਜਾਨੇ। ਮੌਲਾ ਆਪ ਫਕਰ ਕੋ ਮਾਨੇ।
ਵਾਰਤਕ ਮਹਿਮਾ ਪ੍ਰਕਾਸ਼ ਵਿਚ ਅਕਬਰ ਵਲੋਂ ਤੀਰਥ ਜਾਣ ਦੀ ਪ੍ਰੇਰਨਾ ਹੋਈ ਨਹੀਂ ਲਿਖੀ।
[1]ਮਿਟ ਜਾਏਗਾ ਝਗੜਾ।
[2]ਵਿਕਦੇ ਹਨ।
[3]ਗਲੇ ਦਾ।
*ਗੁਰ।
[4]ਛੱਡਦੇ ਭੀ ਨਹੀਂ।

ਖਰੋ ਰਹਯੋ ਹਿਰਦੇ ਮਹਿਂ ਜਜੈ[1]।
ਮਨ ਕਰਿ ਬਸਤ੍ਰ ਸੀਵਤੋ ਖਰਯੋ।
ਗਰ ਗੁਰ ਕੇ ਪਹਿਰਾਵਨ ਕਰਯੋ ॥੩੫॥
ਪੁਨ ਊਪਰ ਕੋ ਬਸਤ੍ਰ ਸੁਧਾਰਹਿ।
ਪਹਿਰਾਵਹਿ ਗੁਰ ਧਜਾਨ ਸੁ ਧਾਰਹਿ।
ਗੋਇੰਦਵਾਲ ਜਾਨ ਕਰਿ ਭਾਉ।
ਸ਼੍ਰੀ ਗੁਰ ਪਹਿਰਹਿਂ ਅੰਗ ਹਿਲਾਉ[2] ॥੩੬॥
ਕਬਿ ਹਾਥਨ ਕੋ ਊਚੇ ਕਰੈਂ।
ਕਬਹਿ ਤਨੀ ਬੰਧਨ[3] ਕੋ ਧਰੈਂ।
ਇਤ ਉਤ ਹੋ ਕਰਿ ਦੇਹਿ ਹਿਲਾਵਹਿਂ।
ਸਭਿ ਸਿਖ ਦੇਖਿ ਦੇਖਿ ਬਿਸਮਾਵਹਿਂ ॥੩੭॥
ਬੈਠੇ ਸ਼੍ਰੀ ਸਤਿਗੁਰ ਬਿਨ ਕਾਰਨ।
ਇਤ ਉਤ ਤਨਿ ਕਰਿ ਭੁਜਾ ਉਸਾਰਨ[4+]।
ਸਭਿ ਕੈ ਮਨ ਕੀ ਬੱਲੂ ਜਾਨ।
ਸੰਸੈ ਜੁਤਿ ਹੁਇ ਬੂਝਨਿ ਠਾਨਿ ॥੩੮॥
'ਹੇ ਪ੍ਰਭੁ ! ਸਿੰਘਾਸਨ ਪਰ ਥਿਰੇ।
ਕਿਮਿ ਇਤ ਉਤ ਅੰਗਨ ਕੋ ਕਰੇ?
ਰਾਵਰਿ ਲੀਲਾ ਲਖੀ ਨ ਜਾਇ।
ਕਹੀਅਹਿ ਪ੍ਰਭੁ ਚਾਹਤਿ ਸਮੁਦਾਇ' ॥੩੯॥
ਤਬਿ ਸ਼੍ਰੀ ਅਮਰ ਭਨਯੋ ਮਨ ਭਾਵਤਿ।
'ਰਾਮਦਾਸ ਮੁਹਿ ਪਟ ਪਹਿਰਾਵਤਿ।
ਲਵਪੁਰਿ ਕੇ ਬਜਾਰ ਮਹਿਂ ਥਿਰਯੋ।
ਤਹਿਂ ਪਿਖਿ ਪਟ ਪਹਿਰਾਵਨ ਕਰਯੋ' ॥੪੦॥
ਸੁਨਿ ਸਭਿਹਿਨਿ ਤਬ ਸੀਸ ਨਿਵਾਯਹੁ।
ਭਾਉ ਸਦਾ ਸਿੱਖਨ ਕੋ ਭਾਯਹੁ।
ਇਮ ਤਹਿਂ ਬਸਤ੍ਰ ਨਿਵੇਦਨ ਕਰੇ[5]।

---

[1]ਖੜੋਕੇ ਦਿਲ ਵਿਚ ਅਰਪਦਾ ਰਿਹਾ।
[2]ਭਾਵ-ਉਧਰ ਗੋਂਦਵਾਲ ਵਿਚ ਗੁਰੂ ਜੀ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰੇਮ ਨੂੰ ਜਾਣਕੇ ਅੰਗ ਐਉਂ ਹਿਲਾਉਣ ਜਿਵੇਂ (ਕੱਪੜੇ) ਪਹਿਨਦੇ ਹਨ।
[3]ਤਣੀਆਂ ਬੰਨ੍ਹਣ।
[4]ਉੱਚੀਆਂ ਕਰਨ।
[+]ਪਾ:-ਪਸਾਰਨਿ।
[5]ਅਰਪਣ ਕੀਤੇ।

ਲਖਿ ਗੁਰ ਉਚਿਤ ਪ੍ਰੇਮ ਤੇ ਭਰੇ ॥੪੧॥
ਰਾਮਦਾਸ ਪੁਨ ਚਲੇ ਅਗਾਰੇ।
ਆਏ ਚੌਂਕ ਨਖਾਸ[1] ਮਝਾਰੇ।
ਬਿਨ ਰੁਤਿ ਤੇ ਤਹਿ ਆਂਬ ਬਿਕਾਇਂ।
ਅਤਿ ਸੁੰਦਰ ਪਿਖਿ ਰਹਜੋ ਲੁਭਾਇ ॥੪੨॥
-ਲਵਪੁਰਿ ਕੀ ਇਹ ਵਸਤੁ ਅਜਾਇਬੁ।
ਅਰਪਨ ਉਚਿਤ[++] ਸਰਸ ਗੁਰ ਸਾਹਿਬ[2]।
ਰਿਕਤ[3] ਹਾਥ ਬਡਿਅਨਿ ਢਿਗ ਜਾਨਾ।
ਇਸ ਤੇ ਪਰੇ ਆਨ ਕੋ ਹਾਨਾ ॥੪੩॥
ਅਦਭੁਤ ਬਿਨ ਰੁਤ ਫਲ ਲੈ ਜੈ ਹੌਂ।
ਅਰਪਿ ਅਗਾਰੀ ਬੰਦਨ ਕੈ ਹੌਂ।
ਬਹੁ ਦਿਨ ਕੇ ਬਿਛਰੇ ਦਰਸੈ ਹੌਂ।
ਪਿਖਿ ਸਰੂਪ ਲੋਚਨ ਤ੍ਰਿਪਤੈ ਹੌਂ- ॥੪੪॥
ਢਿਗ ਹੁਇ ਬੂਝਜੋ ਵੇਚਨ ਵਾਰੋ।
'ਕਹਹੁ ਮੋਲ ਇਹੁ, ਫਲ ਬਿਵਹਾਰੋ[4]!'
'ਏਕ ਰਜਤਪਣ' ਮੋਲ ਕਿਯੋ ਹੈ।
ਸੋ ਦੇ ਕਰਿ ਨਿਜ ਹਾਥ ਲਿਯੋ ਹੈ ॥੪੫॥
ਕਰੇ ਸ਼ੀਘ੍ਰਤਾ ਗਮਨਜੋ ਫੇਰ।
ਗੋਇੰਦਵਾਲ ਪੰਥ ਕੋ ਹੇਰਿ।
ਬਢਜੋ ਪ੍ਰੇਮ ਸ੍ਰੀ ਸਤਿਗੁਰ ਪੂਰਨ।
ਮਿਲਜੋ ਚਹੈ ਚਲਿ ਕਰਿ ਮਗ ਤੂਰਨ ॥੪੬॥
ਚਲਤਿ ਚਲਤਿ ਦਿਨਮਨਿ[5] ਅਸਤਾਯਹੁ।
ਗ੍ਰਾਮ ਬਿਖੈ ਬਸਿ ਨਿਸਾ ਬਿਤਾਯਹੁ।
ਬਡੀ ਪ੍ਰਭਾਤਿ ਉਠੇ ਪੁਨ ਚਲੇ।
ਚਿਤ ਮਹਿਂ ਪਜਾਸ ਅਧਿਕ -ਗੁਰ ਮਿਲੇ- ॥੪੭॥
ਭੈਰੋਵਾਲ ਗ੍ਰਾਮ ਤਬਿ ਆਏ।
ਗੋਇੰਦਵਾਲ ਰਹਜੋ ਨਿਕਟਾਏ।

---

[1]ਮੰਡੀ [ਅ: ਨਖਾਸ]।
[++]ਪਾ:-ਅਪਰ ਨ ਉਚਿਤ = ਹਰ ਕੋਈ ਲੈਕ ਨਹੀਂ (ਸ੍ਰੇਸ਼ਟ ਗੁਰੂ ਜੀ ਤੋਂ ਬਿਨਾਂ)।
[2]ਗੁਰੂ ਸਾਹਿਬ ਜੀ ਨੂੰ ਭੇਟਾ ਕਰਨੇ ਜੋਗ ਹੈਨ।
[3]ਖਾਲੀ।
[4]ਹੇ ਫਲ ਵੇਚਣ ਵਾਲੇ! ਇਸ ਦਾ ਮੁੱਲ ਕਰ।
[5]ਸੂਰਜ।

ਲਗੀ ਉਸ਼ਨਤਾ ਕਰ ਕੀ[1] ਫਲ ਕੋ।
ਫੂਟ ਗਯੋ ਰਸ ਨਿਕਸਤਿ ਢਲ ਕੋ[2] ॥੪੮॥
-ਗੁਰ ਲਗ ਨਹਿਂ ਪਹੁੰਚੈ- ਚਿਤਚੀਨ।
ਤਬ ਸ੍ਰੀ ਅਮਰ ਧਯਾਨ ਧਰਿ ਲੀਨਿ।
'ਹੇ ਪ੍ਰਭੁ ! ਇਹ ਫਲ ਅਰਪਨ ਕਰਯੋ।
ਬਿਨ ਰੁਤ ਕੋ ਰਸੁ ਜਾਇ ਸੁ ਢਰਯੋ ॥੪੯॥
ਅੰਗੀਕਾਰ ਕਰਹੁ ਮੁਖ ਪਾਵਹੁ।
ਮਮ ਮਨਸਾ ਕੋ ਪੂਰ ਕਰਾਵਹੁ।'
ਇਮਿ ਕਹਿ ਆਂਬ ਖਾਇ ਸੋਂ ਲੀਨਿ।
ਇਤ ਸ੍ਰੀ ਗੁਰ ਰਸ ਚੂਸਨਿ ਕੀਨਿ ॥੫੦॥
ਬਹੁਤ ਪ੍ਰੀਤਿ ਸੋਂ ਸ੍ਵਾਦਤਿ ਕਰਿ ਕਰਿ।
ਰਸ ਚੂਸਤਿ ਘੂਟਨਿ ਬਰ ਭਰਿ ਭਰਿ।
ਕਿਤਿਕ ਸਮੈਂ ਗੁਠਲੀ ਮੁਖ ਰਾਖੀ।
ਬਹੁਰ ਨਿਕਾਸਿ ਦਾਸ ਸੋਂ ਭਾਖੀ ॥੫੧॥
'ਇਸ ਕੋ ਰਾਖਹੁ ਤਾਕ ਮਝਾਰੀ[3]।
ਪੁਨ ਹਮ ਲੈਹੈਂ ਕਬਿ ਇਕ ਬਾਰੀ।'
ਬੱਲੂ ਨੇ ਆਇਸੁ ਕੋ ਮਾਨਿ।
ਧਰੀ ਸੰਭਾਰਿ ਸਭਾ ਕੇ ਥਾਨ ॥੫੨॥
ਰਾਮਦਾਸ ਕੇਤਿਕ ਚਿਰ ਪਾਛੇ।
ਪਹੁੰਚਤਿ ਭਏ ਪ੍ਰੇਮ ਚਿਤ ਬਾਂਛੇ।
ਦੇਖਿ ਦੂਰ ਤੇ ਮੁਦਤਿ ਮਹਾਨਾ।
ਜਿਉਂ ਰਵਿ ਹੋਰਿ ਕਮਲ ਬਿਗਸਾਨਾ ॥੫੩॥
ਚਰਨ ਸਰੋਜਨ ਕੇ ਦ੍ਰਿਗ ਭੌਰ[4]।
ਕਰੀ ਨਮੋ ਤੂਰਨ ਹੀ ਦੌਰਿ।
ਸਤਿਗੁਰ ਨੇ ਗਹਿ ਭੁਜਾ ਉਠਾਵਾ।
ਜਾਨਿ ਪ੍ਰੇਮ ਬਹੁ ਕੰਠ ਲਗਾਵਾ ॥੫੪॥
ਕ੍ਰਿਪਾ ਦ੍ਰਿਸ਼ਟਿ ਸੋਂ ਦੇਖਯੋ ਕੈਸੇ।
ਜਲਦ ਤ੍ਰਿਖਤਿ ਚਾਤ੍ਰਿਕ ਕੋ ਜੈਸੇ[5]।

---

[1]ਗਰਮੀ ਹੱਥ ਦੀ।
[2]ਨਿਕਲਕੇ ਵਗ ਪਿਆ।
[3]ਤਾਕੀ ਵਿਚ।
[4]ਚਰਨ ਕਵਲਾਂ ਦੇ ਨੇਤਰ ਭੌਰੇ (ਕਰਕੇ)।
[5]ਬੱਦਲ ਨੇ ਪਿਆਸੇ ਪਪੀਹੇ ਨੂੰ ਜਿਵੇਂ।

ਸਨਮਾਨਿਤ ਸਨਮੁਖ ਥਿਰ ਥੀਵਾ।
ਮਨਹੁਂ ਪ੍ਰੇਮ ਦੀਰਘ ਕੀ ਸੀਵਾ[1] ॥੫੫॥
ਬੂਝਜੋ 'ਕਹੁ ਬ੍ਰਿਤਾਂਤ ਸੁਲਤਾਨ[2]।
ਕਿਮਿ ਦਿਜ ਬਾਹਜ ਕੀਨਿ ਬਖਾਨ?
ਤੁਮ ਨੇ ਕੋ ਉੱਤਰ ਦੇ ਮੋਰੇ[3*]?
ਕਿਮਿ ਅਕਬਰ ਕਹਿ ਕੀਨਸ ਹੌਰੇ[4]? ॥੫੬॥
ਹਾਥ ਜੋਰ ਬਿਰਤਾਂਤ ਬਖਾਨਾ।
'ਸੁਨਹੁ ਪ੍ਰਭੂ! ਕਿਛੁ ਜਾਇ ਨ ਜਾਨਾ।
ਪਾਠ ਕਰਨ ਗਾਇੱਤ੍ਰੀ ਚਹਜੋ।
ਸਭਿ ਨਰ ਅਰੁ ਅਕਬਰ ਨੇ ਕਹਜੋ ॥੫੭॥
ਨਹਿਂ ਮੈ ਜਾਨਤਿ ਹੁਤੋ ਅਗਾਰੀ।
ਬਚ ਸੰਭਾਰਿ ਤੁਮ ਭੁਜਾ ਨਿਹਾਰੀ।
ਸਰਬ ਗਜਾਤ[+] ਤਤਛਿਨ ਹੁਇ ਆਇਵ।
ਪੂਰਬ ਓਅੰਕਾਰ ਸੁਨਾਇਵ[5] ॥੫੮॥
ਸੁਨਿ ਧੁਨਿ ਚੱਕ੍ਰਿਤ ਚਿਤ ਮਹਿਂ ਚਮਕੇ[6]।
ਸਕਜੋ ਨ ਕਹਿ ਕੋ ਤਬ ਬਚ ਸਮ ਕੇ[7]।
'ਸਤਿਗੁਰ ਧੰਨ' ਬਖਾਨਤਿ ਸ਼ਾਹੂ[8]।
ਭਾ ਪ੍ਰਤਾਪ ਤੁਮਰੋ ਸਭਿ ਮਾਂਹੂ ॥੫੯॥
ਇਕ ਪਠਿਬੋ ਗਾਇੱਤ੍ਰੀ ਤਬੈ[++]।
ਭਏ ਮੌਨ ਨਹਿਂ ਬੋਲੇ ਸਬੈ।'
ਸੁਨਿ ਸਤਿਗੁਰੂ ਪ੍ਰਸੰਨ ਮਹਾਨਾ।
ਬੂਝਜੋ, ਹਮ ਹਿਤ ਕਜਾ ਤੁਮ ਆਨਾ? ॥੬੦॥
ਨਗਰ ਬਿਸਾਲ ਬਿਖੈ ਚਲਿ ਗਯੋ।

---

[1]ਹੱਦ।
[2]ਬਾਦਸ਼ਾਹ ਦਾ।
[3]ਮੋੜਵਾਂ ਉਤਰ ਕੀ ਦਿੱਤਾ (ਅ) ਮੋੜੇ।
[*]ਪਾ:-ਤੁਮਨੇ ਸੁਨਜੋ ਉੱਤਰ ਦੇ ਮੋਰੇ।
[4]ਹੌਲੇ ਕੀਤਾ (ਬ੍ਰਾਹਮਣ ਖੱਤ੍ਰੀਆਂ ਨੂੰ)।
[+]ਪਾ:-ਸਰਬ ਗਜਾਨ।
[5]ਸੁਣਾਇਆ।
[6]ਚਮਕ-ਦਿਲ ਦੀ ਉਹ ਹੈਰਾਨੀ ਜਿਸ ਵਿਚ ਸਾਰੀ ਸਟੀਪਟੀ ਭੁੱਲ ਜਾਵੇ।
[7]ਬਰਾਬਰੀ ਦੇ ਵਚਨ।
[8]ਸ਼ਾਹ ਨੇ ਕਹਿਆ 'ਸਤਿਗੁਰ ਧੰਨ ਹਨ।'
[++]ਪਾ:-ਇਕ ਕਿਯ ਪਾਠ ਗਾਇਤ੍ਰੀ ਜਬੈ।

ਕਜਾ ਵਸਤ੍ਰ ਤਹਿਂ ਲਜਾਵਤਿ ਭਯੋ।'
ਹਾਥ ਜੋਰਿ ਕਹਿ 'ਤੁਮ ਸਭਿ ਜਾਨੋ।
ਜਥਾ ਬਸਤ੍ਰ ਪਹਿਰਾਵਨਿ ਠਾਨੋ ॥੬੧॥
ਬਿਨਾ ਮੋਲ ਤੇ ਅਰਪਨ ਕਰੇ।
ਰਾਵਰਿ ਉਚਿਤ ਜਾਨ ਕਰਿ ਖਰੇ[1]।
ਬਿਨ ਰੁਤਿ ਫਲ ਰਸਾਲ ਕੋ ਆਗੇ[2]।
ਪਿਖਤਿ ਭਯੋ, ਬਹੁ ਸੁੰਦਰ ਲਾਗੇ ॥੬੨॥
ਆਨਯੋ ਮੋਲ ਆਪ ਕੇ ਕਾਰਨ।
ਤੂਰਨ ਕੀਨਸਿ ਪੰਥ ਪਧਾਰਨ।
ਨਿਕਟ ਰਹਯੋ ਪੁਰਿ ਅਪਨੇ ਆਵਨਿ।
ਹੁਤੋ ਪਾਕ ਰਸੁ ਲਾਗ ਚੁਚਾਵਨ[3] ॥੬੩॥
ਫੂਟ ਗਯੋ ਰਸ ਨਿਕਸਤਿ ਜਾਨਾ।
ਪਹੁੰਚਯੋ ਭੈਰੋਂਵਾਲ ਸਥਾਨਾ।
ਅਰਪਯੋ ਧਰਿ ਕਰਿ ਧਯਾਨ ਤੁਮਾਰਾ।
ਹੁਇ ਨਿਸੰਕ ਨਿਜ ਮੁਖ ਮਹਿਂ ਡਾਰਾ ॥੬੪॥
ਪੂਰਨ ਸਭਿ ਘਟਿ ਬਿਖੈ ਕ੍ਰਿਪਾਲ।
ਰਾਖਹੁ ਸ਼ਰਧਾ ਜਨ[4] ਸਭਿ ਕਾਲ।
ਅਰਪਤਿ ਜੇ ਤੁਮ ਕੋ ਜਨ ਲੋਗ।
ਭੋਗਤਿ ਹੋ ਇਹ ਰਾਵਰਿ ਜੋਗ[5]' ॥੬੫॥
ਪ੍ਰੇਮ ਮਗਨ ਸਤਿਗੁਰੂ ਸੁਨਾਇਵ।
'ਫਲ ਰਸਾਲ ਜੋ ਮਮ ਹਿਤ ਲਜਾਇਵ।
ਸੋ ਹਮ ਖਾਯੋ ਗੁਠਲੀ ਧਰੀ।'
ਬੱਲੂ ਤਬਹਿ ਦਿਖਾਵਨਿ ਕਰੀ ॥੬੬॥
ਰਾਮਦਾਸ ਅਰੁ ਨਰ ਗਨ ਸਾਰੇ।
ਹੇਰਤਿ ਅਚਰਜ ਥਿਰੇ** ਬਿਚਾਰੇ[6]।
-ਸ਼੍ਰੀ ਸਤਿਗੁਰ ਨਿਤ ਭਾਉ ਅਧੀਨਾ-।

---

[1]ਖਲੋਕੇ (ਅ) ਚੰਗੇ (ਕਪੜੇ)।
[2]ਅੰਬ ਅਗੇਤਰੇ (ਅ) (ਲਾਹੌਰ ਵਿਚ) ਬੇਰੁਤੇ ਅੰਬ ਦੇ ਫਲ ਆ ਗਏ ਹਨ।
[3]ਪੱਕੇ ਸਨ ਰਸ ਚੋਵਣ ਲਗ ਪਿਆ।
[4]ਦਾਸਾਂ ਦੀ।
[5]ਤੁਹਾਡੇ ਲੈਕ (ਸਮਝਕੇ ਜੋ ਸ਼ੈ) ਤੁਹਾਨੂੰ ਦਾਸ ਲੋਕ ਅਰਪਦੇ ਹਨ, ਤੁਸੀਂ ਭੋਗਦੇ ਹੋ।
**ਪਾ:-ਰਿਦੇ।
[6]ਵਿਚਾਰਨ ਲਗੇ।

ਸਭਿਨਿ ਪ੍ਰਬੀਨਨਿ ਲੀਨਸਿ ਚੀਨਾ[1] ॥੬੭॥
ਬੰਦਤਿ[2] -ਲਖੀ ਨ ਜਾਵਹਿ ਲੀਲਾ।
ਪਾਰਬ੍ਰਹਮ ਸ੍ਰੀ ਗੁਰੂ ਗਹੀਲਾ।
ਸਿੱਖਜਨ ਹਿਤ ਅਚਰਜ ਦਿਖਰਾਵਤਿ।
ਸਦਾ ਪ੍ਰੇਮ ਬਸਿ ਇਹੀ ਜਨਾਵਤਿ- ॥੬੮॥

ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਤੇ ਸ੍ਰੀ ਰਾਮਦਾਸ ਆਗਵਨ' ਪ੍ਰਸੰਗ ਬਰਨਨੰ ਨਾਮੁ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

---

[1]ਸਿਆਣਿਆਂ ਨੇ ਸਮਝ ਲਿਆ
[2]ਮੱਥਾ ਟੇਕਦੇ ਹਨ (ਸੋਚਦੇ ਹੋਏ ਕਿ ਗੁਰੂ ਦੀ)।

੪੫. [ਸਤਿਗੁਰੂ ਦੀ ਦਾ ਤੀਰਥ ਪਵਿੱਤ੍ਰ ਕਰਨ ਜਾਣਾ। ਪਹੋਆ]

੪੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੬

ਦੋਹਰਾ: ਸ਼੍ਰੀ ਸਤਿਗੁਰ ਇਸ ਰੀਤਿ ਨਿਤਿ, ਕਰਤਿ* ਸਿਖਨ ਕੱਲਜਾਨ।
ਨਾਮ ਦਾਨ ਦੇਂ ਮੁਕਤਿ ਹਿਤ[1], ਜਾਹਰ ਜੋਤਿ ਜਹਾਨ ॥੧॥

ਸੋਰਠਾ: ਦਰਸ਼ਨ ਪੁਰਬ ਅਭੀਚ,
ਪੁੰਨ ਰੂਪ ਤੀਰਥ ਗੁਰੂ[2]।
ਮਿਟਹਿ ਜਨਮ ਅਰ ਮੀਚ[3],
ਮਜਹਿੰ[4] ਜੇ ਪ੍ਰੇਮੀ ਭਗਤੁ ॥੨॥

ਚੌਪਈ: ਨਿਰਮਲ ਗਜਾਨ ਜਾਂਹਿ ਬਰ ਬਾਰੀ[5]।
ਜੋਗ ਵਿਰਾਗ ਕੂਲ ਸੁਖਕਾਰੀ[6]।
ਸਿਖ ਸੰਗਤਿ ਜਲ ਜੰਤੁ[7] ਅਨੇਕਾ।
ਸਮ ਦਮ ਸਤਿ ਸੰਤੋਖ ਬਿਬੇਕਾ[8] ॥੩॥
ਸੁਚ[9] ਸੰਜਮ ਇਸ਼ਨਾਨ ਰੁ ਧਜਾਨਾ।
ਇਹੁ ਸਭਿ ਖਿਰੇ ਕਮਲ ਬਿਧਿ ਨਾਨਾ।
ਕਲਮਲ ਕਲਿ ਕੇ ਕਾਲ ਮਲੀਨਾ[10]।
ਦਰਸ਼ਨ ਮੱਜਨ[11] ਤੇ ਕਰਿ ਹੀਨਾ[12] ॥੪॥
ਸੀਤਲਤਾ ਮੁਕਤੀ ਜਿਸ ਮਾਂਹੀ।
ਬਡੇ ਭਾਗ ਪ੍ਰਾਪਤਿ ਹੁਇ ਤਾਂਹੀ।
ਅਸ ਸਤਿਗੁਰ ਤੀਰਥ ਅਤਿ ਪਾਵਨਿ।
ਇੱਛਤਿ ਭੇ ਛਿਤ ਤੀਰਥ ਜਾਵਨ[13] ॥੫॥

---

*ਪਾ:-ਕ੍ਰਿਤ।
[1]ਮੁਕਤ ਹੋਣ ਵਾਸਤੇ ਨਾਮ ਦਾਨ ਦੇਂਦੇ ਹਨ।
[2]ਪੁੰਨ ਗੁਰੂ ਤੀਰਥ ਗੁਰੂ ਜੀ ਦਾ ਦਰਸ਼ਨ ਅਭਿਜਿਤ ਨਿਛੱਤ੍ਰ ਦੇ ਪੁਰਬ ਵਾਂਙ ਹੈ।
[3]ਮੌਤ।
[4]ਇਸ਼ਨਾਨ ਕਰਦੇ ਹਨ (ਗੁਰੂ ਰੂਪ ਤੀਰਥ ਵਿਚ)।
[5]ਸ੍ਰੇਸ਼ਟ ਜਲ।
[6]ਕਿਨਾਰੇ ਸੁਖਾਂ ਦੇ ਦੇਣੇ ਵਾਲੇ।
[7]ਜਲ ਜੀਵ।
[8]ਵਿਚਾਰ।
[9]ਪਵਿੱਤ੍ਰਤਾ।
[10]ਕਲਜੁਗ ਦੇ ਸਮੇਂ ਦੇ ਮਲੀਨ (ਜੀਵਾਂ ਦੇ) ਪਾਪ।
[11] ਦਰਸ਼ਨ ਰੂਪ ਇਸ਼ਨਾਨ।
[12]ਨਾਸ਼ ਕਰਦੇ ਹਨ।
[13]ਪ੍ਰਿਥਵੀ ਦੇ ਤੀਰਥਾਂ ਪਰ ਜਾਣੇ ਦੀ ਇੱਛਾ ਕੀਤੀ। (ਆਪ ਜੀਉਂਦੇ ਤੀਰਥ ਹੋ ਕੇ ਪ੍ਰਿਥਵੀ ਦੇ ਜਲ ਪਖਾਨ ਰੂਪੀ ਤੀਰਥਾਂ ਨੂੰ ਕਿਉਂ ਟੁਰਣ ਲਗੇ ਹਨ ਇਸ ਦਾ ਕਾਰਣ ਕਵਿ ਜੀ ਅੱਗੇ ਦੇਂਦੇ ਹਨ ਜੋ ਅਠ ਅੰਕ ਤੇ ਮੁਕਦਾ ਹੈ)।

ਗੰਗਾ ਆਦਿਕ ਤੀਰਥ[1] ਜੇਈ।
ਮੱਜਹਿਂ ਕਲੀ ਕਾਲ ਨਰ ਤੇਈ[2]।
ਅਨਗਨ ਪਾਪ ਤਜੈਂ ਤਿਨ ਮਾਂਹੀ।
ਤਿਨ ਕੋ ਭਾਰ ਸਹਾਰਤਿ ਨਾਂਹੀ[3] ॥੬॥
ਯਾਂ ਤੇ ਸ੍ਰੀ ਸਤਿਗੁਰੂ ਅਰਾਧਾ[4]।
'ਆਨਿ ਚਰਨ ਪਾਵੋ ਹਤਿ ਬਾਧਾ[5]।
ਪਾਪਨਿ ਤੇ ਪੀੜਤਿ ਹਮ ਹੋਏ।
ਕਰਿ ਕਰਿ ਦੋਸ਼ੁ ਹਮਹੁਂ ਮਹੁਂ ਧੋਏ[6] ॥੭॥
ਹੇ ਸਤਿਗੁਰ! ਤੁਮਰੇ ਪਗ ਪਾਵਨ।
ਜਬਿ ਹਮ ਬਿਖੈ ਕਰਹੁਗੇ ਪਾਵਨ।
ਤਤਛਿਨ ਹਮ ਸਭਿ ਹੋਹਿਂ ਸੁਖਾਰੇ।
ਆਵਹੁ ਤੂਰਨ ਕਰੁਨਾ ਧਾਰੇ' ॥੮॥
ਸਭਿ ਤੀਰਥ ਕੋ ਲਖਿ ਭਿੱਪ੍ਰਾਯ[7]।
ਭਏ ਤਯਾਰ ਸੰਗਤਿ ਸੰਗ ਲਾਯ[8]।
ਜਹਿਂ ਜਹਿਂ ਸਿੱਖਨ ਜਿਸ ਜਿਸ ਗ੍ਰਾਮ।
ਜਾਤ੍ਰਾ ਸੁਨੀ ਗੁਰੂ ਸੁਖਧਾਮ[9] ॥੯॥
ਤਹਿਂ ਤਹਿਂ ਤੇ ਹੁਇ ਤਯਾਰ ਚਲੇ ਹੈਂ।
ਆਨਿ ਸਤਿਗੁਰੂ ਸੰਗਿ ਮਿਲੇ ਹੈਂ।
ਗੁਰ ਗ੍ਰਿਹ ਕੇ ਸੰਬੰਧੀ ਜੇਤੇ।
ਭਏ ਤਯਾਰ ਚਲਨੇ ਕਹੁ ਤੇਤੇ ॥੧੦॥
ਸਤਿ ਸੰਗਤਿ ਸਿਮਰਨਿ ਹਰਿ ਨਾਮੂ।
ਹੋਤਿ ਕੀਰਤਨਿ ਧੁਨਿ ਅਭਿਰਾਮੂ।
ਗੋਇੰਦਵਾਲ ਤਯਾਗਿ ਕਰਿ ਚਲੇ।
ਸਨੇ ਸਨੇ ਮਗ ਮਹਿਂ ਬਹੁ ਮਿਲੇ ॥੧੧॥
ਇਕ ਤੋ ਨਿਤਿ ਗੁਰ ਦਰਸ਼ਨ ਕਰੈਂ।

---

[1]ਤੀਰਥਾਂ ਵਿਚ।
[2]ਉਨ੍ਹਾਂ ਗੰਗਾ ਆਦਿਕਾਂ ਵਿਚ।
[3]ਭਾਵ ਤੀਰਥ ਲੋਕਾਂ ਦੇ ਪਾਪਾਂ ਦਾ ਭਾਰ ਨਹੀਂ ਸਹਾਰਦੇ।
[4]ਸਤਿਗੁਰੂ ਜੀ ਦੀ ਅਰਾਧਨਾ ਕੀਤੀ (ਗੰਗਾ ਆਦਿਕ ਤੀਰਥਾਂ ਨੇ)।
[5]ਸਾਡੀ ਪੀੜਾ ਦੂਰ ਕਰੋ।
[6]ਲੋਕੀਂ ਧੋਂਦੇ ਹਨ।
[7]ਮਤਲਬ [ਸੰਸ:] ਅਭਿਪ੍ਰਾਯ਼।
[8]ਲੈਕੇ।
[9]ਸੁਖਾਂ ਦੇ ਘਰ ਜੀ ਦੀ।

ਕਿਰਤਨ ਸੁਨਹਿਂ ਅਘਨ ਪਰਹਰੈਂ।
ਬਹੁਰ ਜੇਜਵਾ[1] ਤੁਰਕਨ ਕੇਰਾ।
ਉਲਂਘਹਿਂ ਤਿਸ ਕੋ ਇਹ ਸੁਖ ਹੇਰਾ[2] ॥੧੨॥
ਯਾ ਤੇ ਮਿਲਹਿਂ ਸੰਗ ਬਡਿਭਾਗੇ।
ਚਲੇ ਜਾਤਿ ਰਸ ਪ੍ਰੇਮ ਸੁ ਪਾਗੇ।
ਉਲੰਘਿ ਬਿਪਾਸਾ ਸਲਿਤਾ ਸਾਰੇ।
ਦੇਸ਼ ਦੁਆਬੇ ਬੀਚ ਪਧਾਰੇ ॥੧੩॥
ਸਨੇ ਸਨੇ ਕਰਿ ਤਜਾਗਜੋ ਸਾਰੋ।
ਸਤੁੱਦ੍ਰਵ ਕੋ ਪੁਨ ਆਇ ਨਿਹਾਰੋ।
ਬਹੁ ਗੰਭੀਰ ਨੀਰ ਜਿਸ ਮਾਂਹੀ।
ਸਭਿ ਸੰਗਤਿ ਮੱਜਨ ਕਰਿ ਤਾਂਹੀ ॥੧੪॥
ਚਢਿ ਕਰਿ ਤਰੀ ਭਏ ਪੁਨ ਪਾਰੀ[3]।
ਗਮਨੇ ਸਤਿਗੁਰ ਬਹੁਰ ਅਗਾਰੀ।
ਕਬਿ ਬੜਵਾ ਪਰ ਕਰਹਿਂ ਪਯਾਨ।
ਕਬਿ ਗੁਰ ਗਮਨਹਿਂ ਚਢਿ ਝੰਪਾਨ[4] ॥੧੫॥
ਸ਼ਮਸ ਸ੍ਵੇਤ ਬਹੁ ਬ੍ਰਿੱਧ ਸਰੀਰ।
ਅਤਿਸ਼ੈ ਸੇਤ ਧਰੇ ਬਰ ਚੀਰ।
ਸੁਜਸੁ ਸ੍ਵੇਤ ਬਿਸਤਰਹਿ ਬਿਸਾਲਾ।
ਤਥਾ ਸ੍ਵੇਤ ਮਨ ਹੈ ਸਭਿ ਕਾਲਾ ॥੧੬॥
ਹਾਥ ਲਸ਼ਟਕਾ ਬਰ ਕਦ ਛੋਟਾ।
ਮਨਹੁਂ ਭਏ ਬਾਵਨ ਕੇ ਜੋਟਾ[5]।
ਧਾਰਤਿ ਸ਼ਕਤਿ ਮਹਿਦ ਮਹੀਆਨ।
ਗਮਨਹਿਂ ਮੰਦ ਮੰਦ ਸਭਿ ਥਾਨ ॥੧੭॥
ਪਹੁਂਚੇ ਆਨ ਪਹੋਏ[6] ਥਾਨ।
ਜਹਾਂ ਸਰਸੁਤੀ ਪੁੰਨ ਮਹਾਨ[7]।

---

[1]ਜੇਜ਼ੀਆ [ਅ: ਜੇਜ਼ੀਆ, ਉਹ ਮਸੂਲ ਜੋ ਮੁਸਲਮਾਨ ਪਾਤਸ਼ਾਹ ਹਿੰਦੂਆਂ ਤੋਂ ਤੀਰਥ ਯਾਤ੍ਰਾ ਦਾ ਲੈਂਦੇ ਸਨ]।
[2]ਭਾਵ ਜੇਜੀਆ ਨਾ ਲੱਗੇਗਾ।
[3]ਪਾਰ।
[4]ਖਾਸੇ ਤੇ।
[5]ਵਾਮਨ ਅਵਤਾਰ ਦੇ ਤੁੱਲ। (ਵਿਸ਼ਨੂੰ ਦਾ ਪੰਜਵਾਂ ਅਵਤਾਰ ਵਾਮਨ ਸੀ ਜੋ ਬਹੁਤਾ ਮਧਰੇ ਕੱਦ ਦਾ ਸੀ। ਕੱਦ ਲਈ ਦ੍ਰਿਸ਼ਟਾਂਤ ਮਾਤਰ ਵਰਤਿਆ ਹੈ ਕਵਿ ਜੀ ਨੇ)।
[6]ਕੁਰਖੇਤਰ, ਸਨਾਤਨ ਤੀਰਥ ਹੈ, ਅੰਬਾਲੇ ਤੋਂ ਨੇੜੇ ਹੈ।
[7]ਜਿੱਥੇ ਮਹਾਂ ਪਵਿੱਤ੍ਰ ਸਰਸ੍ਵਤੀ ਨਦੀ ਹੈ।

ਨਾਨਾ ਘਾਟ ਰਿਖਨਿ ਤਪ ਤਪੇ।
ਬਰਖ ਹਜ਼ਾਰਹੁਂ ਜਾਪਨ ਜਪੇ[1] ॥੧੮॥
ਬ੍ਰਹਮਲੋਕ[2] ਕੋ ਪ੍ਰਾਪਤਿ ਹੋਏ।
ਜਨਮ ਮਰਨ ਕੇ ਸੰਕਟ ਖੋਏ।
ਤਹਾਂ ਸਤਿਗੁਰੂ ਕੀਨਸਿ ਡੇਰਾ।
ਸੰਗ ਸੰਗਤਾਂ ਮੇਲ ਘਨੇਰਾ ॥੧੯॥
ਬਹੁ ਘਾਟਨ ਪਿਖਿ ਸਾਰਸੁਤੀ ਕੇ।
ਸਿਖ ਕਰ ਜੋਰਿ ਪ੍ਰਸ਼ਨ ਕਿਯ ਨੀਕੇ।
'ਸਲਿਤਾ ਸਾਰਸੁਤੀ ਇਕ ਪਾਵਨ।
ਕਹੈਂ ਮਹਾਤਮ ਇਸ ਬਹੁ ਥਾਵਨ ॥੨੦॥
ਕੋ ਕਾਰਨ ਇਹੁ? ਗੁਰੂ! ਬਖਾਨੋ।
ਭੂਤ ਭਵਿੱਖ ਗਤੀ ਤੁਮ ਜਾਨੋ।
ਸਭਿ ਸੰਗਤਿ ਕੈ ਇਹੁ ਸੰਦੇਹੂ।
ਕ੍ਰਿਪਾ ਕਰਹੁ ਉਚਰਹੁ ਸੁਖ ਦੇਹੂ' ॥੨੧॥
ਸਿੱਖਨ ਤੇ ਸੁਨਿ ਕੈ ਗੁਰ ਕਹਜੋ।
'ਇਹੁ ਸਥਾਨ ਪਾਵਨ ਅਤਿ ਲਹਜੋ*।
ਪ੍ਰਥਮ ਜੁਗਨਿ ਸਮਰਥ ਸਭਿ ਜੀਵ[3]।
ਤਨ ਪਰ ਸੰਕਟ ਸਹਿਬੋ[4] ਕੀਵ ॥੨੨॥
ਬਿਸਵਾਮਿੱਤ੍ਰ ਆਦਿ ਰਿਖਿ ਘਨੇ।
ਕੀਨਸਿ ਤਪ ਕੁਛ ਜਾਹਿਂ ਨ ਗਨੇ।
ਏਕ ਸਮੇਂ ਦੱਖਨ ਕੇ ਮੁਨਿ ਗਨ।
ਆਏ ਤਪ ਸਾਧਨ ਬਾਂਛਤ ਮਨ[5] ॥੨੩॥
ਅਠਤਾਲੀਸ ਕੋਸ ਬਿਚ ਫਿਰੇ।
ਬੈਠਬਿ[6] ਥਾਨ ਕਹੂਂ ਨ ਨਿਹਰੇ।

---

[1]ਜਾਪਾਂ ਨੂੰ ਜਪਿਆ ਹੈ।
[2]ਭਾਵ, ਬੈਕੁੰਠ।
*ਪਿਛੇ ਕਵਿ ਜੀ ਦੱਸ ਆਏ ਹਨ ਕਿ ਤੀਰਥਾਂ ਦੀ ਮੈਲ ਹਰਨ ਲਈ ਸਤਿਗੁਰੂ ਜੀ ਤੀਰਥਾਂ ਨੂੰ ਟੁਰੇ। ਇਹੋ ਗੱਲ ਤੁਖਾਰੀ ਮਹਲ ੪ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ 'ਨਾਵਣੁ ਪੁਰਬੁ ਅਭੀਚ' ਵਾਲੇ ਸ਼ਬਦ ਵਿਚ ਦੱਸੀ ਹੈ। ਕਿਆ ਤੀਰਥ ਕਲਜ਼ਾਨ ਕਰਦੇ ਹਨ? ਇਸ ਪਰ ਭੀ ਗੁਰੂ ਅਮਰਦੇਵ ਜੀ ਦਾ ਵਾਕ ਹੈ
'ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।'
[3]ਪਹਿਲੇ ਜੁਗਾਂ ਦੇ ਜੀਵ ਸਮਰੱਥ ਸਨ।
[4]ਸਹਿਆ।
[5]ਤਪ ਸਾਧਨਾਂ ਮਨ ਵਿੱਚ ਚਾਹ ਕੇ ਆਏ।
[6]ਬੈਠਣੇ ਦੀ।

ਤਪਸੀ ਗਨ ਕੀ ਭੀਰ ਬਿਸਾਲਾ।
ਜਹਿਂ ਕਹਿਂ ਕਰਤਿ ਘਾਲਨਾ ਘਾਲਾ[1] ॥੨੪॥
ਜਬਿ ਸਥਾਨ ਕਿਤਹੂਂ ਨਹਿਂ ਪਾਯੋ।
ਸਾਰਸੁਤੀ ਕੋ ਤਬਿਹੁਂ ਧਿਆਯੋ[++]।
ਕਹਯੋ ਬਿਦਤਿ ਹੁਇ[2] ਮੁਨਿ ਗਨ ਸੰਗਾ।
-ਕਯਾ ਬਾਂਛਤਿ ਤੁਮ ਕਹੋ ਨਿਸੰਗਾ? - ॥੨੫॥
ਤਿਨਹੁਂ ਜਾਚਨਾ ਕੀਨਿ[3] ਸੁਜਾਨ।
-ਹੇ ਦੇਵੀ! ਦਿਹੁ ਬੈਠਨਿ ਥਾਨ-।
ਤਬਿ ਇਹ ਸਲਿਤਾ ਮੁਨਿ ਗਨ ਹੇਤ।
ਹਟੀ ਕੋਸ ਦੁਇ ਬੇਗ ਸਮੇਤ[4] ॥੨੬॥
ਤਿਨਿ ਬੈਠਨ ਕੋ ਦੀਨਸਿ ਥਲ ਹੈ।
ਬਸੇ ਮੁਨੀ ਤਪ ਕੀਨਸਿ ਭਲ ਹੈ।
ਜਸ ਤਪ ਤਪਯੋ[**] ਘਾਲ ਬਹੁ ਘਾਲਿ।
ਕੋ ਗਨਨਾ ਕਰ ਸਕਹਿ ਬਿਸਾਲ ॥੨੭॥
ਸਭਿ ਕੀ ਕਥਾ ਕਹਾਂ ਲਗ ਕਹੈਂ।
ਸੁਨੀਅਹਿ ਇਕ ਮੁਨਿ ਕੀ ਜਿਮਿ ਅਹੈ।
ਅਹੈ ਪਹੋਏ ਤੇ ਤ੍ਰੈ ਕੋਸ।
ਇਕ ਮੰਕਨ ਮੁਨਿ[5] ਹੁਤੋ ਅਦੋਸ਼ ॥੨੮॥
ਮਹਾਂ ਬਿਖਮ ਤਪੁ ਘਾਲਯੋ ਤਾਹੂ।
ਤੀਰ ਸਰਸ੍ਵਤੀ ਕੇਰ ਪ੍ਰਵਾਹੂ।
ਛੁਧਾ ਤ੍ਰਿਖਾ ਸਹਿ ਕਠਨ ਕਰਾਲਾ।
ਬਰਖਾ ਸੀਤ ਉਸ਼ਨ ਤਨ ਝਾਲਾ ॥੨੯॥
ਬਹੁਤ ਬਰਖ ਐਸੋ ਤਪੁ ਸਾਧਯੋ।
ਸਰਬੋਤਮ[6] ਪਦ ਲੈਨ ਅਰਾਧਯੋ।

---

[1]ਜਿਥੇ ਕਿਥੇ ਭਾਵ, ਇਥੇ ਹਰ ਥਾਵੇਂ ਘਾਲਾਂ ਘਾਲਦੇ ਸਨ।

[++]ਕਿਸੇ ਤਰ੍ਹਾਂ ਸਰਸ੍ਵਤੀ ਦੇ ਕਿਨਾਰੇ ਹੋਮ ਯੱਗ ਕਰਦਿਆਂ ਵਿੱਦਯਾ ਵਧਣ ਤੇ 'ਵਾਚ ਸ਼ਕਤੀ' ਦਾ ਨਾਮ ਸਰਸ੍ਵਤੀ ਪਿਆ, ਇਸ ਲਈ ਪੜ੍ਹੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੨ ਦਾ ਭਾਵ।

[2](ਸਰਸੁਤੀ ਨੇ) ਪ੍ਰਗਟ ਹੋ ਕੇ ਕਹਿਆ।

[3]ਤਿੰਨ੍ਹਾਂ (ਮੁਨੀਆਂ ਨੇ) ਮੰਗ ਕੀਤੀ।

[4]ਪ੍ਰਵਾਹ ਸਣੇ।

[**]ਤਪ ਘਾਲਣ ਨੂੰ ਤੀਸਰੇ ਸਤਿਗੁਰੂ ਜੀ ਆਪ ਪਸੰਦ ਨਹੀਂ ਸਨ ਕਰਦੇ, ਯਥਾ- 'ਕਾਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥' ਇਸ ਲਈ ਉਪਰ ਕਹੇ ਵਾਕ ਸ੍ਰੀ ਮੁਖਵਾਕ ਨਹੀਂ ਹਨ।

[5]ਮੰਕਣ ਨਾਮ ਦਾ ਮੁਨੀ।

[6]ਸਭ ਤੋਂ ਉੱਤਮ।

ਏਕ ਦਿਵਸ ਕਿਮਿ ਆਂਗੁਰ ਚੀਰਾ[1]।
ਰੁਧਿਰ ਨਹੀਂ ਨਿਕਸਜੋ ਤਿਸ ਪੀਰਾ[2] ॥੩੦॥
ਹਰਿਤ ਪੱਤ੍ਰ ਤੇ ਰਸ ਤਸ ਨਿਕਸਾ[3]।
ਤਿਸ ਕੋ ਦੇਖਿ ਮੁਨੀ ਬਹੁ ਬਿਗਸਾ।
-ਐਸੋ ਤਪ ਮੈਂ ਤਪਜੋ ਬਿਸਾਲਾ।
ਜਿਸ ਤੇ ਤਨ ਮਹਿਂ ਰੁਧਿਰ ਨ ਚਾਲਾ[4] ॥੩੧॥
ਜਥਾ ਹਰਿਤ ਦਲ ਕੋ ਰਸ ਹੋਇ[5]।
ਤਥਾ ਸਰੀਰ ਬਿਖੇ ਮਮ ਜੋਇ[6]-।
ਇਮਿ ਜਨ ਜਾਨਿ ਅਧਿਕ ਉਤਸਾਹਾ।
-ਭਯੋ ਧੰਨ ਮੈ ਅਸ ਤਪ ਮਾਂਹਾ- ॥੩੨॥
ਉਠਿ ਕਰਿ ਲਗਜੋ ਨਾਚਿਬੇ ਸੋਊ।
ਭੁਜਾ ਉਸਾਰਤਿ[7] ਊਚੇ ਹੋਊ।
ਪਾਇਨ ਕੀ ਗਤਿ[8] ਕਰਿ ਕਰ ਨਾਚਹਿ।
ਅਨਦ ਬਿਲੰਦ ਬਿਖੈ ਮਨ ਮਾਚਹਿ[9] ॥੩੩॥
ਤਿਸ ਤੇ ਤਪ ਪ੍ਰਭਾਵ ਕੇ ਸੰਗ।
ਸਭਿ ਜਗ ਨਾਚਨ ਲਾਗਜੋ ਉਮੰਗ।
ਭੂਲਿ ਗਏ* ਸੁਧਿ ਸਭਿ ਬਿਵਹਾਰ।
ਨਾਚਹਿ ਸਭਿ ਜਗ ਅੰਗ ਸੁਧਾਰਿ ॥੩੪॥
ਅਸ ਅਨੀਤਿ ਪਿਖਿ ਦੇਵ ਦੁਖਾਰੇ।
ਸ਼ਰਨ ਸ਼ੰਭੁ[10] ਕੀ ਸਕਲ ਸਿਧਾਰੇ।
-ਸ਼ੰਕਰ[12] ! ਕਰਹੁ ਕ੍ਰਿਪਾ ਪਿਖਿ ਜਗ ਕੋ।
ਭੂਲ ਗਏ ਸੁਧ, ਨਾਚਨ ਲਗ ਕੋ ॥੩੫॥

---

[1]ਕਿਵੇਂ ਉਂਗਲੀ ਚੀਰੀ ਗਈ।
[2]ਬੁਧੀ ਮਾਨ (ਤਪੱਸ੍ਵੀ ਦਾ)।
[3]ਹਰੇ ਪੱਤੇ ਤੋਂ (ਜਿਵੇਂ) ਜਲ (ਨਿਕਲਦਾ ਹੈ) ਤਿਵੇਂ (ਜਲ) ਨਿਕਲਿਆ।
[4]ਲਹੂ ਭੀ ਨਹੀਂ ਚਲਿਆ।
[5]ਜਿਵੇਂ ਹਰੇ ਪੱਤੇ ਦਾ ਪਾਣੀ ਹੋਵੇ।
[6]ਦੇਖੀਦਾ ਹੈ।
[7]ਖੜੀਆਂ ਕਰਕੇ ਬਾਹਾਂ।
[8]ਪੈਰਾਂ ਦੀ ਚਾਲ
(ਅ) ਤਾਲ ਦੀ ਚਾਲ ਜੋ ਨੱਚਣ ਵਾਲੇ ਦੇ ਪੈਰਾਂ ਤੋਂ ਅਦਾ ਹੁੰਦੀ ਹੈ।
[9]ਮਸਤ ਹੋਇਆ।
*ਪਾ:-ਗਈ।
[10]ਸ਼ਿਵ ਜੀ। ਗੌਰੀਸ਼ = ਗੌਰੀ ਦਾ ਈਸ਼ਰ = ਸ਼ਿਵਜੀ।

ਤਪ ਪ੍ਰਭਾਵ ਰਿਖਿ ਕੇਰ ਬਿਸਾਲਾ।
ਅਪਰਨ ਤੇ ਨ ਹਟਹਿ ਇਸ ਕਾਲਾ।
ਕਰਹੁ ਉਪਾਵ ਆਪ ਅਬਿ ਕੋਈ।
ਜਿਸ ਤੇ ਜਗਤ ਸਥਿਰਤਾ ਹੋਈ- ॥੩੬॥
ਸੁਨੀ ਸੁਰਨ ਕੀ ਬਿਨੈ ਮਹਾਨੀ।
ਸ਼ੰਕਰ ਕਰਿ ਬਿਚਾਰ ਸੁਖ ਦਾਨੀ।
ਮੁਨਿ ਕੇ ਮਨ ਕੋ ਲਖਿ ਉਤਸਾਹਾ।
ਤਿਸੇ ਨਿਵਾਰਨਿ ਕੋ ਚਿਤ ਚਾਹਾ ॥੩੭॥
ਅਪਰ ਬੇਖ ਕੋ ਧਰਿ ਗੌਰੀਸ਼ਾ[12]।
ਆਵਤਿ ਭਾ ਜਹਿਂ ਹੁਤੋ ਮੁਨੀਸ਼ਾ[1]।
ਨਿਕਟ ਹੋਇ ਕਰਿ ਬੂਝਨ ਕੀਨਾ।
-ਕਯੋ ਨਾਚਤਿ ਤੈਂ ਕਯਾ ਚਿਤ ਚੀਨਾ? ॥੩੮॥
ਕਯਾ ਆਸ਼ੈ ਅਸ ਤਵ ਮਨ ਅਹੈ?
ਜਿਸ ਤੇ ਨਿਤ ਹੀ ਨਾਚਤਿ ਰਹੈਂ-।
ਸੁਨਿ ਮੰਕਣ ਨੇ ਬਾਕ ਬਖਾਨਾ।
-ਮੈਂ ਇਹ ਠਾਂ ਤਪ ਤਪਯੋ ਮਹਾਂਨਾ ॥੩੯॥
ਇਕ ਦਿਨ ਚੀਰ ਅੰਗੁਰੀ ਆਵਾ।
ਹਰਿਤ ਪੱਤ੍ਰ ਰਸ ਸਮ ਨਿਕਸਾਵਾ।
ਨਹੀਂ ਰੁਧਿਰ ਭੀ ਦੇਹਿ ਮਝਾਰਾ।
ਯਾਂ ਤੇ ਭਾ ਮੁਝ ਹਰਖ ਅਪਾਰਾ ॥੪੦॥
ਨਹੀਂ ਸਮਾਵਤਿ ਹੈ ਚਿਤ ਮਾਂਹੀ।
ਨਾਚਤਿ ਰਹੌਂ ਹੇਤ ਲਖ ਯਾਂਹੀ*-।
ਸੁਨਿ ਸ਼ਿਵ ਨੇ ਨਿਜ ਅੰਗੁਰੀ ਚੀਰੀ।
ਨਿਕਸੀ ਭਸਮ[2] ਪਰੀ ਤਿਸ ਤੀਰੀ[3] ॥੪੧॥
ਕਹਯੋ -ਦੇਖਿ ਤਪ ਹੋਵਤਿ ਐਸੋ।
ਕਰਯੋ ਦਿਖਾਵਨਿ ਕੋ ਅਬਿ ਜੈਸੋ।
ਅਪਰ ਅੰਸ ਕੁਛ ਰਹੀ ਨ ਤਨ ਮੈਂ।
ਪੀਵਤਿ ਭਸਮ ਰਹਯੋ ਨਿਤਿ ਬਨ ਮੈਂ ॥੪੨॥

---

[1]ਮੁਨੀਆਂ ਦਾ ਈਸ਼੍ਵਰ, ਭਾਵ ਮੰਕਣ ਮੁਨੀ।
*ਪਾ:-ਪਾਹੀ।
[2]ਸੁਆਹ।
[3](ਉਸ ਰਿਖੀ) ਕੋਲ ਜਾ ਪਈ (ਅ) ਧਾਰ।

ਯਾਂ ਤੇ ਸਭਿ ਸਰੀਰ ਕੇ ਮਾਂਹੀ।
ਬਿਨਾ ਭਸਮ ਸ਼੍ਰੋਣਤ ਕਿਤ ਨਾਂਹੀ।
ਤਊ ਨ ਮੁਝ ਅਸ ਆਨੰਦ ਆਵਾ।
ਜਸ ਤੂੰ ਦੇਖਿ ਰਿਦੇ ਗਰਬਾਵਾ- ॥੪੩॥
ਸੁਨੇ ਬਾਕ ਅਰੁ ਨੈਨ ਨਿਹਾਰਜੋ।
ਮੁਨਿ+ ਮੰਕਣ ਚਿਤ ਚਾਉ ਨਿਵਾਰਜੋ।
ਹਟਜੋ ਨਾਚਿਬੇ ਤੇ, ਜਗ ਸ਼ਾਂਤੀ।
ਇਸ ਪ੍ਰਕਾਰ ਮੁਨਿ ਭਏ ਸੰਗਾਤੀ ॥੪੪॥
ਤਿਨ ਕੇ ਤਪ ਕਰਿਬੇ++ ਇਸਥਾਨ।
ਭਏ ਅਧਿਕ ਪਾਵਨ ਮਨ ਜਾਨਿ।
ਕਰਹਿ ਸ਼ਨਾਨ ਸੁ ਹੋਇ ਪੁਨੀਤ**।'
ਇਮਿ ਪ੍ਰਸੰਗ ਸੁਨਿ ਕੈ ਸ਼ੁਭ ਰੀਤਿ ॥੪੫॥
ਸੰਗਤ ਭਈ ਹਰਖ, ਕਰਿ ਨਮੋ।
ਸਾਰਸੁਤੀ ਮੱਜੇ ਤਿਹ ਸਮੋ।
ਸ਼੍ਰੀ ਗੁਰ ਅਮਰ ਕੀਨ ਇਸ਼ਨਾਨ।
ਮਿਲੇ ਬ੍ਰਿੱਪ ਤਿਨਿ ਦੀਨਸਿ ਦਾਨ* ॥੪੬॥

+ਪਾ:-ਸੁਨਿ।

++ਤਪ ਦੀ ਮਹਿਮਾ ਜੋ ਇਥੇ ਦੱਸੀ ਹੈ, ਸ਼੍ਰੀ ਗੁਰੂ ਜੀ ਦੇ ਮਤ ਵਿਚ ਨਿਰੇ ਤਪ ਦੀ ਕੋਈ ਥਾਂ ਨਹੀਂ। ਹਾਂ ਗੁਰਮੁਖ ਸੇਵਾ, ਬਾਣੀ ਦਾ ਅਭਿਆਸ, ਨਾਮ ਸਿਮਰਣ, ਕੀਰਤਨ ਸ਼੍ਰਵਣ, ਕੀਰਤਨ ਕਰਨਾ ਏਹ ਤਪ ਸਾਰੇ ਦੱਸੇ ਹਨ। ਫੋਕੇ ਤਪਾਂ ਦੀ ਗੁਰਬਾਣੀ ਵਿਚ ਨਿਖ਼ੇਧੀ ਹੈ। ਇਸ ਪ੍ਰਸੰਗ ਵਿਚ ਭੀ ਤਪ ਦੇ ਅਖੀਰ ਤੇ ਹੰਕਾਰ ਹੀ ਪਲੇ ਪਿਆ ਦੱਸਿਆ ਹੈ। ਗੁਰੂ ਵਾਕ-
'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ'॥
ਤਥਾ- 'ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ'॥
ਜੋ ਇਸ਼ਨਾਨ ਦਾ ਮਹਾਤਮ ਦਿੱਤਾ ਹੈ: ਉਸ ਪਰ ਇਸ ਯਾਤਰਾ ਸੰਬੰਧੀ ਗੁਰੂ ਰਾਮਦਾਸ ਜੀ ਨੇ ਆਪ ਦੱਸਿਆ ਹੈ ਕਿ ਪ੍ਰਯੋਜਨ ਤੀਰਥਾਂ ਦੇ ਸ਼ਨਾਨ ਤੋਂ ਮੁਕਤੀ ਪ੍ਰਾਪਤੀ ਦਾ ਨਹੀਂ ਸੀ ਸਗੋਂ ਤੀਰਥਾਂ ਦੀ ਅਰਦਾਸ ਸੀ ਕਿ ਸਾਡੇ ਵਿਚ ਮੈਲ ਪਈ ਹੈ ਸੋ ਦੂਰ ਕਰੋ। ਯਥਾ:-ਤੀਰਥ ਕਹਿੰਦੇ ਹਨ:
'ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗੁਆਈ'॥

**ਗੁਰੂ ਸਾਹਿਬ ਜੀ ਦਾ ਸਿਧਾਂਤ ਇਹ ਹੈ:-
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
[ਸਿਰੀ ਰਾਗ ਮ:੩]

*ਬਿਨਾ ਜਾਤਿ ਪਾਤ ਦੇ ਖਿਆਲ ਦੇ ਦੀਨ, ਦੁਖੀ ਤੇ ਅਨਾਥਾਂ ਨੂੰ ਦਾਨ ਦੇਣਾ ਗੁਰਮਤ ਅਨਕੂਲ ਹੈ, ਜਿਹਾਕਿ ਇਸੇ ਅੰਸੂ ਦੇ ਅੰਕ ੩੫ ਵਿਚ ਦੱਸਿਆ ਹੈ।

'ਜਥਾ ਸ਼ਕਤਿ ਸਭਿਹਿਨਿ ਦੇ ਦਾਨ।'

ਜੇ ਇਸ ਦਾਨ ਤੋਂ ਮੁਕਿਤ ਪ੍ਰਾਪਤੀ ਭਾਵ ਲਿਆ ਜਾਵੇ ਤਾਂ ਉਸ ਦੀ ਨਿਖੇਧੀ ਵਿਚ ਤੀਸਰੀ ਪਾਤਸ਼ਾਹੀ ਜੀ ਆਪ ਫੁਰਮਾਉਂਦੇ ਹਨ

'ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ'॥
[ਸਿਰੀ ਰਾਗ ਮ:੧]

ਏਕ ਨਿਸਾ ਬਸਿ ਤਹਾਂ ਬਿਤਾਈ।
ਉਠੇ ਪ੍ਰਾਤਿ ਕਿਰਤਨ ਧੁਨਿ ਗਾਈ।
ਕਰਿ ਸ਼ਨਾਨ ਸੁਖ ਮਾਨਿ ਘਨੇਰਾ।
ਕਰਜੋ ਕੂਚ ਪੁਨ ਆਗੇ ਡੇਰਾ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਸ੍ਰੀ ਅਮਰ ਜੀ ਕੋ ਤੀਰਥ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

੪੬. [ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ]

੪੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੭

ਦੋਹਰਾ: ਤਹਿਂ ਤੇ ਪੁਨ ਆਗੇ ਚਲੇ, ਸੰਗਤਿ ਸਤਿਗੁਰ ਸੰਗ।
'ਜੋਤੀਸਰ' ਤੀਰਥ[1] ਨਿਕਟ ਪਹੁੰਚੇ, ਸੁਨੋ ਪ੍ਰਸੰਗ ॥੧॥

ਚੌਪਈ: 'ਕੈਰਵ ਪਾਂਡਵ ਕੋ ਦਲ ਭਾਰਾ।
ਇਹਾਂ ਆਨਿ ਕਿਯ ਜੰਗ ਅਖਾਰਾ।
ਇਕਠੀ ਅਠ ਦਸ ਛੂਹਨਿ[2] ਭਈ।
ਹੋਇ ਸਨੱਧਬੱਧ ਥਿਰ ਥਈ[3] ॥੨॥
ਇਕ ਦਿਸ਼ਿ ਸਪਤ, ਇਕਾਦਸ਼ ਦੂਈ[4]।
ਇਸ ਥਲ ਸੋ ਮੁਕਾਬਲੈ ਹੂਈ।
ਤਬ ਅਰਜਨ ਤਿਨਿ ਦੇਖਿ ਬਿਚਾਰਾ।
ਕਿਸ ਕੋ ਕਰਿਹੌਂ ਇਹਾਂ ਸੰਘਾਰਾ ॥੩॥
ਗੁਰੂ ਪਿਤਾਮਾ[5] ਆਦਿਕ ਸਾਰੇ।
ਜਾਨਜੋ ਪਰੈ ਅਪਨਿ ਪਰਵਾਰੇ।
ਕੁਲ ਨਾਸ਼ਕ ਕੈਸੇ ਅਬਿ ਹੋਵੌਂ।
ਅਪਰ ਸ਼ੱਤ੍ਰੂ ਕੋ ਇਹਾਂ ਨ ਜੋਵੌਂ ॥੪॥
ਨਿਜ ਦਲ ਤੇ ਨਿਕਾਸਿ ਕਰਿ ਸਜੰਦਨ।
ਇਸ ਥਲ ਥਿਤਿ ਕਿਯ ਨੰਦ ਸੁ ਨੰਦਨ[6]।
ਆਸ਼ੈ ਅਰਜਨ ਕੋ ਜਬਿ ਜਾਨਾ।
ਕਰਿ ਉਪਦੇਸ਼ ਦਯੋ ਮਨ ਗਜਾਨਾ ॥੫॥
-ਤਨ ਸਬੰਧ ਕੋ ਮਿੱਥਜਾ ਜਾਨਿ।
ਸਤ ਚੇਤਨ ਹੈ ਅਲਿਪ ਮਹਾਨ[7]।
ਕਰਤਾ ਭੁਕਤਾ[8] ਆਪ ਨ ਲਖੀਯਹਿ।
ਮਤਿ ਕਰਿ ਨਿਜ ਸਰੂਪ ਕੋ ਪਿਖਯਹਿ[9]- ॥੬॥
ਇੱਤਜਾਦਿਕ ਗੀਤਾ ਮਹਿਂ ਕਹਯੋ।

---

[1]ਕੁਰਖੇਤ੍ਰ ਦੇ ੮੪ ਤੀਰਥਾਂ ਵਿਚੋਂ ਇਕ।
[2]ਖੂਹਣੀਆਂ (ਫੌਜ)।
[3]ਹਥਿਆਰਾਂ ਨਾਲ ਤਿਆਰ ਬਰਤਿਆਰ ਹੋ ਕੇ ਡਟ ਗਈ।
[4]ਇਕ ਪਾਸੇ ਸੱਤ (ਖੂਹਣੀ, ਤੇ) ਗਿਆਰਾਂ (ਖੂਹਣੀ) ਦੂਜੀ ਵਲ
[5]ਦਾਦਾ।
[6]ਨੰਦ ਦੇ ਪੁੱਤ੍ਰ ਸ੍ਰੀ ਕ੍ਰਿਸ਼ਨ ਜੀ ਨੇ।
[7]ਛੋਟਿਆਂ ਵਡਿਆਂ ਵਿਚ ਸਤ ਚੇਤਨ ਹੈ (ਅ) ਸਤ ਚੇਤਨ ਅਤਿਸ਼ੈ ਕਰ ਨਿਰਲੇਪ ਹੈ।
[8]ਕਰਨ ਵਾਲਾ ਤੇ ਭੋਗਣ ਵਾਲਾ।
[9]ਆਪਣੇ ਸਰੂਪ ਨੂੰ ਦੇਖ।

ਰਿਦੈ ਗਯਾਨ ਅਰਜਨ ਸੁਨਿ ਲਹਯੋ।
ਬਾਸੁਦੇਵ[1] ਕਹਿ ਅਨਿਕ ਪ੍ਰਕਾਰਾ।
ਕਰਿਵਾਇਸਿ ਬਡਿ ਜੰਗ ਅਖਾਰਾ ॥੭॥
ਇਸਿ ਥਲ ਥਿਤਿ ਰਥ ਕ੍ਰਿਸ਼ਨ ਪੁਨੀਤਾ।
ਅਰਜਨ ਸਾਥਿ ਕਹੀ ਸ਼ੁਭ ਗੀਤਾ।
ਯਾਂ ਤੇ ਪਾਵਨ ਇਹ ਇਸਥਾਨਾ।
ਸੰਗਤਿ ਸਗਰੀ ਕਰਹੁ ਸ਼ਨਾਨਾ*' ॥੮॥
ਸੁਨਿ ਸਿੱਖਨਿ ਸੁਖ ਪਾਇ ਬਿਸਾਲਾ।
ਕੀਨਿ ਸ਼ਨਾਨ ਦਾਨ ਤਿਸਿ ਕਾਲਾ।
ਬਹੁਰ ਥਨੇਸਰ ਸਤਿਗੁਰ ਗਏ।
ਭੀਰ ਸੰਗ ਬਹੁ ਡੇਰਾ ਕਏ ॥੯॥
ਖਾਨ ਪਾਨ ਕਰਿ ਨਿਸਿ ਬਿਸਰਾਮੇ।
ਕਰਨਿ ਕੀਰਤਨ ਉਠਿ ਰਹਿ ਜਾਮੇ[2]।
ਰਾਗਨਿ ਕੀ ਧੁਨਿ ਸੁੰਦਰ ਸਾਥ।
ਉਪਜਤਿ ਪ੍ਰੇਮ ਪ੍ਰਮੇਸ਼ੁਰ ਨਾਥ ॥੧੦॥
ਭਯੋ ਪ੍ਰਕਾਸ਼ ਪ੍ਰਾਤਿ ਕੋ ਜਾਨਾ।
ਕੀਨ ਤੀਰਥਨਿ ਬਿਖੈ ਸ਼ਨਾਨਾ।
ਸਾਰਸੁਤੀ ਸਲਿਤਾ ਜਲ ਪਾਵਨ।
ਗਯੋ ਪ੍ਰਵਾਹ ਪੁੰਨ ਬਹੁ ਥਾਵਨ ॥੧੧॥
ਤੀਰਥ ਬ੍ਰਿੰਦ ਬਿਖੈ ਬਹਿ ਬਾਰੀ[3]।
ਪਾਵਨ ਕਰੀ ਭੂਮਿਕਾ ਸਾਰੀ।
ਤਿਸਿ ਮਹਿਂ ਕਰਿ ਸ਼ਨਾਨ ਹਰਖਾਏ।
ਜਪਿ ਪ੍ਰਭੁ ਦਾਨ ਦੀਨਿ ਸਮੁਦਾਏ ॥੧੨॥
ਸਭਿ ਤੀਰਥ ਅਰੁ ਨਗਰ ਮਝਾਰਾ।
ਸੁਨਿ ਸੁਨਿ ਸੁਧਿ ਨਰ ਕਰਹਿਂ ਉਚਾਰਾ+।
'ਸ੍ਰੀ ਨਾਨਕ ਤੇ ਤੀਸਰ ਥਾਨ।
ਬੈਠੇ ਗਾਦੀ ਗੁਰੂ ਮਹਾਨ ॥੧੩॥

---

[1]ਕ੍ਰਿਸ਼ਨ ਜੀ ਨੇ।
*ਇਸੇ ਅੰਸੂ ਦੇ ਆਦ ਵਿਚ 'ਪੁੰਨ ਰੂਪ ਤੀਰਥ ਗੁਰੂ' ਕਵੀ ਜੀ ਆਪ ਕਹਿ ਆਏ ਹਨ, ਹੁਣ ਸਿੱਖ ਨੂੰ ਕਿਸੇ ਹੋਰ ਪਾਵਨ ਕਰਨ ਵਾਲੇ ਤੀਰਥ ਦੀ ਲੋੜ ਨਹੀਂ, ਗੁਰਬਾਣੀ ਤਾਂ ਇਸ ਉਪਦੇਸ਼ ਨਾਲ ਭਰੀ ਪਈ ਹੈ।
[2]ਪਹਿਰ (ਰਾਤ) ਰਹੀ ਤੋਂ।
[3]ਵਗਦਾ ਹੈ ਜਲ।
+ਪਾ:-ਕਰਹਿਂ ਵਿਚਾਰਾ।

ਸੋ ਤੀਰਥ ਕਰਿਬੇ ਕਹੁ ਆਯਹੁ।
ਮਹਾਂ ਜੋਤਿ ਜਿਨ ਜਗ ਬਿਦਤਾਯਹੁ।
ਸੰਨਜਾਸੀ ਬ੍ਰਹਮਚਾਰੀ ਬ੍ਰਿੰਦ।
ਪੰਡਿਤ ਬਿੱਦਜਾ ਬਿਖੈ ਬਿਲੰਦ ॥੧੪॥
ਬੈਰਾਗੀ ਆਦਿਕ ਬਹੁ ਬੇਖਨਿ।
ਚਲਿ ਆਏ ਸਤਿਗੁਰ ਕਹੁ ਦੇਖਨਿ।
ਨਰ ਗ੍ਰਿਹਸਥੀ ਗੁਰ ਕੇ ਸਿਖ ਕੇਈ।
ਗੁਰੂ ਦਰਸ਼ ਹਿਤ ਆਏ ਤੇਈ ॥੧੫॥
ਲੇ ਕਰਿ ਕੇਤਿਕ ਸ਼ੁਭ ਪਕਵਾਨ।
ਕਿਨਹੂੰ ਸੁਮਨ ਸੁ ਲੀਨਸਿ ਪਾਨ।
ਕੋ ਫਲ ਮੂਲ ਲਜਾਇਬੋ ਕਰੈਂ।
ਚਾਰਹੁਂ ਬਰਨ ਭੇਟ ਕੋ ਧਰੈਂ ॥੧੬॥
ਦਰਸਹਿਂ ਸਤਿਗੁਰ ਕਰਿ ਕਰਿ ਨਮੋ।
ਭਈ ਭੀਰ ਭਾਰੀ ਤਿਹ ਸਮੋ।
ਦੇਖਤਿ ਸਰਬ ਪ੍ਰਤਾਪ ਉਚੇਰੇ।
ਧਰਜੋ ਸਰੂਪ ਜਨੁ ਗਜਾਨ ਬਡੇਰੇ[1] ॥੧੭॥
ਪੰਡਿਤ ਅਰੁ ਸੰਨਜਾਸੀ ਬ੍ਰਿੰਦਾ।
ਢਿਗਿ ਬੈਠੇ ਹੰਕਾਰ ਬਿਲੰਦਾ।
ਸ੍ਰੀ ਸਤਿਗੁਰ ਕੋ ਦਰਸ਼ਨ ਕਰਜੋ।
ਕਰਿ ਬੰਦਨ ਕੋ ਪ੍ਰਸ਼ਨ ਉਚਰਜੋ ॥੧੮॥
'ਸ਼੍ਰੀ ਨਾਨਕ ਜੋ ਕੀਨਸਿ ਬਾਨੀ।
ਤਿਸ ਕੋ ਕਾਰਨ ਪਰਹਿ ਨ ਜਾਨੀ[2]।
ਆਗੈ ਹੁਤੇ ਸੁ ਬੇਦ ਪੁਰਾਨ।
ਪਠਹਿਂ ਸੁਨਹਿਂ ਬਿਸਤਰੇ ਜਹਾਨ[3] ॥੧੯॥
ਸੋ ਕੱਲਜਾਨ ਕਰਤਿ ਜੱਗਜਾਸੀ।
ਚਲਹਿਂ ਕਹੇ ਪਰ, ਕਾਟਹਿਂ ਫਾਸੀ[4]।
ਮੁਕਤਿ ਪੰਥ ਕੋ ਨੀਕੀ ਭਾਂਤਿ।
ਬਰਨਜੋ ਉਪਦੇਸ਼ ਜੁ ਬਖਜਾਤ* ॥੨੦॥

---

[1]ਮਾਨੋ ਗਿਆਨ ਤੇ ਬਜ਼ੁਰਗ ਸਰੀਰ ਧਾਰਨ ਕੀਤਾ ਹੈ।
[2]ਨਹੀਂ ਜਾਣਿਆ ਜਾਂਦਾ।
[3]ਪੜ੍ਹਨਾ ਸੁਣਨਾ ਫੈਲਿਆ ਜਹਾਨ ਵਿਚ।
[4]ਜੇ (ਉਨ੍ਹਾਂ ਦੇ) ਕਹੇ ਪਰ ਚਲਦੇ ਸੀ ਉਸ ਦੀ ਫਾਂਸੀ ਕਟੀ ਜਾਂਦੀ ਸੀ।
*ਪਾ:-ਬਰਨਜੋ ਹੈ ਉਪਦੇਸ਼ ਬਖਜਾਤ।

ਤਿਨਿ ਕੇ ਹੋਤੇ ਸ੍ਰੀ ਗੁਰਬਾਨੀ[+]।
ਕਯੋਂ ਕੀਨਸਿ ਕੁਛ ਜਾਇ ਨ ਜਾਨੀ?'
ਇਸ ਪ੍ਰਕਾਰ ਤਿਨਿ ਤੇ ਸੁਨਿ ਕਾਨ।
ਸ੍ਰੀ ਗੁਰ ਕੀਨਸਿ ਸ਼ਬਦ ਬਖਾਨਿ ॥੨੧॥

ਸ੍ਰੀ ਮੁਖਵਾਕ:
ਮਹਲਾ ੩ ਗਉੜੀ ਬੈਰਾਗਣਿ ॥
ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ ॥੧॥
ਬਾਬਾ ਤੂੰ ਐਸੇ ਭਰਮੁ ਚੁਕਾਹੀ ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥

ਚੌਪਈ: 'ਬੇਦ ਪੁਰਾਨਨਿ ਕੋ ਉਪਦੇਸ਼।
ਕਿਸਹੂੰ ਕੋ ਪ੍ਰਾਪਤਿ ਕਿਸਿ ਦੇਸ਼।
ਪ੍ਰਥਮੇ ਨੀਕੀ ਹੋਵਹਿ[++] ਜਾਤਿ[**]।
ਪੁਨ ਤਿਸਿ ਤੇ ਚਹਿ ਮਤਿ ਅਵਿਦਾਤਿ[1] ॥੨੨॥
ਬਹੁਰ ਅਭੱਜਾਸ ਕਮਾਵਹਿਂ ਘਨੋ।
ਦੁਰਿ ਦੁਰਿ ਬੈਠਤਿ ਕਬਹੂੰ ਭਨੋ[2]।
ਪੁਨਹਿ ਪ੍ਰੇਮ ਪਰਲੋਕ ਕਰੈਜੋ।
ਕੋਟਿ ਮਧੇ ਨਰ ਕੋ ਨਿਤਰੈ ਜੋ[3] ॥੨੩॥
ਜਥਾ ਕੂਪ ਕੋ ਨੀਰ ਪਛਾਨ।
ਕੋ ਜਬ ਘਾਲਹਿ ਘਾਲ ਮਹਾਂਨ[4]।

[+]ਪਾ:-ਸਤਿਗੁਰ ਬਾਣੀ।
[++]ਪਾ:-ਹੋਵਤ।
[**]ਸ਼ੂਦਰ ਆਦਿ ਜਾਤੀਆਂ ਨੂੰ ਵੇਦ ਪੜ੍ਹਨੇ ਦਾ ਅਧਿਕਾਰ ਨਹੀਂ। ਸੋ ਸਰਬ ਸਾਧਾਰਣ, ਕਿਰਤੀ, ਜ਼ਿਮੀਦਾਰ, ਮਜ਼ਦੂਰ ਤਾਂ ਮੁਕਤੀ ਤੋਂ ਏਨੀ ਗੱਲ ਨਾਲ ਹੀ ਵਾਂਜੇ ਗਏ।
[1]ਉਸ ਤੋਂ (ਅਗੇ) ਫੇਰ ਮਤ ਉਜਲ ਚਾਹੀਦੀ ਹੈ।
[2]ਕਦੇ ਛੁਪ ਛੁਪ ਕੇ ਬੈਠਕੇ ਉਚਾਰੇ, ਭਾਵ, ਏਕਾਂਤ ਬੈਠਕੇ ਵਿਦਯਾ ਘੋਖੇ।
[3]ਕ੍ਰੋੜਾਂ ਵਿਚ ਕੋਈ (ਇਕ) ਨਰ (ਹੀ ਹੁੰਦਾ ਹੈ) ਜੋ ਨਿਤਰਦਾ ਹੈ।
[4]ਮਹਾਂਨ ਕਮਾਈ ਕਰੇ।

ਨਿਜ ਹਿਤ ਕੁਛ ਖੇਤੀ ਕਰਿ ਲੇਤਿ।
ਜੇ ਨਿਤ ਪਾਲਨਿ ਸੋਂ ਕਰਿ ਹੇਤ[1] ॥੨੪॥
ਸ਼੍ਰੀ ਸਤਿਗੁਰ ਕੋ ਸਬਦ ਸੁਖਾਰੋ।
ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ ਅਰੁ ਸਗਰੇ ਦੇਸ਼।
ਲਘੁ ਬਿਸਾਲ ਸਭਿ ਹਤਹਿਂ ਕਲੇਸ਼[2] ॥੨੫॥
ਧਨੀ ਨਿਰਧਨੀ ਸਭਿ ਲੇ ਪਾਇ।
ਊਠਤਿ ਬੈਠਤਿ ਹਰਿ[()] ਗੁਨਗਾਇ।
ਬਿਨਾ ਸੌਚ, ਕੈ ਕਰਹਿ ਸ਼ਨਾਨ।
ਕਰਹਿ ਭਜਨ ਪਾਵਨਿ ਕੱਲਜਾਨ ॥੨੬॥
ਨੀਚ ਊਚ ਸਭਿ ਕੌ ਇਕਿ ਸਾਰ।
ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ।
ਬੇਦ ਪੁਰਾਨ ਕੂਪ ਜਲ ਜੈਸੇ।
ਬਰੋਸਾਇ ਕੋ ਇਕ ਕਿਤਿ ਕੈਸੇ[3] ॥੨੭॥
ਸਤਿਗੁਰ ਬਾਨੀ ਮੇਘ[4] ਸਮਾਨ।
ਬਰਖੈ ਚਹੁੰਦਿਸ਼ਿ ਬਿਖੈ ਮਹਾਂਨ।
ਬਨ ਕੇ ਪਸੁ ਪੰਛੀ ਸੁਖ ਪਾਵਹਿਂ।
ਕਰਹਿਂ ਪਾਨ ਅਰੁ ਤਪਤ ਮਿਟਾਵਹਿਂ ॥੨੮॥
ਕੂਪ ਕਿਸੂ ਕੈ ਹੋਇ ਕਿ ਨਾਂਹੀ।
ਇਕ ਸਮ ਘਨ ਤੇ ਸਭਿ ਸੁਖ ਪਾਂਹੀ।
ਸਗਰੇ ਖੇਤੀ ਬੋਇ ਪਕਾਇਂ[5]।
ਬਿਨਾ ਜਤਨ ਸਭਿ ਹੀ ਸੁਖ ਪਾਇਂ ॥੨੯॥
ਤਜੋਂ ਸਤਿਗੁਰ ਕੇ ਸ਼ਬਦ ਸੁਖੇਨ।
ਪਢਿ ਗਤਿ ਪ੍ਰਾਪਤਿ ਜੇਨ ਰੁ ਕੇਨ[6]।
ਧਰਤੀ ਬਿਖੈ ਕੂਪ ਕੋ ਪਾਨੀ।
ਤਊ ਮੇਘ ਬਰਖਹਿ, ਸੁਖ ਠਾਂਨੀ ॥੩੦॥

---

[1](ਉਹ ਬੀ ਤਾਂ) ਜੇ ਨਿੱਤ (ਖੇਤੀ ਦੇ) ਪਾਲਣ ਦਾ ਹਿਤ ਕਰੀ ਰਖੇ।
[2]ਛੋਟੇ ਵਡੇ ਸਭ ਦੇ ਕਲੇਸ਼ ਨਾਸ਼ ਕਰਦੇ ਹਨ (ਗੁਰਸ਼ਬਦ)।
[()]ਪਾ:-ਰਹਿ।
[3]ਵਰੋਸਾਉਂਦਾ ਹੈ ਭਾਵ ਲਾਭ ਪ੍ਰਾਪਤ ਕਰਦਾ ਹੈ ਕੋਈ ਇਕ ਕਿਧਰੇ।
[4]ਬੱਦਲ।
[5]ਬੀਜ ਕੇ ਪਕਾਉਂਦੇ ਹਨ।
[6]ਜਿਸ ਕਿਸੇ ਨੇ।

ਯਾਂ ਤੇ ਪੰਡਤਿ ਰਿਦੈ ਬਿਚਾਰਹੁ।
ਘਨ ਅਰੁ ਕੂਪ ਨੀਰ ਨਿਰਧਾਰਹੁ।
ਗੁਰਬਾਨੀ ਕੋ ਕਾਰਨ ਏਹੂ।
ਸੁਨਹੁ ਸੁਜਨ! ਨਹਿਂ ਕਰਹੁ ਸਂਦੇਹੂ ॥੩੧॥
ਬਰੋਸਾਇਂ ਲਾਖਹੁਂ ਗੁਰ ਬਾਨੀ।
ਊਚ ਨੀਚੁ ਕੈ ਏਕ ਸਮਾਨੀ।
ਪ੍ਰੇਮ ਠਾਨਿ ਜੋ ਪਠਹਿ ਬਿਚਾਰਹਿ।
ਬਹੁਰ ਕਮਾਵਹਿ ਹੁਇ ਨਿਸਤਾਰਹਿ' ॥੩੨॥
ਨਗਰ ਤੀਰਥਨਿ ਪਰ ਜੋ ਬਾਸੀ।
ਸੁਨਿ ਕਰਿ ਸਗਰੇ ਭਏ ਹੁਲਾਸੀ।
ਬੰਦਨ ਕਰਿ ਸਭਿਹੂੰਨਿ ਸਰਾਹੇ।
ਗਏ ਆਪਨੇ ਧਾਮਨਿ* ਮਾਂਹੇ ॥੩੩॥
ਇਸ ਪ੍ਰਕਾਰ ਕੁਛ ਚਰਚਾ ਭਈ।
ਸੁਨਿ ਕੇਤਿਕ ਕੀ ਦੁਰਮਤਿ ਗਈ।
ਖਾਨ ਪਾਨ ਕਰਿ ਸੰਗਤਿ ਸਾਥ।
ਦੂਜੀ ਨਿਸ ਬਾਸੇ ਜਗਨਾਥ ॥੩੪॥
ਦਿਵਸ ਤੀਸਰੇ ਤੀਰਥ ਆਨ।
ਸਭਿ ਸਿੱਖਜਨ ਜੁਤਿ ਕੀਨਿ ਸ਼ਨਾਨ।
ਜਥਾ ਸ਼ਕਤਿ ਸਭਿਹਿਨਿ ਦੇ ਦਾਨ।
ਬੈਠੇ ਡੇਰੇ ਕ੍ਰਿਪਾ ਨਿਧਾਨ ॥੩੫॥
ਖਾਨਪਾਨ ਸੰਗਤਿ ਸਭਿ ਕਰਿ ਕੈ।
ਗੁਰ ਢਿਗ ਆਇ ਹਰਖ ਕਹੁ ਧਰਿ ਕੈ।
ਹਾਥ ਜੋਰਿ ਸਭਿ ਬੂਝਨ ਕੀਨੇ।
'ਸ਼੍ਰੀ ਗੁਰ! ਤੁਮ ਉਰ ਸਭਿ ਕੁਛ ਚੀਨੇ ॥੩੬॥
ਇਹ ਕੁਰਛੇਤ੍ਰ ਕੋਸ ਅਠਤਾਲੀ।
ਕਿਮਿ ਪੁਨੀਤ ਇਹ ਭਯੋ ਬਿਸਾਲੀ।
ਤੀਰਥ ਜਿਸ ਮਹਿਂ ਬਨੇ ਹਜ਼ਾਰੋਂ।
ਅਨਿਕ+ ਭਏ ਤਪਸੀ ਤਪ ਧਾਰੋ ॥੩੭॥
ਥਾਨ ਪੁਨੀਤ ਜਾਨਿ ਇਹ ਮਹਾਂ।
ਕੈਰਵ ਪਾਂਡਵ ਲਰਿ ਮਰਿ ਜਹਾਂ।

---

*ਪਾ:-ਥਾਨਨ।
+ਪਾ:-ਅਧਿਕ।

ਕਿਸਿ ਕਾਰਣ ਤੇ ਪਾਵਨ ਭਯੋ?
ਬਹੁਤਿ ਨਰਨਿ ਤਨ ਤਜਾਗਨਿ ਕਿਯੋ ॥੩੮॥
ਕੌਤਕ ਬਰਤੈ ਰਿਦੈ ਹਮਾਰੇ।
ਸਕਲ ਸੁਨਾਵਹੁ ਕਥਾ ਉਚਾਰੇ।'
ਸਭਿ ਸੰਗਤਿ ਕੇ ਸੁਨਿ ਕੈ ਬੈਨ।
ਕਰੁਨਾ ਭਰੇ ਰਸੀਲੇ ਨੈਨ ॥੩੯॥
ਪਰਉਪਕਾਰ ਕਰਨਿ ਨਿਤਿ ਚਾਹਤਿ।
ਬਹੁ ਲੋਕਨ ਕੀ ਦੁਰਮਤਿ ਦਾਹਤਿ।
ਜਿਸ ਕਾਰਨ ਕੋ ਧਰਿ ਅਵਿਤਾਰਾ।
ਸੋ ਨਿਤ ਕਰਤਿ ਭਗਤਿ ਬਿਸਥਾਰਾ ॥੪੦॥
ਕਥਾ ਪੁਰਾਤਨ ਬਹੁ ਚਿਰ ਕੇਰੀ।
ਗਿਨਤੀ ਸੰਮਤ ਪਰਹਿ ਨ ਹੇਰੀ।
ਜਗਤ ਆਦਿ ਕੋ ਇਹ ਬਿਰਤਾਂਤ[1]।
ਸ਼੍ਰੀ ਗੁਰ ਚਹਜੋ ਕਰਨਿ ਬੱਖਜਾਤ ॥੪੧॥
'ਭੋ ਸੰਗਤਿ! ਸੁਨੀਅਹਿ ਦੇ ਕਾਨ।
ਉਪਜਯੋ ਨਹਿਂ ਜਬਿ ਜਗਤ ਮਹਾਂਨ।
ਸ਼੍ਰੀ ਨਾਰਾਇਣ ਬੈਠੇ ਇਹਾਂ।
ਭਯੋ ਇਤਕ ਮਹਿਂ[2] ਆਸਨ ਮਹਾਂ ॥੪੨॥
ਅਸ਼ਟ ਕੋਸ ਲਗਿ ਨੀਚੇ ਥਾਨ।
ਆਗੇ ਜਾਨੂ[3] ਬਧੇ ਮਹਾਂਨ।
ਉੱਤਰ ਦਿਸ਼ਿ ਭੀ ਪ੍ਰਿਸ਼ਟਿ ਬਡੇਰੀ।
ਦੱਖਣ ਕੋ ਮੁਖ ਕਿਯ ਤਿਸ ਬੇਰੀ ॥੪੩॥
ਅਸ਼ਟ ਕੋਸ ਚਉਗਿਰਦੇ ਮਾਂਹਿ।
ਮੱਧ ਥਾਨ ਭਗਵਾਨ ਸੁ ਆਹਿ[4]।
ਸੋ ਥਲ ਇਹੈ ਥਨੇਸਰ ਜਾਨਹੁ।
ਮਹਾਂ ਮਹਾਤਮ ਰਿਦੈ ਪ੍ਰਮਾਨਹੁ' ॥੪੪॥
ਸੁਨਿ ਸੰਗਤਿ ਗੁਰਿ ਬੂਝਨ ਕੀਨੇ।
'ਇਹਾਂ ਪ੍ਰਮੇਸ਼ੁਰ ਕਿਮ ਆਸੀਨੇ?

---

[1]ਜਗਤ ਦੇ ਮੁੱਢ ਦਾ ਇਹ ਬ੍ਰਿਤਾਂਤ।
[2]ਇਤਨੀ ਥਾਂ ਵਿਚ।
[3]ਗੋਡੇ।
[4]ਵਿਸ਼ਨੂੰ ਦਾ ਹੈਸੀ।

ਕੋ ਕਾਰਨ ਭਾ? ਬਰਨਨ ਕਰਿਯਹਿ।
ਸਭਿ ਸਿੱਖਜਨਿ ਕੀ ਇੱਛਾ ਪੁਰਿਯਹਿ ॥੪੫॥
ਭੂਤ ਭਵਿੱਖਜ ਤੀਨਹੂੰ ਕਾਲ।
ਰਾਵਰਿ ਕੋ ਸਭਿ ਗਜਾਤ ਬਿਸਾਲ।'
ਸ਼੍ਰੀ ਗੁਰ ਅਮਰਦਾਸ ਸੁਖਰਾਸ।
ਨਿਜ ਦਾਸਨ ਕੀ ਪੂਰਤਿ ਆਸ ॥੪੬॥
ਕਹਿਨ ਲਗੇ ਇਤਿਹਾਸ ਪੁਰਾਤਨਿ*।
ਜਿਮ ਕੀਨੋ ਸ਼੍ਰੀ ਪ੍ਰਭੂ ਸਨਾਤਨ।
ਸੰਗਤਿ ਸੁਨਹਿ ਸੁ ਕਥਾ ਨਰਾਯਨ।
ਜਿਸ ਤੇ ਹੋਵਤਿ ਪਾਪ ਪਲਾਯਨ ॥੪੭॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕੁਰਛੇਤਰ ਆਗਮਨ ਸ਼੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਖ਼ਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

---

*ਧਰਤੀ ਦਾ ਇਕ ਨਾਮ ਮੇਦਨੀ ਹੈ। ਮੇਦਾ ਨਾਮ ਮਿੱਝ ਦਾ ਹੈ। ਪੁਰਾਣਾਂ ਨੇ ਮੇਦਨੀ ਦੇ ਬਣਨ ਦਾ ਕਾਰਣ (ਮੇਦਾ =) ਮਿੱਝ ਦੱਸਿਆ ਹੈ, ਤੇ ਦੋ ਰਾਖਸ਼ਾਂ ਦੇ ਮਾਰੇ ਜਾਣ ਤੇ ਉਹਨਾਂ ਤੋਂ ਧਰਤੀ ਬਣਨ ਦੀ ਕਥਾ ਲਿਖੀ ਹੈ। ਸੋ ਕਥਾ ਪੁਰਾਣਾਂ ਵਿਚੋਂ ਵਾਚੀ ਹੋਈ ਕਵਿ ਜੀ ਅੱਗੇ ਦੇਣ ਲੱਗੇ ਹਨ। ਅੱਗੇ ਆਉਣ ਵਾਲੀ ਸਾਰੀ ਕਹਾਣੀ ਨੂੰ ਗੁਰੂ ਜੀ ਵਲੋਂ ਨਹੀਂ ਸਮਝਣਾ ਚਾਹੀਏ। ਉਹਨਾਂ ਦੀ ਬਾਣੀ ਦੱਸਦੀ ਹੈ ਕਿ ਐਸੀਆਂ ਕਹਾਣੀਆਂ ਪਰ ਸਤਿਗੁਰਾਂ ਦਾ ਵਿਸ਼ਵਾਸ਼ ਨਹੀਂ ਸੀ ਤੇ ਨਾ ਆਪ ਐਸੇ ਉਪਦੇਸ਼ ਕਰਦੇ ਸਨ। ਚੌਵੀਸ ਅਵਤਾਰ ਨਾਮੇ ਰਚਨਾ ਵਿਚ ਲਿਖਿਆ ਹੈ ਕਿ ਬਿਸ਼ਨੁ ਪੰਜ ਹਜ਼ਾਰ ਵਰ੍ਹੇ ਮਧੁ ਕੈਟਭ ਨਾਲ ਲੜਦਾ ਜਿੱਤ ਨਾ ਸਕਿਆ ਤਾਂ ਅਕਾਲ ਪੁਰਖ ਨੇ ਸਹਾਇਤਾ ਕੀਤੀ ਤਾਂ ਫਤੇ ਹੋਈ। ਓਥੇ ਵਿਸ਼ਨੂੰ ਵੱਖਰਾ ਹੈ ਤੇ ਅਕਾਲ ਪੁਰਖ ਵੱਖਰਾ ਹੈ ਜੋ ਸਰਬ ਸ਼ਿਰੋਮਣੀ ਹੈ। ਵਿਸ਼ਨੂੰ ਤੇ ਅਕਾਲ ਪੁਰਖ ਦਾ ਕਵੀ ਜੀ ਨੇ ਏਥੇ ਫਰਕ ਨਹੀਂ ਵਿਖਾਇਆ। ਇਸ ਪ੍ਰਸੰਗ ਵਿਚ ਕਵਿਤਾ ਦੇ ਨੁਕਤੇ ਤੋਂ ਬੀਰਰਸ ਦਾ ਵਰਣਨ ਸੁਹਣਾ ਹੈ।

੪੭. [ਮੇਦਨੀ ਦੀ ਆਦ ਕਥਾ, ਮਧੁ ਕੈਟਭ ਦਾ ਯੁੱਧ]।

੪੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੮

ਦੋਹਰਾ: ਸ੍ਰੀ ਨਾਰਾਯਣ* ਹਰਿ ਪ੍ਰਭੂ, ਸੇਜ ਸ਼ੇਖ਼ ਤੇ ਪਾਇ।
ਸੁਪਤਿ ਜਥਾ ਸੁਖ ਕਾਲ ਚਿਰ[1], ਜਿਹ ਜੋਗੀ ਜਨ ਧਯਾਇ ॥੧॥

ਚੌਪਈ: ਪਰਮ ਸਰੂਪ ਤੇਜ ਅਤੁਲਤ ਹੈ।
ਬੀਜ ਭੂਤ ਸਭਿ ਜਗ ਕੋ ਅਤਿਹੈ[2]।
ਨਿਜ ਮਹਿਂ ਧਰਤੋ ਸ਼ਕਤਿ ਅਨੰਤ।
ਸ੍ਰਿਸ਼ਟਿ ਸਥਿਰ ਸੰਘਾਰ ਕਰੰਤ[3] ॥੨॥
ਪਰਮ ਪੁਰਖ ਪਰਮੇਸ਼ੁਰ ਪੂਰਨ।
ਅਨਉਪਮਾ ਗਨ ਸ਼ੱਤ੍ਰੂ ਚੂਰਨ[4]।
ਨਿਰਭੈ ਅਨੰਦ ਰੂਪ ਪਰਮਾਤਮ।
ਹੋਤਿ ਚਰਾਚਰ[5] ਸਭਿ ਕੋ ਆਤਮ ॥੩॥
ਸ਼ਜਾਮਲ ਅਲਸੀ ਕੁਸਮ ਸਮਾਨ।
ਮ੍ਰਿਦੁਲ ਮਧੁਰ ਮੁਖ ਤੇ ਮੁਸਕਜਾਨ।
ਅਯੁਤ ਬਿਲੋਚਨ ਮੁੱਦ੍ਰਿਤ ਕਰੇ।
ਰਤਨ ਤਲਪ[6] ਪਰ ਸ੍ਰੀ ਪ੍ਰਭੁ ਥਿਰੇ ॥੪॥
ਚਹੁੰਦਿਸ਼ਿ ਮਹਿਂ ਪਸਰਜੋ ਜਲ ਜਾਲਾ।
ਅਪਰ ਨ ਕੁਛ ਪੱਯਤਿ ਕਿਤਿ ਭਾਲਾ[7+]।
ਕਰਤਾ ਪੁਰਖ ਇੱਛ ਅਨੁਸਾਰੇ।
ਕਮਲ ਨਾਭਿ ਭਾ ਯੁਤ ਬਿਸਥਾਰੇ[8] ॥੫॥
ਤਿਸ ਤੇ ਬ੍ਰਹਮਾ ਉਤਪਤਿ ਹੋਵਾ।
ਨੇਤ੍ਰਨਿ ਤੇ ਜਲ ਜਹਿਂ ਕਹਿਂ ਜੋਵਾ।

---

*ਨਾਰਾਯਣ ਨਾਮ ਆਮ ਕਰਕੇ ਵਿਸ਼ਨੂੰ ਦਾ ਹੀ ਹੈ। ਪੌਰਾਣਾਂ ਵਿਚ ਅਨੇਕ ਵਿਤਪਤੀਆਂ ਇਸ ਦੀਆਂ ਹਨ ਪਰ ਆਮ ਪ੍ਰਸਿੱਧ ਇਹ ਹੈ-ਨਾਰ = ਜਲ, ਆਯਣ = ਘਰ। = ਜਿਸ ਦਾ ਸਭ ਤੋਂ ਪਹਿਲਾਂ ਅਯਣ (ਅਧਿਸ਼ਠਾਨ) ਜਲ ਹੋਇਆ ਸੀ। ਯਜੁਰ ਵੇਦ ਅਰ ਸ਼ਤਪਥ ਬ੍ਰਾਹਮਣ ਵਿਚ ਇਹ ਪਦ ਵਿਸ਼ਨੂੰ ਤੇ ਪ੍ਰਥਮ ਪੁਰਖ ਦੇ ਅਰਥਾਂ ਵਿਚ ਆਇਆ ਹੈ।

[1]ਜੋ ਸ਼ੇਖ਼ ਨਾਗ ਦੀ ਸੇਜਾ ਪਰ ਪੈਕੇ ਸੌਂਦੇ ਹਨ ਚਿਰ ਕਾਲ ਤੱਕ ਸੁਖ ਪੂਰਬਕ।

[2]ਜੋ ਵੱਡਾ ਮੂਲ ਤੱਤ ਸਾਰੇ ਜਗਤ ਦਾ ਹੈ।

[3]ਦੁਨੀਆਂ ਦੀ ਉਤਪਤੀ ਪਾਲਣਾ ਤੇ ਨਾਸ਼ ਕਰਦਾ ਹੈ।

[4]ਉਪਮਾ ਤੋਂ ਰਹਿਤ ਤੇ ਸਮੂਹ ਸ਼ੱਤ੍ਰੂਆਂ ਦੇ ਚੂਰਨ ਕਰਨ ਵਾਲਾ ਹੈ।

[5]ਚਰ+ਅਚਰ = ਜੜ੍ਹ ਚੇਤਨ।

[6]ਰਤਨਾ (ਜੜੀ) ਸੇਜ।

[7]ਢੂੰਡਿਆ ਹੋਇਆ।

[+]ਪਾ:-ਕਾਲਾ।

[8]ਨਾਭੀ ਦਾ ਕਮਲ ਵਿਸਤਾਰ ਸਹਿਤ ਹੋਇਆ।

ਤਿਸੀ ਕਮਲ ਕੇ ਥਲ ਕੋ ਪਾਇ।
ਲਗਜੋ ਕਰਨਿ ਤਪ ਕੋ ਤਪਤਾਇ ॥੬॥
ਪੁਨਹ ਅਕਾਲ ਪੁਰਖ ਇਛ ਠਾਨਿ।
ਹਾਥ ਆਂਗੁਰੀ ਦੇ ਕਰਿ ਕਾਨ।
ਕੁਛਕ ਹਲਾਇ ਸੁਕੰਡੂ[1] ਕਰਿ ਕੈ।
ਕਿਤਿਕ ਤਹਾਂ ਤੇ ਮੈਲ ਨਿਕਰਿ ਕੈ ॥੭॥
ਨਿਜ ਅਨਾਮਿਕਾ ਤੇ ਸੁ ਬਗਾਈ[2]।
ਜੋਜਨ ਕਿਤਿਕ ਪਰੀ ਕਿਤਿ ਜਾਈ।
ਤਿਸ ਤੇ ਦੈਤ ਦੋਇ ਤਨ ਧਾਰੇ।
ਬਲੀ ਬਿਸਾਲ ਬਡੀ ਭੁਜ ਵਾਰੇ ॥੮॥
ਬ੍ਰਿਧੇ ਕਲੇਵਰ[3] ਤਿਨ ਤਤਕਾਲਾ।
ਅੱਪ੍ਰਮਾਨ[4] ਬਲ ਮਹਤ ਕਰਾਲਾ।
ਚਹੁੰਦਿਸ਼ਿ ਬਿਚਰਹਿਂ ਜਲ ਕੇ ਮਾਂਹੀ।
ਭਰੇ ਗਰਬ ਤੇ ਰਣ ਉਤਸਾਹੀ ॥੯॥
ਮਹਾਂ ਬਦਨ ਅਰੁ ਦਾੜ੍ਹ[5] ਜਿਨਹੁਂ ਕੇ।
ਰਕਤ ਬਿਲੋਚਨ ਭੀਮ ਤਿਨਹੁਂ ਕੇ।
ਦੰਡ ਪ੍ਰਚੰਡ[6] ਬਜਾਵਹਿਂ ਬਲ ਤੇ।
ਭੈਰਵ[7] ਗਰਜ ਉਤਾਇਲ ਚਲਤੇ ॥੧੦॥
ਬਿਚਰਤਿ ਆਇ ਪਹੂੰਚੇ ਤਹਿਂਵਾ।
ਹੁਤੋ ਕਮਲ ਪਰ ਬ੍ਰਹਮਾ ਜਹਿਂਵਾ।
ਦੇਖਿ ਦੁਹਨ ਕੋ ਡਰਜੋ ਬਿਸਾਲੇ।
ਕਾਲੇ ਪਰਬਤ ਮਨਹੁਂ ਕਰਾਲੇ[8] ॥੧੧॥
ਤਨ ਰੁਹਿ ਖਰੇ ਤਰੋਵਰੁ ਜਾਲ[9]।
ਜਾਨੂ ਜੁਗ ਜੁਗ ਸ਼ਿੰਗ ਬਿਸਾਲ[10]।

---

[1]ਖੁਰਕ ਕੇ।
[2]ਚੀਚੀ ਨਾਲ ਉਂਗਲੀ ਨਾਲ ਵਗਾਹ ਮਾਰੀ।
[3]ਸਰੀਰ ਵਧੇ।
[4]ਬਿਅੰਤ।
[5]ਦਾੜ੍ਹਾਂ।
[6]ਭੁਜਚੰਡੇ ਤੀਖਣ।
[7]ਭਿਆਨਕ।
[8]ਮਾਨੋਂ ਕਾਲੇ ਪਹਾੜ ਭਿਆਨਕ।
[9]ਤਨ ਦੇ ਰੋਮ ਮਾਨੋ ਖੜੇ ਹਨ ਦਰਖਤ ਸਮੂਹ।
[10]ਦੋ ਗੋਡੇ ਮਾਨੋਂ ਪਹਾੜ ਦੇ ਟਿਲੇ ਹੀ ਹਨ।

ਭੁਜਾ ਭੁਜੰਗਰਾਜ ਸੇ[1] ਨਿਕਸੇ।
ਮਹਿਦ ਤਲਾਉ ਬਿਲੋਚਨ ਬਿਕਸੇ ॥੧੨॥
ਰਕਤ ਬਰਨ ਸ਼੍ਰੋਣਤ ਕੇ ਪੂਰੇ।
ਸੈਲ ਦਘਧ ਜਨੁ ਆਇ ਹਦੂਰੇ[2*]।
ਨਿਦ੍ਰਾ ਜੋਗ ਬਿਖੈ ਗੋਸਾਈਂ।
ਲਖਿ ਬਿਧਿ ਨੇ[3] ਤਬਿ ਕੀਨ ਉਪਾਈ ॥੧੩॥
ਸਤੁਤ ਮਹਾਂ ਮਾਯਾ ਕੀ ਠਾਨੀ[+]।
'ਉਤਪਤ ਸਥਿਤ ਹਤਨ ਜਗ ਰਾਨੀ[4]।
ਨਿੱਦ੍ਰਾ ਰੂਪ ਭਗਵਤੀ ਮਹਾਂ।
ਸ੍ਵਾਹਾ ਸੁਧਾ ਬਖਟਕ੍ਰਿਤ ਅਹਾ[5] ॥੧੪॥
ਰ੍ਰੀ ਸ਼੍ਰੀ ਪਰਮ ਈਸ਼ੁਰੀ ਪੁਸ਼ਟੀ[6]।
ਸਰਬ ਚਰਾਚਰ ਰੂਪਾਂ ਤੁਸ਼ਟੀ[7]।
ਖੜਗਨਿ ਸੂਲਨਿ ਚੱਕ੍ਰਨਿ ਘੋਰਾ[8]।
ਮਹਾਂ ਨਾਦਨੀ[9] ਸੰਖਨ ਸ਼ੋਰਾ ॥੧੫॥
ਪਰਮ ਸੁੰਦਰੀ ਨਮੋ ਹਮਾਰੀ।

---

[1]ਬਾਹਵਾਂ ਸ਼ੇਸ਼ਨਾਗ ਵਤ।
[2]ਮਾਨੋਂ ਦਗ ਦਗ ਕਰਦੇ (ਭਾਵ ਬਲਦੇ) ਪਹਾੜ ਸਾਮ੍ਹਣੇ ਆਏ।
[*]ਪਾ:-ਅਦੂਰੇ।
[3]ਬ੍ਰਹਮਾਂ ਨੇ ਲਖ ਕੇ।
[+]ਪਾ:-ਆਦਿ ਸ਼ਕਤਿ ਦੀ ਉਸਤਤਿ ਠਾਨੀ।
[4]ਪੈਦਾ ਕਰਨ, ਪਾਲਣ ਤੇ ਮਾਰਨ ਵਾਲੀ ਹੇ ਜਗਤ ਦੀ ਰਾਣੀ।
[5]ਸ੍ਵਾਹਾ = ਦੇਵਤਿਆਂ ਨਮਿੱਤ ਅਹੂਤੀ ਦੇਕੇ ਇਹ ਸ਼ਬਦ ਉਚਾਰ ਹੁੰਦਾ ਹੈ, [ਸੰਸ:-ਸ੍ਵਾਹਾ]। (ਅ) ਇਹ ਅਹੂਤੀ-ਵਜਕਤੀਵਾਨ ਵੀ ਸਮਝਦੇ ਹਨ, ਤੇ ਇਸ ਨੂੰ ਅਗਨਿ ਦੇਵਤਾ ਦੀ ਇਸਤ੍ਰੀ ਆਖਦੇ ਹਨ, ਇਸ ਦਾ ਸਰੀਰ ਚਾਰ ਵੇਦਾਂ ਦਾ, ਤੇ ਇਸ ਦੇ ਅੰਗ ਛੇ ਅੰਗਾਂ ਦੇ ਬਣੇ ਦੱਸੀਦੇ ਹਨ। (ੲ) ਸ੍ਵਾਹਾ ਨੂੰ ਰੁਦ੍ਰਾ ਪਸ਼ੁਪਤੀ ਦੀ ਇਸਤ੍ਰੀ ਵੀ ਕਹਿੰਦੇ ਹਨ।

ਸੁਧਾ = ਸ੍ਵਧਾ, -ਇਕ ਸ਼ਬਦ ਜੋ ਪਿਤ੍ਰਾਂ ਨਮਿੱਤ ਅਹੂਤੀ ਦੇਕੇ ਉਚਾਰਦੇ ਹਨ। ਮਨੂੰ ਅਨੁਸਾਰ ਇਸ ਦਾ ਉਚਾਰਣ ਸ਼੍ਰਾਧ ਕਰਨ ਵਾਲੇ ਲਈ ਬਹੁਤ ਗੁਣਕਾਰੀ ਹੈ (ਮਨੂੰ ੩.੨੫੨)। (ਅ) ਦਕਸ਼੍ਰ ਦੀ ਇਕ ਕੰਨਿਆਂ ਜੋ ਪਿਤਰਾਂ ਦੀ ਇਸਤ੍ਰੀ ਕਹੀ ਗਈ ਹੈ। ਕਈ ਵੇਰ ਅੰਗਿਰਾ, ਰੁਦਰ ਤੇ ਅਗਨੀ ਦੀ ਇਸਤ੍ਰੀ ਨੂੰ ਬੀ 'ਸ੍ਵਧਾ' ਕਿਹਾ ਗਿਆ ਹੈ।

ਬਖਟ = ਵਖਟ, -ਵਖਟ ਸ਼ਬਦ ਦੇਵਤਿਆਂ ਨੂੰ ਅਹੂਤੀ ਦੇ ਕੇ ਉਚਾਰਦੇ ਹਨ। ਇਹ ਪਦ ਵੇਦਕ ਯੱਗਾਂ ਵਿਚ ਵਰਤੀਂਦਾ ਸੀ। (ਅ) ੩੩ ਦੇਵਤਿਆਂ ਵਿਚੋਂ ਇਕ ਦਾ ਨਾਮ ਜੋ ਵੇਦਕ ਦੇਵਤੇ ਕਹੀਦੇ ਹਨ। ਵਖਟਕ੍ਰਿਤ = 'ਵਖਟ' ਸ਼ਬਦ ਕਹਿਕੇ ਅਗਨੀ ਵਿਚ ਦਿੱਤੀ ਗਈ ਅਹੂਤੀ। ਪਰੰਤੂ ਇਥੇ ਕਵਿ ਜੀ ਦੀ ਮੁਰਾਦ ਇਹ ਹੈ ਕਿ ਉਹ ਦੇਵੀ ਦੇ ਨਾਵਾਂ ਵਿਚ ਇਹ ਬੀ ਉਸੇ ਦੇ ਨਾਮ ਗਿਣ ਰਹੇ ਹਨ।
[6]ਦੇਵੀ ਦੇ ਨਾਮ ਹਨ। ਪੁਸ਼ਟੀ = ਵਡੀ ਯਾ ਮੋਟਿਆਂ ਕਰਨ ਵਾਲੀ।
[7]ਪ੍ਰਸੰਨ ਰੂਪ।
[8]ਤਲਵਾਰਾਂ ਤ੍ਰਿਸੂਲਾਂ ਭਿਆਨਕ ਚੱਕਰਾਂ ਵਾਲੀ ਯਾ ਨਾਲ।
[9]ਬੜੀ ਧੁਨ ਕਰਨ ਵਾਲੀ।

ਬੁੱਧ ਰੁ ਬੋਧ ਲੱਛਣਾ ਭਾਰੀ[1]।
ਜਗ ਸ੍ਵਾਮੀ ਪਰਬੋਧਨ ਕਰਿਯਹਿ[2]।
ਤ੍ਰਾਸ ਬਿਸਾਲ ਮੋਰ ਪਰਹਰਿਯਹਿ' ॥੧੬॥
ਇਮ ਉਸਤਤਿ ਕੋ ਕੀਨਿ ਮਹਾਨੀ।
ਅਰੁ ਪੰਕਜ ਕੋ ਗਹਿ ਕਰਿ ਪਾਨੀ।
ਸਕਲ ਓਜ ਸੋਂ ਕੀਨਿ ਕੰਪਾਵਨਿ।
ਜਗਤ ਨਾਥ ਕੇ ਹੇਤੁ ਜਗਾਵਨਿ ॥੧੭॥
ਭਗਤ ਵਛਲ ਭੈ ਕਾਟਨਹਾਰੇ।
ਜਾਗੇ ਪ੍ਰਭੂ ਦਯਾ ਉਰ ਧਾਰੇ।
ਕਮਲਾਸਨ[3] ਕੋ ਧੀਰਜ ਦੀਨਸਿ।
'ਨਿਰਭੈ ਰਹੁ ਰੱਛਕ ਮੁਝ ਚੀਨਸਿ ॥੧੮॥
ਦੁਸ਼ਟ ਦੈਤ ਜਿਨ ਬਡ ਆਕਾਰ।
ਕਰਿ ਸੰਘਰ ਕੋ ਲੇਹੁਂ ਸੰਘਾਰ[4]'।
ਸ਼੍ਰੀ ਪ੍ਰਭੁ ਨਿਜ ਸਰੂਪ ਦਿਖਰਾਯੋ।
ਸ਼ਜਾਮਲ ਮੇਘ ਮਨਹੁ ਬਿਦਤਾਯੋ ॥੧੯॥
ਦੇਖਤਿ ਦੈਂਤਨਿ ਅਚਰਜ ਮਾਨਾ।
'ਇਹ ਕੋ ਹੈ ਜਿਹ ਧੀਰ ਮਹਾਨਾ?
ਹਮਹਿਂ ਬਿਲੋਕਤਿ ਭੈ ਨਹਿਂ ਮਾਨੇ।
ਦਰਪਤਿ[5] ਰਿਦੈ ਸਥਿਰਤਾ ਠਾਨੇ ॥੨੦॥
ਹਮ ਦੋਨਹੁਂ ਇਹੁ ਏਕਲ ਖਰਯੋ।
ਬਦਨ ਪ੍ਰਸੰਨ ਨੈਕ ਨਹਿਂ ਡਰਯੋ।
ਲਾਂਬੀ ਭੁਜਾ ਬਿਭੂਖਨ ਧਾਰੀ।
ਆਯੁਤ ਛਾਤੀ ਸੋਭਨ[6] ਭਾਰੀ ॥੨੧॥
ਪਕਰਹਿਂ ਇਸਿ ਭੱਛਨ ਕਰਿ ਲੇਹਿਂ।
ਛੁਧਾ ਨਿਵਾਰਹਿਂ ਹੈ ਜੁ ਅਛੇਹਿ[7]'।

---

[1]ਬੁੱਧੀ ਤੇ ਗਿਆਨ ਦੀ ਭਾਰੀ ਜਣਾਇਕ।
[2]ਭਾਵ ਵਿਸ਼ਨੂੰ ਨੂੰ ਖਬਰ ਕਰੋ, ਜਗਾਓ।
[3]ਬ੍ਰਹਮਾਂ।
[4]ਮਾਰ ਲੈਂਦਾ ਹਾਂ।
[5]ਹੰਕਾਰ ਵਿਚ ਹੋਕੇ।
[6]ਸ਼ੋਭਾ ਵਾਲੀ।
[7]ਅਛੇਹ = ਇਕ ਰਸ,
(ਅ) ਬਹੁਤਾ ਵਡਾ।
(ੲ) ਅਛੇਦਜ = ਜੋ ਛੇਦਜਾ ਨ ਜਾਏ, ਭਾਵ ਜੋ ਬੜਾ ਬਲੀ ਜਾਪਦਾ ਹੈ।

ਇਮ ਕਹਿ ਦੋਨੋ ਓਜ ਸੱਭਾਰਾ।
'ਤਿਸ਼ਟ ਤਿਸ਼ਟ[1]' ਮੁਖ ਊਚ ਉਚਾਰਾ ॥੨੨॥

ਭੁਜੰਗ ਪ੍ਰਯਾਤ ਛੰਦ: ਸੁਨੀ ਸ੍ਰੀ ਪ੍ਰਭੂ, ਸ਼੍ਰੋਨ ਮੈਂ ਊਚ ਬਾਨੀ।
ਭਰੇ ਓਤਸਾਹੰ, ਭਏ ਸਾਵਧਾਨੀ।
ਕਹਜੋ 'ਮੈਂ ਖਰੋ, ਆਪ ਆਵੋ ਸੁ ਨੇਰੇ।
ਦਿਊਂ ਦੁੰਦ[2] ਜੁੱਧੰ, ਸੁ ਕ੍ਰੁੱਧੰ[3] ਘਨੇਰੇ' ॥੨੩॥
ਮਿਲੇ ਆਪ ਮਾਂਹੀ, ਜਗੰਨਾਥ ਦੈਤੰ[4]।
ਭਰੇ ਬੇਗ ਭਾਰੇ, ਚਹੈਂ ਹੋਹਿ ਜੈਤੰ।
ਬਿਰੁੱਧੇ[5] ਸੁ ਕ੍ਰੁੱਧੇ, ਮਚਜੋ ਸੁੱਧ ਜੁੱਧੰ।
ਮਹਾਂ ਦ੍ਰੁੱਪ ਮੱਧੰ, ਕਰੈਂ ਬੱਧ ਉੱਧੰ[6] ॥੨੪॥
ਗਹੇ ਬਾਹ ਦੋਊ, ਕਰੇ ਓਜ ਪੇਲੈਂ[7]।
ਅਰੀਲੇ ਹਠੀਲੇ, ਮੁਛਾਲੇ[8] ਧਕੇਲੈਂ।
ਭਿੜੈਂ ਭੇੜ ਭਾਰੇ, ਭਏ ਭੀਮ ਭੇਖੰ।
ਚਪੇਟੈਂ ਦਪੇਟੈਂ, ਲਪੇਟੈਂ ਅਸ਼ੇਖੰ[9] ॥੨੫॥
ਅਟਾ ਅੱਟ[10] ਹਾਸੈਂ, ਸਟਾ ਪੱਟ[11] ਜੁੱਟੈਂ।
ਲਟਾ ਪੱਟ[12] ਹੋਵੈਂ, ਧਟਾ ਧੱਟ[13] ਕੁੱਟੈਂ।
ਝਟਾ ਪੱਟ ਝਟਕੈਂ, ਪਟੱਕੈਂ ਪਲੱਟੈਂ[14]।
ਕਟਾ ਕੱਟ ਓਠੰ, ਅਟੱਕੈਂ ਨ ਲੱਟੈਂ[15] ॥੨੬॥
ਦੁਊ ਦੈਂਤ ਦੌਰੇ, ਦਯਾ ਸਿੰਧੁ ਊਪੈ[16]।

---

[1]ਖੜਾ ਹੋ, ਖੜਾ ਹੋ।
[2]ਦੋਹਾਂ ਨੂੰ।
[3]ਕ੍ਰੋਧਵਾਨ ਹੋਕੇ।
[4]ਵਿਸ਼ਨੂੰ ਤੇ ਦੈਂਤ।
[5]ਰੁਕੇ।
[6]ਉੱਚੀ।
[7]ਧੱਕਦੇ ਹਨ।
[8]ਅੜਨ ਵਾਲੇ, ਹਠ ਕਰਨ ਵਾਲੇ, ਵੱਡੀਆਂ ਮੁੱਛਾਂ ਵਾਲੇ।
[9]ਖਿਝਕੇ ਦਬਾਏ (ਫਿਰ) ਸਾਰੇ ਲਪਟੇ।
[10]ਠਾਹ ਠਾਹ।
[11]ਛੇਤੀ ਛੇਤੀ।
[12]ਜੱਫੋ ਜੱਫੀ।
[13]ਧੜਾ ਧੜ।
[14]ਝਟਕਕੇ ਪਟਕਾਕੇ ਪਲਟਦੇ ਹਨ।
[15]ਕਟ ਕਟ ਕੇ ਹੋਠ ਅਟਕਦੇ ਹਨ ਹਟਦੇ ਨਹੀਂ
(ਲਟਨਾ = ਥੱਕਕੇ ਡਿਗ ਪੈਣਾ)।
[16]ਉਪਰ।

ਗਹੀ ਬਾਂਹ ਦੋਨੋ, ਮਹਾਂ ਭੀਮ ਰੂਪੈ।
ਕਰੈਂ ਓਜ ਦਾਬੈਂ, ਜਥਾ ਨੰਮ੍ਰਿ ਹੋਵੈਂ[1]।
ਧਰੈਂ ਪਾਇ ਪੇਲੈਂ[2], ਹਠੀਲੇ ਖਰੋਵੈਂ ॥੨੭॥

ਦੋਹਰਾ: ਮਧੁਕੈਟਭ ਜੁੱਟੇ ਸੁ ਭਟ[3],
ਗਹੀ ਮਹਾਂ ਬਲਿ ਬਾਂਹ।
ਦੋਨਹੁਂ ਦਿਸ਼ਿ ਦੋਨਹੁ ਖਰੇ,
ਦ੍ਰਿਢ ਪ੍ਰਾਕ੍ਰਮ[4] ਕੇ ਮਾਂਹਿ ॥੨੮॥

ਪਾਧੜੀ ਛੰਦ: ਤਬ ਪ੍ਰਭੂ ਆਪਨੋ ਬਲ ਸੰਭਾਰਿ।
ਬਾਹੁਨਿ ਉਠਾਇ ਊਰਧ ਉਦਾਰ[5]।
ਲਟਕੇ ਉਤੰਗ ਦੋਨਹੁ ਮਹਾਂਨ।
ਹਕਰਿ ਝਟਕ ਗੇਰ ਦਿਯ ਦੂਰ ਥਾਨ ॥੨੯॥
ਤਬ ਪਰੇ ਜਾਇ ਜੋਜਨ ਸੁ ਬੀਸ।
ਗਿਰ ਕਰਿ ਉਠੇ ਸੁ ਨਿਜ ਦਾਂਤ ਪੀਸ[6]।
ਗਰਜੰਤਿ ਭੂਰ ਤਰਜੰਤਿ ਆਇ[7]।
ਮੁਖਿ 'ਮਾਰ ਮਾਰ' ਬਕਤੇ ਰਿਸਾਇ ॥੩੦॥
ਉਛਲੰਤ ਨੀਰ ਤਿਨ ਬੇਗ[8] ਸੰਗ।
ਸਮ ਸੈਲ ਮੇਰੁ ਮੰਦਰ ਉਤੰਗ[9]।
ਇਤਿ ਪ੍ਰਭੂ ਬੇਗ ਕੀਨਸਿ ਉਦਾਰ[10]।
ਪੰਕਤਹੁਵੰਤਿ ਜਲ ਕੇ ਪ੍ਰਹਾਰ[11] ॥੩੧॥
ਪੁਨ ਭਿੜੇ ਆਇ ਮੁਸ਼ਟਨਿ ਚਪੇਟ।

---

[1]ਜਿਸ ਤਰ੍ਹਾਂ ਕਿ ਨੀਵੇਂ ਹੋਣ (ਵਿਸ਼ਨੂੰ) ਜੀ।
[2]ਰਖਕੇ ਪੈਰ ਧੱਕਦੇ ਹਨ।
[3]ਸੂਰਮੇ ਟੱਕਰੇ।
[4]ਹੱਲਾ।
[5]ਬਾਹਾਂ ਬੜੀਆਂ ਉਪਰ ਨੂੰ ਉਠਾਈਆਂ।
[6]ਅਪਨੇ ਦੰਦ ਪੀਸਕੇ।
[7]ਧਮਕਾਂਵਦੇ ਆਉਂਦੇ ਹਨ।
[8]ਤੇਜੀ, ਕਾਹਲੀ।
[9]ਸੁਮੇਰ ਪਰਬਤ ਤੇ ਉਚੇ ਮੰਦ੍ਰਾਚਲ ਪਰਬਤ ਵਾਂਗ।
[10]ਭਾਵ ਬੜਾ ਜ਼ੋਰ ਕੀਤਾ।
[11]ਜਲ ਦੇ ਮਾਰਨੇ ਕਰਕੇ ਕੱਠੇ ਹੁੰਦੇ ਜਾਂਦੇ ਹਨ। (ਪੰਕ੍ਰਿ = ਜੁਧ ਵਿੱਚ ਦਸ ਆਦਮੀਆਂ ਦਾ ਜੱਥਾ। ਪੰਕਤ ਹੋਣਾ = ਇਕ ਦੂਜੇ ਨਾਲ ਕੱਠੇ ਹੋ ਜਾਣਾ ਦੁਸ਼ਮਨ ਦਾ ਜੋਰ ਪੈਣ ਤੇ)।
(ਅ) ਪਾਣੀ ਦੀ ਬੁਛਾੜ ਨਾਲ ਪੰਕ+ਤ = ਚਿਕੜ ਵਿੱਚ ਫਸਦੇ ਜਾਂਦੇ ਹਨ।
(ੲ) ਪਾ:-ਪਹਾਰ। ਫਿਰ ਅਰਥ-ਛੱਲਾਂ (ਇੰਨੀਆਂ ਉੱਚੀਆਂ) ਉਠ ਰਹੀਆਂ ਹਨ (ਕਿ ਮਾਨੋ) ਜਲ ਦੇ ਪਹਾੜ ਹਨ।

ਬਾਹੁਨਿ ਉਠਾਇ ਹਨਤੇ ਸੁ ਭੇਟ[1]।
ਤਬਿ ਅਲੰਕਾਰ ਪ੍ਰਭੁ ਕੇ ਸੁ ਅੰਗ।
ਰਣ ਕਰਤਿ ਸ਼ਬਦ ਉਠਤੋ ਉਤੰਗ ॥੩੨॥
ਰੁਣਕੰਤਿ[2] ਚਰਨ ਨੂਪਰ[3] ਸੁਹਾਇ।
ਜਿਨ ਪਰ ਜਰਾਉ ਗਨ ਰਤਨ ਛਾਇ।
ਬਹੁ ਬਜਤਿ ਮੇਖਲਾ ਮੱਧਜ ਦੇਸ਼[4]।
ਉਛਲੰਤਿ ਉਰਧ ਜਬਿ ਬਲ ਵਿਸ਼ੇਸ਼[5] ॥੩੩॥
ਕਰਿ ਕੰਕਨ ਦੰਡ ਅੰਗਦ ਉਦਾਰ[6]।
ਡੁਲਯੰਤਿ ਕਰਨ ਕੁੰਡਲ ਸੁ ਚਾਰੁ।
ਸਿਰ ਮੁਕਟ ਬਿਰਾਜਤਿ ਦਿਪਤਿ ਜੋਤਿ।
ਜਨੁ ਕੋਟਿ ਦਿਵਾਕਰ[7] ਚਮਕ ਹੋਤਿ ॥੩੪॥
ਵਾਰਨ ਪ੍ਰਹਾਰ ਦਾਵਨ ਲਗਾਇ[8]।
ਜਬਿ ਲਗੈ ਘਾਵ ਬਹੁ ਧੁਨਿ ਉਠਾਇ[9]।
ਜਿਮ ਪਰਹਿ ਬੱਜ੍ਰ ਭੂਮੀ ਮਹਾਨ[10]।
ਤਿਮ ਲਗਹਿ ਮੁਸ਼ਟ ਕਰਿ ਹਤਹਿ ਤਾਨ[11] ॥੩੫॥
ਤਰਜੰਤਿ[12] ਮਹਤ ਗਰਜੰਤਿ* ਬੀਰ।
ਜਿਮ ਪ੍ਰਲੈ ਮੇਘ ਕੀ ਧੁਨਿ ਗੰਭੀਰ।
ਉਛਲੰਤਿ ਨੀਰ ਬੇਗੈ ਕਰੰਤਿ[13]।
ਦਸ ਦਿਸ਼ਨਿ ਪੂਰ ਸ਼ਬਦੈ ਉਠੰਤਿ[14] ॥੩੬॥

---

[1]ਮਿਲਕੇ ਮਾਰਦੇ ਹਨ।
[2]ਛਣਕਦੇ ਹਨ।
[3]ਝਾਂਜਰਾਂ।
[4]ਤੜਾਗੀ ਲਕ ਵਿੱਚ (ਪਾਈ ਹੋਈ)।
[5]ਬਹੁਤ ਬਲ ਨਾਲ।
[6]ਹੱਥ ਦੇ ਕੜੇ, ਭੁਜ ਦੰਡਿਆਂ ਦੇ ਬੁਹੱਟੇ ਬੜੇ ਸ੍ਰੇਸ਼ਟ।
[7]ਕ੍ਰੋੜਾਂ ਸੂਰਜਾਂ ਦੀ।
[8](ਆਪੋ ਆਪਣਾ) ਦਾਉ ਲਗਾਕੇ ਵਾਰ ਪ੍ਰਹਾਰ ਕਰਦੇ ਹਨ।
[9]ਜਦ ਲਗੇ (ਵਾਰ ਤਾਂ) ਜ਼ਖਮਾਂ ਦੀ ਅਵਾਜ ਉੱਠਦੀ ਹੈ।)।
[10]ਜਿਵੇਂ ਪ੍ਰਿਥਵੀ ਤੇ (ਇੰਦਰ ਦਾ) ਮਹਾਂਨ ਬੱਜਰ ਪੈਂਦਾ ਹੈ।
[11]ਬਲ ਕਰਕੇ ਮਾਰਿਆ।
[12]ਤਾੜਨਾ, ਧਮਕਾਉਣਾ, ਦਪਕਨਾ।
[ਸੰਸ:] ਤਰ੍ਜਨ੍।
*ਪਾ-ਗਰਬੰਤ।
[13]ਜ਼ੋਰ ਕਰਦਾ ਹੈ।
[14]ਅਵਾਜ਼ ਉਠਣ ਨਾਲ ਦਸੋ ਦਿਸ਼ਾ ਭਰ ਜਾਂਦੀਆਂ ਹਨ (ਸ਼ੋਰ ਨਾਲ)।

ਦੋਹਰਾ: ਤੀਨਹੁ ਤਨ ਜਲ ਜਾਲ ਮਹਿਂ[1] ਬਿਚਰਤਿ ਏਵ ਸੁਹਾਇ।
ਤ੍ਰੈ ਗਿਰ ਮੰਦਰ ਪਾਇ ਜਨੁ ਸਾਗਰ ਮਥਹਿਂ ਬਨਾਇ[2] ॥੩੭॥

ਭੁਜੰਗ ਪ੍ਰਯਾਤ ਛੰਦ: ਇਤੈ ਏਕ ਪ੍ਰਭੂ, ਉਤੈ ਦੋਇ ਭਾਈ।
ਰਿਸੇ ਲਾਲ ਨੇਤ੍ਰੰ ਸੁ ਮੁਸ਼ਟੈਂ[3] ਉਠਾਈ।
ਅਰੀਲੇ ਅਰੈਂ ਪਾਇ ਰੋਪੇ ਅਗਾਰੇ[4]।
ਭਿਰੇ ਸੰਮੁਖੇ ਸੂਰ ਬਾਂਕੇ ਜੁਝਾਰੇ ॥੩੮॥

ਗਹੈਂ ਹਾਥ ਜੋਰੈਂ ਮਰੋਰੈਂ ਮਹਾਨਾ[5]।
ਭਏ ਰੂਪ ਘੋਰੈਂ ਨ ਛੋਰੈਂ ਸੁ ਥਾਨਾ।
ਅਰੈਂ ਅੰਗ ਸੋਂ ਅੰਗ ਮੇਲੈਂ ਧਕੇਲੈਂ।
ਚਪਟੈਂ ਹਤੈਂ[6] ਦੰਡ ਠੋਕੈਂ ਸੁ ਪੇਲੈਂ[7] ॥੩੯॥

ਤਪੇ ਤੇਜ ਤੇ ਕ੍ਰੋਧ ਜਾਗੇ ਜਿਨ੍ਹੋ ਕੇ।
ਕਰੈਂ ਘਾਵ, ਲਾਗੈਂ ਸਰੀਰੰ ਤਿਨ੍ਹੋਂ ਕੇ।
ਕਈ ਕੋਸ ਲੌ ਖੇਤ ਮੈਦਾਨ ਪਾਯੋ[8]।
ਫਿਰੈਂ ਬੀਚ ਨੀਰੰ ਸੁ ਸ਼ਬਦ ਉਠਾਯੋ ॥੪੦॥

ਜੁਟੇ ਧਰਮ ਜੁੱਧੰ ਬਿਰੁੱਧੰ ਬਿਸਾਲੇ[9]।
ਤਕੈਂ ਮਾਰਿਬੇ ਕੋ ਫਿਰੈਂ ਆਲਬਾਲੇ[10]।
ਚਪੇਟੈਂ ਚਟਾਕੈਂ[11] ਸੁ ਮੁਸ਼ਟੈਂ ਉਤੰਗੇ।
ਕਰੈਂ ਘਾਤ[12] ਜੋਧੇ ਸਹੈਂ ਘਾਵ ਅੰਗੇ[13] ॥੪੧॥

ਤਰੈ ਊਪਰੇ ਤ੍ਰਿਜਗੇ ਦਾਵ ਖੇਲੈਂ[14]।
ਫਿਰੈਂ ਦਾਹਨ ਬਾਮ ਬਾਹੂਨਿ ਪੈਲੈਂ[15]।

---

[1]ਸਾਰੇ ਪਾਣੀ ਵਿੱਚ।
[2]ਤਿੰਨ ਮੰਦ੍ਰਾਚਲ ਪਹਾੜ ਪਾਕੇ ਮਾਨੋ ਸਮੁੰਦਰ ਨੂੰ ਬਨਾਕੇ ਰਿੜਕਦੇ ਹਨ।
[3]ਘਸੁੰਨ।
[4]ਅੜਨ ਵਾਲੇ ਅੜਦੇ ਹਨ ਪੈਰ ਰੱਖਕੇ ਅੱਗੇ।
[5]ਜ਼ੋਰ ਨਾਲ ਬਹੁਤ ਮਰੋੜਦੇ ਹਨ।
[6]ਚਪੇੜਾਂ ਮਾਰਦੇ ਹਨ।
[7]ਬਾਹਾਂ (ਭਾਵ ਮੋਢੇ ਯਾ ਅਰਕਾਂ) ਮਾਰਕੇ ਧਕੇਲਦੇ ਹਨ।
[8]ਜੰਗ ਭੂਮਕਾ ਰਚੀ।
[9]ਰੁਕੇ ਬੜੇ।
[10]ਚਉਤਰਫੇ।
[11]ਚਟਾਕ ਦੇਕੇ (ਮਾਰਦੇ ਹਨ
[12]ਮਾਰਦੇ ਹਨ।
[13]ਅੰਗਾਂ ਤੇ।
[14]ਹੇਠ ਉਤੇ ਟੇਢੇ ਦਾਉ ਖੇਲਦੇ ਹਨ [ਸੰਸ:] ਤਿਰ੍ਯਕ = ਟੇਢਾ।
[15]ਭੁਜਾ ਨੂੰ ਧੱਕਦੇ ਹਨ।

ਕਹਾਂ ਲੌ ਕਹੈਂ ਕੋਇ, ਕਾ ਮੈ ਸੁ ਬੁੱਧੰ[1]।
ਭਿੜਜੋ ਭੇੜ ਭਾਰੋ ਭਯੋ ਭੂਰ ਜੁੱਧੰ ॥੪੨॥

ਸ੍ਵੈਯਾ: ਸੰਮਤ ਪੰਚ ਸਹੰਸ੍ਰ ਬਿਤੇ ਜਬਿ
ਹਾਰ ਨਹੀਂ ਕਿਸ ਹੂੰ ਦਿਸ਼ਿ ਮਾਨੀ।
ਸ਼੍ਰੀ ਪ੍ਰਭੁ ਨੇ ਤਬਿ ਕੀਨ ਬਿਚਾਰਨਿ[2]
ਤੂਰਨ ਪ੍ਰੇਰ ਦਈ ਇਮ ਬਾਨੀ[3]।
ਦੈਤਨਿ ਬੀਚ ਪ੍ਰਵੇਸ਼ ਭਈ
ਭਰਮਾਇ ਦਈ ਮਤਿ ਯੌਂ ਤਬਿ ਠਾਨੀ।
-ਦ੍ਵੈ ਹਮ ਬੀਰ ਬਲੀ ਬਡ ਹੈਂ
ਇਹ ਏਕਲ ਧੀਰ ਮਹਾਂ ਅਭਿਮਾਨੀ- ॥੪੩॥
-ਮਨ ਮੋਹਨਿ[4] ! ਤੋਹਿ ਸਰੂਪ ਮਹਾਂ
ਅਤਿ ਜੁੱਧ ਕਰਜੋ ਅਧਿਕੈ ਘਮਸਾਨਾ।
ਹਮ ਰੀਝ ਰਹੇ ਤਵ ਪ੍ਰਾਕ੍ਰਮ ਕੋ
ਪਿਖਿ ਭਾਂਤਿ ਅਨੇਕ ਸੁ ਬੁਧਿ ਤੇ ਠਾਨਾ।
ਤੁਝ ਸੰਗ ਨ ਜੰਗ ਉਮੰਗ ਕਰੈਂ[5]
ਅਬ ਹੋਹੁ ਨਿਸੰਗ ਉਤੰਗ ਮਹਾਨਾ।
ਚਿਤ ਚਾਹਤਿ ਹੈਂ ਕੁਛ ਦੇਵਨਿ ਕੋ
ਅਭਿਬਾਂਛਤਿ[6] ਜਾਂਚ ਲਿਜੈ ਬਰਦਾਨਾ- ॥੪੪॥
ਸ੍ਰੀ ਭਗਵਾਨ ਸੁ ਜਾਨਿ ਮਹਾਨ
ਭਨਜੋ -ਸਿਰ ਦਾਨ ਅਭੈ ਕਰਿ ਦੀਜੈ[7]।
ਸਾਚ ਕਰੋ ਬਚ ਆਪਨਿ ਕੋ
ਅਬਿਨਾਸ਼ਿ ਬਡੇ ਜਸੁ ਕੋ ਬਰ ਲੀਜੈ[8]।
ਯਾ ਬਿਨ ਚਾਹਿ ਨ ਮੋਹਿ ਕਛੂ
ਜਿਸ ਤੇ ਤੁਮ* ਕੋ ਕਿਮ ਜਾਚਨ ਕੀਜੈ[9]।

---

[1]ਕਿਸ ਵਿਚ ਇੰਨੀ ਬੁੱਧਿ ਹੈ।
[2]ਵਿਚਾਰ ਕੀਤੀ।
[3]ਸਰੱਸ੍ਵਤੀ (ਮਾਯਾ)।
[4]ਹੇ ਮਨ ਮੋਹਣ ਵਾਲੇ।
[5]ਹੁਣ ਅਸੀਂ ਤੇਰੇ ਨਾਲ ਜੰਗ ਦੀ ਉਮੰਗ ਨਹੀਂ ਕਰਦੇ।
[6]ਮਨ ਇੱਛਤ।
[7]ਸਿਰ ਦਾ ਦਾਨ ਕਰੋ ਨਿਰਭੈ ਹੋਕੇ।
[8]ਅਬਿਨਾਸ਼ੀ ਵੱਡੇ ਜਸ ਦਾ ਵਰ ਲਓ।
*ਪਾ:-ਤੁਝ।
[9]ਇਸ ਬਿਨ ਮੈਨੂੰ ਹੋਰ ਕੁਛ ਚਾਹ ਨਹੀਂ ਹੈ ਜਿਸ ਕਰਕੇ ਹੋਰ ਕੁਛ ਤੁਸਾਂ ਤੋਂ ਕਿਵੇਂ ਮੰਗਾਂ।

ਕੀਰਤਿ ਜਾਂ ਬਿਸਤੀਰਤਿ ਹੈ,
ਨਿਤ ਜੀਵਤਿ ਥੀਵਤਿ ਅੰਮ੍ਰਿਤ ਪੀਜੈ[1]- ॥੪੫॥
ਮਧੁ ਕੈਟਭ ਦੈਤ ਉਭੈ ਬਡ ਬੀਰਜ[2]
ਧੀਰਜ ਧਾਰਿ ਯੇ ਬਾਕ ਉਚਾਰਾ।
-ਜਲ ਹੀਨ ਜਹਾਂ ਥਲ ਤਾਂ ਤਲ ਊਪਰ
ਸੀਸ ਟਿਕਾਇ ਕੈ ਲੇਹੁ ਉਤਾਰਾ।
ਕਹਿ ਬਾਕ ਦਯੋ ਨਹਿਂ ਕੂਰ ਕਰੈਂ ਤਿਹ,
ਪੂਰਨਿ ਹੋਇ ਸੁ ਪਰਣ[+] ਹਾਮਾਰਾ।
ਜਸੁ ਜੀਵਨ ਹੈ ਧੰਨ ਥੀਵਨ ਹ੍ਵੈ[3],
ਲਿਹੁ ਸੀਸ, ਕਰੋ ਨਹਿਂ ਆਪ ਅਵਾਰਾ[4]- ॥੪੬॥
ਜਗਨਾਥ ਨਰਾਯਨ ਸ੍ਰੀ ਪੁਰਸ਼ੋਤਮ
ਯੌਂ ਸੁਨਿ ਬਾਕ ਉਪਾਇ ਬਿਚਾਰਾ।
ਨਿਜ ਆਸਨ ਕੋ ਕਰਿ ਕੈ ਜਲ ਊਪਰ
ਬੈਠਿ ਗਏ ਕਰਿ ਕੈ ਬਿਸਤਾਰਾ।
ਤਬਿ ਦੈਤ ਕੋ ਉਰੂ[5] ਦਿਖਾਵਨਿ ਕੀਨਸਿ,
-ਹੈ ਥਲ[6] ਨਾ ਜਲ[7] ਲੇਹੁ ਨਿਹਾਰਾ।
ਤਵ ਗ੍ਰੀਵ ਤੇ ਸੀਸ ਉਤਾਰਨ ਮੇਂ
ਹੁਇ ਸਾਚ ਕਹਯੋ ਜਸੁ ਪਾਇ ਉਦਾਰਾ- ॥੪੭॥
ਕੁੰਡਲ ਤੇ ਮੁਖ ਮੰਡਲ ਸ਼ੋਭਤਿ
ਸੀਸ ਕਿਰੀਟ ਰਹਯੋ ਚਮਕਾਈ।
ਆਨ ਧਰਯੋ ਪ੍ਰਭੁ ਕੇਰ ਉਰੂ ਪਰ
ਪੂਰਨ ਪ੍ਰੱਣ ਕੀ ਚੌਂਪ[8] ਬਢਾਈ।
ਔਰ ਸਰੀਰ ਪਰਯੋ ਜਲ ਊਪਰ
ਦੀਨੇ ਪਸਾਰਿ ਕੈ ਹਾਥੁ ਰੁ ਪਾਈ।
ਯੌਂ ਮਧ ਕੈਟਭ ਦੈਤ ਦੁਊ,

---

[1]ਜਿਸ ਦੀ ਕੀਰਤੀ ਫੈਲ ਰਹੀ ਹੈ ਉਹ ਨਿਤ ਜੀਂਦਾ ਤੇ ਥੀਂਦਾ ਹੈ, ਤੇ (ਜਸ ਰੂਪੀ) ਅੰਮ੍ਰਤ ਨੂੰ ਪੀਂਦਾ ਹੈ।
[2]ਦੋਵੇਂ ਬੜੇ ਬਲ ਵਾਲੇ।
[+]ਪਾ:-ਦਾਨ।
[3]ਜਸ ਨਾਲ ਜੀਉਣਾ (ਹੀ) ਧੰਨ ਥੀਵਣਾ ਹੈ।
[4]ਦੇਰ।
[5]ਪੱਟ।
[6]ਜ਼ਮੀਨ ਹੈ।
[7]ਜਲ ਨਹੀਂ ਹੈ।
[8]ਸ਼ੌਕ।

ਮਨ ਪਾਵਨ ਤੇ ਦਿਯ ਦਾਨ ਮਹਾਈ ॥੪੮॥
ਸ਼੍ਰੀ ਜਗਨਾਥ ਉਭਾਰ ਕੈ ਹਾਥ
ਸੁ ਚੱਕ੍ਰ ਸੰਭਾਰ ਹਜ਼ਾਰ ਹੈ ਆਰਾ[1]।
ਦੈਤਨਿ ਕੋ ਸਿਰ ਕਾਟ ਦਿਯੋ
ਜਿਨ ਕੋ ਧਰ ਭੀਮ[2] ਪਰਯੋ ਬਿਸਤਾਰਾ।
ਪੂਰਨ ਕੀਨਿ ਮਨੋਰਥ ਸ਼੍ਰੀ ਪ੍ਰਭੁ
ਤਾਤਨ ਤੇ ਜਬਿ ਸੀਸ ਉਤਾਰਾ।
ਪੰਕਜ ਆਸਨ[3] ਕੋ ਕਰਿ ਸ਼੍ਵਾਸਨ[4]
-ਜੋ ਤਵ ਕੰਟਕ[5] ਸੰਕਟ ਹਾਰਾ- ॥੪੯॥
ਚੀਕਨਤਾ[6] ਨਿਕਸੀ ਤਿਨ ਭਾਲ ਤੇ
ਊਪਰ ਨੀਰ ਰਹੀ ਤਰ ਛਾਈ[7]।
ਤਾਂਹੀ ਤੇ ਹੋਤਿ ਭਈ ਧਰਨੀ
ਜਗਦੀਸ਼ ਕਲਾ ਨਿਜ ਤੇ ਠਹਿਰਾਈ।
ਆਸਨ ਕੇ ਤਰ ਮੇਦ ਨਹੀਂ ਪਰਿ[8]
ਪਾਵਨ ਯਾਹੀਂ ਤੇ ਭੀ ਅਧਿਕਾਈ।
ਹੋਇ ਅਸੀਨ ਨਰਾਯਨ ਕੋ
ਇਮਿ ਤੀਰਥ ਭੇ ਇਸ ਮੇ ਸਮੁਦਾਈ ॥੫੦॥

ਚੌਪਈ: ਭਈ ਮੇਦਪ ਤੇ ਧਰਨੀ ਇਹੈ।
ਯਾਂ ਤੇ ਨਾਮ -ਮੇਦਨੀ- ਕਹੈਂ।
ਤਿਸ ਪੀਛੇ ਬ੍ਰਹਮਾ ਤਪ ਘਾਲਾ।
ਲਾਖਹੁਂ ਸੰਮਤ ਤਪਯੋ ਬਿਸਾਲਾ ॥੫੧॥
ਪੁਨ ਸਭਿ ਇਹ ਪਰਪੰਚੁ ਬਨਾਯੋ।
ਜੜ੍ਹ ਜੰਗਮ ਜੇਤਿਕ ਦ੍ਰਿਸ਼ਟਾਯੋ।
ਲਾਖਹੁਂ ਰਿਖਿ ਇਸ ਥਲ ਮਹਿਂ ਆਇ।
ਤਪ ਕੋ ਤਪਿ ਊਚੋ ਪਦ ਪਾਇ ॥੫੨॥

---

[1]ਹਜ਼ਾਰ ਆਰੇ ਵਤ।
[2]ਭਯਾਨਕ ਧੜ।
[3]ਬ੍ਰਹਮਾ ਨੂੰ।
[4]ਧੀਰਜ ਦਿੱਤਾ।
[5]ਦੁਖ ਦੇਣੇ ਵਾਲਾ।
[6]ਮਿੱਝ।
[7]ਪਾਣੀ ਤੇ ਫੈਲਕੇ ਤਰ ਰਹੀ ਸੀ।
[8]ਆਸਨ ਦੇ ਹੇਠ ਮਿੱਝ ਨਹੀਂ ਸੀ ਪਈ।

ਭੋ ਸੰਗਤਿ ਇਤਿਹਾਸੁ ਬਿਸਾਲਾ।
ਸੁਨਤਿ ਪਠਤਿ ਅਘ ਨਾਸਹਿਂ ਜਾਲਾ*।
ਇਮ ਸ੍ਰੀ ਅਮਰਦਾਸ ਮੁਖ ਗਾਯੋ।
ਦਿਵਸ ਤੀਸਰੋ ਤਹਾਂ ਬਿਤਾਯੋ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ ਦਾਸ ਕੁਰਛੇਤ੍ਰ' ਪ੍ਰਸੰਗ ਬਰਨਨੰ ਨਾਮ ਸਪਤ ਚਤ੍ਵਾਰਿੰਸਤੀ ਅੰਸੂ ॥੪੭॥

*ਨਿਰਾ ਇਤਿਹਾਸ ਪੜ੍ਹਨ ਮਾਤ੍ਰ ਨਾਲ ਪਾਪ ਦੂਰ ਨਹੀਂ ਹੁੰਦੇ, ਪਰ ਜੇ ਸੁਣਕੇ ਕੋਈ ਸਿੱਖਜਾ ਲਵੇ, ਮਾੜੇ ਕਰਮ ਤਿਆਗੇ, ਭਲੇ ਗ੍ਰਹਣ ਕਰੇ ਤਾਂ ਪਾਪ ਜ਼ਰੂਰ ਦੂਰ ਹੁੰਦੇ ਹਨ।

੪੮. [ਜਮਨਾ ਦੀ ਆਦਿ ਕਥਾ]

੪੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੪੯

ਦੋਹਰਾ: ਤੀਨ ਦਿਵਸ ਸ੍ਰੀ ਅਮਰ ਜੀ, ਕੁਰੁਛੇਤਰ ਮਹਿਂ ਬਾਸ।
ਪੁਨ ਆਗੇ ਗਮਨੇ ਸੁਮਗ, ਸਿਮਰਤਿ ਸ੍ਰੀ ਅਬਿਨਾਸ਼[1] ॥੧॥

ਚੌਪਈ: ਸਨੈ ਸਨੈ ਸਹਿ[+] ਸੰਗਤਿ ਚਲੇ।
ਸਭਿਹਿਨਿ ਕੀ ਸੁਧਿ ਲੇਵਤਿ ਭਲੇ।
ਹੋਹਿ ਸ਼੍ਰਮਤ[2] ਤਿਸ ਦੇਹਿਂ ਸਹਾਰਾ।
ਕਹਿ ਨਹਿਂ[++] ਸੰਕਟ ਕਿਸੂ ਪ੍ਰਕਾਰਾ ॥੨॥
ਸਭਿਹਿਨਿ ਕੋ ਅਰੋਗ ਕਰਿ ਚਲਿ ਹੈਂ।
ਜੈ ਜੈ ਕਾਰ ਹੋਤਿ ਸੁਨਿ ਭਲਿ ਹੈ।
ਜਹਿਂ ਕਹਿਂ ਜਸੁ ਪਸਰਹਿ ਸਤਿਗੁਰ ਕੋ।
ਮਿਲਹਿਂ ਬਹੁਤਿ ਨਰ ਪ੍ਰੇਮ ਸੁ ਉਰ ਕੋ ॥੩॥
ਪਹੁੰਚਤਿ ਭੇ ਕਾਲਿੰਦ੍ਰੀ ਕੂਲ[3]।
ਸੁੰਦਰ ਸ਼ਜਾਮਲ ਜਲ ਅਨੁਕੂਲ[4]।
ਸੰਗਤਿ ਭੀਰ ਸੰਗ ਗੁਰ ਭਾਰੀ।
ਉਤਰੇ ਸੁੰਦਰ ਛਾਯ ਨਿਹਾਰੀ ॥੪॥
ਪਾਵਨ ਜਲ ਮਹਿਂ ਸਕਲ ਸ਼ਨਾਨੇ।
ਜਥਾ ਸ਼ਕਤਿ ਦੀਨਸਿ ਤਹਿਂ ਦਾਨੇ।
ਖਾਨ ਪਾਨ ਕਰਿ ਕੈ ਬਿਸਰਾਮੇ।
ਉਠਤਿ ਸਕਲ ਸਿਮਰਤਿ ਹਰਿ ਨਾਮੇ ॥੫॥
ਸਭਿ ਸੰਗਤਿ ਚਿਤ ਚਾਉ ਘਨੇਰਾ।
ਸਤਿਗੁਰ ਬਾਕ ਸੁਨਹਿਂ ਸਭਿ ਬੇਰਾ[5]।
ਹਾਥ ਜੋਰਿ ਕਰਿ ਸਭਿਨਿ, ਅਗਾਰੀ[6]।
ਬੂਝਨਿ ਕੇ ਹਿਤ ਗਿਰਾ ਉਚਾਰੀ ॥੬॥
'ਪ੍ਰਭੁ ਜੀ! ਜਮਨਾ ਕੇਰ ਪ੍ਰਸੰਗ।
ਕਰਹੁ ਸੁਨਾਵਨਿ ਸੰਗਤਿ ਸੰਗ।

---

[1]ਵਾਹਿਗੁਰੂ ਨੂੰ।
[+]ਪਾ:-ਮਹਿ।
[2]ਜੋ ਥਕ ਜਾਵੇ ਉਸ ਨੂੰ।
[++]ਪਾ:-ਕੋ।
[3]ਜਮਨਾ ਦੇ ਕੰਢੇ।
[4]ਸੁਹਾਵਣਾ।
[5]ਹਰ ਵੇਲੇ।
[6]ਸਭ ਨੇ (ਗੁਰੂ ਜੀ) ਅੱਗੇ।

ਜਬਿ ਤੀਰਥ ਕੋ ਲਹੈਂ ਬ੍ਰਿਤਾਂਤ।
ਭਾਉ ਸਹਤ ਮੱਜਹਿਂ ਸ਼ੁਭ ਭਾਂਤਿ ॥੭॥
ਹਮਹੁ ਲਾਭ ਨਿਤ ਹੋਤਿ ਬਿਸਾਲਾ।
ਇਕ ਤੌ ਦਰਸਹਿਂ ਤੁਮ ਸਭਿ ਕਾਲਾ।
ਦੁਤੀਏ ਤੀਰਥ ਕਰਹਿਂ ਸ਼ਨਾਨ।
ਸਿਮਰਹਿਂ ਨਾਮ, ਦੇਹਿਂ* ਪੁਨ ਦਾਨ ॥੮॥
ਬਹੁਰਿ ਪ੍ਰਸੰਗ ਤੀਰਥਨਿ ਕੇਰਾ।
ਸੁਨਤਿ ਜਾਤਿ ਨਿਤ ਹੋਤਿ ਭਲੇਰਾ।
ਯਾਂ ਤੇ ਅਹੈ ਭਾਵਨਾ ਸਭਿਹੂੰ।
ਕਹਹੁ ਬ੍ਰਿਤਾਂਤ ਨਦੀ ਬਰ ਅਬਹੂੰ ॥੯॥
ਕਿਸ ਤੇ ਜਨਮੀ ਜਮਨਾ ਨਾਮ?
ਕਿਮ ਪਾਵਨ ਹੈ ਜਲ ਅਭਿਰਾਮ?
ਕ੍ਰਿਪਾ ਧਾਰਿਕ ਸਕਲ ਸੁਨਾਵਹੁ।
ਸਭਿ ਕੇ ਮਨ ਅਭਿਲਾਖ ਪੁਰਾਵਹੁ[1]' ॥੧੦॥
ਇਮ ਸਿੱਖਜਨਿ ਤੇ ਸੁਨਿ ਕਰਿ ਬੈਨ।
ਬੋਲੇ ਪਰਮ ਰਸੀਲੇ ਨੈਨ।
'ਚਿਰੰਕਾਲ ਕੋ ਇਹ ਭੀ ਜਾਨਹੁ।
ਰੁਚਿਰ ਪ੍ਰਸੰਗ ਸੁਨਹੁ ਹਿਤ ਠਾਨਹੁ+ ॥੧੧॥
ਕਾਰੀਗਰ ਸਭਿ ਦੇਵਨਿ[2] ਕੇਰਾ।

---

*ਪਾ-ਦੇਤਿ।

[1]ਪੂਰਨ ਕਰੋ।

+ਸਤਿਗੁਰੂ ਜੀ ਦੇ ਤੀਰਥਾਂ ਤੇ ਜਾਣ ਸਮੇਂ ਦੇ ਹਾਲ ਵਰਣਨ ਕਰਦਿਆਂ ਹੋਇਆਂ ਜਿਨ੍ਹਾਂ ਜਿਨ੍ਹਾਂ ਤੀਰਥਾਂ ਨੂੰ ਸਤਿਗੁਰੂ ਜੀ ਨੇ ਆਪਣੇ ਪਾਵਨ ਚਰਨਾਂ ਨਾਲ ਪਵਿੱਤ੍ਰ ਕੀਤਾ ਹੈ ਉਹਨਾਂ ਦਾ ਕਵੀ ਜੀ ਨੇ ਇਤਿਹਾਸ ਵੀ ਲਿਖਿਆ ਹੈ, ਇਹ ਇਤਿਹਾਸ ਪੁਰਾਣਾਂ ਤੇ ਹਿੰਦੂ ਮਤ ਦੇ ਹੋਰ ਗ੍ਰੰਥਾਂ ਵਿਚੋਂ ਲਏ ਹਨ, ਪਰ ਕਵੀ ਜੀ ਨੇ ਇਹਨਾਂ ਨੂੰ ਵਰਣਨ ਐਉਂ ਕੀਤਾ ਹੈ ਕਿ ਮਾਨੋ ਸਤਿਗੁਰੂ ਜੀ ਆਪਣੇ ਅਨੁਭਵ ਨਾਲ ਇਹਨਾਂ ਤੀਰਥਾਂ ਸਬੰਧੀ ਪੌਰਾਣਕ ਹਾਲਾਤ ਨੂੰ ਦੱਸ ਰਹੇ ਹਨ। ਇਹਨਾਂ ਇਤਿਹਾਸਾਂ ਦੀ ਇਤਹਾਸਕ ਸੱਤਜਤਾ ਉਤੇ ਗੁਰੂ ਸਾਹਿਬ ਨੇ ਆਪਣੀ ਸਾਖੀ ਦੀ ਮੋਹਰ ਛਾਪ ਲਾਈ ਨਹੀਂ ਸਮਝਣੀ ਚਾਹੀਦੀ, ਕਿਉਂਕਿ ਗੁਰੂ ਅਮਰਦੇਵ ਜੀ ਨੇ ਆਪ ਆਪਣੀ ਬਾਣੀ ਵਿਚ ਤੀਰਥਾਂ ਦਾ ਮਹਾਤਮ ਨਹੀਂ ਮੰਨਿਆ।

ਯਥਾ:-ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥

[ਸਿਰੀਃ ਮਃ੩]

ਪੁਨਾ:-ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ॥

[ਮਾਝਃ ਮਃ੩]

ਤਥਾ:-ਅਨੇਕ ਤੀਰਥ ਜੇ ਜਤਨ ਕਰੈ ਤਾਂ ਅੰਤਰ ਕੀ ਹਉਮੈ ਕਦੇ ਨ ਜਾਇ॥

[ਗੁਜਃ ਮਃ੩]

[2]ਦੇਵਤਿਆਂ ਦਾ।

ਬਿਸ਼ੁਕਰਮਾ[1] ਬੁਧਿਵਾਨ ਬਡੇਰਾ।
ਸੁਤਾ ਸੁਬ੍ਰਚਲਾ[++] ਤਿਸ ਕੇ ਭਈ।
ਸਰਬ ਅੰਗ ਸੁੰਦਰ ਦੁਤਿ ਮਈ[2] ॥੧੨॥
ਆਂਖ ਪਾਂਖਰੀ ਕਵਲ ਸਰੀਖੀ[3]।
ਜਿਨ ਕੀ ਕੋਰ[4] ਬਾਨ ਸਮ ਤੀਖੀ।
ਗਜ ਗਾਮਨਿ[5] ਸੁਠ ਕੰਠ ਕਪੋਤੀ[6]।
ਜਿਸ ਕੋ ਪਿਖਿ ਰਤਿ ਲੱਜਤਿ ਹੋਤੀ ॥੧੩॥
ਸੋ ਸੂਰਜ ਨੇ ਬਜਾਹਨ ਠਾਨੀ।
ਰੁਚਿਰੰਗੀ[7] ਨਿਜ ਘਰ ਮਹਿਂ ਆਨੀ।
ਕੋਮਲ ਅੰਗਾ ਕਟ ਤੇ ਛੀਨੀ[8]।
ਮੇਚਕ ਕੇਸਾ[9] ਉਰੁਜਨਿ ਪੀਨੀ[10] ॥੧੪॥
ਕਿਤਿਕ ਕਾਲ ਬੀਤਾਵਨਿ ਕੀਨਾ।
ਸੂਰਜ ਦੁਸਹ[11] ਤੇਜ ਤੇ ਚੀਨਾ।
ਤਊ ਦੁਖਿਤਿ ਹ੍ਵੈ ਰਹੀ ਨਿਕੇਤ।
ਕੁਲ ਕੀ ਲਾਜ ਰਾਖਿਬੇ ਹੇਤੁ ॥੧੫॥
ਦੋਇ ਪੁੱਤ੍ਰ ਇਕ ਤਨੁਜਾ ਹੋਈ।
ਜਮੁਨਾ ਨਾਮ ਜਾਨੀਯਹਿ ਸੋਈ।
ਮਨੁ ਅਰੁ ਜਮ[12] ਦੂਸਰ ਸੁਤ ਹੋਵਾ।
ਮਹਾਂ ਪ੍ਰਤਾਪ ਸਾਥ ਉਦਤਜੋਵਾ[13] ॥੧੬॥
ਪਤਿ ਕੇ ਤੇਜ ਸੰਗ ਹੁਇ ਬਿਹਬਲ।

---

[1]ਕਾਰੀਗਰੀ ਦਾ ਦੇਵਤਾ।
[++]ਸੰਸ: ਸੁਵਰਚ੍ਹਲਾ।
[2]ਪ੍ਰਕਾਸ਼ ਵਾਲੀ।
[3]ਕਵਲ ਦੀ ਪੰਖੜੀ ਵਾਂਙ।
[4]ਕੋਨਾ, ਭਾਵ ਅੱਖ ਦੇ ਕੋਨੇ ਦੀ ਮਟਕ।
ਮਟੱਕਾ, ਨਜ਼ਰ।
[5]ਹਾਥੀ ਵਤ ਚਾਲ ਵਾਲੀ
[6]ਸੁੰਦਰ ਗਰਦਨ ਕਬੂਤਰੀ ਵਰਗੀ।
[7]ਸੁਹਣੇ ਅੰਗਾਂ ਵਾਲੀ।
[8]ਕੂਲੇ ਅੰਗਾਂ ਵਾਲੀ ਤੇ ਲੱਕੋਂ ਪਤਲੀ।
[9]ਕਾਲੇ ਵਾਲਾਂ ਵਾਲੀ।
[10]ਕਠੋਰ ਸਥਨਾਂ ਵਾਲੀ।
[11]ਨਾ ਸਹਾਰਨ ਯੋਗ।
[12]ਮਨੂ ਤੇ ਧਰਮਰਾਜ।
[13]ਪ੍ਰਗਟ ਹਨ, (ਅ) ਪ੍ਰਗਟ ਹੋਏ।

ਸਹਜੋ ਨ ਜਾਇ ਅੰਗ ਰਹਿ ਜਲ ਬਲ।
ਨਿਜ ਛਾਯਾ ਕੀ ਤੀਯ ਬਨਾਈ[1]।
ਨਿਜ ਸਰੂਪ ਸਮ ਸਦਨ ਬਿਠਾਈ ॥੧੭॥
ਤ੍ਰਾਸ ਤੇਜ ਕੋ ਪਾਇ ਬਿਸਾਲਾ।
ਚੋਰੀ ਗਮਨ ਕੀਨਿ ਪਿਤ ਸ਼ਾਲਾ[2]।
ਬਿਸ਼ੁਕਰਮਾ ਨੇ ਜਬਹਿ ਨਿਹਾਰੀ।
ਜਾਨਿ ਅਜੋਗ ਕਠੋਰ ਉਚਾਰੀ[3] ॥੧੮॥
-ਪਤਿ ਤੇ ਛਪਿ ਕੈ ਬਿਨਾ ਹਕਾਰੇ।
ਕਯੋਂ ਆਈ ਚਲਿ ਸਦਨ ਹਮਾਰੇ।
ਮੋ ਘਰ ਮਹਿਂ ਰਹਿਬੇ ਨਹਿਂ ਥਾਨ।
ਜਹਿਂ ਇੱਛਾ ਤਹਿਂ ਕਰਹੁ ਪਯਾਨ- ॥੧੯॥
ਬਾਕ ਪਿਤਾ ਕੇ ਸੁਨਿ ਕੁਮਲਾਈ।
ਅਪਨੀ ਦੇਹਿ ਤਬਹਿ ਪਲਟਾਈ।
ਬੜਵਾ ਕੋ[4] ਧਾਰਨਿ ਕਰਿ ਤਨ ਕੋ।
ਪ੍ਰਾਪਤਿ ਭਈ ਜਾਇ* ਬਡ ਬਨ ਕੋ ॥੨੦॥
ਇਸ ਕੀ ਗਤਿ ਸੂਰਜ ਨਹਿਂ ਜਾਨੀ।
ਛਾਯਾ ਤਿਯਾ ਜਾਨਿ[5] ਰਤਿ ਠਾਨੀ।
ਤਿਸ ਤੇ ਭੀ ਦੁਇ ਸੁਤ ਜਨਮਾਏ।
ਨਾਮ ਸਨੀਚਰ ਆਦਿਕ ਗਾਏ ॥੨੧॥
ਏਕ ਸੁਤਾ ਛਾਯਾ ਨਿਪਜਾਈ[6]।
ਤਪਤੀ[7] ਨਾਮ ਤਿਸੀ ਕੋ ਗਾਈ[8]।
ਦੱਖਜਣ ਬਿਖੈ ਬਹੀ ਹੁਇ ਸਲਿਤਾ।
ਬਿਮਲ ਅਗਾਧ ਜਾਂਹਿ ਜਲ ਚਲਤਾ ॥੨੨॥
ਜੁਗ ਤਨੁਜਾ ਅਰੁ ਨੰਦਨ ਚਾਰ।
ਮਾਰਤੰਡ ਕੇ ਭਏ ਅਗਾਰ।

---

[1]ਆਪਣੀ ਛਾਇਆ ਦੀ (ਹੋਰ) ਇਸਤ੍ਰੀ ਬਣਾਈ।
[2]ਪਿਤਾ ਦੇ ਘਰ, ਭਾਵ ਪੇਕੇ।
[3](ਧੀ ਦਾ ਚੋਰੀ ਟੁਰ ਆਉਣਾ ਤੇ ਪੇਕੇ ਰਹਿਣਾ) ਅਯੋਗ ਜਾਣਕੇ ਕਰੜੀ (ਬਾਣੀ) ਕਹੀ।
[4]ਘੋੜੀ ਦਾ।
*ਪਾ:-ਬਹੁਰ।
[5]ਛਾਇਆ ਵਾਲੀ ਇਸਤ੍ਰੀ (ਨੂੰ ਆਪਣੀ ਇਸਤ੍ਰੀ) ਜਾਣਕੇ।
[6]ਛਾਇਆ ਨੇ ਜੰਮੀ।
[7]ਤਾਪਤੀ (ਨਾਮੇ ਨਦੀ)।
[8]ਕਹਿੰਦੇ ਹਨ।

ਏਕ ਦਿਵਸ ਛਾਯਾ ਕੇ ਸਾਥ।
ਜਮ ਲਰਿ ਪਰਜੋ ਬਹਿਸ ਕਿਸਿ ਗਾਥ ॥੨੩॥
ਅਧਿਕ ਕ੍ਰੋਧ ਦੋਇਨ ਕੇ ਹੋਵਾ।
ਰਕਤ ਨੇਤ੍ਰ ਆਪਸ ਮਹਿਂ ਜੋਵਾ।
ਗਿਰਾ ਕਠੋਰ ਬਿਸਾਲ ਉਚਾਰੀ।
ਤਬਿ ਜਮ ਨੇ ਨਿਜ ਲਾਤ ਉਭਾਰੀ ॥੨੪॥
ਉਦਤਜੋ[1] ਕਰਨਿ ਪ੍ਰਹਾਰ ਸੁ ਛਾਯਾ।
ਇਨਿ ਦੇਖਤਿ ਇਮ ਸ੍ਵਾਪ ਅਲਾਯਾ।
-ਚਰਨ ਉਭਾਰਜੋ ਮੋ ਕਹੁ ਜੋਇ।
ਚਹੈਂ ਪ੍ਰਹਾਰ ਕਰਨਿ ਕੋ ਸੋਇ ॥੨੫॥
ਅਬ ਗਰਿ ਜਾਹੁ[2] ਨ ਆਛੋ ਰਹੈ।
ਕਰਿ ਅਪਰਾਧ ਉਚਿਤ ਦੁਖ ਸਹੈ-।
ਛਾਯਾ ਸ੍ਵਾਪ ਦਯੋ ਇਮ ਜਬੈ।
ਜਮ ਕੋ ਚਰਨ ਗਯੋ ਗਰ ਤਬੈ ॥੨੬॥
ਸੁਧਿ ਸੂਰਜ ਨੇ ਜਬਿਹੂੰ ਸੁਨੀ।
ਰਿਦੈ ਬਿਖੈ ਬਹੁ ਬਿਧਿ ਸੋਂ ਗੁਨੀ।
-ਇਹੁ ਸੁਤ ਮਾਤਾ[3] ਲਖੀਯਹਿ ਕੈਸੇ।
ਘੋਰ ਕਰਮ ਕੀਨਸਿ ਜੁਗ ਐਸੇ- ॥੨੭॥
ਸਹਤ ਸੰਦੇਹ ਸੂਰ ਜਬਿ ਹੋਵਾ।
ਆਯੋ ਛਾਯਾ ਕੀ ਦਿਸ਼ਿ ਜੋਵਾ।
-ਸਾਚ ਬਤਾਵਹੁ ਹੈ ਤੂੰ ਕੌਨ?
ਸੁਤ ਸੋਂ ਇਮ ਕੋ ਕਰਿ ਹਹਿ ਭੌਨ- ॥੨੮॥
ਦਿਨਪਤਿ ਜਬਹਿ ਤ੍ਰਾਸ ਉਪਜਾਯਹੁ।
ਛਾਯਾ ਸਾਚੁ ਬ੍ਰਿਤਾਂਤ ਬਤਾਯਹੁ।
'ਤਵੁ ਦਾਰਾ ਗਮਨੀ ਪਿਤ ਓਰ।
ਮੁਝ ਕੋ ਗਈ ਰਾਖਿ ਇਸ ਠੌਰ ॥੨੯॥
ਆਦਿ ਸਨਿਸ਼ਚਰ ਸੰਤਤਿ ਮੇਰੀ।
ਮਨੁ, ਜਮੁ, ਜਮਨਾ, ਹੈ ਤਿਸ ਕੇਰੀ।
ਚਿਰੰਕਾਲ ਕੀ ਤਜਾਗ ਪਲਾਈ।

---

[1]ਤਿਆਰ ਹੋਇਆ ਛਾਇਆ ਨੂੰ ਲੱਤ ਮਾਰਨ ਵਾਸਤੇ।
[2]ਗਲ ਜਾਏਗਾ।
[3]ਪੁੱਤ੍ਰ ਦੀ ਮਾਂ।

ਮੈਂ ਪਾਲਨਿ ਕੀਨੇ ਚਹੁੰਭਾਈ- ॥੩੦॥
ਸੁਨਿ ਸਪਤਾਸੁ[1*] ਤੁਰਤ ਹੀ ਧਾਯੋ।
ਬਿਸ਼ੁਕਰਮਾ ਕੇ ਘਰਿ ਚਲਿ ਆਯੋ।
ਕਹਯੋ -ਸੁਤਾ ਤੇਰੀ ਇਤਿ ਆਈ।
ਬਿਤੇ ਕਾਲ ਬਹੁ, ਅਬਿ ਸੁਧਿ ਪਾਈ ॥੩੧॥
ਕਰੀ ਅਜੋਗ ਬਾਤ ਲਖਿ ਲੀਜੈ।
ਮੋ ਕਹੁ ਅਬ ਬਤਾਇ ਤਿਸ ਦੀਜੈ-।
ਬਿਸ਼ੁਕਰਮਾ ਨੇ ਕਹਯੋ ਬ੍ਰਿਤਾਂਤ।
-ਮੋ ਘਰ ਆਈ ਹੁਤੀ ਪਲਾਤਿ[2] ॥੩੨॥
ਨਹੀਂ ਸਦਨ ਮਹਿਂ ਰਹਨਿ ਦਈ ਹੈ।
ਹੁਇ ਨਿਰਾਸ ਕਿਤਿ ਵਹਿਰ ਗਈ ਹੈ।
ਭੋ ਦਿਨਮਣਿ! ਸੁਨਿ, ਹੈ ਸੋ ਸਾਚੀ[3]।
ਦੁਖਤਿ ਬਹੁਤ ਲਾਗਹਿ ਤੁਵ ਆਂਚੀ[4] ॥੩੩॥
ਤੇਜ ਨ ਸਹਯੋ ਜਾਤਿ ਹੈ ਤੇਰਾ।
ਨਿਕਸੀ ਕਰਿ ਉਰ ਤ੍ਰਾਸ ਬਡੇਰਾ।
ਜੇ ਕਰਿ ਕਹਯੋ ਮੋਹਿ ਤੂੰ ਮਾਨਹਿਂ।
ਸਭਿ ਗਤਿ ਆਛੀ ਹੋਹਿ ਪਛਾਨਹਿਂ ॥੩੪॥
ਕੁਛਕ ਬਰਨ ਧੂਮਰ ਸਮ[5] ਤੇਰਾ।
ਤਪਤ ਅਹੈ ਅਤਿ ਜਾਹਿ ਨ ਹੇਰਾ।
ਮੋਰ ਚਰਖ[6] ਪਰ ਚਢਿ ਇਕ ਬਾਰੀ।
ਛੋਲ ਦੇਹੁਂ[7] ਤੁਜ ਦੇਉਂ ਸਵਾਰੀ ॥੩੫॥
ਸੁਪ੍ਰਕਾਸ਼ ਇਕ ਤੌ ਹੁਇ ਜਾਇ।
ਅਤਿਸ਼ੈ ਤਪਤ ਮਿਟਹਿ ਇਸ ਭਾਇ-।
ਆਛੀ ਬਾਤਿ ਜਾਨਿ ਕਰਿ ਪੂਖਨ[8]।
ਚਢਯੋ ਖਰਾਦ ਸੁ ਹੋਨਿ ਅਦੂਖਨ ॥੩੬॥

---

[1]ਸੂਰਜ [ਸੰਸ: ਸਪ੍ਤਾਸ਼੍ਵ]।
[*]ਪਾ:-ਸਵਿਤਾ ਸ।
[2]ਨੱਸ ਕਰਕੇ।
[3]ਹੇ ਸੂਰਜ ਸੁਣ, ਸੋ ਸੱਚੀ ਹੈ।
[4]ਤੇਰੇ ਸੇਕ ਤੋਂ ਉਸ ਨੂੰ ਬਹੁਤ ਦੁਖ ਲਗਦਾ ਹੈ।
[5](ਜੋ) ਧੂੰਏਂ ਵਤ ਹੈ।
[6]ਖਰਾਦ।
[7]ਛਿੱਲ ਦੇਵਾਂ।
[8]ਸੂਰਜ।

ਬਿਸ਼ੁਕਰਮੇ ਲੈ ਤੀਖਨ ਸਾਧਨਿ[1]।
ਫੇਰਿ ਤਿਸੀ ਕੋ ਕੀਨਿ ਖਰਾਦਨਿ।
ਊਪਰ ਕੋ ਤਨ ਛੋਲਨਿ ਕੀਨਾ।
ਨਿਕਸਜੋ ਸੁੰਦਰ ਰੂਪ ਨਵੀਨਾ ॥੩੭॥
ਧੂਮ੍ਰਾਕਾਰ ਸੁ ਤੇਜ ਜਿਤੇਕ[2]।
ਛੋਲਜੋ ਧਰਜੋ ਖਰਾਦ ਤਿਤੇਕ[3]।
ਨਿਜ ਤਨ ਦੇਖਿ ਹਰਖ ਰਵਿ[4] ਭਰਜੋ।
ਬਿਸ਼ੁਕਰਮੇ ਸੁ ਬਤਾਵਨਿ ਕਰਜੋ[5] ॥੩੮॥
-ਅਮੁਕੈ ਬਨ ਮੈਂ ਬੜਵਾ ਤਨ ਹੈ[6]।
ਨਿਜ ਦਾਰਾ ਆਨਹੁ ਹਿਤ ਮਨਿ ਹੈ-।
ਸੁਨਿ ਸਵਿਤਾ ਅਸੁ ਕੋ ਤਨ ਧਰਜੋ[7]।
ਸੋ ਕਾਨਨ ਕੋ ਜਾਇ ਨਿਹਰਜੋ ॥੩੯॥
ਹੁਤੀ ਤੁਰੰਗਨਿ ਮਿਲਜੋ ਸੁ ਜਾਇ।
ਸੂੰਘਿ ਨਾਸਕਾ ਜਬਿ ਸੁਖ ਪਾਇ।
ਤਤਛਿਨ ਦ੍ਵੈ ਸੁਤ ਕੋ ਉਪਜਾਯੋ।
ਅਸ਼੍ਵਿਨਿ ਕੁਮਾਰ ਨਾਮ ਜਿਨ ਗਾਯੋ ॥੪੦॥
ਪੁੱਤ੍ਰ ਸਹਤ ਦਾਰਾ ਨਿਜ ਆਨੀ।
ਮਿਲੀ ਸਭਿਨਿ ਸੋਂ ਉਰ ਹਰਖਾਨੀ।
ਤਬਿ ਕੀ ਜਮਨਾ ਬਨ ਮਹਿਂ ਜਾਇ।
ਤਪ ਕੋ ਤਪਤਿ ਰਹੀ ਬਹੁ ਭਾਇ ॥੪੧॥
ਦ੍ਵਾਪਰ ਅੰਤ ਭਏ ਗੋਪਾਲ[8]।
ਇਨ ਕੋ ਪਤਿ ਕੀਨਸਿ ਤਿਸ ਕਾਲ।
ਅਨਿਕ ਪ੍ਰਕਾਰ ਭੋਗ ਸੁਖ ਘਨੇ।
ਮਿਲੀ ਸ਼ਜਾਮ ਸੋਂ ਸੁਤ ਦਸ ਜਨੇ* ॥੪੨॥

---

[1]ਤਿੱਖਾ ਹਥਿਆਰ।
[2]ਧੂੰਏਂ ਵਰਗਾ ਤੇਜ ਸੀ ਜਿਤਨਾ ਕੁ।
[3]ਤਿਤਨਾ ਖਰਾਦ ਕੇ ਛਿੱਲ ਦਿੱਤਾ।
[4]ਸੂਰਜ।
[5](ਹੁਣ) ਬਿਸ਼ੁਕਰਮੇ ਨੇ (ਆਪਣੀ ਧੀ ਦਾ ਪਤਾ) ਦੱਸਿਆ।
[6]ਘੋੜੀ ਦੇ ਤਨ ਵਿਚ ਹੈ।
[7]ਸੂਰਜ ਨੇ ਘੋੜੇ ਦਾ ਸਰੀਰ ਧਾਰਿਆ।
[8]ਸ਼੍ਰੀ ਕ੍ਰਿਸ਼ਨ ਜੀ।
*ਐਸੀਆਂ ਅਸੱਭਜ ਕਥਾ ਕਦੇ ਸ਼੍ਰੀ ਅਨੰਦ ਸਾਹਿਬ ਜੀ ਦੇ ਕਰਤਾ ਜੀ ਕਿਸੇ ਨੂੰ ਸੁਣਾ ਨਹੀਂ ਸਕਦੇ। ਪੌਰਾਣਕ ਆਖਯਾਨਕਾ ਦੀ ਵਾਕਫੀ ਲੋਕਾਂ ਨੂੰ ਦੇਣੇ ਲਈ ਕਵੀ ਜੀ ਉਥੋਂ ਦੀਆਂ ਕਥਾ ਦੇ ਰਹੇ ਹਨ।

ਸੋ ਜਮੁਨਾ ਸਲਿਤਾ ਹੁਇ ਬਹੀ।
ਜਿਸ ਹਿਤ ਸਕਲ ਬਾਰਤਾ ਕਹੀ।
ਪਾਵਨ ਜਲ ਪਾਪਨ ਕੋ ਨਾਸਨਿ।
ਰੱਛਜਾ ਕਰਹਿ ਆਪਨੇ ਦਾਸਨਿ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜਮਨਾ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥੪੮॥

੪੯. [ਮਾਰਤੰਡ ਦੀ ਕਥਾ, ਤੁਰਕ ਜਗਾਤੀ, ਕੰਨਖਲ, ਤੇ ਗੋਇੰਦਵਾਲ ਨੂੰ ਮੁੜਨਾ]

੪੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੦

ਦੋਹਰਾ: ਸੁਨਿ ਪ੍ਰਸੰਗ ਸੰਗਤਿ ਸਰਬ ਸ਼੍ਰੀ ਗੁਰ ਅਮਰ ਕਿ ਪਾਸ[1]।
ਪੁਨ ਪੂਛਜੋ 'ਕਿਮੁ ਭਾਨੁ ਕੌ ਭਯੋ ਬਰਨ ਧੂਮ੍ਰਾਸ[2]?' ॥੧॥

ਚੌਪਈ: ਸ਼੍ਰੀ ਗੁਰ ਕਹਤਿ ਭਏ ਇਤਿਹਾਸ[+]।
'ਸੰਗਤਿ ਸੁਨਹੁ ਭਈ ਗਤਿ ਜਾਸ।
ਕੱਸਜਪ ਰਿਖਿ ਅਤਿਸ਼ੈ ਤਪ ਘਾਲਾ।
ਜਿਸ ਕੇ ਭਈ ਭਾਰਜਾ ਜਾਲਾ[3] ॥੨॥
ਜਨੇ ਦਿਤੀ[4] ਨੇ ਦੈਤ ਕਰਾਲ।
ਦਨੁ[5] ਤੇ ਦਾਨਵ[++] ਭਏ ਬਿਸਾਲ।
ਬਿਨਤਾ[6] ਤੇ ਖਗਪਤਿ[7] ਜਨਮਾਯੋ।
ਨਾਮ ਗਰੁੜ ਬਡ ਬਲੀ ਸੁਹਾਯੋ ॥੩॥
ਕੱਦ੍ਰੂ[8] ਨੇ ਪੰਨਗ[9] ਉਪਜਾਏ।
ਇੱਤਯਾਦਿਕ ਇਸਤ੍ਰੀ ਸਮੁਦਾਏ।
ਅਦਿਤੀ[10] ਤੇ ਸਭਿ ਦੇਵ ਭਏ ਹੈਂ।
ਸੁਧਾ ਪਾਨ ਜੇ ਅਮਰ ਥਿਏ ਹੈਂ[11] ॥੪॥
ਤਿਸ ਅਦਿਤੀ ਕੇ ਗਰਭ ਮਝਾਰਾ।
ਸੂਰਜ ਹੁਤੋ ਅਪਨਿ ਤਨੁ ਧਾਰਾ।
ਇਕ ਦਿਨ ਸਸਿ ਸੁਤਿ ਬੁਧ ਚਲਿ ਆਯੋ।
ਬ੍ਰਹਮਚਾਰੀ ਕੋ ਬੇਖ ਬਨਾਯੋ ॥੫॥
ਤਪ ਕੋ ਤਪਤ ਹੁਤੋ ਬਨ ਮਾਂਹੀ।
ਭਿੱਛਾ ਹਿਤ ਆਯਹੁ ਤਿਸ ਪਾਂਹੀ।

---

[1]ਜੀ ਦੇ ਪਾਸੋਂ।
[2]ਧੂੰਏਂ ਵਰਗਾ ਕਾਲਾ ਰੰਗ ਸੂਰਜ ਦਾ ਹੋ ਗਿਆ ਸੀ।
[+]ਦੇਖੋ ਇਸੇ ਰਾਸ ਦੇ ਅੰਸੂ ੪੮ ਦਾ ਅੰਕ ੮।
[3]ਬਹੁਤੀਆਂ (ਇਸਤ੍ਰੀਆਂ)।
[4]ਦੈਂਤਾਂ ਦੀ ਮਾਤਾ ਦਾ ਨਾਮ ਹੈ।
[5]ਕਸਜਪ ਦੀ ਇਕ ਇਸਤ੍ਰੀ ਜਿਸ ਤੋਂ ੪੦ ਪੁੱਤ੍ਰ ਹੋਏ ਜੋ ਦਨੁਜ ਕਹਾਏ।
[++]ਪਾ:-ਦੇਵਨ।
[6]ਕਸਜਪ ਦੀ ਹੋਰ ਇਸਤ੍ਰੀ ਜੋ ਗਰੁੜ ਦੀ ਮਾਂ ਸੀ।
[7]ਗਰੁੜ।
[8]ਕਸਜਪ ਦੀ ਇਕ ਹੋਰ ਇਸਤ੍ਰੀ ਦਾ ਨਾਮ।
[9]ਸੱਪ।
[10]ਕਸ਼ਜਪ ਦੀ ਇਕ ਹੋਰ ਇਸਤ੍ਰੀ ਜਿਸ ਤੋਂ ੩੩ ਦੇਵਤੇ ਜੰਮੇ।
[11]ਅੰਮ੍ਰਤ ਪੀ ਕੇ ਅਮਰ (ਚਿਰੰਜੀਵੀ ਜਾਂ ਕਲਪ ਪ੍ਰਯੰਤ ਆਯੂ ਵਾਲੇ) ਹੋਏ ਹਨ।

ਅਦਿਤੀ ਗਰਭ ਸਹਤ ਤਿਸ ਕਾਲਾ।
ਆਲਸ ਉਠਿਬੇ ਕੇਰ ਬਿਸਾਲਾ ॥੬॥
ਕੇਤਿਕ ਚਿਰ ਬੀਤਾ ਤਿਹ ਖਰੇ।
ਦਯੋ ਸ੍ਰਾਪ ਬੁਧ ਨੇ ਰਿਸ ਧਰੇ[1]।
-ਜਿਸ ਗ੍ਰਭ ਧਰਿ ਤੈਂ ਆਲਸ ਕੀਨਾ।
ਭਿੱਖਜਾ ਮੋਹਿ ਤੁਰਤ ਨਹਿਂ ਦੀਨਾ ॥੭॥
ਸੋ ਤਵ ਗਰਭ ਗਰਹੁ[2] ਨਹਿਂ ਬਾਚੇ-।
ਇਮ ਕਹਿ ਗਯੋ ਆਨ ਘਰ ਜਾਚੇ।
ਅਦਿਤੀ ਬਹੁਤ ਤ੍ਰਾਸ ਕੋ ਪਾਇ।
ਪਤਿ ਕੇ ਨਿਕਟ ਗਈ ਸਹਿਸਾਇ[3] ॥੮॥
ਬੁਧ ਕੋ ਸ੍ਰਾਪ ਸੁਨਾਵਨਿ ਕੀਨਾ।
-ਰੱਛਾ ਕਰਹੁ ਜਿ ਗਰਭ ਨ ਛੀਨਾ-।
ਸੁਨਿ ਕੱਸਜਪ ਨੇ ਬਰ ਕੋ ਦਯੋ।
-ਬਚੇ ਗਰਭ ਤਵ ਹੋਹਿ ਨ ਛਯੋ[4] ॥੯॥
ਤਨ ਊਪਰ ਕੋ ਮ੍ਰਿਤ ਹੁਇ ਜਾਇ।
ਤਿਸ ਮਹਿਂ ਅਪਰ ਦੇਹ ਕੋ ਪਾਇ।
ਮ੍ਰਿਤਕ ਅੰਡ[5] ਮਰਿ ਹੁਇ ਅਭਿਰਾਮੁ।
ਯਾਂ ਤੇ ਮਾਰਤੰਡ[6*] ਕਹਿਨਾਮੁ- ॥੧੦॥
ਇਮ ਬਰ ਪਾਇ ਰਹਯੋ ਬਚ ਸੋਇ।
ਮ੍ਰਿਤੁ ਤਨ ਮਹਿਂ ਨੌਤਨ ਤਨ[7] ਹੋਇ।
ਜਨਮਯੋ ਸੂਰਜ ਤਨ ਦ੍ਵੈ ਰਹੇ।
ਧੂਮ੍ਰ ਬਰਨ ਕੋ ਯਾਂ ਤੇ ਲਹੇ ॥੧੧॥
ਤਨ ਊਪਰ ਕੋ ਸ਼ੁਸ਼ਕ ਰਹਯੋ ਹੈ।
ਬਿਚ ਕੋ ਸੁੰਦਰ ਦੇਹਿ ਲਹਯੋ ਹੈ।
ਬਿਸ਼ੁਕਰਮਾ ਨੇ ਛੋਲਯੋ ਸੋਊ।

---

[1]ਗੁੱਸਾ ਕਰਕੇ।
[2]ਗਲ ਜਾਵੇ।
[3]ਕਾਹਲੀ ਨਾਲ।
[4]ਨਾਸ਼।
[5]ਮਰੇ ਹੋਏ ਪੜਦੇ ਵਿਚ।
[6]ਮ੍ਰਿਤਕ ਅੰਡ ਚੋਂ ਉਪਜਿਆ ਸੋ ਮਾਰਤੰਡ।
[*]ਕਵਿ ਜੀ ਦੀ ਕੋਸ਼ ਦੀ ਵਾਕਫੀ ਤੱਕੋ ਸੂਰਜ ਦੇ ਕਿੰਨੇ ਨਾਮ ਦੇ ਰਹੇ ਹਨ ਤੇ ਕਈਆਂ ਦੀ ਵਿਤਪਤੀ ਬੀ ਦੱਸ ਰਹੇ ਹਨ।
[7]ਨਵਾਂ ਸਰੀਰ।

ਅੰਤਰਿ ਕੋ ਸ਼ੁਭ ਪ੍ਰਗਟਜੋ ਜੋਊ ॥੧੨॥
ਧੂਮ੍ਰ ਬਰਨ ਕੁਛ ਤੇਜ ਨਿਵਾਰਾ।
ਸੁਪ੍ਰਕਾਸ਼ ਪੁਨ ਕੀਨਿ ਸੁਧਾਰਾ।
ਊਪਰ ਤੇ ਰਵਿ ਖੁਰਚਜੋ ਜੇਤੋ।
ਅਪਰ ਕਾਰ ਮਹਿਂ ਲਾਯਹੁ ਤੇਤੋ ॥੧੩॥
ਚੱਕ੍ਰ ਸੁਦਰਸ਼ਨ[1] ਤੇਜ ਬਿਸਾਲਾ।
ਬਿਸ਼ੁਕਰਮਾ ਕੀਨਸਿ ਤਿਸ ਕਾਲਾ।
ਲੱਛਮੀਪਤਿ[2] ਕੇ ਸੋ ਕਰ ਸੋਹੈ।
ਮਹਾਂ ਤੇਜ ਯਾਂ ਤੇ ਤਿਹ ਮੋਂ ਹੈ ॥੧੪॥
ਪੁਨ ਤ੍ਰਿਸੂਲ ਤਿਸ ਤੇ ਰਚਿ ਲੀਨੋ।
ਸੋ ਤ੍ਰਿਨੈਨ[3] ਕੇ ਕਰ ਮਹਿਂ ਦੀਨੋ।
ਇੱਤਜਾਦਿਕ ਕਛ ਔਰ ਬਨਾਵਾ। '
ਇਮ ਪ੍ਰਸੰਗ ਇਹੁ ਰੁਚਿਰ ਸੁਨਾਵਾ* ॥੧੫॥
ਸੁਨਿ ਸੰਗਤ ਨੇ ਹਰਖ ਉਪਾਯਹੁ।
ਸਕਲ ਭੇਵ ਮਨ ਮਹਿਂ ਲਖਿ ਪਾਯਹੁ।
ਸ਼੍ਰੀ ਜਮਨਾ ਕੋ ਕਰਿ ਇਸ਼ਨਾਨਾ।
ਆਗੈ ਸਤਿਗੁਰ ਕੀਨਿ ਪਯਾਨਾ ॥੧੬॥
ਹੁਤੇ ਜਗਾਤੀ[4] ਸੇ ਚਲਿ ਆਏ।
ਦਰਸ਼ਨ ਕੀਨਿ ਉਰ ਮਹਿਂ ਹਰਖਾਏ।
ਲੋਕ ਹਜ਼ਾਰਹੁਂ ਬੰਦਨ ਕਰਤੇ।
ਮਹਿਮਾ ਦੀਰਘ ਆਂਖ ਨਿਹਰਤੇ ॥੧੭॥
ਤ੍ਰਾਸਤ ਭਏ ਜਗਾਤੀ ਹੇਰ।
ਨਹੀਂ ਜੇਜਵਾ[5] ਲੀਨਸਿ ਘੇਰਿ।
ਡਰ ਕਰਿ ਨਮੋ ਕਰੀ ਪਗ ਆਇ।
ਹਾਥ ਜੋਰਿ ਬੋਲੇ ਹਿਤ ਪਾਇ ॥੧੮॥

---

[1]ਵਿਸ਼ਨੂੰ ਦੇ ਹੱਥ ਵਾਲਾ ਚੱਕ੍ਰ ਸੁਦਰਸ਼ਨ।
[2]ਵਿਸ਼ਨੂੰ।
[3]ਸ਼ਿਵ।
*ਇਹ ਨਿਸਚਾ ਕਰਨ ਕਿ ਇਸ ਤਰ੍ਹਾਂ ਦੇ ਪ੍ਰਸੰਗ ਗੁਰੂ ਜੀ ਸਚ ਸਮਝਕੇ ਸਿੱਖਾਂ ਨੂੰ ਸੁਣਾ ਰਹੇ ਹਨ, ਉਨ੍ਹਾਂ ਦੇ ਅਪਣੇ ਕਥੇ ਗੁਰਬਾਣੀ ਵਿਚ ਅੰਕਤ ਉਪਦੇਸ਼ਾਂ ਦੇ ਅਨੁਕੂਲ ਨਹੀਂ ਹਨ। ਇਹ ਪੌਰਾਣਕ ਆਖਯਾਨਕਾ ਕਵਿ ਜੀ ਅਪਣੇ ਪੜ੍ਹੇ ਸੁਣੇ ਪੁਰਾਣਾਂ ਦੀ ਵਾਕਫੀਅਤ ਤੋਂ ਪਾਠਕਾਂ ਦੀ ਕੇਵਲ ਵਾਕਫੀ ਵਧਾਉਣ ਲਈ ਦੱਸ ਰਹੇ ਹਨ।
[4]ਮਸੂਲੀਏ।
[5]ਮਸੂਲ।

'ਸਤਿਗੁਰ! ਕਰੁਨਾ ਦ੍ਰਿਸ਼ਟਿ ਨਿਹਾਰਹੁ।
ਨਿਜ ਸੰਗੀ ਲੇ ਸੰਗ ਸਿਧਾਰਹੁ।
ਤਿਨ ਤੇ ਹਮ ਕੁਛ ਲੇਵਹਿਂ ਨਾਂਹੀ।
ਤ੍ਰਾਸ ਆਪ ਕੋ ਧਰਿ ਉਰ ਮਾਂਹੀ ॥੧੯॥
ਕ੍ਰੂਰ[1] ਬਾਕ ਨਹਿਂ ਕਹੀਅਹਿ ਕੋਇ।
ਲੇਹਿ ਜੁ ਨਾਮ ਤਜਹਿਂ ਹਮ ਸੋਇ[2]।
ਅਪਰਨ ਤੇ ਧਨ ਲੇਤਿ ਜਗਾਤਿ[3]।
ਤੌ ਆਗੇ ਮਗ ਕੋ ਚਲਿ ਜਾਤਿ' ॥੨੦॥
ਸੁਨਿ ਸ੍ਰੀ ਸਤਿਗੁਰ ਤਿਨ ਸੋਂ ਕਹਯੋ।
'ਹਮਦਿਸ਼ ਤੇ ਜੇ ਕਰਿ ਡਰ ਲਹਯੋ।
ਤੌ ਸੁਨਿ ਨਾਮ ਨ ਕਹੀਅਹਿ ਕਾਹੂ[4]।
ਜਾਤ੍ਰੀ ਆਇਂ ਸਰਬ ਹਮ ਪਾਹੂ[5] ॥੨੧॥
ਜੇ ਤੁਮ ਚਾਹਤਿ ਹੌ ਧਨ ਲੇਨਾ।
ਤੌ ਹਮ ਸੋਂ ਅਬਿਹੂੰ[+] ਕਹਿ ਦੇਨਾ।
ਪੀਛੇ ਤੇ ਨਹਿਂ ਰੋਕਹੁ ਕੋਈ।
ਅਬਿ ਹਮ ਦੇਹਿਂ ਚਹਹੁ ਧਨ ਜੋਈ' ॥੨੨॥
'ਸ੍ਰੀ ਸਤਿਗੁਰ! ਜੇਤਿਕ ਤੁਮ ਸਾਥ।
ਸੋ ਸਭਿ ਜਾਹੁ, ਗਹੈਂ ਨਹਿਂ ਹਾਥ[6]'।
ਤਬਿ ਸ੍ਰੀ ਅਮਰਦਾਸ ਚਲਿ ਪਰੇ।
ਲੋਕ ਹਜ਼ਾਰਹੁਂ ਸੰਗੀ ਕਰੇ ॥੨੩॥
ਪੀਛੇ ਜਿਸ ਤੇ ਗਹਿ ਕਰਿ ਮਾਂਗੈਂ[7]।
ਸੋ ਗੁਰ ਨਾਮ ਲੇਤਿ ਚਲਿ ਆਗੈ।
'ਹਮ ਤੌ ਗੁਰ ਕੇ ਸੰਗੀ ਅਹੈਂ।'
ਚਲੇ ਜਾਤਿ ਐਸੇ ਜਬਿ ਕਹੈਂ ॥੨੪॥
ਤਿਸ ਦਿਨ ਸਗਰੇ ਮਹਿਂ ਨਰ ਨਾਰੀ।

---

[1]ਕਰੜੇ।
[2]ਜੋ ਆਪਦਾ ਨਾਮ ਲਏਗਾ ਉਸ ਨੂੰ ਅਸੀਂ ਛੱਡ ਦਿਆਂਗੇ।
[3]ਮਸੂਲ ਦਾ ਧਨ ਲੈਂਦੇ ਹਾਂ।
[4]ਸਾਡਾ ਨਾਮ ਸੁਣਕੇ ਕਿਸੇ ਨੂੰ ਕੁਛ ਨਹੀਂ ਕਹਿਣਾ।
[5]ਆਵਣ ਦਿਓ ਸਾਰੇ ਸਾਡੇ ਪਿੱਛੇ।
[+]ਪਾ:-ਸਭਿਹੂੰ।
[6]ਕਿਸੇ ਦਾ ਹੱਥ ਨਹੀਂ ਫੜਾਂਗੇ।
[7]ਫੜਕੇ ਮਸੂਲ ਮੰਗਣ।

ਜਬਿ ਰੋਕਹਿਂ, ਗੁਰ ਨਾਮ ਉਚਾਰੀ[1]।
ਤਿਸ ਕੋ ਤਜਾਗਹਿਂ, ਜਾਹਿ ਸੁਖਾਰੋ।
ਹਰਖਤਿ ਉਚਰਤਿ 'ਜੈ ਜੈ ਕਾਰੋ' ॥੨੫॥
ਪਛੁਤਾਵਤਿ ਜੇ ਹੁਤੋ ਜਗਾਤੀ।
ਆਜ ਨਹੀ ਕੋ ਦਾਮ ਅਗਾਤੀ[2]।
ਮੁਖ ਮੁੰਦਣ[3] ਤਿਨ ਕੇ ਪੈ ਰਹੀ[*]।
ਰਿਦੇ ਬਿਸੂਰਤਿ ਰੋਕਹਿਂ ਨਹੀਂ[4] ॥੨੬॥
-ਸਗਰੋ ਜਗਤ ਪਰਜੋ ਗੁਰ ਪਾਛੈ।
ਲੇਂ ਕਿਸ ਤੇ ਹਮ-, ਛੂਛੇ ਗਾਛੈ[5]।
ਤਿਸ ਦਿਨ ਕੀ ਨਹਿਂ ਮਿਲੀ ਜਗਾਤਿ।
ਬਸ ਨਹਿਂ ਚਲਤਿ ਰਹੇ ਪਛੁਤਾਤਿ ॥੨੭॥
ਸ਼੍ਰੀ ਸਤਿਗੁਰ ਸਭਿ ਨਰਨ ਜਨਾਈ[6]।
ਬਡੇ ਭਾਗ ਜਿਸ ਲੇਹਿ ਸੁ ਪਾਈ[7]।
ਜਮੁ ਜਾਗਾਤੀ ਸਭਿ ਜਗ ਡੰਡੈ[8]।
ਗੁਰ ਕੋ ਨਾਮ ਸੁਨਹਿ ਤਿਸ ਛੰਡੈ[9+] ॥੨੮॥
ਯਾਂ ਤੇ ਸਤਿਗੁਰ ਸ਼ਰਨੀ ਪਰੈ।
ਜਮ ਕੋ ਤ੍ਰਾਸ ਮਹਾਂ ਪਰਹਰੈ।
ਜੈਸੇ ਤੁਰਕ ਜਗਾਤੀ ਅਬੈ।
ਸੁਨਿ ਗੁਰ ਨਾਮ ਤਜੇ ਨਰ ਸਬੈ ॥੨੯॥
ਅਬਿ ਪ੍ਰਤੱਛਜ ਕਰਿ ਕੈ ਦਿਖਰਾਈ।
ਲੇ ਗੁਰ ਨਾਮ ਸੁ ਜਮ ਛੁਟਕਾਈ।'
ਤਿਸ ਦਿਨ ਤੇ ਗੁਰ ਕੇ ਸੰਗ ਭੀਰ।

---

[1]ਰੋਕਣ (ਤਾਂ ਓਹ) ਗੁਰੂ ਜੀ ਦਾ ਨਾਮ ਕਹਿ ਦੇਣ।
[2]ਮਿਲਿਆ।
[3]ਦੰਦਣ, ਭਾਵ ਚੁੱਪ।
[*]ਪਾ:-ਕੇਤਿਨਿ ਕੇ ਰਹੀ।
[4]ਝੂਰਦੇ ਹਨ ਰੋਕਦੇ ਭੀ ਨਹੀਂ।
[5]ਅਸੀਂ ਕਿਸ ਤੋਂ ਲਈਏ ਖਾਲੀ ਤੁਰ ਗਏ।
[6]ਪੁਰਸ਼ਾਂ ਨੂੰ ਜਣਾਯਾ।
[7]ਜਿਸਦੇ ਬੜੇ ਭਾਗ ਹੋਣ ਉਹ ਸਤਿਗੁਰਾਂ ਦੀ (ਸ਼ਰਨ) ਪਾ ਲੈਂਦਾ ਹੈ।
[8]ਡੰਡ ਦੇਂਦਾ ਹੈ (ਜਮ)।
[9]ਛਡ ਦੇਂਦਾ ਹੈ।
[+]ਯਥਾ ਗੁਰ ਪ੍ਰਮਾਣ-ਤਿਨ ਜਮੁ ਜਾਗਾਤੀ ਨੇੜਿ ਨ ਆਇਆ।

[ਤੁਖਾਰੀ ਛੰਦ ਮਃ ੪]

ਭਈ ਅਧਿਕ ਮਗ ਚਲਹਿ ਬਹੀਰ ॥੩੦॥
ਜਬਿ ਸੰਧਯਾ ਕਹੁ ਕਰਿ ਹੈਂ ਡੇਰੋ।
ਦਰਸ਼ਨ ਕੋ ਉਮਗਾਇ ਬਡੇਰੋ।
ਗੰਗਾ ਸੰਗ ਸਗਲ ਚਲਿ ਆਵੈ[1]।
ਕਰ ਬੰਦਹਿਂ ਗੁਰ ਦਰਸ਼ਨ ਪਾਵੈਂ ॥੩੧॥
'ਜੈ ਜੈ ਕਾਰ' ਪੁਕਾਰ ਉਚਾਰੈਂ।
ਮਿਲਿ ਸਤਿਗੁਰ ਕੋ ਆਨੰਦ ਧਾਰੈਂ।
ਇਸੀ ਰੀਤਿ ਸ਼੍ਰੀ ਗੰਗਾ ਗਏ।
ਕਨਖਲ ਬਿਖੈ ਸਿਵਰ ਕੋ ਕਿਏ ॥੩੨॥
ਸੁਰਸਰਿ ਤਟ ਪਰ ਪੀਪਰ ਥਾਨ।
ਬੈਠੇ ਸ਼੍ਰੀ ਸਤਿਗੁਰ ਭਗਵਾਨ।
ਸੁਨਿ ਸੁਨਿ ਲੋਕ ਹਜ਼ਾਰੋਂ ਆਵਹਿਂ।
ਚਹੁਂ ਦਿਸ਼ ਭੀਰ ਥਾਉਂ ਨਹਿਂ ਪਾਵਹਿਂ ॥੩੩॥
ਖਾਨ ਪਾਨ ਪੁਨ ਕਰਿ ਬਿਸਰਾਮੇ।
ਜਾਗੇ ਬਹੁਰ ਰਹੀ ਨਿਸ ਜਾਮੇ।
ਸ਼੍ਰੀ ਗੰਗਾ ਕੋ ਊਜਲ ਨੀਰ।
ਕੀਨ ਸ਼ਨਾਨ ਸਰੀਰ ਸਧੀਰ[2] ॥੩੪॥
ਭਈ ਪ੍ਰਭਾਤਿ ਸਭਿਨਿ ਸੁਨਿ ਲੀਨਿ।
'ਸ਼੍ਰੀ ਗੁਰ ਅਮਰ ਆਗਮਨਿ ਕੀਨਿ।'
ਰਿਖਿ, ਮੁਨਿ, ਪੰਡਿਤ, ਤੀਰਥ ਬਾਸੀ।
ਸੰਤ, ਮਹੰਤ, ਅਨਿਕ ਜੱਗਜਾਸੀ ॥੩੫॥
ਬ੍ਰਹਮਚਾਰੀ, ਔਧੂ, ਸੰਨਜਾਸੀ।
ਗ੍ਰਿਹਸਤੀ, ਵੈਰਾਗੀ ਮਿਲਿ ਰਾਸੀ।
ਅਪਰ ਅਨੇਕ ਬੇਖ ਕੇ ਸਾਧੂ।
ਦਰਸ਼ਨ ਕਾਰਨ ਗਜ਼ਾਨ ਅਗਾਧੂ[3] ॥੩੬॥
ਸ੍ਰੀ ਸਤਿਗੁਰ ਚਹੁੰਦਿਸ਼ਿ ਪਰਵਾਰੇ।
ਕਰ ਜੋਰਹਿਂ ਸਿਰ ਬੰਦਨ ਧਾਰੇ।
ਨਰ ਪਰਧਾਨ ਨਿਕਟ ਹੁਇ ਬੈਸੇ।
ਮੁਨਿ ਗਨ ਬਜਾਸ ਪਾਸ ਸੁਭ ਜੈਸੇ ॥੩੭॥

---

[1]ਗੰਗਾ ਦਾ ਸਾਰਾ ਸੰਗ ਨਾਲ ਚਲਿਆ ਆਵੇ।
[2]ਸਮੇਤ ਧੀਰਜ ਦੇ ਗੁਰੂ ਜੀ ਨੇ।
[3]ਗਿਆਨ ਦੇ ਸਮੁੰਦ੍ਰ (ਭਾਵ ਸ੍ਰੀ ਗੁਰੂ ਜੀ ਦੇ)।

ਜੋਗੀ ਬਡੇ ਦਿਗੰਬਰ[1] ਆਏ।
ਖਟ ਦਰਸ਼ਨ ਕੇ ਨਰ ਸਮੁਦਾਏ।
ਪ੍ਰਸ਼ਨੋਤਰ ਕਰਿ ਅਨਿਕ ਪ੍ਰਕਾਰਾ।
ਆਪ ਆਪਨੇ ਮਤ ਅਨੁਸਾਰਾ ॥੩੮॥
ਜੇ ਕਰਿ ਚਰਚਾ ਸਕਲ ਬਖਾਨੌਂ।
ਗ੍ਰੰਥ ਵਧੈ ਯਾਂ ਤੇ ਡਰ ਮਾਨੌਂ।
ਜਥਾ ਜੋਗ ਸਭਿ ਸੋਂ ਕਹਿ ਕਰਿ ਕੈ।
ਭਏ ਪ੍ਰਸੰਨ ਤੋਖਤਾ[2] ਧਰਿ ਕੈ ॥੩੯॥
ਸਭਿ ਨੇ ਜਾਨੇ ਗਹਿਰ ਗੰਭੀਰ।
ਇਨ ਕੋ ਥਾਹ ਨ ਦੀਰਘ ਧੀਰ।
ਕਰਿ ਕਰਿ ਨਮੋ ਬਿਦਾ ਹੁਇ ਗਏ।
ਕਰਤਿ ਸਤੁਤਿ ਮਗ ਗਮਨਤਿ ਭਏ[3] ॥੪੦॥
ਪੁਨ ਸ਼੍ਰੀ ਗੁਰ ਸੁਰਸਰਿ ਆਰਾਧੀ।
'ਹੇ ਦੇਵੀ ਬਡਿ ਜਤਨਨਿ ਲਾਧੀ[4]।
ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ।
ਬਹੁਰਿ ਭਗੀਰਥ ਲਜਾਵਨਿ ਕਰੇ ॥੪੧॥
ਸ਼ਿਵ ਨੇ ਧਾਰ ਸੀਸ ਪਰ ਧਾਰੀ।
ਅਘ ਹਰਿਬੇ ਕੋ ਧਰ ਪਰ ਬਾਰੀ।
ਤੀਨ ਲੋਕ ਮਾਨੀ ਅਘ ਹਾਨੀ।
ਪ੍ਰਥਮ ਸੇਵ ਤੁਮਰੀ ਹਮ ਠਾਨੀ ॥੪੨॥
ਤਿਹ ਕੋ ਫਲ ਸ਼ੁਭ ਪ੍ਰਾਪਤ ਹੋਵਾ।
ਸਰਬ ਪ੍ਰਪੰਚ ਆਪ ਕਰਿ ਜੋਵਾ[5]।
ਦਿਹੁ ਦਰਸ਼ਨ ਬਿਦਤਹੁ ਨਿਜ ਦੇਹ[6]।
ਨੇਹ ਅਛੇਹ ਮੋਹਿ[7] ਲਖਿ ਲੇਹ[*]' ॥੪੩॥

---

[1]ਨਾਂਗੇ ਰਹਿਣ ਵਾਲੇ।
[2]ਤ੍ਰਿਪਤੀ।
[3]ਚਲਦੇ ਹੋਏ।
[4]ਯਤਨ ਕਰਕੇ ਪ੍ਰਾਪਤ ਹੋਈ।
[5]ਸਾਰਾ ਸੰਸਾਰ ਅਪਣਾ ਰੂਪ ਕਰਕੇ ਦੇਖਿਆ।
[6]ਪ੍ਰਗਟੋ ਦੇਹ ਵਿਚ।
[7]ਇਕ ਰਸ ਪ੍ਰੀਤ ਮੇਰੀ ਦੇਖ ਲੈ।
[*]ਇਥੇ ਗੁਰੂ ਜੀ ਗੰਗਾ ਦੀ ਉਸਤਤ ਕਰਦੇ ਦੱਸੇ ਹਨ, ਪਰ ਜਦ ਗੰਗਾ ਪ੍ਰਗਟ ਹੁੰਦੀ ਹੈ ਤਾਂ (ਅੰਕ ੪੪, ੪੫ ਵਿੱਚ) ਉਹ ਗੁਰੂ ਜੀ ਨੂੰ ਵਾਹਿਗੁਰੂ ਜੀ ਦੀ ਜੋਤ ਕਰਕੇ ਅਰਾਧਦੀ ਹੈ ਤੇ ਯਾਚਨਾ ਕਰਦੀ ਹੈ ਕਿ ਮੇਰੇ ਵਿਚ ਪ੍ਰਵੇਸ਼ ਕਰਕੇ ਮੇਰੇ ਵਿਚ ਪਏ ਪਾਪ ਦੂਰ ਕਰੋ।

ਇੱਤਜਾਦਿਕ ਨਿਜ ਸਿਫਤਿ ਸੁਨੀ ਜਬਿ।
ਸ਼੍ਰੀ ਗੰਗਾ ਪ੍ਰਗਟੀ ਜਲ ਤੇ ਤਬਿ।
ਸ਼੍ਰੀ ਗੁਰ ਅਮਰ ਬੰਦਨਾ ਠਾਨੀ[1]।
'ਧੰਨ ਧੰਨ' ਅਵਲੋਕਿ ਬਖਾਨੀ[2] ॥੪੪॥
'ਜਗਤੇਸ਼੍ਵਰ ਕੀ ਜੋਤਿ ਬਿਸਾਲਾ।
ਤੁਮ ਕੋ ਪ੍ਰਾਪਤਿ ਭਈ ਉਜਾਲਾ।
ਤੁਮ ਪਾਵਨਿ ਪਾਵਨਿ ਕਰ ਪਾਵਨ[3]।
ਕਲ ਨਰ ਪਾਪਨਿ ਭਾਰ ਨਸਾਵਨਿ[4]' ॥੪੫॥
ਸੁਨਿ ਪ੍ਰਸੰਨ ਸ਼੍ਰੀ ਗੁਰ ਤਬਿ ਹੋਏ।
ਅੰਤਰ ਧਯਾਨ ਭਈ ਜਲ ਮੋਏ[5]।
ਕੇਤਿਕ ਦਿਨ ਬਸਿ ਕੀਨਿ ਸ਼ਨਾਨਾ।
ਮਨ ਭਾਵਤਿ ਦੇ ਕਰਿ ਤਹਿਂ ਦਾਨਾ ॥੪੬॥
ਸਨੈ ਸਨੈ ਪੁਨਿ ਡੇਰਾ ਪਾਵਤਿ।
ਗੋਇੰਦਵਾਲ ਦਿਸ਼ਾ ਕੋ ਆਵਤਿ।
ਜੈ ਜੈ ਕਾਰ ਕਰਤਿ ਨਰ ਸੰਗ।
ਅਧਿਕ ਅਨੰਦਤਿ ਪਿਖਿ ਗੁਰ ਅੰਗ[6] ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਤੀਰਥ' ਪ੍ਰਸੰਗ ਬਰਨਨੰ ਨਾਮ ਊਨ ਪੰਚਾਸਤਿ ਅੰਸੂ ॥੪੯॥

ਅੰਕ ੪੬ ਵਿਚ ਦਸਦੇ ਹਨ ਕਿ ਇਹ ਸੁਣਕੇ ਗੁਰੂ ਜੀ ਪ੍ਰਸੰਨ ਹੋਏ ਜਿਸ ਤੋਂ ਸਪੱਸ਼ਟ ਹੈ ਕਿ ਗੰਗਾ ਨੇ ਦਾਸ ਵਾਂਙੂ ਸਤਿਗੁਰ ਦੀ ਕੀਰਤੀ ਕਹੀ ਹੈ ਤੇ ਉਨ੍ਹਾਂ ਨੇ ਮਾਲਕ ਦੀ ਹੈਸੀਅਤ ਵਿਚ ਸੁਣੀ ਹੈ। ਤੇ ਚੌਥੇ ਸਤਿਗੁਰਾਂ ਨੇ ਸੰਸੇ ਰਹਤ ਕਰਨੇ ਲਈ ਜੋ ਵਾਕ ਗੁਰਬਾਣੀ ਵਿਚ ਕਿਹਾ ਹੈ ਸੋ ਇਹ ਹੈ ਕਿ ਤੀਰਥਾਂ ਨੂੰ ਪਵਿੱਤ੍ਰ ਕਰਨ ਲਈ ਗੁਰੂ ਜੀ ਤੀਰਥਾਂ ਤੇ ਗਏ ਸਨ।

[1]ਗੰਗਾ ਨੇ ਗੁਰੂ ਅਮਰਦਾਸ ਜੀ ਨੂੰ ਬੰਦਨਾ ਕੀਤੀ।

[2](ਗੁਰੂ ਜੀ ਨੂੰ) ਵੇਖਕੇ ਗੰਗਾ ਕਹਿਣ ਲਗੀ ਕਿ 'ਧੰਨ ਹੋ ਧੰਨ ਹੋ।'

[3]ਪਵਿੱਤ੍ਰ ਚਰਨ ਪਾਵਣਾ ਕਰੋ (ਮੇਰੇ ਵਿਚ)।

[4]ਦੂਰ ਕਰਨ ਲਈ, ਭਾਵ-ਹੇ ਗੁਰੂ ਜੀ ਮੇਰੇ ਵਿਚ ਪਏ ਕਲਜੁਗੀ ਜੀਵਾਂ ਦੇ ਭਾਰ ਦੂਰ ਕਰਨ ਲਈ ਅਪਣੇ ਪਵਿੱਤ੍ਰ ਚਰਣ ਮੇਰੇ ਵਿਚ ਪਾਕੇ ਮੈਨੂੰ ਪਵਿੱਤ੍ਰ ਕਰੋ।

[5]ਜਲ ਵਿਖੇ।

[6]ਅੰਗ (ਅ) ਸਰੂਪ।

੫੦. [ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼ ਤੇ ਗੋਇੰਦਵਾਲ ਪੁੱਜਣਾ]

੪੯<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੧

ਦੋਹਰਾ: ਕ੍ਰਮ ਕ੍ਰਮ ਪੰਥ ਉਲੰਘ ਕਰਿ,
ਤਿਸੀ ਗ੍ਰਾਮ ਕੋ ਆਇ।
ਪਦਮ[1] ਪਛਾਨਜੋ ਬਿਪ੍ਰ ਜਿਹ,
ਗੁਰਤਾ ਜਬਿ ਨਹਿਂ ਪਾਇ[2] ॥੧॥

ਚੌਪਈ: ਡੇਰਾ ਵਹਿਰ ਕੀਨ ਗੁਰ ਤਹਾਂ।
ਸੰਗਤਿ ਸੰਗ ਭੀਰ ਨਰ ਮਹਾਂ।
ਜੈਜੈਕਾਰ ਕਰਤਿ ਦਰਸੰਤੇ।
ਜਹਿਂ ਕਹਿਂ ਕੀਰਤਿ ਮਹਿਤ ਕਰੰਤੇ ॥੨॥
ਦੁਰਗਾ ਬਿੱਪ੍ਰ ਹੇਰਿ ਨਰ ਭੀਰ।
ਬੂਝਤਿ ਭਯੋ ਏਕ ਕੇ ਤੀਰ।
'ਕਿਸਕੇ ਸਾਥ ਅਹੈਂ ਸਮੁਦਾਇ?
ਉਤਰਜੋ ਕੌਨ ਆਇ ਇਸ ਥਾਇਂ?' ॥੩॥
ਤਿਸ ਨੇ ਸਕਲ ਬਤਾਵਨਿ ਕੀਨਾ।
'ਅਮਰਦਾਸ ਸ੍ਰੀ ਗੁਰੂ ਪ੍ਰਬੀਨਾ।
ਸ੍ਰੀ ਨਾਨਕ ਗਾਦੀ ਪਰ ਬੈਸਾ।
ਹੋਤਿ ਸਫਲ ਮੁਖ ਤੇ ਕਹਿ ਜੈਸਾ ॥੪॥
ਛੱਤ੍ਰੀ ਜਾਤਿ ਬ੍ਰਿੱਧ ਬਯ ਮਹਾਂ।
ਤਿਨ ਕੇ ਸੰਗ ਲੋਕ ਬਹੁ ਇਹਾਂ।
ਇਕ ਤੋਂ ਦਰਸ਼ਨ ਕੋ ਸੁਖ ਪਾਵਹਿਂ।
ਤੁਰਕ ਜੇਜਵਾ[3] ਬਹੁਰਿ ਹਟਾਵਹਿਂ ॥੫॥
ਇਤਜਾਦਿਕ ਸੁਖਿ ਲਖਿ ਸਭਿ[*] ਭਾਂਤੀ।
ਰਹੈਂ ਸੰਗ ਜਾਤ੍ਰੀ ਦਿਨ ਰਾਤੀ।'
ਸੁਨਿ ਦੁਰਗੇ ਦਿਜਬਰ ਬੀਚਾਰਾ।
-ਪਿਖਜੋ ਹੁਤੋ ਪਦ ਪਦਮ ਅਕਾਰਾ[+] ॥੬॥
ਤਿਨ ਕੇ ਨਾਮ ਰੁ ਜਾਤਿ ਬਤਾਈ।
ਸੋਈ ਹੁਇ ਪਾਈ ਬਡਿਆਈ।

---

[1]ਚਰਨਾਂ ਵਿਚ ਕਵਲ ਦਾ ਚਿੰਨ੍ਹ।
[2]ਜਦੋਂ ਅਜੇ ਗੁਰਿਆਈ ਨਹੀਂ ਪਾਈ ਸੀ।
[3]ਮਸੂਲ।
[*]ਪਾ:-ਬਹੁ।
[+]ਪਾ:-ਅਗਾਰਾ।

ਕਿਧੌਂ ਆਨ ਹ੍ਵੈ- ਕਰਤਿ ਸੰਦੇਹੂ[1]।
ਕੀਨਿ ਗਮਨ ਨਿਜ ਤਜਿ ਕੈ ਗ੍ਰੇਹੂ ॥੭॥
ਸਨੈ ਸਨੈ ਤਿਹ ਸੰਗ ਮਝਾਰਾ[2]।
ਸ਼੍ਰੀ ਗੁਰ ਕੇ ਤਬਿ ਨਿਕਟ ਸਿਧਾਰਾ।
ਖਰੋ ਦੂਰ ਤੇ ਕਰਤਿ ਚਿਨਾਰੀ।
-ਹੈ ਤੋ ਸਹੀ ਸੁ ਲਘੁ ਆਕਾਰੀ[3]- ॥੮॥
ਪਰਮ ਪ੍ਰਸੰਨ ਭਯੋ ਦਿਜ ਹੇਰੇ।
ਕਹੀ ਅਸ਼ੀਰਬਾਦ ਹੁਇ ਨੇਰੇ।
ਬੈਠਿ ਨਿਕਟ ਲਖਿ ਨੀਕੀ ਰੀਤਿ।
ਨਿਸ਼ਚੈ ਧਰਤਿ ਭਯੋ ਤਬਿ ਚੀਤ ॥੯॥
'ਹੇ ਪ੍ਰਭੁ ! ਮੈਂ ਦਿਜ ਜਾਨਹੁ ਸੋਈ।
ਪੂਰਬ ਮਿਲਯੋ ਬਰਖ ਬਹੁ ਹੋਈ।
ਪਿਖਯੋ ਪਦਮ ਪਦ ਪਦਮ ਮਝਾਰੀ[4]।
ਤਬ ਨ ਜਾਚਨਾ ਕੀਨਿ ਤੁਮਾਰੀ ॥੧੦॥
ਜਬਿ ਇਸ ਕੋ ਫਲ ਪ੍ਰਾਪਤਿ ਹੋਇ।
ਤਬਿ ਲੇਵੌਂ ਚਿਤ ਬਾਂਛਤਿ ਜੋਇ।
ਕਰਯੋ ਹੁਤੋ ਤਕਰਾਰ[5*] ਸੁ ਜੋਵਾ[6]।
ਪ੍ਰਾਪਤਿ ਸਮੈਂ ਆਇ ਸੋ ਹੋਵਾ[7] ॥੧੧॥
ਮਨ ਬਾਂਛਤਿ ਮੁਝ ਕੋ ਅਬਿ ਦੀਜੈ।
ਪ੍ਰਥਮ ਕਹਯੋ ਸਿਮਰਨਿ ਸੋ ਕੀਜੈ[8]'।
ਸ਼੍ਰੀ ਸਤਿਗੁਰ ਸੁਨਿ ਭਏ ਪ੍ਰਸੰਨ।
'ਕਹਿਬੋ ਦਿਜਬਰ ਤੇਰੋ ਧੰਨ[9] ॥੧੨॥
ਜਯੋਂ ਤੈਂ ਕਹਯੋ ਸੁ ਨੀਕੇ ਭਯੋ।
ਚੱਕ੍ਰਵਰਤਿ ਕੋ ਛੱਤ੍ਰ ਸੁ ਦਯੋ।

---

[1]ਅਥਵਾ (ਕੋਈ) ਹੋਰ ਹੋਵੇ (ਇਸ ਤਰ੍ਹਾਂ) ਕਰਕੇ ਸੰਸਾ ਕਰੇ।
[2]ਤਿਸ ਮੇਲ ਵਿਚ।
[3]ਮਧਰੇ, ਛੋਟੇ ਕੱਦ ਵਾਲੇ।
[4]ਕਵਲ ਦੇ ਚਿੰਨ੍ਹ ਚਰਨ ਕਵਲਾਂ ਵਿਚ।
[5]ਇਕਰਾਰ।
[*]ਪਾ:-ਕਰਾਰ।
[6]ਦੇਖਿਆ, ਜਾਣਿਆ।
[7]ਸੋ ਉਸ ਦੇ ਪ੍ਰਾਪਤ ਹੋਣ ਦਾ ਸਮਾਂ ਆ ਗਿਆ ਹੈ।
[8]ਯਾਦ ਕਰ ਲਓ।
[9]ਤੇਰਾ ਕਹਿਣਾ ਧੰਨ ਹੈਸੀ।

ਚਹੁਂ ਚੱਕਨ ਪਰ ਹੁਕਮ ਹਮਾਰਾ।
ਜਹਿਂ ਕਹਿਂ ਪਠੈਂ ਨ ਹ੍ਵੈ ਹਟਕਾਰਾ ॥੧੩॥
ਅਬਿ ਮਨ ਬਾਂਛਤਿ ਜੋ ਕੁਛ ਤੇਰੇ।
ਸੋ ਲੀਜੈ ਸੁਖ, ਅਹੈ ਨ ਦੇਰੇ[+]।
ਲੋਕ ਬਿਖੈ ਸੁਖ ਅਨਿਕ ਪ੍ਰਕਾਰਾ।
ਸੁਤ ਬਿਤ ਆਦਿਕ ਸੁੰਦਰ ਦਾਰਾ ॥੧੪॥
ਜੋ ਚਾਹਹੁ ਸੋ ਜਾਚਨਿ ਕੀਜਹਿ।
ਅਬਿ ਤੇ ਪਰਮ ਸੁਖੀ ਹੁਇ ਜੀਜਹਿ[1]।
ਜੇਕਰਿ ਜਗ ਕੇ ਸੁਖ ਨਹਿਂ ਚਾਹੈਂ।
ਨਾਸ਼ਵੰਤ ਲਖਿ ਨਹਿਂ ਥਿਰਤਾ ਹੈ[2] ॥੧੫॥
ਤੌ ਪਰਲੋਕ ਅਚਲ ਸੁਖ ਭਾਰੀ।
ਜਨਮ ਮਰਨ ਨਹਿਂ ਸੰਕਟ ਭਾਰੀ।
ਰੁਚਹਿ ਜਿ[3] ਮਨ ਮਹਿਂ ਜਾਚਹੁ ਸੋਇ।
ਨੀਕੇ ਲਿਹੁ ਬਿਚਾਰ ਕਰਿ ਜੋਇ ॥੧੬॥
ਲੋਕ ਪ੍ਰਲੋਕ ਮਹਾਂ ਸੁਖ ਦੋਈ।
ਲੀਜਹਿ ਏਕ, ਜਾਚਿ ਕਰਿ ਸੋਈ।'
ਸੁਨਿ ਦਿਜਬਰ ਕੋ ਸੰਸਾ ਪਰਜੋ।
ਨਿਰਨੈ ਨਾਂਹਿਨ ਏਕੈ ਕਰਜੋ ॥੧੭॥
-ਜੇ ਕਰਿ ਸੁਖ ਪ੍ਰਲੋਕ ਕੋ ਜਾਚੌਂ।
ਇਹਾਂ ਰੰਕ ਬਨਿ ਦਾਰਿਦ ਰਾਚੌਂ[4]।
ਮਾਂਗਤਿ ਰਹੌਂ, ਨ ਸੁਖ ਹ੍ਵੈ ਕੋਈ।
ਅਬ ਪ੍ਰਾਪਤਿ ਕੈਸੇ ਦਿਉਂ ਖੋਈ[5] ॥੧੮॥
ਜੇ ਕਰਿ ਲੋਕ ਬਿਖੈ ਸੁਖ ਭਾਰਾ।
ਧਨ ਆਦਿਕ ਤੇ ਹੋਤਿ ਸੁਖਾਰਾ।
ਜਾਚਿ ਲੇਉਂ ਮੈ ਪ੍ਰਾਪਤਿ ਹੋਵੈ।
ਸਗਰੀ ਦਾਰਿਦਤਾ[6] ਕੋ ਖੋਵੈ ॥੧੯॥

[+]ਮੁਰਾਦ ਹੈ ਵਰ ਦੇਣ ਤੋਂ।
[1]ਜੀਵਹੁ।
[2]ਲਖਕੇ ਕਿ ਇਹ (ਪਦਾਰਥ) ਥਿਰ ਨਹੀਂ ਨਾਸ਼ਵੰਤ ਹਨ। (ਅ) ਨਾ (ਮਨ ਦਾ) ਟਿਕਾਉ ਹੈ (ਇਨ੍ਹਾਂ ਵਿਚ)।
[3]ਚੰਗਾ ਲਗੇ ਜੋ।
[4]ਗਰੀਬ ਬਣਕੇ ਕੰਗਾਲਤਾ ਵਿਚ ਰਹਾਂਗਾ।
[5]ਹੁਣ ਮਿਲਦਾ ਹੈ (ਸੁਖ ਇਸ ਲੋਕ ਦਾ) ਕਿਵੇਂ ਗੁਆ ਦੇਵਾਂ।
[6]ਗਰੀਬੀ।

ਮਨ ਭਾਵਤਿ ਸੁਖ ਕਰੌਂ ਬਿਲਾਸਾ।
ਜਾਚਨਿ ਕੀ ਮਿਟਿਹੈ ਸਭਿ ਆਸਾ।
ਜਮ ਕੇ ਬਸਿ ਜਬਿ ਪਰਿਹੌਂ ਜਾਈ।
ਦੇਹਿ ਸਾਸਨਾ[1] ਨਰਕ ਗਿਰਾਈ ॥੨੦॥
ਕਿਤ ਕੋ ਸੁਖ ਅਬਿ ਜਾਚਨਿ ਕਰੌਂ।
ਸੰਸੈ ਹੋਤਿ, ਨ ਨਿਰਨੋ ਧਰੌਂ-।
ਤੂਸ਼ਨਿ ਏਕ ਘਟੀ ਲਗਿ ਹੋਵਾ।
ਤਬਿ ਸ੍ਰੀ ਸਤਿਗੁਰ ਤਿਸ ਦਿਸ਼ਿ ਜੋਵਾ ॥੨੧॥
'ਭੋ ਦਿਜਬਰ! ਕਯੋਂ ਤੂਸ਼ਨਿ ਠਾਨੀ।
ਜਾਚਨ ਕੀਜੈ ਚਾਹਿ ਮਹਾਂਨੀ।
ਸੋ ਹਮ ਤੇ ਲਿਹੁ ਜੋ ਮਨ ਭਾਵਾ।
ਸਾਚ ਕਰਹਿਂ ਬਚ ਹਮ ਜੁ ਅਲਾਵਾ[2]' ॥੨੨॥
ਸੁਨਿ ਕੈ ਤਬਿ ਹੋਯਹੁ ਦਿਜ ਦੀਨ।
ਦ੍ਵੈ ਲੋਕਨਿ ਸੁਖ ਲਾਲਸ ਕੀਨਿ।
ਬਿਨੈ ਸਹਤ ਬਚ ਕਹੈ ਬਨਾਇ।
ਗੁਰੁ ਪ੍ਰਤਾਪ ਲਖਿ ਸੀਸ ਨਿਵਾਇ ॥੨੩॥
ਦਿਜਉ ਵਾਚ: 'ਨਾਮ ਦੇਹਿਂ, ਧਨ ਦੇਹਿਂ ਨ ਜਨ ਕੋ,
ਧਨ ਬਿਹੀਨ ਜਨ* ਜਗ ਨ ਸੁਹਾਇ।
ਜੇ ਧਨ ਦੇਹਿਂ ਨਾਮ ਨਹਿਂ ਦੇਵੈਂ,
ਨਾਮ ਬਿਨਾ ਜਨ ਜਮਪੁਰਿ ਜਾਇ।
ਤੁਮ ਪਹਿ ਕਹੀ ਨਹੀਂ ਬਨਿ ਆਵਹਿ[3]
ਜਯੋਂ ਭਾਵੈਂ ਤਯੋਂ ਬਨਤਿ ਬਨਾਇ[4]।
ਗੁਰ ਅਮਰਦਾਸ ਤੇਜੋ ਕੇ ਨੰਦਨ
ਦੋਨਹੁ ਨਿਰਮਲ ਪੱਖ+ ਚਲਾਇ[5] ॥੨੪॥

---

[1]ਤਾੜਨਾ।
[2]ਜੋ ਕਿਹਾ ਹੈ।
*ਪਾ:-ਨਰ।
[3]ਫਬਦੀ ਨਹੀਂ।
[4]ਕੋਈ ਬਣਤ ਬਣਾ ਦਿਓ।
+ਪਾ:-ਪੰਥ।
[5]ਦੋਹਾਂ ਪਖਾਂ (ਪਾਸਿਆਂ) ਵਿਚ ਨਿਰਮਲਤਾਈ ਵਿਚ ਤੋਰੋ। ਭਾਵ ਲੋਕ ਵਿਚ ਬੀ ਦਰਿੱਦ੍ਰਤਾਈ ਦੀ ਮੈਲ ਨਾ ਦੇਹੋ ਤੇ ਪ੍ਰਲੋਕ ਵਿਚ ਪਾਪ ਸਾਸਨਾ ਦੀ ਮੈਲ ਨਾਂ ਦਿਓ। ਅਗੇ ਅੰਕ ੨੭, ੨੮, ੨੯, ਵਿਚ ਅਰਥ ਸਪੱਸ਼ਟ ਹੋ ਜਾਂਦਾ ਹੈ। (ਅ) ਦੋਵੇਂ ਰਸਤੇ ਤੁਸਾਂ ਨਿਰਮਲ ਟੋਰੇ ਹਨ। ਗ੍ਰਿਹਸਤੀ ਤੇ ਅਤੀਤ ਤਾਰੇ ਹਨ। (ੲ) ਕਈ ਦੋਹਾਂ ਪਖਾਂ ਦਾ ਅਰਥ ਨਾਦੀ ਬਿੰਦੀ ਬੀ ਕਰਦੇ ਹਨ।

ਚੌਪਈ: ਸੱਤਜਨਾਮ ਜੇ ਦੇਵੈਂ ਜਨ ਕੋ।
ਰਹੈ ਦਾਰਿਦੀ ਪਾਇ ਨ ਧਨ ਕੋ।
ਇਹਾਂ ਲੋਕ ਪ੍ਰਤਾਪ ਨ ਜਾਨਹਿ।
-ਅਹੈ ਰੰਕ, ਹੀਨੋ- ਪਹਿਚਾਨਹਿਂ ॥੨੫॥
ਤੁਮਰੀ ਦਾਤ ਨ ਜਾਨੈ ਕੋਈ।
ਸੁਖ ਪ੍ਰਲੋਕ ਨਹਿਂ ਪਾਵਹਿ ਸੋਈ।
ਜੇ ਕਰਿ ਧਨ ਦੇਵਹੁ ਨਿਜ ਜਨ ਕੋ।
ਭੋਗਹਿ ਅਨਿਕ ਰੀਤ ਬਿਸ਼ਿਯਨ ਕੋ ॥੨੬॥
ਬਿਨਾ ਨਾਮ ਜਮ ਕੇ ਬਸਿ ਪਰੈ।
ਨਾਨਾ ਨਰਕ ਬਿਖੈ ਦੁਖ ਭਰੈ।
ਨਹੀਂ ਆਪ ਕੀ ਦਾਤ ਪਛਾਨਹਿ।
ਸਭਿ ਸੰਕਟ ਪ੍ਰਾਪਤਿ ਜਿਸ ਜਾਨਹਿਂ ॥੨੭॥
ਦੋਨਹੁ ਲੋਕ[1] ਆਪ ਕੋ ਦਾਨ।
ਬਿਦਤੈ ਜਨ ਪਾਵਹਿ ਕੱਲਜਾਨ[2]।
ਕਹਨਿ ਬਨਹਿ ਨਹਿਂ ਰਾਵਰਿ ਪਾਸ।
ਜਿਮ ਜਾਨਹੁ ਤਿਮ ਪੂਰਹੁ ਆਸ ॥੨੮॥
ਲੋਕ ਪ੍ਰਲੋਕ ਮਲੀਨ ਬਿਹੀਨ।
ਤੁਮਰੋ ਜਨ ਹੋਵੈ ਸੁਖ ਲੀਨ[3]।'
ਇਮ ਕਹਿ ਬੰਦਨ ਦਿਜ ਨੇ ਕਰੀ।
ਦ੍ਵੈ ਲੋਕਨ ਸੁਖ ਕਾਂਖਾ ਧਰੀ ॥੨੯॥
ਪਿਖਿ ਸਤਿਗੁਰ ਦਿਜ ਕੀ ਚਤੁਰਾਈ।
ਭਏ ਪ੍ਰਸੰਨ ਤਨਕ[4] ਮੁਸਕਾਈ।
ਕਹਜੋ ਬਾਕ 'ਦੋਨਹੁ ਤੁਮ ਲੇਹੁ।
ਪ੍ਰਾਪਤਿ ਹ੍ਵੈ ਸੁਖ ਅਬਹਿ ਅਛੇਹੁ ॥੩੦॥
ਜਬਿ ਲੌਂ ਜੀਵਹੁ ਧਨ ਬਹੁ ਪਾਵਹੁ।
ਸਿਮਰਹੁ ਸੱਤਿਨਾਮ ਲਿਵ ਲਾਵਹੁ।
ਅੰਤ ਸਮੈ ਜਮ ਨਹਿਂ ਦਰਸੈਹੋ।

---

[1]ਦੋਵੇਂ ਲੋਕਾਂ ਦਾ।
[2]ਮੁਕਤੀ।
[3]ਲੋਕ ਪ੍ਰਲੋਕ ਵਿਚ ਆਪ ਦਾ ਜਨ ਮਲੀਨਤਾ ਬਿਨਾਂ ਹੋਕੇ ਸੁਖ ਵਿਚ ਲੀਨ ਹੋਵੇ,
(ਅ) ਤੁਹਾਡਾ ਦਾਸ ਲੋਕ ਵਿਚ ਮਲੀਨ (ਦਰਿੱਦ੍ਰੀ) ਹੈ ਤੇ ਪ੍ਰਲੋਕ ਵਿਚ (ਪੁੰਨਾਂ ਤੋਂ) ਬਿਹੀਨ ਹੈ, (ਐਸੀ ਕਿਰਪਾ ਕਰੋ ਕਿ ਇਹ ਦੋਹੀਂ ਥਾਈਂ) ਸੁਖ ਵਿਚ ਲੀਨ ਹੋਵੇ।
[4]ਜ਼ਰਾ ਕੁ।

ਪੁੰਨਵਾਕ ਕੇ ਲੋਕ[1] ਸਿਧੈ ਹੋ' ॥੩੧॥
ਬਰ ਲੇ ਕਰਿ ਦਿਜਬਰ ਹਰਖਾਇਵ।
ਜਨਮ ਮਰਨ ਸੰਦੇਹ ਮਿਟਾਇਵ।
ਨਮਸਕਾਰ ਕਰਿ ਸਦਨ ਸਿਧਾਰਾ।
ਤਬਿ ਤੇ ਪ੍ਰਾਪਤਿ ਦਰਬ ਉਦਾਰਾ ॥੩੨॥
ਸਗਰੀ ਚਿੰਤਾ ਰਿਦੇ ਬਿਨਾਸੀ।
ਅਨਿਕ ਭਾਂਤਿ ਕੇ ਲਹਿ ਸੁਖ ਰਾਸੀ।
ਅੰਤ ਸਮਾ ਜਬਿ ਪ੍ਰਾਪਤਿ ਹੋਵਾ।
ਨਹੀਂ ਨਰਕ ਕੋ ਸੰਕਟ ਜੋਵਾ ॥੩੩॥
ਪੁੰਨਵਾਨ ਪੁਰਖਨਿ[2] ਗਤਿ ਪਾਈ।
ਸ਼੍ਰੀ ਸਤਿਗੁਰ ਕੀ ਦਾਤ ਸੁਹਾਈ।
ਤਹਾਂ ਰਾਤ੍ਰਿ ਬਸਿ ਕਰਿ ਗੋਸਾਈਂ।
ਭਾਈ ਪ੍ਰਾਤਿ ਜਾਗੇ ਸਮੁਦਾਈ ॥੩੪॥
ਨਿਤ ਕੀ ਕ੍ਰਿਯਾ ਕੀਨ ਇਸ਼ਨਾਨੇ।
ਸੰਗਤਿ ਭੀਰ ਸੰਗ ਪ੍ਰਸਥਾਨੇ।
ਸਨੇ ਸਨੇ ਮਗ ਇਸੀ ਪ੍ਰਕਾਰ।
ਨਿਤ ਉਠਿ ਚਲਹਿਂ ਗੁਰੂ ਸੁਖਕਾਰਿ ॥੩੫॥
ਪ੍ਰਾਪਤਿ ਭਏ ਬਿਲੋਕਤਿ ਦੇਸ਼[3]।
ਬੋਲਤਿ ਜੈ ਜੈ ਕਾਰ ਅਸ਼ੇਸ਼।
ਜਮਨਾ ਉਲਂਘੇ ਦੇਸ਼ ਅਗਾਰੇ।
ਪੁਨ ਆਏ ਸਤੁੱਦ੍ਰਵ[4] ਕਿਨਾਰੇ ॥੩੬॥
ਚਢੇ ਤਰੀ ਪਰ ਹੋਏ ਪਾਰ।
ਦੇਸ਼ ਦੁਆਬੇ ਕੇਰ ਮਝਾਰ।
ਸਨੈ ਸਨੈ ਉਲਂਘਜੋ ਜਬਿ ਸਾਰੋ।
ਤੀਰ ਬਿਪਾਸਾ[5] ਆਨਿ ਨਿਹਾਰੋ ॥੩੭॥
ਗੋਇਂਦਵਾਲ ਜਬਹਿ ਸੁਧਿ ਆਈ।
ਰਾਮਦਾਸ ਲੇ ਨਰ ਸਮੁਦਾਈ।
ਜੁਤ ਉਤਸਾਹ ਅਗਾਰੀ ਚਾਲੇ।

---

[1]ਭਾਵ ਬੈਕੁੰਠ ਵਿਚ।
[2]ਪੁੰਨਵਾਨ ਪੁਰਖਾਂ ਵਾਲੀ।
[3]ਦੇਸ਼ਾਂ ਨੂੰ ਵੇਖਕੇ।
[4]ਸਤਲੁਜ ਦੇ
[5]ਕੰਢਾ ਬਿਆਸਾ ਦਾ।

ਪਠਹਿਂ ਸ਼ਬਦ ਕਰਿ ਪ੍ਰੇਮ ਬਿਸਾਲੇ ॥੩੮॥
ਦਰਸ਼ਨ ਕਰੇ ਜਾਇ ਸੁਖਰਾਸੀ[1]।
ਧਰਹਿਂ ਅਕੋਰ ਚਰਨ ਕੇ ਪਾਸੀ।
ਸਭਿ ਕੀ ਕੁਸ਼ਲ ਬੂਝਿ ਸਤਿਕਾਰੇ।
ਰਾਮਦਾਸ ਸੋਂ ਬਾਕ ਉਚਾਰੇ ॥੩੯॥
'ਤੁਮ ਕੋ ਗਏ ਸੌਂਪ ਸਭਿ ਕਾਰੀ।
ਕੁਸ਼ਲ ਸੰਗ ਸੋ ਭਲੇ ਸੰਭਾਰੀ?
ਅਨਦ ਸਮੇਤ ਅਪਰ ਸਭਿ ਅਹੈਂ?
ਗੋਇੰਦਵਾਲ ਵਿਖੈ ਜੇ ਰਹੈਂ' ॥੪੦॥
ਹਾਥ ਜੋਰਿ ਕਰਿ ਸਕਲ ਬਤਾਈ।
'ਪ੍ਰਭੁ ਤੁਮ ਨੇ ਸਭਿ ਸੁਖ ਬਰਤਾਈ।
ਜੇਤਿਕ ਜਿਸ ਤੇ ਕਾਰ ਕਰਾਈ।
ਤੇਤਿਕ ਭਈ ਕੁਸ਼ਲ ਸਮੁਦਾਈ' ॥੪੧॥
ਇਮ ਮਿਲਿ ਸਕਲ ਨਰਨ ਕੇ ਸਾਥ।
ਉਤਰੇ ਪਾਰ ਬਿਪਾਸਾ ਨਾਥ।
ਪੁਰਿ ਮਹਿਂ ਪ੍ਰਵਿਸ਼ੇ ਮੰਗਲ ਕਰਿਤੇ।
ਦਰਸਹਿਂ ਤ੍ਰਿਯ ਨਰ ਹਰਖ ਸੁ ਧਰਿਤੇ ॥੪੨॥
ਆਇ ਬਿਰਾਜੇ ਅਪਨਿ ਸਥਾਨ।
ਮੰਗਲ ਹੋਤਿ ਅਨੇਕ ਬਿਧਾਨ।
ਜੋ ਗ੍ਰਾਮਨਿ ਕੇ ਸੰਗੀ ਹੁਤੇ।
ਕਰਿ ਬੰਦਨ ਘਰ ਗਮਨੇ ਤਿਤੇ ॥੪੩॥
ਸੁਜਸੁ ਕਰਤਿ ਬਹੁ ਸਤਿਗੁਰ ਕੇਰਾ।
ਫੈਲਜੋ ਦੇਸ਼ ਬਿਦੇਸ਼ ਬਡੇਰਾ।
ਕਰਤਿ ਅਨਿਕ ਜੀਵਨਿ ਕੱਲਜਾਨ।
ਦਜੋਸ ਬਿਤਾਵਹਿ ਗੁਰੁ ਭਗਵਾਨ ॥੪੪॥

ਦੋਹਰਾ: ਪ੍ਰਥਮ ਰੀਤਿ ਨਿਤ ਚਲਤਿ ਤਿਮ, ਦੇਗ਼ ਕਰਨਿ ਤੇ ਆਦਿ।
ਸਿੱਖਜ ਸੈਂਕਰੇ ਹੋਤਿ ਹੈਂ ਪ੍ਰਾਪਤਿ ਪਰਮ ਪ੍ਰਸਾਦਿ[2] ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਗੰਗਾ ਤੇ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

---

[1]ਸੁਖਾਂ ਦੀ ਖਾਣ ਸ਼੍ਰੀ ਗੁਰੂ ਜੀ ਦੇ।
[2]ਭਾਵ ਨਾਮ ਦਾਨ ਨੂੰ, ਯਥਾ ਗੁਰਵਾਕ- 'ਨਾਮੁ ਨ ਵਿਸਰੈ ਸੰਤ ਪ੍ਰਸਾਦਿ'॥ (ਅ) ਪਰਮ ਦਿਆਲਤਾ।

੫੧. [ਬਾਵਲੀ ਰਚਣੀ। ਸ੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ]

੫੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੨

ਦੋਹਰਾ: ਧਰਮ ਧੁਰੰਧਰ[1] ਅਮਰ ਗੁਰੁ, ਸਦਾ ਚਹਿਤਿ ਉਪਕਾਰ।
ਰਚਿਬੇ ਤੀਰਥ ਬਾਵਲੀ, ਸਿੱਖਜਨਿ ਹੇਤੁ ਉਧਾਰ ॥੧॥

ਚੌਪਈ: ਇਕ ਦਿਨ ਸਭਾ ਮਝਾਰ ਉਚਾਰਾ।
'ਇਹਾਂ ਬਾਵਲੀ ਲਗਹਿ ਉਦਾਰਾ।
ਸਿਖ ਸੰਗਤਿ ਦਰਸ਼ਨ ਕੋ ਆਵਹਿਂ।
ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ' ॥੨॥
ਇਮ ਕਹਿ ਸਤਿਗੁਰ ਆਇਸੁ ਦੀਨਸਿ*।
'ਲਿਖਹੁ ਹੁਕਮਨਾਮੇ ਹਿਤ ਚੀਨਸਿ[2+]।
ਤੀਰਥ ਕੀ ਤਜਾਰੀ ਗੁਰੁ ਕਰੈਂ।
ਹੁਇ ਨਿਹਾਲ ਸੇਵਾ ਹਿਤਧਰੈਂ' ॥੩॥
ਪਾਰੋ[3] ਨੇ ਲਿਖਿ ਸਕਲ ਪਠਾਏ।
ਪੁਰਿ ਗ੍ਰਾਮਨ ਤੇ ਸੁਨਿ ਸਿਖ ਆਏ।
ਭਯੋ ਮੇਲ ਸੰਗਤਿ ਕੋ ਭਾਰੋ।
ਜਥਾ ਸ਼ਕਤਿ ਲੈ ਆਵਹਿਂ ਕਾਰੋ ॥੪॥
ਦਰਸ਼ਨ ਹੇਤੁ ਚੌਂਪ ਚਿਤ ਧਾਰੇ।
ਸੇਵਾ ਠਾਨਹਿਂ ਗੁਰੂ ਅਗਾਰੇ।
ਮਿਲਿ ਗੁਰ ਪਗ ਕੋ ਬੰਦਨ ਠਾਨਹਿਂ।
ਧਰਹਿਂ ਭਾਉ ਅਪਨੋ ਹਿਤ ਜਾਨਹਿਂ ॥੫॥
ਸ੍ਰੀ ਗੁਰੁ ਨੇ ਸ਼ੁਭ ਦਿਵਸਿ ਨਿਹਾਰਾ।
ਨਿਕਸੇ ਵਹਿਰ ਅਨੰਦ ਉਦਾਰਾ।
ਸਭਿ ਸੰਗਤਿ ਕੋ ਸੰਗਿ ਸੁ ਲੀਨਿ।
ਬਹੁ ਮਿਸ਼ਟਾਨ ਮੰਗਾਵਨਿ ਕੀਨਿ ॥੬॥
ਥਲ ਸੁੰਦਰ ਪਿਖਿ ਪਾਸ ਬਿਪਾਸਾ।
ਢਿਗ ਪੁਰਿ ਗੋਇੰਦਵਾਲ ਪ੍ਰਕਾਸ਼ਾ।
ਮੰਦ ਮੰਦ ਪਦ ਸੁੰਦਰ ਧਰਿਹੀਂ।
ਸੰਗ ਸੰਗਤਾਂ ਭੀਰ ਨਿਹਰਿਹੀਂ ॥੭॥

---

[1]ਧਰਮ ਦੇ ਆਚਾਰਯ, ਧਰਮ ਵਿਚ ਸਭ ਤੋਂ ਮੁਹਰੇ।
*ਪਾ:-ਦੀਨੀ।
[2]ਭਲਾ ਜਾਣਕੇ।
+ਪਾ:-ਚੀਨੀ।
[3]ਭਾਈ ਪਾਰੋ ਜੁਲਕਾ।

ਸੁਥਲ ਜਾਨਿ ਗੁਰੁ ਇਸਥਿਤ ਭਏ।
ਟਕ ਲਾਵਨਿ ਕੀ ਆਇਸੁ ਦਏ।
ਬੁੱਢੇ ਪ੍ਰਥਮ ਕਹੀ ਕਰ ਗਹੀ[1]।
ਜਹਿਂ ਗੁਰ ਕਹੀ ਤਿਰਥ ਕਰਿ ਸਹੀ[2] ॥੮॥
ਤਹਿਂ ਤੇ ਮਾਟੀ ਲੀਨਿ ਉਪਾਟੀ[3]।
ਭਰੀ ਟੋਕਰੀ ਸਿਰ ਧਰਿ ਸਾਟੀ[4]।
ਬਹੁਰੋ ਸਕਲ ਸਿੱਖਜ ਲਗਿ ਪਰੇ।
ਧਰੇ ਚੌਂਪ ਸੇਵਾ ਹਿਤ ਕਰੇ ॥੯॥
ਸਤਿਗੁਰ ਖਰੇ ਕਰਾਵਤਿ ਕਾਰ।
ਸੰਗਤਿ ਕਰਤਿ ਚੌਂਪ ਚਿਤ ਧਾਰਿ।
ਜਹਿਂ ਕਹਿਂ ਪਸਰਿ ਗਯੋ ਬਿਰਤੰਤੂ।
'ਤੀਰਥ ਰਚਯੋ ਗੁਰੂ ਭਗਵੰਤੂ' ॥੧੦॥
ਨਿਜ ਘਰ ਤੇ ਕਹੀਆਂ ਬਹੁ ਲਜਾਵਹਿਂ।
ਸਿਰ ਪਰ ਧਰੇ ਟੋਕਰੇ ਆਵਹਿਂ।
ਜਯੋਂ ਜਯੋਂ ਸੇਵ ਕਰਹਿਂ ਧਰਿ ਭਾਊ।
ਤਯੋਂ ਤਯੋਂ ਸਤਿਗੁਰ ਹੋਤਿ ਪਸਾਊ[5] ॥੧੧॥
ਨਿਤਪ੍ਰਤਿ ਕਰਤਿ ਕਾਰ ਨਰ ਬ੍ਰਿੰਦ।
ਕਾਢਹਿਂ ਮਾਟੀ ਖੋਦਿ ਬਿਲੰਦ।
ਸੰਗਤਿ ਕਾਰ ਕਰਤਿ ਤਹਿਂ ਜੇਤੀ।
ਅਚਹਿ ਦੇਗ ਤੇ ਭੋਜਨ ਤੇਤੀ ॥੧੨॥
ਲਗਹਿਂ ਮਿਹਨਤੀ ਗਨ ਜੇ ਆਇ।
ਸੋ ਦੁਇ ਟਕੇ[6] ਦਿਹਾਰੀ ਪਾਇਂ।
ਲੰਗਰ ਤੇ ਅਹਾਰ ਮਨ ਭਾਵਤਿ।
ਲੇ ਕਰਿ ਸੋ ਭੀ ਤਹਿਂ ਤੇ ਖਾਵਤਿ ॥੧੩॥
ਦੇਗ ਬਿਸਾਲ ਹੋਨਿ ਤਬਿ ਲਾਗੀ।
ਆਨਹਿਂ ਅੰਨ ਸਿੱਖਜ ਬਡਿਭਾਗੀ।
ਕੇਤਿਕ ਦਾਸ ਦਰਬ ਲੇ ਆਇਂ।

---

[1]ਕਹੀ ਹੱਥ ਫੜੀ।
[2]ਜਿੱਥੇ ਗੁਰੂ ਜੀ ਨੇ ਤੀਰਥ ਨਿਰਨਾ ਕਰਕੇ ਆਖਿਆ (ਕਿ ਟੱਕ ਲਾਓ)।
[3]ਪੁੱਟ ਲਈ।
[4]ਸੱਟੀ।
[5]ਪ੍ਰਸੰਨ।
[6]ਦੋ ਆਨੇ (ਦੇਖੋ ਅੰਕ ੨੦)।

ਬੈਠਿ ਮਿਹਨਤੀ ਦੇਤਿ ਲਗਾਇ ॥੧੪॥
ਰਹੈ ਬਾਵਲੀ ਥਲ ਬਡ ਭੀਰ।
ਕਬਿ ਕਬਿ ਸਤਿਗੁਰੂ ਬੈਠਹਿਂ ਤੀਰ।
ਧਨ ਤੇ ਤਨ ਤੇ ਸੇਵਹਿਂ ਗੁਰੁ ਕੋ।
ਪ੍ਰੇਮ ਕਰਹਿਂ ਦੀਰਘ ਨਰ ਉਰ ਕੋ ॥੧੫॥
ਘਾਲਹਿਂ ਘਾਲ ਲੇਹਿਂ ਫਲ ਚਾਹਾ।
ਹਲਤ ਪਲਤ ਕੋ ਦੀਰਘ ਲਾਹਾ।
ਸੁਨਿ ਸੁਨਿ ਸੁਧਿ ਕੋ ਸਿਖ ਉਤਲਾਵਤਿ।
ਕਰਤਿ ਚੌਂਪ ਚਿਤ ਤਿਸ ਥਲ ਆਵਤਿ ॥੧੬॥
ਲਵਪੁਰਿ ਆਦਿ ਨਗਰ ਗਨ ਜੋਈ।
ਗ੍ਰਾਮ ਬ੍ਰਿੰਦ ਮਹਿਂ ਇਹ ਸੁਧਿ ਹੋਈ।
'ਸਤਿਗੁਰੁ ਤੀਰਥ ਰਚਹਿਂ ਸੁ ਬਾਪੀ[1]।
ਫਲਦਾਯਕ, ਜਹਿਂ ਉਧਰਹਿਂ ਪਾਪੀ ॥੧੭॥
ਗਏ ਭਾਵਨੀ ਕਰਿ ਹੁਇ ਪੂਰਨ[2]'।
ਇਮ ਸੁਨਿ ਨਰ ਗਨ ਪਹੁਂਚਹਿਂ ਤੂਰਨ।
ਧਨ ਤੇ ਲਾਇ ਮਿਹਨਤੀ ਦੇਤਿ।
ਪੁਨ ਉਠਿ ਖਨਹਿਂ ਕਹੀ ਕਰ ਲੇਤਿ ॥੧੮॥
ਇਕ ਜਾਵਹਿਂ ਇਕ ਆਵਹਿਂ ਪਾਸ।
ਸਿੱਖ ਸੰਗਤਿ ਮਹਿਂ ਅਧਿਕ ਹੁਲਾਸ।
ਕਾਰ ਬਾਪਿਕਾ ਮਹਿਂ ਅਨੁਰਾਗੇ।
ਸਤਿਗੁਰ ਕੀ ਸੇਵਾ ਮੋਂ ਲਾਗੇ ॥੧੯॥
ਲਵਪੁਰਿ ਤੇ ਮਜੂਰ ਚਲਿ ਆਏ।
ਕਰਹਿਂ ਕਾਰ ਚਿਤ ਚੌਂਪ ਬਢਾਏ।
ਦਿਨ ਮਹਿਂ ਲੰਗਰ ਭੋਜਨ ਖਾਵਤਿ।
ਸੰਝ ਦੁ ਆਨਿ[3] ਦਿਹਾੜੀ ਪਾਵਤਿ ॥੨੦॥
ਇਕ ਸਿਖ ਪ੍ਰੇਮੀ ਤਹਿਂ ਚਲਿ ਆਵੈਂ।
ਇਕ ਮਿਹਨਤੀ ਦਿਹਾੜੀ ਪਾਵੈਂ।
'ਦਿਨ ਪ੍ਰਤਿ ਬਾਪੀ ਕਾਰ ਮਹਾਨਾ।

---

[1]ਬਾਵਲੀ।
[2]ਭਾਵਨਾ ਧਾਰਕੇ ਗਇਆਂ (ਜਿੱਥੇ ਆਸਾਂ) ਪੂਰਨ ਹੋਣਗੀਆਂ। (ਅ) ਜੋ ਭਾਵਨੀ ਧਾਰਕੇ ਗਏ ਹਨ, (ਉਨ੍ਹਾਂ ਦੀਆਂ) (ਭਾਵਨੀਆਂ) ਪੂਰਨ ਹੋ ਗਈਆਂ ਹੈਨ।
[3]ਸੰਝਾਂ ਨੂੰ ਦੋ ਆਨੇ।

ਹੋਵਤਿ ਹੈ' ਭੀ ਬਿਦਤ ਮਹਾਨਾ ॥੨੧॥
ਸਭਿ ਮਹਿਂ ਰਾਮਦਾਸ ਮਿਲਿ ਕਰਿ ਕੈ।
ਸਤਿਗੁਰ ਚਰਨ ਪ੍ਰੇਮ ਕੋ ਧਰਿ ਕੈ।
ਕਰਹਿਂ ਬਾਪਿਕਾ[1] ਸੇਵ ਬਿਸਾਲਾ।
ਸਰਬ ਗਰਬ ਤੇ ਹੋਹਿ ਨਿਰਾਲਾ ॥੨੨॥
ਅਤਿ ਹਿਤ ਕਰਿ ਕੈ ਕਾਰ ਕਮਾਵਹਿਂ।
ਧਰਹਿਂ ਟੋਕਰੀ ਸਿਰ, ਨਿਕਸਾਵਹਿਂ[2]।
ਨਿਜ ਕੁਲ ਕੀ ਲੱਜਾ ਕੋ ਪਰਹਰਿ।
ਸਨਬੰਧਿਨਿ ਕੀ ਆਨ ਨਹੀਂ ਧਰਿ[3] ॥੨੩॥
ਸਭਿ ਜਗ ਕੀ ਰਾਖੀ ਨਹਿਂ ਕਾਨ[4]।
ਸੇਵਾ ਕੇ ਤਤਪਰ ਸਵਧਾਨ।
ਖੇਦ ਸਰੀਰ ਸੁ ਨਹੀਂ ਵਿਚਾਰਤਿ।
ਪ੍ਰੇਮਾ ਭਗਤਿ ਰਾਤਿ ਦਿਨ ਧਾਰਤਿ ॥੨੪॥
ਅਪਰ ਸੰਗ ਨਹਿਂ ਇਰਖਾ ਠਾਨਹਿਂ।
ਕਰਹਿਂ ਟਹਿਲ ਸੁਖ ਮਹਿਲ ਪ੍ਰਮਾਨਹਿਂ[5]।
ਖਨਹਿਂ ਮ੍ਰਿੱਤਕਾ ਸੀਸ ਉਠਾਵੈਂ।
ਨਿਕਸਿ ਵਹਿਰ ਕੋ ਦੂਰਿ ਗਿਰਾਵੈਂ ॥੨੫॥
ਧੂਲ ਸਰੀਰ ਬਸਤ੍ਰ ਕੋ ਲਾਗਹਿ।
ਹ੍ਵੈ ਮਨ ਭੰਗ ਨ, ਪ੍ਰੇਮ ਸੁ ਜਾਗਹਿ।
ਮਨ, ਬਚ, ਕ੍ਰਮ ਸੇਵਾ ਕੇ ਤਤਪਰ।
ਅਪਰ ਮਨੋਰਥ ਕੋ ਨਹਿਂ ਉਰ ਧਰਿ ॥੨੬॥
ਸ਼੍ਰੀ ਗੁਰੁ ਪੂਰਨ ਅੰਤਰਜਾਮੀ।
ਤਿਸ ਕੀ ਲਖਹਿਂ ਸੇਵ ਸਭਿ ਸ੍ਵਾਮੀ।
ਉਰ ਪਰਪੱਕਜ ਪ੍ਰੇਮ ਕਰਿ ਰੂਰਾ।
ਸ਼ਰਧਾ ਸੁਮਤਿ ਸੰਗਿ ਪਰਿਪੂਰਾ ॥੨੭॥
ਪਰਮ ਲਾਭ ਸੇਵਾ ਕਹੁ ਜਾਨਹਿ।
ਸ਼੍ਰੀ ਸਤਿਗੁਰੂ ਸਭਿ ਭੇਵ ਪਛਾਨਹਿਂ।
ਕਿਤਿਕ ਕਾਲ ਬੀਤਾ ਲਗਿ ਸੇਵਾ।

---

[1]ਬਾਵਲੀ ਦੀ।
[2]ਕੱਢਦੇ ਹਨ (ਮਿੱਟੀ)।
[3]ਸ਼ਰੀਕਾਂ ਦੀ ਸ਼ਰਮ (ਜੀ ਵਿਚ) ਨਾ ਧਾਰਣ ਕਰਕੇ।
[4]ਪਰਵਾਹ, ਕਣੌਡ।
[5]ਟਹਿਲ ਤੋਂ ਸੁਖ ਦਾ ਮਰਾਤਬਾ ਮਿਲਦਾ ਹੈ ਇਹ ਜਾਣਦੇ ਹਨ।

ਲੇਸ਼ ਮਾਤ੍ਰ ਜਿਸ ਨਹਿਂ ਅਹੰਮੇਵਾ[1] ॥੨੮॥
ਲਵਪੁਰਿ ਸੰਗ ਜਾਤਿ ਗਨ ਗੰਗਾ[2]।
ਆਇ ਕਿਯੋ ਡੇਰਾ ਥਲ ਚੰਗਾ।
ਬਹੁ ਸਨਬੰਧੀ ਹੈਂ ਤਿਨ ਮਾਂਹਿ।
ਰਾਮਦਾਸ ਕੇ ਮੇਲੀ ਆਹਿਂ ॥੨੯॥
ਕੋ ਗਜ਼ਾਤੀ[3], ਭ੍ਰਾਤਾ ਹੈ ਕੋਈ।
ਸੋਢ ਬੰਸ ਕੇ ਨਰ ਬਰ ਸੇਈ।
ਕੇਤਿਕ ਤਿਨ ਮਹਿਂ ਸਖਾ ਸਬੈਸ[4]।
ਕੇਤਿਕ ਪ੍ਰਿਥਮ ਪਰੋਸੀ ਹੈਸ[5] ॥੩੦॥
ਕੇਤਿਕ ਬ੍ਰਿੱਧ ਅਹੈਂ ਹਿਤਕਾਰੀ[6]।
ਪਿਖਨ ਮਾਤ੍ਰ ਹੀ ਕਿਤਿਕ ਚਿਨਾਰੀ[7]।
ਤਾਊ, ਚਚੇ ਕਿਤਿਕ ਕੁਲ ਮਹਿਂ ਕੇ।
ਸਭਿ ਮਿਲਿਬੇ ਹਿਤ ਆਇ ਸੁ ਚਹਿ ਕੇ ॥੩੧॥
ਦਿਜ ਕੇਤਿਕ ਪ੍ਰੋਹਤ ਤੇ ਆਦਿ।
ਛੱਤ੍ਰੀ ਕਿਤਿਕ ਪਿਖਿਨਿ ਅਹਿਲਾਦਿ।
ਵੈਸ਼ ਸ਼ੂਦ੍ਰ ਜੇ ਨਿਕਟ ਬਸੰਤੇ।
ਜਿਨ ਸੋਂ ਬੋਲਤਿ ਬਸ ਬਰਤੰਤੇ[8] ॥੩੨॥
ਕਹਤਿ ਪਰਸਪਰ ਮਿਲਿ ਕੈ ਬ੍ਰਿੰਦ।
'ਇਹਾਂ ਬਸਹਿ ਹਰਿਦਾਸ ਸੁ ਨੰਦ[9]।
ਸ੍ਰੀ ਗੁਰੁ ਅਮਰ ਲੀਨਿ ਗੁਰਿਆਈ।
ਨਗਰੀ ਗੋਇੰਦਵਾਲ ਬਸਾਈ ॥੩੩॥
ਗੁਰ ਕੇ ਹ੍ਵੈ ਅਲੰਬ ਸੁਖ ਲਹਜੋ।
ਘਰ ਸਸੁਰਾਰ ਆਨ ਸੋ ਰਹਜੋ।
ਬਡੋ ਭ੍ਰਾਤ ਇਨ ਕੋ ਸੰਹਾਰੀ[10]।

---

[1]ਹੰਕਾਰ।
[2]ਲਾਹੌਰ ਦਾ ਸੰਗ (ਜੋ) ਸਾਰਾ ਜਾਂਦਾ ਸੀ ਗੰਗਾ ਨੂੰ।
[3]ਸ਼ਰੀਕ।
[4]ਇਕੋ ਜਿਹੀ ਉਮਰ ਦੇ ਮ੍ਰਿੱਤ।
[5]ਗਵਾਂਢੀ ਸਨਗੇ।
[6]ਬੁਢੇ ਪਿਆਰ ਵਾਲੇ ਹਨ।
[7]ਕਈਆਂ ਦੀ ਦੇਖਣ ਮਾਤ੍ਰ ਦੀ ਹੀ ਪਛਾਣ ਸੀ।
[8]ਜਿਨ੍ਹਾਂ ਨਾਲ (ਕੋਲ ਦਾ) ਵੱਸਣ ਤੇ ਵਰਤੋਂ (ਕਰਕੇ) ਬੋਲ ਚਾਲ ਸੀ।
[9]ਭਾਈ ਹਰਦਾਸ ਜੀ ਦੇ ਸਪੁੱਤ੍ਰ (ਸ੍ਰੀ ਰਾਮਦਾਸ ਜੀ)।
[10]ਸ੍ਰੀ ਗੁਰੂ ਰਾਮਦਾਸ ਜੀ ਦੇ ਬੜੇ ਭਾਈ ਦਾ ਨਾਮ।

ਪਿਤ ਸਥਾਨ ਲਵਪੁਰੀ ਮਝਾਰੀ ॥੩੪॥
ਅਪਨੇ ਸਗਰੇ ਸਦਨ ਸੰਭਾਰੇ।
ਰਹਜੋ ਸੁ ਦ੍ਰਿੜ ਗਜਾਤੀਨ ਮਝਾਰੇ[1]।
ਆਨਿ ਬਸਜੋ ਇਹ ਤਜਿ ਪੁਰਿ ਭਲੋ[2]।
ਦੇਖਹਿਂ ਕਹਾਂ ਹਾਲ, ਅਬ ਚਲੋ[3] ॥੩੫॥
ਵਾਧ ਕਿ ਘਾਟ ਸਮ੍ਰਿੱਧੀ ਤਹਿਂ ਤੇ।
ਕਿਸ ਬਿਧਿ ਭਯੋ ਆਇ ਇਤਿ ਰਹਿਤੇ।
ਕਿਰਤਿ ਕੌਨ ਸੀ ਕਰਤਿ ਬਸੰਤਾ।
ਜਿਸ ਤੇ ਗ੍ਰਿਹਸਥ ਕਾਰ ਨਿਬਹੰਤਾ' ॥੩੬॥
ਇੱਤਜਾਦਿਕ ਕਹਿ ਆਪਸ ਮਹੀਆ।
ਸਨੈ ਸਨੈ ਆਵਤਿ ਭੇ ਤਹੀਆ।
ਜਹਾਂ ਕਾਰ ਬਾਪੀ ਸੁ ਕਮਾਵਹਿਂ।
ਧਰੇ ਟੋਕਰੀ ਸਿਰ ਪਰ ਆਵਹਿਂ ॥੩੭॥
ਸਭਿਨਿ ਬਿਲੋਕਯੋ ਸਨਮੁਖ ਆਵਤਿ।
ਸਿਰ ਤੇ ਮ੍ਰਿਤਕਾ ਤਹਾਂ ਗਿਰਾਵਤਿ।
ਪਿਖਿ ਸਭਿ ਕੋ ਸਨਮੁਖ ਹੁਇ ਕਰਿ ਕੈ।
'ਰਾਮ ਰਾਮ' ਤਿਨਿ ਸਾਥ ਉਚਰਿ ਕੈ ॥੩੮॥
'ਪੈਰੀ ਪਵਣਾ' ਕਹਿ ਕਹਿ ਸੰਗ।
ਗਹੇ ਟੋਕਰੀ ਖਰੋਨਿ ਸੰਗ।
ਹੁਤੇ ਜੁ ਬ੍ਰਿੱਧ ਬਿਲੋਕਿ ਰਿਸਾਨੇ।
ਕੇਤਿਕ ਦੇਖਿ ਦਸ਼ਾ ਮੁਸਕਾਨੇ ॥੩੯॥
ਧੂਲ ਸੰਗ ਛਾਦਤਿ ਸਰਬੰਗਾ।
ਬਸਤ੍ਰ ਮਲੀਨ ਕੁਢੰਗ[4] ਕੁਰੰਗਾ[5]।
ਕਹਯੋ ਸਭਿਨਿ 'ਕੁਲ ਲੱਜਜਾ ਖੋਈ।
ਘਰ ਸਸੁਰਾਰਿ ਮਿੱਤ੍ਰਕਾ ਢੋਈ ॥੪੦॥
ਜਨਮਯੋ ਭਲੋ ਸੋਢੀਅਨਿ ਬੰਸ।
ਰਾਖੀ ਨਹੀਂ ਲਾਜ ਕੀ ਅੰਸ[6]।

---

[1]ਸ਼ਰੀਕਾਂ ਵਿਚ (ਭਾਈ ਸੰਹਾਰੀ)।
[2]ਭਾਵ ਸ੍ਰੀ ਰਾਮਦਾਸ ਜੀ ਛੱਡਕੇ ਸ਼ਹਿਰ (ਲਾਹੌਰ) ਭਲੀ ਪ੍ਰਕਾਰ।
[3]ਚਲੋ ਦੇਖੀਏ ਕੀ ਹਾਲ ਹੈਸੂ ਹੁਣ।
[4]ਨ ਚੰਗੀ ਤਰ੍ਹਾਂ ਦੇ।
[5]ਮੈਲੇ ਰੰਗ ਦੇ।
[6]ਸ਼ਰਮ ਰਤੀ ਭਰ।

ਇਸ ਤੇ ਪਰੈ ਕਰੈ ਕਜਾ ਹੀਨੀ।
ਛੱਤ੍ਰੀ ਕੌਨ ਕਰੈ ਜਿਮ ਕੀਨੀ ॥੪੧॥
ਹੇਤੁ ਜੀਵਕਾ ਅਨਿਕ ਉਪਾਇ।
ਸ਼ੁਭ ਮਤਿਵੰਤ[1] ਕਰਤਿ ਸਮੁਦਾਇ।
ਕਰਤਿ ਜਿ ਇਹੀ ਸਮਾਨ ਹਮਾਰੀ[2]।
ਚਲਤਿ ਜੀਵਕਾ ਅਨਿਕ ਪ੍ਰਕਾਰੀ ॥੪੨॥
ਮ੍ਰਿਤਕਾ ਖਨਿਨਿ ਸੀਸ ਪਰ ਧਰਨੋ।
ਕੋ ਬਾਹਜ ਅਸ ਕਰਿ ਹੈ ਕਰਨੋ[3]?
ਹਮ ਸਭਿ ਕੀ ਪਤ ਦਈ ਗਵਾਇ।
ਭਲੋ ਨਿਕਾਸਜੋ ਨਾਮ ਸੁ ਆਇ ॥੪੩॥
ਸਭਿ ਸਨਬੰਧਨਿ ਮਹਿਂ ਲਘੁਤਾਈ।
ਕਰੀ ਬਿਦਤਿ ਜਾਨੀ ਨ ਜਿਠਾਈ[4]'।
ਇੱਤਜਾਦਿਕ ਤਿਨ ਬਾਕ ਬਖਾਨੇ।
ਸੁਨਿ ਸ਼੍ਰੀ ਰਾਮਦਾਸ ਮੁਸਕਾਨੇ ॥੪੪॥
ਕਹਜੋ ਸਭਿਨਿ ਸੋਂ 'ਜਾਨਤਿ ਨਾਹਨ[5]।
ਸ਼੍ਰੀ ਸਤਿਗੁਰ ਮਹਿਮਾ ਦੁਖ ਦਾਹਨਿ[6]।
ਏਕ ਬੇਰ ਹੇਰੈਂ ਕਰਿ ਕਰੁਨਾ।
ਕਟਹਿਂ ਕੋਟਿ ਸੰਕਟ ਭਵ ਮਰਨਾ ॥੪੫॥
ਪਰਮੇਸ਼ੁਰ ਕੀ ਪ੍ਰਾਪਤਿ ਦੇਤਿ।
ਜਿਸਹਿ ਅਰਾਧੇ ਜੋਗ ਸਮੇਤਿ[7]।
ਕਿਸੂ ਕ੍ਰਿੱਤਿ ਤੇ ਜੋ[8] ਨਹਿਂ ਪਯਤਿ।
ਸੋ ਸਤਿਗੁਰ ਢਿਗ ਸੁਗਮ ਲਭੱਯਤਿ ॥੪੬॥
ਜਿਨਿ ਕੀ ਸੇਵ ਨ ਬਿਰਥੀ ਜਾਇ।
ਮਨ ਬਾਂਛਤਿ ਸ਼ਰਧਾ ਤੇ ਪਾਇ।
ਇਨ ਕੀ ਸੇਵ ਕਰਹਿਂ ਨਹਿਂ ਜੋਇ।

---

[1]ਚੰਗੀ ਬੁਧਿ ਵਾਲਾ।
[2]ਜੇ ਇਹ ਭੀ ਸਾਡੇ ਵਾਂਙੂੰ ਕਿਰਤ ਕਰਦਾ।
[3]ਕੰਮ।
[4]ਜਾਣੀ ਨ (ਆਪਣੀ ਕੁਲ ਦੀ) ਵਡਿਆਈ।
[5]ਤੁਸੀਂ ਨਹੀਂ ਜਾਣਦੇ।
[6]ਦੁਖਾਂ ਦਾ ਦਾਹ ਕਰਨ ਵਾਲੀ ਹੈ।
[7]ਭਾਵ ਜੋਗੀ।
[8]ਜੋ (ਪਰਮੇਸ਼ੂਰ)।

ਤਿਨ ਸਮ ਕੌਣ ਮੰਦ ਮਤਿ ਹੋਇ ॥੪੭॥
ਜਿਸ ਕੇ ਬਡੇ ਭਾਗ ਸ਼ੁਭ ਅਹੈਂ।
ਸੋ ਸਤਿਗੁਰ ਕੀ ਸੇਵਾ ਲਹੈ।
ਇਸਤੇ ਪਰੈ ਲਾਭ ਨਹਿਂ ਔਰ।
ਹੁਇ ਗੁਰ ਦਾਸ ਸਭਿਨਿ ਸਿਰ ਮੌਰ[1]' ॥੪੮॥
ਹਿਤ ਕੀ ਬਾਤ ਤਿਨਹੁ ਸੰਗ ਕਹੀ।
ਕਰਤਿ ਕੁਤਰਕਨਿ[2], ਮਾਨਹਿਂ ਨਹੀਂ।
ਮੁਸਕਾਵਤਿ ਨਿਜ ਡੇਰੇ ਗਏ।
ਮਹਾਂ ਦੀਨ ਤਾ ਸਮ ਲਖਿ ਲਏ[3] ॥੪੯॥
ਦਿਵਸ ਰਹਯੋ ਜਬਿ ਘਟਿਕਾ ਚਾਰਿ।
ਗੁਰ ਦਰਸ਼ਨ ਕੋ ਭੇ ਸਭਿ ਤਯਾਰਿ।
ਪ੍ਰਥਮ ਦੇਗ਼ ਤੇ ਭੋਜਨ ਕਰਿ ਕੈ।
ਬਹੁਰੋ ਪ੍ਰਵਿਸ਼ੇ ਅੰਤਰਿ ਘਰ ਕੈ ॥੫੦॥
ਅਹੰਕਾਰ ਕੇ ਸਹਤ ਬਿਸਾਲੇ।
ਪਦਪੰਕਜ ਪਰ ਧਰਯੋ ਨ ਭਾਲੇ।
ਲਖੇ -ਸਾਕ ਇਹੁ ਕੁੜਮ ਹਮਾਰੇ।
ਲਘੂ ਥਾਨ- ਇਮ ਰਿਦੈ ਬਿਚਾਰੇ ॥੫੧॥
ਨਹਿਂ ਮੰਦਨਿ ਮਹਿਮਾ ਕੁਛ ਜਾਨੀ।
ਬੈਠੇ 'ਰਾਮ ਰਾਮ' ਕਹਿ ਬਾਨੀ।
ਮਿਰਜਾਦਿਕ[4] ਸ਼੍ਰੀ ਅਮਰ ਮਹਾਨੇ।
ਹਿਤ ਮਿਰਯਾਦ ਕੀਨਿ ਸਨਮਾਨੇ ॥੫੨॥
ਜਥਾ ਸਥਾਨ ਭਏ ਥਿਤਿ ਸਾਰੇ।
ਤਿਨਿ ਮਹੁਂ ਬਡਿਅਨਿ ਬਾਕ ਉਚਾਰੇ।
'ਅਬ ਤੁਮ ਜਗ ਮਹਿਂ ਲਹੀ ਬਡਾਈ।
ਬਯ ਮਹਿਂ ਬਡੇ ਬ੍ਰਿੱਧਤਾ ਪਾਈ ॥੫੩॥
ਸਭਿ ਬਿਵਹਾਰ ਅਲਪ ਅਰੁ ਮਹਤ।
ਤੁਮ ਜਾਨਤਿ ਹੋ ਮਤਿ ਕੇ ਸਹਤ।
ਕੁਲ ਕੀ ਲਾਜ ਸਕਲ ਕੇ ਅਹੈ।

---

[1]ਗੁਰੂ ਜੀ ਦਾ ਦਾਸ ਸਭ ਦਾ ਸ਼ਿਰੋਮਣੀ ਹੁੰਦਾ ਹੈ।
[2]ਹੁੱਜਤਾਂ।
[3]ਮਹਾਂਨ ਗਰੀਬ ਵਰਗਾ ਜਾਣਕੇ (ਸ਼੍ਰੀ ਰਾਮਦਾਸ ਜੀ ਨੂੰ)।
[4]ਮਿਰਯਾਦਾ ਵਾਲੇ।

ਭ੍ਰਾਤਨਿ ਬਿਖੈ ਅਧਿਕਤਾ ਚਹੈ[1] ॥੫੪॥
ਤੁਮ ਹੋਏ ਗੁਰ ਰੂਪ ਉਦਾਰਾ।
ਕਛੂ ਨ ਤੁਮਰੇ ਏਹੁ ਬਿਚਾਰਾ।
ਖ਼ੱਤ੍ਰੀ ਬੰਸ ਬਿਸਾਲ[2] ਹਮਾਰੋ।
ਸਹਤ ਬਡਾਈ ਕਰਨਿ ਅਚਾਰੋ[3] ॥੫੫॥
ਤਉ ਰਹਿ ਆਵਹਿ ਜਾਤਿ ਮਝਾਰਾ।
ਹੀਨ ਕਹਾਵਹਿਂ ਨਹਿਂ ਕਿਸ ਬਾਰਾ।
ਭ੍ਰਾਤਨਿ ਬਿਖੈ ਨ ਤਰਕ ਸਹਾਰੈਂ।
ਯਾਂ ਤੇ ਠਾਨਤਿ ਕਰਮ ਉਦਾਰੈ' ॥੫੬॥
ਨਾਮ[4] ਮੰਗਲਾ ਏਵ ਅਲਾਏ[5]।
ਤਬਿ ਹੂੰ ਰਾਮਦਾਸ ਚਲਿ ਆਏ।
ਗੁਰ ਸੂਰਜ ਕੋ ਜਬਹੁ ਨਿਹਾਰਾ।
ਬਦਨ ਕਮਲ ਪਰਫੁੱਲਜ[6] ਉਦਾਰਾ ॥੫੭॥
ਪਦ ਅਰਬਿੰਦ ਸੁਗੰਧਿ ਅਨੰਦ[7]।
ਲੋਚਨ ਭ੍ਰਮਰ ਕਰੇ ਕਰ ਬੰਦਿ[8]।
ਇਸ ਕੋ ਦੇਖਤਿ ਲਵਪੁਰਿ ਕੇ ਨਰ।
ਕਹਜੋ ਬਹੁਰ ਤਰਕਨਿ[9] ਕੋ ਉਰ ਧਰ ॥੫੮॥
'ਇਹ ਭੀ ਜਨਮਜੋ ਬੰਸ ਹਮਾਰੇ।
ਲਾਜ ਗਵਾਈ ਸਰਬ ਪ੍ਰਕਾਰੇ।
ਪਿਤ ਕੇ ਮਰੇ ਸਦਨ ਕੋ ਤਜਾਗਾ।
ਘਰ ਸਸੁਰਾਰਿ ਬਸਜੋ ਨਿਰਭਾਗਾ ॥੫੯॥
ਮਿਲਜੋ ਮਿਹਨਤੀ ਬ੍ਰਿੰਦ ਮਝਾਰੇ।
ਖਨਿ ਮ੍ਰਿਤਕਾ ਕਹੀਅਨਿ ਕਰਧਾਰੇ[10]।
ਭਰੇ ਟੋਕਰੀ ਸੀਸ ਉਠਾਵੈ।

---

[1]ਵਡਿਆਈ (ਸਭ ਕੋਈ) ਚਾਹੁੰਦਾ ਹੈ।
[2]ਵੱਡਾ (ਹੈ)।
[3]ਵਡਿਆਈ ਵਾਲੇ ਕੰਮ ਕਰਨ ਤਾਂ।
[4]ਇਕ ਦਾ ਨਾਮ ਸੀ।
[5]ਕਿਹਾ।
[6]ਖਿੜ ਗਿਆ (ਸ਼੍ਰੀ ਰਾਮਦਾਸ ਜੀ ਦਾ)।
[7]ਚਰਨਾਂ ਕਵਲਾਂ ਦੀ ਅਨੰਦ ਦਾਇਕ ਸੁਗੰਧੀ ਦੇ।
[8]ਨੇਤ੍ਰ ਭੌਰੇ ਕਰ ਦਿੱਤੇ ਹਥ ਜੋੜਕੇ।
[9]ਭਾਵ ਤਰਕਾਂ ਕੀਤੀਆਂ।
[10]ਪੱਟਦਾ ਹੈ ਮਿੱਟੀ ਕਹੀਆਂ ਹੱਥ ਫੜਕੇ।

ਰਜ ਤਨ ਲਗੇ ਵਹਿਰ ਨਿਕਸਾਵੈ ॥੬੦॥
ਇਸ ਨੇ ਤੌ ਸਿਰ ਮਾਟੀ ਪਾਈ।
ਕਰਹੁ ਬਿਚਾਰ ਨ ਤੁਮ ਉਚਤਾਈ[1]।
ਕਾਰ ਅਨੁਚਿਤ ਆਪ ਨੇ ਦੀਨਿ।
ਲਾਜ ਕੁਟੰਬ ਨ ਤੁਮ ਨੇ ਚੀਨ ॥੬੧॥
ਅਪਰ ਕਿਰਤਿ ਕੋ ਅਬ ਇਸ ਦੀਜੈ।
ਉਚਿਤ ਅਨੁਚਿਤ ਬਿਚਾਰਿ ਸੁਨੀਜੈ।'
ਗੁਰੁ ਸੁਨਿ ਰਾਮਦਾਸ ਦਿਸ਼ਿ ਦੇਖਾ।
ਮੁਖ ਪ੍ਰਸੰਨ ਉਰ ਪ੍ਰੇਮ ਵਿਸ਼ੇਖ਼ਾ ॥੬੨॥
ਦੇਖਿ ਦਸ਼ਾ ਸਤਿਗੁਰ ਛਕਿ[2] ਰਹੇ।
-ਨਦੀ ਪ੍ਰੇਮ ਮਮ, ਮਨ ਇਸ ਬਹੇ[3]।
ਬੈਦਿਕ ਲੌਕਿਕ ਰੀਤਿ ਤ੍ਰਿਣਨਿ ਸਮ।
ਪ੍ਰੇਮ ਧਾਰਿ ਜਲ ਤੇ[4] ਠਹਿਰਹਿ ਕਿਮਿ ॥੬੩॥
ਪ੍ਰੇਮ ਭਗਤਿ ਮੇਰੀ ਰੰਗ ਰਾਤੋ।
ਤਜੇ, ਨ ਜਾਨਹਿ ਜਾਤਿ ਸੁ ਪਾਤੋ[5]-।
ਲਵਪੁਰਿ ਕੇ ਪੰਚਨਿ[6] ਦਿਸ਼ਿ ਹੇਰਿ।
ਸਹਜ ਸੁਭਾਇਕ ਗੁਰ ਤਿਸ ਬੇਰਿ ॥੬੪॥
ਉਰ ਪ੍ਰਸੰਨ ਹ੍ਵੈ ਭਨਤਿ ਬਚਨ ਕੋ।
'ਸਭਿ ਜਗ ਛਤ੍ਰ ਦੀਨਿ ਮੈਂ ਇਨ ਕੋ।
ਮਾਟੀ ਪਰਿ ਹੈ ਸੀਸ ਤੁਮਾਰੇ।
ਗੁਰ ਅਭਗਤਿ, ਤੁਮ ਪ੍ਰੇਮ ਨ ਧਾਰੇ[7] ॥੬੫॥
ਜੇ ਇਹ ਬੰਸ ਜਨਮ ਨਹਿਂ ਧਾਰੇ।
ਗਿਰਤਿ ਨਰਕ ਮਹਿਂ ਪਿਤਰ ਤੁਮਾਰੇ।'
ਰਾਮ ਦਾਸ ਕਰ ਜੋਰਿ ਉਚਾਰਾ।

---

[1](ਹੇ ਗੁਰੂ ਅਮਰਦਾਸ ਜੀ!)
ਆਪ ਭੀ ਵਿਚਾਰ ਨਹੀਂ ਕਰਦੇ ਉਚਜ਼ਾਈ ਦੀ।
(ਅ) ਆਪ ਹੀ ਯੋਗਤਾਈ ਵਿਚਾਰਦੇ।
[2]ਗਦਗਦ।
[3]ਮੇਰੇ ਪ੍ਰੇਮ ਦੀ ਨਦੀ ਇਸ ਦੇ ਮਨ ਵਿਚ ਵਹਿ ਰਹੀ ਹੈ।
[4]ਪ੍ਰੇਮ ਰੂਪੀ ਜਲ ਦੀ ਧਾਰ (ਕਰਕੇ)।
[5](ਪ੍ਰੇਮ ਨੂੰ) ਨਹੀਂ ਤਿਆਗਦਾ, ਤੇ ਨਹੀਂ ਜਾਣਦਾ ਜਾਤ ਪਾਤ (ਦਾ ਮਾਨ)।
(ਅ) ਛੱਡ ਦਿੱਤੀਆਂ ਸੁ (ਵੈਦਿਕ ਲੌਕਿਕ ਰੀਤਾਂ ਤੇ) ਨਹੀਂ ਜਾਣਦਾ ਜਾਤ ਪਾਤ ਨੂੰ।
[6]ਮੁਖੀਆਂ ਤਰਫ (ਸਨਮੁਖ ਹੋ ਕੇ ਕਹਿਆ)।
[7]ਗੁਰੂ ਦੇ ਭਗਤ ਨਹੀਂ ਹੋ ਤੇ ਤੁਸੀਂ ਪ੍ਰੇਮ ਨਹੀਂ ਧਾਰਿਆ।

'ਪਤਿਤ ਉਧਾਰਨ ਬਿਰਦ ਤੁਮਾਰਾ ॥੬੬॥
ਗੁਰ ਮਹਿਮਾ ਕੀ ਗਜ਼ਾਤ ਨ ਪਾਈ।
ਕਜ਼ਾ ਇਨ ਕੇ ਬਸਿ, ਜਗ ਉਰਝਾਈ[1]'।
ਸੁਨਿ ਕਰਿ ਸਤਿਗੁਰ ਭਏ ਪ੍ਰਸੰਨ।
'ਰਾਮਦਾਸ! ਤੁਝ ਕੋ ਧੰਨ ਧੰਨ ॥੬੭॥
ਕਰਿ ਸੇਵਾ ਮੁਝ ਕੋ ਬਸਿ ਕੀਨਾ।
ਮੈਂ ਜਾਨੋਂ ਤੁਝ, ਤੈਂ ਮੁਝ ਚੀਨਾ।
'ਪੁਨ ਲਵਪੁਰਿ ਕੇ ਨਰ ਸਮੁਦਾਈ।
ਕਰੇ ਬਿਦਾ ਗਮਨੇ ਅਗੁਵਾਈ[2] ॥੬੮॥
ਪਦ ਅਰਬਿੰਦ ਬੰਦਨਾ ਠਾਨੀ।
ਸੇਵਹਿਂ[3] ਬਹੁਰਿ ਕਰਮ ਮਨ ਬਾਨੀ।
ਕਰਹਿਂ ਕਾਰ ਧਰਿ ਚੌਂਪ ਚਗੂਨੇ।
ਲੋਕ ਲਾਜ ਤੇ ਹੋਇ ਬਿਹੂਨੇ ॥੬੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਨਰਨਿ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

---

[1]ਜਗਤ ਵਿਚ ਫਸ ਰਹੇ ਹਨ।
[2]ਅਗਾਹਾਂ ਨੂੰ।
[3]ਭਾਵ, ਸ੍ਰੀ ਰਾਮਦਾਸ ਜੀ ਸੇਵਾ ਕਰਦੇ ਹਨ।

੫੨. [ਮਾਈਦਾਸ ਵੈਸ਼ਨੋ]

੫੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੩

ਦੋਹਰਾ: ਅਤਿ ਆਚਾਰੀ[1] ਵੈਸ਼ਨੋ, ਮਾਈ ਦਾਸ ਸੁ ਨਾਮ।
ਭਗਤਿ ਕਰਤਿ ਸ਼੍ਰੀ ਕ੍ਰਿਸ਼ਨ ਕੀ, ਪ੍ਰੇਮ ਸਹਤ ਨਿਸ਼ਕਾਮ ॥੧॥

ਚੌਪਈ: ਸੰਤਨਿ ਕੀ ਸੰਗਤਿ ਨਿਤ ਕਰੇ।
'ਕ੍ਰਿਸ਼ਨ ਕ੍ਰਿਸ਼ਨ' ਮੁਖਿ ਮਹਿਂ ਜਪੁ ਧਰੇ।
ਮੋਰ ਮੁਕਟ ਪੀਤਾਂਬਰ ਧਾਰੀ[2]।
ਇਸੀ ਧਜਾਨ ਕੇ ਮਨ ਆਧਾਰੀ ॥੨॥
ਨਿਸ ਦਿਨ ਸਿਮਰਹਿ ਅਪਰ ਨ ਕਾਮ।
ਮਨ ਕੀ ਲਿਵ ਚਿਤਵਤਿ ਘਨ ਸ਼ਜਾਮ।
-ਕਮਲ ਪੱਤ੍ਰ ਬਿਸਤਰਤਿ ਬਿਲੋਚਨ।
ਕੁੰਡਲ ਗੰਡਸਥਲ[3] ਦੁਖ ਮੋਚਨ ॥੩॥
ਮੰਦ ਮੰਦ ਸੁੰਦਰ ਮੁਸਕਾਵਨਿ।
ਭਗਤਨਿ ਕੇ ਚਿਤ ਚੌਂਪ ਬਧਾਵਨਿ-।
ਐਸੋ ਧਜਾਨ ਬਿਖੈ ਮਨ ਲਾਗਾ।
ਸਿਮਰਹਿ ਨਾਮ ਸਦਾ ਅਨੁਰਾਗਾ ॥੪॥
ਤਿਨ ਸ਼੍ਰੀ ਅਮਰ ਮਹਾਤਮ ਸੁਨਜੋ।
ਬਹੁ ਗੁਰ ਸਿੱਖਜਨ ਤਿਹ ਸੋਂ ਭਨਜੋ।
ਚਾਹਤਿ ਦਰਸ਼ਨ ਕੋ ਦਿਨ ਬੀਤੇ।
ਕਬਿ ਕਬਿ ਚਲਨਿ ਠਟਹਿ[4] ਨਿਜ ਚੀਤੇ ॥੫॥
ਸਮੋ ਪਾਇ ਗੁਰ ਕੇ ਪੁਰਿ ਆਯੋ।
ਥਿਰਜੋ ਪੌਰ ਪਰ ਪੂਛਿ ਪਠਾਯੋ[5]।
ਸੁਨਿ ਸ੍ਰੀ ਅਮਰ ਨੇਮ ਨਿਜ ਭਾਖਜੋ।
'ਜੇ ਮਨ ਤੁਵ ਦਰਸ਼ਨ ਅਭਿਲਾਖਜੋ ॥੬॥
ਕਰਹੁ ਦੇਗ ਤੇ ਭੋਜਨ ਜਾਇ।
ਹੋਹਿ ਤ੍ਰਿਪਤ ਪੁਨ ਹਮ ਢਿਗ ਆਇ।'
ਮਾਈ ਦਾਸ ਸੁਨਤਿ, ਸੰਦੇਹ[6]।

---

[1]ਕਰਮਕਾਂਡੀ।
[2]ਸਿਰ ਤੇ ਮੁਕਟ ਤੇ ਪੀਲੇ ਬਸਤ੍ਰ ਧਾਰਨ ਵਾਲਾ।
[3]ਵਾਲੇ ਗੱਲ੍ਹਾਂ (ਤੇ ਲਟਕ ਰਹੇ)।
[4]ਸੰਕਲਪ ਕਰੇ।
[5]ਖੜਾ ਹੋ ਕੇ ਦਰਵਾਜੇ ਅਗੇ ਪੁਛ ਭੇਜਿਆ।
[6]ਸੰਸੇ ਵਿਚ ਹੋ ਗਿਆ।

-ਬਿਨ ਸੰਜਮ ਤੇ ਇਨ ਕੇ ਗੇਹ[1] ॥੭॥
ਹੋਤਿ ਅਹਾਰ, ਅਚੋਂ ਨਹਿਂ ਐਸੇ।
ਮੇਰੀ ਕ੍ਰਿਆ ਰਹਹਿ ਸੁਚਿ ਜੈਸੇ।
ਸੋ ਬਿਧਿ ਕਰਨੀ ਅਬਿ ਬਨਿ ਆਵੈ।
ਸੁਚਿ ਬਿਨ ਦਰਸ਼ਨ ਕਜਾ ਫਲ ਪਾਵੈ- ॥੮॥
ਚਿਤਵਤਿ ਰਹਯੋ ਚਿੰਤ ਚਿਤ ਖਰਯੋ*।
ਬਹੁਤਿ ਦੇਰਿ ਮਹਿਂ ਨਿਸ਼ਚੈ ਕਰਯੋ।
-ਬਿਨਾ ਅਚੇ ਨਹਿਂ ਦਰਸ਼ਨ ਦੇਤਿ।
ਜੇ ਅਚਿ ਲੇਉਂ ਧਰਮ ਬਿਗਰੇਤਿ[2] ॥੯॥
ਯਾਂ ਤੇ ਨਾਂਹਿਨ ਦਰਸ਼ਨ ਕਰਿਹੌਂ।
ਸੰਜਮ ਸਹਤ ਅਚੋਂ ਪ੍ਰਣ ਧਰਿ ਹੌਂ-।
ਬਿਨ ਦਰਸ਼ਨ ਤਬਿ ਫਿਰ ਕਰਿ ਗਯੋ[3]।
ਨਿਸ ਦਿਨ ਮਨ ਮਹੁਂ ਸੰਸੈ ਭਯੋ ॥੧੦॥
-ਨਰ ਮਹਾਤਮਾ ਅਜ਼ਮਤਿ[4] ਭਰੇ।
ਤਿਨਿ ਕੋ ਦਰਸ਼ਨ ਮੈ ਨਹਿਂ ਕਰੇ।
ਲੋਕ ਸੈਂਕਰੇ ਕਰੇ ਨਿਹਾਲ।
ਭਏ ਸਿੱਧ[5] ਮਿਲਿ ਕੈ ਤਿਨ ਨਾਲ[6] ॥੧੧॥
ਕਿਸ ਕੁਕਰਮ ਨੇ ਮੁਝ ਕੋ ਪ੍ਰੇਰਾ।
ਜਿਸ ਤੇ ਮਹਾਂ ਪੁਰਖ ਨਹਿਂ ਹੇਰਾ-।
ਭਯੋ ਉਦਾਸ ਨ ਠਹਿਰਯੋ ਥਾਨ।
-ਚਲੌਂ ਦ੍ਵਾਰਕਾ- ਮਨ ਅਸ ਠਾਨਿ ॥੧੨॥
-ਪ੍ਰਾਸਚਿੱਤ[7] ਤਬ ਉਤਰਹਿ ਮੇਰਾ।
ਚਲਿ ਦੁਆਰਕਾ ਹਰਿ ਲਯੋਂ ਹੇਰਾ[8]-।
ਅਤਿ ਚਿਤ ਪ੍ਰੇਮ ਭਯੋ ਚਲ ਪਰਯੋ।

---

[1](ਛੂਤ ਛਾਤ ਦੇ) ਨੇਮ ਤੋਂ ਬਿਨਾਂ ਇਨ੍ਹਾਂ ਦੇ ਘਰ।
*ਪਾ:-ਪਰਯੋ।
[2]ਵਿਗੜਦਾ ਹੈ।
[3]ਮੁੜ ਗਿਆ।
[4]ਬਜ਼ੁਰਗੀ, ਕਰਾਮਾਤ। [ਅ: ਅਜ਼ਮਤ]।
[5]ਪੂਰਨ, ਮੁਕਤ।
[6]ਤਿਨ੍ਹਾਂ ਦੀ ਸੰਗਤ ਕਰਕੇ।
[7]ਦੂਸ਼ਨਾਂ
[ਸੰ: ਪ੍ਰਾਯਸ਼੍ਚਿਤ੍ਤ = ਪਾਪ ਦੂਰ ਕਰਨੇ ਦਾ ਕਰਮ, ਪਛੁਤਾਵਾ]।
[8]ਕ੍ਰਿਸ਼ਨ ਜੀ ਦਾ ਦਰਸ਼ਨ ਕਰਾਂ।

ਥਿਰਜੋ ਨ[1], 'ਹਰਿ ਹਰਿ' ਨਾਮ ਸੁ ਰਰਜੋ[2] ॥੧੩॥
ਇੱਛਾ ਅਪਰ ਨਹੀਂ ਮਨ ਲਜਾਵੈ।
ਕਰਤਿ ਭਗਤਿ -ਦਰਸ਼ਨ ਦਿਖਰਾਵੈ[3]।
ਜਾਇ ਕ੍ਰਿਸ਼ਨ ਕੋ ਹੇਰਨਿ ਕਰੌਂ।
ਪੁਰਿ ਦੁਆਰਕਾ ਮਹਿਂ ਹਿਤ ਧਰੌਂ- ॥੧੪॥
ਭਯੋ ਪ੍ਰੇਮ ਕਰਿ ਅਤਿ ਮਸਤਾਨਾ।
ਦਿਨ ਪ੍ਰਤਿ ਕਰਤੋ ਜਾਤਿ ਪਯਾਨਾ।
ਦਿਸ਼ਾ ਦ੍ਵਾਰਕਾ ਹੋਤਿ ਅਨੰਦਾ[4]।
-ਕਰੌਂ ਦਰਸ ਮੈਂ ਗਮਨਿ ਬਿਲੰਦਾ- ॥੧੫॥
ਨਿਕਟ ਦ੍ਵਾਰਕਾ ਪਹੁੰਚਜੋ ਜਾਈ।
ਤਿਥਿ ਇਕਾਦਸ਼ੀ ਮਗ ਮਹਿਂ ਆਈ।
ਬਨ ਦੀਰਘ ਦਾਰੁਨ ਤਿਸ ਥਾਨਾ।
ਜਹਿਂ ਸਮੀਪ ਨਰ ਦਿਖਹਿ ਨ ਆਨਾ ॥੧੬॥
ਘਟਾ ਬਡੀ ਤਿਸ ਦਿਨ ਉਮਡਾਈ।
ਬਾਯੂ ਬਹੀ ਬਹੁਤਿ ਬਲ ਪਾਈ।
ਦਾਮਨਿ ਦਮਕਤਿ ਕਰਕਤਿ[5] ਭਾਰੀ।
ਕਾਰੀ ਘਟਾ[6] ਬਰਖਤੀ ਬਾਰੀ ॥੧੭॥
ਤਿਸ ਬਨ ਮਹਿਂ ਬ੍ਰਤ ਰਾਖਨਿ ਕਰੇ।
ਚਲਜੋ ਜਾਤਿ ਬਜਾਕੁਲਤਾ ਧਰੇ।
ਨਹਿਂ ਫਲੁਹਾਰ[7] ਹਾਥ ਕਿਤਿ ਆਵਾ।
ਨਿਰਜਲ ਹੀ ਹਠ ਕੀਨਿ ਰਹਾਵਾ ॥੧੮॥
ਭਯੋ ਸੀਤ ਬਰਖਾ ਤੇ ਕੰਪਤਿ।
ਨਿਕਟਿ ਨ ਮਾਨਵ ਕੋ ਬਚ ਜੰਪਤਿ[8]।
ਇਤਿ ਉਤਿ ਖੋਜਤਿ ਹਾਰ ਪਰਜੋ ਹੈ।
ਥਾਨ ਨ ਪਾਯੋ ਨਹੀਂ ਥਿਰਜੋ ਹੈ ॥੧੯॥

---

[1]ਠਹਿਰਿਆ ਨਹੀਂ।
[2]ਉਚਾਰਿਆ।
[3](ਕ੍ਰਿਸ਼ਨ) ਦਰਸ਼ਨ ਦੇਵੇ।
[4]ਦੁਆਰਕਾ ਦੀ ਵਲ ਜਾਂਦਿਆਂ ਅਨੰਦ ਹੁੰਦਾ ਹੈ।
[5]ਕੜਕਦੀ ਹੈ।
[6]ਕਾਲੀ ਘਟਾ।
[7]ਬ੍ਰਤ ਵਾਲੇ ਦਿਨ ਦਾ ਫਲ ਆਦਿ ਭੋਜਨ।
[8]ਨੇੜੇ ਕੋਈ ਮਨੁਖ ਭੀ ਨਹੀਂ ਬਚਨ ਬੋਲਣ ਵਾਲਾ।

ਪੁਨ ਬਜਾਕੁਲ ਬਰਖਾ ਤੇ ਭਯੋ।
ਛੁਧਾ ਬਹੁਤਿ ਫਲੁਹਾਰ ਨ ਪਯੋ।
ਸਘਨ ਤਿਮ ਹੋਈ ਜਬਿ ਜਾਮਨਿ[1]।
ਠੌਰ ਨ ਪ੍ਰਾਪਤਿ ਭਾ ਬਿਸਰਾਮ ਨ ॥੨੦॥
ਚਲਿਬੇ ਤੇ ਇਕ ਥਲ ਥਿਰ ਹੋਵਾ।
ਖੋਖਰ ਸਹਤ ਬ੍ਰਿੱਛ ਇਕ ਜੋਵਾ।
ਖਰੇ ਹੋਨ ਕੋ ਤਿਸ ਮਹਿਂ ਥਾਨ।
ਬੈਠਨਿ ਪੌਢਨਿ ਕੋ ਨਹਿਂ ਜਾਨਿ ॥੨੧॥
ਤਿਸ ਮਹਿਂ ਪ੍ਰਵਿਸ਼ਯੋ ਠਾਂਢਾ ਭਯੋ।
ਸਿਮਰਨਿ 'ਕ੍ਰਿਸ਼ਨ ਕ੍ਰਿਸ਼ਨ' ਮੁਖ ਲਯੋ।
ਸਗਰੀ ਜਾਮ ਨਿਖਰੇ ਬਿਤਾਈ।
ਬਹੁਰੋ ਤਹਿਂ ਪ੍ਰਭਾਤਿ ਹੁਇ ਆਈ ॥੨੨॥
ਕ੍ਰਿਸ਼ਨ ਪ੍ਰੀਤ ਇਕ, ਆਸ ਨ ਔਰੀ।
ਦੁਤਿਯਨ ਦੀਖਤਿ ਕੋ ਤਿਸ ਠੌਰੀ।
ਦਿਵਸਿ ਦ੍ਵਾਦਸ਼ੀ ਕੇ ਚਿਤਵੰਤਾ।
ਬਰਤ ਉਪਾਰਨ[2] ਬਿਧਿ ਨ ਲਹੰਤਾ ॥੨੩॥
'ਕ੍ਰਿਸ਼ਨ ਕ੍ਰਿਸ਼ਨ' ਆਰਾਧਿਤ ਖਰਯੋ।
ਏਕ ਪ੍ਰੇਮ ਮਹਿਂ ਮਨ ਰਹਿ ਥਿਰਯੋ।
ਭਗਤ ਵਛਲ ਪ੍ਰਭੁ ਦੀਨ ਕ੍ਰਿਪਾਲਾ।
ਜਾਨਯੋ -ਜਾਗਯੋ ਪ੍ਰੇਮ ਬਿਸਾਲਾ ॥੨੪॥
ਮੋ ਬਿਨ ਇਸ ਕੇ ਆਸ ਨ ਔਰ।
ਕਾਨਨ ਘੋਰ ਬਿਖੈ ਅਸ ਠੌਰ-।
ਅਪਨੋ ਜਨ ਜਾਨਯੋ ਯੁਤਿ ਪ੍ਰੇਮ[3]।
ਚਾਹਿਤ ਭਏ ਕਰਨਿ ਕੋ ਛੇਮ[4] ॥੨੫॥
ਆਨ ਰੂਪ ਕਰਿ[5] ਲਯਾਇ ਅਹਾਰਾ।
ਤਿਹ ਆਗੇ ਧਰਿ ਅਨਤ[6] ਸਿਧਾਰਾ।
ਮਾਈ ਦਾਸ ਸੁ ਭੋਜਨ ਦੇਖਾ।

---

[1]ਰਾਤ ਹੋਈ ਤੇ ਜਦੋਂ ਬਹੁਤਾ ਅੰਧੇਰਾ ਹੋ ਗਿਆ।
[2]ਬਰਤ ਖੋਲਣ ਦੀ।
[3]ਪ੍ਰੇਮ ਸਹਿਤ।
[4]ਸੁਖੀ।
[5]ਹੋਰ ਰੂਪ (ਧਾਰ) ਕਰਕੇ।
[6]ਹੋਰ ਪਾਸੇ।

ਸਹਤ ਪਹਿਤ ਕੇ ਭਾਤ[1] ਵਿਸ਼ੇਖਾ ॥੨੬॥
-ਮੈਂ ਆਚਾਰੀ[2]- ਸ਼ੰਕਾ ਠਾਨੀ।
-ਬਿਨ ਸੰਜਮ ਕਿਨਿ ਆਨਜੋ ਥਾਨੀ।
ਸੁਚ ਸੋਂ ਚੌਕੇ ਅੰਤਰਿ ਖਾਵੌਂ।
ਬਿਗਰਹਿ ਨੇਮ ਜਿ ਇਸ ਮੁਖੁ ਪਾਵੌਂ ॥੨੭॥
ਜੇ ਹੋਵਤਿ ਪਕਵਾਨ ਬਨਾਯਸਿ[3]।
ਅਚਿਤਿ ਬ੍ਰਤੀ ਮੈਂ[4] ਛੁਧਾ ਮਿਟਾਯਸਿ-।
ਇਸ ਬਿਧਿ ਤਰਕਤਿ ਬਹੁ ਚਿਤ ਮਾਂਹੀ।
ਹੁਤੋ ਛੁਧਤਿ ਪਰ ਖਾਯਸਿ ਨਾਂਹੀ ॥੨੮॥
ਉਰ ਅੰਤਰ ਕੀ ਲਖਿ ਭਗਵਾਨੂ।
ਲਜਾਏ ਅਨਿਕ ਭਾਂਤਿ ਪਕਵਾਨੂ[5]।
ਤਿਸਿ ਢਿਗ ਧਰਿ ਕਰਿ ਅਨਤ ਸਿਧਾਰੇ।
ਮਾਈ ਦਾਸ ਨਿਹਾਰਿ ਬਿਚਾਰੇ ॥੨੯॥
-ਇਸਿ ਭੀਖਨ ਕਾਨਨ ਕੇ ਮਾਂਹੀ।
ਮਾਨਵ ਕਿਸੀ ਥਾਨ ਦਿਖਿ ਨਾਹੀ।
ਏਕਿ ਬਾਰ ਦਈ ਕਾਚ ਰਸੋਈ।
ਮਮ ਮਨ ਕੀ ਲਖਿ ਕਰਿ ਪੁਨ ਸੋਈ ॥੩੦॥
ਲਜਾਯਸਿ* ਕੌਨ ਨ ਜਾਨਜੋ ਜਾਈ।
ਮਨ ਕੀ ਗਤਿ ਨਹਿਂ ਅਪਰ ਲਖਾਈ[6]।
ਪ੍ਰਭੁ ਬਿਨ ਔਰ ਨਹੀਂ ਇਹ ਕੋਈ।
ਉਰ ਕੀ ਲਖਿ ਲਜਾਵਤਿ ਭਾ ਸੋਈ ॥੩੧॥
ਨਹਿਂ ਮੁਝ ਕੋ ਦਰਸ਼ਨ ਦਿਖਰਾਯਸਿ।
ਦੋਇ ਬਾਰ ਦੇ ਅੰਨ ਸਿਧਾਯਸਿ-।
ਇਮ ਬਿਚਾਰਿ ਕਰਿ ਹੇਰਨਿ ਲਾਗਾ।
ਚਹੁਂ ਦਿਸ਼ਿ ਫਿਰਤਿ ਵਧਜੋ ਅਨੁਰਾਗਾ ॥੩੨॥
ਪਰਜੋ ਰਹਜੋ ਤਿਹ ਠਾਂ ਪਕਵਾਨ।

---

[1]ਪਹਿਤ ਭਾਤ = ਦਾਲ ਤੇ ਚੌਲ।
[2]ਕਰਮ ਕਾਂਡੀ ਹਾਂ।
[3]ਜੇ ਪਕਵਾਨ ਹੁੰਦਾ, ਭਾਵ ਪੂਰੀ ਆਦਿ ਤਲਿਆ ਪੱਕਾ ਭੋਜਨ। ਦਾਲ ਭਾਤ ਨੂੰ ਕੱਚਾ ਭੋਜਨ ਸਮਝਦੇ ਹਨ।
[4]ਖਾ ਲੈਂਦਾ ਮੈਂ ਬਰਤ ਵਾਲਾ।
[5]ਪੱਕਾ ਭੋਜਨ (ਪੂਰੀ ਆਦਿ)।
*ਪਾ:-ਲਿਆਇਓ।
[6]ਮੇਰੇ ਮਨ ਦੀ ਗਤੀ (ਭਗਵਾਨ ਤੋਂ ਬਿਨਾ) ਹੋਰ ਕੋਈ ਨਹੀਂ ਜਾਣ ਸਕਦਾ।

ਇਤਿ ਉਤਿ ਖੋਜਤਿ ਭਯੋ ਹਿਰਾਨ।
ਪ੍ਰੇਮ ਸਮੁੰਦ੍ਰ ਬਿਖੈ ਬਹਿ ਗਯੋ।
ਮਾਈ ਦਾਸ ਥਾਹੁ ਨਹਿਂ ਲਹਯੋ ॥੩੩॥
ਰੁਦਨਿ ਕਰਤਿ ਅਰੁ ਊਚ ਪੁਕਾਰੈ।
ਨਹਿਂ ਤਨ ਕੀ ਸੁਧਿ ਕੁਛ ਸੰਭਾਰੈ।
ਗੁਨ ਗਾਵਤਿ 'ਹੇ ਪਤਿਤ ਉਧਾਰਨ!
ਹੇ ਘਨਸ਼ਜਾਮ ਜਗਤ ਕੇ ਕਾਰਨ! ॥੩੪॥
ਹੇ ਅਨਾਥ ਕੇ ਨਾਥ ਕ੍ਰਿਪਾਲਾ!
ਨਾਮ ਗਰੀਬ ਨਿਵਾਜ ਬਿਸਾਲਾ।
ਹੇ ਮਨਮੋਹਨਿ ਸੁੰਦਰ ਸਾਂਵਰਿ!
ਮੈ ਮਲੀਨ ਪਾਂਮਰ ਤੇ ਪਾਂਵਰਿ[1] ॥੩੫॥
ਅਪਨੋ ਬਿਰਦ ਸੰਭਾਰਨਿ ਕਰੀਯਹਿ।
ਮਮ ਅਵਗੁਨ ਕੋ ਨਹੀਂ ਨਿਹਰੀਯਹਿ।
ਹ੍ਵੈ ਕ੍ਰਿਪਾਲ ਦਿਹੁ ਦਰਸ ਗੁਸਾਈਂ।
ਪ੍ਰਿਥਮ ਜਥਾ ਭੋਜਨ ਦਿਯ ਆਈ' ॥੩੬॥
ਇੱਤਜਾਦਿਕ ਪ੍ਰਭੁ ਕੋ ਜਸੁ ਕਹੈ।
ਬਿਨਤੀ ਕਰਤਿ* ਨੀਚ ਨਿਜ ਲਹੈ।
ਕਰਯੋ ਪ੍ਰੇਮ ਨੇ ਬਜਾਕੁਲ ਭਾਰਾ।
ਤਬਹਿ ਸ਼ਜਾਮਘਨ ਬਿਰਦ ਸੰਭਾਰਾ ॥੩੭॥
ਅੱਦ੍ਰਿਸ਼ ਹ੍ਵੈ ਕਰਿ[2] ਸ਼੍ਰੀ ਭਗਵਾਨ।
ਹਿਤ ਕੱਲਜਾਨ ਸੁ ਕਰਯੋ ਬਖਾਨ।
'ਮਾਈਦਾਸ' ਭਗਤ ਤੂੰ ਮੇਰਾ।
ਸਹਤ ਪ੍ਰੇਮ ਬੈਰਾਗ ਬਡੇਰਾ ॥੩੮॥
ਇਕ ਅਪਰਾਧ ਆਪਨੋ ਸੁਨੋ।
ਜਹਾਂ ਪ੍ਰੇਮ ਤਹਿਂ ਨੇਮ ਨ ਗੁਨੋ।
ਜਹਾਂ ਨੇਮ ਤਹਿਂ ਪ੍ਰੇਮ ਨ ਪੂਰਾ।
ਯਾਂ ਤੇ ਰਹਯੋ ਰਿਦੇ ਮਹਿਂ ਊਰਾ ॥੩੯॥
ਜਹਿਂ ਸ਼੍ਰੀ ਸਤਿਗੁਰ ਗੋਇੰਦਵਾਲ।

---

[1]ਨੀਚ ਤੇ ਤੁੱਛ [ਸੰਸ: ਪਾਮਰ = ਨੀਚ, ਪਜਾਬੀ, ਪਾਵਲਾ = ਜੁਲਾਹਾ ਭਾਵ ਤੁੱਛ] (ਅ) ਤੇ+ਪਾ+ਵਰ = ਤਰੀ ਸ੍ਰੇਸ਼ਟ ਸ਼ਰਣ। (ੲ) ਨੀਚ ਤੋਂ ਨੀਚ।
*ਪਾ:-ਕਰੈ।
[2]ਲੁਕਕੇ।

ਦਰਸ਼ਨ ਹਿਤ ਗਮਨਜੋ ਜਿਸ ਕਾਲ।
ਤਹਿਂ ਸ਼ੰਕਾ ਕਰਿ ਰਾਖਜੋ ਨੇਮ।
ਦਰਸ਼ਨ ਕਰਜੋ ਨ, ਛੋਰਜੋ ਪ੍ਰੇਮ ॥੪੦॥
ਲਖਿ ਇਹ ਸਮੈ ਸਰੂਪ ਸੁ ਮੇਰਾ।
ਕਰੌਂ ਅਨੇਕਨਿ ਸ਼੍ਰੇਯ ਅਛੇਰਾ।
ਤੂੰ ਮਹਿਮਾ ਜਾਨਤਿ ਸਭਿ ਰੀਤਿ।
ਰਾਖਜੋ ਨੇਮ ਪ੍ਰੇਮ ਤਜਿ ਚੀਤਿ ॥੪੧॥
ਇਹਾਂ ਬਿਅਰਥ+ ਬ੍ਰਿਲਾਪ ਨ ਕਰੀਅਹਿ।
ਹੋਹਿ ਨ ਦਰਸ਼ਨ, ਆਸ ਨਿਵਰੀਅਹਿ।
ਹਟਿ ਅਬਿ ਗਮਨਹੁ ਗੋਇੰਦਵਾਲ।
ਤਹਿਂ ਮਮ ਦਰਸ਼ਨ ਕਰਹੁ ਕ੍ਰਿਪਾਲ[1] ॥੪੨॥
ਸ਼੍ਰੀ ਗੁਰ ਅਮਰ ਮੋਹਿ ਮਹਿਂ[2] ਕੋਊ।
ਭੇਦ ਨ ਜਾਨਹੁ, ਇਕ ਲਖਿ ਸੋਊ।
ਜਿਸ ਬਿਧਿ ਕੋ ਸਰੂਪ ਉਰ ਬਾਂਛੇ।
ਤਹਾਂ ਜਾਇ ਦਰਸ਼ਹੁ ਸੋ ਆਛੇ ॥੪੩॥
ਜਗ ਕਾਰਨ ਤਾਰਨ ਤਨ ਮੇਰਾ।
ਭਗਤ ਰੂਪ ਧਰਿ ਸੋ ਲਿਹੁ ਹੇਰਾ।
ਸ਼ੰਕਾ ਮਨ ਮਹਿਂ ਕਰਹੁ ਨ ਕੋਈ।
ਸ਼ਰਧਾ ਧਾਰਿ ਦਰਸੀਅਹਿ ਸੋਈ' ॥੪੪॥
ਸੁਨਿ ਕੈ ਮਾਈਦਾਸ ਅਦੰਭਾ[3]।
ਪਛੁਤਾਵਤਿ ਮਨ ਮਾਨਿ ਅਚੰਭਾ।
-ਨਿਸ਼ਚੈ ਭਯੋ ਮੋਰ ਅਪਰਾਧੂ।
ਇਹਾਂ ਦਰਸ ਕੈਸੇ ਅਬਿ ਲਾਧੂ ॥੪੫॥
ਪਾਰਬ੍ਰਹਮ ਸ਼੍ਰੀ ਸਤਿਗੁਰ ਰੂਪ।
ਜਗ ਮਹਿਂ ਕੀਰਤਿ ਬਿਮਲ ਅਨੂਪ।
ਸੰਜਮ ਸੋਂ ਭੋਜਨ ਕਹੁ ਖਾਨਾ।
ਇਸ ਨੇ ਮੋਕਹੁ ਕੀਨਿ ਹਿਰਾਨਾ[4] ॥੪੬॥
ਉਰ ਕਰਿ ਸਰਲ ਮਿਲੌਂ ਅਬਿ ਜਾਈ।

+ਪਾ:-ਬ੍ਰਿਥਾ।
[1]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦਾ।
[2]ਤੇ ਮੇਰੇ ਵਿੱਚ।
[3]ਨਿਰਛਲ।
[4]ਖੁਆਰ, ਦੁਖੀ [ਫਾ: ਹੈਰਾਨ]।

ਤਹਿਂ ਸ਼੍ਰੀ ਕ੍ਰਿਸ਼ਨ ਰੂਪ ਦਰਸਾਈ-।
ਇਮ ਨਿਸ਼ਚੈ ਕਰਿ ਭੋਜਨ ਖਾਯੋ।
ਹਟਜੋ ਤਹਾਂ ਤੇ ਪ੍ਰੇਮ ਬਢਾਯੋ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਈਦਾਸ ਬੈਸ਼ਨੋ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

੫੩. [ਮਾਈ ਦਾਸ ਵੈਸ਼ਨੋ। ਮਾਣਕਚੰਦ।]

੫੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੪

ਦੋਹਰਾ: ਅਤਿ ਆਤੁਰ ਹੋਇ ਦਰਸ ਕੋ,
ਮਾਈ ਦਾਸ ਪਯਾਨ।
ਪੰਥ ਚਲਤਿ ਬਰੁ ਸ਼ੀਘ੍ਰ ਤੇ,
ਹੋਵਤਿ ਸ਼੍ਰਮਤਿ ਮਹਾਨ ॥੧॥

ਚੌਪਈ: ਨਿਸ ਬਿਸਰਾਮਤਿ ਦਿਵਸ ਪਯਾਨਹਿ।
ਕ੍ਰਿਸ਼ਨ ਸਤਿਗੁਰੂ* ਨਾਮ ਬਖਾਨਹਿ।
ਚਿਤ ਮਹਿਂ ਚਿਤਵਤਿ ਆਵਤਿ ਸੋਈ।
-ਪਾਰਬ੍ਰਹਮ ਗੁਰ ਅਮਰ ਜਿ ਹੋਈ ॥੨॥
ਮੋ ਕਹੁ ਰੂਪ ਸ਼ਜਾਮ ਦਿਖਰਾਵਹਿਂ।
ਚਤੁਰ ਭੁਜਾ[1] ਬਨਮਾਲ[2] ਸੁਹਾਵਹਿ।
ਮੁਰ ਉਰ ਕੀ ਸ਼ਰਧਾ ਕਰਿ ਪੂਰੀ।
ਦਰਸੌਂ ਸਭਿ ਤੇ ਮੂਰਤਿ ਰੂਰੀ- ॥੩॥
ਕੇਤਿਕ ਦਿਨ ਮਹਿਂ ਪਹੁਂਚਜੋ ਆਇ।
ਜਿਹ ਠਾਂ ਗੋਇੰਦਵਾਲ ਸੁਹਾਇ।
ਪ੍ਰਥਮਹਿ ਗਯੋ ਦੇਗ ਕੇ ਥਾਨਾ।
ਕਰਜੋ ਜਾਚਿ ਕੈ ਭੋਜਨ ਖਾਨਾ ॥੪॥
ਤ੍ਰਿਪਤ ਹੋਇ ਪੁਨ ਅੰਤਰ ਗਯੋ।
ਮਨ ਬਾਂਛਤਿ ਤਸ[3] ਦਰਸ਼ਨ ਭਯੋ।
ਜਿਹ ਸਰੂਪ ਕੀ ਉਸਤਤਿ ਬੇਦ।
ਕਰਤਿ ਰਹਤਿ ਨਹਿਂ ਪਾਵਤਿ ਭੇਦ ॥੫॥

ਕਬਿੱਤ: ਸੂਰਜ ਸਮਾਨ ਕੋਟ ਪ੍ਰਭਾ ਹੈ ਮਹਾਨ ਤਨ[4],
ਸ਼ੋਭਨ+ ਹੈ ਸੀਸ, ਦੁਤਿ ਬਾਹੁਨ ਅਜਾਨ ਕੀ[5]।
ਕੰਬੁ ਗ੍ਰੀਵ[6], ਲੋਚਨ ਤਿਰੀਛੇ ਤੀਛੇ[7] ਬਾਨ ਮਾਨੋ,

---

*ਪਾ:-ਸੁ ਸਤਿਗੁਰ।
[1]ਚਾਰ ਬਾਹਾਂ।
[2]ਵੈਜਯੰਤੀ ਮਾਲਾ।
[3]ਤਿਸ ਨੂੰ।
[4]ਕਰੋੜਾਂ ਸੂਰਜਾਂ ਵਾਂਗ ਸ਼ੋਭਾ ਬੜੀ ਹੈ ਜਿਨ੍ਹਾਂ ਦੇ ਤਨ ਦੀ।
+ਪਾ:-ਸੋਭਤਿ।
[5]ਲੰਮੀਆਂ ਗੋਡਿਆਂ ਤਕ ਬਾਹਾਂ।
[6]ਸੰਖ ਵਰਗੀ ਗਿੱਚੀ।
[7]ਅੱਖੀਆਂ ਦੇ ਕੋਨੇ ਟੇਢੇ ਤਿੱਖੇ।

ਤੀਖਨ ਹੈ ਨਾਸਕਾ ਮਹਾਨ ਸੁਖਦਾਨ ਕੀ।
ਅਧਰ ਪ੍ਰਵਾਲ ਲਾਲ[1], ਸੁੰਦਰ ਬਿਸਾਲ ਭਾਲ,
ਕੁੰਡਲ ਕਪੋਲ ਪਰ ਡੋਲ ਚੰਚਲਾਨ ਕੀ[2]।
ਕੁੰਤਲ ਸੁਨੀਲੇ ਢੀਲੇ[3] ਛੂਟੇ ਹੈਂ ਛਬੀਲੇ,
ਚਟਕੀਲੇ[4], ਪਟ ਪੀਲੇ ਫਹਿਰੀਲੇ ਬੇਗਵਾਨ ਕੀ[5] ॥੬॥

ਕਬਿੱਤ: ਪਦ ਅਰਬਿੰਦ ਛਬਿ ਬ੍ਰਿੰਦ ਹੈ ਬਿਲੰਦ ਮ੍ਰਿਦੁ,
ਆਨੰਦ ਕੇ ਕੰਦ ਹੈਂ ਮੁਕੰਦ ਨਿਜ ਦਾਸ ਕੇ।
ਆਂਗਰੀ ਸੁ ਮਿਲੇ ਨਖ ਜਾਲ ਹੈਂ ਬਿਮਲ ਕਲਿ[6],
ਨੂਪਰ[7] ਜਰਾਊ ਜੇ ਜਵਾਹਰ ਪ੍ਰਕਾਸ਼ ਕੇ[8]।
ਕੇਹਰਿ ਸੀ ਕਟ[9], ਸੁ ਲਪੇਟੀ ਛੁੱਦ੍ਰਘੰਟਕਾ[10] ਸੁ,
ਤ੍ਰਿਵਲੀ ਉਦਰ[11], ਉਰ ਆਯੁਤ ਬਿਲਾਸ ਕੈ[12]।
ਚੰਦ੍ਰਮਾ ਉਜਾਸ ਕੇ ਸਮਾਨ ਰਹਿ ਭਾਸ ਕੇ
ਬਦਨ ਸੁਖ ਰਾਸ ਕੇ ਸੁਹਾਯੋ ਤ੍ਰਾਸ ਨਾਸ ਕੇ[13] ॥੭॥

ਕਬਿੱਤ: ਦਿਜ ਪਦ ਚਿੰਨ੍ਹਿ, ਬਨਮਾਲ ਹੈ ਬਿਸਾਲ ਗਰ,
ਚਤੁਰ ਭੁਜਾਨਿ ਗਹਜੋ ਗਦਾ ਅਰਬਿੰਦ ਹੈ[14]।
ਸੰਖ ਚੱਕ੍ਰ ਬੱਕ੍ਰ[15] ਧਰੇ, ਚੰਦਨ ਚਰਚ ਕਰੇ
ਅੰਗਦ ਸਮੇਤ ਭੁਜਦੰਡ[16] ਸੋ ਬਿਲੰਦ ਹੈਂ।

---

[1]ਹੋਠ ਮੂੰਗੇ ਵਤ ਲਾਲ।
[2]ਵਾਲੇ ਗੱਲ੍ਹਾਂ ਪਰ ਚੰਚਲ ਹੋ ਕਰਕੇ ਲਟਕ ਰਹੇ ਹਨ। (ਅ) ਡੋਲ+ਚੰਚਲਾ+ਆਯਨ = ਚੰਚਲਤਾ ਦਾ ਘਰ, ਭਾਵ ਮੱਛੀਆਂ ਵਰਗੀ ਡੋਲ।
[3]ਵਲਾਂ ਵਾਲੇ ਕੇਸ਼ ਕਾਲੇ ਲਟਕ ਰਹੇ ਹਨ।
[4]ਛਬ ਵਾਲੇ ਚੀਕਣੇ (ਕੇਸ)।
[5]ਬਸਤ੍ਰ ਪੀਲੇ ਲਹਿਰਾ ਰਹੇ ਹਨ ਪੌਣ ਦੇ ਵੇਗ ਨਾਲ।
[6]ਉਂਗਲੀਆਂ ਨਾਲ ਮਿਲੇ ਹੋਏ ਨੌਂਹ ਜੋ ਸਾਰੇ ਉੱਜਲ ਤੇ ਸੋਹਣੇ ਹਨ।
[7]ਝਾਂਜਰਾਂ।
[8]ਪ੍ਰਕਾਸ਼ ਰਹੇ ਹਨ।
[9]ਸ਼ੇਰ ਵਰਗੀ ਕਮਰ।
[10]ਤੜਾਗੀ।
[11]ਤਿੰਨ ਵਲ ਪੇਟ ਤੇ।
[12]ਛਾਤੀ ਚੌੜੀ ਅਨੰਦ ਦਾਯਕ।
[13]ਚੰਦ ਦੇ ਪ੍ਰਕਾਸ਼ ਸਮਾਨ ਪ੍ਰਕਾਸ਼ ਰਿਹਾ ਹੈ ਮੂੰਹ ਸੁੱਖਾਂ ਦੀ ਖਾਣ ਦਾ, ਸ਼ੋਭ ਰਿਹਾ ਹੈ ਡਰ ਨੂੰ ਨਾਸ਼ ਕਰਨ ਵਾਲਾ।
[14](ਦਿਜ =) ਭ੍ਰਿਗੂ ਦੇ ਚਰਨ ਦਾ ਨਿਸ਼ਾਨ, ਵੇਜਯੰਤੀ ਮਾਲਾ ਸ੍ਰੇਸ਼੍ਠ ਗੱਲ ਵਿੱਚ, ਚਾਰ ਬਾਹਾਂ ਵਿੱਚੋਂ (ਦੋਹੁੰ ਵਿੱਚ) ਫੜਿਆ ਤ੍ਰਿਸ਼ੂਲ ਤੇ ਕਵਲ ਹੈ।
[15](ਤੇ ਬਾਕੀ ਦੋਹੁੰ ਵਿਚ) ਸੰਖ ਤੇ ਟੇਢਾ ਚੱਕਰ।
[16]ਭੁਜਾਂ ਤੇ ਬਹੁੱਟੇ ਹਨ ਤੇ ਚੰਦਨ ਛਿੜਕਿਆ ਹੈ।

ਕੰਧ ਹੈਂ ਉਤੰਗ ਅੰਗ ਅੰਗ ਬਿਖੈ ਸੰਧਿ[1] ਜੇਈ,
ਮਾਸਲ[2] ਕਠੋਰ ਸਭਿ ਬੱਜ੍ਰ ਕੇ ਮਨਿੰਦ ਹੈਂ।
ਹਸੈਂ ਮੰਦਮੰਦ ਹੈਂ, ਉਪਾਵਤਿ ਅਨੰਦ ਹੈਂ,
ਅਨਿੰਦ ਜਗਬੰਦ[3] ਹੈਂ, ਮੁਕੰਦ ਸ੍ਰੀ ਗੁਬਿੰਦ ਹੈਂ ॥੮॥

ਦੋਹਰਾ: ਅਪਰ ਸੁੰਦ੍ਰਤਾ ਪ੍ਰਭੂ ਕੀ,
ਬਰਨ ਸਕੈ ਅਸ ਕੌਨ।
ਕੋਟ ਕਾਮ ਸਸਿ ਸੂਰ[4] ਕੀ,
ਸਮਤਾ ਨਾਂਹਿਨ ਤੌਨ[5] ॥੯॥

ਚੌਪਈ: ਮਾਈਦਾਸ ਬੈਸ਼ਨੋ ਦੇਖਿ।
ਤਨ ਮਨ ਕੀ ਸੁਧਿ ਰਹੀ ਨ ਸ਼ੇਖ[6]।
ਹੇਰਿ ਸਰੂਪ ਮਸਤ ਹੁਇ ਰਹਜੋ।
ਕੋ ਬਿਧਿ ਮੁਖ ਤੇ ਜਾਤਿ ਨ ਕਹਜੋ ॥੧੦॥
ਮੁੰਦ੍ਰਿਤ ਕਰੇ[7] ਬਿਲੋਚਨ ਜਬੈ।
ਅੰਤਰ ਪਿਖਜੋ ਰੂਪ ਸੋ ਤਬੈ।
ਕਿਤਿਕ ਬਾਰ[8] ਨਹਿਂ ਨੈਨ ਉਘਾਰੇ।
ਉਰ ਮਹਿਂ ਮੂਰਤਿ ਥਿਰਜੋ ਨਿਹਾਰੇ ॥੧੧॥
ਬਹੁਰ ਬਿਲੋਚਨ ਖੋਲੇ ਜਬੈ।
ਪਿਖਿ ਸ੍ਰੀ ਅਮਰ ਰੂਪ ਨਰ[9] ਤਬੈ।
ਸਤਿਗੁਰ ਨੇ ਨਿਜ ਰੂਪ ਬਨਾਯੋ।
ਬਾਂਛਤਿ ਚਿਤ ਸੋ ਤਿਸੈ ਦਿਖਾਯੋ ॥੧੨॥
ਨਿਕਟ ਹਕਾਰਜੋ ਮਾਈਦਾਸ।
'ਆਵੋ ਭਗਤ! ਬੈਠਿਯੇ ਪਾਸ।'
ਸੁਨਤਿ ਬੈਨ ਚਰਨਨਿ ਪਰ ਪਰਜੋ।
ਸ੍ਰੀ ਗੁਰ ਨਿਜ ਕਰ ਮਸਤਕ ਧਰਜੋ ॥੧੩॥
ਰੁਚਿਰ ਪ੍ਰਸੰਸਾ ਕਰਿਬੇ ਲਾਗਜੋ।

---

[1]ਜੋੜ।
[2]ਮਸਲੀਆਂ (ਮਾਸ ਦੀਆਂ ਮਛਲੀਆਂ)।
[3]ਜਗਤ ਦੇ ਬੰਦਨਾ ਯੋਗ।
[4]ਕ੍ਰੋੜ ਚੰਦ੍ਰਮੇ ਤੇ ਸੂਰਜ।
[5]ਤਿਸ ਸਤਿਗੁਰੂ ਨਾਲ।
[6]ਬਾਕੀ।
[7]ਬੰਦ ਕੀਤੇ।
[8]ਕਿੰਨੀ ਦੇਰ।
[9]ਦੇਖੇ ਸ੍ਰੀ ਗੁਰੂ ਅਮਰਦਾਸ ਜੀ ਮਨੁਖ ਰੂਪ ਵਿਚ।

ਗੁਰੁ ਕ੍ਰਿਪਾਲ ਕੇ ਪਗ ਅਨੁਰਾਗਜੋ[1]।
'ਧੰਨ ਧੰਨ ਸਤਿਗੁਰ ਗਤਿਦਾਨੀ।
ਕਲਿ ਮਹਿਂ ਕਰਹੁ ਉਧਾਰਨ ਪ੍ਰਾਨੀ ॥੧੪॥

ਭੁਜੰਗ ਛੰਦ: ਨਮੋ ਦੀਨ ਦਯਾਲੰ, ਨ ਆਦੰ ਨ ਅੰਤੰ।
ਅਗਾਧੰ[2], ਅਬਾਧੰ[3], ਰਚੇ ਸਰਬ ਜੰਤੰ[4]।
ਤੁਹੀ ਲੋਕ ਚੌਦਾ ਰਚੇ ਧਾਰਿ ਲੀਲਾ।
ਪ੍ਰਵੇਸ਼ਜੋ ਸਬੈ ਮੈਂ, ਅਲੇਪੰ ਸੁ ਮੀਲਾ[5] ॥੧੫॥

ਮਹਾਂ ਬੀਜ ਬੀਜੰ ਬਿਥਾਰੈ ਬਿਥਾਰਾ[6]।
ਤੂਹੀ ਏਕ ਮੂਲੰ ਜਗੰ ਸਾਖ ਸਾਰਾ[7]।
ਉਪਾਵੈਂ ਤੁਹੀ, ਫੇਰ ਪਾਲੈਂ, ਸੰਘਾਰੈਂ।
ਸੰਕੋਚੈਂ ਸਬੈ ਦ੍ਰਿੱਸ਼ਜਮਾਨੰ ਪਸਾਰੈ[8] ॥੧੬॥
ਲਖੈ ਨਾਂਹਿ ਕੋਈ ਅਕਾਰੰ[9] ਕਿਤੋ ਹੈ।
ਤੁਹੀ ਆਪ ਜਾਨੈ ਗਤੀ ਮੇਂ ਜਿਤੋ ਹੈਂ[10]।
ਰਚੇ ਪੰਚ ਭੂਤੰ ਰਿਖੀਕੀ[11] ਜਿ ਸਾਰੀ।
ਕਰੀ ਖਾਨ ਚਾਰੀ[12] ਅਨੇਕੈ ਪ੍ਰਕਾਰੀ ॥੧੭॥
ਕ੍ਰਿਪਾ ਧਾਰਿ ਜਾਂ ਕੋ ਕਰੋ ਦਾਨ ਨਾਮੰ[13]।
ਰਟੈ ਨੀਤਿ ਸੋਈ ਪਰੈ ਤੋਹਿ ਸਾਮੰ[14]।
ਤਜੈ ਦੇਹਿ ਹੰਤਾ[15] ਲਖੈ ਸੋ ਨਿਰਾਲਾ।
ਲਗੈ ਮੀਠ ਭਾਣਾ, ਰਹੰਤੋ* ਸੁਖਾਲਾ ॥੧੮॥

---

[1]ਪ੍ਰੇਮ ਕਰਨ ਲਗਾ।
[2]ਸਮੁੰਦਰ ਰੂਪ ਹੋ।
[3]ਦੁਖਾਂ ਤੋਂ ਰਹਿਤ ਹੋ।
[4]ਜੀਵ ਮੌਤ।
[5]ਮਿਲਿਆ (ਸਭਨਾਂ ਵਿਚ ਫਿਰ) ਅਲੇਪ ਹੈ।
[6]ਕਾਰਨ ਦਾ ਕਾਰਣ ਤੇ ਬਿਸਥਾਰਾਂ ਦਾ ਬਿਸਥਾਰ।
[7]ਤੂੰ ਹੀ ਇਕ ਮੁੱਢ ਹੈਂ ਅਤੇ ਸਾਰਾ ਜਗ ਟਾਹਣੀਆਂ ਹਨ।
[8]ਨਿਗਾਹ ਆਂਵਦੇ ਸਾਰੇ ਪਸਾਰੇ ਨੂੰ ਸੰਕੋਚਦੇ ਹੋ (ਲੈ ਕਰਦੇ ਹੋ)।
[9]ਆਕਾਰ।
[10]ਆਪਣੀ ਗਤੀ ਵਿਚ ਜਿੰਨਾ ਕੁ ਤੂੰ ਹੈਂ ਤੂੰ ਆਪ ਹੀ ਜਾਣਦਾ ਹੈਂ।
[11]ਇੰਦ੍ਰੀਆਂ।
[12]ਚਾਰੇ ਖਾਣੀਆਂ।
[13]ਨਾਮ ਦਾ ਦਾਨ।
[14]ਤੇਰੀ ਸ਼ਰਨਿ।
[15]ਦੇਹ ਅਭਿਮਾਨ।
*ਪਾ:-ਰਹੀ ਤੇ-ਚਹੰਤੋ।

ਲਖੈ ਮੀਤ ਤੋਹੀ, ਸਰੈਂ ਕਾਜ ਸਾਰੇ।
ਅਨੇਕਾਨਿ[1] ਮੈਂ ਏਕ ਤੋਹੀ ਨਿਹਾਰੇ।
ਤੁਹੀ ਦੀਨ ਬੰਧੂ, ਦਯਾ ਸਿੰਧੁ ਸ੍ਵਾਮੀ।
ਉਧਾਰੈਂ ਲਖੈਂ ਦਾਸੁ ਪ੍ਰੇਮੀ ਅਕਾਮੀ[2] ॥੧੯॥
ਮਹਾਂਰਾਜ ਰਾਜਾ ਪ੍ਰਤਾਪੰ ਬਿਰਾਜੈ।
ਤੁਹੀ ਸਰਬ ਕੇ ਸੀਸ ਪੈ ਏਕ ਛਾਜੈਂ[3]।
ਘਨਾਨੰਦ[4] ਗਜਾਨੰ ਮਨਿੰਦੈ[5] ਨ ਕੋਈ।
ਕਲੀ ਦੇਹ ਧਾਰਜੋ[6] ਕਲਾ ਸਰਬ ਗੋਈ[7] ॥੨੦॥
ਗੁਰੂ ਰੂਪ ਹੋਏ ਤ੍ਰਿਤੀ ਥਾਨ ਸੋਹੈਂ।
ਅਸੰਖੈ ਉਧਾਰੇ ਬਨੇ ਦਾਸ ਜੋ ਹੈਂ।
ਨਈ ਰੀਤਿ ਸਿੱਖੀ ਬਿਥਾਰੀ ਉਦਾਰੀ।
ਲਈ ਧਾਰਿ ਜਾਂਹੀ ਭਏ ਦੁੱਖਜ ਪਾਰੀ[8] ॥੨੧॥
ਸਦਾ ਜੈ, ਸਦਾ ਜੈ, ਸਦਾ ਜੈ ਗੁਸਾਈਂ।
ਮਯਾ ਕੀਨਿ ਮੋ ਪੈ ਸੁ ਲੀਨੋ ਬਚਾਈ।
ਗੁਬਿੰਦੇ, ਮੁਕੰਦੇ ਅਨੰਦੇ, ਅਨੂਪੇ।
ਨਮਸਤੰ ਨਮਸਤੰ ਸਮਸਤੰ[+] ਸਰੂਪੇ' ॥੨੨॥

ਦੋਹਰਾ: ਇਸ ਪ੍ਰਕਾਰ ਉਸਤਤਿ ਕਰੀ,
ਹਰਖਤਿ ਮਾਈਦਾਸ।
ਭਯੋ ਨਿਹਾਲ ਬਿਸਾਲ ਹੀ,
ਪੂਰਨ ਪ੍ਰੇਮ ਪ੍ਰਕਾਸ਼ੁ[9] ॥੨੩॥

ਚੌਪਈ: 'ਹੇ ਪ੍ਰਭੁ ! ਜੇ ਪ੍ਰਸੰਨ ਮੁਝ ਪਰ ਹੋ।
ਰਾਖੋ ਚਰਨ ਕਮਲ ਰਜ ਕਰਿ ਹੋ[10]।
ਨਿਤ ਦਰਸ਼ਨ ਮੈਂ ਤੁਮਰੋ ਪਾਊਂ।

---

[1]ਅਨੇਕਾਂ ਵਿਚ।
[2]ਨਿਸ਼ਕਾਮ।
[3]ਫਬ ਰਿਹਾ ਹੈਂ।
[4]ਇਕਰਸ।
[5]ਵਰਗਾ।
[6]ਕਲਯੁਗ ਵਿਚ ਦੇਹ ਧਾਰੀ ਹੈ ਤੇ।
[7]ਛਪਾਈ ਹੈ।
[8]ਦੁਖਾਂ ਤੋਂ ਪਾਰ।
[+]ਪਾ:-ਨਮਸਤੰ।
[9]ਪ੍ਰਗਟਿਆ।
[10]ਚਰਨਾਂ ਕਮਲਾਂ ਦੀ ਧੂੜੀ ਬਨਾਕੇ ਰਖੋ।

ਜਨਮ ਜਨਮ ਕੋ ਭਰਮ ਮਿਟਾਊਂ' ॥੨੪॥
ਸੁਨਿ ਸ੍ਰੀ ਅਮਰ ਪ੍ਰਸੀਦਨਿ[1] ਭਏ।
ਮੁਸਕਾਵਤਿ ਮੁਖ ਸੁਖ ਕੋ ਦਏ[2]।
ਬਚਨ ਕਹਯੋ 'ਸੁਨ ਮਾਈਦਾਸ!
ਅਬ ਤੂ[++] ਰਹੋ ਹਮਾਰੇ ਪਾਸ ॥੨੫॥
ਪ੍ਰਭੁ ਕੋ ਦਰਸ਼ਨ ਇਹ ਠਾਂ ਪਾਯਸਿ।
ਸਰਬ ਕਾਮਨਾ ਤੇ ਤ੍ਰਿਪਤਾਯਸਿ[3]।
ਅਸ਼ਟ[4] ਦਿਵਸ ਜਬਿ ਅਬਹਿ ਬਿਤਾਵੈ।
ਬਹੁਰੋ ਤੋਹਿ ਗੁਰੂ ਬਿਦਤਾਵੈ[5] ॥੨੬॥
ਰਹੁ ਅਨੰਦ ਹੁਇ ਗੋਇੰਦਵਾਲ।
ਮਿਲ ਸਤਿਸੰਗਤਿ ਸਿੱਖਜਨ ਨਾਲ।'
ਹਾਥ ਜੋਰਿ ਤਿਨਿ[*] ਤੈਸੇ ਮਾਨੀ।
ਰਹਯੋ ਸਮੀਪ ਸੰਦੇਹਨ ਹਾਨੀ ॥੨੭॥
ਕਾਰ ਬਾਪਿਕਾ ਕੀ ਬਡ ਹੋਵੈ।
ਸਭਿ ਸੰਗਤਿ ਸਿਰ ਕਰਿ ਨਿਤ ਢੋਵੈ[6]।
ਖੋਦਤਿ ਖੋਦਤਿ ਜਲ ਲਗਿ ਗਏ।
ਕਰ ਰੋਰਨ ਕੋ[7] ਦੇਖਤਿ ਭਏ ॥੨੮॥
ਨਹਿਂ ਟੂਟਹਿ ਬਹੁ ਜਤਨ ਕਰਤਿ ਹੈਂ।
ਬੁਧਿ ਬਲਿ ਅਪਨੋ ਸਕਲ ਧਰਤਿ ਹੈਂ।
ਤਬਿ ਸ੍ਰੀ ਅਮਰ ਨਿਕਟ ਚਲਿ ਕਹਯੋ।
ਸਤਿਗੁਰ ਨੇ ਬ੍ਰਿਤਾਂਤ ਸਭਿ ਲਹਯੋ ॥੨੯॥
ਮਾਣਕ ਚੰਦ ਪਥਰੀਆ ਜਾਤਿ।
[8]ਖੱਤ੍ਰੀ ਕੁਲ ਸੁੰਦਰ ਦ੍ਰਿੜ ਗਾਤ[9]।

---

[1]ਪ੍ਰਸੰਨ।
[2]ਮੁਖ ਤੋਂ ਹਸੇ ਸੁਖ ਨੂੰ ਦੇਣ ਵਾਲੇ (ਸ੍ਰੀ ਗੁਰੂ ਜੀ)।
[++]ਪਾ:-ਤੇ।
[3]ਤ੍ਰਿਪਤ ਹੋ ਜਾਏਂਗਾ।
[4]ਅੱਠ।
[5]ਤੇਰਾ ਗੁਰੂ ਪ੍ਰਗਟ ਕਰਾਂਗੇ ਭਾਵ ਗੁਰਮੁਖ ਤੋਂ ਹੈ।
[*]ਪਾ:-ਤਬ।
[6]ਸਿਰ ਤੇ ਨਿਤ ਢੋਣਾ ਕਰੇ।
[7]ਰੋੜਾਂ ਦਾ ਕੜ।
[8]ਪਥਰੀਆ ਜਾਤ ਵਾਲਾ।
[9]ਤਕੜਾ ਸੁੰਦਰ ਸਰੀਰ।

ਤਿਹਸੰਗ ਸਤਿਗੁਰ ਕੀਨਿ ਬਖਾਨ।
'ਹੇ ਮਾਣਕਚੰਦ ਲੇਹੁ ਵਿਦਾਨ[1] ॥੩੦॥
ਕਰਹੁ ਜੋਰ ਤਿਹ ਹਤਹੁ ਬਨਾਇ।'
ਸੁਨਿ ਕਰਿ ਚਰਨ ਪਰਜੋ ਸਹਿਸਾਇ[2]।
ਗੁਰ ਨਿਜ ਕਰ ਤਿਹ ਪੀਠ ਧਰਜੋ ਹੈ।
ਲੇ ਵਿਦਾਨ ਕੋ ਬੀਚ ਬਰਜੋ ਹੈ ॥੩੧॥
ਕਰ ਕੋ ਕਰਿ ਬਲ[3] ਮਾਰਤਿ ਭਯੋ।
ਟੁਟਜੋ ਜਲ ਸੋ ਥਲ ਭਰਿ ਗਯੋ।
ਬੂਡਜੋ ਮਾਣਕ ਹਾਨੇ[4] ਪ੍ਰਾਨ।
ਸਤਿਗੁਰ ਸੁਨਿ ਬ੍ਰਿਤੰਤ ਇਹ ਕਾਨ ॥੩੨॥
'ਮਾਣਕ ਹੋਇ[5] ਸੁ ਮਰਤੋ ਨਾਂਹੀ।
ਲੇ ਆਵਹੁ ਤਿਸ ਕੋ ਹਮ ਪਾਹੀ।'
ਸੁਣਿ ਮਾਣਕ ਕੋ ਲਜਾਇ ਨਿਕਾਸ।
ਧਰਜੋ ਆਨਿ ਕਰਿ ਸਤਿਗੁਰ ਪਾਸ ॥੩੩॥
ਦਾਹਨ[6] ਚਰਨ ਸੀਸ ਕੋ ਛ੍ਵਾਯੋ।
ਉਠਿ ਬੈਠਜੋ ਜਨੁ ਸੁਪਤਿ ਜਗਾਯੋ।
ਸਿਰ ਪਰ ਸਤਿਗੁਰ ਨੈ ਕਰ ਫੇਰਾ।
ਭਯੋ ਪ੍ਰਕਾਸ਼ ਬਿਨਾਸ਼ਿ[7] ਅੰਧੇਰਾ ॥੩੪॥
ਸਭਿ ਰਿਧਿ ਸਿਧਿ ਬਖਸ਼ਨ ਕੋ ਕਰਜੋ।
ਨਾਮੁ 'ਜੀਵੜਾ' ਤਿਸ ਕੋ ਧਰਜੋ।
ਮਾਈਦਾਸ ਹਕਾਰਜੋ ਪਾਸ।
ਸਤਿਗੁਰ ਕੀਨਸਿ ਬਾਕ ਪ੍ਰਕਾਸ਼ ॥੩੫॥
'ਤੋਹਿ ਗੁਰੂ[8] ਇਹੁ ਮਾਣਕ ਚੰਦ।
ਰਾਖਹੁ ਇਨ ਸੋਂ ਪ੍ਰੇਮ ਬਿਲੰਦ।
ਮੰਤ੍ਰ[9] ਆਪਨੋ ਤੋਹਿ ਬਤਾਇ।

---

[1]ਵਡਾ ਹਥੌੜਾ, ਘਨ, ਵਦਾਨ।
[2]ਸ਼ੀਘਰ ਹੀ।
[3]ਹਥਾਂ ਦਾ ਬਲ ਕਰਿਕੇ।
[4]ਨਾਸ਼ ਹੋਏ।
[5]ਜੋ ਮਾਣਕ ਹੈ।
[6]ਸੱਜਾ।
[7]ਨਾਸ਼ ਕਰਕੇ।
[8]ਭਾਵ ਗੁਰਮੁਖ। ਮੁਰਸ਼ਿਦ।
[9]ਗੁਰਮੰਤ੍ਰ।

ਤਿਲਕ ਗੁਰਮੁਖੀ ਮਸਤਕ ਲਾਇ ॥੩੬॥
ਸੇਲੀ[1] ਦਈ ਕਰਹੁ ਸਿਖ ਸੰਗਤਿ।
ਸੱਤਜਨਾਮ ਜਪੀਐ ਮਿਲਿ ਪੰਗਤਿ।
ਸੰਗਜਾ[2] ਭਗਤਨਿ ਕੀ ਤੁਮ ਹੋਈ।
ਜਗ ਸੰਤਾਪ ਬਿਨਾਸੋ ਜੋਈ[3] ॥੩੭॥
ਤੁਮ ਅਬਿ ਅਪਨੇ ਗ੍ਰਿਹ ਕਉ ਜਾਵਹੁ।
ਸੱਤਜ ਨਾਮ ਕੋ ਜਾਪ ਜਪਾਵਹੁ।
ਗੁਰਮੁਖ ਮਾਰਗ ਕਰਹੁ ਪ੍ਰਕਾਸ਼।
ਜਹਿਂ ਕਹਿਂ ਹੋਵਹਿ ਭਗਤਿ ਨਿਵਾਸ' ॥੩੮॥
ਸੁਨਿ ਮੁਦ[4] ਮਾਈਦਾਸ ਬਿਸਾਲ।
ਮਾਣਕ ਕੇ ਪਾਇਨ[5] ਤਤਕਾਲ।
ਨਮਸਕਾਲ ਕਰਿ ਹੋਯਹੁ ਸੰਗਿ।
ਦੋਨਹੁ ਪ੍ਰਾਪਤ ਅਨੰਦ ਅਭੰਗ[6] ॥੩੯॥
ਭੁਗਤਿ ਮੁਕਤਿ ਪ੍ਰਾਪਤਿ ਕਰ ਮਾਂਹੀ।
ਗੁਰ ਕੇ ਕੁਛ ਅਚਰਜ ਇਹੁ ਨਾਂਹੀ।
ਗੁਰ ਚੇਲਾ ਦੋਨਹੁ ਤਬਿ ਹੋਇ।
ਪਦ[7] ਸ਼੍ਰੀ ਅਮਰ ਪਰਤ ਭੇ ਸੋਇ ॥੪੦॥
ਕਰਿ ਬਹੁ ਪ੍ਰੇਮ ਬਿਨੈ ਬਹੁ ਠਾਨੀ।
'ਹੇ ਸਤਿਗੁਰ ਅਪਦਾ ਸਭਿ ਹਾਨੀ।'
ਦੋਨਹੁ ਗਮਨ ਕੀਨਿ ਤਤਕਾਲੇ।
ਸਦਨ ਆਪਨੇ ਬਸੇ ਸੁਖਾਲੇ ॥੪੧॥
ਸੱਤਜਾਨਾਮ ਬਹੁ ਨਰ ਉਪਦੇਸ਼ਾ।
ਸਿੱਖੀ ਕੋ ਵਿਸਤਾਰ ਵਿਸ਼ੇਖ਼ਾ[8]।
ਬਚਨ ਕਹਜੋ ਤਤਛਿਨ ਫੁਰ ਜਾਵੈ।
ਲੋਕ ਅਨੇਕ ਪੂਜਿਬੇ ਆਵੈਂ ॥੪੨॥

---

[1]ਕਾਲੀ ਉਂਨ ਯਾ ਰੇਸ਼ਮ ਆਦਿ ਦੀ ਬਣੀ ਗਲੇ ਪਾਉਣ ਯਾ ਸਿਰ ਲਪੇਟਨ ਦੀ ਸ਼ੈ।
[2]ਨਾਮ।
[3]ਸੰਸਾਰ ਦੇ ਦੁਖ ਨਾਸ਼ ਹੋਏ।
[4]ਪ੍ਰਸੰਨ ਹੋਇਆ।
[5]ਚਰਨੀਂ।
[6]ਇਕ ਰਸ ਆਨੰਦ।
[7]ਚਰਨੀਂ।
[8]ਭਾਵ ਪ੍ਰਚਾਰ ਬਹੁਤ ਕੀਤਾ।

ਜੋ ਜਾਚਹਿ ਇਨ ਕੇ ਢਿਗ ਆਇ।
ਰਿਦੇ ਮਨੋਰਥ ਤਤਛਿਨ ਪਾਇ।
ਹੋਹਿ ਬਸੋਏ ਕੋ ਦਿਨ ਜਬੈ।
ਚਲਿ ਆਵਹਿਂ ਸਤਿਗੁਰ ਢਿਗ ਤਬੈ ॥੪੩॥
ਦਰਸ਼ਨ ਕਰਿ ਨਿਜ ਬਿਨਯ ਸੁਨਾਵਹਿਂ।
ਬਹੁਰ ਆਪਨੇ ਗ੍ਰਿਹ ਕੋ ਜਾਵਹਿਂ।
ਭਈ ਜਗਤ ਮੈਂ ਬਡਿ ਬਡਿਆਈ।
ਅੰਤ ਸਮੈਂ ਸੁਖ ਸੋਂ ਗਤਿ ਪਾਈ* ॥੪੪॥

ਸੋਰਠਾ: ਬਖਸ਼ਿਸ਼ ਕਰਹਿਂ ਕ੍ਰਿਪਾਲ,
ਸਿੱਖੀ ਪੰਥ ਪ੍ਰਸਿੱਧ[1] ਹਿਤ।
ਸੇਵਕ ਹੋਤਿ ਨਿਹਾਲ,
ਪਾਰਬ੍ਰਹਮ ਗੁਰ ਪ੍ਰੇਮ ਚਿਤਿ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਣਕ ਪ੍ਰਸੰਗ' ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

---

*ਮਾਈਦਾਸ ਸ੍ਰੀ ਕ੍ਰਿਸ਼ਨ ਜੀ ਦਾ ਅਨੰਨਯ ਸੇਵਕ ਸੀ, ਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਦੁਆਰਕਾ ਵਲ ਗਿਆ। ਇਹਦੀ ਅਗਾਧ ਭਗਤੀ ਤੇ ਕ੍ਰਿਸ਼ਨ ਜੀ ਰੀਝੇ ਤੇ ਅਕਾਸ਼ ਬਾਣੀ ਦ੍ਵਾਰੇ ਪ੍ਰਗਟ ਕੀਤਾ ਕਿ ਐਸ ਵੇਲੇ ਮੁਕਤ ਭੁਗਤ ਦੇ ਦਾਤਾ ਗੁਰੂ ਅਮਰਦਾਸ ਜੀ ਹਨ। ਮਾਈ ਦਾਸ ਆਪਣੇ ਇਸ਼ਟ ਦੇ ਇਹ ਵਾਕ ਸੁਣ ਜੱਗਜਾਸਾ ਭਾਵ ਨੂੰ ਲੈ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਹਾਜ਼ਰ ਹੋਇਆ ਤੇ ਚਰਨੀਂ ਡਿੱਗਾ ਤੇ ਸਤਿਗੁਰੂ ਜੀ ਦੇ ਇੱਕ ਸਿੱਖ ਤੋਂ ਕਲਜਾਨ ਪ੍ਰਾਪਤ ਕੀਤੀ। ਗੁਰੂ ਘਰ ਦੀ ਉੱਚਤਾ ਤੇ ਮਹਾਨਤਾ ਹੈ ਕਿ ਇਕ ਕ੍ਰਿਸ਼ਨ ਉਪਾਸਕ ਜਿਸਨੂੰ ਅਪਣਾ ਇਸ਼ਟ ਉਪਦੇਸ਼ ਦਿੰਦਾ ਹੈ, ਤੇ ਗੁਰੂ ਜੀ ਦੀ ਮਹਿਮਾ ਦੱਸਦਾ ਹੈ, ਉਹ ਗੁਰੂ ਘਰ ਵਿਚ ਆਕੇ ਇਕ ਸਿੱਖ ਤੋਂ ਪਰਮਗਤੀ ਪ੍ਰਾਪਤ ਕਰਦਾ ਹੈ। ਜੋ ਸ਼ੈ ਉਸਨੂੰ ਉਥੇ ਇਸ਼ਟ ਤੋਂ ਨਾਂ ਮਿਲੀ ਸੋ ਏਥੇ ਗੁਰਸਿੱਖ ਤੋਂ ਲੱਭ ਪਈ। ਬਾਕੀ ਕ੍ਰਿਸ਼ਨ ਜੀ ਦਾ ਰੂਪਕ ਕਵਿ ਜੀ ਨੇ ਵਿਸ਼ਨੂੰ ਰੂਪਤਾ ਕਾਵਜ ਰੀਤੀ ਨਾਲ ਜੋ ਬਧਾ ਹੈ ਸੋ ਮਾਈਦਾਸ ਦੇ ਤਦੋਂ ਦੇ ਧਿਆਨ ਹੋਏ ਨਿਸ਼ਚੇ ਦਾ ਸਰੂਪ ਹੈ।

[1]ਪ੍ਰਗਟਤਾ।

੫੪. [ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ। ਗੰਗੋਸ਼ਾਹ ਬੱਸੀ ਖੱਤ੍ਰੀ]

੫੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੫

ਦੋਹਰਾ: ਅਕਬਰ ਦੁਰਗ[1] ਚਿਤੌੜ ਕੋ, ਟੁਟਜੋ ਨ[2] ਕਰਤੇ ਜੰਗ।
ਸ਼੍ਰੀ ਸਤਿਗੁਰ ਢਿਗ ਨਰ ਪਠਜੋ, ਬਹੁਤ ਬੇਨਤੀ ਸੰਗ ॥੧॥

ਚੌਪਈ: 'ਪੀਰ ਫਕੀਰ ਪ੍ਰਥਮ ਬਹੁ ਸੇਵੇ।
ਹੁਇ ਪ੍ਰਸੰਨ ਸਭਿਹਿਨਿ ਬਰ ਦੇਵੇ।
ਨਹੀਂ ਫਤੇ ਭਾ ਦੁਰਗ ਚਿਤੌਰ।
ਅਬਿ ਮੈਂ ਸ਼ਰਨ ਹਾਥ ਕੋ ਜੋਰਿ' ॥੨॥

ਸੁਨਿ ਗੁਰ ਕਹਜੋ 'ਤਬਹਿ ਗੜ ਛੂਟੇ।
ਇਹਾਂ ਬਾਪਿਕਾ* ਕੋ ਕਰ ਟੂਟੇ।'
ਤਬ ਤੇ ਰਹਜੋ ਸ਼ਾਹੁ ਕੋ ਮਾਨਵ[3]।
ਕੜ+ ਟੂਟਜੋ ਜਬਿ ਹੀ ਤਿਨ ਜਾਨਵ[4] ॥੩॥

ਲਿਖਿ ਲੇ ਗਯੋ ਵਾਰ ਤਿਥਿ ਮਾਸ[5]।
ਪਹੁੰਚਜੋ ਚਲਿ ਅਕਬਰ ਕੇ ਪਾਸ।
ਜਿਸ ਛਿਨ ਕੜ ਟੂਟਜੋ ਤਿਸ ਕਾਲ।
ਤਬਹੂੰ ਛੁਟਜੋ ਚਿਤੌੜ ਬਿਸਾਲੁ ॥੪॥

ਅਕਬਰ ਉਰ ਪ੍ਰਤੀਤ ਬਡਿ ਆਈ।
ਦਰਸ਼ਨ ਕਰਿਬੇ ਚਾਹ ਬਧਾਈ।
ਆਮ ਖਾਸ ਮਹਿਂ ਕਰੀ ਪ੍ਰਸ਼ੰਸ਼ਾ[6]।
'ਸ਼੍ਰੀ ਨਾਨਕ ਅੱਲਹਿ[7] ਨਹਿਂ ਸੰਸਾ ॥੫॥

ਆਰਫ਼[8] ਕਾਮਲ[9] ਵਲੀ[10] ਵਲਾਇਤ[11]।

---

[1]ਕਿਲ੍ਹਾ।
[2]ਫਤੇ ਨਾ ਹੋਇਆ।
*ਪਾ:-ਬਾਵਲੀ।
[3]ਆਦਮੀ।
+ਪਾ:-ਕਰ।
[4]ਜਾਣਿਆਂ।
[5]ਮਹੀਨਾਂ।
[6]ਸਭਨਾਂ ਵਿਚ ਉਸਤਤੀ ਕੀਤੀ।
[7]ਪਰਮਾਤਮਾ।
[8]ਰੱਬ ਨੂੰ ਪੁੱਜਿਆ
[ਅ: ਆਰਿਫ = ਗਯਾਨਵਾਨ]।
[9]ਪੂਰਾ, ਕਮਾਲ।
[10]ਔਤਾਰ, ਵਲੀ।
[11]ਦੇਸ਼ ਦਾ।

ਹੋਹਿ ਸਹਾਇ ਦਾਸ ਹਰਿ ਸਾਇਤ[1]।
ਹਿੰਦੂ ਮੁਸਲਮਾਨ ਤੇ ਨਜਾਰੇ।
ਨਰ ਅਨੇਕ ਦੋਨੋ ਤੇ[2] ਤਾਰੇ ॥੬॥
ਲਵਪੁਰਿ ਚਲਹਿਂ ਮਿਲਹਿਂ ਦਰਸਾਵਹਿਂ[3]'।
ਇਮ ਨਿਸ਼ਚੇ ਕਰਿ ਪ੍ਰੇਮ ਬਢਾਵਹਿ।
ਬੱਸੀ ਖੱਤ੍ਰੀ[4] ਗੰਗੋ ਨਾਮਾ।
ਧਨ ਬਿਵਹਾਰ[5] ਕਰਨਿ ਤਿਹ ਕਾਮਾ ॥੭॥
ਦਰਬ ਹਜ਼ਾਰਹੁਂ ਬਨਜ[6] ਚਲਾਵੈ।
ਨਿਤ ਪ੍ਰਤਿ ਮਤਿ ਕਰ ਅਧਿਕ ਬਧਾਵੈ।
ਬਿਗਰਜੋ ਏਕ ਬਾਰ ਬਿਵਹਾਰੈ।
ਪਾਇਸਿ ਤੋਟਾ[7] ਜਿਤਿ ਕਿਤਿ ਸਾਰੈ ॥੮॥
ਨਹੀਂ ਸਹਾਇਕ ਕੋ ਤਿਸ ਭਯੋ[8]।
ਹੁਤੋ ਉਧਾਰ ਨ ਸੋ ਕਿਨ ਦਯੋ[9]।
ਬਡਾ ਕਸ਼ਟ ਹੋਯਸਿ ਮਨ ਮਾਂਹੀ।
ਸੋ ਉਪਚਾਰ ਚਲਜੋ ਤਿਸ ਨਾਂਹੀ ॥੯॥
ਨਿਜ ਕੁਟੰਬ ਸਨਬੰਧੀ ਆਨ[10]।
ਅਰੁ ਜਿਨ ਸੰਗ ਬਨਜ ਕੋ ਠਾਨਿ[11]।
ਸਖਾ ਆਦਿ ਸਭਿ ਤੇ ਦੁਖ ਪਾਇਸਿ।
ਟਿਕਜੋ ਨ ਪਗ, ਕਰਿ ਰਹਜੋ ਉਪਾਇਸਿ ॥੧੦॥
ਚਹੁਂ ਦਿਸ਼ਿ ਤੇ ਜਬਿ ਸੰਕਟਿ ਪਰਜੋ।
ਸਤਿਗੁਰ ਸੁਜਸੁ ਸ਼੍ਰਵਨ ਤਿਨ ਕਰਜੋ।
ਛੋਰ ਸਭਿਨਿ ਕੋ ਨਿਕਸਜੋ ਕੈਸੇ।

---

[1]ਹਰ ਘੜੀ। [ਅ: ਸਾਇਤ]।
[2]ਦੋਨਾਂ ਵਿੱਚੋਂ।
[3]ਦਰਸ਼ਨ ਕਰਾਂਗੇ।
[4]ਜਾਤ ਹੈ।
ਮਹਿਮਾ ਪ੍ਰਕਾਸ਼ ਵਿਚ ਗੰਗੋ ਬਸੀ ਲਿਖਿਆ ਹੈ, ਭਾਵ ਬਸੀ ਦਾ ਰਹਿਣ ਵਾਲਾ।
[5]ਵਿਹਾਰ।
[6]ਵਿਹਾਰ।
[7]ਘਾਟਾ ਪਾਇਆ।
[8]ਕਿਸੇ ਮਦਦ ਨਾ ਕੀਤੀ।
[9]ਜੋ ਉਧਾਰ ਰੁਪੱਯਾ ਦਿੱਤਾ ਸੀ ਕਿਸੇ ਨੇ ਨਾ ਦਿੱਤਾ।
[10]ਹੋਰ।
[11]ਕਰਦਾ ਸੀ।

ਫਸਜੋ ਜਾਲ ਝਖ[1] ਤਜਾਗਜੋ ਜੈਸੇ ॥੧੧॥
ਉਰ ਸ਼੍ਰੀ ਅਮਰ ਆਸ ਇਕ ਧਾਰੀ।
-ਪਰੋਂ ਸ਼ਰਨ ਹੁਇ ਦੁਖ ਤੇ ਪਾਰੀ-।
ਦ੍ਰਿੜ੍ਹ ਪ੍ਰਤੀਤ ਧਰਿ ਦਰਸ਼ਨ ਆਯੋ।
ਪ੍ਰਿਥਮ ਦੇਗ ਤੇ ਭੋਜਨ ਖਾਯੋ ॥੧੨॥
ਪ੍ਰੇਮ ਧਾਰਿ ਪੁਨ ਗਮਨਜੋ ਪਾਸ।
ਦੇਖੇ ਜਬਿ ਮਨ ਭਯੋ ਹੁਲਾਸਿ।
'ਤ੍ਰਾਹਿ ਤ੍ਰਾਹਿ[2]' ਕਰਿ ਸ਼ਰਨੀ ਪਰਜੋ।
ਗੁਰ ਪਗ ਪੰਕਜ ਪਰ ਸਿਰ ਧਰਜੋ ॥੧੩॥
ਬੈਠਜੋ ਨਿਕਟ ਕਹਜੋ ਗੁਰ ਦਯਾਲਾ।
'ਕਹੁ ਗੰਗੋ ! ਕਯਾ ਤੋਰ[3] ਹਵਾਲ?'
ਸੁਨਿ ਕੈ ਨਿਜ ਸੰਕਟ ਸਭਿ ਕਹਜੋ।
'ਪ੍ਰਭੁ ਜੀ ਧਨ ਤੋਟਾ ਮੈਂ ਲਹਜੋ' ॥੧੪॥
ਗੁਰੂ ਕਹਜੋ 'ਅਬਿ ਦਿੱਲੀ ਜੱਯੈ।
ਮਾਨ ਬਾਕ ਤਹਿਂ ਕੋਠੀ[4] ਪੱਯੈ।
ਸਤਿ ਸੰਗਤਿ ਕੀ ਸੇਵਾ ਕਰਹੁ।
ਹ੍ਵੈ ਹੈ ਦਰਬ ਨ ਚਿੰਤਾ ਧਰਹੁ' ॥੧੫॥
ਸ਼੍ਰੀ ਗੁਰ ਕੀ ਆਇਸੁ ਲੇ ਗਯੋ।
ਪੁਰਿ ਮਹਿ[5] ਕੋਠੀ ਪਾਵਤਿ ਭਯੋ।
ਮੁਗ਼ਲ ਅਚਾਨਕ ਇਕ ਤਹਿਂ ਆਯੋ।
ਲਾਖ ਮੁਹਰ ਜਿਨ ਸੰਗ ਲਦਾਯੋ ॥੧੬॥
ਏਕ ਫਰਦ ਹੁੰਡੀ ਕੋ[6] ਚਾਹੇ।
ਬੂਝਤਿ ਫਿਰਤਿ ਕੋਠੀਅਨ ਮਾਂਹੇ।
ਸੁਨਿ ਹੁੰਡੀ ਇਕ ਕਰੈ ਨ ਕੋਊ[7]।
ਦਰਬ ਅਧਿਕ ਤੇ ਤ੍ਰਾਸਤਿ ਸੋਊ ॥੧੭॥
ਤਬਿ ਗੰਗੋ ਕੀ ਕੋਠੀ ਆਯੋ।

---

[1]ਮੱਛ।
[2]ਰੱਖਜਾ ਕਰੋ ! ਰੱਖਜਾ ਕਰੋ !
[3]ਤੇਰਾ।
[4]ਸ਼ਾਹੂਕਾਰੇ ਆੜ੍ਹਤ ਆਦਿ ਦੀ ਦੁਕਾਨ।
[5](ਦਿੱਲੀ) ਸ਼ਹਿਰ ਵਿਚ।
[6]ਇਕੋ ਕਾਗਜ਼ ਹੁੰਡੀ ਦਾ।
[7]ਇਕ ਹੁੰਡੀ ਸੁਣਕੇ ਕੋਈ ਨਹੀਂ (ਹੁੰਡੀ) ਕਰਦਾ।

'ਇਕ ਹੁੰਡੀ ਮੈਂ ਚਹਤਿ ਕਰਾਯੋ।'
ਸਤਿਗੁਰ ਕੇ ਬਚ ਸਿਮਰਨਿ ਕਰੇ।
-ਇਸ ਤੇ ਧਨ ਮਮ ਬ੍ਰਿਧਤਾ ਧਰੇ- ॥੧੮॥
'ਮੈ ਕਰਿਹੌਂ ਹੁੰਡੀ' ਕਹਿ ਦਯੋ।
ਦਰਬ ਮੁਗ਼ਲ ਤੇ ਸਗਰੋ ਲਯੋ।
ਲਿਖੀ ਦਰਸ਼ਨੀ[1] ਤਿਹ ਕਰ ਦੀਨੀ।
ਲੇ ਕਰਿ ਲਵਪੁਰਿ ਤਜਾਰੀ ਕੀਨੀ ॥੧੯॥
ਤਬਿ ਗੰਗੋ ਦੀਨਾਰ[2] ਜੁ ਸਾਰੀ।
ਪਹੁੰਚਾਈ ਤਿਸ ਨਗਰ ਅਗਾਰੀ।
ਮੁਗ਼ਲ ਪ੍ਰਵੇਸ਼ਯੋ ਲਵਪੁਰਿ ਜਾਏ।
ਗਯੋ ਬਨਕ ਢਿਗ[3] ਹਾਟ ਪੁਛਾਏ ॥੨੦॥
'ਮੋਰ ਦਰਸ਼ਨੀ ਹੁੰਡੀ ਲੇਹੁ।
ਲਾਖ ਮੁਹਾਰ ਅਬਿ ਗਿਨ ਕਰਿ ਦੇਹੁ।'
ਪਹੁੰਚੀ ਮੁਹਰ ਸੁ ਦਈ ਨਿਕਾਸ।
ਗਯੋ ਮੁਗ਼ਲ ਲੇ ਰਿਦੇ ਹੁਲਾਸ ॥੨੧॥
ਤਿਸ ਪੀਛੇ ਗੰਗੋ ਕੋ ਕਾਮ।
ਭਯੋ ਬ੍ਰਿੱਧ[4] ਤੈਸੋ ਧਨ ਧਾਮ।
ਵਧੀ ਪ੍ਰਤੀਤ ਚਲਯੋ ਬਿਵਹਾਰ।
ਜਾਨਯੋ ਬਹੁਤੇ ਨਗਰ ਮਝਾਰ ॥੨੨॥
ਕਿਤਿਕ ਬਰਸ ਬੀਤੇ ਤਿਸ ਥਾਯੋ।
ਤਬਿ ਸ਼੍ਰੀ ਅਮਰ ਨਿਕਟ ਦਿਜ ਆਯੋ।
'ਕੰਨਜਾਂ ਏਕ ਨਿਕੇਤ ਕੁਮਾਰੀ।
ਸ਼੍ਰੀ ਗੁਰ! ਆਯੋ ਸ਼ਰਨ ਤੁਮਾਰੀ ॥੨੩॥
ਕਿਤਿਕ ਦਰਬ ਤੁਮ ਤੇ ਜਬਿ ਪਾਵੌਂ।
ਕੰਨਜਾਂ ਪਾਨ ਗ੍ਰਹਿਨ[5] ਕਰਵਾਵੌਂ।
ਰਿਣ ਰਿਪੁ ਬਲ ਤੇ[6] ਦੁਖ ਨਹਿਂ ਐਸੇ।

---

[1]ਦਰਸ਼ਨੀ ਹੁੰਡੀ।
[2]ਭਾਵ ਮੁਹਰਾਂ
[ਫਾ: ਦੀਨਾਰਿ ਸੁਰਖ਼ = ਸੋਨੇ ਦਾ ਇੱਕ ਸਿੱਕਾ]।
[3]ਵਪਾਰੀ ਕੋਲ।
[4]ਵਾਧੇ ਵਿਚ ਹੋਯਾ।
[5]ਵਿਵਾਹ।
[6]ਕਰਜ਼ ਤੇ ਬਲੀ ਸ਼ੱਤ੍ਰੂ ਦਾ।

ਪਿਤ ਕੁਮਾਰਿ ਕੋ ਪਾਵਤਿ ਜੈਸੇ[1] ॥੨੪॥
ਸ਼੍ਰੀ ਗੁਰ ਕ੍ਰਿਪਾ ਧਾਰਿ ਸੁਖਰਾਸਿ।
ਲਿਖੇ 'ਰਜਤਪਣ ਦੇਹੁ ਪਚਾਸ।'
ਗੰਗੋ ਪਰ ਹੁੰਡੀ ਕਰਿ ਦੀਨਿ।
ਲੇ ਕਰਿ ਬਿੱਪ੍ਰ ਗਮਨ ਕੋ ਕੀਨਿ ॥੨੫॥
ਪਹੁੰਚਜੋ ਪੁਰਿ, ਕਾਗਜ਼[2] ਜਬਿ ਦਯੋ।
ਗੰਗੋ ਪਿਖਿ ਬਿਸਮੈ ਹੁਇ ਗਯੋ।
ਤੂਸ਼ਨਿ ਭਯੋ, ਨ ਧਨ ਕੋ ਦੀਨ।
ਹਟਜੋ ਬਿੱਪ੍ਰ ਉਰ ਸੰਕਟ ਪੀਨ ॥੨੬॥
ਸ਼੍ਰੀ ਗੁਰ ਅਮਰ ਦਾਸ ਕੇ ਪਾਸ।
ਆਯੋ ਛੂਛਾ ਭਯੋ ਨਿਰਾਸ।
ਅੰਤਰਜਾਮੀ ਸਭਿ ਕੁਛ ਜਾਨਾ।
-ਗੰਗੋ ਪਾਇ ਦਰਬ ਅਭਿਮਾਨਾ- ॥੨੭॥
ਕਰਜੋ ਬਿਚਾਰਨ -ਦਰਬ ਸੁਭਾਇ[3]।
ਜਿਸ ਢਿਗ ਆਵੈ ਸੁਧਿ[4] ਤਿਸੁ ਜਾਇ।
ਗੁਰ ਪਰਮੇਸ਼ੁਰ ਬੀਸਰ ਜੈ ਹੈ।
ਲਾਲਚ ਲਗੇ ਕਸ਼ਟ ਕੋ ਪੈਹੈ ॥੨੮॥
ਕਰਹਿ ਬਾਵਰਾ ਸੁਰਤਿ ਬਿਸਾਰੈ।
ਜੋਗ ਅਜੋਗ ਨ ਬਹੁਰ ਬਿਚਾਰੈ-।
ਇਮਿ ਲਖਿ ਦਿਜ ਕੋ ਦਰਬ ਦਿਵਾਯੋ।
ਕੰਨਜਾਂ ਬਜਾਹੁ ਕਰਜੋ ਹਰਖਾਯੋ ॥੨੯॥
ਤਿਸ ਦਿਨ ਤੇ ਗੰਗੋ ਕੋ ਦਰਬ।
ਜਾਤਿ ਜਾਤਿ ਬਿਨਸਜੋ ਪੁਨ ਸਰਬ[5]।
ਥੋਰਨ ਦਿਨ ਮੈਂ ਰੰਕ ਭਯੋ ਹੈ।
ਤਬਿ ਨਿਜ ਔਗੁਨ ਜਾਨਿ ਲਯੋ ਹੈ ॥੩੦॥
-ਸਤਿਗੁਰ ਤੇ ਬੇਮੁਖ ਮੈਂ ਭਯੋ।
ਯਾਂ ਤੇ ਦਰਬ ਸਰਬ ਹਰਿ ਗਯੋ।
ਤਿਨ ਬਿਨ ਕੌਨ ਸਹਾਇਕ ਮੇਰਾ।

---

[1]ਪਿਤਾ ਕੁਆਰੀ (ਲੜਕੀ ਨੂੰ ਵੇਖਕੇ ਦੁਖ) ਪਾਂਵਦਾ ਹੈ ਜੈਸੇ।
[2]ਭਾਵ ਹੁੰਡੀ।
[3]ਮਾਇਆ ਦਾ ਸੁਭਾਇ (ਹੀ ਐਸਾ ਹੈ)।
[4]ਹੋਸ਼, ਮੱਤ।
[5]ਜਾਂਦਾ ਜਾਂਦਾ ਸਾਰਾ ਹੀ ਨਾਸ਼ ਹੋ ਗਿਆ।

ਉਚਿਤ ਮੋਹਿ ਬਨਿਬੋ ਅਬ ਚੇਰਾ[1] ॥੩੧॥
ਸਭਿ ਬਿਧਿ ਸੇਵਾ ਕਰੌਂ ਗੁਸਾਈਂ।
ਫੇਰੌਂ ਬਢਨੀ[2] ਤਿਨ ਦਰ ਜਾਈ।
ਸਿਰ ਧਰਿ ਜਲ ਢੋਵੌਂ ਚਿਰ ਕਾਲ।
ਕਰੌਂ ਸੇਵ ਇੱਤਜਾਦਿ ਬਿਸਾਲ- ॥੩੨॥
ਦਿੱਲੀ ਪੁਰਿ ਤੇ ਨਿਕਸਜੋ ਚੋਰੀ।
ਤੂਰਨ ਪੰਥ ਆਇ ਗੁਰ ਓਰੀ।
ਇਹਾਂ ਬਾਪਿਕਾ ਹੋਵਤਿ ਤਜਾਰੀ।
ਮਿਲਿ ਸਭਿਹਿਨਿ ਮੈਂ ਲਾਗਜੋ ਕਾਰੀ[3] ॥੩੩॥
ਅੰਤਰਜਾਮੀ ਸਭਿਕਿਛ[*] ਜਾਨਾ।
ਢਿਗ ਹਕਾਰ ਨਹਿਂ ਕਛੂ ਬਖਾਨਾ।
ਬਹੁਤ ਮੋਲ ਕੇ ਵਸਤ੍ਰਨਿ ਮਾਂਹਿ।
ਬਾਧੈਂ ਈਟ ਪੀਠ ਧਰਿ ਜਾਹਿ ॥੩੪॥
ਲੋਕ ਲਾਜ ਕੁਲ ਰੀਤਿ ਮਹਾਨਾ।
ਖਾਨ ਪਾਨ ਆਦਿਕ ਤਜਿ ਗਜਾਨਾ[4]।
ਬਾਪੀ ਕਾਰ ਬਿਖੈ ਰਹਿ ਲਾਗਾ।
ਸਭਿ ਸੁਧਿ ਭੂਲਿ ਪ੍ਰੇਮ ਰਸ ਪਾਗਾ ॥੩੫॥
ਕਿਹ ਸੋਂ ਕਹੈ ਨ ਸੁਨਿਹੈ ਬਾਤ।
ਸੇਵਾ ਕੇ ਤਤਪਰ ਦਿਨ ਰਾਤ।
ਗੁਰ ਸੇਵਾ ਕੋ ਤਪ ਅਸੁ ਕੀਨਾ।
ਜਗ ਬਿਵਹਾਰ ਛੋਰਿ ਸਭਿ ਦੀਨਾ ॥੩੬॥
ਹੋਤਿ ਭਯੋ ਉਤਸ਼ਾਹੁ ਬਿਸਾਲਾ।
ਅੰਤਰ ਬ੍ਰਿਤਿ ਟਿਕਗੀ[+] ਤਿਸਿ ਕਾਲਾ।
ਪ੍ਰੇਮ ਪ੍ਰਵਾਹ ਬਹਜੋ ਉਰ ਮਾਂਹੀ।
ਚਿੰਤ ਕਸ਼ਟ ਤ੍ਰਿਣ ਠਹਿਰਜੋ ਨਾਂਹੀ[ਪ] ॥੩੭॥
ਜਜੋਂ ਜਜੋਂ ਸੁਖ ਪ੍ਰਾਪਤਿ ਭਾ ਉਰ ਕੋ।

---

[1]ਦਾਸ।
[2]ਝਾੜੂ।
[3]ਕੰਮ ਵਿਚ।
[*]ਪਾ:-ਬਿਧਿ।
[4]ਭਾਵ ਖਾਣ ਪੀਣ ਦੀ ਸੋਝੀ ਨਹੀਂ ਰਹਿੰਦੀ ਸੀ।
[+]ਪਾ:-ਬ੍ਰਿੱਤਿ ਟਿਕੀ।
[ਪ]ਚਿੰਤਾ ਦੇ ਦੁੱਖ ਰੂਪ ਕੱਖ ਨਾ ਠਹਿਰੇ ਭਾਵ ਰੁੜ੍ਹ ਗਏ।

ਤਜੋਂ ਤਜੋਂ ਸੇਵ ਪ੍ਰੇਮ ਭਾ ਗੁਰ ਕੋ।
ਮਨ ਮਹਿਂ ਮੂਰਤਿ ਅਚਲ ਟਿਕਾਈ।
ਕਬਹੂੰ ਵਹਿਰ ਪਿਖਹਿ ਗੁਰ ਤਾਈਂ ॥੩੮॥
ਨਿਸ ਦਿਨ ਧਜਾਨ ਟਿਕਾਯੋ ਕੈਸੇ।
ਜੋਗੀ ਕੀ ਸਮਾਧਿ ਹੁਇ ਜੈਸੇ।
ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ।
ਰਹਯੋ ਗਯੋ ਨਹਿਂ ਗੁਰੂ ਪ੍ਰਬੀਨਿ ॥੩੯॥
ਦਾਸਨ ਕੇ ਬਸਿ ਬਿਰਦ ਸੰਭਾਰਾ।
ਵਸੀ ਪ੍ਰੇਮ ਤੇ ਨਿਕਟ ਹਕਾਰਾ।
ਮੁਸਕਾਨੇ ਗੁਰ ਬਾਕ ਬਖਾਨਾ।
'ਗੰਗੋ ਸ਼ਾਹੁ! ਆਉ ਦੁਖ ਹਾਨਾ[1]' ॥੪੦॥
ਪਦ ਪੰਕਜ ਪਰ ਸਿਰ ਨਿਜ ਧਰਯੋ।
ਬਹੁਰ ਜੋਰਿ ਕਰ ਆਗੈ ਖਰਯੋ।
'ਮਾਯਾ ਮਗਨ ਬਿਮੁਖ ਮੈਂ ਭਯੋ।
ਅਪਨੋ ਜਾਨਿ ਬਖਸ਼ ਕਰਿ ਲਯੋ ॥੪੧॥
ਪਦ ਅਰਬਿੰਦ ਬਿਖੈ ਮੁਝ ਰਾਖਹੁ।
-ਸੇਵਕ! ਆਉ- ਬਚਨ ਮੁਖ[*] ਭਾਖਹੁ।'
ਸੁਨਿ ਸਤਿਗੁਰ ਕਰਨਾ ਰਸ ਢਰੇ।
ਤਤਛਿਨ ਮਹਿਂ ਨਿਹਾਲ ਤਿਸ ਕਰੇ ॥੪੨॥
ਬਸਤ੍ਰ ਬਿਸਦ ਪਹਿਰਾਇ ਨਵੀਨ।
ਮਸਤਕ ਪਰ ਨਿਜ ਕਰ ਧਰਿ ਦੀਨ।
ਸੱਤਜਨਾਮੁ ਮੁਖ ਮੰਤ੍ਰ ਕਹਾਯੋ।
'ਗੰਗੁਸ਼ਾਹੁ' ਕਹਿ ਨਾਮ ਬੁਲਾਯੋ ॥੪੩॥
'ਭੁਗਤਿ ਮੁਕਤਿ ਨਿਧ ਸਿਧਿ ਤੁਹਿ ਦੀਨੀ।
ਗ੍ਰਹਿ ਕੋ ਗਮਨੋ' ਆਗਜਾ ਕੀਨੀ।
'ਅਪਨੀ ਸੰਗਤਿ ਕੀਜਹਿ ਜਾਇ।
ਗੁਰ ਸਿੱਖੀ ਕੀ ਰੀਤਿ ਚਲਾਇ ॥੪੪॥
ਅਜ਼ਮਤ ਜੁਤਿ ਕਰਿ ਕੈ ਸੁ ਪਠਾਯੋ।
ਪਾਇ ਬਖਸ਼ ਪੁਨ ਸੀਸ ਨਿਵਾਯੋ[2]।

---

[1]ਦੁਖ ਨਾਸ਼ ਹੋਏ।
[*]ਪਾ:-ਬਦਨ ਨਿਜ।
[2]ਗੁਰੂ ਜੀ ਨੂੰ ਸੀਸ ਨਿਵਾਇਆ।

ਬਿਦਾ ਹੋਇ ਕਰਿ ਸਦਨ ਸਿਧਾਰਾ।
ਧਜਾਨ ਰਿਦੇ ਸਤਿਗੁਰ ਕੋ ਧਾਰਾ ॥੪੫॥
ਬਹੁ ਪ੍ਰਕਾਰ ਕੀ ਉਸਤਤਿ ਕਰਿ ਕੈ।
ਭਯੋ ਨਿਹਾਲ ਸੁ ਅਜ਼ਮਤ ਧਰਿ ਕੈ।
ਜਾਇ ਸਦਨ ਮਹਿਂ ਸੰਗਤਿ ਕੀਨਿ[1]।
ਸਤਿਗੁਰ ਨਾਮ ਜਪਾਵਨ ਦੀਨਿ[2] ॥੪੬॥
ਜਿਸ ਕੋ ਬਚਨ ਕਹੈ ਫੁਰ ਜਾਇ।
ਹੋਵਤਿ ਭਏ ਸਿੱਖ ਸਮੁਦਾਇ।
ਅਬਿ ਲਗ ਤਿਸ ਕੇ ਜਾਨੇ ਜਾਇਂ[3]।
ਕਵਿ ਸੰਤੋਖ ਸਿੰਘ ਪੂਰਨ ਧਜਾਇ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੰਗੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਤੀ ਅੰਸੂ ॥੫੪॥

---

[1]ਸਤਿਸੰਗ ਬਣਾਇਆ।
[2]ਭਾਵ ਨਾਮ ਜਪਾਇਆ।
[3]ਹੁਣ ਤਕ ਗੰਗੂ ਦੀ ਸੰਪ੍ਰਦਾ ਦੇ ਲੋਕੀਂ ਉਸ ਤੋਂ ਜਾਣੇ ਜਾਂਦੇ ਹਨ। ਭਾਵ ਗੰਗੂ ਸ਼ਾਹੀ ਕਹਾਉਂਦੇ ਹਨ।

੫੫. [ਕਾਬਲ ਵਾਲੀ ਪਤਿਬ੍ਰਤ ਮਾਈ]

੫੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੬

ਦੋਹਰਾ: ਕਾਰ ਹੋਤਿ ਨਿਤਿ ਬਾਪਿਕਾ, ਕਰਹਿਂ ਪ੍ਰੇਮ ਸੋਂ ਦਾਸ।
ਕ੍ਰਿਪਾ ਦ੍ਰਿਸ਼ਟਿ ਜਿਸ ਕੋ ਪਿਖਿਤਿ, ਤਿਸ ਕੇ ਗਯਾਨ ਪ੍ਰਕਾਸ਼ ॥੧॥

ਚੌਪਈ: ਲਯਾਇਂ ਈਂਟਕਾ ਕਰਦਮ[1] ਕਰਿ ਕੈ।
ਚੂਨਾ ਪ੍ਰਿਥਮ ਸ ਨੀਕ ਸੁਧਰਿ ਕੈ।
ਪੀਸਹਿਂ ਚਾਕੀ ਮਹਿਂ ਕਰਿ ਪ੍ਰੇਮ।
ਸਿਰ ਧਰਿ ਕਰਿ ਗਮਨਹਿਂ ਹਿਤ ਛੇਮ ॥੨॥
ਕਿਸ ਕੋ ਕਿਮ ਕੋਈ ਨਹਿਂ ਕਹੈ[2]।
ਆਪੇ ਕਰਨ ਸੇਵ ਸ਼ੁਭ ਚਹੈਂ।
ਇਕ ਆਵਹਿਂ ਇਕ ਲੇ ਲੇ ਜਾਹਿਂ।
ਕਾਰੀਗਰ ਕੇ ਢਿਗ ਪਹੁੰਚਾਹਿਂ ॥੩॥
ਜਯੋਂ ਜਯੋਂ ਕਰਹਿਂ ਪ੍ਰੀਤ ਸੋਂ ਸੇਵਾ।
ਤਯੋਂ ਤਯੋਂ ਲਖਿ ਸਭਿ ਕੀ ਗੁਰਦੇਵਾ।
ਪੂਰਹਿਂ ਮਨੋ ਕਾਮਨਾ ਤਿਨ ਕੀ।
ਬਯਾਪਕ ਜੋਤਿ ਸਭਿਨਿ ਮਹਿਂ ਜਿਨਕੀ ॥੪॥
ਏਕ ਸਿੱਖ ਕਾਬਲ ਮਹਿਂ ਰਹੈ।
ਪਤੀਬ੍ਰਤਾ ਇਸਤ੍ਰੀ ਜਿਸ ਅਹੈ।
ਪਤਿ ਮਹਿਂ ਪ੍ਰੇਮ ਜਾਮਨੀ ਦਿਨ ਮੈਂ।
ਫੁਰਹਿ ਨ ਅਪਰ ਪੁਰਸ਼ ਕੋ ਮਨ ਮੈਂ ॥੫॥
ਤਿਹ ਸਿੱਖ ਨੇ ਸਿੱਖੀ ਸੁ ਦ੍ਰਿੜ੍ਹਾਈ।
ਅਪਨਿ ਭਾਰਜਾ ਕੋ ਸੁਖਦਾਈ[3]।
ਪਤਿਬ੍ਰਤਿ ਤੇ ਤਿਹ ਸ਼ਕਤਿ ਬਿਸਾਲਾ।
ਜਹਿਂ ਚਾਹੈ ਪਹੁੰਚੈ ਤਤਕਾਲਾ ॥੬॥
ਕੋਸ ਹਜ਼ਾਰਹੁਂ ਘਟਿਕਾ ਮਾਂਹੀ।
ਪਹੁੰਚਤਿ ਦੇਰ ਲਗਹਿ ਜਿਸ ਨਾਂਹੀ[*]।
ਇੱਤਯਾਦਿਕ ਸ਼ਕਤੀ ਕਹੁ ਧਾਰਤਿ।
ਸਦਾ ਪ੍ਰੇਮ ਪਤਿ ਸੋਂ ਪ੍ਰਤਿਪਾਰਤਿ[4] ॥੭॥

---

[1]ਗਾਰਾ।
[2]ਕਿਸੇ ਨੂੰ ਕਿਸੇ ਤਰ੍ਹਾਂ ਕੋਈ ਕਹਿੰਦਾ ਨਹੀਂ।
[3]ਆਪਣੀ ਇਸਤ੍ਰੀ ਨੂੰ ਸੁਖਦਾਤੀ (ਸਿੱਖੀ ਦ੍ਰਿੜ੍ਹਾਈ)।
[*]ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਯਾਯ ੩੯ ਅੰਕ ੬੦ ਦੀ ਹੇਠਲੀ ਟੂਕ।
[4]ਪਾਲਦੀ ਹੈ, ਭਾਵ ਕਰਦੀ ਹੈ।

ਕਾਰ ਬਾਪਿਕਾ ਕੀ ਤਿਨ ਜਾਨੀ।
ਤਜਾਰ ਕਰਾਵਤਿ ਗੁਰ ਗੁਨ ਖਾਨੀ।
ਫਲ ਬਿਸਾਲ ਲਘੁ ਸੇਵਾ ਕੀਨੇ[1]।
ਕੌਨ ਤਜਹਿ ਅਸ[2] ਜਿਨ ਮਨ ਚੀਨੇ ॥੮॥
ਸੋ ਸਿਖਨੀ ਕਾਬਲ ਤੇ ਆਵੈ।
ਪ੍ਰਾਤਿ ਹੋਤਿ[3] ਗੁਰ ਸੇਵ ਕਮਾਵੈ।
ਸਗਰੇ ਦਿਵਸ ਟਹਿਲ ਕੋ ਕਰਿਹੀ।
ਖਨਤੇ[4] ਕਾਰਿ ਸੁ ਵਹਿਰ ਨਿਕਰਿਹੀ ॥੯॥
ਚੂੰਨਾ ਈਂਟ ਦੇਤਿ ਪਹੁੰਚਾਇ।
ਧਰੇ ਪ੍ਰੇਮ ਬਹੁ ਚੌਂਪ ਵਧਾਇ।
ਕਿਹ ਸੋਂ[5] ਕਰਹਿ ਬੋਲਬੋ ਨਾਂਹੀ।
ਸਤਿਗੁਰ ਚਰਨ ਧਰਹਿ ਉਰ ਮਾਂਹੀ ॥੧੦॥
ਪਰਹਿ ਨਿਸਾ ਹੁਇ ਅੰਤਰਧਜ਼ਾਨ।
ਨਿਜ ਘਰ ਕਾਬਲ ਕਰਹਿ ਪਯਾਨ।
ਖਾਨ ਪਾਨ ਸਭਿ[+] ਕੁਟੰਬ ਸਮੇਤ।
ਕਰਿ ਸੁਪਤਹਿ ਸੋ ਅਪਨ ਨਿਕੇਤ ॥੧੧॥
ਹੋਤਿ ਪ੍ਰਾਤਿ ਪੁਨ ਆਇ ਅਚਾਨਕ।
ਕਰਹਿ ਸੇਵ ਸਿਮਰਹਿ ਸ਼੍ਰੀ ਨਾਨਕ।
ਦੇਖਤਿ ਸਿੱਖ ਅਚੰਭੈ ਰਹੈਂ।
ਤਿਸ ਇਸਤ੍ਰੀ ਕੋ ਭੇਵ ਨ ਲਹੈਂ ॥੧੨॥
-ਸੇਵਾ ਕਰਤੀ ਹਾਥ ਪਸਾਰਹਿ।
ਪਲਨਾ ਕੋ[6] ਝੂਲਵਾਨ ਧਾਰਹਿ।
ਬਹੁਰ ਕਾਰ ਕੋ ਕਰਹਿ ਬਨਾਇ।
ਪੁਨ ਘਟਿਕਾ ਮਹਿਂ ਦੇਤਿ ਝੁਲਾਇ[7] ॥੧੩॥
ਕਹਿਂ ਤੇ[8] ਆਵੈ ਜਾਇ ਹਮੇਸ਼-?

---

[1]ਫਲ ਬਹੁਤ ਪ੍ਰਾਪਤ ਹੁੰਦਾ ਹੈ ਥੋੜੀ ਸੇਵਾ ਕਰਨੇ ਕਰਕੇ ਹੀ।
[2]ਐਸੀ (ਸੇਵਾ)।
[3]ਸਵੇਰ ਹੋਣ ਤੋਂ।
[4]ਖੋਦਕੇ।
[5]ਕਿਸੇ ਨਾਲ ਵੀ।
[+]ਪਾ:-ਸੁ।
[6](ਮਾਨੋਂ) ਪੰਘੂੜੇ ਨੂੰ।
[7]ਇਕ ਘੜੀ ਪਿੱਛੋਂ ਇਕ ਝੂਟਾ ਦੇ ਦੇਂਦੀ ਸੀ (ਹੱਥ ਨਾਲ)।
[8]ਕਿੱਥੋਂ।

ਨਹਿਂ ਜਾਨਹਿਂ ਸਭਿ ਬਿਸਮ ਵਿਸ਼ੇਸ਼।
ਦੂਜੇ ਹਾਥ ਪਸਾਰਤਿ ਹੇਰਹਿਂ।
ਲਖਹਿਂ ਨ ਗਤਿ ਆਚਰਜ ਬਡੇਰਹਿਂ ॥੧੪॥
ਬੂਝ ਨ ਸਕਹਿਂ ਪ੍ਰੇਮ ਸੋਂ ਸੇਵਹਿ।
ਕਰਹਿ ਕਾਰ ਕੋ ਲਖਹਿਂ ਨ ਭੇਵਹਿ[1]।
ਆਪਸ ਮਹਿਂ ਚਰਚਾ ਬਹੁ ਕਰਹਿਂ।
ਕਿਸਹੂੰ ਕੋ ਕੁਛ ਸਮਝ ਨ ਪਰਹਿ ॥੧੫॥
'ਅੰਤਰ ਬ੍ਰਿੱਤਿ ਇਕਾਗਰ ਸੁਰਤਿ।
ਕਾਰ ਕਰਨ ਮਹਿਂ ਧਰਤੀ ਫੁਰਤਿ[2]।
ਨਿਤ ਪ੍ਰਤਿ ਸੇਵਾ ਮਹਿਂ ਹਿਤਵਾਨੇ[3]।
ਬਿਨ ਆਲਸ ਉੱਦਮ ਬਹੁ ਠਾਨੇ' ॥੧੬॥
ਬਹੁਤ ਦਿਵਸ ਇਸ ਭਾਂਤਿ ਬਿਤਾਏ।
ਅਚਰਜ ਮਹਿਂ ਨਿਤਿ ਸਿਖ ਸਮੁਦਾਏ।
ਮਿਲਿ ਸਗਰੇ ਸਤਿਗੁਰ ਪਹਿ ਗਏ।
ਬਿਸਮਤਿ ਮਤਿ ਸੋਂ ਬੂਝਤਿ ਭਏ[4] ॥੧੭॥
'ਹੇ ਪ੍ਰਭੁ ਜੀ! ਆਵਤਿ ਇਕ ਮਾਈ।
ਮਿਲਤਿ ਸਭਿਨਿ ਮਹਿਂ ਕਾਰ ਕਮਾਈ।
ਜਾਮਨਿ ਮਹਿਂ ਅਲੋਪ ਹੁਇ ਜਾਇ।
ਸਭਿ ਕੇ ਦੇਖਤਿ ਦਿਖਤਿ ਨ ਕਾਇ ॥੧੮॥
ਪ੍ਰਾਤਿ ਹੋਤਿ ਪ੍ਰਗਟਤਿ ਪੁਨ ਤੈਸੇ[5]।
ਕਰਤਿ ਕਾਰ ਸਭਿ ਸਿੱਖਨ ਜੈਸੇ।
ਇਕ ਅਚਰਜ ਪੁਨ ਕਰਤਿ ਸੁ ਔਰ[*]।
ਕਾਰ ਕਰਤਿ ਬੈਠਤਿ ਜਿਸ ਠੌਰ ॥੧੯॥
ਹਾਥ ਪਸਾਰ ਸੰਕੋਚਤਿ ਫੇਰ[6]।
ਜਾਨਯੋ ਜਾਇ ਨ ਹਾਰੇ ਹੇਰਿ।
ਬਹੁਤ ਦਿਵਸ ਕੇ ਦੇਖਤਿ ਰਹੈਂ।

---

[1](ਦੂਸਰੇ) ਭੇਤ ਨਹੀਂ ਸਮਝਦੇ। ਹੈ?
[2]ਫੁਰਤੀ ਕਰਦੀ ਹੈ।
[3]ਪ੍ਰੇਮ ਕਰਦੀ ਹੈ।
[4]ਹੈਰਾਨ ਹੋਈ ਹੋਈ ਬੁੱਧੀ ਨਾਲ ਪੁਛਣ ਲੱਗੇ।
[5]ਸਵੇਰ ਹੁੰਦਿਆਂ ਫੇਰ ਆਣ ਦਿਖਾਈ ਦਿੰਦੀ ਹੈ।
[*]ਪਾ:-ਕਰਤੀ ਔਰ।
[6]ਫੈਲਾਕੇ ਫੇਰ ਪਿਛੇ ਹਟਾ ਲੈਂਦੀ ਹੈ।

ਆਜੂ ਬੂਝਬੋ ਤੁਮ ਸੋ ਚਹੈਂ ॥੨੦॥
ਕੋ ਹੈ ਇਹੁ, ਕਿਹ ਪੁਰਿ ਘਰ ਬਸੈ[1]?
ਕਿਮਿ ਪਹੁੰਚਹਿ, ਅਰੁ ਕਿਮਿ ਨਹਿਂ ਦਿਸੈ?
ਕਰੁਨਾ ਕਰਹੁ ਬ੍ਰਿਤੰਤ ਬਤਾਵਹੁ।
ਸਭਿ ਸਿੱਖਜਨ ਮਨ ਭਰਮ ਮਿਟਾਵਹੁ' ॥੨੧॥
ਸੁਨਿ ਸ੍ਰੀ ਅਮਰ ਦਾਸ ਤਿਨ ਸੰਗ।
ਕਰਜੋ ਸੁਨਾਵਨਿ ਸਰਬ ਪ੍ਰਸੰਗ।
'ਕਾਬਲ ਮਹਿਂ ਇਕ ਸਿਖ ਹੈ ਮੇਰੋ।
ਤਿਸ ਕੀ ਇਹੁ ਤ੍ਰਿਯ ਪ੍ਰੇਮ ਘਨੇਰੋ ॥੨੨॥
ਪਤੀਬ੍ਰਤਾ ਬਡਭਾਗਨਿ ਭਲੀ।
ਗੁਰ ਸੇਵਾ ਕੇ ਤਤਪਰ ਢੁਲੀ।
ਪਤਿ ਕੋ ਪਰਮੇਸ਼੍ਵਰ ਕਰਿ ਜਾਨੈ।
ਆਇਸੁ ਤਿਸਕੀ ਸਿਰ ਪਰ ਠਾਨੈ ॥੨੩॥
ਨਹਿਂ ਪਰ ਪੁਰਸ਼ ਫੁਰੈ ਮਨ ਮਾਂਹੀ।
ਸਦਾ ਪ੍ਰੇਮ ਨਿਜ ਪਤਿ ਕੇ ਮਾਂਹੀ।
ਰਿਦ ਮਹਿਂ ਧਜਾਨ ਗੁਰੂ ਕੋ ਧਾਰਤਿ।
ਬਾਹਰ ਕਿਸ ਕੋ ਨਾਂਹਿ ਉਚਾਰਤਿ[+] ॥੨੪॥
ਤਿਹ ਸਿਖ ਨੇ ਗੁਰ ਸੇਵ ਬਤਾਈ[2]।
ਪਤਿ ਸੇਵਤਿ ਇਨ ਸ਼ਕਤੀ ਪਾਈ।
ਨਿਜ ਇੱਛਾ ਗਾਮਨਿ ਭੀ[*] ਐਸੇ[3]।
ਸਿੱਧਾਂ ਯੁਤ ਹੋਵਤਿ ਸਿਧ ਜੈਸੇ ॥੨੫॥
ਆਇ ਪ੍ਰਾਤਿ ਕੋ ਸੇਵ ਕਮਾਵੈ।
ਹੋਤਿ ਸੰਝ ਕਾਬਲ ਘਰ ਜਾਵੈ।
ਸੁਤ ਕੋ ਪਲਨਾ ਪਰ ਪੌਢਾਵਹਿ[4]।
ਨਿਜ ਸ਼ਕਤੀ ਕਰ ਤਿਸਹਿ ਝੁਲਾਵਹਿ ॥੨੬॥
ਕਾਬਲ ਤੇ ਜਬਿ ਚਲਿਬੇ ਲਾਗਹਿ।

---

[1]ਕੌਣ ਹੈ ਇਹ, ਕਿਸ ਸ਼ਹਿਰ (ਤੇ ਕਿਸ) ਘਰ ਵੱਸਦੀ

[+]ਤ੍ਰੈ ਲਿਖਤੀ ਨੁਸਖਿਆਂ ਵਿਚ ਇਹ ਦੋ ਸਤਰਾਂ ਨਹੀਂ ਹਨ। ਇਕ ਨੁਸਖੇ ਵਿੱਚ ਇਨ੍ਹਾਂ ਦੋ ਸਤਰਾਂ ਦੀ ਥਾਂ ਇਹ ਪਾਠ ਹੈਛ-ਸਿਮਰਣੁ ਸਤਜਨਾਮ ਸਦ ਕਰਤੀ। ਸੰਤਨਿ ਸੇਵਾ ਮੈਂ ਚਿਤ ਧਰਤੀ। ਤੇ ਇਕ ਛਾਪੇ ਦੇ ਨੁਸਖੇ ਵਿਚ ਇਥੇ ਦੋ ਤੁਕਾਂ ਹੋਰ ਵਾਧੂ ਹਨਛ-ਵਹੁ ਮੇਰੋ ਸਿਖ ਨਿਸਚੈਵਾਨ। ਗੁਰ ਸਿੱਖਨ ਸੋਂ ਪ੍ਰੇਮ ਮਹਾਂਨ।

[2]ਤਿਸ (ਇਸਤ੍ਰੀ ਦੇ ਪਤੀ) ਸਿੱਖ ਨੇ (ਇਸਨੂੰ) ਗੁਰ ਸੇਵਾ ਦੱਸੀ।

[*]ਪਾ-ਭਾਈ।

[3]ਆਪਣੀ ਇੱਛਾ ਅਨੁਸਾਰ ਜਾਣ ਵਾਲੀ।

[4]ਪੰਘੂੜੇ ਉਪਰ ਲਿਟਾ ਆਂਵਦੀ ਹੈ।

ਪਲਨੇ ਪਰ ਨਿਜ ਸੁਤ ਕੋ ਤਜਾਗਹਿ।
ਬਾਪੀ ਕਾਰ ਕਰਹਿ ਤਿਸੁ ਜਾਨਹਿਂ[1]।
ਹਾਥ ਪਸਾਰ ਝੁਲਾਵਨ ਠਾਨਹਿਂ ॥੨੭॥
ਕਰਤੀ ਕਾਰ ਪਸਾਰਹਿ ਕਰ ਕੋ।
ਸ਼ਕਤਿ ਸਮੇਤ ਝੁਲਾਵਨ ਕਰਿ ਕੋ।
ਇਸ ਥਲ ਤੇ ਨਿਜ ਪੁੱਤ੍ਰ ਲਡਾਵੈ[2]।
ਸਹਤ ਪ੍ਰੇਮ ਕੇ ਕਾਰ ਕਮਾਵੈ ॥੨੮॥
ਨਿਸ ਮਹਿਂ ਘਰ ਕੋ ਜਾਇ ਸੰਭਾਰੈ।
ਸੁਤ ਪਤਿ ਸੋਂ ਮਿਲਿ ਆਨੰਦ ਧਾਰੈ।
ਪਤਿਬ੍ਰਤਿ ਸਮ ਨਹਿਂ ਧਰਮ ਔਰ ਤ੍ਰਿਯ।
ਜਿਸ ਤੇ ਮਹਾਂ ਸ਼ਕਤਿ ਧਾਰਤਿ ਹਿਯ ॥੨੯॥
ਪਤਿਬਰਤਾ ਪੂਰਬ ਭੀ ਦਾਰਾ।
ਜਿਨਿ ਕੀਨਸਿ ਦਸ ਦਿਨ ਅੰਧਯਾਰਾ।
ਸੂਰਜ ਉਦੈ ਹੋਨ ਨਹਿਂ ਦਯੋ।
ਸ਼ਕਤਿ ਮਹਾਂ ਬਲ ਏਤਿਕ ਥਯੋ[3] ॥੩੦॥
ਸੁਨਿ ਸੰਗਤਿ ਨੇ ਬੂਝੀ ਕਥਾ।
'ਸ਼੍ਰੀ ਗੁਰ ਭਨਹੁ ਪ੍ਰਥਮ ਭਈ ਜਥਾ।'
ਸੁਨਿ ਸ਼੍ਰੀ ਅਮਰਦਾਸ ਤਬਿ ਕਹਯੋ।
'ਇਕ ਮੁਨਿ ਮਾਂਡਵ ਤਪੁ ਕਰਿ ਰਹਯੋ ॥੩੧।
ਤਸਕਰ ਨ੍ਰਿਪ ਕੀ ਕਰੀ ਸਤੇਈ[4]।
ਚਲੇ ਜਾਤਿ ਰਿਖਿ ਦੇਖਹਿਂ ਤੇਈ[5]।
ਏਕ ਹਾਰ ਬਹੁ ਮੋਲ ਹੁਤੋ ਜਿਹ।
ਰਿਖਿ ਕੋ ਜਾਨਿ ਅਰਪ ਦੀਨਸਿ ਤਿਹ ॥੩੨॥
ਤਸਕਰ ਗਏ ਆਪਨੇ ਸਦਨ।
ਬੈਠਯੋ ਮੁਨੀ ਸਮਾਧਹਿ ਮਗਨ।
ਇਤਨੇ ਮਹਿਂ ਨ੍ਰਿਪ ਕੇ ਭਟ[6] ਆਏ।
ਦੇਖਿ ਹਾਰ ਮੁਨਿ ਗਹਯੋ ਉਠਾਏ ॥੩੩॥

---

[1]ਬਾਵਲੀ ਦੀ ਕਾਰ ਕਰਦੀ ਹੋਈ ਤਿਸ (ਪੁੱਤ੍ਰ ਦੀ ਦਸ਼ਾ) ਨੂੰ ਜਾਣਦੀ ਹੈ।
[2]ਲਡੌਂਦੀ ਹੈ।
[3]ਇਤਨੀ ਹੋਈ।
[4]ਚੋਰ ਨੇ ਰਾਜੇ ਦੀ ਚੋਰੀ ਕੀਤੀ।
[5]ਉਨ੍ਹਾਂ (ਚੋਰਾਂ) ਨੇ ਰਿਖੀ ਵੇਖਿਆ।
[6]ਸੂਰਮੇ।

ਕਹਿ ਬਹੁ ਰਹਜੋ ਨ ਮਾਨੀ ਕਾਹੂ।
ਤਸਕਰ ਲਖਿ ਸੂਲੀ ਦਿਯ ਤਾਂਹੂ।
ਤਪ ਕੇ ਬਲ ਕਰਿ ਮਰਜੋ ਨ ਸੋਊ।
ਧਰਮਰਾਇ ਸੋਂ ਕ੍ਰੁੱਧਤਿ ਹੋਊ ॥੩੪॥
-ਇਹੁ ਅਨਜਾਇ ਕਰਜੋ ਮਤਮੰਦ!
ਤੁਝ ਕੋ ਦੈਹੌਂ ਸ੍ਰਾਪ ਬਿਲੰਦ।
ਸਗਰੀ ਆਰਬਲਾ ਤਪ ਤਾਯੋ।
ਬਿਨ ਅਘ ਸੂਲੀ ਮੋਹਿ ਚਡਾਯੋ- ॥੩੫॥
ਜਮ ਤਬਿ ਆਇ ਮੁਨੀ ਸੋਂ ਕਹਜੋ।
-ਪੂਰਬ ਕਰਮ ਕੇਰ ਫਲ ਲਹਜੋ।
ਆਰਬਲਾ ਬਾਲਕ ਮਹਿਂ ਧਰੀ[1]।
ਸੂਲ ਸੰਗ ਭ੍ਰਿੜ ਬੇਧਨ ਕਰੀ[2] ॥੩੬॥
ਤਿਸ ਤੇ ਸੂਲੀ ਤੋ ਕੋ ਹੋਈ-।
ਸੁਨਿ ਮੁਨਿ ਬੋਲਜੋ -ਨਜਾਇ ਨ ਕੋਈ।
ਬਾਲਕ ਬਯ ਸੁਧਿ ਬਿਨੁ ਜਬਿ ਰਹੈ।
ਕਰਹਿ ਕਰਮ, ਕਿਮਿ ਤਿਹ ਫਲ ਲਹੈ? ॥੩੭॥
ਕਰਹੁ ਮ੍ਰਿਜਾਦ ਆਜ ਤੇ ਐਸੀ।
ਧਰਮਰਾਇ! ਮੈਂ ਭਾਖੋਂ ਜੈਸੀ।
ਬਾਲਕ ਬਯ ਹੋਇ ਨ ਸੁਧਿ ਮਾਂਹੀ।
ਕਰਹਿ ਕਰਮ ਫਲ ਪਾਇ ਸੁ ਨਾਂਹੀ- ॥੩੮॥
ਮੁਨਿ ਮਾਂਡਵ ਸੂਲੀ ਪਰ ਰਹਜੋ[3]।
ਇੱਕ ਪਤਿਬ੍ਰਤਾ* ਤਾਂਹਿ ਨ ਲਹਜੋ[4]।
ਪਿੰਗਲ ਪਤਿ ਕੋ ਸੀਸ ਉਠਾਏ।
ਚਲਤਜੋ ਸੂਲੀ ਸੰਗ ਲਗਾਏ ॥੩੯॥
ਹੁਤੋ ਤਿਮਰ ਨਹਿਂ ਦੇਖਜੋ ਗਯੋ।
ਹਲਿ ਕਰਿ[5] ਮੁਨੀ ਦੁਖਜੋ ਰਿਸ ਭਯੋ।
ਦਿਯੋ ਸ੍ਰਾਪ -ਰਵਿ ਉਦਯਤਿ ਸਾਥ।

---

[1](ਜਦ ਤੂੰ) ਧਾਰੀ ਸੀ। (ਅ) ਫੜਕੇ।
[2]ਕੰਡੇ ਨਾਲ (ਤੂੰ) ਅੱਕ ਦਾ ਟਿੱਡਾ (ਯਾ ਭੂੰਡ) ਵਿੰਨ੍ਹ ਦਿੱਤਾ ਸੀ।
[3]ਤੇ (ਚੜ੍ਹਿਆ) ਹੋਇਆ ਸੀ।
*ਜਿਸਦਾ ਨਾਮ ਸੱਤਜਵਤੀ ਦੱਸੀਦਾ ਹੈ।
[4]ਇਕ ਪਤਿਬ੍ਰਤਾ ਸੀ ਤਿਸਨੇ ਨਾ ਵੇਖਿਆ।
[5]ਹਿਲ ਕਰਕੇ।

ਮਰਹਿ[1] ਉਠਾਯੋ ਜੋ ਨਿਜ ਨਾਥ- ॥੪੦॥
ਸੁਨਿ ਪਤਿੱਬ੍ਰਤਾ ਬਹੁ ਦੁਖ ਪਾਵਾ।
-ਬਿਨ ਜਾਨੇ ਮੈਂ ਤੋਹਿ ਛੁਵਾਵਾ।
ਹੋਇ ਪ੍ਰਾਤਿ, ਪਤਿ ਮਮ ਮਰਿ ਜਾਇ।
ਯਾਂ ਤੇ ਨਹਿਂ ਸੂਰਜ ਨਿਕਸਾਇ ॥੪੧॥
ਜੋ ਮੇਰੋ ਪਤਿ ਮਰਯੋ ਜਿਵਾਵੈ।
ਮਾਰਤੰਡ[2] ਕੋ ਸੋ ਉਦਤਾਵੈ-।
ਇਮਿ ਪਤਿਬ੍ਰੱਤਾ ਨੇ ਜਬਿ ਕਹਯੋ।
ਉਦਯੋ ਨ ਰਵਿ ਤਮ ਦਹਿਦਿਸ਼ ਰਹਯੋ ॥੪੨॥
ਦਸ ਦਿਨ ਬੀਤ ਗਏ ਇਸ ਭਾਂਤੀ।
ਸਗਰੋ ਜਗਤ ਭਯੋ ਬਿਕੁਲਾਤੀ[3]।
ਸਰਬ ਸੁਰਨਿ ਤਬਿ ਕੀਨਿ ਉਪਾਇ।
ਤਿਸਿ ਕੋ ਪਤਿ ਮਿਲਿ ਦਯੋ[+] ਜਿਵਾਇ[4] ॥੪੩॥
ਇਮਿ ਪਤਿਬ੍ਰਤਾ ਬਿਖੈ ਬਹੁ ਬਲ ਹੈ।
ਧਰੇ ਸ਼ਕਤਿ ਗਮਨੈ ਸਭਿ ਥਲ ਹੈ।
ਯਾਂ ਤੇ ਕਾਬਲ ਤੇ ਚਲਿ ਆਈ।
ਇਕ ਪਤਿਬ੍ਰਤਿ, ਪੁਨ ਸੇਵ ਕਮਾਈ ॥੪੪॥
ਸਤਿਗੁਰ ਧਜਾਨ ਧਰਹਿ ਦਿਨ ਰੈਨ।
ਭਈ ਅਧਿਕ ਸ਼ਕਤੀਗਨ ਐਨ[5]।
ਗ੍ਰਿਹਸਤਿ ਬਿਖੈ ਜੇ ਭਗਤਿ ਕਰੰਤੇ।
ਗੁਰ ਸੇਵਹਿਂ ਪ੍ਰਭੁ ਕੋ ਸਿਮਰੰਤੇ ॥੪੫॥
ਤਿਨ ਸਮਾਨ ਦੂਸਰ ਨਹਿਂ ਹੋਇ।'
ਸੁਨਿ ਗੁਰ ਤੇ ਹਰਖੇ ਸਭਿ ਕੋਇ।
'ਧੰਨ ਧੰਨ ਤੁਮ ਪ੍ਰਭੂ ਕ੍ਰਿਪਾਲੂ!
ਦਾਤਾ ਸ਼ਕਤੀ ਬ੍ਰਿੰਦ ਬਿਸਾਲੂ ॥੪੬॥
ਪੁਨ ਸੋ ਮਾਈ ਨਿਕਟਿ ਹਕਾਰੀ।
ਕਰੀ ਨਿਹਾਲ ਸੁ ਗਿਰਾ ਉਚਾਰੀ।

---

[1]ਮਰ ਜਾਵੇਗਾ।
[2]ਸੂਰਜ ਨੂੰ।
[3]ਬਿਆਕੁਲ।
[+]ਪਾ:-ਦੇਹੁ।
[4]ਮਿਲਕੇ ਜਿਵਾ ਦਿੱਤਾ।
[5]ਭਾਵ ਸਾਰੀਆਂ ਸ਼ਕਤੀਆਂ ਦਾ ਘਰ।

'ਆਤਮਗਜਾਨ ਦੰਪਤੀ ਪਾਵਹੁ।
ਅੰਤ ਸਮੈ ਮੁਝ ਸੋਂ ਮਿਲ ਜਾਵਹੁ' ॥੪੭॥
ਇਮਿ ਪ੍ਰਸੰਗ ਤਿਸਿ ਮਾਈ ਕੇਰਾ।
ਕਰਜੋ ਉਧਾਰ ਪਰਮ ਸੁਖ ਹੇਰਾ।
ਸਤਿਗੁਰ ਸਕਲ ਸ਼ਕਤਿ ਕੋ ਦਾਤਾ।
ਸਿਖ ਸੰਗਤਿ ਸਭਿਹਿਨਿ ਮਨ ਜਾਤਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਤਿਬ੍ਰੱਤਾ ਮਾਈ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

੫੬. [ਸਿੱਖਾਂ ਦਾ ਪ੍ਰਸ਼ਨ ਕਿ ਗੱਦੀ ਤੇ ਸ੍ਰੀ ਰਾਮਦਾਸ ਜੀ ਜਾਂ ਕਿ ਰਾਮਾ ਜੀ ਬੈਠਣਗੇ]

੫੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੭

ਦੋਹਰਾ: ਸ਼੍ਰੀ ਸਤਿਗੁਰ ਉਪਕਾਰ ਹਿਤ, ਤੀਰਥ ਰਚਜੋ ਬਿਸਾਲ।
ਕਰੀ ਟਹਿਲ ਜਿਨਿ ਪ੍ਰੇਮ ਧਰਿ, ਸੇ ਸਭਿ ਕਰੇ ਨਿਹਾਲ ॥੧॥

ਚੌਪਈ: ਸਤਿਗੁਰ ਪੌਰ ਮੁਕਤਿ ਕੋ ਦ੍ਵਾਰਾ।
ਧਰਿ ਪ੍ਰਤੀਤ ਇਮਿ ਠਾਨਤਿ ਕਾਰਾ।
ਰਾਖਜੋ ਖੋਲ ਮੁਕਤਿ* ਭੰਡਾਰੁ।
ਜਜੋਂ ਜਜੋਂ ਬਖਸ਼ਤਿ ਹੋਤਿ ਉਦਾਰੂ ॥੨॥
ਸ਼੍ਰੀ ਗੁਰ ਅਮਰ, ਕਿ ਦੇਵ ਤਰੋਵਰੁ[1]।
ਬਡ ਪ੍ਰਤਾਪ ਬਿਸਤਾਰ ਬਰੋਵਰ[2]।
ਆਲ ਬਾਲ[3] ਸਤਿਸੰਗਤਿ ਸੋਹੈ।
ਸ਼ੁਭ ਗੁਨ ਗਨ ਦਲ[4] ਸੰਕੁਲ[5] ਸੋਹੈ ॥੩॥
ਬਿਸ਼ਿਯਨ ਤੇ ਬਿਰਾਗ ਜਿਸ ਛਾਯਾ।
ਬ੍ਰਹਮਗਜਾਨੀ ਦੇਵਨ ਕੋ ਭਾਯਾ[6]।
ਸ੍ਰੀ ਸਤਿਗੁਰ ਪਗ ਪੰਕਜ ਸੇਵਾ।
ਇਹੀ ਬੀਜ ਉਪਜਨਿ ਸ਼ੁਭ ਭੇਵਾ ॥੪॥
ਭਗਤੀ ਤੁਚਾ[7] ਕਰਤਿ ਦ੍ਰਿੜ ਰਾਖਾ।
ਜਹਿਂ ਕਹਿਂ ਸਿੱਖੀ ਦੀਰਘ ਸਾਖਾ[8]।
ਸੱਤਾਸਤ ਬਿਬੇਕ[9] ਸ਼ੁਭ ਸੁਮਨਸ[10]।
ਚਾਹਤਿ ਰਹਤਿ ਭਗਤਿ ਗਨਸੁ ਮਨਸ[11] ॥੫॥
ਜਾਚਕ ਸਿੱਖਜ ਅਨੇਕ ਜਿ ਆਵਤਿ।
ਮਨੋਕਾਮਨਾ ਤਤਛਿਨ ਪਾਵਤਿ।
ਜਿਨ ਕੇ ਬਡੇ ਭਾਗ ਜਗ ਜਾਗੇ।

---

*ਪਾ:-ਭਗਤਿ।
[1]ਕਲਪ ਬ੍ਰਿੱਛ।
[2](ਬ੍ਰਿਛ ਦੇ) ਵਿਸਥਾਰ ਵਾਂਙੂ ਬੇੜਾ ਸ਼੍ਰੇਸ਼ਟ ਪ੍ਰਤਾਪ ਹੈ।
[3]ਬ੍ਰਿਛ ਦਾ ਦੌਰ, ਘੇਰਾ।
[4]ਪੱਤੀਆਂ।
[5]ਸਮੂਹ, ਸਾਰੇ, ਘਣੇ।
[6]ਬ੍ਰਹਮ ਗਿਆਨੀ ਰੂਪੀ ਦੇਵਤਿਆਂ ਨੂੰ ਚੰਗਾ ਲਗਣਾ (ਫਲ)।
[7]ਛਿਲ।
[8]ਟਾਹਣੀਆਂ।
[9]ਸੱਤ ਅਸੱਤ ਦਾ ਵਿਚਾਰ।
[10]ਚੰਗੇ ਫੁਲ ਹਨ।
[11]ਅਪਨੇ ਮਨ ਵਿਚ ਸਾਰੇ ਭਗਤ ਚਾਹੁੰਦੇ ਰਹਿੰਦੇ ਹਨ।

ਸੋ ਗੁਰ ਸੁਰ ਤਰੁਵਰੁ[1] ਅਨੁਰਾਗੇ ॥੬॥
ਕੋਸ਼ ਅਤੋਟ ਦੇਤਿ ਨਿਤਿ ਰਹੈਂ।
ਦੋਨਹੁ ਹਾਥਨ ਬਾਂਟਤਿ ਅਹੈਂ।
ਜਗਤਿ ਬਿਦਤਿ ਅਜ਼ਮਤਿ ਕੇ ਦਾਤਾ।
ਭੁਗਤਿ ਮੁਕਤਿ ਲੇ ਜਿਨਹੁਂ ਪਛਾਤਾ ॥੭॥
ਅਧਿਕ ਕ੍ਰਿਪਾਲ ਨ ਦੁਖ ਦਿਖ ਸੱਕਈਂ।
ਸੰਸੈ ਨਾਸ਼ੈਂ ਜਿਸ ਦਿਸ਼ ਤੱਕਈਂ।
ਕੌਨ ਕੌਨ ਗੁਨ ਬਰਨਨ ਕਰੌਂ।
ਸੁਜਸ ਬਿਸਾਲ ਬੁਧਿ ਲਘੁ ਧਰੌਂ[1] ॥੮॥
ਬਨਹਿ ਬੰਦਨਾ ਪਦ ਅਰਬਿੰਦਾ।
ਬੰਸ ਪ੍ਰਕਾਸ਼ਕ ਚੰਦ ਮਨਿੰਦਾ।
ਧਰਿ ਪ੍ਰਤੀਤਿ ਜੇ ਕਾਰ ਕਮਾਵੈਂ।
ਭੁਗਤਿ ਰੁ ਮੁਕਤਿ ਮਜੂਰੀ ਪਾਵੈਂ ॥੯॥
ਅਸ ਸਤਿਗੁਰ ਜਿਨ ਸੇਵਜੋ ਨਾਂਹਿ।
ਜਨਮ ਬਾਦ ਤਿਨ ਕੋ ਜਗ ਮਾਂਹਿ।
ਏਕ ਪਲਕ ਮੈਂ ਕਰਹਿਂ ਨਿਹਾਲ।
ਕੋਟ ਜਨਮ ਕੋ ਕਾਟਹਿਂ ਕਾਲ ॥੧੦॥
ਅਲਪ ਸੇਵ ਤੇ ਪਰਮ ਪ੍ਰਸੰਨ।
ਕਰਤਿ ਸੁਰਨਿ ਤੇ ਭੀ ਬਡ ਧੰਨ!
-ਹਮ ਤੇ ਹੋਵਹਿਂ ਸਿਖ ਪਸ਼ਚਾਤੀ-।
ਤਿਨ ਕੀ ਪ੍ਰੀਤਿ ਅਗਾਊ ਜਾਤੀ[2] ॥੧੧॥
-ਪ੍ਰਾਪਤ ਹੁਇ ਕੱਲਜਾਨ ਮਹਾਂਨ-।
ਤਿਨ ਹਿਤ ਬਾਪੀ ਰਚੀ ਸੁਜਾਨ।
ਚਹੁਂ ਜੁਗ ਮਹਿਂ ਗੁਰ ਸਮ ਉਪਕਾਰੀ।
ਸੁਨਜੋ ਨਹੀਂ ਨਹਿਂ ਕਿਨਹੁਂ ਉਚਾਰੀ ॥੧੨॥
ਅਸ ਗੁਰ ਕੋ ਸਿਮਰਹਿਂ ਜੇ ਨਾਂਹੀ।
ਤਿਨ ਸਮ ਤੋਟਾ ਨਹਿਂ ਜਗ ਮਾਂਹੀ।
ਕਰਹਿਂ ਬਾਪਿਕਾ ਟਹਿਲ ਬਿਸਾਲਾ।
ਧਰਹਿਂ ਚੌਂਪ ਚਿਤ ਜੇ ਸਿਖ ਜਾਲਾ ॥੧੩॥
ਬਹਤ ਨਰਨ ਕੀ ਹੁਇ ਨਿਤਿ ਭੀਰ।

---

[1]ਮੇਰੀ ਮਤ ਥੋੜੀ ਹੈ।
[2]ਜਾਣ ਲਈ।

ਦੇਗ ਬਿਖੈ ਅਚਿ ਭੋਜਨ ਨੀਰ।
ਪਾਕ ਸਿੱਧ[1] ਸਿੱਖ ਬਹੁਤੇ ਕਰੈਂ।
ਅੰਨ ਅਨੇਕ ਆਨਿ ਕਰਿ ਧਰੈਂ ॥੧੪॥
ਪ੍ਰਾਤਿ ਹੇਤ ਨਿਸ ਰਾਖਹਿਂ ਨਾਂਹੀ।
ਲੇਹਿਂ ਤਿਤਕ ਜੇਤਿਕ ਨਰ ਖਾਂਹੀ।
ਭੋਜਨ ਹੋਹਿ ਹਜ਼ਾਰਨ ਕੇਰਾ।
ਦੇਹਿਂ ਸਭਿਨਿ, ਪਰ ਆਪ ਨ ਹੇਰਾ[2] ॥੧੫॥
ਪ੍ਰਿਥਮ ਸਤਿਗੁਰੂ ਪੰਕਤਿ ਲਾਇ।
ਲਵਨ ਬਿਹੀਨ ਓਗਰਾ ਖਾਇਂ।
ਸੰਗਤਿ ਕੋ ਅਹਾਰ ਸਭਿ ਭਾਂਤਿ।
ਸ੍ਵਾਦ ਸਰਸ[3] ਹੁਇ ਪਹਤਿ ਰੁ ਭਾਤਿ[4] ॥੧੬॥
ਅਪਰ ਸਲਵਣ ਅਨੇਕ ਪ੍ਰਕਾਰਾ।
ਗੋਧੁਮ ਚੂਨ[5] ਪਕਾਇਂ ਅਹਾਰਾ।
ਸੁੰਦਰ ਮਧੁਰ ਬਨਾਵਹਿਂ ਕਿਤੋ।
ਆਇ ਜਾਇ ਨਰ ਖਾਇਸਿ ਜਿਤੋ ॥੧੭॥
ਬਰਤਨ ਲਗਹਿ ਦਿਵਸੁ ਮੱਧਜਾਨ[6]।
ਨਿਸਾ ਜਾਮ ਲਗ ਲੇ ਕੋ ਆਨਿ[7]।
ਕੋਇ ਨ ਅਟਕਾਵਹਿ ਤਹਿਂ ਜਾਂ ਤੇ[8]।
ਤ੍ਰਿਪਤਿ ਹੋਹਿਂ ਨਰ ਲੇ ਸਭਿ ਖਾਤੇ ॥੧੮॥
ਨਿਤਪ੍ਰਤਿ ਸਤਿਗੁਰ ਦੇਗ ਚਲਾਵੈਂ।
ਹੋਹਿਂ ਛੁਧਾਤੁਰ ਸਭਿ ਕੋ ਖਾਵੈ।
ਕਾਰ ਕਰਹਿਂ ਬਾਪੀ ਨਰ ਜੇਈ।
ਇਕ ਪੰਕਤਿ ਕਰਿ ਅਚਵਹਿਂ ਤੇਈ ॥੧੯॥
ਜੁਗ ਤਨਿਯਾ[9] ਸ਼੍ਰੀ ਗੁਰ ਕੇ ਹੁਤੀ।
ਬਡਿਭਾਗਾ ਭਗਤਨਿ ਸ਼ੁਭ ਮਤੀ[1]।

---

[1]ਲੰਗਰ ਤਿਆਰ।
[2]ਪਰਾਇਆ ਆਪਣਾ ਨਹੀਂ ਦੇਖਦੇ।
[3]ਰਸਦਾਇਕ, ਰਸ ਵਾਲਾ।
[4]ਦਾਲ ਤੇ ਚਾਵਲ।
[5]ਕਣਕ ਦਾ ਆਟਾ।
[6]ਦੁਪਹਿਰ ਵੇਲੇ ਤੋਂ।
[7]ਕੋਈ ਆਣ ਕੇ ਲਵੇ।
[8](ਲੰਗਰ ਵਿਚ) ਜਾਂਦਿਆਂ।
[9]ਸਪੁੱਤ੍ਰੀਆਂ।

ਇਕ ਕੋ ਪਤਿ ਰਾਮਾ ਤਿਸ ਨਾਮਾ।
ਰਾਮਦਾਸ ਦੂਸਰ ਅਭਿਰਾਮਾ ॥੨੦॥
ਸਤਿਗੁਰ ਬਿਖੈ ਭਾਵਨਾ ਭਾਰੀ।
ਸੇਵਾ ਕਰਹਿਂ ਅਨੇਕ ਪ੍ਰਕਾਰੀ।
ਕਾਰ ਬਾਪਿਕਾ ਕੀ ਮਿਲਿ ਦੋਊ।
ਕਰਤਿ ਆਪ ਕਰਿਵਾਵਤਿ ਸੋਊ ॥੨੧॥
ਰਾਮਦਾਸ ਜੀ ਸੰਝ ਸੁਵੇਰ।
ਕਰਹਿਂ ਟੋਕਰੇ ਇਕ ਥਲ ਹੇਰਿ।
ਕਰਿ ਕੈ ਕਾਰ ਅਪਰ ਹਟਿ ਜਾਇਂ।
ਕਹੀ ਆਦਿ ਸਭਿ ਕਰਿ[2] ਇਕ ਥਾਇ ॥੨੨॥
ਧਰਹਿਂ ਸੰਭਾਰਿ ਸਕਲ ਪਸ਼ਚਾਤੀ।
ਆਨਿ ਦੇਤਿ ਜਬਿ ਹੋਵਤਿ ਪ੍ਰਾਤੀ।
ਕਾਰੀਗਰ ਨਿਜ ਸਾਧਨ[3] ਸਾਰੇ।
ਤਿਸੀ ਰੀਤਿ ਤਿਨ ਕੋ ਸੰਭਾਰੈ ॥੨੩॥
ਅਤਿ ਪ੍ਰਤੀਤ ਅਤਿ ਪ੍ਰੀਤ ਧਰੰਤਾ।
ਸ਼੍ਰੀ ਸਤਿਗੁਰ ਕੀ ਸੇਵ ਕਰੰਤਾ।
ਤੈਸੇ ਰਾਮਾ ਦੂਸਰ ਜੋਇ।
ਕਾਰ ਬਾਪਿਕਾ[4] ਲਾਗਜੋ ਸੋਇ ॥੨੪॥
ਕਰਹਿ ਆਪ ਅਰੁ ਕਹਿ ਕਰਿਵਾਵੈ।
ਸੇਵਾ ਲਗਜੋ ਨਹੀਂ ਅਲਸਾਵੈ।
ਦੋਨਹੁ ਪਰ ਸਤਿਗੁਰ ਹਿਤ ਕਰੈਂ।
ਅਪਨੇ ਭਗਤਿ ਜਾਨਿ ਉਰ ਧਰੈਂ ॥੨੫॥
ਤਿਨ ਦੋਨੋ ਕਹੁ ਦੇਖਤਿ ਸਾਰੇ।
ਕਰਹਿਂ ਪਰਸਪਰ ਬਾਦ ਉਚਾਰੇ।
ਕੋ ਇਕ ਸਿਖ ਇਮਿ ਕਹੈ ਬਨਾਇ।
'ਰਾਮੇ ਪਰ ਗੁਰ ਹਿਤ ਅਧਿਕਾਇ ॥੨੬॥
ਨਿਜ ਗਾਦੀ ਪਰ ਦੇਹਿਂ ਬਿਠਾਈ।
ਰਾਮਾ ਲੇਹਿ ਜਗਤ ਗੁਰਿਆਈ।

---

[1]ਬੜੇ ਭਾਗਾਂ ਵਾਲੀਆਂ, ਭਗਤੀ ਵਾਲੀਆਂ, ਤੇ ਸ਼ੁਭ ਬੁੱਧੀ ਵਾਲੀਆਂ।
[2](ਸ਼੍ਰੀ ਰਾਮਦਾਸ ਜੀ) ਇਕ ਥਾਂ ਕਰਕੇ।
[3]ਹਥਿਆਰ।
[4]ਬਾਵਲੀ ਦੀ।

ਨਿਸਦਿਨੁ ਆਇਸੁ ਬਿਖੈ ਚਲੰਤਾ।
ਕਰਤਿ ਸੇਵ ਕੋ ਨਹਿਂ ਅਲਸੰਤਾ' ॥੨੭॥
ਕੇਚਿਤ[1] ਕਹੈਂ ਸਿੱਖ ਪਿਖ ਤੌਰ।
'ਰਾਮਦਾਸ ਪਾਵਹਿ ਗੁਰ ਠੌਰ[2]।
ਇਨ ਪਰ ਗੁਰ ਕੀ ਖੁਸ਼ੀ ਘਨੇਰੀ।
ਰਿਦੈ ਗਰੀਬੀ ਨਿਤ ਬਹੁਤੇਰੀ ॥੨੮॥
ਆਪਾ ਕਬਹੁ ਜਨਾਵਹਿਂ ਨਾਂਹੀ।
ਨਿਸ ਦਿਨ ਹਿਤ ਅਤਿ ਸੇਵਾ ਮਾਂਹੀ।
ਇਨਿ ਦਿਸ਼ ਦਿਖਿ ਗੁਰ ਉਰ ਹਰਖੰਤੇ।
ਸੇਵਾ ਕੇ ਬਸਿ ਬਿਰਦ ਧਰੰਤੇ' ॥੨੯॥
ਇਮਿ ਆਪਸ ਮਹਿਂ ਬਾਦਤਿ ਰਹਹੀਂ[3]।
ਦੋਨਹੁਂ ਦਿਸ਼ ਕੇ ਹਿਤ ਕੀ ਕਹਿਹੀਂ।
ਤਊ ਬਹੁਤ ਜੇ ਸਿੱਖ ਮਹਾਂਨੇ।
ਸਤਿਗੁਰ ਭੇਦ ਰਿਦੇ ਕੋ ਜਾਨੇ ॥੩੦॥
-ਦੇਖਿ ਗਰੀਬੀ ਪ੍ਰੀਤਿ ਸੁਭਾਊ।
ਕਰਨ ਪ੍ਰਤੀਤਿ, ਧਰਨਿ ਉਰ ਭਾਊ।
ਧੀਰਜ, ਖਿਮਾਂ ਆਦਿ ਗੁਣ ਸਾਰੇ।
ਜਿਨਿ ਤੇ ਗੁਰ ਪ੍ਰਸੰਨਤਾ ਧਾਰੇਂ ॥੩੧॥
ਸੋ ਲਖਿ ਰਾਮਦਾਸ ਮਹਿਂ ਆਛੇ-।
ਕਹੈਂ ਬਹੁਤੁ 'ਹੁਇ ਇਹੁ ਗੁਰ ਪਾਛੇ।
ਅਰ ਪ੍ਰਸੰਨਤਾ ਗੁਰ ਕੀ ਦੇਖੈਂ।
ਇਨ ਪਰ ਸਦ ਹੀ ਹੋਤਿ ਵਿਸ਼ੇਖੈ' ॥੩੨॥
ਅਸ ਅਨੁਮਾਨ ਕਰਤਿ ਸਿਖ ਬ੍ਰਿਦਹਿਂ।
ਧਾਰਤਿ ਰਿਦੇ ਸੰਦੇਹ ਬਿਲੰਦਹਿ।
ਇਕ ਦਿਨ ਸਤਿਗੁਰ ਕੇ ਸਭਿ ਤੀਰ।
ਦਰਸ਼ਨ ਕਰਤਿ ਭਈ ਸਿਖ ਭੀਰ ॥੩੩॥
ਹੁਤੇ ਮੁੱਖਜ ਕੇਚਿਤ ਤਿਨ ਮਾਂਹੂ।
ਸੋ ਬੋਲੇ ਸ਼੍ਰੀ ਸਤਿਗੁਰ ਪਾਹੂ।
ਹਾਥ ਜੋਰਿ ਕਰਿ ਬਿਨਤੀ ਠਾਨੀ।

---

[1]ਕਈ।
[2]ਗੁਰਾਂ ਦੀ ਜਗਾ ਭਾਵ ਗੱਦੀ।
[3]ਚਰਚਾ ਕਰਦੇ ਰਹਿੰਦੇ ਹਨ।

'ਸਰਬਗ ਆਪ ਸਦਾ ਗੁਨਖਾਨੀ ॥੩੪॥
ਕਿਹ ਸੋਂ ਨਹੀਂ ਸਨੇਹ ਤੁਮਾਰਾ।
ਕੇਵਲ ਸੇਵਕ ਬਸਿ ਅਨੁਸਾਰਾ।
ਸ਼੍ਰੀ ਨਾਨਕ ਤਜਿ ਸੁਤ[1] ਗੁਨਖਾਨੀ।
ਦਾਸ ਬਿਠਾਯਹੁ ਅਪਨਿ ਸਥਾਨੀ ॥੩੫॥
ਤਿਮਿ ਸ਼੍ਰੀ ਅੰਗਦ ਬਸਿ ਹ੍ਵੈ ਸੇਵਾ।
ਤੁਮਹਿ ਬਿਠਾਯਹੁ ਜਗ ਗੁਰਦੇਵਾ!
ਨਿਜ ਅਨੁਸਾਰਿ ਪੁੱਤ੍ਰ ਨਹਿਂ ਜਾਨੇ।
ਅਜਰ ਜਰਨ ਗੁਨ ਹੀਨ ਪਛਾਨੇ ॥੩੬॥
ਤਿਮਿ ਸੁਭਾਵ ਰਾਵਰ ਕੋ ਜਾਨਯੋ।
ਦਾਸਨ ਕੇ ਬਸਿ ਇਹੁ ਪ੍ਰਨ ਠਾਨਯੋ।
ਸਾਕ ਆਪ ਕੇ ਦੋਨਹੁ ਜੇਈ।
ਸੇਵਕ ਭੀ ਬਿਸਾਲ ਹੈਂ ਤੇਈ ॥੩੭॥
ਦੋਨਹੁ ਸੇਵਾ ਕਰਹਿਂ ਬਿਸਾਲਾ।
ਘਾਲਹਿਂ ਘਾਲ ਜਾਲ[2] ਸਭਿ ਕਾਲਾ।
ਗੁਰ ਸੰਗਤਿ ਕੀ ਸੇਵਾ ਠਾਨਹਿਂ।
ਬਾਪੀ ਕਾਰ ਕਰਤਿ ਹਿਤ ਮਾਨਹਿਂ ॥੩੮॥
ਸਭਿ ਬਿਧਿ ਸੋਂ ਸਮਾਨ ਹੈਂ ਤੁਮ ਕੋ।
ਤਊ ਹੋਤਿ ਸੰਸੈ ਸਭਿ ਹਮ ਕੋ।
ਸਤਿਗੁਰ ਪੂਰਨ ਸਰਬ ਸਮਾਨ।
ਏਕ ਦ੍ਰਿਸ਼ਟਿ ਸਭਿ ਪਰ ਬ੍ਰਹਮ ਗਯਾਨ ॥੩੯॥
ਬਾਦਹਿਂ ਆਪਸ ਮਹਿਂ ਹਮ ਐਸੇ।
ਦੋਨੋ ਦੀਖਤਿ ਹੈਂ ਇਕ ਜੈਸੇ।
ਕ੍ਰਿਪਾ ਦ੍ਰਿਸ਼ਟਿ ਤੁਮ ਧਾਰਨ ਕਰੋ।
ਇਕ ਸਮ ਦੋਨਹੁ ਸੋਂ ਹਿਤ ਧਰੋ ॥੪੦॥
ਤਊ ਦੇਖੀਯਤਿ ਕਬਿ ਕਬਿ ਐਸੇ।
ਰਾਮਦਾਸ ਪਰ ਹੁਇ ਬਹੁ ਜੈਸੇ।
ਸੋ ਭੀ ਸੇਵਾ ਕਰਹਿ ਘਨੇਰੀ।
ਨਿਸ ਦਿਨ ਲਗਯੋ ਰਹਤਿ ਬਿਨ ਬੇਰੀ ॥੪੧॥
ਹੋਵਹਿ ਇਨ ਮਹਿਂ ਕਵਨ ਬਿਸਾਲਾ।

---

[1]ਸ਼੍ਰੀ ਨਾਨਕ ਜੀ ਨੇ ਸੁਪੁੱਤ੍ਰ ਤਜਕੇ।
[2]ਕਮਾਉਂਦੇ ਹਨ ਬਹੁਤੀ ਕਮਾਈ।

ਕੋ ਕਰਿ ਹੈ ਨਿਜ ਬੰਸ ਉਜਾਲਾ।
ਤਾਰਤੰਮਤਾ[1] ਪ੍ਰੇਮ ਮਝਾਰੇ।
ਕਿਮਿ ਜਾਨਹਿਂ ਸਿਖ ਸੇਵਕ ਸਾਰੇ ॥੪੨॥
ਕਹੇ ਆਪ ਕੇ ਲੇਹਿਂ ਪਛਾਨੂ।
ਸਿਖ ਬਾਦਹਿਂ ਹੁਇ ਸੰਸੈ ਹਾਨੂ।
ਕ੍ਰਿਪਾ ਕਰਹੁ ਚਾਹਤਿ ਸਭਿ ਪੂਛਾ।
ਸੁਨਿ ਰਾਵਰਿ ਤੇ ਬਾਕਨਿ ਸੂਛਾ[2]' ॥੪੩॥
ਸੁਨਿ ਸਿੱਖਨ ਤੇ ਸਤਿਗੁਰ ਤਬੈ।
ਅਰੁ ਮਨ ਕੀ ਜਾਨਤਿ ਭੇ ਸਬੈ।
ਉੱਤਰ ਦੇਨਿ ਉਦਿਤਿ ਗਰ ਭਏ।
ਜਿਨ ਬਹੁ ਦਾਸਨ ਕੋ ਸੁਖ ਦਏ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਜਨ ਸਤਿਗੁਰ ਬੂਝਨ' ਪ੍ਰਸੰਗ ਬਰਨਨ ਨਾਮ ਖਸ਼ਟ ਪੰਚਾਸਤੀ ਅੰਸੂ ॥੫੬॥

---

[1]ਘਾਟ ਵਾਧ।
[2]ਪਵਿੱਤ੍ਰ ਵਾਕ।

੫੭. [ਸਿੱਖਾਂ ਦੇ ਪ੍ਰਸ਼ਨ ਦਾ ਉੱਤਰ, ਰਾਮੇ ਤੇ ਸ਼੍ਰੀ ਰਾਮਦਾਸ ਜੀ ਦੀ ਪ੍ਰੀਖਯਾ]

੫੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੮

ਦੋਹਰਾ: ਸੁਨਿ ਸਿੱਖਨ ਕੇ ਬਚਨ ਕੋ, ਸੰਸੈ ਸੁਨਜੋ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਕਰਿ, ਬੋਲੇ ਗੁਰੂ ਕ੍ਰਿਪਾਲ ॥੧॥

ਚੌਪਈ: 'ਜਗ ਕੇ ਬਿਖੈ ਏਕ ਨਰ ਨੇਮੀ।
ਨੇਮ ਨਿਬਾਹਤਿ ਚਾਹਤਿ ਛੇਮੀ[1]।
ਇਕ ਪ੍ਰੇਮੀ ਨਰ ਨੇਮ ਬਿਹੀਨਾ।
ਰੈਨਿ ਦਿਵਸ ਏਕੈ ਲਿਵ ਲੀਨਾ ॥੨॥
ਪ੍ਰੇਮ ਪ੍ਰਵਾਹ ਵਧੈ ਨਿਤਿ ਜਿਨ ਕੇ।
ਵਸੀ ਹੋਤਿ ਪੁਰਖੋਤਮ ਤਿਨ ਕੇ।
ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ*।
ਫਲ ਕੁਛ ਥੋਰੋ ਹੁਇ ਲਖਿ ਏਵਾ[2] ॥੩॥
ਇਨ ਦੋਨਹੁ ਮਹਿਂ ਪਰਖਹੁ ਪ੍ਰੇਮ।
ਤਾਰਤੰਮ ਜਿਮ ਤਿਮ ਲਹਿਂ ਛੇਮ[3]।
ਪ੍ਰਭੁ ਬਸਿ ਹੋਤਿ ਪ੍ਰੇਮ ਲਖਿ ਘਨੋ।
ਅੰਗ ਸੰਗ ਰਹਿ ਨਿਤ ਹਿਤ ਸਨੋ ॥੪॥
ਪਰਖੇ ਜਾਇਂ ਨ ਜੇ ਤੁਮ ਪਾਸੀ।
ਜਿਸ ਕੇ ਰਿਦੇ ਪ੍ਰੇਮ ਅਬਿਨਾਸ਼ੀ।
ਤੌ ਹਮ ਪਰਖ ਦੇਹਿਂ ਤੁਮ ਤਾਈਂ।
ਰਾਖਹੁ ਗੋਪ ਨ ਕਹਹੁ ਕਦਾਈ[4]' ॥੫॥
ਸਿੱਖਨ ਕੇ ਸੰਦੇਹ ਬਿਨਾਸ਼ਨ।
ਨਿਜ ਪਾਛੇ ਥਾਪਨ ਸਿੰਘਾਸਨ[5]।
ਪਰਖਨ ਹਿਤ ਸ਼੍ਰੀ ਸਤਿਗੁਰ ਪੂਰੇ।
ਜੁਗਲ ਹਕਾਰਨ ਕਰੇ ਹਦੂਰੇ ॥੬॥
ਰਾਮਾ ਰਾਮਦਾਸ ਤਬਿ ਆਏ।
ਪਾਸ ਬਾਪਿਕਾ ਗੁਰੂ ਸਿਧਾਏ।

---

[1]ਮੁਕਤੀ।
*ਇਸ ਤੁਕ ਤੋਂ ਸਪਸ਼ਟ ਹੈ ਕਿ ਨਿਰੀ ਸੇਵਾ ਮਿਹਰ ਦਾ ਕਾਰਣ ਨਹੀਂ, ਪ੍ਰੇਮ, ਸਿਮਰਨ ਤੇ ਸੇਵਾ ਤ੍ਰੈਏ ਰਲ ਕੇ ਸਤਿਗੁਰੂ ਦੇ ਮਨ ਨੂੰ ਰੀਝਾਂਵਦੇ ਹਨ।
[2]ਇਸ ਤਰ੍ਹਾਂ ਜਾਣੋ।
[3]ਜਿਵੇਂ ਪ੍ਰੇਮ ਵੱਧ ਘਟ ਹੋਊ ਤਿਵੇਂ ਸੁਖ ਲੈਣਗੇ।
[4]ਗੁਪਤ ਨਹੀਂ ਰਖਾਂਗੇ, ਕਦੇ ਕਹਿ ਦਿਆਂਗੇ। (ਦੇਖੋ ਇਸੇ ਅੰਸੂ ਦਾ ਅੰਕ ੫੦ ਤੋਂ ੫੩ ਜਿੱਥੇ ਗੁਰੂ ਜੀ ਵਜਾ ਕੇ ਸੁਣਾ ਦੇਂਦੇ ਹਨ)। (ਅ) ਤੁਸੀਂ ਹਾਲੀ ਚੁਪ ਰਖੋ (ਇਨ੍ਹਾਂ ਵਿਚੋਂ) ਕਿਸੇ ਨੂੰ ਕਹੋ ਨਹੀਂ।
[5]ਟਿਕਾਉਣ ਲਈ ਤਖਤ ਤੇ।

ਲਏ ਲਸ਼ਟਕਾ ਹਾਥ ਮਝਾਰੀ।
ਬ੍ਰਿੱਧ ਅਵਸਥਾ ਤਨ ਮਹਿਂ ਭਾਰੀ ॥੭॥
ਖਰੇ ਹੋਇ ਅਵਲੋਕਯੋ ਥਾਂਨ।
ਰਾਮੇ ਸੋਂ ਤਬਿ ਕੀਨ ਬਖਾਨ।
'ਇਹਾਂ ਹਮਾਰੇ ਬੈਠਨਿ ਕਾਰਨਿ।
ਰੁਚਿਰ ਬੇਦਕਾ[1] ਕਰੋ* ਸੁਧਾਰਨਿ' ॥੮॥
ਇਮਿ ਕਹਿ ਸਤਿਗੁਰ ਕਰੀ ਲਕੀਰ।
'ਇਸ ਬਿਧਿ ਚਿਨਵਾਵਹੁ ਥਲ ਥੀਰ[2]'।
ਬਹੁਰੋ ਦਿਸ਼ਾ ਦੂਸਰੀ ਗਏ।
ਤਹਿਂ ਸਥਾਨ ਪਿਖਿ ਠਾਂਢੇ ਭਏ ॥੯॥
ਰਾਮਦਾਸ ਕੀ ਦਿਸ਼ਾ ਨਿਹਾਰਾ।
ਕਰਨ ਕਾਰ ਕੋ ਗੁਰੂ ਉਚਾਰਾ।
'ਇਸ ਦਿਸ਼ ਬੈਠਨ ਹੇਤ ਹਮਾਰੇ।
ਥੜੀ ਬਨਾਵਹੁ ਰੁਚਿਰ ਪ੍ਰਕਾਰੇ' ॥੧੦॥
ਕਰਿ ਲਕੀਰ ਕੋ ਤਿਸਹਿ ਬਤਾਯਹੁ।
'ਇਸ ਬਿਧਿ ਕਹਿ ਕਰਿ ਤੁਮ ਚਿਨਵਾਯਹੁ।
ਇਸ ਪਰ ਬੈਠਹਿਂ ਪ੍ਰਾਤਾਕਾਲ+।
ਤਿਸ ਪਰ ਸੰਧਜਾ[3] ਹੁਇ ਸੁਖ ਨਾਲ' ॥੧੧॥
ਇਮਿ ਬਤਾਇ ਸ਼੍ਰੀ ਸਤਿਗੁਰ ਗਏ।
ਤਿਸ ਥਲ ਦੋਨਹੁ ਥਿਰਤਾ ਲਏ।
ਪ੍ਰਿਥਕ ਪ੍ਰਿਥਕ ਥਲ ਬੈਠਨਿ ਕੇਰਾ।
ਲਗੇ ਕਰਾਵਨਿ ਕੋ ਤਿਸ ਬੇਰਾ ॥੧੨॥
ਦਿਨ ਸਗਰੇ ਮਹਿਂ ਕਾਰ ਕਰਾਏ।
ਸੰਧਜਾ ਭਈ ਗੁਰੂ ਤਬਿ ਆਏ।
ਕਰਿ ਜੁ ਰਾਮੇ ਪੂਰਬ ਹੇਰੀ।
ਪਰਖਨ ਹਿਤ ਬੋਲੇ ਤਿਸ ਬੇਰੀ ॥੧੩॥
'ਇਹ ਤੋ ਨੀਕੀ ਨਹੀ ਬਨਾਈ।
ਬੈਠਨ ਹੇਤ ਨ ਹਮ ਕਹੁ ਭਾਈ।

---

[1]ਥੜੀ।
*ਪਾ:-ਰਚੋ।
[2]ਬੈਠਣ ਦਾ ਥਾਂ।
+ਪਾ:-ਪ੍ਰਾਤੀਕਾਰ।
[3]ਤਿਸ (ਭਾਵ ਭਾਈ ਰਾਮੇ ਵਾਲੀ ਥੜ੍ਹੀ)ਤੇ ਸ਼ਾਮ ਵੇਲੇ।

ਕਰਜੋ ਖੇਦ ਸਭਿ ਨਿਸ਼ਫਲ ਗਯੋ।
ਟੇਢੀ ਕੰਧ ਉਸਾਰਤਿ ਭਯੋ ॥੧੪॥
ਢਾਹਿ ਦੇਹੁ, ਨਹਿਂ ਦੇਰਿ ਕਰੀਜਹਿ।
ਹਮਰੋ ਕਹਜੋ ਨੀਕ ਸੁਨਿ ਲੀਜਹਿ।
ਇਤਿ ਦਿਸ਼ ਸੂਧੀ ਭੀਤ ਚਿਨਾਵਹੁ।
ਬਹੁਰ ਬੇਦਕਾ ਭਲੇ ਬਨਾਵਹੁ' ॥੧੫॥
ਸੁਨਿ ਰਾਮੇ ਮਨ ਭੰਗ ਬਨਜੋ ਹੈ[1]।
ਨਿਜ ਮਤ ਆਛੀ ਜਾਨਿ ਭਨਜੋ ਹੈ।
'ਜਿਮ ਤੁਮ ਕਹਜੋ ਤਥਾ ਬਨਵਾਈ।
ਕੋ ਕਾਰਨ ਭਾ ਰਿਦੈ ਨ ਭਾਈ ॥੧੬॥
ਸੁੰਦਰ ਬਨੀ ਬੈਠਿਬੇ ਲਾਯਕ।
ਸਮੁਖ ਖਰੇ ਦਰਸਹਿਂ ਜਹਿਂ ਪਾਇਕ[2]।
ਮੇਰੋ ਦੋਸ਼ ਨ ਯਾ ਮਹਿਂ ਕੋਈ।
ਆਪ ਕਹੀ ਜਿਮਿ ਤਥਾ ਸੁ ਹੋਈ ॥੧੭॥
ਕੀਨਿ ਜਤਨ ਮੈਂ ਭਲੇ ਸੁਧਾਰੀ।
ਜਿਮਿ ਰਾਵਰ ਨੇ ਰੀਤਿ ਉਚਾਰੀ।'
ਇਮਿ ਰਾਮਾ ਕਹਿ ਰਹਜੋ ਘਨੇਰਾ।
ਸ਼੍ਰੀ ਗੁਰ ਢਹਿਵਾਈ ਤਿਸ ਬੇਰਾ ॥੧੮॥
ਨਿਜ ਕਰ ਛਰੀ[3] ਲਕੀਰ ਨਿਕਾਰੀ।
ਕਹਜੋ 'ਕਰਹੁ ਇਸ ਰੀਤਿ ਸੁਧਾਰੀ।'
ਤਹਿਂ ਤੇ ਚਲਿ ਦੂਸਰ ਦਿਸ਼ ਗਏ।
ਰਾਮਦਾਸ ਢਿਗ ਠਾਂਢੇ ਭਏ ॥੧੯॥
ਪਦ ਅਰਬਿੰਦ ਬੰਦਨਾ ਕਰਿ ਕੈ।
ਖਰੋ ਰਹਜੋ ਨਿਜ ਗ੍ਰੀਵ ਨਿਹੁਰਿ ਕੈ[4]।
ਸ਼੍ਰੀ ਗੁਰ ਅਮਰਦਾਸ ਪਿਖਿ ਕਹਜੋ।
'ਹਮਰੋ ਆਸ਼ਯ ਤੈਂ ਨਹਿਂ ਲਹਜੋ ॥੨੦॥
ਜਥਾ ਬਤਾਈ ਤਥਾ ਨ ਕਰੀ।
ਬੱਕ੍ਰ ਭੀਤ[5] ਰਚਿ ਕੀਨਸ ਥਰੀ।

---

[1]ਦਿਲ ਟੁੱਟ ਗਿਆ।
[2]ਜਿੱਥੇ (ਬੈਠਿਆਂ) ਸਨਮੁਖ ਖੜੋਕੇ ਦਰਸ਼ਨ ਕਰਨਗੇ ਸਿੱਖ।
[3]ਹੱਥ ਦੀ ਸੋਟੀ (ਨਾਲ)।
[4]ਗਿੱਚੀ (ਸਿਰ) ਨਿਹੁੜਾਇਕੇ।
[5]ਟੇਢੀ ਕੰਧ।

ਭਈ ਨ ਬੈਠਨਿ ਉਚਿਤ ਹਮਾਰੇ।
ਇਸ ਕਾਰਨ ਤੇ ਕਰਹੁ ਬਿਦਾਰੇ[1]' ॥੨੧॥
ਗੁਰ ਤੇ ਸੁਨਿ ਸ਼ੰਕਤਿ ਮਨ ਹ੍ਵੈ ਕੇ[2]।
ਤਾਤਕਾਲ ਨਿਜ ਹਾਥ ਗਿਰੈ ਕੈ[3]।
ਨੰਮ੍ਰਿ ਹੋਇ ਬੂਝੀ ਬਿਧਿ ਫੇਰੀ।
'ਬਖਸ਼ਹੁ ਅਬੈ ਅਵੱਗਜਾ ਮੇਰੀ ॥੨੨॥
ਮੈਂ ਮਤਿ ਹੀਨ ਸਕਯੋ ਨਹਿਂ ਜਾਨਿ।
ਬਹੁਰ ਬਤਾਵਹੁ ਕ੍ਰਿਪਾ ਨਿਧਾਨ!'
ਤਬਿ ਸਤਿਗੁਰ ਨੇ ਕੀਨਿ ਲਕੀਰ।
ਅਪਰ ਬਤਾਈ ਸਭਿ ਤਤਬੀਰ ॥੨੩॥
'ਕਰਹੁ ਚਿਨਾਵਨ ਦੋਨਹੁ ਫੇਰੇ।'
ਇਮਿ ਕਹਿ ਸ਼੍ਰੀ ਗੁਰ ਗਮਨੇ ਡੇਰੇ।
ਨਿਸਾ ਬਿਤੇ ਉਠਿ ਕਰਿ ਭੁਨਿਸਾਰ।
ਲਗੇ ਕਰਾਵਨ ਦੋਨਹੁ ਕਾਰ ॥੨੪॥
ਜਿਮਿ ਕੀਨਹੁ ਸਤਿਗੁਰ ਫੁਰਮਾਵਨਿ।
ਤਿਮਿ ਸੁਚੇਤ ਹ੍ਵੈ ਲਾਗਿ ਬਨਾਵਨਿ।
ਭਲੀ ਰੀਤਿ ਸੋਂ ਜੁਗਲ ਸੁਧਾਰੀ।
ਪੰਕ ਈਟਕਾ ਸੁੰਦਰ ਸਾਰੀ ॥੨੫॥
ਸ਼੍ਰੀ ਗੁਰ ਜਾਨਯੋ ਸਾਯੰਕਾਲ[4]।
ਚਲੇ ਬਾਵਲੀ ਦਿਸ਼ਾ ਕ੍ਰਿਪਾਲ।
ਪ੍ਰਿਥਮ ਜਹਾਂ ਰਾਮੇ ਨੇ ਕਰੀ।
ਆਨਿ ਬਿਲੋਕਨ ਕੀਨਸਿ ਥਰੀ ॥੨੬॥
ਕਹਯੋ ਤਾਂਹਿ 'ਇਹ ਕਰੀ ਨ ਆਛੀ।
ਤਥਾ ਬਨੀ ਨ ਜਥਾ ਹਮ ਬਾਂਛੀ[5]।
ਕਰਹੁ ਬਿਦਾਰਨ ਫੇਰ ਬਨਾਵਹੁ।
ਬਿਨ ਮਤਿ ਤੇ ਸ਼੍ਰਮ ਬਾਦ ਕਰਾਵਹੁ[6]' ॥੨੭॥
ਸੁਨਿ ਰਾਮੇ ਨਿਜ ਰਿਦੇ ਬਿਚਾਰਾ।

---

[1]ਢਾਹ ਦਿਓ।
[2]ਮਨ ਵਿਚ ਭੈ ਧਾਰਕੇ।
[3]ਹੱਥਾਂ ਨਾਲ (ਗਿਰਾ ਕੇ)।
[4]ਸੰਧਿਆ ਵੇਲੇਂ।
[5]ਜੈਸੀ ਅਸਾਂ ਚਾਹੀ ਸੀ।
[6]ਮਿਹਨਤ ਬਿਅਰਥ ਕਰਦੇ ਹੋ।

-ਮੈਂ ਨੀਕੇ ਥਲ ਥਰੀ ਸੁਧਾਰਾ-।
ਕਹਨਿ ਲਗਜੋ 'ਮੈਂ ਤਥਾ[1] ਬਨਾਈ।
ਜਿਸ ਬਿਧਿ ਤੁਮਨੇ ਦੀਨਿ ਬਤਾਈ ॥੨੮॥
ਬਨੀ ਰੁਚਿਰ ਬੈਠਿਬਿ ਕੇ ਜੋਗ।
ਦੇਖਤਿ ਕਰਹਿਂ ਸਰਾਹਿਨ ਲੋਗ।
ਮੈਂ ਕੈਸੇ ਕਰਿ ਦੇਹੁਂ ਢਹਾਈ।
ਇਸ ਤੇ ਆਛੀ ਕਜਾ ਬਨਿ ਜਾਈ' ॥੨੯॥
ਤਬਿ ਸਤਿਗੁਰ ਨੇ ਦਈ ਢਹਾਇ।
ਕਰੀ ਕਾਰ ਪੁਨ ਭਲੇ ਬਤਾਇ।
'ਇਸ ਪ੍ਰਕਾਰ ਕੀਜਹਿ ਸ਼ੁਭ ਥਰੀ।
ਸੁਰਤ ਸੰਭਾਰਹੁ ਉਰ ਮਤਿ ਧਰੀ[2]' ॥੩੦॥
ਰਾਮਦਾਸ ਕੀ ਦਿਸ਼ ਚਲ ਗਏ।
ਹੇਰਿ ਥਰੀ ਕੋ ਉਚਰਤਿ ਭਏ।
'ਇਹ ਤੈਂ ਨੀਕੀ ਨਹੀਂ ਬਨਾਈ।
ਬੈਠਿਬਿ ਕਾਰਨ[3] ਹਮਹੁ ਨ ਭਾਈ ॥੩੧॥
ਕਰਹੁ ਬਿਦਾਰਨ ਰਾਖਹੁ ਨਾਂਹਿ।
ਕਹਜੋ ਨ ਲਖਜੋ[4] ਤੁਮਹੁਂ ਮਨ ਮਾਂਹਿ।'
ਸੁਨਿ ਸਤਿਗੁਰ ਕੇ ਬਾਕਨ ਸ਼੍ਰੌਨ।
ਢਾਹਨ ਕਰੀ ਧਰੇ ਮੁਖ ਮੌਨ ॥੩੨॥
ਉਰ ਭੈ ਧਰਿ ਕੈ ਬੋਲਜੋ ਫੇਰ।
'ਤੁਮਰੀ ਮਤੀ ਅਗਾਧਿ ਬਡੇਰ।
ਹਮ ਮਤਿਮੰਦ ਸਕਹਿਂ ਨਹਿਂ ਜਾਨਿ।
ਤਊ ਕ੍ਰਿਪਾ ਤੁਮ ਕਰਹੁ ਮਹਾਂਨ ॥੩੩॥
ਬਿਸਰਿ ਜਾਤਿ ਹਮਰੀ ਮਤਿ ਥੋਰੀ।
ਬਖਸ਼ਹੁ ਖ਼ਤਾ ਆਪ ਅਬਿ ਮੋਰੀ।
ਜਿਸ ਪ੍ਰਕਾਰ ਕੀ ਦੇਹੁ ਬਤਾਇ*।
ਹਿਤ ਰਾਵਰ ਕੇ ਅਬਹਿ ਬਨਾਇ+' ॥੩੪॥

---

[1]ਤਿਵੇਂ ਹੀ।
[2]ਭਾਵ, ਅਕਲਮੰਦੀ ਨਾਲ।
[3]ਬੈਠਣ ਲਈ।
[4]ਜਾਣਿਆਂ ਨਹੀਂ।
*ਪਾ:-ਬਤਾਈ।
+ਪਾ:-ਬਨਾਈ।

ਸੁਨਿ ਸਤਿਗੁਰ ਨੇ ਕਰੀ ਲਕੀਰ।
'ਇਸ ਬਿਧਿ ਕਰਹੁ ਥਰੀ ਧਰਿ ਧੀਰ।'
ਇਮਿ ਦੋਨਹੁ ਕਉ ਫੇਰ ਬਤਾਇ।
ਮੰਦ ਮੰਦ ਗਮਨੇ ਨਿਜ ਥਾਇਂ ॥੩੫॥
ਭਈ ਪ੍ਰਭਾਤਿ ਆਇ ਪੁਨ ਦੋਊ।
ਲਗੇ ਬਨਾਵਨ ਥਲ ਪਿਖਿ ਸੋਊ।
ਨੀਕੀ ਰੀਤਿ ਸੁਧਾਰਨਿ ਕਰੇ।
ਪੰਕ ਈਟਕਾ ਪੰਕਤਿ ਜਰੇ[1] ॥੩੬॥
ਦਿਨ ਸਗਰੇ ਮਹਿਂ ਲਈ ਬਨਾਇ।
ਦੋਨਹੁਂ ਦਿਸ਼ ਬੁਧਿ ਕਰਿ ਅਧਿਕਾਇ।
ਪੁਨ ਆਏ ਗੁਰ ਤੀਸਰ ਬਾਰੀ।
ਲਖਿ ਨ ਸਕਹਿ ਕੋ ਮਹਿਮਾ ਭਾਰੀ ॥੩੭॥
ਉਰ ਗੰਭੀਰ ਧੀਰ ਕੇ ਧਰਿਤਾ।
ਸਭਿਹਿਨਿ ਤੇ ਉੱਤਮ ਜਿਨਿ ਚਰਿਤਾ।
ਪ੍ਰਥਮੈ ਰਾਮੇ ਕੀ ਦਿਸ਼ ਆਏ।
ਖਰੇ ਥਰੀ ਦਿਸ਼ ਦ੍ਰਿਸ਼ਟਿ ਲਗਾਏ ॥੩੮॥
ਕਹਯੋ ਬਾਕ 'ਭੋ ਰਾਮੇ! ਤੋਹਿ।
ਕਰਯੋ ਨਹੀਂ ਜਿਮਿ ਭਾਖਯੋ ਮੋਹਿ।
ਨਹਿਂ ਪਸੰਦ ਇਹੁ ਆਇ ਹਮਾਰੇ।
ਜਿਮਿ ਚਾਹਤਿ ਤਿਮਿ ਨਹੀਂ ਸੁਧਾਰੇ ॥੩੯॥
ਬਹੁਤ ਬਾਰ ਸਮਝਾਵਨਿ ਕਰਯੋ।
ਥਰੀ ਕਾਜ ਕਰਿਬੋ ਨਹਿਂ ਸਰਯੋ।'
ਸੁਨਿ ਰਾਮਾ ਚਿਤਵਤਿ ਚਿਤ ਮਾਂਹੀ।
-ਇਹ ਕਾਰਨ ਕਜਾ ਲਖੀਯਤਿ ਨਾਂਹੀ- ॥੪੦॥
ਕਰਤਿ ਬਿਚਾਰ ਸੁ ਨਿਸ਼ਚੈ ਠਾਨਾ।
-ਇਨ ਕੋ ਬਹੁ ਸਰੀਰ ਬਿਰਧਾਨਾ।
ਗਈ ਆਰਬਲ ਬੀਤ ਬਡੇਰੀ।
ਕਹਯੋ ਨ ਯਾਦ ਰਖਹਿਂ ਇਸ ਬੇਰੀ- ॥੪੧॥
ਇਮਿ ਠਟਿ ਮਨ ਮਹਿਂ ਕੀਨ ਬਖਾਨ।
'ਜਿਮਿ ਤੁਮਨੇ ਮੁਹਿ ਕਹੁ ਫੁਰਮਾਨ[2]।

---

[1]ਇੱਟਾਂ ਗਾਰੇ ਨਾਲ ਮੇਲਕੇ ਜੜੀਆਂ (ਭਾਵ ਕੰਧ ਬਣਾਈ)।
[2]ਮੈਨੂੰ ਹੁਕਮ ਕੀਤਾ ਸੀ।

ਕਰੀ ਤਥਾ ਮੈਂ ਬੁਧਿ ਬਲ ਲਾਇ।
ਕਹ ਕਰਿ ਆਛੇ ਸੁਧਿ ਬਨਿਵਾਇ ॥੪੨॥
ਆਪ ਕਹਹੁ ਜਿਮਿ ਬਿਸਰੈ ਫੇਰ[1]।
ਇਸ ਮਹਿਂ ਦੋਸ਼ ਅਹੈ ਕਜਾ ਮੇਰ।'
ਇਮਿ ਸੁਨਿ ਸਤਿਗੁਰ ਤੂਸ਼ਨ ਠਾਨੀ।
ਅਤਿ ਗੰਭੀਰ ਧੀਰ ਗੁਨ ਖਾਨੀ ॥੪੩॥
ਪੁਨ ਸ਼੍ਰੀ ਰਾਮਦਾਸ ਢਿਗ ਗਏ।
ਹੇਰਿ ਥਰੀ ਕਹੁ ਬੋਲਤਿ ਭਏ।
'ਇਹੁ ਤੈਂ ਨੀਕੀ ਨਹੀਂ ਬਨਾਈ।
ਕਈ ਬਾਰ ਬਹੁ ਮਤਿ ਨਹਿਂ ਆਈ ॥੪੪॥
ਜਿਮਿ ਕਹਿ ਗਏ ਬਨੀ ਤਿਮਿ ਨਾਂਹੀ।
ਸ਼੍ਰੱਮ ਬਾਦ ਕੀਨਸਿ ਇਸਿ ਮਾਂਹੀ।'
ਸੁਨਿ ਗੁਰ ਬਾਕ ਮੰਦ ਨਿਜ ਜਾਨਜੋ।
ਭਯੋ ਨੰਮ੍ਰ ਪਾਇਨ ਲਪਟਾਨਜੋ ॥੪੫॥
'ਹੌਂ ਅਜਾਨ ਨਿਤ ਭੂਲਨ ਹਾਰੋ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ।
ਬਾਰਬਾਰ ਬਖਸ਼ਤਿ ਹੋ ਮੋਹੀ।
ਅਪਰਾਧੀ ਅਰ ਮੂਰਖ ਕੋ ਹੀ[2] ॥੪੬॥
ਜੇਤਿਕ ਸੁਮਤਿ ਦੇਤਿ ਸੋ ਜਾਨਵ।
ਬਿਨਾ ਦਿਯੇ ਕਜਾ ਬਪੁਰਾ ਮਾਨਵ।
ਰਾਵਰ ਕਰੁਨਾ ਕਰਹੁ ਬਤਾਵਉ।
ਨੀਕੀ ਰੀਤਿ ਭਾਖਿ ਸਮਝਾਵਉ ॥੪੭॥
ਮੈਂ ਮਤਿ ਮੰਦ ਅਭਾਗ ਬਿਚਾਰਾ।
ਜਾਨਿ ਸਕਯੋ ਨਹਿਂ ਕਹਯੋ ਤੁਮਾਰਾ।'
ਇਮਿ ਕਹਿ ਗਰ ਮਹਿਂ ਅੰਚਰ ਡਾਰਾ।
'ਛਿਮਹੁ ਪ੍ਰਭੂ ! ਅਪਰਾਧ ਹਮਾਰਾ' ॥੪੮॥
ਸਿਖ ਸਮੀਪ ਸਭਿ ਹੀ ਸੁਨਿ ਕਰਿ ਕੈ।
ਹਰਖੇ[3] ਸਿੱਖੀ ਰੀਤਿ ਬਿਚਰਿ ਕੈ।
ਪਰਮ ਪ੍ਰਸੰਨ ਭਏ ਗੁਰ ਪੂਰੇ।

---

[1]ਆਪ ਜਿਵੇਂ ਕਹਿ ਜਾਂਦੇ ਹੋ ਫੇਰ (ਆਪਨੂੰ) ਭੁੱਲ ਜਾਂਦਾ ਹੈ।
[2]ਨੂੰ ਬੀ। (ਅ) ਕੋਹੀ = ਪਹਾੜੀਆ, ਭਾਵ ਅਨਜਾਨ ਨੂੰ। (ੲ) ਕ੍ਰੋਧੀ।
[3]ਪ੍ਰਸੰਨ ਹੋਏ।

ਗੁਰਤਾ ਉਚਿਤ ਲਖੇ ਗੁਨ ਰੂਰੇ ॥੪੯॥
ਸਭਿਨਿ ਸੁਨਵਤਿ ਬਾਕ ਅਲਾਵਹਿਂ।
'ਇਸ ਕੀ ਸੇਵਾ ਮੋ ਮਨ ਭਾਵਹਿ।
ਆਪਾ ਕਬਹੁਂ ਨ ਕਰਹਿਂ ਜਨਾਵਨਿ।
ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨਿ[1]' ॥੫੦॥
ਸੁਨਿ ਸਭਿ ਸਿੱਖਜਨ ਸੰਸੈ ਖੋਵਾ।
ਗੁਰਤਾ ਉਚਿਤ ਭਲੇ ਇਹ ਜੋਵਾ।
ਬਾਕਨ ਤੇ ਪਛਾਨ ਕਰਿ ਲੀਨੇ।
ਆਪਾ ਜੁਤਿ ਅਰੁ ਆਪਾ ਹੀਨੇ[2] ॥੫੧॥
ਸਤਿਗੁਰ ਨਿਜ ਸਥਾਨ ਕਹੁ ਆਏ।
ਸਿੱਖ ਸੰਗ ਜੇ ਤਿਨਹੁ* ਸੁਨਾਏ।
'ਰਾਮਦਾਸ ਹੈ ਪੁਰਖ ਮਹਾਂਨੇ।
ਇਸ ਕੇ ਸੰਗ ਤਰਹਿਂ ਨਰ ਜਾਨੇ ॥੫੨॥
ਬ੍ਰਿੰਦਨ ਕੋ ਕਰਤਾ ਕੱਲਜਾਨ।
ਬਸੀ ਕਰਜੋ ਮੁਝ ਸੇਵਾ ਠਾਨਿ।
ਇਸ ਤੇ ਨਹਿਂ ਅਦੇਯ ਕੁਛ ਮੋਰੇ।
ਸਭਿਹਿਨਿ ਤੇ ਪਦ ਪ੍ਰਾਪਤਿ ਗੌਰੇ[3]' ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਪ੍ਰੇਮ ਪਰਖਣ' ਪ੍ਰਸੰਗ ਬਰਨਨੰ ਨਾਮ ਸਪਤਪੰਚਾਸਤੀ ਅੰਸੂ ॥੫੭॥

---

[1]ਵਿਚ (ਮਨ) ਪਵਿੱਤ੍ਰ ਹੈ।
[2]ਹੰਕਾਰ ਸਹਿਤ (ਰਾਮਾ ਜੀ) ਤੇ ਹੰਕਾਰ ਬਿਨਾ (ਸ੍ਰੀ ਰਾਮਦਾਸ ਜੀ)।
*ਪਾ:-ਜੋ ਕੁਛ। ਜੋ ਸਭ।
[3]ਵੱਡਾ ਭਾਰੀ।

੫੮. [ਬਾਵਲੀ ਮਹਾਤਮ। ਸੰਤ ਸਾਧਾਰਣ। ਗੰਗਾ ਸ੍ਰੋਤ ਬਾਉਲੀ ਵਿਚ। ਇਕ ਜੋਗੀ]

੫੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੫੯

ਦੋਹਰਾ: ਭਗਤਿ ਖਜ਼ਾਨਾ ਖੁਲਿ ਰਹਜੋ, ਸਤਿਗੁਰ ਕੇ ਦਰਬਾਰ।
ਚਾਰ ਪਦਾਰਥ ਸੰਗਤਿਹਿੰ[1], ਦੇਤਿ ਲਗਤਿ ਨਹਿਂ ਬਾਰ ॥੧॥

ਚੌਪਈ: ਤੀਰਥ ਪਰਮ ਰਚਜੋ ਬਡ ਪੁੰਨਜ।
ਸੇਵਤਿ ਭਏ ਪੁਰਖ ਸੋ ਧੰਨਜ।
ਮਹਾਂ ਮਹਾਤਮ ਹੈ ਜਿਸ ਕੇਰਾ।
ਜਿਸ ਮੱਜੈ ਫਲ ਲਹੈ ਘਨੇਰਾ ॥੨॥
ਸੁੰਦਰ ਸੀਤਲ ਨਿਰਮਲ ਖਰੋ।
ਅਤਿ ਗੰਭੀਰ ਨੀਰ ਜਿਹ ਭਰੋ।
ਦੱਖਣ ਦਿਸ਼ ਮਹਿਂ ਝਰਨਾ ਬਹਜੋ।
ਸੁਰਸਰਿ ਕੋ ਪ੍ਰਵਾਹ[2] ਤਹਿਂ ਲਹਜੋ ॥੩॥
ਰਚੀ ਚੁਰਾਸੀ ਜਿਹ ਸੌਪਾਨ[3]।
ਗਿਨਿ ਜਬਿ ਦੇਖੀ ਕ੍ਰਿਪਾ ਨਿਧਾਨ।
ਮੁਖ ਤੇ ਬਾਕ ਕਹਜੋ ਤਿਸਿ ਕਾਲ।
'ਜੋ ਸਿਖ ਦਰਸਹਿ ਪ੍ਰੇਮ ਬਿਸਾਲ ॥੪॥
ਬਾਰਿ ਚੁਰਾਸੀ[4] ਕਰਹਿ ਸ਼ਨਾਨ।
ਇਤਨੇ ਜਪੁਜੀ ਪਾਠ ਬਖਾਨਿ।
ਸਤਿਗੁਰ ਮੂਰਤਿ ਕਰਿ ਕੈ ਧਜਾਨ।
ਮਿਟਹਿ ਚੁਰਾਸੀ ਆਵਨਿ ਜਾਨਿ[5] ॥੫॥
ਜਜੋਂ ਕਜੋਂ ਪਾਇ ਭਗਤਿ ਗੁਰ ਕੇਰੀ।
ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ[6]।
ਅਪਰ ਮਨੋਰਥ ਧਰਿ ਕਰਿ ਨ੍ਹਾਵੈ।
ਸ਼ਰਧਾ ਧਰੈ ਤੁਰਤ ਸੋ ਪਾਵੈ ॥੬॥
ਅਨਿਕ ਅਘਨ ਕੀ ਨਾਸ਼ਨਿ ਹਾਰੀ।
ਭਈ ਬਾਪਿਕਾ ਨਿਰਮਲ ਬਾਰੀ[7]।

---

[1]ਭਾਵ, ਭਗਤੀ ਦੇ ਨਾਲ ਚਾਰ ਪਦਾਰਥ ਭੀ ਹਨ। (ਅ) ਸੰਗਤਾਂ ਨੂੰ।
[2]ਗੰਗਾ ਦਾ ਪ੍ਰਵਾਹ।
[3]ਪੌੜੀਆਂ।
[4]ਚੁਰਾਸੀ ਵੇਰ।
[5]ਚੁਰਾਸੀ (ਲਖ ਜੂਨ ਵਿਚ) ਜਨਮ ਮਰਨ।
[6]ਖੋਟੇ ਫੇਰ ਫਿਰਨਾ ਜੂਨਾਂ (ਵਿਚ) ਉਸਦਾ।
[7]ਨਿਰਮਲ ਜਲ ਵਾਲੀ।

ਗੁਰ ਸਿੱਖਜਨ ਹਰਖਾਵਨ ਵਾਰੀ[1]।
ਜਲ ਪੀਏ ਨਿਰਮਲ ਉਰਕਾਰੀ[2] ॥੭॥
ਕਰਹਿਂ ਸ਼ਨਾਨ ਦਾਨ ਜੋ ਦੇਵੈਂ।
ਗੁਰਬਾਨੀ ਪਢਿ ਕਰਿ ਸੁਖ ਲੇਵੈਂ।
ਤਿਨ ਕੋ ਫਲ ਹੋਵੈ ਅਬਿਨਾਸ਼ੀ।
ਕਰਹਿਂ ਬਿਨਾਸ਼ਨ ਜਮ ਕੀ ਫਾਸੀ' ॥੮॥
ਇਸ ਬਿਧਿ ਅਧਿਕ ਮਹਾਤਮ ਤਾਂਹਿ।
ਸ਼੍ਰੀ ਗੁਰ ਅਮਰਦਾਸ ਮੁਖ ਪ੍ਰਾਹਿ।
ਕਰਹਿਂ ਆਪ ਇਸ਼ਨਾਨ ਸੁ ਨੀਰ।
ਹੋਇ ਬਹੁਤ ਸਿੱਖਜਨ ਕੀ ਭੀਰ ॥੯॥
ਕਰਹਿਂ ਚੌਂਪ ਸੋਂ ਮੱਜਨ ਸਾਰੇ।
ਬਹੁਰ ਸਰਾਹਹਿਂ ਸੁਜਸ ਪਸਾਰੇ।
'ਧੰਨਜ ਗੁਰੂ ਕੀਨਸਿ ਉਪਕਾਰਾ।
ਸ਼ਰਨ ਪਰਹਿ ਤਾਰਜੋ ਗਨ ਭਾਰਾ[3]' ॥੧੦॥
ਇਕ ਲੁਹਾਰ ਤਹਿਂ ਕਾਰ ਕਰਤਿ ਹੈ।
ਕਾਠਨਿ ਕੀ ਪੌਰੀ ਸੁ ਘਰਿਤ ਹੈ।
ਅਪਰ ਕਾਜ ਜੋ ਹੋਹਿ ਸੁ ਕਰਿਹੀ।
ਕਾਸ਼ਟ ਲੋਹਾ ਨਿਜ ਕਰ ਘਰਿਹੀ ॥੧੧॥
ਜਲ ਕੇ ਨਿਕਟ ਸਪਤ ਸੌਪਾਨ[4]।
ਲਾਇ ਕਾਠ ਤਿਨ ਰਚੀ ਮਹਾਨ।
ਜਿਸ ਤੇ ਜਲ ਸੁਖੇਨ ਹੀ ਲੇਯ।
ਨ੍ਹਾਨ ਪਾਨ ਜੋ ਚਹੈ ਕਰੇਯ ॥੧੨॥
ਤਿਸ ਕੀ ਕ੍ਰਿੱਤਿ ਹੇਰਿ ਗੁਰ ਪੂਰੇ।
ਸੁਪ੍ਰਸੰਨ ਬੁਲਵਾਇ ਹਦੂਰੇ।
ਸੁਨਿ ਆਇਸੁ ਕੋ ਤਤਛਿਨ ਆਵਾ।
ਬਡਭਾਗੀ ਚਰਨਨ ਸਿਰ ਲਾਵਾ ॥੧੩॥
ਤਿਸ ਕੇ ਮਸਤਕ ਧਰਿ ਕਰਿ ਹਾਥ।
ਮੰਤ੍ਰ ਸੁ ਸੱਤਿਨਾਮ ਦਿਯ ਨਾਥ।

---

[1]ਪ੍ਰਸੰਨ ਕਰਨ ਵਾਲੀ।
[2]ਰਿਦਾ ਨਿਰਮਲ ਕਰਨ ਵਾਲੀ।
[3]ਜੋ ਸ਼ਰਨੀ ਪਿਆ (ਤਿਸ) ਭਾਰੀ ਸਮੂਹ ਨੂੰ ਤਾਰਿਆ।
[4]ਪੌੜੀਆਂ ਸੱਤ।

'ਸੰਤ ਸਧਾਰਨ' ਨਾਮ ਧਰਜੋ ਤਿਹ।
ਪ੍ਰਾਪਤਿ ਰਿਦੈ ਪ੍ਰਕਾਸ਼ ਲਹਜੋ ਜਿਹ[1] ॥੧੪॥
'ਸੇਵ ਪਰੀ ਸਭਿ ਥਾਇਂ[2] ਤੁਮਾਰੀ।
ਜਾਇ ਰਹਹੁ ਅਬਿ ਗ੍ਰੇਹ ਮਝਾਰੀ।
ਕਰਹੁ ਭਜਨ ਬੈਠੇ ਸੁਖ ਪਾਵੋ।
ਲੈਨ ਦੈਨ ਕੋ ਕਹੂੰ ਨ ਜਾਵੋ' ॥੧੫॥
ਹੁਇ ਨਿਹਾਲ ਗੁਰ ਕੋ ਬਚ ਮਾਨਾ।
ਸੱਤਿਨਾਮ ਨਿਤਿ ਸਿਮਰਨਿ ਠਾਨਾ।
ਗ੍ਰਿਹ ਨਿਜ ਗਯੋ ਭਯੋ ਸੁਖਵਾਸੀ।
ਪਾਯੋ ਅਨੰਦ ਬਿਲੰਦ ਅਨਾਸ਼ੀ ॥੧੬॥

ਦੋਹਰਾ: ਹਿਤ ਗੰਗਾ ਇਸ਼ਨਾਨ ਕੇ, ਸੰਗ[3] ਚਲਜੋ ਬਹੁ ਜਾਤਿ।
ਤਿਸੀ ਪੰਥ ਆਵਤਿ ਭਏ, ਜਿਸ ਪੁਰਿ ਗੁਰੂ ਰਹਾਤਿ ॥੧੭॥

ਚੌਪਈ: ਡੇਰਾ ਕਿਯੋ ਆਨਿ ਕੈ ਸੰਗ।
ਜੋ ਮੱਜਨ ਕੋ ਗਮਨਤਿ ਗੰਗ।
ਤਿਸ ਮਹਿਂ ਏਕ ਮੀਤ ਗੁਰ ਕੇਰਾ।
ਪ੍ਰਥਮ ਬੈਸ ਕੋ ਹੁਤੋ ਬਡੇਰਾ[4] ॥੧੮॥
ਸੋ ਮਿਲਿਬੇ ਹਿਤ ਗੁਰ ਢਿਗ ਆਯੋ।
ਮਿਲਿ ਕਰਿ ਬਡ ਲਖਿ ਸੀਸ ਝੁਕਾਯੋ।
ਬਾਪੀ ਪਰ ਬੈਠੇ ਤਿਸਕਾਲ।
ਕੁਸ਼ਲ ਪ੍ਰਸ਼ਨ ਕਰਿ ਕੈ ਹਿਤ ਨਾਲ ॥੧੯॥
ਸਾਧੂ ਹੁਤੋ[5] ਤਿਸਹਿ ਸਮੁਝਾਯੋ।
'ਚਲਿਬੇ ਪੰਥ ਕਸ਼ਟ ਕਯੋਂ ਪਾਯੋ।
ਦੂਰ ਪੰਥ ਪਹੁੰਚਹੁ ਸ਼੍ਰਮ ਧਾਰੇ।
ਤੋਹਿ ਭਲੇ ਹਿਤ ਹੇ ਮਮ ਪਯਾਰੇ! ॥੨੦॥
ਬੀਚ ਬਾਪਿਕਾ ਗੰਗਾ ਆਨੀ।
ਉਰ ਸ਼ਰਧਾ ਧਰਿ ਹੋਹੁ ਸ਼ਨਾਨੀ[6]।
ਨਹਿਂ ਸ਼ੰਕਾ ਕਿਮਿ ਮਨ ਮਹਿਂ ਜਾਨੋ।

---

[1]ਜਿਸਨੇ ਪ੍ਰਕਾਸ਼ (ਗਿਆਨ) ਪ੍ਰਾਪਤ ਹੋਇਆ ਰਿਦੇ ਵਿਚ ਜਾਣਿਆਂ।
[2]ਪ੍ਰਵਾਨ ਹੋਈ।
[3]ਸਾਥ।
[4]ਵੱਡਾ ਮਿੱਤ੍ਰ ਸੀ ਪਹਿਲੀ ਉਮਰ ਦਾ।
[5]ਭਲਾ ਪੁਰਸ਼ ਸੀ।
[6]ਇਸ਼ਨਾਨ ਕਰਨ ਵਾਲਾ ਹੋ।

ਜਾਨਿ ਸੁਰਸੁਰੀ ਮੱਜਨ ਠਾਨੋ ॥੨੧॥
ਫਲ ਜੋ ਚਹਹੁ ਨਿਸੰਸੈ ਪਾਵਹੁ।
ਪੁਨ ਘਰ ਗਮਨਹੁਂ ਹਰਿ* ਗੁਨ ਗਾਵਹੁ।'
ਬਾਕ ਗੁਰੂ ਕੋ ਮਾਨਿ ਸ਼ਨਾਨਾ।
-ਕਿਮਿ ਇਹ ਸੁਰਸਰਿ-? ਸ਼ੰਕਾ ਠਾਨਾ ॥੨੨॥
ਬਹੁਰ ਬੈਠਿ ਕਰਿ ਕੇਤਿਕ ਕਾਲਾ।
ਬਿਨਤੀ ਕੀਨਸਿ 'ਹੇ ਪ੍ਰਭੁ ਦਯਾਲਾ!
ਘਰ ਤੇ ਚਲਯੋ ਸੰਗ ਕੇ ਸੰਗ[1]।
ਗੰਗ ਸ਼ਨਾਨਨਿ ਹੇਤੁ ਉਮੰਗ ॥੨੩॥
ਸਭਿ ਕੇ ਸਾਥ ਪਹੁੰਚਿ ਹਰਿਦ੍ਵਾਰ।
ਕਰਿ ਇਸ਼ਨਾਨ ਅਵੋਂ ਇਕ ਬਾਰ।
ਕਾਰਜ ਪਿਤਰਨ ਕੋ ਕਰਿ ਤਹਾਂ।
ਦਰਸ਼ਨ ਹਿਤ ਪੁਨ ਆਵੋਂ ਇਹਾਂ' ॥੨੪॥
ਤਿਸ ਕੀ ਲਖੀ ਸਰਬ ਗਤਿ ਡੋਲੇ[2]।
ਸ਼੍ਰੀ ਗੁਰ ਅਮਰਦਾਸ ਤਬਿ ਬੋਲੇ।
'ਨੀਕੀ ਬਾਤ, ਜਾਹੁ ਹਰਿ ਦ੍ਵਾਰ।
ਹਮ ਹਿਤ ਲਯਾਵਹੁ ਸੁਰਸਰਿ ਬਾਰ[3]' ॥੨੫॥
ਇਮਿ ਆਇਸੁ ਦੀਨਸਿ ਤਬਿ ਗਯੋ।
ਤੀਰ ਜਾਨਵੀ[4] ਪਹੁੰਚਤਿ ਭਯੋ।
ਮਨ ਭਾਵਤਿ ਕਰਿ ਭਲੇ ਸ਼ਨਾਨ।
ਪਿਤਰਨਿ ਕਾਜ ਕਰਾਵਨਿ ਠਾਨਿ ॥੨੬॥
ਗੁਰਬਚ ਸਿਮਰਯੋ ਆਵਨਿ ਕਾਲਿ।
ਲੋਟਾ ਲੀਨਸਿ ਹਾਥ ਸੰਭਾਲਿ।
ਹਰਿ ਦੁਆਰ ਮਹਿਂ ਪ੍ਰਵਿਸ਼ਯੋ ਜਾਈ।
ਕਰ ਲੋਟਾ ਟੁਭਕੀ ਤਬਿ ਲਾਈ ॥੨੭॥
ਗਯੋ ਹਾਥ ਤੇ ਛੁਟਿ, ਨਹਿਂ ਪਾਯੋ।
ਰਹਯੋ ਖੋਜ ਨਹਿਂ ਦ੍ਰਿਸ਼ਟੀ ਆਯੋ।
ਸਰਬ ਸੰਗ ਕੇ ਨਰ ਚਲਿ ਪਰੇ।

---

*ਪਾ-ਪੁਨ ਘਰ ਗਮਹੁ ਰਾਮ।
[1]ਭਾਵ ਗੰਗਾ ਦੇ ਯਾਤ੍ਰੂਆਂ ਦੇ ਨਾਲ।
[2]ਉਸਦੀ ਸਾਰੀ ਗਤੀ ਲਖੀ ਕਿ ਡੋਲ ਰਿਹਾ ਹੈ।
[3]ਗੰਗਾ ਦਾ ਜਲ।
[4]ਗੰਗਾ ਕੰਢੇ।

ਪਾਇ ਨਹੀਂ ਲੋਟਾ ਬਹੁ ਫਿਰੇ ॥੨੮॥
ਮਿਲਿ ਕੈ ਸੰਗ ਸੰਗ ਹਟਿ ਪਰਜੋ।
ਸੁਰਸਰਿ ਬਾਰਿ ਨ ਲਜਾਵਨਿ ਕਰਜੋ।
ਕ੍ਰਮ ਕ੍ਰਮ ਪੰਥ ਉਲੰਘਜੋ ਸਾਰੇ।
ਆਇ ਨਿਕਟ ਸਤਿਗੁਰੂ ਨਿਹਾਰੇ ॥੨੯॥
ਮਸਤਕ ਟੇਕਿ ਬੇਨਤੀ ਕਰੀ।
'ਮੋ ਤੇ ਕ੍ਰਿੱਤ[1] ਨ ਰਾਵਰਿ ਸਰੀ।
ਸੁਰਸਰਿ ਜਲ ਤੁਮ ਨੇ ਮੰਗਵਾਯਵ।
ਮੈਂ ਛੂਛੋ ਤਿਸ ਤੇ ਹਟਿ ਆਯਵ ॥੩੦॥
ਲੋਟਾ ਲੇ ਪਹੁੰਚਜੋ ਹਰਿਦ੍ਵਾਰ।
ਭਰਨਿ ਲਗਜੋ ਤਿਸ ਮਹਿਂ ਜਬਿ ਬਾਰਿ।
ਛੁਟਜੋ ਹਾਥ ਤੇ ਬਹਿ ਕਰਿ ਗਯੋ[2]।
ਖੋਜਿ ਰਹਜੋ, ਨਹਿਂ ਪ੍ਰਾਪਤਿ ਭਯੋ ॥੩੧॥
ਪਰਮ ਕੁਭਾਗ ਅਪਨ ਮੈਂ ਜਾਨਾ।
ਚਲਤਿ ਸੰਗ ਕੇ ਸੰਗ ਪਯਾਨਾ[3]'।
ਸੁਨਿ ਸਤਿਗੁਰ ਨੇ ਬਾਕ ਕਹਜੋ ਤਿਹ।
'ਚਿੰਤਾ ਕਰਹੁ ਨਹੀਂ ਕੋ ਉਰ ਮਹਿਂ ॥੩੨॥
ਲੋਟਾ ਪਹੁੰਚਜੋ ਨਿਕਟ ਹਮਾਰੇ।
ਲਜਾਇ ਬੇਗ ਤੇ ਗੰਗਾ ਧਾਰੇ[4]। ਵਿਸ਼ੇਸ਼ ਟੂਕ
ਨਹਿਂ ਪ੍ਰਤੀਤ ਜੇ ਤੁਵ ਉਰ ਮਾਂਹੀ।
ਬੀਚ ਬਾਪਿਕਾ ਦੇਖਹੁ ਤਾਂਹੀ ॥੩੩॥
ਦੱਖਣ ਦਿਸ਼ ਕੋ ਸ੍ਰੋਤ ਪ੍ਰਵਾਹੂ[5]।
ਸੋ ਸੁਰਸਰਿ ਕੋ[6] ਬਾਪੀ ਮਾਂਹੂ।
ਤਹਿਂ ਤੇ ਅਪਨਾ ਲੋਟਾ ਲੀਜਹਿ।
ਜਲ ਸੁਰਸਰਿ ਕੋ ਪਾਨ ਕਰੀਜਹਿ' ॥੩੪॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਪ੍ਰਵਿਸ਼ਜੋ ਬੀਚ ਬਾਪਿਕਾ ਜਾਏ।

---

[1]ਸੇਵਾ।
[2]ਰੁੜ੍ਹ ਗਿਆ।
[3]ਤੁਰਦੇ ਸੰਗ ਦੇ ਨਾਲ ਟੁਰ ਪਿਆ।
[4]ਗੰਗਾ ਦੀ ਧਾਰ ਨੇ (ਆਪਣੇ) ਵੇਗ ਨਾਲ (ਲੋਟਾ) ਲੈ ਆਂਦਾ ਹੈ।
[5]ਚਲਦਾ ਹੈ ਪ੍ਰਵਾਹ।
[6]ਸੋ ਗੰਗਾ ਦਾ (ਪ੍ਰਵਾਹ) ਹੈ।

ਦੱਖਣ ਦਿਸ਼ ਦੇਖਯੋ ਜਲ ਝਰਨਾ।
ਸੀਤਲ ਸੁਖਦ ਬਿਮਲ ਬਰ ਬਰਨਾ[1] ॥੩੫॥
ਤਹਿਂ ਲੋਟਾ ਨਿਜ ਪਰਯੋ ਨਿਹਾਰਾ।
ਪਿਖਿ ਚਰਿੱਤ੍ਰ ਬਿਸਮਾਦ ਬਿਚਾਰਾ।
ਸ਼ੀਘ੍ਰ ਨਿਕਸ ਕਰਿ ਪਦ ਅਰਬਿੰਦ।
ਪਰਯੋ ਜਾਇ ਗੁਰ ਪਿਖਿ ਸੁਖਕੰਦ ॥੩੬॥
'ਮੈਂ ਅਜਾਨ ਮਹਿਮਾ ਨਹਿਂ ਜਾਨੀ।
ਬੀਚ ਬਾਪਿਕਾ ਸੁਰਸਰਿ ਆਨੀ।
ਪ੍ਰਥਮ ਤੁਮਾਰੋ ਬਾਕ ਨ ਮਾਨਯੋ।
ਬਖਸ਼ਹੁ ਭੂਲ ਪ੍ਰਭੂ ਅਬ ਜਾਨਯੋ' ॥੩੭॥
ਸੁਨਤਿ ਕ੍ਰਿਪਾ ਕਰਿ ਗੁਰ ਭਗਵਾਨ।
ਸੱਤਿਨਾਮ ਕੋ ਦੀਨਸਿ ਦਾਨ।
ਕਰਯੋ ਨਿਹਾਲ ਕਸ਼ਟ ਸਭਿ ਟਾਰਯੋ।
ਜਗ ਸਾਗਰ ਤੇ ਦੁਖਤਿ ਉਧਾਰਯੋ ॥੩੮॥
ਬੀਚ ਬਾਪਿਕਾ ਸੁਰਸਰਿ ਨੀਰ।
ਇਮਿ ਆਨਯੋ ਸਤਿਗੁਰੂ ਗਹੀਰ।
ਤੀਨ ਲੋਕ ਕੇ ਤੀਰਥ ਜੇਈ।
ਸ੍ਰੀ ਗੁਰ ਚਰਨ ਬਿਖੇਬ ਸੁਤੇਈ[2] ॥੩੯॥
ਸੁਰਸਰਿ ਲਜਾਵਨ ਬਾਪੀ ਮਾਂਹੀ।
ਕੁਛ ਅਚਰਜ ਇਹੁ ਜਾਨਹੁਂ ਨਾਂਹੀ।
ਜਿਮਿ ਚਾਹਹਿਂ ਤਿਮਿ ਕਰਹਿਂ ਸੁ ਤੂਰਨ।
ਸ੍ਰੀ ਪ੍ਰਭੁ ਸਰਬ ਸ਼ਕਤਿ ਤੇ ਪੂਰਨ ॥੪੦॥
ਕਰੀ ਬਾਪਿਕਾ ਨਿਜ ਸਿਖ ਕਾਰਨ।
ਜਨਮ ਜਨਮ ਕੇ ਕਲੁਖ ਨਿਵਾਰਨ।
ਕਥਾ ਸੁਨਹਿਂ ਜੇ ਚਿਤ ਕੋ ਲਾਇ।
ਸੋ ਨਰ ਪਾਪਨ ਤੇ ਛੁਟ ਜਾਇਂ ॥੪੧॥
ਇਕ ਦਿਨ ਸ਼੍ਰੀ ਸਤਿਗੁਰੂ ਸੁਹਾਯੋ।
ਬੈਠੇ ਹੁਤੇ ਸਿੱਧ ਇਕ ਆਯੋ।
ਬੰਦਨ ਕਰਿ ਕੈ ਗਿਰਾ ਸੁਨਾਈ।
'ਆਪ ਲਈ ਜਬਿ ਤੇ ਗੁਰਿਆਈ ॥੪੨॥

---

[1]ਉੱਜਲ ਸ੍ਰੇਸ਼ਟ ਰੰਗਵਾਲਾ।
[2]ਵਸਦੇ ਹਨ।

ਤਬਿ ਤੇ ਮੈਂ ਸ਼ਰਧਾ ਉਰਧਾਰੀ।
ਦਰਸ਼ਨ ਚਹਤਿ ਰਹਜੋ ਹਿਤਕਾਰੀ।
ਬਡੇ ਭਾਗ ਜਾਗੇ ਅਬਿ ਮੇਰੇ।
ਜਿਸ ਤੇ ਆਇ ਆਪ ਕੋ ਹੇਰੇ ॥੪੩॥
ਮੈਂ ਚਿਰਕਾਲ ਜੋਗ ਤਪ ਕੀਨੇ।
ਲਹਿ ਸਿੱਧੀ ਨਰ ਕਰੇ ਅਧੀਨੇ।
ਮਨ ਮੇਰੇ ਮਹਿਂ ਸ਼ਾਂਤਿ ਨ ਹੋਈ।
ਮਾਨਹਿਂ ਮੋਹਿ ਜਗਤ ਸਭਿ ਕੋਈ ॥੪੪॥
ਸਭਿ ਗਤਿ ਪਿਖਿ ਮੈਂ ਰਿਦੇ ਬਿਚਾਰਾ।
ਇਹ ਸਿੱਧਾਂ ਲੌਕਿਕ ਬਿਵਹਾਰਾ।
ਕਰਿ ਕਰਿ ਕਸ਼ਟ ਜੋਗ ਤਪ ਤਾਪਤਿ।
ਨਹੀਂ ਅਨੰਦ ਮੋਹਿ ਕਉ ਪ੍ਰਾਪਤਿ ॥੪੫॥
ਅਬਿ ਨਿਜ ਸ਼ਰਨ ਰਾਖਿ ਸੁਖ ਕੰਦ!
ਉਪਦੇਸ਼ਹੁ ਜਿਮਿ ਲਹਹੁਂ ਅਨੰਦ।
ਚਿਰੰਕਾਲ ਕੀ ਆਸਾ ਮੇਰੀ।
ਪੂਰਨ ਕੀਜਹਿ ਕ੍ਰਿਪਾ ਬਡੇਰੀ' ॥੪੬॥
ਅਪਨ ਭਗਤ ਜੋਗੀ ਕਹੁ ਜਾਨਾ।
ਸ਼੍ਰੀ ਸਤਿਗੁਰ ਤਿਹ ਸੰਗ ਬਖਾਨਾ।
'ਇਹ ਤਨ ਤਜਿ ਕੈ ਅਪਰ ਧਰੀਜੈ।
ਪੁਨ ਹਮ ਢਿਗ ਹੁਇ ਆਨੰਦ ਲੀਜੈ' ॥੪੭॥
ਇਮਿ ਸਤਿਗੁਰ ਤੇ ਸੁਨਿ ਕਰਿ ਗਯੋ।
ਇੱਛਾ ਪੂਰਬਕ ਤਨ ਤਜਿ ਦਯੋ।
ਉਰ ਧਰਿ ਕਰਿ ਗੁਰ* ਕੋ ਅਨੁਰਾਗਾ।
ਅਰੁ ਸਭਿ ਜਗ ਤੇ ਕਰਿ ਵੈਰਾਗਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬਾਵਲੀ ਪੂਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ॥੫੮॥

ਵਿਸ਼ੇਸ਼ ਟੂਕ: ਇਸੇ ਰਾਸ ਦੇ ੪੫ ਅੰਸੂ ਦੇ ਅੰਕ ੬, ੭ ਤੇ ੮ ਵਿਚ ਕਵੀ ਜੀ ਨੇ ਦੱਸਿਆ ਹੈ ਕਿ:

ਗੰਗਾ ਆਦਿਕ ਤੀਰਥ ਜੇਈ। ਮਜਹਿਂ ਕਲੀ ਕਾਲ ਨਰ ਤੇਈ।
ਅਨਗਨ ਪਾਪ ਤਜਹਿਂ ਤਿਨ ਮਾਂਹੀ। ਤਿਨ ਕੋ ਭਾਰ ਸਹਾਰਤਿ ਨਾਂਹੀ ॥੬॥

ਇਨ੍ਹਾਂ ਪਾਪਾਂ ਤੋਂ ਆਤੁਰ ਹੋ ਗੰਗਾ ਆਦਿਕ ਤੀਰਥਾਂ ਨੇ:-

ਯਾਂ ਤੇ ਸ਼੍ਰੀ ਸਤਿਗੁਰੂ ਅਰਾਧਾ। 'ਆਨ ਚਰਨ ਪਾਵਹੁ ਹਤਿ ਬਾਧਾ।

---

*ਪਾ:-ਸਤਿਗੁਰ।

ਪਾਪਨਿ ਤੇ ਪੀੜਤਿ ਹਮ ਹੋਏ। ਕਰਿ ਕਰਿ ਦੋਸ਼ ਹਮਹੁ ਮਹਿਂ ਧੋਏ' ॥੭॥

ਤੇ ਫਿਰ ਗੰਗਾ ਆਦਿਕਾਂ ਨੇ ਸਤਿਗੁਰੂ ਜੀ ਦੇ ਅਗੇ ਜੋਦੜੀ ਕੀਤੀ ਕਿ:-

'ਹੇ ਸਤਿਗੁਰੁ ਤੁਮਰੇ ਪਗ ਪਾਵਨ। ਜਬ ਹਮ ਬਿਖੈ ਕਰਹੁਗੇ ਪਾਵਨ।
ਤਤਛਿਨ ਹਮ ਸਭਿ ਹੋਹਿਂ ਸੁਖਾਰੇ। ਆਵਹੁ ਤੂਰਨ ਕਰੁਨਾ ਧਾਰੇ' ॥੮॥

ਤੀਰਥਾਂ ਦੀ ਇਹ ਅਰਦਾਸ ਸੁਣ:-

ਸਭ ਤੀਰਥ ਕੋ ਲਖਿ ਭਿੱਪ੍ਰਾਯ। ਭਏ ਤਜਾਗ ਸੰਗਤਿ ਸੰਗ ਲਾਯ।

ਇਹਨਾਂ ਵਾਕਾਂ ਤੋਂ ਸਪਸ਼ਟ ਹੈ ਕਿ ਗੰਗਾ ਆਦਿਕ ਤੀਰਥਾਂ ਨੇ ਸਤਿਗੁਰੂ ਜੀ ਨੂੰ ਪਾਪ ਨਾਸ਼ਕ ਤੇ ਅਘਹਾਰੀ ਜਾਣਕੇ ਆਪਣੇ ਪਾਪ ਬਖਸ਼ਾਉਣ ਲਈ ਅਰਦਾਸ ਕੀਤੀ ਕਿ ਹੇ ਪਤਿਤਪਾਵਨ ਆਪਣੇ ਚਰਨ ਪਾਵਨ ਪਾਕੇ ਸਾਡੇ ਕਲੇਸ਼ ਹਰੋ। ਸੋ ਹੁਣ ਵਿਚਾਰਨ ਵਾਲੀ ਗੱਲ ਹੈ ਕਿ ਅਜੇਹੇ ਸ਼ਕਤੀਵਾਨ ਸਤਿਗੁਰੂ ਜੀ ਨੂੰ ਗੋਇੰਦਵਾਲ ਬਾਉਲੀ ਸਾਹਿਬ ਰਚਕੇ ਇਹਦੇ ਵਿਚ ਗੰਗਾ ਲਿਆਉਣ ਦੀ ਕੋਈ ਥੁੜ ਨਹੀਂ ਸੀ। ਓਹ ਖੁਦ ਸਰਬ ਸ਼ਕਤੀਮਾਨ ਤੇ ਪਤਿਤਪਾਵਨ ਹਨ, ਜਿਸ ਚੀਜ਼ ਨੂੰ ਚਾਹੁਣ ਆਪਣੀ ਸ਼ਕਤੀ ਨਾਲ ਸੁਭਾਗ ਕਰ ਸਕਦੇ ਹਨ, ਸੋ ਬਾਵਲੀ ਨੂੰ ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਕਰ ਦਿੱਤਾ ਸੀ। ਗੰਗਾ ਦੀ ਮਹਾਨਤਾ ਉਸ ਮਿੱਤ੍ਰ ਦੇ ਜੀ ਵਿਚ ਸੀ। ਉਸ ਨੂੰ ਇਹ ਗੱਲ ਦੱਸਣ ਤੋਂ ਮੁਰਾਦ ਇਹ ਜਾਪਦੀ ਹੈ ਕਿ ਜੋ ਗੌਰਵਤਾ ਤੇਰੇ ਅੰਦਰ ਗੰਗਾ ਦੀ ਹੈ ਓਹ ਏਥੇ ਸਚ ਮੁਚ ਮੌਜੂਦ ਹੈ, ਐਵੇਂ ਨਾਂ ਪੈਂਡੇ ਝਾਗ। ਫਿਰ ਜਦ ਉਸਦਾ ਮਨ ਉਸਨੂੰ ਓਥੇ ਲੈ ਹੀ ਗਿਆ ਤਾਂ ਕੌਤਕੀ ਸਤਿਗੁਰੂ ਜੀ ਨੇ ਲੋਟੇ ਦਾ ਕੌਤਕ ਵਰਤਾਕੇ ਉਸਦਾ ਮਨ ਦਰੁਸਤੀ ਤੇ ਲੈ ਆਂਦਾ ਤੇ ਵਿਸ਼ਵਾਸ ਕਾਇਮ ਕਰ ਦਿੱਤਾ। ਗੁਰੂ ਜੀ ਦੀ ਤੀਰਥਾਂ ਪਰ ਗੌਰਵਤਾ ਨੂੰ ਕਵਿ ਜੀ ਆਪ ਮੰਨਦੇ ਹਨ:-

ਤੀਨ ਲੋਕ ਕੇ ਤੀਰਥ ਜੇਈ। ਸ੍ਰੀ ਗੁਰ ਚਰਨ ਬਿਖੈ ਬਸੁਤੇਈ। (ਅੰਕ ੩੯ ਇਹੋ ਅੰਸੂ)

੫੯. [ਜੋਗੀ ਦੂਜੇ ਜਨਮ ਵਿਚ ਅਨੰਦ ਜੀ ਹੋਕੇ ਜਨਮੇ। ਸੰਸਰਾਮ ਜੀ ਦਾ ਜਨਮ]

੫੮<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੦

ਦੋਹਰਾ: ਸੋ ਜੋਗੀ ਧਰਿ ਬਾਸ਼ਨਾ, ਜਨਮਜੋ ਗੁਰ ਕੁਲ ਮਾਂਹਿ।
ਹ੍ਵੈ ਅਨੁਸਾਰੀ ਵਾਸ਼ਨਾ, ਪ੍ਰਗਟਜੋ ਅਪਨੀ ਚਾਹਿ[1] ॥੧॥

ਚੌਪਈ: ਸ਼੍ਰੀ ਗੁਰ ਅਮਰਦਾਸ ਕੇ ਨੰਦ।
ਪ੍ਰਥਮ ਭਏ ਦ੍ਵੈ ਸ਼ੁਭ[+] ਜਨੁ[2] ਚੰਦ।
ਭਯੋ ਬਡੋ ਮੋਹਨ ਤਿਸ ਨਾਮ।
ਪਰਮ ਵਿਰਾਗਵਾਨ ਨਿਸ਼ਕਾਮ ॥੨॥
ਗਜਾਨਾਨੰਦ[3] ਮਹਿਂ ਸਦਾ ਬਿਲਾਸਹਿ।
ਉਰ ਬਿਕਾਰ ਕੋ ਲੇਸ਼ ਨ ਤਾਸਹਿ[4]।
ਬਡ ਅਵਧੂਤ ਇਕਾਕੀ[5] ਰਹੈ।
ਕਿਹ ਤੇ ਸੁਨੈ ਨ ਮੁਖ ਤੇ ਕਹੈ ॥੩॥
ਮੌਨ ਧਰੇ ਮਨ ਥਿਰਤਾ ਗਹੈ।
ਸ਼ੁਭ ਗੁਨ ਗਨ ਕੋ ਮੰਦਰ ਅਹੈ।
ਨਹਿਨ ਪ੍ਰਬਿਰਤੀ ਮਹਿਂ ਚਿਤ ਜਾਂਹੀ।
ਸਦਾ ਸ਼ਾਂਤਿ ਰਸ ਸ੍ਵਾਦ ਸੁ ਗ੍ਰਾਹੀ ॥੪॥
ਦੁਤਿਯ ਮੋਹਰੀ ਮਹਾਂ ਸੁਜਾਨ।
ਜਗ ਬਿਵਹਾਰ ਬਿਖੈ ਬੁਧਿਵਾਨ।
ਇਸ ਕੇ ਪੁੱਤ੍ਰ ਪ੍ਰਥਮ ਨਿਪਜਯੋ।
ਨਾਮ ਅਰਥ ਮਲ ਤਿਹ ਧਰਿ ਦਯੋ ॥੫॥
ਪਰਮ ਭਗਤਿ ਗੁਨਿ ਗਨ ਅਨੁਰਾਗੀ।
ਗੁਰ ਕੁਲ ਮਹਿਂ ਉਪਜਯੋ ਬਡਭਾਗੀ।
ਤਿਸ ਪੀਛੇ ਸੋ ਜੋਗੀ ਆਇ।
ਜਨਮਜੋ ਮਹਿਦ ਮੋਦ ਉਪਜਾਇ ॥੬॥
ਜਿਨ ਤਪ ਜੋਗ ਕਰਜੋ ਬਹੁ ਕਾਲਾ।
ਜਨਮਜੋ ਸ਼ਰਧਾ ਧਰੇ ਬਿਸਾਲਾ।
ਪਾਇ ਗਜਾਨ ਕੋ ਲਹਜੋ ਅਨੰਦ।

---

[1]ਅਪਣੀ ਇੱਛਾ ਲੈਕੇ ਪ੍ਰਗਟਿਆ।
[+]ਪਾ:-ਦ੍ਵੈਤ ਸੁਤ।
[2]ਮਾਨੋ।
[3]ਗਿਆਨ ਦੇ ਅਨੰਦ।
[4]ਤਿਸ (ਬਾਬੇ ਮੋਹਨ ਜੀ ਨੂੰ)।
[5]ਇਕਾਂਤ।

ਇਹੀ ਬਾਸ਼ਨਾ ਭਲੀ ਮੁਕੰਦ[1] ॥੭॥
ਗੁਰ ਅੰਤਰਜਾਮੀ ਸਭਿ ਜਾਨਾ।
ਪੌਤ੍ਰ ਜਨਮ ਕੋ ਸੁਨਿ ਕਰਿ ਕਾਨਾ।
ਬੱਲੂ ਸੋਂ ਫੁਰਮਾਵਨ ਕਿਯੋ।
'ਪੁੱਤ੍ਰ ਮੋਹਰੀ ਕੇ ਜੋ ਭਯੋ ॥੮॥
ਤਿਸ ਕੋ ਆਨਹੁਂ ਨਿਕਟ ਹਮਾਰੇ।
ਜਨਮਯੋ ਜੋ ਅਨੰਦ ਇਛ[2] ਧਾਰੇ।
ਸੁਨਤਿ ਦਾਸ ਗਮਨਯੋ ਤਿਸ ਥਾਨਾ।
ਗੁਰ ਫੁਰਮਾਵਨਿ ਤਿਨਹੁਂ ਬਖਾਨਾ ॥੯॥
ਆਇਸੁ ਮੇਟ ਸਕਹਿ ਨਹਿਂ ਕੋਈ।
ਤੁਰਤ ਪ੍ਰਸੂਤ[3] ਮ੍ਰਿਦੁਲ ਸਿਸ ਹੋਈ।
ਤੂਲ ਸੁ ਵਸਤ੍ਰ[4] ਅਛਾਦਨ ਕਰਯੋ।
ਲੇ ਬੱਲੂ ਨਿਜ ਹਾਥਨਿ ਧਰਯੋ ॥੧੦॥
ਸਨੈ ਸਨੈ ਸਤਿਗੁਰ ਢਿਗ ਆਨਯੋ।
-ਇਹ ਬਡਭਾਗ- ਸਭਿਨਿ ਮਨ ਜਾਨਯੋ।
ਪ੍ਰਭੁ ਨੇ ਪੌਤ੍ਰ ਲਿਯੋ ਨਿਜ ਗੋਦ।
ਸਭਿ ਪ੍ਰਵਾਰ ਮੈਂ ਭਯੋ ਪ੍ਰਮੋਦ ॥੧੧॥
ਬੱਲੂ ਸੋਂ ਬੋਲੇ ਭਗਵੰਤ।
'ਇਹ ਅਵਤਰਯੋ ਬਡੋ ਸ਼ੁਭ ਸੰਤ।
ਰਿਦ ਅਨੰਦ ਕੀ ਇਛਾ ਜਾਂਹੂ।
ਲੀਨ ਜਨਮ ਹਮਰੇ ਕੁਲ ਮਾਂਹੂ ॥੧੨॥
ਇਸਕੋ ਨਾਮ 'ਅਨੰਦ' ਧਰੀਜੈ।
ਮਹਾਂਪੁਰਖ ਹੁਇ ਗੁਨਿ ਸਭਿ ਲੀਜੈ।
ਹਮ ਭੀ ਇਸ ਕੋ ਦੇਹਿਂ ਉਪਾਇਨ।
ਬਾਨੀ ਸੁੰਦਰ ਕਰਹਿਂ ਗੁਨਾਇਨ[5*] ॥੧੩॥
ਨਾਮ ਅਨੰਦ ਤਾਂਹਿ ਕੋ[6] ਰਾਖਹਿਂ।

---

[1]ਭਾਵ, (ਗਜਾਨਾਨੰਦ ਦੀ ਪ੍ਰਾਪਤ ਲਈ ਜੋ) ਵਾਸ਼ਨਾ ਹੈ ਉਹ ਭਲੀ ਤੇ ਮੁਕਤੀ ਦਾਤਾ ਹੈ।
[2]ਅਨੰਦ ਦੀ ਇੱਛਾ।
[3]ਹੁਣੇ ਜੀ ਜੰਮਿਆਂ ਬਾਲਕ ਹੈਸੀ।
[4]ਰੂਈ ਸਹਿਤ ਵਸਤ੍ਰ ਨਾਲ।
[5]ਗੁਣਾਂ ਦਾ ਘਰ।
[*]ਪਾ:-ਸੁਹਾਇਨ।
[6]ਤਿਸ ਬਾਣੀ ਦਾ।

ਮਨੁਕਾਮਨ ਦਾਨੀ ਜੋ ਭਾਖਹਿਂ[1]।
ਇਮਿ ਸਤਿਗੁਰ ਕਹਿ ਬੱਲੂ ਸੰਗ।
ਲਗੇ ਬਨਾਵਨ ਗਿਰਾ ਉਮੰਗ ॥੧੪॥
ਪੌਤ੍ਰ ਗੋਦ ਚਿਤ ਮੋਦ ਧਰੰਤੇ।
ਬਾਨੀ ਕੋ ਰਸਨਾ ਉਚਰੰਤੇ।
ਪੌੜੀ ਕਰੀ ਦੋਇ ਕਮ ਚਾਲੀ।
ਨਿਜ ਪੌਤ੍ਰੇ ਪਰਿਥਾਇ ਬਿਸਾਲੀ ॥੧੫॥
ਪੌਤ੍ਰ ਸੁ ਬਾਨੀ ਕੋ ਆਨੰਦ[2]।
ਨਾਮ ਧਰਜੋ ਗੁਰ ਭਯੋ ਅਨੰਦ।
ਪੁਨ ਬੱਲੂ ਕੋ ਦੀਨਸਿ ਬਾਲਕ।
ਲੇ ਘਰ ਕੋ ਗਮਨਜੋ ਤਤਕਾਲਕ ॥੧੬॥
ਤਿਸ ਮਾਤਾ ਕੀ ਦਿਯੋ ਸੁ ਗੋਦ।
ਦੇਖਿ ਪੁੱਤ੍ਰ ਕੋ ਮਹਾਂ ਪ੍ਰਮੋਦ।
ਜਬਿ ਬੱਲੂ ਗੁਰ ਕੇ ਢਿਗ ਆਯੋ।
ਮੰਗਲ ਮੂਲ ਸੁ ਬਾਕ ਸੁਨਾਯੋ ॥੧੭॥
'ਲਿਹੁ ਢੋਲਕ ਅਬਿ ਅਪਨੇ ਹਾਥ।
ਚਢਿ ਕੋਠੇ ਪਰ ਬਡ ਸੁਰ ਸਾਥ।
ਗਾਵਹੁ ਅਨੰਦ ਬਜਾਵਹੁ ਜਾਵਹੁ।
ਹਰਖਾਵਹੁ ਬਹੁ ਨਰਨਿ ਸੁਨਾਵਹੁ ॥੧੮॥
ਇਹੁ ਬਾਨੀ ਸੁੰਦਰ ਗੁਨ ਭਰੀ।
ਸੁਨਹਿਂ ਜੁ ਪਾਇ ਕਾਮਨਾ ਧਰੀ[3]।
ਨਿਤਿ ਇਸ ਪਠਨ ਨੇਮ ਨਿਰਬਾਹੇ।
ਅਲਭ ਨ ਵਸਤੁ ਹੋਤਿ ਜਿਹ ਚਾਹੇ[4] ॥੧੯॥
ਭੁਕਤਿ ਮੁਕਤਿ ਕੀ ਇਹ ਫਲ ਦਾਇਕ।
ਪਾਯ ਪਦਾਰਥ ਸਹਿਜ ਸੁਭਾਇਕ।
ਰਚੀ ਹੇਤੁ ਸਿੱਖਜਨ ਕੱਲਜਾਨ।
ਪਠਹਿਂ ਸੁਨਹਿਂ ਸੁਖ ਲਹਹਿਂ ਮਹਾਂਨ ॥੨੦॥
ਸਭਿ ਕਾਰਜ ਕੀ ਸਿੱਧੀ ਦੇਤਿ।

---

[1]ਮਨੋਕਾਮਨਾ ਦੇਣ ਵਾਲੀ ਜੋ ਬਾਣੀ ਕਹਾਂਗੇ।
[2]ਪੋਤ੍ਰੇ (ਦਾ ਨਾਮ ਵੀ ਅਨੰਦ ਤੇ) ਬਾਣੀ ਦਾ (ਨਾਮ ਵੀ) ਅਨੰਦ
[3]ਜੋ ਸੁਣੇਂਗਾ ਸੋ (ਜੋ) ਕਾਮਨਾ ਧਾਰੇਗਾ ਸੋ ਪਾਏਗਾ।
[4]ਭਾਵ, ਜੋ ਚਾਹੇਗਾ ਸੋ ਪਾਏਗਾ।

ਜੋ ਇਸਿ ਧਾਰਹਿ ਪ੍ਰੇਮ ਸਮੇਤ।
ਸਭਿ ਮੰਗਲ ਕੇ ਆਦਿ ਪਢੀਜੈ।
ਪੂਰਨ ਹ੍ਵੈ ਨਿਰਬਿਘਨ ਲਹੀਜੈ' ॥੨੧॥
ਗੁਰ ਆਇਸੁ ਤੇ ਬੱਲੂ ਦਾਸ।
ਲੇ ਕਰਿ ਢੋਲਕ ਅਪਨੇ ਪਾਸ।
ਕੋਠੇ ਪਰ ਚਢਿਕੈ ਤਤਕਾਲਾ।
ਕੀਨਿ ਬਜਾਵਨਿ ਧੁਨੀ ਬਿਸਾਲਾ ॥੨੨॥
ਆਠ ਤੀਸ ਪੌੜੀ ਸਭਿ ਗਾਈ।
ਧੁਨਿ ਊਚੀ ਸੋਂ ਨਰਨ ਸੁਨਾਈ।
ਜਿਨ ਜਿਨ ਸੁਨਯੋ ਕਾਨ ਮਹਿਂ ਤਬੈ।
ਭਾਉ ਭਗਤਿ ਪ੍ਰਗਟੀ ਉਰ ਸਬੈ ॥੨੩॥
ਅਨੰਦਮੂਲ ਬਾਣੀ ਸ਼ੁਭ ਕਰੀ।
ਭਗਤਿ ਵਿਰਾਗ ਗਯਾਨ ਸੋਂ ਭਰੀ।
ਚਤੁਰਥ ਪਾਤਸਾਹ ਜਬਿ ਭਏ।
ਇਕ ਪੌੜੀ ਤਿਨਹੂਂ ਰਚਿ ਕਏ ॥੨੪॥
ਇਕ ਸ਼੍ਰੀ ਅਰਜਨ ਤਿਹ ਸੰਗ ਜੋੜੀ।
ਅਨੰਦ ਮਹਾਤਮ ਚਾਲਿਸ ਪੌੜੀ।
ਅੰਮ੍ਰਿਤ ਸਮੈਂ ਜੁ ਪਠਹਿ ਅਨੰਦ।
ਮਿਲਹਿ ਗੁਬਿੰਦ ਮੁਕੰਦ ਅਨੰਦ ॥੨੫॥
ਕੇਤਿਕ ਚਿਰ ਪੁਨ ਬੀਤਤਿ ਭਯੋ।
ਪੌਤ੍ਰਾ ਤ੍ਰਿਤਿਯ ਬਹੁਰ ਨਿਪਜਯੋ।
'ਅਰਜਾਨੀ' ਤਿਹ ਨਾਮ ਬਖਾਨਾ।
ਪੂਰਬ ਸਤਿਗੁਰ ਭਗਤ ਮਹਾਨਾ ॥੨੬॥
ਹੁਤੋ ਬਿਰਕਤ ਜਨਮਤਿ ਮ੍ਰਿਤੁ ਭਯੋ।
ਸ਼ੋਕ ਅਧਿਕ ਜਨਨੀ ਨੇ ਕਯੋ।
ਤਿਨ ਲੇ ਕਰਿ ਗੁਰ ਢਿਗ ਪਹੁੰਚਾਯੋ।
ਰੁਦਤਿ ਦੇਖਿ ਕਰਿ ਚਰਨ ਛੁਹਾਯੋ* ॥੨੭॥
ਜੀਵਤਿ ਭਯੋ ਦੇਖਿ ਸੁਖ ਪਾਇ।
ਨਿਜ ਘਰ ਲੇ ਗਮਨੀ ਹਰਖਾਇ।
ਕਿਤਿਕ ਕਾਲ ਗ੍ਰਿਹ ਬਿਖੈ ਬਿਤਯੋ ਜਬਿ।
ਬਾਲਕ ਮ੍ਰਿਤਕ ਭਯੋ ਦੇਖਤਿ ਤਬਿ ॥੨੮॥

---

*ਪਾ:-ਸੁ ਛ੍ਹਾਯੋ।

ਸ਼ੋਕਾਰਤਿ ਜਨਨੀ ਗੁਰ ਪਾਸ।
ਰੁਦਤਿ ਦੀਨ[1] ਕੀਨਸਿ ਅਰਦਾਸ।
'ਲੋਕ ਹਜ਼ਾਰਨ ਕੇਰਿ ਸਹਾਇਕ।
ਜਗ ਗੁਰ ਹੋ ਤੁਮ ਸਹਿਜ ਸੁਭਾਇਕ ॥੨੯॥
ਮੋ ਪਰ ਕ੍ਰਿਪਾ ਆਪਨੀ ਧਰੀਏ।
ਪੁੱਤ੍ਰ ਮਰਜੋ ਜੀਵਾਵਨ ਕਰੀਏ।'
ਦੀਨ ਸਨੂਖਾ ਕੇ[2] ਸੁਨਿ ਬੈਨ।
ਭਰੇ ਕ੍ਰਿਪਾ ਸੋਂ ਸੁੰਦਰ ਨੈਨ ॥੩੦॥
ਬਾਲਿਕ ਪੁਨ ਤਤਕਾਲ ਜਿਵਾਇਵ।
ਅਰਜਾਨੀ ਤਿਨ ਨਾਮ ਧਰਾਇਵ।
ਪੌਤ੍ਰੇ ਤੀਨ ਮੋਹਰੀ ਨੰਦ[3]।
ਪ੍ਰਗਟ ਭਏ ਜਗ ਬਿਖੈ ਬਿਲੰਦ ॥੩੧॥
'ਦਿਨ ਦਿਨ ਪ੍ਰਤਿ ਹਮ[+] ਕੁਲ ਬਿਰਧੈ ਹੈ।'
ਇਹ ਬਰ ਦਿਯੋ ਸੁਨਤਿ ਹਰਖੈ ਹੈ।
ਭਈ ਮੋਹਰੀ ਸੰਤਤਿ ਐਸੇ।
ਮੋਹਨ ਕਥਾ ਸੁਨਹੁਂ ਭੀ ਜੈਸੇ ॥੩੨॥
ਦੇਹਿ ਬੁੱਧਿ ਨਹਿੰ[4], ਬਡ ਅਵਿਧੂਤ।
ਪੂਰਨ ਪੁਰਖ ਸਤਿਗੁਰੂ ਸਪੂਤ।
ਬਿਧਿ ਨਿਖੇਪ[5] ਨਹਿਂ ਸ਼ੋਕ ਨ ਹਰਖਾ।
ਅੰਤਰ ਕੇ ਰਸ ਨੇ ਮਨ ਕਰਖਾ[6] ॥੩੩॥
ਇਕ ਦਿਨ ਸ਼੍ਰੀ ਗੁਰ ਸਹਿਜ ਸੁਭਾਇ।
ਪਿਖਿ ਮੋਹਨ ਸਿਸ ਬਾਕ ਅਲਾਇ।
'ਆਉ ਪੁੱਤ੍ਰ ਮੋਹਨ ਮਸਤਾਨੇ।
ਸਹਿਜ ਸਰੂਪ ਬਿਖ਼ੈ ਗ਼ਲਤਾਨੇ' ॥੩੪॥
ਤਿਸ ਦਿਨ ਤੇ ਮੋਹਨ ਲਹਿ ਗਜਾਨ।

---

[1]ਨਿਮਾਣੀ ਹੋਕੇ ਰੋਂਦੀ।
[2]ਨਿਮਾਣੀ ਨੂੰਹ ਦੇ।
[3]ਬਾਬੇ ਮੋਹਰੀ ਜੀ ਦੇ ਸਪੁੱਤ੍ਰ।
[+]ਪਾ:-ਗੁਰ।
[4]ਦੇਹ ਦੀ ਸੋਝੀ ਨਹੀਂ।
[5]ਵਾਧਾ ਘਾਟਾ।
(ਅ) ਕਰਣ ਤੇ ਨਾ ਕਰਣ ਜੋਗ।
[6]ਖਿੱਚਿਆ।

ਦੇਹਿ ਬੁੱਧਿ[1] ਅਰ ਦ੍ਵੈਤੀ ਹਾਨਿ।
ਅੱਛਤ[2] ਦੇਹਿ, ਦੇਹਿ ਨਹਿਂ ਜਾਨੇ।
ਪਰਮ ਆਤਮਾ ਅਨੰਦ ਸਮਾਨੇ ॥੩੫॥
ਰਹੈ ਇਕੰਤ ਕੋਠਰੀ ਬੈਠਜੋ।
ਮਨ ਇੰਦ੍ਰੀ ਕੇ ਸਹਤ ਇਕੈਠਜੋ।
ਕਰਹਿ ਕਪਾਟ ਅਸੰਜਤਿ ਦਰ ਕੇ[3]।
ਕਿਹ ਸੋ ਕਹੈ ਨ ਸੁਨਹਿ ਨਿਕਰਿ ਕੇ[4] ॥੩੬॥
ਇਕ ਦਿਨ ਰਹੇ ਕਪਾਟ ਅਸੰਜਤਿ।
ਵਹਿਰ ਨਿਕਸਿ ਗਮਨਜੋ ਮਨਰੰਜਤਿ[5]।
ਆਇਸੁ ਦੇ ਗੁਰ ਸਿੱਖ ਪਠਾਏ।
'ਅੰਤਰ ਮੋਹਨ ਦੇਹੁ ਬਿਠਾਏ' ॥੩੭॥
ਗਮਨੇ ਦੇਖਤਿ ਜਹਿਂ ਕਹਿਂ ਥਾਇਂ।
ਭਯੋ ਅਲੋਪ ਨ ਦੇਖਜੋ ਜਾਇ।
ਕਿਤਿਕ ਸਮੇਂ ਮਹਿਂ ਕੋਠੇ ਮਾਂਹਿ।
ਪ੍ਰਗਟ ਭਏ ਦੇਖਹਿਂ ਸਭਿ ਤਾਂਹਿ ॥੩੮॥
ਅੰਤਰ ਧਜਾਨ[6] ਹੋਤਿ ਕਿਹ ਕਾਲ।
ਕਬਹੂੰ ਪ੍ਰਗਟ ਪਿਖਹਿਂ ਨਰ ਜਾਲ।
ਸਿਰ ਤੇ ਨਗਨ ਰਹੈਂ ਕਬਿ ਬੈਸੇ।
ਕਰਤਿ ਚੇਸ਼ਟਾ ਉਨਮਤਿ ਜੈਸੇ[7] ॥੩੯॥
ਜੁਗ ਹਾਥਨ ਸੋਂ ਭੋਜਨ ਖਾਵੈਂ।
ਕਬਹੁੰ ਮੌਨ ਕਬਿ ਊਚ ਅਲਾਵੈਂ।
ਐਸੀ ਦਸ਼ਾ ਦੇਖਿ ਤਿਸ ਮਾਤਾ।
ਢਿਗ ਆਈ ਗੁਰ ਆਨੰਦ ਦਾਤਾ ॥੪੦॥
ਬਿਨੈ ਸਹਿਤ ਮਨ ਦੀਨ ਬਖਾਨੇ।
'ਤੁਮ ਸੁ ਦ੍ਰਿਸ਼ਟਿ ਤੇ ਬਾਵਰ ਸਜਾਨੇ[8]।

---

[1]ਸਰੀਰ ਦੀ ਸੋਝੀ।
[2]ਦੇਹ ਦੇ ਹੁੰਦਿਆਂ।
[3]ਦਰਵਾਜ਼ੇ ਦੇ ਤਖਤੇ ਬੰਦ ਕਰਕੇ।
[4]ਨਿੱਕਲਕੇ।
[5]ਮੰਨ ਪ੍ਰਸੰਨ।
[6]ਭਾਵ, ਦੂਜਿਆਂ ਨੂੰ ਦਿਸਣੋਂ ਗੁੰਮ ਹੋ ਜਾਣਾ।
[7]ਮਸਤਾਂ ਵਰਗੀ ਕਾਰ।
[8]ਆਪਦੀ ਸ੍ਰੇਸ਼ਟ ਨਿਗਾਹ ਨਾਲ ਕਮਲੇ ਭੀ ਸਿਆਣੇ ਹੋ ਜਾਂਦੇ ਹਨ।

ਮ੍ਰਿਤਕ ਭਏ ਜੀਵਹਿਂ ਤਤਕਾਲ।
ਕਾਰਜ ਸਿੱਧ ਕਰਹੁ ਸਿਖ ਜਾਲ ॥੪੧॥
ਜੇਠੋ ਪੁੱਤ੍ਰ ਸੁਮਤਿ ਜੁਤਿ ਰਾਵਰਿ।
ਕਿਮਿ ਹੋਯਹੁ ਮੋਹਨ ਇਹ ਬਾਵਰ।
ਜਾਨਤਿ ਹੁਤੇ ਜਿ ਇਮਿ ਮਨ ਮਾਂਹੂ।
ਤੌ ਕਾਹੇ ਕੀਨਸਿ ਇਸ ਬਜਾਹੂ ॥੪੨॥
ਬਡੀ ਸਨੂਖਾ ਪਤੀ ਬਿਹੀਨੀ।
ਰਹਤਿ ਬਿਸੂਰਤਿ ਦੁਖ ਤੇ ਦੀਨੀ।
ਮੈਂ ਢਿਗ ਦੇਖੋਂ ਤਿਸ ਪਛੁਤਾਊਂ।
ਪਰੀ ਲਾਜ ਬਸਿ ਕਹੈ ਨ ਕਾਊ ॥੪੩॥
ਹਰਖ ਸਮੇਤ ਹੋਤਿ ਕਬਿ ਨਾਂਹੀ।
ਅਪਰ ਤ੍ਰਿਯਨ ਕੋ ਪਿਖਿ ਸੁਖ ਮਾਂਹੀ।
ਸੰਤਤਿ ਹੀਨੀ ਪਰਮ ਬਿਯੋਗਨ।
ਚਹਤਿ ਨ ਬਸਨ ਬਿਭੂਖਨ ਸੋਗਨ[1] ॥੪੪॥
ਤਿਮ ਦੁਖ ਤੇ ਦੁਖੀਆ ਮਨ ਮੇਰੋ।
ਪਰਮ ਅਨਾਥ ਸਮਾਨ ਜਿ ਹੇਰੋਂ[2]'।
ਸੁਨਿ ਸ੍ਰੀ ਅਮਰ ਪ੍ਰਸੰਨ ਭਏ ਹੈਂ।
'ਮੋਹਨ ਮਹਾਂ ਅਨੰਦ ਰਏ ਹੈਂ[3] ॥੪੫॥
ਮੋਹਨ ਮੋਹ ਨ ਭੇਦ, ਸੁ ਏਕ[4]।
ਲੀਨ ਸਮੁੰਦ੍ਰ ਅਨੰਦ ਬਿਬੇਕ।
ਗੁਹਜ ਕਥਾ ਇਹ ਕਿਮਿ ਨਹਿਂ ਕਹੈ।
ਮੋਹਨ ਸਭਿ ਬਿਧਿ ਪੂਰਨ ਅਹੈਂ ॥੪੬॥
ਕਹਤਿ ਸਨੂਖਾ ਮੋਰ ਅਨਾਥ[5]।
ਯਾਂ ਤੇ ਇਮਿ ਕਹੀਐ ਤਿਹ ਸਾਥ।
ਬਸਤ੍ਰ ਨਵੀਨ ਦੇਹਿ ਪਹਿਰਾਇ[6]।
ਅਪਨੇ ਸੰਗ ਲੇਹੁ ਤਿਹਂ ਜਾਇ[7] ॥੪੭॥

---

[1]ਸ਼ੋਕਵਾਨ।
[2]ਡਾਢੀ ਅਨਾਥ ਜੇਹੀ ਮੈਂ ਉਸਨੂੰ ਦੇਖਦੀ ਹਾਂ।
[3]ਮਿਲੇ ਹੋਏ ਡਸੰਸਕ੍ਰਿਤ, ਰੰਜਨ ਤੋਂ ਹਿੰਦੀ ਰਯਨ੍ਹਾ।
[4]ਮੋਹਨ ਤੇ ਮੇਰੇ ਵਿਚ ਭੇਦ ਨਹੀਂ ਇਕ ਰੂਪ ਹੈ।
[5]ਜੇ ਤੁਸੀਂ ਕਹਿੰਦੇ ਹੋ ਕਿ ਮੇਰੀ ਨੂੰਹ ਅਨਾਥ ਹੈ।
[6]ਪਹਿਰਾ ਦੇਹੁ (ਨੂੰਹ ਨੂੰ)।
[7]ਭਾਵ ਮੋਹਨ ਜੀ ਪਾਸ।

ਮੋਹਣ ਕੇ ਚਰਨਨ ਪਰ ਪਾਵਹੁ।
ਬਨਿ ਕੈ ਦੀਨ ਸੁ ਬਿਨਤੀ ਗਾਵਹੁ।
ਪਰਹਿ ਦ੍ਰਿਸ਼ਟਿ ਮੋਹਨਿ ਕੀ ਤਿਸ ਪਰ।
ਪ੍ਰਾਪਤਿ ਹੋਇ ਪੁੱਤ੍ਰ ਕੋ ਤਬਿ ਬਰ' ॥੪੮॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਆਇ ਸਨੂਖਾ ਕੋ ਸਮੁਝਾਏ।
ਗਮਨੀ ਆਪ ਸੰਗ ਸੋ ਲੀਨਾ।
ਮੋਹਨ ਦਯਾ ਦ੍ਰਿਸ਼ਟਿ ਤਬਿ ਕੀਨ ॥੪੯॥
ਕਰਿ ਬੰਦਨ ਨਿਜ ਪਤਿ ਕੋ ਆਈ।
ਗਰਭ ਧਰਜੋ ਤਿਸ ਤੇ ਪਿਛਵਾਈ।
ਕੇਤਿਕ ਦਿਨ ਮਹਿਂ ਸੁਤ ਅਭਿਰਾਮ।
ਜਨਮਜੋ ਤਬਿ ਮੋਹਨ ਕੇ ਧਾਮ ॥੫੦॥
ਸ਼੍ਰੀ ਗੁਰ ਕੋ ਸੁਧ ਆਨਿ ਸੁਨਾਈ।
ਕੀਨੋ ਮੰਗਲ ਬਜੀ ਬਧਾਈ।
ਭਯੋ ਅਨੰਦ ਸਰਬ ਹੀ ਧਾਮ।
'ਸੰਸਰਾਮ' ਰਾਖਜੋ ਤਿਸ ਨਾਮ ॥੫੧॥
ਪ੍ਰਿਥਮ ਜਨਮ ਮਹਿਂ ਘਾਲ ਬਿਸਾਲ।
ਤਪ ਆਦਿਕ ਕੀਨੇ ਜਿਨ ਜਾਲ।
ਬਾਲਕ ਕਿਤਿਕ ਦਿਨਨ ਜਬਿ ਭਯੋ।
ਜਨਨੀ ਕੋ ਸਰੀਰ ਛੁਟਿ ਗਯੋ ॥੫੨॥
ਤਿਸ ਪਰ ਕੀਨਸਿ ਕ੍ਰਿਪਾ ਕ੍ਰਿਪਾਲ।
ਪ੍ਰਤਿਪਾਰਜੋ ਕਰਿ ਜਤਨ ਸੁ ਬਾਲ।
ਭੋਜਨ ਗੁਰ ਕੋ ਸੀਤ ਪ੍ਰਸਾਦਿ।
ਖਾਵਤਿ ਰਹਜੋ ਲਹੇ ਅਹਿਲਾਦਿ ॥੫੩॥
ਜਬਿ ਹੀ ਬਯ ਕਰਿ ਭਯੋ ਬਡੇਰਾ।
ਸਤਿਗੁਰ ਬਾਨੀ ਲਿਖਹਿ ਘਨੇਰਾ।
ਪ੍ਰਿਥਮ ਗੁਰੂ ਕੀ ਜੇਤਿਕ ਅਹੈ।
ਸ਼੍ਰੀ ਅੰਗਦ ਗੁਰ ਅਮਰ ਜੁ ਕਹੈਂ ॥੫੪॥
ਸਭਿ ਬਾਨੀ ਕੋ ਲਿਖਹਿ ਬਨਾਇ।
ਸਮਝਹਿ ਅਰਥ ਮਹਾਂ ਸੁਖ ਪਾਇ।
ਸੀਤ ਪ੍ਰਸਾਦਿ ਪਿਤਾਮੇ ਕੇਰਾ।
ਅਚਿਤਿ ਰਹਜੋ ਸਿਧ ਭਯੋ ਬਡੇਰਾ ॥੫੫॥

ਇਮਿ ਸ੍ਰੀ ਅਮਰਦਾਸ ਕੇ ਪੋਤੇ।
ਜਨਮ ਲੀਨਿ ਗੁਨ ਗਨ ਕੇ ਪੋਤੇ।
ਸੁਨਹਿ ਪਠਹਿ ਚਿਤ ਦੇ ਨਿਤਿ ਏਹ[1]।
ਬਿਨ ਸੰਤਤਿ ਕੇ ਸੰਤਤਿ ਦੇਹਿ[2] ॥੫੬॥
ਅਪਰ ਕਾਮਨਾ ਪੂਰੀ ਕਰੈ।
ਸ੍ਰੀ ਗੁਰੁ ਅਮਰ ਕਥਾ ਜੋ ਰਰੈ।
ਭੁਕਤਿ ਮੁਕਤਿ ਕੀਏ ਬਡ ਦਾਤਾ।
ਫਲ ਲਹਿ ਜਿਨਹੁਂ ਮਹਾਤਮ ਜਾਤਾ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰਦਾਸ ਪੌਤ੍ਰਨ ਜਨਮ' ਪ੍ਰਸੰਗ ਬਰਨੰਨ ਨਾਮ ਏਕ ਊਨ ਸ਼ਸ਼ਟੀ* ਅੰਸੂ ॥੫੯॥

---

[1]ਇਹ (ਕਥਾ)।
[2]ਬਿਨਾਂ ਸੰਤਾਨ ਵਾਲਿਆਂ ਨੂੰ ਸੰਤਾਨ ਦੇਂਦੀ ਹੈ।
*ਪਾ:-ਨੌ ਪੰਚਾਸਮੋ। ਉਨਸਾਠਮੋ। ਏਕੌਨ ਸਸ਼ਟੀ।

੬੦. [ਦੋਖੀ ਤਪਾ। ਮਥੋ ਮੁਰਾਰੀ]

੫੯<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੧

ਦੋਹਰਾ: ਸ਼੍ਰੀ ਗੁਰ ਕ੍ਰਿਪਾ ਨਿਧਾਨ ਬਰ,
ਸਕਲ ਲੋਕ ਸੁਖਦਾਨ।
ਭਾਗ ਹੀਨ ਨਿੰਦਕ ਲਹਤਿ,
ਨਿਜ ਕਰਮਨ ਫਲ ਜਾਨਿ[1] ॥੧॥
ਜੈਸੇ ਭਾਨੁ ਉਦੇ ਭਏ,
ਸਭਿ ਜਗ ਤਿਮਰ ਨਸਾਇ।
ਦੁਰਭਾਗੀ ਪੇਚਕ[2] ਤਊ,
ਅੰਧ ਭਏ ਦੁਖ ਪਾਇਂ ॥੨॥

ਚੌਪਈ: ਸਭਿ ਜਗ ਸਤਿਗੁਰ ਕੇ ਗੁਨ ਗਾਵੈ।
ਦਰਸ ਪਰਸ ਮਨ ਬਾਂਛਤ ਪਾਵੈ।
ਤਪਾ ਹੁਤੋ ਇਕ ਗੋਇੰਦਵਾਲ।
ਸੁਨਿ ਜਸ[+] ਜਰੈ ਹੋਤਿ ਬੇਹਾਲ ॥੩॥
ਮਰਵਾਹਨ ਕੋ ਪ੍ਰੋਧਾ[3] ਜਾਨੋ।
ਉਸ ਜੋਗੀ ਕੋ ਮਿੱਤ੍ਰ ਸਮਾਨੋ।
ਜਾਂ ਕਉ ਸ਼੍ਰੀ ਗੁਰ ਅਮਰ ਪ੍ਰਕਾਸ਼।
ਮੱਧ ਖਡੂਰ ਦੰਡ ਦਜੋ ਰਾਸ[4] ॥੪॥
ਤਾਂ ਕੀ ਕਥਾ ਪ੍ਰਸਿੱਧ ਸੁ ਪਾਛੈ।
ਬਰਨਨ ਭਈ ਪ੍ਰਕਾਸ਼ ਸੁ ਆਛੈ।
ਦੀਨ ਦਜਾਲ ਗੁਰ ਅੰਗਦ ਕੇਰੀ।
ਕਰੀ ਅਵੱਗਜਾ[5] ਦੁਸ਼ਟ ਘਨੇਰੀ ॥੫॥
ਸੋ ਗੁਰ ਅਮਰ ਸਹਾਰ ਨ ਸਕੇ।
ਪੁਨ ਇਹ ਤਪਾ ਨਿੰਦ ਗੁਰ ਬਕੇ।
ਸ਼੍ਰੀ ਸਤਿਗੁਰੂ ਨਾਮ ਰਸੁ ਮਾਤੇ।
ਅੱਜਰ ਜਰੈ[6] ਰਹੈਂ ਸੁਖ ਦਾਤੇ ॥੬॥

---

[1]ਭਾਗਹੀਨ ਨਿੰਦਕ ਜਾਨੋਂ ਅਪਨੇ ਕਰਮਾਂ ਦਾ ਫਲ (ਦੁਖ) ਲੈਂਦੇ ਹਨ।
[2]ਉੱਲੂ।
[+]ਪਾ:-ਸੁਨਿ ਸੁਨਿ।
[3]ਗੋਇੰਦੇ ਦੀ ਜਾਤ ਮਰਵਾਹਾ ਸੀ, ਉਨ੍ਹਾਂ ਦਾ ਪ੍ਰੋਹਤ।
[4]ਬਹੁਤਾ।
[5]ਬੇਅਦਬੀ, ਨਿਰਾਦਰ।
[6]ਅਜਰ (ਕਰਾਮਾਤ) ਜਰ ਰਹੇ।

ਕਛੁਕ ਕਾਲ ਇਮਿ ਭਯੋ ਬਿਤੀਤ।
ਖੇਲ ਰਚਯੋ ਸਤਿਗੁਰ ਇਸ ਰੀਤਿ।
ਸ੍ਰੀ ਬਾਵਲੀ ਭਈ ਤਈਆਰ*।
ਜੱਠ[1] ਅਰੰਭੀ ਗੁਰ ਕਰਤਾਰ ॥੭॥
ਬਿੱਪ੍ਰ ਆਦਿ ਜੋ ਥੇ ਅਧਿਕਾਰੀ।
ਸੰਤ ਮਹੰਤ ਜਤੀ ਘਰਬਾਰੀ[2]।
ਤਿਨਹਿ ਨਿਮੰਤਯੋ[3] ਭੋਜਨ ਹੇਤੁ।
ਸਭਿ ਨੈ ਮਾਨਯੋ+ ਸਹਤ ਸੁਹੇਤ ॥੮॥
ਤਪੇ ਨਿਮੰਤਨ ਮਾਨਯੋ ਨਾਂਹੀ।
ਤਪਤ ਰਹਯੋ ਮਤਸਰ ਕੇ ਮਾਂਹੀ।
ਦੁਇ ਤ੍ਰੈ ਬਾਰ ਸੁ ਮਾਨੁਖ ਫਿਰੇ।
ਦੁਸ਼ਟ ਨ ਮਾਂਨੀ ਮਾਯਾ ਘਿਰੇ[4] ॥੯॥
ਸ੍ਰੀ ਸਤਿਗੁਰੂ ਧਰਮ ਕੇ ਪਾਲਿਕ।
ਦੰਭ ਮੋਹ ਮਦ ਮਤਸਰ ਘਾਲਿਕ[5]।
ਤਾਂ ਕੇ ਦੰਭ ਖੰਡਨੇ ਕਾਰਨ।
ਸ੍ਰੀ ਮੁਖ ਤੇ ਇਮਿ ਕਿਯੋ ਉਚਾਰਨ ॥੧੦॥
'ਜੇ ਕੋ ਗੁਰੁ ਘਰ ਭੋਜਨ ਖੈ ਹੈ।
ਏਕ ਰੁਪੱਯਾ ਦੱਛਨ ਪੈ ਹੈ।'
ਤਉ ਭੀ ਤਪਾ ਸੁ ਆਯੋ ਨਾਂਹੀ।
ਪੁਨ ਗੁਰ ਬਚਨ ਕਿਯੋ ਸਭਿ ਮਾਂਹੀ ॥੧੧॥
'ਭੋਜਨ ਜੇਵਨ ਕੋ ਜੋ ਆਵਹਿ।
ਦੋਇ ਰੁਪੱਯੇ++ ਦਛਨਾ ਪਾਵਹਿ।'
ਯਾਂ ਪਰ ਭੀ ਜਬਿ ਤਪਾ ਨ ਆਯੋ।
ਤਬਿ ਸਤਿਗੁਰ ਇਹ ਭਾਂਤਿ ਅਲਾਯੋ ॥੧੨॥
'ਪਾਂਚ ਮੁੱਦ੍ਰਕਾ[6] ਪਾਵੈ ਸੋਈ।

---

*ਪਾ:-ਤਿਆਰ। ਤਜਾਰ।
[1]ਨਵੇਂ ਮਕਾਨ ਦੇ ਪ੍ਰਵੇਸ਼ ਯਾ ਵਰਤਨ ਅਰੰਭ ਸਮੇਂ ਦਾ ਉਤਸ਼ਵੀ ਜਿਸਨੂੰ ਆਮ ਚੱਠ ਯਾ ਡੱਠਣੀ ਕਹਿੰਦੇ ਹਨ।
[2]ਭਾਵ ਗ੍ਰਿਹਸਤੀ।
[3]ਨਿਉਂਦਾ ਭੇਜਿਆ, ਸੱਦਾ ਭੇਜਿਆ।
+ਪਾ:-ਸਭਨਿ ਸੁ ਮਾਨਯੋ।
[4]ਮਾਯਾ ਦੇ ਘੇਰੇ ਹੋਏ ਨੇ।
[5]ਪਖੰਡ, ਮੋਹ, ਹੰਕਾਰ ਈਰਖਾ ਦੇ ਨਾਸ਼ ਕਰਨੇ ਵਾਲੇ।
++ਪਾ:-ਦੋ ਰੁਪੈਏ।
[6]ਪੰਜ ਰੁਪੱਯੇ।

ਭੋਜਨ ਕੈ ਹਿਤ ਆਵੈ ਜੋਈ।'
ਤਪਾ ਨ ਆਯੋ ਪਰ ਲਲਚਾਯੋ।
ਪੁਨ ਗੁਰ ਦਸ ਕਾ ਲੋਭ ਦਿਖਾਯੋ ॥੧੩॥
ਓੜਕ ਜਬਿ ਗੁਰ ਮੁਹਰ ਸੁ ਕਹੀ।
ਤਬਹਿ ਤਪੇ ਕੀ ਬੁੱਧਿ ਸੁ ਬਹੀ[1]।
ਬਜ਼ਾਕੁਲ ਭਯੋ ਬਹੁਤ ਲਲਚਾਯੋ।
ਸੁਤ ਭੇਜਨ ਕੋ ਬਜੋਂਤ ਬਨਾਯੋ ॥੧੪॥
ਦ੍ਵਾਰੇ ਦ੍ਵਾਰ ਪ੍ਰਵੇਸ਼ ਨ ਪਾਯੋ[2]।
ਪਕੜ ਭੀਤ ਪਰ ਪੂਤ ਚਢਾਯੋ।
ਸੋ ਗਿਰ ਪਰਯੋ ਭੀਤ ਤੇ ਤਰੇ।
ਟੂਟੀ ਟਾਂਗ ਰੁਦਨ ਬਹੁ ਕਰੇ* ॥੧੫॥
ਨੀਚ ਊਚ ਮੈਂ ਉਘਰਯੋ ਪਾਜਾ।
ਲੋਭ ਤਪੇ ਕਉ ਦੀਨੀ ਲਾਜਾ।
ਸਤਿਗੁਰ ਸੁਨਿ ਮੁਸਕਾਵਤਿ ਭਏ।
'ਦੁਸ਼ਟਨ ਕੇ ਇਮਿ ਹੀ ਘਰ ਗਏ' ॥੧੬॥
ਤਿਸ ਅਉਸਰ[3] ਗੁਰ ਅੰਤਰਜਾਮੀ।
ਸ਼੍ਰੀ ਗੁਰੁ ਰਾਮਦਾਸ ਪ੍ਰਭੁ ਸ੍ਵਾਮੀ।
ਭੋਜਨ ਸਭਿਨਿ ਕਰਾਵਤਿ ਖਰੇ।
ਸੁਨਿਤਿ ਬ੍ਰਿਤਾਂਤ ਬਚਨ ਸੋ ਕਰੇ ॥੧੭॥
ਗੌੜੀ ਰਾਗ ਵਾਰ ਕੇ ਭੀਤਰ।
ਭਨਯੋ ਸ਼ਲੋਕ ਸੁ ਸੁਨੋ ਸਿੱਖ ਬਰ[+]।
ਸਤਿਗੁਰ ਕੋ ਪ੍ਰਤਾਪ ਦਿਖਰਾਯੋ।
ਨਿੰਦਾ ਦੋਖ ਅਧਿਕ ਪ੍ਰਗਟਾਯੋ ॥੧੮॥

ਸ੍ਰੀ ਮੁਖਵਾਕ:
ਸਲੋਕ ਮਃ ੪ ॥
ਤਪਾ ਨ ਹੋਵੈ ਅੰਦ੍ਰਹੁ ਲੋਭੀ
ਨਿਤ ਮਾਇਆ ਨੋ ਫਿਰੈ ਜਜਮਾਲਿਆ[4] ॥

---

[1]ਲੋਭ ਵਿਚ ਰੁੜ੍ਹ ਗਈ।
[2]ਦਰਵੱਜੇ ਥਾਣੀ ਤਾਂ ਨਾ ਵੜਨਾ ਪਾਯਾ।
*ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰੇ ਸ਼ਬਦ ਵਿਚ ਤਪੇ ਦੇ ਪੁੱਤ੍ਰ ਦਾ ਵਿਚ ਬੈਠਣਾ ਤਾਂ ਲਿਖਿਆ ਹੈ ਪਰ ਟੰਗ ਟੁਟਣੀ ਨਹੀਂ ਲਿਖੀ। ਦੇਖੋ ਇਸੇ ਅੰਸੂ ਦੇ ਅੰਕ ੧੮ ਦੇ ਮਗਰੋਂ।
[3]ਸਮੇਂ, ਵੇਲੇ।
[+]ਪਾ:-ਕਾਨ ਧਰ।
[4]ਦਬਾਇਆ।

ਅਗੋ ਦੇ ਸਦਿਆ ਸਤੈ ਦੀ[1] ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ[2]
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ[3] ਮਾਰਿਆ ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥
ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥
ਸੋ ਬੂਝੈ ਜੁ ਦਯਿ ਸਵਾਰਿਆ ॥੧॥

ਚੌਪਈ: ਸਤਿਗੁਰ ਦਜਾਲ ਦਯਾ ਕੇ ਰੂਪ।
ਬੈਠਤਿ ਪੰਕਤਿ ਬੀਚ ਅਨੂਪ[4]।
ਹਟਕਯੋ ਨਾਂਹਿ[5] ਦਿਯੋ ਤਿਸ ਭੋਜਨ।
ਨਿੰਦਕ ਧਿਰਕਾਰਯੋ ਸਭਿ ਲੋਗਨ ॥੧੯॥

ਦੋਹਰਾ: ਇਹ ਸਾਖੀ ਜੋ ਕੌਂ ਸੁਨੈ,
ਪੜਹਿ ਕਰਹਿ ਬੱਖਜਾਨ[++]।
ਤਿਸ ਕੇ ਨਿੰਦਕ ਨਾਸ਼ ਸਭਿ,
ਹੋਵਤਿ ਜਗ ਮੈਂ ਜਾਨ ॥੨੦॥
ਸ਼੍ਰੀ ਸਤਿਗੁਰ ਤਾਰਨ ਤਰਨ, ਦੀਨ ਬੰਧੁ ਗੁਨਖਾਨ।
ਜੋ ਜੋ ਆਵਹਿ ਸ਼ਰਨ ਕੋ, ਸੋ ਸੋ ਲਹਿ ਕੱਲਜਾਨ ॥੨੧॥

---

[1]ਸਤ ਦੀ।
[2]ਪਤੀਜਦਾ (ਛੁੰਹਦਾ)।
[3]ਪ੍ਰਮੇਸ਼੍ਵਰ ਨੇ।
[4]ਬੈਠੇ ਹੋਏ ਪੰਗਤ ਵਿਚ ਉਪਮਾਂ ਤੋਂ ਰਹਤ ਭਾਵ ਸੁਹਣੇ।
[5]ਹਟਾਯਾ ਨਹੀਂ।
[++]ਪਾ:-ਜੋ ਜੋ ਪੜੈ, ਸੁਨੇ ਕਰੈ ਵੱਖਜਾਨ।

ਚੌਪਈ: ਅਪਰ ਕਥਾ ਅਬਿ ਸੁਨਹੁਂ ਅਗਾਰੀ।
ਸ਼੍ਰੀ ਸਤਿਗੁਰੂ ਮਹਾਤਮ ਭਾਰੀ।
ਇਕ ਖੱਤ੍ਰੀ ਥੋ ਪ੍ਰੇਮਾ ਨਾਮ।
ਮਾਤ ਪਿਤਾ ਨਹਿਂ ਭ੍ਰਾਤਾ ਧਾਮ ॥੨੨॥
ਕੁਸ਼ਟ ਸ਼ਰੀਰ ਬਿਖੇ ਰੁਜ ਭਯੋ।
ਅਧਿਕ ਦਰਿੱਦ੍ਰੀ ਸੋ ਹੁਇ ਗਯੋ।
ਹਾਥ ਪਾਦ ਗਰਿਕੈ ਗਿਰ ਪਰੇ[1]।
ਕੋ ਨਹਿਂ ਨਿਕਟ ਹੋਨਿ ਦੇ ਖਰੇ ॥੨੩॥
ਬੇਖ ਅਮੰਗਲ ਪਿਖਤਿ ਗਿਲਾਨ[2]।
ਮਾਖੀ ਬ੍ਰਿੰਦ ਸੰਗ ਨਿਤਿ ਠਾਨਿ[3]।
ਗਲ ਮਹਿਂ ਬਾਂਧਯੋ ਮਾਟੀ ਬਾਸਨ।
ਠਾਂਢੋ ਹੋਇ ਆਇ ਕੋ ਪਾਸ ਨ ॥੨੪॥
ਬੈਠਯੋ ਘਿਸਰਿ ਘਿਸਰਿ ਕਰਿ[4] ਚਾਲਹਿ।
ਕਰਿ ਕੋ ਦਯਾ ਟੂਕ ਤਿਹ ਘਾਲਹਿ[5]।
ਇਸ ਬਿਧਿ ਅਪਨੋ ਸਮੋ ਬਿਤਾਵਹਿ।
ਦਯੋਸ ਜਾਮਨੀ ਸੰਕਟ ਪਾਵਹਿ ॥੨੫॥
ਜਿਸ ਢਿਗ ਹੁਇ* ਤ੍ਰਿਸਕਾਰਹਿ ਸੋਇ।
ਦੇਖਨਿ ਭੀ ਨ ਕਰਹਿ ਤਿਸ ਕੋਇ।
ਤਿਨਿ ਗੁਰ ਮਹਿਮਾ ਸੁਨੀ ਘਨੇਰੀ।
ਜਨਮ ਰੰਕ ਜਿਮ ਸੁਰਤਰੁ ਕੇਰੀ ॥੨੬॥
ਸੁਨਿ ਸੁਨਿ ਜਸ ਕਉ ਹੁਲਸਹਿ[6] ਮਨ ਮਹਿਂ।
ਕ੍ਰਿਪਨ ਮਹਾਂ ਜਿਮਿ ਆਮਦ ਧਨ ਮੈਂ[7]।
ਬਧਯੋ ਪ੍ਰੇਮ ਉਰ ਗਾਵਤਿ ਗੀਤ।
ਧਰਹਿ ਧਯਾਨ ਠਹਿਰਾਵਹਿ ਚੀਤ ॥੨੭॥
ਉਮਗਹਿ ਪ੍ਰੇਮ ਪੁਕਾਰਹਿ ਊਚੋ।

---

[1]ਗਲ ਕੇ ਡਿੱਗ ਪਏ।
[2]ਰੂਪ ਭਯਾਨਕ, ਵੇਖਦਿਆਂ ਨਫਰਤ (ਆਵੇ)।
[3]ਮੱਖੀਆਂ ਸਮੂਹ ਨਾਲ ਸਦਾ ਰਹਿਣ।
[4]ਘਸੀਟ ਘਸੀਟ ਕੇ।
[5]ਕੋਈ ਦਇਆ ਕਰਕੇ ਰੋਟੀ ਤਿਸਨੂੰ ਪਾਵੇ।
*ਪਾ:-ਜਾਇ।
[6]ਖੁਸ਼ ਹੁੰਦਾ ਹੈ।
[7]ਜਿਵੇਂ ਵੱਡਾ ਕੰਜੂਸ ਧਨ ਦੀ ਆਮਦਨੀ ਵਿਚ (ਅਨੰਦ ਹੁੰਦਾ ਹੈ)।

ਸੁਨਿ ਸੁਨਿ ਆਵੈਂ ਊਚ ਰੁ ਨੀਚੋ।
ਮਨ ਕੀ ਉਕਤੀ[1] ਕਰੈ ਉਚਾਰ।
ਪ੍ਰੇਮ ਮਗਨ ਕੋ ਲਹੈ ਨ ਸਾਰ ॥੨੮॥
ਰਾਗ ਕਬਿੱਤ[2] ਨ ਬਾਨੀ ਜਾਨਹਿ।
ਬਿਨ ਜਾਨੇ ਹੀ ਬਦਨ ਬਖਾਨਹਿ।
ਕਹਿ ਦ੍ਰਿਸ਼ਟਾਂਤ ਬਾਕ ਕਛੁ ਮੋਟਾ।
'ਮੁਝ ਅਬਿ ਲੱਧਾ ਗਯਾ ਕਛੋਟਾ[3] ॥੨੯॥
ਸੁਨਹੁ ਜਹਾਨਾਂ! ਕਹੌਂ ਬਡੇਰ।
ਗਯਾ ਕਛੋਟਾ[4] ਲੱਧਾ ਫੇਰ।'
ਜਬਿ ਕਬਿ ਪ੍ਰੇਮ ਰਿਦੈ ਅਧਿਕਾਵੈ।
'ਗਯਾ ਕਛੋਟਾ[4] ਲੱਧਾ' ਗਾਵੈ ॥੩੦॥
ਸੁਨਿ ਸੁਨਿ ਹਸਹਿਂ ਸੁ ਆਪਸ ਮਾਂਹਿ।
ਪਾਣੀ ਅੰਨ ਆਨਿ ਦੇਂ ਤਾਂਹਿ।
ਸਤਿਗੁਰ ਕੋ ਸਿਮਰਤਿ ਚਿਤ ਚਾਹਤਿ।
-ਦਰਸ਼ਨ ਪਾਵੌਂ- ਬਹੁਤ ਉਮਾਹਤਿ ॥੩੧॥
ਸੰਗ ਨਿਤੰਬਨਿ ਘਿਸਰਤਿ[4] ਚਾਲਹਿ।
ਪਲ ਪਲ ਪ੍ਰੇਮ ਕਲਾ[5] ਪ੍ਰਤਿਪਾਲਹਿ।
ਚਿਤਵਤਿ -ਮੈਂ ਗੁਰ ਦਰਸ਼ਨ ਪਾਊਂ।
ਆਧਿ ਬਯਾਧਿ ਅਘ ਓਘ ਨਸਾਊਂ- ॥੩੨॥
ਜੋ ਗੁਰ ਮਗ ਕੋ ਮਿਲਿ ਢੁਲਿ ਚਲੇ[6]।
ਕਿਉਂ ਨਹਿਂ ਭੁਗਤਿ ਮੁਕਤਿ ਫਲ ਫਲੇ[7]।
ਚਿਰੰਕਾਲ ਮਹਿਂ ਚਲਿ ਕਰਿ ਆਯੋ।
ਹਰਖਯੋ ਜਨ ਨਵ ਨਿਧਿ ਸੁਖ ਪਾਯੋ ॥੩੩॥
ਸਤਿਗੁਰ ਕੇ ਦਰਬਾਰ ਅਗਾਰੀ।
ਲਈ ਧੂਲ ਧਰਿ ਸ਼ਰਧਾ ਭਾਰੀ।
ਸਿਰ ਮੁਖ ਪਰ ਸਗਰੇ ਤਨ ਫੇਰੀ।

---

[1]ਭਾਵ ਜੋ ਮਨ ਵਿਚ ਆਂਵਦੀ ਹੈ।
[2]ਕਵਿਤਾ।
[3]ਗਿਆ ਹੋਇਆ ਪੜਦਾ।
[4]ਚੁੱਤੜ ਘਸੀਟ ਕੇ।
[5]ਪ੍ਰੇਮ ਸਰੂਪ।
[6]ਜੋ ਗੁਰੂ ਜੀ ਦੇ ਰਾਹ ਵਿਚ ਨਿੰਮ੍ਰਤਾ ਨਾਲ ਮਿਲਕੇ ਚਲੇ।
[7]ਪ੍ਰਾਪਤ ਹੋਵੇ।

ਬੈਠਿ ਰਹਯੋ ਤਹਿਂ ਕੇਤਿਕ ਬੇਰੀ ॥੩੪॥
ਆਵਤਿ ਜਾਤਿ ਸਿੱਖ ਜੋ ਅਹੈਂ।
ਅਵਲੋਕਤਿ ਇਸ ਕੋ ਬਚ ਕਹੈਂ।
'ਗੁਰ ਦਰਸ਼ਨ ਕੁਸ਼ਟੀ ਨਹਿਂ ਪਾਵੈ।
ਤੌ ਪਾਵੈ ਜੇ ਆਪ ਬੁਲਾਵੈਂ' ॥੩੫॥
ਸੁਨਿ ਕੈ ਸ਼ੋਕਾਰਤਿ ਚਿਤ ਹੋਵਾ।
-ਜੇ ਅਬਿ ਮੋਹਿ ਨ ਦਰਸ਼ਨ ਹੋਵਾ।
ਆਵਨ ਸ਼੍ਰੱਮ ਬਾਦ ਹੁਇ ਮੇਰਾ।
ਭਯੋ ਨ ਫਲ ਪ੍ਰਾਪਤਿ ਦੁਖ ਘੇਰਾ[1] ॥੩੬॥
ਮੈਂ ਨਿਰਭਾਗ ਜਹਾਂ ਚਹਿ ਜਾਊ[2]।
ਨਿਫਲਹਿ ਤਹਾਂ ਨਹੀਂ ਕਛੁ ਪਾਊਂ।
ਬਿਨ ਦਰਸ਼ਨ ਗਮਨੋ ਕਿਤਿ ਨਾਂਹੀ[3]।
ਕੈ ਮਰਿ ਰਹੌਂ ਇਸੀ ਥਲ ਮਾਂਹੀ ॥੩੭॥
ਧਿਕ ਜੀਵਨ ਅਬਿ ਨਾਸੌਂ ਪ੍ਰਾਨ।
ਗੁਰ ਕੇ ਦਰ ਪਰ ਪਰੋਂ ਸਥਾਨ[4]-।
ਦ੍ਰਿਢ ਕਰਿ ਪ੍ਰੇਮ ਥਿਰਯੋ ਦਰ ਆਗਹਿ।
ਸਨਮੁਖ ਬੈਠਹਿ, ਨਹਿਂ ਥਲ ਤਜਾਗਹਿ ॥੩੮॥
ਪ੍ਰੇਮ ਬਿਸਾਲ ਗੁਰੂ* ਮਹਿਂ ਧਰੇ।
ਮੁਖ ਤੇ ਨਿਤਿ 'ਗੁਰ ਗੁਰ ਗੁਰ' ਕਰੇ।
ਕਬਿ ਕਬਿ ਗਾਵਹਿ ਊਚੀ ਧੁਨ ਤੇ।
ਆਵਤਿ ਜਾਤਿ ਸਿੱਖ ਸਭਿ ਸੁਨਤੇ ॥੩੯॥
'ਗਯਾ ਕਛੋਟਾ ਲੱਧਾ' ਗਾਵੈ।
ਊਚੇ ਟੇਰਤਿ[5] ਗੁਰੂ ਸੁਨਾਵੈ।
ਖਰੇ ਆਨਿ ਹੋਵਤਿ ਸੁਨਿ ਪਾਹੂ।
ਕਹਿ ਕਹਿ ਪੁਨਹਿ ਗਵਾਇਸਿ+ ਤਾਂਹੂ[6] ॥੪੦॥

---

[1]ਮੈਂ ਦੁਖ ਨਾਲ ਘੇਰੇ ਹੋਏ ਨੂੰ ਫਲ ਨਾ ਪ੍ਰਾਪਤ ਹੋਇਆ।
[2]ਚਾਹੋ ਜਾਂਦਾ ਹਾਂ।
[3]ਜਾਂਦਾ (ਮੈਂ ਭੀ) ਕਿਧਰੇ ਨਹੀਂ।
[4]ਗੁਰਾਂ ਦੇ ਦਰਵੱਜੇ ਦੀ ਥਾਂ ਤੇ ਪਿਆ ਰਹਾਂ। (ਅ) ਗੁਰਾਂ ਦੇ ਦਰਵਾਜੇ ਪਿਆ (ਰਹਾਂ ਕਦੇ) ਥਾਂ ਪੈ ਜਾਵਾਂਗਾ।
*ਪਾ:-ਗੁਰਨਿ।
[5]ਬੋਲਕੇ।
+ਪਾ:-ਗਵਾਵੈਂ।
[6]ਕਹਿ ਕਹਿ ਕੇ ਫਿਰ ਫਿਰ ਤਿਸ ਪਾਸੋਂ ਗਾਇਨ ਕਰਾਂਵਦੇ ਹਨ।

ਕਹੇ ਨਰਨਿ ਕੈ ਪੁਨ ਪੁਨ ਗਾਵਹਿ।
ਚਹਤਿ ਦਰਸ ਦਿਨ ਰਾਤ ਬਿਤਾਵਹਿ।
-ਪੂਰਬ ਜਨਮ ਮਹਾਂ ਮੈਂ ਪਾਪੀ।
ਜਿਸ ਤੇ ਆਧਿ ਰੁ ਬਯਾਧਿ ਸੰਤਾਪੀ ॥੪੧॥
ਸਭਿ ਜਗ ਦਰਸਤਿ ਗੁਰ ਕੋ ਨੀਤਿ।
ਮੋਹਿ ਨ ਮਿਲਹਿਂ ਸੁ, ਤਰਸਤਿ ਚੀਤ।
ਇਸ ਤੇ ਆਛੋ ਥਾਨ ਨ ਆਨ।
ਕਬਹੂੰ ਤੌ ਹੁਇ ਹੈਂ ਅਘ ਹਾਨ ॥੪੨॥
ਗੁਰ ਦਰ ਕੋ ਅਬਿ ਤਜਾਗੌਂ ਨਾਂਹੀ।
ਜੀਵਤਿ ਮਿਰਤਕ ਕੈ ਦੁਖ ਮਾਂਹੀ[1]।
ਰਹੌਂ ਸ਼ਰਣ ਮੈਂ -ਚਿਤਵਤਿ ਐਸੇ।
ਆਵਹਿਂ ਲੋਕ ਕਹਾਵਹਿਂ ਤੈਸੇ ॥੪੩॥
ਪਾਣੀ ਅੰਨ ਦਯਾ ਕਰਿ ਦੇਤਿ।
ਬੈਠਜੋ ਰਹੈ ਸੁ ਦਰਸ਼ਨ ਹੇਤਿ।
ਕਬਹਿ ਕਸ਼ਟ ਤੇ ਪ੍ਰੇਮ ਬ੍ਰਿਧੰਤਾ।
ਬੋਲਤਿ ਬੋਲਤਿ ਭੂਮ ਗਿਰੰਤਾ[2] ॥੪੪॥
ਪਰਜੋ ਰਹੈ ਰੋਦਨ ਕੋ ਠਾਨਤਿ।
ਗੁਰ ਦਰਸ਼ਨ ਕੋ ਅਤਿ ਹਿਤ ਜਾਨਤਿ।
ਇਮਿ ਬਯਾਕੁਲ ਕੋ ਦੇਖਿ ਦੁਖਿਤ ਕੋ।
ਸਿੱਖਜ ਦਯਾ ਕਰਿ ਦ੍ਰਵਤੇ ਚਿਤ ਕੋ ॥੪੫॥
ਅਰਜ਼ ਗੁਜ਼ਾਰਤਿ ਗੁਰੂ ਅਗਾਰੀ।
'ਇਕ ਕੁਸ਼ਟੀ ਜਿਸ ਤਨ ਦੁਖ ਭਾਰੀ।
ਪਰਜੋ ਰਹੈ ਰਾਵਰ ਕੇ ਦ੍ਵਾਰੇ।
ਗਾਵਤਿ ਗੀਤ ਹਸਾਵਤਿ ਸਾਰੇ ॥੪੬॥
ਦਰਸ਼ਨ ਕੋ ਚਿਤ ਚਾਹਤਿ ਰਹਿਤੋ।
ਸਿਮਰਨ ਸਦਾ ਆਪ ਕੋ ਕਹਿਤੋ।
ਮੁਖ ਤੇ ਗਾਵਤਿ ਗੀਤ ਜੁ ਸੋਊ।
ਕਯਾ ਕਿਛੁ ਕਹੈ, ਨ ਜਾਨਤਿ ਕੋਊ' ॥੪੭॥
ਸੁਨਿ ਸਤਿਗੁਰ ਨੇ ਸਭਿ ਸਮੁਝਾਏ।
'ਹਮ ਜਾਨਤਿ ਹੈਂ ਜੋ ਕੁਛ ਗਾਏ।

---

[1]ਦੁਖ ਵਿਚ ਜੀਂਵਦਿਆਂ ਅਥਵਾ ਮਰ ਗਇਆਂ।
[2]ਡਿੱਗ ਪੈਂਦਾ ਹੈ।

-ਪੜਦਾ ਬੱਸਤ੍ਰ ਜੁ ਮੇਰੋ ਗਯੋ।
ਪੁਨ ਗੁਰ ਸੋਂ ਮੁਝ ਪ੍ਰਾਪਤਿ ਭਯੋ[1]- ॥੪੮॥
ਮੋ ਕਹੁ ਪਾਯੋ[2] ਤਾਂਹਿ ਸੁ ਗਾਵੈ।
ਸਭਿ ਲੋਕਨ ਕੋ ਟੇਰਿ ਸੁਨਾਵੈ।
ਮੈ ਜਾਨਤਿ ਹੌਂ ਤਿਸ ਕੋ ਪ੍ਰੇਮ।
ਜਿਸੀ ਪਰੇਮ ਤੇ ਪ੍ਰਾਪਤਿ ਛੇਮ' ॥੪੯॥
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਊਚੇ ਟੇਰਤਿ ਗੁਰੂ ਸੁਨਾਏ।
ਜਬਹਿ ਪ੍ਰੇਮ ਨੇ ਬਜਾਕੁਲ ਕਰਜੋ।
ਨਹਿਂ ਸੁਧ ਦੇਹਿ, ਰਹਜੋ ਧਰ ਪਰਜੋ ॥੫੦॥
ਤਿਸ ਉਰ ਕੀ ਲਖਿ ਅੰਤਰਜਾਮੀ।
ਸਰਬ ਕਲਾ ਸਮਰਥ ਗੁਰ ਸ੍ਵਾਮੀ।
ਜਾਨਜੋ ਭਗਤ ਪ੍ਰੇਮ ਜਿਹ ਜਾਗਾ।
ਅਪਰ ਆਸਰੋ ਮਨ ਕਰਿ ਤਜਾਗਾ ॥੫੧॥
ਥਾਂਉ ਨਿਥਾਂਵਨ, ਮਾਨ ਨਿਮਾਨਾ।
ਇਸ ਬਿਧਿ ਕੋ ਨਿਜ ਬਿਰਦ ਪਛਾਨਾ।
ਭਏ ਪ੍ਰਸੰਨ ਸਭਿਨਿ ਸੋਂ ਕਹਾ।
'ਤਿਸ ਕੋ ਲੇ ਆਵਹੁ ਅਬਿ ਇਹਾਂ ॥੫੨॥
ਹਮਰੇ ਮੱਜਨ ਕੋ ਜਲ ਜਹਿਂਵਾ।
ਸੰਚਤਿ ਟਿਕਜੋ[3] ਲਿਜਾਵਹੁ ਤਹਿਂਵਾ।
ਨੀਕੇ ਜਾਇ ਸ਼ਨਾਨਹਿ ਏਹੀ।
ਹੋਇ ਜਾਇਗੀ ਸੁਧ ਸਭਿ ਦੇਹੀ ॥੫੩॥
ਰੰਗ ਮਜੀਠੀ ਅੰਬਰ ਲਜਾਵਹੁ।
ਸਰਬ ਸ਼ਰੀਰ ਇਸੇ ਪਹਿਰਾਵਹੁ।
ਨਖ ਸਿਖ ਲੌਂ ਛਾਦਨ ਕਰ ਸਾਰੈ[4]।
ਪੁਨ ਆਨਹੁਂ ਤੁਮ ਨਿਕਟ ਹਮਾਰੇ' ॥੫੪॥
ਸੁਨ ਸਿੱਖਜਨ ਕਰਿ ਚੌਂਪ ਗਏ ਹੈਂ।
ਕਹਜੋ 'ਉਦੈ ਤਵ ਭਾਗ ਭਏ ਹੈਂ।'

---

[1]ਬਸਤ੍ਰ ਦਾ ਪੜਦਾ ਜੋ ਮੇਰਾ ਗਿਆ ਸੀ ਫਿਰ ਸੋ ਮੈਨੂੰ ਪ੍ਰਾਪਤ ਹੋ ਗਿਆ। ਭਾਵ ਸਰੀਰ ਰੂਪੀ ਬਸਤ੍ਰ।
[2]ਉਸਨੇ ਮੈਨੂੰ (ਭਾਵ) ਗੁਰੂ ਜੀ ਨੂੰ ਪ੍ਰਾਪਤ ਕੀਤਾ ਹੈ; ਇਹ ਗੱਲ ਗਾਉਂਦਾ ਹੈ।
[3]ਇਕੱਠਾ ਹੋਇਆ ਟਿਕਿਆ ਪਿਆ ਹੈ।
[4]ਨਹੁਂ ਤੋਂ ਚੋਟੀ ਤਕ ਢਕ ਕੇ ਸਾਰਾ।

ਤਿਹ ਜਲ ਜਾਇ ਸ਼ਨਾਨ ਕਰਾਵਾ।
ਰੰਗ ਮਜੀਠੀ ਬਸਤ੍ਰ ਉਢਾਵਾ ॥੫੫॥
ਨਖ ਸ਼ਿਖ ਛਾਦਨ ਕੀਨਿ ਸਰੀਰ।
ਲੇ ਪਹੁੰਚੇ ਪੁਨ ਸਤਿਗੁਰ ਤੀਰ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਕ੍ਰਿਪਾਲਾ।
ਨਿਜ ਕਰ ਸੋਂ ਮੁਖ[1] ਵਹਿਰ ਨਿਕਾਲਾ ॥੫੬॥
ਦ੍ਰਿਸ਼ਟਿ ਪਰੀ ਸਤਿਗੁਰ ਕੀ ਜਬੈ।
ਤਨ ਅਰੋਗ ਭਾ ਸੁੰਦਰ ਤਬੈ।
ਨਿਜ ਕਰਤੇ ਪੁਨ ਬਸਤ੍ਰ ਦਏ ਹੈਂ।
ਸਭਿ ਨਵੀਨ ਪਹਿਰਾਇ ਦਏ ਹੈਂ ॥੫੭॥
ਮੰਤ੍ਰ ਸੁ ਸੱਤਿਨਾਮ ਕੋ ਦੀਨਸਿ।
ਭਾਲ ਬਿਸਾਲ ਤਿਲਕ ਤਿਨਿ ਕੀਨਸਿ।
ਰਜ ਕਨ ਤੇ ਗਿਰ ਸਮਸਰ[2] ਕਿਯੋ।
ਨਾਮ 'ਮੁਰਾਰੀ' ਪੁਨ ਧਰਿ ਦਿਯੋ ॥੫੮॥
ਸਭਾ ਮਝਾਰ ਕਹਯੋ ਗੁਰ ਬੈਨ।
'ਤਨੁਜਾ[3] ਹੈ ਜਿਹ ਸਿਖ ਕੇ ਐਨ।
ਮਮ ਆਇਸੁ ਤੇ ਇਸ ਕੌ ਦੇਵਹਿ।
ਲੋਕ ਪ੍ਰਲੋਕ ਅਨੰਦ ਸੁ ਲੇਵਹਿ' ॥੫੯॥
ਸ਼ੀਹਾਂ ਉੱਪਲ ਸਿੱਖ ਕੁਲੀਨ[4]।
ਤਿਨ ਕਰ ਜੋਰੇ, ਬਿਨਤੀ ਕੀਨਿ।
'ਬਰ ਪ੍ਰਾਪਤਿ[5] ਕੰਨਜਾਂ ਘਰ ਮੇਰੇ।
ਹੇ ਪ੍ਰਭੁ! ਫਿਰੈ ਇਸੀ ਸੰਗ ਫੇਰੇ[6]' ॥੬੦॥
ਇਮਿ ਕਹਿ ਨਿਜ ਇਸਤ੍ਰੀ ਢਿਗ ਆਯੋ।
ਕ੍ਰੂਰਾ ਕਲਹਿਨਿ ਨਿਠੁਰ ਸੁਭਾਯੋ[7]।
ਤਿਹ ਕੇ ਸਾਥ ਨ ਗਾਥ ਜਨਾਈ[8]।

---

[1]ਆਪਣੇ ਹੱਥ ਨਾਲ (ਉਸਦਾ) ਮੂੰਹ।
[2]ਧੂੜ ਦੇ ਕਿਣਕੇ ਤੋਂ ਪਰਬਤ ਬਰਾਬਰ।
[3]ਕੰਨਜਾਂ।
[4]ਉਚੀ ਕੁਲ ਵਾਲਾ।
[5]ਵਰ ਨੂੰ ਪ੍ਰਾਪਤ ਹੋਣ ਵਾਲੀ।
[6]ਭਾਵ ਏਸੇ ਨਾਲ ਵਿਆਹ ਦਿਓ।
[7](ਜੋ) ਖੋਟੀ ਲੜਾਕੀ ਤੇ ਕਟੋਰ ਸੁਭਾ ਦੀ ਸੀ।
[8]ਉਸ ਦੇ ਨਾਲ ਗੱਲ ਨਾ ਕੀਤੀ।

ਅਪਰ ਬਾਤ ਕਹਿ ਦਈ ਟਲਾਈ[1] ॥੬੧॥
'ਤੁਝ ਪਰ ਸਤਿਗੁਰ ਬਾਕ ਉਚਾਰੇ।
ਲੰਗਰ ਟਹਿਲ ਕਰਹੁ ਦਿਨ ਸਾਰੇ।'
ਪਤਿ ਤੇ ਸੁਨਿ ਗਮਨੀ ਜਿਸ ਕਾਲਾ।
ਸੰਗ ਸੁਤਾ ਲੇ ਗੁਰ ਢਿਗ ਚਾਲਾ ॥੬੨॥
ਤਤਛਿਨ ਸਾਥ ਮੁਰਾਰੀ ਤਹਾਂ।
ਫੇਰੇ ਦਿਏ ਭਾਉ ਕਰਿ ਮਹਾਂ।
ਭੁਕਤਿ ਮੁਕਤਿ ਤੂਰਨ ਤਿਸ ਦੀਨ।
ਅਸ ਗੁਰ* ਭਜਹਿਂ ਨ, ਸੇ ਮਤਿ ਹੀਨ ॥੬੩॥
ਜੀਵ ਨਾਰਕੀ[2] ਸੁਰਗ ਪੁਚਾਵਾ।
ਅਦਭੁਤ ਐਸੋ ਰੂਪ ਬਨਾਵਾ।
ਭਯੋ ਅਰੋਗ ਦੇਹ ਤਿਹ+ ਸੁੰਦਰ।
ਦਈ ਸੁੰਦਰੀ[3] ਪੁਨ ਸੁਖ ਮੰਦਰ ॥੬੪॥
ਦੇਖਤਿ ਸੁਨਤਿ ਸਕਲ ਬਿਸਮਾਏ।
ਸਤਿਗੁਰ ਮਹਿਮਾ ਲਖਿ ਅਧਿਕਾਏ।
'ਚਹੈਂ ਸੁ ਕਰੈਂ ਕਲਾ ਸਭਿ ਪੂਰਨ।
ਦਾਸ ਉਧਾਰਨਿ ਦੁਸ਼ਟਨਿ ਚੂਰਨ ॥੬੫॥
ਏਕ ਘਟੀ ਮਹਿਂ ਸਭਿ ਕੁਛ ਪਾਯੋ।
ਤਨ ਅਰੋਗ ਪੁਨ ਬਜਾਹ ਸੁਹਾਯੋ।'
ਸ਼ੀਂਹੇ ਤ੍ਰਿਯ[4] ਲੰਗਰ ਮਹਿਂ ਸੁਨਯੋ।
ਮਹਾਂ ਦੁਖਿਤ ਚਿਤ ਮਹਿਂ ਸਿਰ ਧੁਨਯੋ ॥੬੬॥
ਆਈ ਰੁਦਤਿ ਸਤਿਗੁਰੂ ਤੀਰ।
'ਇਹੁ ਕਜਾ ਕੀਨਸਿ? ਹੇ ਪ੍ਰਭੁ ਧੀਰ!
ਕੁਸ਼ਟੀ, ਮਾਤ ਪਿਤਾ ਕੁਲ ਹੀਨ।
ਸੁਤਾ ਨਿਨਾਵੇ[5] ਕੋ ਮੁਰ ਦੀਨ' ॥੬੭॥
ਸੁਨਿ ਸ਼੍ਰੀ ਅਮਰਦਾਸ ਤਬਿ ਹਸੇ।

---

[1]ਟਾਲ ਦਿੱਤੀ।
*ਪਾ:-ਸਤਿਗੁਰ।
[2]ਨਰਕ ਦੇ ਲਾਇਕ ਜੀਵ ਨੂੰ।
+ਪਾ:-ਤਿਸ, ਜਿਹ।
[3]ਇਸਤ੍ਰੀ।
[4]ਸ਼ੀਂਹੇ ਦੀ ਇਸਤ੍ਰੀ ਨੇ।
[5]ਬਿਨਾ ਨਾਮ. ਪ੍ਰਸਿੱਧੀ ਬਿਨਾ। ੨ ਬਦਨਾਮ।

ਕਹਜੋ ਤਾਂਹਿ ਕਰੁਨਾ[1] ਰੰਗ ਰਸੇ।
'ਜਾਨਹੁਂ ਮਮ ਸੁਤ ਇਹੁ ਜੁ ਮੁਰਾਰੀ।
ਬਜਾਹਜੋ ਤਨੁਜਾ ਸੰਗਿ ਤੁਮਾਰੀ ॥੬੮॥
ਤਵ ਤਨੁਜਾ ਕੋ ਨਾਮ ਮਥੋ ਹੈ।
ਨਾਮ ਮੁਰਾਰੀ ਯਾਂਹਿ ਕਥੋ ਹੈ।
ਮਥੋ ਮੁਰਾਰੀ ਸਿਮਰੇ ਨਾਮ।
ਪੂਰਨ ਹੋਹਿਂ ਨਰਨ ਕੇ ਕਾਮ ॥੬੯॥
ਮਥੋ ਨਾਮ ਆਗੇ ਕਹਿਂ ਆਛੈ।
ਨਾਮ ਮੁਰਾਰੀ ਭਾਖਹਿਂ ਪਾਛੈ।
ਨਰ ਪੂਜਹਿਂਗੇ ਮਥੋ ਮੁਰਾਰੀ।
ਚਿਤ ਚਿੰਤਾ ਦਿਹੁ ਸ਼ੋਕ ਬਿਸਾਰੀ ॥੭੦॥
ਇਹ ਦੋਨਹੁ ਹੋਏ ਬਡਭਾਗੇ।
ਮੇਰੀ ਪ੍ਰੇਮ ਭਗਤਿ ਮਹਿਂ ਪਾਗੇ।'
ਤੂਸ਼ਨਿ ਹੋਇ ਪੁਨਹਿ ਘਰ ਗਈ।
ਦੰਪਤਿ ਕੋ ਗੁਰ ਆਗਜਾ ਦਈ ॥੭੧॥
'ਮਥੋ ਮੁਰਾਰੀ! ਅਬਿ ਤੁਮ ਜਾਵਹੁ।
ਸੱਤਜਨਾਮ ਉਪਦੇਸ਼ ਦ੍ਰਿੜਾਵਹੁ।
ਗੁਰ ਸਿੱਖੀ ਜਗ ਅਧਿਕ ਬ੍ਰਿਧਾਵਹੁ।
ਨਿਜ ਗ੍ਰਹਿ ਬਸਹੁ ਸਦਾ ਸੁਖ ਪਾਵਹੁ ॥੭੨॥
ਤੋਰੇ ਬਾਕ ਫੁਰੈ ਜਿਮਿ ਕਹੈਂ।
ਬਰ ਕੈ ਸ੍ਰਾਪ ਦੇਹਿਂ ਜਿਸ ਚਹੈਂ।
ਤੇਰੀ ਭਗਤਿ ਪਰੀ ਅਬਿ ਪੂਰੀ।
ਪ੍ਰਾਪਤਿ ਭਈ ਮਹਾਂ ਗਤਿ ਰੂਰੀ ॥੭੩॥
ਤੁਝਿ ਸੋਂ ਮਿਲੈ ਸੁ ਭਵਜਲ ਤਰੈ।
ਤੌ ਕਹਿਬੋ ਇਸਤੇ ਕਜਾ ਪਰੈ[2]'।
ਭੁਕਤਿ ਮੁਕਤਿ ਨਵਤਨ ਤਿਸ ਦੈ ਕੈ।
ਬਿਦਾ ਕਰਜੋ ਗਮਨਜੋ ਸੁਖ ਪੈ ਕੈ ॥੭੪॥
ਗ੍ਰਿਹ ਨਿਜ ਬਸਿ ਗੁਰ ਸੁਜਸ ਕਰੰਤਾ।
ਮਿਲਜੋ ਜਿ ਤਿਸ ਸੁਖਿ ਸੋਪਿ ਭਵੰਤਾ[3]।

---

[1]ਕ੍ਰਿਪਾ ਦੇ।
[2]ਤਾਂ (ਹੁਣ) ਇਸ ਤੋਂ ਪਰੇ (ਹੋਰ) ਕੀ ਕਹੀਏ।
[3]ਉਹ ਭੀ ਸੁਖੀ ਹੋ ਗਿਆ।

ਕਰੇ ਗੁਰੂ ਇਵ ਦੀਨਨਿ ਕਾਮ।
ਯਾਂ ਤੇ 'ਦੀਨ ਦਜ਼ਾਲ' ਕਹਿਂ ਨਾਮ ॥੭੫॥
ਇਮ ਮਤਿਮੰਦ ਅਨੇਕ ਉਧਾਰੇ।
ਜਗ ਮਹਿਂ ਪ੍ਰਗਟਯੋ ਜੈ ਜੈ ਕਾਰੇ।
ਧਰੇ ਪ੍ਰੇਮ ਜੋ ਸੁਨੈ ਸੁਨਾਵੈ।
ਚਾਰ ਪਦਾਰਥ ਗੁਰ ਤੇ ਪਾਵੈ ॥੭੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਥੋ ਮੁਰਾਰੀ' ਪ੍ਰਸੰਗ ਬਰਨਨੰ ਨਾਮ ਸ਼ਸ਼ਟੀ ਅੰਸੂ ॥੬੦॥

੬੧. [ਖੇਡਾ ਸੋਇਨੀ ਬ੍ਰਹਮਣ ਪ੍ਰਸੰਗ। ਗੋਂਦੇ ਦੇ ਪੁੱਤ੍ਰਾਂ ਨੂੰ ਕੀਤੀ ਦਾ ਫਲ]

੬੦<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੨

ਦੋਹਰਾ: ਦਿਜਬਰ ਖੇਡਾ ਸੋਇਰੀ*, ਦੁਰਗਾ ਭਗਤਿ ਬਿਸਾਲ।
ਨਿਤ ਪ੍ਰਤਿ ਪੂਜਾ ਬਹੁ ਕਰੇ, ਧਰੇ ਗਜ਼ਾਨ ਸਭਿ ਕਾਲ ॥੧॥

ਚੌਪਈ: ਨਰ ਸਮੁਦਾਇ ਮਿਲਹਿਂ ਢਿਗ ਆਵੈਂ।
ਸ਼੍ਰੀ ਦੁਰਗਾ ਕੇ ਦਰਸ਼ਨ ਜਾਵੈਂ।
ਸੰਮਤ ਮਹਿਂ ਜੁਗ ਜਾਤ੍ਰਾ ਕਰਿਹੀ।
ਨਿਰਜਲ ਨਿਰਾਹਾਰ ਬ੍ਰਤ ਧਰਿਹੀ[1] ॥੨॥
ਇਕ ਬਾਰੀ ਜਾਤ੍ਰਾ ਕੋ ਚਲਜੋ।
ਤਿਸ ਕੇ ਸੰਗ ਬ੍ਰਿੰਦ ਨਰ ਮਿਲਜੋ।
ਚਲਤਿ ਪੰਥ ਮਹਿਂ ਗੁਰ ਪੁਰਿ[2] ਆਵਾ।
ਦਰਸ਼ਨ ਕਰਿਬੇ ਕੋ ਲਲਚਾਵਾ ॥੩॥
ਭਯੋ ਠਾਂਢਿ ਜਬਿ ਗੁਰ ਕੇ ਦ੍ਵਾਰੇ।
ਤਬਿ ਸਿੱਖਜਨ ਇਮਿ ਬਾਕ ਉਚਾਰੇ।
'ਗੁਰ ਆਗਜ਼ਾ ਕੋ ਸੁਨਿਬੋ ਕਰੀਅਹਿ।
ਬਹੁਰ ਨਿਕੇਤ ਪੌਰ ਮਹਿਂ ਬਰੀਅਹਿ ॥੪॥
-ਪ੍ਰਥਮ ਦੇਗ ਤੇ ਅਚਵਹੁ ਜਾਇ।
ਪੀਛੇ ਗੁਰ ਦਰਸ਼ਨ ਕੋ ਪਾਇ-।
ਸੁਨਿ ਕਰਿ ਖੇਡੇ ਕੀਨਿ ਬਿਚਾਰਨਿ।
-ਮੈਂ ਕਿਮਿ ਕਰਿਹੌਂ ਨੇਮ ਨਿਵਾਰਨਿ ॥੫॥
ਸੁਚ ਕਰਿ ਕਰੋਂ ਅਹਾਰ ਹਮੇਸ਼ੂ।
ਗੁਰ ਕੀ ਦੇਗ ਪ੍ਰਵੇਸ਼ ਅਸ਼ੇਸ਼ੂ[3]।
ਆਸ਼੍ਰਮ, ਬਰਨ, ਨੇਮ ਬਿਵਹਾਰ।
ਗੁਰ ਕੋ ਮਿਲਹਿਂ ਸਕਲ ਨਿਰਵਾਰਿ[4] ॥੬॥
ਐਸਾ ਕੋ ਬਡ ਪ੍ਰੇਮੀ ਹੋਇ।
ਗੁਰ ਹਿਤ ਰਖਹਿ ਅਪਰ ਸਭਿ ਖੋਇ[5]।
ਦੁਰਲਭ ਬਰਨ ਸੁ ਆਸ਼੍ਰਮ ਧਰਮ।

---

*ਭਾ: ਗੁਰਦਾਸ ਜੀ ਨੇ 'ਸੋਇਨੀ' ਲਿਖਜ਼ਾ ਹੈ।
[1]ਬਿਨਾਂ ਜਲ ਤੇ ਬਿਨਾਂ ਖਾਣੇ ਤੋਂ ਵਰਤ ਰਖਦਾ ਸੀ।
[2]ਭਾਵ ਸ਼੍ਰੀ ਗੋਇੰਦਵਾਲ।
[3]ਲੰਗਰ ਵਿਚ ਆਵਾਜਾਈ ਸਭ ਦੀ ਹੈ।
[4]ਗੁਰੂ ਜੀ ਨੂੰ ਸਾਰੇ (ਨੇਮ) ਛੱਡਕੇ (ਲੋਕੀਂ) ਮਿਲਦੇ ਹਨ।
[5]ਗੁਰੂ ਵਿਚ ਹੀ ਪ੍ਰੇਮ ਰਖੇ (ਤੇ) ਹੋਰ ਸਭ ਕੁਛ ਗੁਆ ਲਵੇ।

ਨਹਿਂ ਤਜਿ ਸਕੌਂ ਸਹਤ ਜਗ ਸ਼ਰਮ[1]- ॥੭॥
ਇਮਿ ਉਰ ਤਰਕਤਿ ਹਟਿ ਸੋ ਰਹਯੋ।
ਅੰਤਰ ਗਯੋ ਨ ਦਰਸ਼ਨ ਲਹਯੋ।
ਗਮਨਯੋ ਪੰਥ ਅਗਾਰੀ ਫੇਰ।
ਂ ਲਿਯੋ ਸੰਗ ਮਹਿਂ ਸੰਗ[2] ਬਡੇਰ ॥੮॥
ਗੋਇੰਦਵਾਲ ਤਜਯੋ ਦੁਇ ਕੋਸ।
ਜਾਇ ਕਰਯੋ ਡੇਰਾ ਸ਼੍ਰਮੁ ਹੋਸ[3]।
ਖਾਨ ਪਾਨ ਕਰਿਕੇ ਜਬਿ ਸੋਯੋ।
ਮਹਾਂ ਭਿਆਨਕ ਸੁਪਨੋ ਹੋਯੋ ॥੯॥
ਦਾਰੁਨ ਰੂਪ ਕਾਲਕਾ ਹੇਰਿ।
ਤ੍ਰਾਸ ਪਾਇ ਕਰਿ ਬੋਲਯੋ ਫੇਰ।
'ਹੇ ਮਾਤਾ! ਮੈਂ ਭਗਤ ਤੁਮਾਰਾ।
ਕ੍ਰੂਰ ਜੋਗਨੀ ਮੁਹਿ ਪਰਵਾਰਾ[4] ॥੧੦॥
ਇਨ ਤੇ ਰੱਛਾ ਮੇਰੀ ਕਰਿਅਹਿ।
ਨਹਿਂ ਭੱਖਹਿ[5] ਸਗਰੀ ਨਿਰਵਰੀਅਹਿ।
ਕੌਨ ਦੋਸ਼ ਮੇਰੋ ਅਸ ਜੋਵਾ।
ਜਿਸ ਤੇ ਤ੍ਰਾਸਕ ਦਰਸ਼ਨ ਹੋਵਾ' ॥੧੧॥
ਸੁਪਨੇ ਮਹਿਂ ਤਿਸ ਕੋ ਸਮਝਾਯੋ।
'ਹੁਤੋ ਭਗਤ, ਤਬਿ ਦਰਸ਼ਨ ਪਾਯੋ।
ਸਤਿਗੁਰ ਤੇ ਬੇਮੁਖ ਹੁਇ ਆਵਾ।
ਯਾਂ ਤੇ ਤੋਹਿ ਤ੍ਰਾਸ ਦਰਸਾਵਾ ॥੧੨॥
ਮੋਹਿ[+] ਭਗਤਿ ਕਰਿਬੇ ਫਲ ਇਹੁ ਹੈ।
ਸ਼ਰਧਾ ਯੁਤਿ ਗੁਰ ਦਰਸ਼ਨ ਲਹਿਹੈ।
ਨਾਂਹਿ ਤਿ ਮੇਰੀ ਭਗਤਿ ਨ ਪਾਵੈ।
ਗੁਰ ਤੇ ਬੇਮੁਖ ਹੁਇ ਦਰਸਾਵੈ[6] ॥੧੩॥
ਜਗਤ ਉਧਾਰਨ ਹਿਤ ਅਵਤਾਰ।

---

[1]ਲੋਕ ਲਾਜ।
[2]ਆਪਣੇ ਨਾਲ ਲਿਆ ਸਾਥ।
[3]ਥੱਕ ਕਰਕੇ।
[4]ਭਜਾਨਕ ਜੋਗਨੀਆਂ ਨੇ ਮੈਨੂੰ ਘੇਰਿਆ ਹੈ।
[5]ਖਾ ਨਾ ਲੈਣ।
[+]ਪਾ:-ਮੋਰ।
[6]ਜੋ ਗੁਰੂ ਤੋਂ ਬੇਮੁਖ ਹੋਕੇ ਮੇਰੇ ਦਰਸ਼ਨ ਨੂੰ ਆਵੇ ਉਹ ਮੇਰੀ ਭਗਤੀ ਨਾ ਪਾਵੇਗਾ।

ਭਗਤਿ ਰੂਪ ਹੁਇ ਰਹਤਿ ਉਦਾਰ।
ਲਾਖਹੁਂ ਲੋਕ ਸੁਮਤਿ ਕੋ ਪਾਇਂ।
ਸਿੱਖੀ ਮਾਰਗ ਕੋ ਪ੍ਰਗਟਾਇਂ ॥੧੪॥
ਦੂਰੇ ਰਹੈਂ ਪ੍ਰਭੁ ਕੇ ਅਵਤਾਰ।
ਹਟਿ[++] ਅਬਿ ਮਿਲਹੁ ਭਰਮ ਨਿਰਵਾਰ।'
ਸੁਨਿ ਸੁਪਨੇ ਮਹਿਂ ਬੰਦਨ ਕੀਨਿ।
ਜਾਗਜੋ ਪੁਨ ਅਚਰਜ ਮਨ ਲੀਨਿ ॥੧੫॥

ਦੋਹਰਾ: ਭਈ ਭੋਰ ਉਠਿ ਕਰਿ ਹਟਜੋ, ਦਰਸ਼ਨ ਗੁਰ ਕੀ ਪ੍ਰੀਤਿ।
ਆਯਹੁ ਗੋਇੰਦਵਾਲ ਮਹਿਂ, ਦਿਢ ਸ਼ਰਧਾ ਧਰਿ ਚੀਤਿ ॥੧੬॥

ਚੌਪਈ: ਪ੍ਰਥਮ ਦੇਗ ਮਹਿਂ ਅਚਜੋ ਅਹਾਰਾ।
ਪੁਨ ਗਮਨਜੋ ਜਹਿ ਸਤਿਗੁਰ ਦ੍ਵਾਰਾ।
ਜਿਸ ਕੇ ਰਿਦੈ ਪ੍ਰੇਮ ਬਹੁ ਜਾਗਾ।
ਜਾਗਨ ਲਗੇ ਭਾਲ ਕੇ ਭਾਗਾ ॥੧੭॥
ਦਰਸ਼ਨ ਕਰਜੋ ਜਾਇ ਕਰਿ ਜਬੈ।
ਪ੍ਰੇਮ ਅਧੀਨ ਪਰਜੋ ਪਦ ਤਬੈ।
ਸਤਿਗੁਰ ਨੇ ਬੂਝਜੋ 'ਦਿਜ! ਕਹੋ[**]।
ਕਿਤ ਤੇ ਆਇ ਦਰਸ ਕੋ ਲਹੋ?' ॥੧੮॥
ਸੁਨਿ ਖੇਡੇ ਨੇ ਸਰਬ ਬ੍ਰਿਤਾਂਤ।
ਬਿਦਤ ਗੁਪਤ ਸਭਿ ਕਹਿ ਬਖਜਾਤ।
'ਮਨ ਗਿਲਾਨ ਕਰਿ ਮੈ ਉਠਿ ਗਯੋ।
ਦਾਰੁਨ ਦਰਸ ਕਾਲਿਕਾ ਭਯੋ ॥੧੯॥
ਤੁਮਰੋ ਭੇਵ ਬਤਾਯੋ ਸਾਰੋ[1]।
ਹਟਿ ਆਯੋ ਮੈਂ ਸ਼ਰਨ ਤੁਹਾਰੋ[*]।
ਅਬਿ ਮੇਰੇ ਪਰ ਜੇ ਤੁਮ ਦਯਾ।
ਸੁਪਨੇ ਮਹਿਂ ਦੇਵੀ ਕਹਿ ਦਯਾ ॥੨੦॥
ਕੁਪਤ ਰੂਪ ਤਬਿ ਹੇਰਨ ਕਰਜੋ।
ਸੁਨੇ ਬਾਕ ਜਿਸ ਕੇ ਮੈਂ ਮੁਰਜੋ।
ਸੋ ਸਰੂਪ ਜਗ ਮਾਤ ਮਹਾਂਬਰ।

[++]ਪਾ:-ਹੁਇ।
[**]ਪਾ:-ਕਹਜੋ।
[1](ਦੇਵੀ ਨੇ)।
[*]ਪਾ:-ਤੁਮਹਿ ਨਿਹਾਰੋ।

ਭਈ ਕਿ ਨਹੀਂ ਪ੍ਰਸੰਨ ਮੋਹਿ ਪਰ ॥੨੧॥
ਏਹੁ ਸੰਦੇਹੁ ਮਹਾਂ ਉਰ ਮੇਰੇ।
ਮਿਟਹਿ ਨ ਬਿਨਾ ਭਗਵਤੀ ਹੇਰੇ।
ਤੁਮ ਸਮਰਥ ਸਭਿ ਰੀਤਿ ਮਹਾਂਨਾ।
ਕ੍ਰਿਪਾ ਕਰਹੁ ਸੰਸੈ ਉਰ ਹਾਨਾ' ॥੨੨॥
ਸੁਨਿ ਸ੍ਰੀ ਸਤਿਗੁਰ ਬਿਕਸੇ ਭਾਖਜੋ।
ਇਮਿ ਭੀ ਹੋਇ ਜਥਾ ਅਭਿਲਾਖਜੋ।
ਸ਼ਕਤਿ ਨ ਅਸੁ ਜੋ ਦੁਰਗਾ ਹੇਰੈਂ[1]।
ਹੋਇ ਬਿਦਤ ਠਹਿਰੈਂ ਨ ਅਗੇਰੈਂ[2] ॥੨੩॥
ਇਸ ਗਤਿ ਕੋ ਉਰ ਲੇਹੁ ਬਿਚਾਰੀ।'
ਸੁਨਿ ਖੇਡੇ ਪੁਨਿ ਗਿਰਾ ਉਚਾਰੀ।
'ਕਰੁਨਾ ਕਰਹੁ ਦਿਖਾਵਹੁ ਮੋਹੀ।
ਸਹੌਂ ਸਕਲ ਹੀ ਜਸ ਗਤਿ ਹੋਹੀ[3]' ॥੨੪॥
ਸ੍ਰੀ ਪ੍ਰਭੂ ਬੱਲੂ ਸੰਗ ਬਖਾਨਾ।
'ਇਸ ਕੋ ਗਹਹੁ ਪਾਨ ਮਹਿਂ ਪਾਨਾ।
ਆਬਿ ਲੇ ਜਾਹੁ ਬੀਚ ਚੌਬਾਰੇ।
ਜਗ ਮਾਤਾ ਕੋ ਦਰਸ ਨਿਹਾਰੇ' ॥੨੫॥
ਸੁਨਿ ਆਗਜਾ ਬੱਲੂ ਗਹਿ ਕਰ ਕੋ।
ਅੰਤਰ ਜਾਇ ਦਿਖਾਯਹੁ ਘਰ ਕੋ।
ਦੇਖਜੋ ਦਿਪਤਿ ਤੇਜ ਰਵਿ ਜੈਸਾ।
ਅਸਤ੍ਰ ਸ਼ਸਤ੍ਰ ਤੇ ਸ਼ੁਭਤਿ[4] ਵਿਸ਼ੇਸ਼ਾ ॥੨੬॥
ਅਸ਼ਟਭੁਜੀ ਜਬਿ ਦੇਖਨ ਕਰੀ।
ਦਿਜਬਰ ਨੇ ਸੁਧਿ ਬੁਧਿ ਸਭਿ ਹਰੀ।
ਵਜ਼ਾਕੁਲ ਹੋਇ ਧਰਨ ਗਿਰ ਪਰਜੋ।
ਮੁਰਛਿਤ ਪਰਜੋ ਪ੍ਰਾਨ ਜਨੁ ਹਰਜੋ ॥੨੭॥
ਬੱਲੂ ਨੇ ਸੁਧਿ ਸਰਬ ਸੁਨਾਈ।
ਗੁਰੂ ਕਹਜੋ 'ਲੇ ਆਉ ਉਠਾਈ।'
ਤਿਨ ਬਲ ਕਰਿ ਕੇ ਤਾਂਹਿ ਉਠਾਵਾ।

---

[1]ਤੇਰੇ ਵਿਚ ਐਸੀ ਤਾਕਤ ਨਹੀਂ ਜੋ ਦੇਵੀ ਦੇਖ ਸਕੀ।
[2]ਜੇ ਪ੍ਰਗਟ ਹੋਈ ਤਾਂ ਅਗੇ ਨ ਠਹਿਰ ਸਕੇਂਗਾ।
[3]ਸਹਾਰਾਂਗਾ ਜੈਸੀ ਦਸ਼ਾ ਹੋਵੇਗੀ।
[4]ਅਸਤ੍ਰ (= ਜੋ ਸ਼ਸਤ੍ਰ ਮੰਤ੍ਰ ਨਾਲ ਚਲਦੇ ਹਨ ਅਥਵਾ ਹੱਥੋਂ ਛਡਣ ਵਾਲੇ ਸ਼ਸਤ੍ਰ ਜੈਸੇ ਚੱਕਰ ਗੋਪੀਆ) ਤੇ ਸ਼ਸਤ੍ਰ (= ਜੋ ਹੱਥ ਨਾਲ ਚਲਦੇ ਹਨ) ਨਾਲ ਸ਼ੋਭਦੀ ਹੈ।

ਆਨਿ ਪ੍ਰਭੂ ਕੇ ਪਾਇਨ ਪਾਵਾ ॥੨੮॥
ਪਿਖਿ ਸ੍ਰੀ ਅਮਰਦਾਸ ਤਿਸ ਕਾਲਾ।
ਗਹਿ ਕੈ ਚਿਬੁਕ[1] ਉਠਾਇ ਬਿਠਾਲਾ।
ਮਨਹੁ ਮ੍ਰਿਤਕ ਭਾ ਪੁਨਹਿਂ ਜਿਵਾਯੋ।
ਖੁਲ੍ਹੇ ਨੇਤ੍ਰ ਗੁਰ ਦਰਸ਼ਨ ਪਾਯੋ ॥੨੯॥
ਦੇਖਿ ਪ੍ਰਭਾਵ ਚਕਿਤ[2] ਚਿਤ ਰਹਯੋ।
ਕਰ ਜੋਰਤਿ ਗੁਰ ਸੋਂ ਬਚ ਕਹਯੋ।
'ਦੇਹੁ ਸ਼ਰਨ, ਕਰੀਅਹਿ ਨਿਜ ਦਾਸੁ।
ਬਨੌਂ ਕ੍ਰਿਤਾਰਥ ਪੂਰਹੁ ਆਸ' ॥੩੦॥
ਬਿਕਸੇ ਸਤਿਗੁਰ ਬਹੁਰ ਉਚਾਰਾ।
'ਸੁਨਿ ਖੇਡਾ! ਤੂੰ ਦਾਸ ਹਮਾਰਾ।
ਕਰਹੁ ਸਾਦ ਦੇਵੀ ਕੀ ਸੇਵਾ[3+]।
ਜਪ[4] ਸਤਿਨਾਮ ਮੰਤ੍ਰ ਗੁਰ ਦੇਵਾ ॥੩੧॥
ਮਿਲਹਿ ਜੁ ਤੋਹਿ ਦੇਹੁ ਉਪਦੇਸ਼ਾ।
ਸਿੱਖੀ ਕੋ ਬਿਸਤਾਰ ਬਿਸ਼ੇਸ਼ਾ।
'ਇਮਿ ਕਹਿ ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ।
ਉਪਜਯੋ ਬ੍ਰਹਮ ਗਯਾਨ ਤਿਸ ਬੇਰਾ ॥੩੨॥
ਕਰਿ ਅਜ਼ਮਤ ਜੁਤਿ ਦੀਨ ਬਿਦਾਈ।
ਰਾਮ ਨਾਮ ਕੀ ਉਰ ਲਿਵਲਾਈ।
ਭੁਗਤਿ ਮੁਕਤਿ ਲੇ ਘਰ ਕੇ ਗਯੋ।
ਨਰ ਅਨੇਕ ਕੋ ਸੰਕਟ ਹਯੋ ॥੩੩॥
ਜਿਨ ਜਿਨ ਸੰਗਤਿ ਤਿਸ ਕੀ ਕੀਨਿ।
ਤਿਨਹੁਂ ਨਹੀਂ ਜਮੁ ਕੋ ਦੁਖ ਲੀਨਿ।
ਸਤਿਗੁਰ ਕੀ ਸਿੱਖੀ ਬਿਰਧਾਈ[5]।
ਦਰਸ਼ਨ ਪਰਸਹਿ ਕਬਿ ਕਬਿ ਆਈ ॥੩੪॥ ਵਿਸ਼ੇਸ਼ ਟੂਕ
ਜਿਸ ਪਰ ਦ੍ਰਿਸ਼ਟਿ ਕ੍ਰਿਪਾ ਕੀ ਕਰੈਂ।
ਨਿਜ ਕੁਟੰਬ ਜੁਤਿ ਭਉਜਲ ਤਰੈਂ।

---

[1]ਠੋਡੀ ਤੋਂ।
[2]ਹੈਰਾਨ।
[3]ਦੇਵੀ ਦੀ ਸੇਵਾ (ਪਿੱਛੇ) ਸਦਾ ਕਰਦਾ ਰਹਿਆ ਹੈਂ (ਤੂੰ)।
[+][ਇਸ ਨਿਸ਼ਾਨ ਦੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]
[4](ਹੁਣ ਤੋਂ) ਜਪ.....।
[5]ਵਧਾਈ।

ਜਿਮਿ ਗੋਂਦੇ ਗੁਰ ਅੰਗਦ ਪਾਸ।
ਪੂਰਬ ਕਰੀ ਹੁਤੀ ਅਰਦਾਸ ॥੩੫॥
ਗੋਇੰਦਵਾਲ ਬਿਸਾਲ ਬਸਾਯੋ।
ਸੋ ਗੁਰ ਕੇ ਅਨੁਸਾਰ ਰਹਾਯੋ।
ਆਰਬਲਾ ਤਿਸ ਪੂਰੀ ਭਈ।
ਪ੍ਰਾਨ ਅੰਤ ਕਾਯਾ ਤਜਿ ਦਈ ॥੩੬॥
ਤਿਸ ਕੀ ਸੰਤਤਿ ਪਾਛੇ ਰਹੀ।
ਤਿਨ ਮਤਿ ਗੁਰ ਅਨੁਸਰਨੀ ਨਹੀਂ[1]।
-ਚੌਧਰਤਾ ਹਮਰੇ- ਇਮਿ ਜਾਨੇ।
-ਇਸ ਪੁਰਿ ਕੇ ਨਰ ਬਿਖੇ ਮਹਾਂਨੇ[2] ॥੩੭॥
ਸਗਰੋ ਨਗਰ ਹਮਾਰੋ ਅਹੈ।
ਅਰਪੈਂ ਭੇਟ ਇਹਾਂ ਜੋ ਰਹੈਂ।
ਸ਼੍ਰੀ ਗੁਰ ਕੋ ਘਰ ਅਹੈ ਬਿਸਾਲਾ।
ਦੇਤਿ ਨਹੀਂ[3] ਸੋ ਕੁਛ ਕਿਸ ਕਾਲਾ ॥੩੮॥
ਆਵਤਿ ਇਨ ਕੇ ਦਰਬ ਬਡੇਰੇ।
ਚਲਹਿ ਦੇਗ ਨਰ ਅਚਹਿਂ ਘਨੇਰੇ।
ਉਚਿਤ ਅਬਹਿ ਇਨ ਤੇ ਧਨ ਲੀਜਹਿ।
ਹੱਕ ਚੌਧਰਤਾ ਕੋ ਕਹਿ ਦੀਜਹਿ[4] ॥੩੯॥
ਪ੍ਰਥਮ ਆਮਦਨ ਧਨ ਕੀ ਥੋਰੀ[5]।
ਅਬਿ ਚਹੁਂ ਦਿਸ਼ ਤੇ ਆਇ ਅਕੋਰੀ-।
ਮਤਿ ਮਲੀਨ ਮਿੱਥਜਾ ਅਭਿਮਾਨੀ।
ਨਿਕਟ[6] ਗੁਰੂ ਨਹਿਂ ਮਹਿਮਾ ਜਾਨੀ ॥੪੦॥
ਤੀਰਥ ਬਾਸੀ ਜਿਮ ਨਰ ਹੋਵਹਿਂ।
ਨਹੀਂ ਮਹਾਤਮ ਤਿਨ ਕੋ[7] ਜੋਵਹਿਂ।
ਨਹਿਂ ਸ਼ਰਧਾ ਸੋਂ ਦੇਹਿ ਸ਼ਨਾਨਹਿਂ।
ਨਿਸ ਦਿਨ ਮੂਢ ਅਵੱਗਜਾ ਠਾਨਹਿਂ ॥੪੧॥

---

[1]ਤਿਨ੍ਹਾਂ ਦੀ ਮਤ ਗੁਰੂ ਜੀ ਦੇ ਅਨੁਸਾਰ ਨਹੀਂ ਸੀ ਰਹੀ।
[2]ਵਿਚੋਂ (ਅਸੀਂ) ਵਡੇ ਹਾਂ।
[3](ਸਾਨੂੰ) ਨਹੀਂ ਦੇਂਦੇ।
[4]ਜਣਾ ਦੇਈਏ।
[5](ਗੁਰੂ ਜੀ ਨੂੰ) ਥੋੜੀ ਸੀ।
[6]ਨੇੜੇ (ਰਹਿਕੇ ਬੀ)।
[7]ਤੀਰਥਾਂ ਦਾ।

ਜਾਹਿਂ ਦੂਰ ਤੇ ਸਾਦਰ ਮੱਜਹਿਂ[1]।
ਸ਼ੁਭ ਫਲ ਪ੍ਰਾਪਤਿ ਕਲਮਲ ਭੱਜਹਿਂ।
ਤਿਮਿ ਇਹੁ ਮੂਰਖ ਰਿਦੇ ਮਲੀਨੇ।
ਗੁਰੂ ਮਹਾਤਮ ਨਹਿਂ ਮਨ ਚੀਨੇ ॥੪੨॥
ਲਗੇ ਅਵੱਗਜ਼ਾ ਕਰਨ ਕੁਢਾਲੀ।
ਹੰਕਾਰੀ, ਦੁਰਮਤੀ, ਕੁਚਾਲੀ।
ਸਤਿਗੁਰ ਨਿਕਟ ਜਾਇ ਕਰਿ ਬੈਸੇ।
ਧਰੇ ਲੋਭ ਬੋਲੇ ਤਬਿ ਐਸੇ ॥੪੩॥
'ਹਮਰੇ ਨਗਰ ਬਾਸ ਜੇ ਕੀਜੈ।
ਕੁਛ ਸਿਰਦਾਰੀ ਕੋ[2] ਹਮ ਦੀਜੈ।
ਅਪਰ ਸਰਬ ਹੀ ਮਾਨਹਿਂ ਆਨ[3]।
ਜਥਾ ਜੋਗ ਦੇਵਹਿਂ ਘਰ ਆਨਿ[4] ॥੪੪॥
ਬਹੁ ਸੰਮਤ ਬੀਤੇ ਤੁਮ ਰਹੋ।
ਅਨਿਕ ਉਪਾਇਨ ਜਗ ਤੇ ਲਹੋ।
ਪੂਰਬ ਅਲਪ ਹੁਤੀ ਗੁਜਰਾਨ।
ਅਬਿ ਮਾਨਹਿ ਬਹੁ ਆਨ ਜਹਾਨ' ॥੪੫॥
ਮਤਿਮੰਦਨ ਤੇ ਸੁਨਿ ਗਤਿਦਾਨੀ।
ਸਹਿਜ ਸੁਭਾਵਿਕ ਬੋਲੇ ਬਾਨੀ।
'ਲੰਗਰ ਬਿਖੈ ਗਮਨਿ ਕਰਿ ਜਾਵਹੁ।
ਜਿਤੋ ਅੰਨ ਚਾਹਹੁ ਤਹਿਂ ਖਾਵਹੁ ॥੪੬॥
ਦੇਸ਼ ਬਿਦੇਸ਼ੀ ਸੰਗਤਿ ਸਾਰੀ।
ਚਲਹਿ ਦੇਗ ਤਹਿਂ ਅਚਹਿ ਅਹਾਰੀ।
ਹਟਕਾਰ[5] ਨ ਕਿਸ ਕੀ ਤਿਸ ਥਾਨ[*]।
ਛੁਧਿਤਿ ਕਰਤਿ ਸਭਿ ਭੋਜਨ ਖਾਨ ॥੪੭॥
ਸੋ ਜਾਨਹੁਂ ਸਰਬੰਸ ਹਮਾਰਾ।
ਅਹੈ ਗ਼ਰੀਬਨਿ ਕੇਰਿ ਗੁਜ਼ਾਰਾ।
ਪਿਤਾ ਤਿਹਾਰੇ ਕਛੂ ਨ ਚਾਹਾ।

---

[1](ਜੋ) ਦੂਰੋਂ ਜਾਂਦੇ ਹਨ, ਆਦਰ ਨਾਲ ਇਸ਼ਨਾਨ ਕਰਦੇ ਹਨ।
[2]ਚੌਧਰੀ ਪੁਨੇ ਦਾ।
[3]ਈਨ।
[4]ਆਕੇ।
[5]ਰੋਕ।
[*]ਪਾ:-ਨਹਿ ਹਟਕਾਰ ਕਿਸੀ ਤਿਸ ਥਾਨ।

ਧਰੇ ਲੋਭ ਆਏ[1] ਹਮ ਪਾਹਾ ॥੪੮॥
ਧਨ ਕੋ ਸੰਚਨਿ ਹਮਰੇ ਨਾਂਹਨਿ[2]।
ਅੰਨ ਆਦਿ ਵਸਤੂ ਘਰ ਮਾਂਹਿ ਨ।
ਜੋ ਤੁਮ ਕੋ ਹਮ ਦੇਹਿਂ ਨਿਕਾਸ।
ਸੋ ਨਹਿਂ ਰਾਖਹਿਂ ਕਛੂ ਅਵਾਸ' ॥੪੯॥
ਸੁਨਿ ਗੋਂਦੇ ਸੁਤ ਬਾਖ ਬਖਾਨਜੋ।
'ਹਮ ਤੋ ਲੇਨਿ ਦਰਬ ਕੋ ਠਾਨਜੋ।
ਅਪਰ ਵਸਤੁ ਹਮ ਲੇਤਿ ਨ ਕੋਈ।
ਧਨ ਦੀਜਹਿ ਕਰ ਧਾਰੈਂ ਸੋਈ[3] ॥੫੦॥
ਸਦਨ ਆਪਨੇ ਅਚਹਿਂ[4] ਅਹਾਰਾ।
ਅੰਨ ਖਰੀਦਹਿਂ ਮੋਲ ਬਜਾਰਾ।
ਤੁਮਰੇ ਨਿਕਟ ਕਮੀ ਨਹਿਂ ਕੋਊ।
ਸੰਗਤਿ ਰਹੈ ਭੀਰ ਕਰਿ ਸੋਊ ॥੫੧॥
ਨਿਤਿ ਪ੍ਰਤਿ ਆਨਹਿਂ ਦਰਬ ਉਦਾਰਾ।
ਦੂਰ ਦੂਰ ਕੇ ਨਰ ਬਹੁ ਬਾਰਾ।
ਸ਼ਰਧਾ ਧਰਹਿਂ ਨਿਵਾਵਹਿਂ ਸੀਸ।
ਕੇਤਿਕ ਆਵਤਿ ਨਿਕਟ ਮਹੀਸ਼[5] ॥੫੨॥
ਆਇ ਉਪਾਇਨ ਅਨਿਕ ਪ੍ਰਕਾਰਾ।
ਤਿਨ ਮਹਿਂ ਤੇ ਦਿਹੁ ਹੱਕ ਹਮਾਰਾ।'
ਸੁਨਿ ਸ਼੍ਰੀ ਅਮਰਿ ਕਹਜੋ ਤਿਨਿ ਫੇਰ।
'ਧਨ ਕੋ ਲੋਭ ਕਰਤਿ ਹੋ ਢੇਰ ॥੫੩॥
ਗੁਰ ਕੇ ਸਦਨ ਮਿਲੇਗੀ ਦੇਗ਼।
ਅਵਰ ਲੋਭ ਤਜਾਗਹੁ ਤੁਮ ਬੇਗ।
ਕਾਹੇ ਤ੍ਰਿਸ਼ਨਾ ਅਧਿਕ ਕਰਤਿ ਹੋ।
ਹਮ ਸੋਂ ਧਨ ਕੇ ਹੇਤੁ ਅਰਤਿ ਹੋ[6]' ॥੫੪॥
ਐਸੇ ਬਹੁਤ ਭਈ ਤਕਰਾਰ।

---

[1](ਤੁਸੀਂ) ਆਏ ਹੋ।
[2]ਧਨ ਕੋਈ ਇਕੱਠਾ ਨਹੀਂ ਸਾਡੇ।
[3]ਧਨ ਦਿਓ, ਇਹੋ ਸਾਡਾ ਕਰ ਹੈ।
(ਅ) ਧਨ ਦਿਓ ਇਹੋ ਲਵਾਂਗੇ [ਕਰ ਧਾਰਨਾ = ਲੈਣਾ]।
[4]ਖਾਵਾਂਗੇ।
[5]ਰਾਜੇ (ਭੀ)।
[6]ਅੜਦੇ ਹੋ।

ਓੜਕ ਦੁਸ਼ਟ ਕਰਤਿ ਭੇ ਰਾਰ[1]।
ਕਹਤਿ ਭਏ 'ਹਮ ਦਿੱਲੀ ਜਾਵਹਿਂ।
ਕਰਿ ਫਰਜ਼ਾਦ ਤੁਮ ਤੇ ਧਨ ਪਾਵਹਿਂ' ॥੫੫॥
ਸਤਿਗੁਰ ਕਹਯੋ 'ਖੁਸ਼ੀ ਸੋ ਕਰੋ।
ਹਮ ਤੇ ਧਨ ਕੀ ਆਸ ਨ ਧਰੋ।'
ਗਏ ਸਦਨ ਉਠਿ ਮਤਾ ਪਕਾਯੋ।
ਦਿੱਲੀ ਜਾਇ ਕਲੰਕ ਸੁ ਪਾਯੋ ॥੫੬॥
ਚਵਗੱਤੇ ਆਗੇ ਫਰਿਆਦ।
ਮੂਰਖ ਕਰਤਿ ਭਏ ਬਹੁ ਬਾਦ।
ਏਕ ਪਠਾਨ ਗੁਰੂ ਕਾ ਦਾਸ।
ਸਭਾ ਮੱਧ ਚਵਗੱਤੇ ਪਾਸ ॥੫੭॥
ਸਰਬ ਭੇਦ ਪ੍ਰਗਟਾਵਤਿ ਭਯੋ।
ਦੁਸ਼ਟਨ ਕੋ ਝੂਠਾ ਤਿਨ ਕਯੋ।
ਲਗੀ ਹੋਨਿ ਤਿਨ ਪਰ ਬਹੁ ਮਾਰ।
ਧੱਕੇ ਦੇ ਕਾਢੇ ਦਰਬਾਰੁ ॥੫੮॥
ਬਹੁਤ ਦੁਖੀ ਸਭਿ ਸੌਜ[2] ਗਵਾਈ।
ਘਰ ਆਵਤਿ ਲੱਜਾ ਬਹੁ ਪਾਈ।
ਰੁਲ ਮਰ ਗਏ ਜੁ[*] ਆਏ ਫੇਰ।
ਦੁਖੀ ਭਏ ਜਮੁ ਮਾਰੇ ਘੇਰ ॥੫੯॥
ਏਹੁ ਬ੍ਰਿਤਾਂਤ ਸਭਿਨਿ ਸੁਨਿ ਪਾਯੋ।
'ਦੁਸ਼ਟਨਿ ਕੋ ਪ੍ਰਭੁ ਦੰਡ ਦਿਵਾਯੋ।'
ਸ਼੍ਰੀ ਗੁਰ ਰਾਮਦਾਸ ਪ੍ਰਭੁ ਸ੍ਵਾਮੀ।
ਕ੍ਰਿਪਾ ਸਿੰਧੁ ਸਭਿ ਅੰਤਰਾਜਮੀ ॥੬੦॥
ਤਾਂਹਿ ਸਮੇਂ ਗੁਰ ਸੇਵ ਮਝਾਰਾ।
ਤਤਪਰ ਰਹਤਿ ਹੁਤੇ ਦਰਬਾਰਾ।
ਗਉੜੀ ਰਾਗ ਵਾਰ ਕੇ ਅੰਤਰ।
ਇਸ ਪਰਿਥਾਇ ਸ਼ਲੋਕ ਸੁਤੰਤਰ[3] ॥੬੧॥
ਉਚਰਤਿ ਭਏ ਭਲੋ ਚਿਤ ਲਾਇ।

---

[1]ਝਗੜਾ ਕਰਨ ਲਗ ਪਏ।
[2]ਸਮਿੱਗ੍ਰੀ।
[*]ਪਾ:-ਨਾ।
[3]ਆਪਣੀ ਇੱਛਾ ਅਨੁਸਾਰ।

ਜੋ ਗੁਰ ਕੀ ਮਹਿਮਾ ਪ੍ਰਗਟਾਇ।
ਸੁਨਹੁਂ ਸਿੱਖ ਚਿਤ ਕਰਿ ਸਵਧਾਨ।
ਸ਼੍ਰੀ ਸਤਿਗੁਰੂ ਜੁ ਕੀਨ ਬਖਾਨ ॥੬੨॥

ਸ੍ਰੀ ਮੁਖਵਾਕ:
ਸਲੋਕ ਮਃ ੪ ॥
ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ[1]
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ[2] ਪੜਿ ਸਗਵੀ[3] ਮਲੁ ਲਾਇ ਮਨਮੁਖੁ ਆਇਆ ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥
ਤੜ[4] ਸੁਣਿਆ ਸਭਤੁ ਜਗਤ ਵਿਚਿ ਭਾਈ
ਵੇਮੁਖੁ ਸਣੈ ਨਫਰੈ ਪਉਲੀ ਪਉਦੀ[5] ਫਾਵਾ ਹੋਇ ਕੈ ਉਠਿ ਘਰਿ ਆਇਆ ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥
ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥੧॥

ਚੌਪਈ: ਰਹਿ ਗਯੋ ਬਾਲਕ ਏਕ ਪਿਛਾਰੀ।
ਗੋਂਦੇ ਕੀ ਤ੍ਰਿਯ ਗੁਰੂ ਅਗਾਰੀ।
ਪਛੁਤਾਵਤਿ ਕਰ ਜੋਰਿ ਬਖਾਨੀ।
'ਇਹ ਸਭਿ ਮੰਦ, ਨ ਮਹਿਮਾ ਜਾਨੀ ॥੬੩॥
ਤੁਮ ਪ੍ਰਤਾਪ ਤੇ ਇਹੁ ਸਭਿ ਹੋਏ।
ਕਰੀ ਅਵੱਗਜਾ ਤੁਮ ਸਭਿ ਖੋਏ[6]।
ਰਹਯੋ ਬਾਲ ਇਹੁ ਅਬਹਿ ਪਿਛਾਰੀ*।
ਰਾਖਹੁ ਕ੍ਰਿਪਾ ਕਰਹੁ ਸੁਖਕਾਰੀ! ॥੬੪॥
ਤਿਨਹੁ ਕਰਯੋ ਜਸੁ, ਤਸੁ ਫਲ ਪਾਯੋ।

---

[1]ਗੋਦੜਾ।
[2]ਗੰਦਗੀ।
[3]ਜਿਉਂ ਕੀ ਤਿਉਂ, ਉਲਟੀ, ਬਹੁਤ।
[4]ਛੇਤੀ।
[5]ਛਿੱਤਰ।
[6]ਤੁਹਾਡੀ ਅਵੱਗਜਾ ਕਰਕੇ ਸਭ ਕੁਛ ਗੁਆ ਲਿਆ ਨੇ।
*ਪਾ:-ਰਹਿ ਗਯੋ ਬਾਲਕ ਏਕ ਪਿਛਾਰੀ।

ਅਬ ਰਾਵਰਿ ਕੀ ਸ਼ਰਨੀ ਆਯੋ।
ਸੰਤ ਪ੍ਰਸੰਨ ਸਦਾ ਉਪਕਾਰੀ।
ਕਰਹਿਂ ਬੁਰੇ ਕੋ ਭਲਾ ਬਿਚਾਰੀ' ॥੬੫॥
ਸੁਨਿ ਪ੍ਰਭੁ ਨੇ ਕਰੁਨਾ ਕਰਿ ਰਾਖਜੋ।
'ਇਸ ਤੇ ਬੰਸ ਬ੍ਰਿਧੈ' ਤਬਿ ਭਾਖਜੋ।
ਭਈ ਪ੍ਰਸੰਨ ਸੁ ਗ੍ਰਿਹ ਕੋ ਗਈ।
ਕਰੀ ਅਵੱਗਜਾ ਸੋ ਬਖਸ਼ਈ ॥੬੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੋਂਦੇ ਸੁਤ' ਪ੍ਰਸੰਗ ਬਰਨਨੰ ਨਾਮ ਏਕ ਸ਼ਸ਼ਟੀ ਅੰਸੂ ॥੬੧॥

ਵਿਸ਼ੇਸ਼ ਟੂਕ: ਸ੍ਰੀ ਲਹਿਣਾ ਜੀ ਜਦ ਦੇਵੀ ਦਰਸ਼ਨਾਂ ਨੂੰ ਜਾਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਤਦ ਆਪ ਨੇ ਦੇਵੀ ਨੂੰ ਗੁਰੂ ਜੀ ਦੇ ਦਰਬਾਰ ਝਾੜੂ ਦੇਂਦਿਆਂ ਵੇਖਿਆ। ਇਸੇ ਅੰਸੂ ਦੇ ਅੰਕ ੧੩ ਵਿਚ ਆਪ ਦੇਵੀ ਨੇ ਕਿਹਾ ਹੈ ਕਿ ਇਹਦੀ ਭਗਤੀ ਦਾ ਫਲ ਇਹ ਹੁੰਦਾ ਹੈ ਕਿ ਭਗਤ ਨੂੰ ਸੱਚੇ ਗੁਰੂ ਦਾ ਮੇਲ ਹੋ ਜਾਂਦਾ ਹੈ। ਹੁਣ ਬੀ ਦੇਵੀ ਗੁਰੂ ਕੇ ਸੇਵਕ ਬੱਲੂ ਜੀ ਨੇ ਜਾ ਦਿਖਾਈ ਹੈ। ਇਸ ਤੋਂ ਪ੍ਰਗਟ ਹੈ ਕਿ ਗੁਰੂ ਜੀ ਦੇ ਅਸਥਾਨ ਤੇ ਜਿਸ ਦੇਵੀ ਦੇ ਦਰਸ਼ਨ ਇਸਨੂੰ ਕਰਾਏ ਗਏ ਸਨ, ਓਹ ਗੁਰੂ ਜੀ ਦੇ ਡੇਰੇ ਤੇ ਝਾੜੂ ਦੇਣ ਦੀ ਹੈਸੀਅਤ ਵਿਚ ਹੀ ਆਈ ਹੋਣੀ ਹੈ। ਜੇ ਕਦੀ ਇਸ਼ਟ ਰੂਪ ਵਿਚ ਆਈ ਹੁੰਦੀ ਤਦ ਗੁਰੂ ਜੀ ਆਪ ਜਾਂਦੇ ਆਪਣੇ ਨੌਕਰ ਨੂੰ ਦੇਵੀ ਦੇ ਦਰਸ਼ਨ ਕਰਾਉਣ ਨਾ ਭੇਜਦੇ, ਨੌਕਰ ਨੂੰ ਭੇਜਣਾ ਵੀ ਇਹ ਹੀ ਦੱਸਦਾ ਹੈ ਕਿ ਇਹ ਦੇਵੀ ਸਤਿਗੁਰਾਂ ਤੇ ਸ਼ਰਧਾ ਰਖਣ ਵਾਲੀ ਵਜਕਤੀ ਹੈ। ਗੁਰੂ ਜੀ ਉੱਚੇ ਹਨ।

੬੨. [ਵਿੱਦਜਾਭਿਮਾਨੀ ਬੇਨੀ ਪੰਡਤ ਨਿਸਤਾਰਾ। ਫਿਰਜ਼ਾ, ਕਟਾਰਾ ਪ੍ਰਤਿ ਆਗਜ਼ਾ]

੬੧<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੩

ਦੋਹਰਾ: ਇਕ ਪੰਡਿਤ ਬੇਨੀ[1] ਹੁਤੋ,
ਬਿੱਦਜਾ ਬਿਖੈ ਪ੍ਰਬੀਨ।
ਨਜਾਇ ਸ਼ਾਸਤ੍ਰ ਤੇ ਆਦਿ ਜੇ,
ਰਸਨਾ ਅੱਗ੍ਰ ਸੁ ਕੀਨ[2] ॥੧॥

ਚੌਪਈ: ਦੇਸ਼ ਬਿਦੇਸ਼ਨ ਬਿਖੇ ਹਮੇਸ਼।
ਬਿਚਰਤਿ ਬਿੱਦਜਾ ਮਾਨ ਬਿਸ਼ੇਸ਼।
ਜਹਾਂ ਪਠਤਿ ਵਿੱਦਜਾ[3] ਸੁਨਿ ਲੇਹਾ।
ਤਹਿਂ ਪਹੁੰਚੈ ਚਰਚਾ ਹਿਤ ਏਹੁ[+] ॥੨॥
ਲੋਕ ਬ੍ਰਿੰਦ ਮਹਿਂ ਲਿਖੈ ਪ੍ਰਥਮ ਇਮਿ[4++]।
'ਹੋਇ ਪਰਾਜੈ ਚਰਚਾ ਮਹਿਂ ਕਿਮ[5]।
ਤਿਸ ਕੇ ਪੁਸਤਕ ਛੀਨੈ ਸਾਰੇ।
ਜੀਤਨਿ ਹਾਰੋ ਲੇਹਿ ਸੰਭਾਰੇ[6]' ॥੩॥
ਲੋਕ ਮਿਲਹਿਂ ਬਹੁ ਚਰਚਾ ਮਾਂਹਿ।
ਸੁਨੈ ਸਰਬ ਹੀ ਰਿਦੇ ਉਮਾਹਿ।
ਬੇਨੀ ਪੰਡਤ ਜੀਤਹਿ ਜਬਿਹੂੰ।
ਦਿਜ ਤੇ ਪੁਸਤਕ ਛੀਨਹਿ ਸਭਿਹੂੰ ॥੪॥
ਸੁਨਹਿਂ ਧਨੀ ਨਰ ਧਨ ਅਰਪਾਵਹਿਂ।
ਬਹੁ ਕੀਰਤਿ ਕੋ ਕਹੈਂ ਸੁਨਾਵਹਿਂ।
ਇਸ ਬਿਧਿ ਬਹੁਤੇ ਨਗਰ ਮਝਾਰਾ।
ਫਿਰਤਿ ਲਦਾਯੋ ਪੁਸਤਕ ਭਾਰਾ ॥੫॥
ਉਸ਼ਟਰ[7] ਏਕ ਲਯੋ ਸੰਗ ਫਿਰਿਹੀ।
ਯਾਂ ਤੇ ਬਹੁ ਹੰਕਾਰ ਸੁ ਧਰਿਹੀ।
ਬਿੱਦਜਾਅਰਥੀ ਪਠਿਬੇ ਕਾਰਨ।

---

[1]ਇਕ ਪੰਡਤ ਦਾ ਨਾਮ।
[2]ਭਾਵ ਯਾਦ ਕੀਤੇ ਸਨ।
[3]ਵਿਦਜਾ ਪੜ੍ਹਿਆ ਹੋਇਆ।
[+]ਪਾ:-ਦੇਹ।
[4]ਲੋਕਾਂ ਵਿਚ ਪਹਿਲੇ ਲਿਖਕੇ (ਲਾ ਦੇਂਦਾ ਸੀ) ਭਾਵ ਇਸ਼ਤਿਹਾਰ ਦੇ ਦੇਂਦਾ ਸੀ।
[++]ਪਾ:-ਜਹਾਂ ਜਾਇ ਤਹਿਂ ਲਿਖੇ ਪ੍ਰਥਮ ਇਮ।
[5](ਜੇ) ਚਰਚਾ ਵਿਚ ਕਿਸੇ ਤਰ੍ਹਾਂ (ਕੋਈ) ਹਾਰ ਜਾਵੇਗਾ ਤਾਂ।
[6]ਜਿੱਤਣ ਵਾਲਾ ਉਨ੍ਹਾਂ ਪੋਥੀਆਂ ਨੂੰ ਸੰਭਾਲ ਲਵੇਗਾ।
[7]ਊਠ।

ਫਿਰਹਿਂ ਸੰਗ ਬਹੁ ਕਰਤਿ ਬਿਚਾਰਨ ॥੬॥
-ਮੈਂ ਦਿਗਬਿਜੈ ਕਰੌਂ ਛਿਤਿ ਫਿਰਿ ਕੈ[1]।
ਕੋ ਠਹਿਰਹਿ ਬਿਦਜਾ ਸੰਗ ਅਰ ਕੈ[2]?
ਮਮ ਸਮ ਅਪਰ ਨਹੀਂ ਜਗ ਕੋਇ।
ਇਮਿ ਹੰਕਾਰ ਰਿਦੇ ਭਰਿ ਸੋਇ ॥੭॥
ਸਹਿਜ ਸੁਭਾਇਕ ਬਿਚਰਿਤ ਆਵਾ।
ਡੇਰੋ ਗੋਇੰਦਵਾਲ ਸੁ ਪਾਵਾ।
ਤਹਿਂ ਸਤਿਗੁਰ ਕੀ ਸੁਨਿ ਕੈ ਕੀਰਤਿ।
ਬਹੁ ਨਿਰਮਲ ਸਭਿ ਜਗ ਬਿਸਤੀਰਤਿ[3] ॥੮॥
ਚਹਤਿ ਦੇਖਿਬੇ ਰਿਦੇ ਉਮਾਹੂ[4]।
ਵਹਿਰ ਗੁਰੂ ਆਏ ਛਿਨ ਤਾਂਹੂ।
ਸਥਿਤ ਬਾਪਿਕਾ ਨਿਕਟ ਸਥਾਨ।
ਦਰਸਹਿਂ ਨਰ ਬੈਠੇ ਗੁਨ ਖਾਨਿ ॥੯॥
ਆਏ ਵਹਿਰ ਜਾਨਿ[5] ਮਨ ਮਾਂਹੀ।
ਉਠਿ ਪੰਡਤਿ ਆਯੋ ਪ੍ਰਭੁ ਪਾਹੀ।
ਸਾਦਰ ਸਤਿਗੁਰ ਨਿਕਟ ਬਿਠਾਯਹੁ।
ਕੁਸ਼ਲ ਖੇਮ ਬੂਝੀ ਹਰਖਾਯਹੁ ॥੧੦॥
ਤਬਿ ਸੰਗਤ ਬਹੁ ਦਰਸ਼ਨ ਕਰੈ।
ਬੰਦਹਿ ਚਰਨ ਉਪਾਇਨ ਧਰੈ।
ਚਿਤ ਬਾਂਛਤਿ ਸਤਿਗੁਰ ਤੇ ਪਾਵੈਂ।
ਹਿਤ ਪ੍ਰਲੋਕ ਗਤਿ ਰਿਦੈ ਮਨਾਵੈਂ[6] ॥੧੧॥
ਬੇਨੀ ਪੰਡਤ ਦੇਖਿ ਸਭਿਨਿ ਕੋ।
ਮਨ ਹੰਕਾਰਤਿ ਕਰਯੋ ਬਚਨ ਕੋ।
'ਤਪ, ਤੀਰਥ, ਬ੍ਰਤ, ਦਾਨ ਮਹਾਂਨਾ।
ਇੱਤਜਾਦਿਕ ਸ਼ੁਭ ਕਰਮ ਸੁਜਾਨਾ ॥੧੨॥
ਨਿਰਮਲ ਅੰਤਹਕਰਨ ਕਰੰਤੇ।
ਤੌ ਮਾਨਵ ਸ਼ੁਭ ਗਤੀ ਲਹੰਤੇ।

---

[1]ਸਭ ਤਰਫ ਫਤਹ ਕਰਾਂਗਾ ਪ੍ਰਿਥਵੀ ਤੇ ਫਿਰਕੇ।
[2]ਵਿੱਦਜਾ ਵਿਚ (ਮੇਰੇ) ਨਾਲ ਅੜ ਕਰਕੇ।
[3]ਜਗਤ ਵਿਚ ਫੈਲ ਰਹੀ ਸੀ।
[4]ਚਾਹ ਕਰਕੇ।
[5]ਬਾਹਰ ਆਏ ਜਾਣਕੇ।
[6]ਪਰਲੋਕ ਵਿਚ (ਸ਼ੁਭ) ਗਤੀ ਲਈ ਚਿੱਤੋਂ ਧਿਆਉਂਦੇ ਹਨ।

ਤੁਮਰੇ ਪੰਥ ਬਿਖੈ ਇਹੁ ਨਾਂਹੀ।
ਕੁਤੋ ਪਰਮਗਤਿ ਇਹੁ ਨਰ ਪਾਹੀਂ? ॥੧੩॥
ਜੇ ਇਨ ਭਲਾ ਕਰਨ ਤੁਮ ਚਾਹੋ।
ਅਸ ਉਪਦੇਸ਼ ਦੇਹੁ ਦੁਖ ਦਾਹੋ।
ਤਪ ਆਦਿਕ ਮਹਿਂ ਜੋਰਹੁ ਇਨ ਕੋ।
ਇਸ ਬਿਧਿ ਬਿਮਲ ਕਰਹੁ ਇਨ ਮਨ ਕੋ ॥੧੪॥
ਉਪਦੇਸ਼ਹੁ ਸ਼ਾਸਤ੍ਰਨ ਕੋ ਮਤਿ ਜਿਮ।
ਇਨ ਕੀ ਛੇਮ ਹੋਤਿ ਕਹੀਅਹਿ ਤਿਮ।'
ਸੁਨਿ ਪੰਡਿਤ ਤੇ ਗੁਰੂ ਪ੍ਰਬੀਨ।
ਹੰਕਾਰਤਿ ਕੋ ਉੱਤਰ ਦੀਨ ॥੧੫॥
'ਤਪ ਆਦਿਕ ਮਖ[1] ਕਰਿਬੇ ਕਰਮ।
ਇਹ ਤੋ ਤੀਨ ਜੁਗਨ ਕੋ ਧਰਮ[2]।
ਅਬਿ ਜੇ ਨਰ ਹੋਏ ਕਲਿ ਮਾਂਹੀ।
ਕਿਸੂ ਕਰਨ ਕੀ ਸਮਰਥ ਨਾਂਹੀ ॥੧੬॥
ਬਿਨਾ ਅੰਨ ਤੇ ਪ੍ਰਾਨ ਬਿਨਾਸੈ[3]।
ਕਿਮਿ ਤਪ ਕਰਹਿਂ ਜਾਇ ਬਨ ਬਾਸੈਂ।
ਦਰਬ ਨਹੀਂ ਅਰ ਬਲੁ ਕਛੁ ਨਾਂਹੀ।
ਕਹਾਂ ਸ਼ਕਤਿ ਮਖ ਕਰਿਬੇ ਮਾਂਹੀ ॥੧੭॥
ਕਰਮ ਕਾਂਡ ਮਹਿਂ ਜੇ ਅਬਿ ਲਾਗੈਂ[*]।
ਕਿਮਿ ਹੁਇ ਆਵੈ ਸਭਿ ਦਿਨ ਭਾਗੈਂ[4+]।
ਦੁਸਕਰ ਸੌਚ ਆਦਿ ਕੋ ਕਰਨੋ[5]।
ਖਾਨ ਪਾਨ ਬਿਧਿ ਤੈਸੀ ਬਰਨੋ[6] ॥੧੮॥
ਇਮਿ ਅਸ਼ਕਤਿ ਨਰ ਜਾਨਹੁਂ ਸਬੈ।
ਪ੍ਰਿਥਮ ਧਰਮ ਕਿਮਿ ਹੋਵਹਿਂ ਅਬੈ।
ਤਿਨ ਕੋ ਕਰਤਜੋ ਸੁਖ ਦੁਖ ਪਾਵੈਂ।

---

[1]ਯੱਗ।
[2]ਸਤਜੁਗ, ਤ੍ਰੇਤਾ, ਦੁਆਪੁਰਦਾ।
[3]ਨਾਸ਼ ਹੋ ਜਾਂਦੇ ਹਨ।
[*]ਪਾ:-ਲਗੈਂ।
[4]ਕਿਵੇਂ (ਕਰਮ ਕਾਂਡ) ਹੋ ਆਵੇ, ਸਾਰਾ ਦਿਨ ਤਾਂ (ਉਪਜੀਵਕਾ ਮਗਰ) ਦੌੜਦਿਆਂ ਗੁਜ਼ਰ ਜਾਂਦਾ ਹੈ। (ਅ) ਓਹ ਸਾਰੇ ਦਿਨ ਭੱਜ ਗਏ ਹਨ ਭਾਵ ਗੁਜ਼ਰ ਗਏ ਹਨ।
[+]ਪਾ:-ਭਗੈਂ।
[5]ਕਠਨ ਹੈ ਪਵਿੱਤ੍ਰਤਾ ਆਦਿ ਦਾ ਕਰਨਾ।
[6]ਭਾਵ ਪਵਿੱਤ੍ਰਤਾ ਨਾਲ ਕਰਨਾ (ਕਠਨ) ਕਹੀਦਾ ਹੈ।

ਸੁਰਗ ਬਿਖੈ ਕਬਿ ਨਰਕ ਸਿਧਾਵੈਂ ॥੧੯॥
ਅਬਿਚਲ ਪਦਵੀ ਪਾਇ ਨ ਕੋਊ[1]।
ਹੰਤਾ ਸਹਤ ਕਰਮ ਸ਼ੁਭ ਜੋਊ।
ਖੇਦ ਬਹੁਤ, ਫਲ ਥੋਰੋ ਪਾਇ।
ਨਾਸ਼ਵੰਤ ਜੇ ਇਹੁ ਸਮੁਦਾਇ ॥੨੦॥
ਅਬਿ ਕਲਜੁਗ ਕੋ ਸਮੋ ਸੁ ਆਵਾ।
ਜਿਸ ਕੌ ਰਾਜ ਤਿਸੀ ਕੋ ਨਸ਼ਾਵਾ।
ਤਪ ਆਦਿਕ ਸ਼ੁਭ ਕਰਮ ਮਹਾਨੇ।
ਗੁਰ ਸੇਵਾ ਕੇ ਹ੍ਵੈ ਨ ਸਮਾਨੇ ॥੨੧॥
ਸੱਤਿਨਾਮ ਕੋ ਸਿਮਰਨ ਸਾਰ।
ਭੁਕਤਿ ਮੁਕਤਿ ਦੇ ਮਹਿਦ ਉਦਾਰ।
ਸਿਮਰਨ ਸ਼੍ਰਵਨ ਭਗਤਿ ਬਡਿਆਈ।
ਇਸ ਸਮ ਕਲਿ[2] ਨਹਿਂ ਆਨ ਬਡਾਈ[++] ॥੨੨॥
ਇਸ ਬਿਨ ਮੁਕਤਿ ਨ ਕੋਈ ਪਾਵੈ।
ਜਸੋਂ ਸਿਕਤਾ[3] ਤੇ ਤੇਲ ਨ ਆਵੈ।
ਤਪ ਬ੍ਰਤ ਆਦਿਕ ਜੇ ਆਚਾਰ।
ਫੋਕਟ ਨਾਮ ਬਿਹੀਨ ਅਸਾਰ[4] ॥੨੩॥
ਔਰ ਕਹਾਂ ਲਗ ਕਹੌਂ ਬਨਾਈ।
ਅਪਰ ਬਿਪਰਜੈ ਹੁਇ ਸਭਿ ਜਾਈ[5]।
ਸਿਮਰਹਿਂ ਨਾਮ ਹਰਹਿਂ ਹੰਕਾਰ।
ਕਰਮਨ ਮਹਿਂ ਇਹੁ ਬਧਹਿ ਉਦਾਰ[6] ॥੨੪॥
ਸੋ ਹੰਕਾਰ ਹੈ ਦੂਸ਼ਨ ਮੂਲ।
ਗਤਿ ਕਾਂਖੀ ਧਾਰਹਿ ਨਹਿਂ ਭੂਲ[7]।
ਤੁਮ ਬਿੱਦਜਾ ਪਢਿ ਗਹੀ ਮਸਾਲ।
ਅਪਰਨ ਕਰਹੁ ਪ੍ਰਕਾਸ਼ ਬਿਸਾਲ ॥੨੫॥

---

[1](ਕਰਮ ਕਾਂਡ ਨਾਲ) ਪੂਰਨ ਦਰਜਾ ਕੋਈ ਨਹੀਂ ਪਾ ਸਕਦਾ।
[2]ਕਲਯੁਗ (ਵਿੱਚ)।
[++]ਪਾ:-ਉਪਾਈ।
[3]ਰੇਤ।
[4]ਨਿਸ਼ਫਲ ਤੇ ਫੋਕੇ ਹਨ ਨਾਮ ਤੋਂ ਬਿਨਾਂ।
[5]ਹੋਰ (ਕਰਮ ਆਦ) ਉਲਟੇ ਪੈਂਦੇ ਹਨ ਭਾਵ ਹੰਕਾਰ ਵਧਾ ਕੇ ਜਨਮ ਮਰਨ ਦੇਂਦੇ ਹਨ।
[6]ਇਹ (ਹੰਕਾਰ) ਵਧਦਾ ਹੈ ਬਹੁਤ।
[7]ਮੁਕਤੀ ਦਾ ਚਾਹਵਾਨ ਭੁੱਲਕੇ (ਬੀ) ਨਾ ਧਾਰੇ।

ਆਪ ਅੰਧੇਰੇ ਮਹਿਂ ਗਿਰ ਪਰੋ।
ਔਰਨ ਕਹੋ -ਜਗਤ ਤੁਮ ਤਰੋ[1]-।
ਉਰ ਹੰਕਾਰ ਤੋਹਿ ਅਬਿ ਐਸੇ।
ਬਿਜੈ ਤ੍ਰਿਲੋਕੀ ਠਾਨੀ ਜੈਸੇ ॥੨੬॥
ਮਨ ਨਹਿਂ ਜੀਤਯੋ ਸ਼ੱਤ੍ਰੂ ਬਿਸਾਲਾ।
ਅਪਰ ਜੀਤਬੇ ਕਯਾ ਫਲ ਪਾਲਾ[2]।
ਸਿੱਖਯ ਹਜਾਰੋਂ ਤਰੇ ਹਮਾਰੇ।
ਸੱਤਯਨਾਮ ਜਪ ਨਿਰਹੰਕਾਰੇ ॥੨੭॥
ਪੰਡਿਤ ਡੂਬੇ ਗਿਨਤੀ ਮਾਂਹੀ[3]।
ਉਰ ਹੰਕਾਰ ਧਾਰ ਬਹਿ ਜਾਹੀ[4]'।
ਸੁਨਿ ਪੰਡਿਤ ਨੇ ਰਿਦੇ ਬਿਚਾਰਾ।
-ਬਿੱਦਯਾ ਮਹਿਂ ਹੋਵਤਿ ਹੰਕਾਰਾ ॥੨੮॥
ਨਿਰ ਹੰਕਾਰ ਪਰਮਪਦ[5] ਪਾਵੈ।
ਸੱਤਯਨਾਮ ਜਪ ਦੋਸ਼ ਨਸਾਵੈ[6]।
ਯਾਂ ਤੇ ਜਥਾ ਜੋਗ[7] ਗੁਰਬਾਨੀ।
ਮੈਂ ਪਾਵੌਂ ਕਛੁ ਹੁਇ ਨਿਰਮਾਨੀ[8]- ॥੨੯॥
ਗੁਰ ਦਰਸ਼ਨ ਤੇ ਮਾਰਗ ਸੂਝਾ।
ਭਯੋ ਦੀਨ ਉਪਦੇਸ਼ਹਿਂ ਬੂਝਾ।
'ਮੈਂ ਬਿੱਦਯਾ ਬਹੁ ਪਠੀ ਬਿਚਾਰੇ।
ਤਯੋਂ ਤਯੋਂ ਮਮ ਉਰ ਬਧਯੋ ਹੰਕਾਰੇ ॥੩੦॥
ਯਾਂ ਤੇ ਹਰਿ ਕੀ ਭਗਤਿ ਨ ਹੋਈ।
ਕਰਤਿ ਰਹਯੋ ਖਟ ਕਰਮ ਜਿ ਸੋਈ।
ਚਰਚਾ ਕਰਿ ਮਿਥਯਾ ਅਭਿਮਾਨੀ।
ਸਤਿਸੰਗਤਿ ਪ੍ਰਭੁ ਗਤਿ ਨਹਿਂ ਜਾਨੀ ॥੩੧॥
ਤੁਮਰੇ ਬਚ ਪ੍ਰਤਾਪ ਮੈਂ ਜਾਨਯੋ[9]।

---

[1]ਹੋਰਨਾਂ ਨੂੰ ਕਹਿੰਦੇ ਹੋ ਤੁਸੀਂ ਜਗਤ ਤੋਂ ਤਰੋ।
[2]ਪਾ ਲਿਆ।
[3]ਸੋਚਾਂ ਵਿਚ।
[4]ਰਿਦੇ ਦੇ ਹੰਕਾਰ ਦੀ ਧਾਰਾ ਵਿਚ ਰੁੜ੍ਹ ਜਾਂਦੇ ਹਨ।
[5]ਆਤਮ ਪਦ ਨੂੰ।
[6]ਦੂਰ ਕਰ ਲੈਂਦਾ ਹੈ (ਪੁਰਸ਼)।
[7]ਯਥਾਰਥ ਹੈ।
[8]ਨਿਰਹੰਕਾਰ ਹੋਕੇ।
[9]ਜਾਣਿਆਂ ਹੈ (ਪਰਮੇਸ਼ੁਰ ਦਾ ਰਸਤਾ)।

ਅਪਨੋ ਰਿਦਾ ਦ੍ਰਵਤ[1] ਪਹਿਚਾਨਜੋ।
ਕਰੁਨਾ ਕਰਹੁ ਦੇਹੁ ਉਪਦੇਸ਼।
ਕਾਟਹੁ ਮੇਰੇ ਮਹਾਂ ਕਲੇਸ਼ ॥੩੨॥
ਮਨ ਮਹਿਂ ਬਸ ਆਵਹਿ ਕਿਸ ਰੀਤਿ।
ਕਾਮ ਕ੍ਰੋਧ ਹੰਕਾਰੀ ਨੀਤਿ।
ਜਿਸ ਤੇ ਮੇਰੋ ਮਨ ਸੁਧਿ ਹੋਇ।
ਕ੍ਰਿਪਾ ਕਰਹੁ ਸਿੱਖਜਾ ਦਿਹੁ ਸੋਇ' ॥੩੩॥
ਬੇਨੀ ਕੀ ਬਿਨਤੀ ਸੁਨਿ ਸ੍ਰੌਨ।
ਬੋਲੇ ਸਤਿਗੁਰ ਕਰੁਨਾ ਭੌਨ।
ਜਿਸ ਤੇ ਮਨ ਬਿਕਾਰ ਕਰਿ ਨਾਸ਼।
ਭਯੋ ਬਿਸਾਲ ਸੁ ਰਿਦੇ ਪ੍ਰਕਾਸ਼* ॥੩੪॥

ਸ੍ਰੀ ਮੁਖਵਾਕ:
ਮਲਾਰ ਮਹਲਾ ੩ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ[2] ॥ ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥

ਚੌਪਈ: ਸਹਤ ਅਰਥ ਕੇ ਸ਼ਬਦ ਬਖਾਨਾ।
ਸੁਨਿ ਪੰਡਤ ਹਾਨਜੋ ਨਿਜ ਮਾਨਾ।
ਮੁਨਸਬ ਹੋਇ[3] ਬਿਚਾਰਨ ਲਾਗਾ।
-ਉਚਰਤਿ ਸੱਤਜ[4]- ਕਰਤਿ ਅਨੁਰਾਗਾ[5] ॥੩੫॥

---

[1]ਕੋਮਲ ਹੁੰਦਾ।
*ਪਾ:-ਹੁਲਾਸ।
[2]ਨਾਮ ਲਵੇ।
[3]ਸਾਖੀ ਹੋਕੇ। (ਅ) ਨਿਆਇ ਕਰਤਾ ਹੋਕੇ [ਅ: ਮੁਨਸੁਫ]।
[4](ਕਿ ਗੁਰੂ ਜੀ) ਸਚ ਕਹਿੰਦੇ ਹਨ।
[5](ਫੇਰ ਗੁਰੂ ਜੀ ਨੂੰ) ਪ੍ਰੇਮ ਕਰਨ ਲੱਗਾ।

ਕ੍ਰਿਪਾ ਦ੍ਰਿਸ਼ਟਿ ਪੁਨ ਗੁਰ ਨੇ ਕੀਨਸਿ।
ਅੰਤਰ ਬ੍ਰਿਤੀ ਹੋਇ ਸੁਖ ਚੀਨਸਿ।
ਜਨਮ ਜਨਮ ਕੋ ਸੁਪਤਿ ਜਗਾਯੋ।
ਨਿਜ ਸਰੂਪ ਆਤਮ ਪ੍ਰਗਟਾਯੋ ॥੩੬॥
ਬੈਠੇ ਲਗੀ ਸਮਾਧਿ ਅਡੋਲੇ।
ਕਿਤਿਕ ਦੇਰ ਮਹਿਂ ਲੋਚਨ ਖੋਲੇ।
ਦੇਖਿ ਅਵਸਥਾ ਗੁਰੂ ਸਰਾਹਯੋ।
'ਪੰਡਤਿ! ਭਏ ਧੰਨ, ਦੁਖ ਲਾਹਯੋ' ॥੩੭॥
ਤਬਿ ਬੇਨੀ ਮਨ ਆਨੰਦ ਪਾਵਾ।
ਸਤਿਗੁਰ ਸੁਜਸ ਅਨਿਕ ਬਿਧਿ ਗਾਵਾ।
'ਭਗਤਿ ਹੇਤਿ ਅਵਤਾਰ ਗੁਸਾਈ'!
ਮਹਿਮਾ ਤੁਮਰੀ ਤੁਮ ਬਨਿ ਆਈ' ॥੩੮॥
ਕੇਤਿਕ ਦਿਨ ਸਤਿਗੁਰ ਕੇ ਪਾਸ।
ਰਹਯੋ ਪ੍ਰੀਤ ਧਰਿ ਤਜਿ ਸਭਿਆਸ।
ਉਸ਼ਟਰ ਭਾਰ ਜਿ ਪੁਸਤਕ ਬ੍ਰਿੰਦ।
ਸਰਿਤਾ ਬਿਖੇ ਬਹਾਇ ਬਿਲੰਦ ॥੩੯॥
ਸਾਂਤਿ ਪਾਇ ਕਰਿ ਸੀਤਲ ਹੋਵਾ।
ਤਾਪ ਬਿਕਾਰਨ ਕੋ ਉਰ ਖੋਵਾ।
ਬਿਦਾ ਭਯੋ ਰਹਿ ਕੈ ਚਿਰਕਾਲ।
ਪੂਜ ਪੂਜ ਕਰਿ ਪਰਮ ਕ੍ਰਿਪਾਲ[1] ॥੪੦॥
ਸਿੱਖ ਹੁਤੇ ਦੁਇ ਫਿਰਜਾ ਕਟਾਰਾ।
ਸੇਵਤਿ ਰਹੇ ਬਹੁਤ ਗੁਰਦ੍ਵਾਰਾ।
ਇਕ ਦਿਨ ਤਿਨ ਕੋ ਦੇਖਿ ਗੁਸਾਈਂ।
ਭਏ ਪ੍ਰਸੰਨ ਬਖ਼ਸ਼ਬੇ ਤਾਈਂ ॥੪੧॥
ਨਿਕਟ ਬੁਲਾਏ ਬੂਝਨ ਠਾਨੇ।
'ਜਹਾਂ ਤੁਮਾਰੇ ਰਹਿਨ ਠਿਕਾਨੇ।
ਕਹਹੁ ਦੇਸ਼ ਤਿਹ ਕਿਹ ਉਪਦੇਸ਼[2]?
ਹਿਤ ਪ੍ਰਲੋਕ ਕੇ ਕ੍ਰਿਤ[3] ਕਜਾ ਹੈ ਸੁ? ॥੪੨॥
ਜੋ ਹੋਵੈ ਸੋ ਜਾਇ ਹਟਾਵਹੁ।

---

[1]ਪੂਜਣ ਯੋਗ ਪਰਮ ਕ੍ਰਿਪਾਲੂ ਨੂੰ ਪੂਜ ਕਰਕੇ।
[2]ਤਿਸ ਦੇਸ਼ ਵਿਚ ਕਿਸਦਾ ਉਪਦੇਸ਼ ਹੈ।
[3]ਕਰਨੀ, ਸਾਧਨ।

ਸੱਤਿਨਾਮ ਸਿੱਖੀ ਪ੍ਰਗਾਟਵਹੁ।'
ਬੋਲੇ ਦੋਨਹੁ ਦ੍ਵੈ ਕਰਿ ਜੋਰਿ।
'ਸ੍ਰੀ ਗੁਰ ਜੀ ਹਮ ਮਹਿਂ ਕਜਾ ਜੋਰ ॥੪੩॥
ਜੋਗੀ ਕੰਨ ਪਾਟੇ ਉਪਦੇਸ਼ਹਿਂ।
ਜੰਤ੍ਰ ਮੰਤ੍ਰ ਜਿਨ ਸ਼ਕਤਿ ਵਿਸ਼ੇਸ਼ਹਿਂ।
-ਗੋਰਖ ਗੋਰਖ- ਜਾਪ ਜਪੈ ਹੈਂ।
ਪੂਜਤਿ ਨਿਤ ਜੋਗੀਨ ਸਬੈ[1] ਹੈਂ ॥੪੪॥
ਦੇਵੀ ਦੇਵ ਦੇਹੁਰਾ ਥਾਨ।
ਨਹਿਂ ਮਾਨਹਿ ਕਿਹ[2] ਨਰ ਅੱਗਜਾਨ।
ਤਪ ਜਪ ਤੀਰਥ ਕੋਇ ਨ ਜਾਨਹਿਂ।
ਕਿਉਹੂੰ[3] ਪਰਮੇਸ਼ੁਰ ਨਹਿਂ ਮਾਨਹਿਂ ॥੪੫॥
ਭਾਉ ਭਗਤਿ ਕੋ ਨਾਮ ਨ ਲੇਂਯ।
ਅਰਥੀ[4] ਮੂਢ ਨਹੀਂ ਸਮਝੇਂਯ।
ਗੁਰੂ ਕ੍ਰਿਪਾ ਬਿਨ ਸੁਧਰਹਿਂ ਨਾਂਹੀ।
ਫਸੇ ਸੁ ਜੰਤ੍ਰ ਮੰਤ੍ਰ ਕੇ ਮਾਹੀ' ॥੪੬॥
ਸੁਨਿ ਸ਼੍ਰੀ ਸਤਿਗੁਰ ਦਈ ਨਿਦੇਸ਼ੁ[5]।
'ਤੁਮ ਗਮਨਹੁ ਅਬਿ ਤਿਸਹੀ ਦੇਸ਼।
ਸਤਿਨਾਮ ਕੋ ਦਿਹੁ ਉਪਦੇਸ਼ੂ।
ਗੁਰਮੁਖ ਪੰਥ ਦ੍ਰਿੜਾਉ ਵਿਸ਼ੇਸ਼ੂ' ॥੪੭॥
ਫਿਰਜਾ ਕਟਾਰਾ ਬਾਕ ਉਚਾਰਾ।
'ਮੰਤ੍ਰ ਜੰਤ੍ਰ ਕੋ ਬਲ ਤਿਨ ਧਾਰਾ।
ਬਦੈਂ ਨ ਕਾਹੂੰ[6], ਦੇਹਿਂ ਖਦੇਰ[7]।
ਮਾਰ ਦੇਤਿ ਬੈਰੀ ਬਿਨ ਦੇਰਿ ॥੪੮॥
ਬਿਨਾ ਸ਼ਕਤਿ ਕਿਮਿ ਤਹਾਂ ਸਿਧਾਵੈਂ।
ਸੱਤਿਨਾਮ ਕਿਮਿ ਤਿਨਹੁਂ ਜਪਾਵੈਂ।'
ਹ੍ਵੈ ਪ੍ਰਸੰਨ ਤਿਨ ਸੰਗ ਉਚਾਰਾ।

---

[1]ਜੋਗੀਆਂ ਨੂੰ ਸਭ।
[2]ਕਿਸੇ ਨੂੰ।
[3]ਕਿਸੇ ਤਰ੍ਹਾਂ ਭੀ।
[4]ਮਾਯਾ ਦੇ ਚਾਹਵਾਨ (ਅ) ਸ੍ਵਾਰਥੀ।
[5]ਆਗਿਆ।
[6]ਅਪਣੇ ਬਰੱਬਰ ਕਿਸੇ ਨੂੰ ਕੁਛ ਨਹੀਂ ਸਮਝਦੇ।
[7]ਖੇਦ ਦਿੰਦੇ ਹਨ। (ਅ) ਖਦੇਰਨਾ = ਦੂਰ ਕਰਨਾ।

'ਅਬਿ ਤੇ ਫੁਰਹਿ ਸੁ ਬਾਕ ਤੁਮਾਰਾ ॥੪੯॥
ਸ਼ਕਤਿ ਬਿਸਾਲ ਹੋਹਿ ਤੁਮ ਮਾਂਹੀ।
ਤੁਮ ਢਿਗ ਮੰਤ੍ਰ ਜੰਤ੍ਰ ਫੁਰਿ ਨਾਂਹੀ[1]।
ਜਹਿਂ ਕਹਿਂ* ਮਠ[2] ਜੋਗੀ ਕੇ ਹੋਇਂ।
ਦਿਹੁ ਨਿਕਾਸ ਪੁਨ ਭਗਨਹੁ ਸੋਇ[3] ॥੫੦॥
ਜੋਗੀ ਤੁਮ ਕੋ ਦੇਖਿ ਨ ਸੱਕੈਂ।
ਭ੍ਰਮ ਚਿਤ ਹੋਇ ਭਾਗਬੋ ਤੱਕੈਂ[4]।
ਧਰਮਸਾਲ ਸਭਿ ਗ੍ਰਾਮ ਕਰਾਵਹੁ।
ਭਜਨ ਕੀਰਤਨ ਕਰਿ ਸੁਖ ਪਾਵਹੁ ॥੫੧॥
ਨਾਮ ਦਾਨ ਇਸ਼ਨਾਨ ਦ੍ਰਿੜਾਇ।
ਪਾਵਨ ਦੇਸ਼ ਕਰਹੁ ਸਭਿ ਜਾਇ।
ਆਨਿ ਮਿਲਹਿਂ ਨਰ ਗਨ ਤੁਮ ਜੋਇ।
ਪੂਜਹਿਂ ਚਰਨ ਬਿਨੈ ਕਹਿਂ ਸੋਇ[5]' ॥੫੨॥
ਇਮਿ ਕਹਿ ਨਿੱਧਿ ਸਿੱਧਿ+ ਗੁਰ ਦੀਨਸਿ।
ਦੇ ਬਰ ਦਾਨ ਬਿਦਾ ਜੁਗ ਕੀਨਸਿ।
ਨਮਸਕਾਰ ਕਰਿ ਧਰਿ ਪਗ ਧਜਾਨਾ।
ਪ੍ਰਭੁ ਆਗਜਾ ਤੇ ਕੀਨਸਿ ਪਜਾਨਾ ॥੫੩॥
ਬਡ ਜੋਗੀ ਕੇ ਮਠ ਤਹਿਂ ਗਏ।
ਤ੍ਰਾਸ ਦੀਨ ਤਿਸੁ ਦਾਰੁਨ ਭਏ[6]।
ਤਬਿ ਤਿਨ ਮੰਤ੍ਰ ਜੰਤ੍ਰ ਬਲ ਲਾਵਾ।
ਉਲਟ ਪਰਜੋ ਜੋਗੀ[7] ਦੁਖ ਪਾਵਾ ॥੫੪॥
ਅਗਨਿ ਲਗੀ ਤਨ ਮਨਹੁਂ ਬਿਸਾਲਾ।
ਨਿਜ ਤੇ ਬਡੋ ਜਾਨਿ ਤਿਸ ਕਾਲਾ।
ਭਯੋ ਮਹੰਤ ਪਲਾਵਨਿ ਤਬੈ।

---

[1]ਤੁਸਾਂ ਉਤੇ ਜੰਤ੍ਰ ਮੰਤ੍ਰ ਨਹੀਂ ਫੁਰ ਸਕੇਗਾ।
*ਪਾ:-ਜਹਿਂ ਜਹਿਂ।
[2]ਜੋਗੀ ਦੇ ਰਹਿਣ ਦੀ ਥਾਂ।
[3]ਕੱਢ ਦਿਓ (ਜੋਗੀਆਂ ਨੂੰ), ਭੰਨ ਸੁੱਟੋ (ਮਠ)।
[4]ਨੱਸਣਾ ਹੀ ਤੱਕਣਗੇ।
[5]ਪੂਜਨਗੇ (ਤੁਹਾਡੇ) ਚਰਨ ਤੇ ਬੇਨਤੀ ਕਹਿਣਗੇ ਓਹ।
+ਪਾ:-ਨਿਧਿ ਸਿੱਧਾਂ।
[6]ਤਿਸ (ਜੋਗੀ) ਨੇ (ਸਿੱਖਾਂ ਨੂੰ) ਡਰਾਯਾ (ਸਿਖ ਅਗੋਂ) ਮਜ਼ਬੂਤ ਹੋ ਗਏ। (ਅ) ਭਿਆਨਕ ਤ੍ਰਾਸ ਉਸਨੂੰ ਦੇਂਦੇ ਭਏ।
[7](ਮੰਤ੍ਰ ਜੰਤ੍ਰ) ਉਲਟ ਕੇ ਜੋਗੀ ਤੇ ਪਿਆ।

ਜੋਗੀ ਅਪਰ ਨ ਠਹਿਰਹਿਂ ਸਬੈ[1] ॥੫੫॥
ਦੇਖਿ ਬਾਜ ਕੋ ਖਗ ਜਿਮ ਭਾਜ।
ਜਨੁ ਮ੍ਰਿਗ ਚਲੇ ਕੇਹਰੀ ਗਾਜ।
ਤਿਸ ਮਠ ਕੋ ਕਰਿ ਭਗਨ ਗਿਰਾਵਾ[*]।
ਪਿਖਿ ਲੋਗਨ ਕੋ ਗਨ ਤਬਿ ਆਵਾ ॥੫੬॥
ਕਰਿ ਬਿਚਾਰ ਨਰ ਕਰਤਿ ਉਚਾਰੀ।
'ਜੋਗੀ ਪੀਰ ਹਮਾਰੋ ਭਾਰੀ।
ਇਨ ਕੋ ਦੇਖਿ ਸੁ ਗਯੋ ਪਲਾਈ।
ਮਹਾਂਬਲੀ ਇਹੁ ਪਰਹਿਂ ਲਖਾਈ ॥੫੭॥
ਨਿਕਟ ਚਲੋ ਬੂਝਹਿਂ ਅਬਿ ਇਨ੍ਹੈਂ।
ਹੈਂ ਇਹ ਕੌਨ ਪਠਾਏ ਕਿਨ੍ਹੈ ?
ਗੁਰ ਗੋਰਖ ਕੋ ਮਠ ਜਿਨ੍ਹ ਗੇਰਾ।
ਡਰੇ ਨਹੀਂ ਤਪ ਤੇਜ ਬਡੇਰਾ' ॥੫੮॥
ਜਬਿ ਨਰ ਮਿਲਿ ਆਏ ਸਮੁਦਾਏ।
ਇਨ ਦੋਨਹੁ ਗੁਰ ਸ਼ਬਦ ਸੁ ਗਾਏ।
ਭਜਨ ਕੀਰਤਨਿ ਸੁਨਿ ਕਰਿ ਸਾਰੇ।
ਭਏ ਨੰਮ੍ਰ ਮੁਖ ਨਮੋ ਉਚਾਰੇ ॥੫੯॥
ਪ੍ਰੇਮ ਬਧਜੋ ਸਭਿ ਭਾਉ ਕਰੰਤੇ।
ਨਿਕਟਿ ਹੋਇ ਇਕ ਮਨੇ ਸੁਨੰਤੇ[2]।
ਸਤਿਗੁਰ ਬਰ ਤੇ ਭੇ ਸਿੱਖ ਆਇ।
ਸੱਤਜਨਾਮ ਇਨ ਮੰਤ੍ਰ ਦ੍ਰਿੜਾਇ ॥੬੦॥
ਗੁਰਮੁਖ ਭਏ ਭਗਤਿ ਕੋ ਲਾਗੇ।
ਦੀਰਘ ਭਾਗ ਭਾਲ[3] ਜਿਨ ਜਾਗੇ।
ਮਨ ਬਾਂਛਤਿ ਕੋ ਜਾਚਤਿ ਜਬੈ।

---

[1]ਸਾਰੇ ਨਾ ਠਹਿਰ ਸਕੇ।

[*]ਇਹ ਮਠ ਭਜਨ ਦੇ ਮੰਦਰ ਨਹੀਂ ਸਨ, ਅੰਕ ੪੪-੪੫ ਵਿਚ ਦੱਸ ਆਏ ਹਨ ਕਿ ਏਹ ਟਿਕਾਣੇ ਦੇਵੀ ਦੇਵਾਂ ਦੇ ਥਾਉਂ ਨਹੀਂ ਸਨ, ਨਾ ਦੇਹੁਰੇ ਸਨ, ਨਾ ਪਰਮੇਸ਼ੁਰ ਨੂੰ ਮੰਨਣ, ਨਾ ਤੀਰਥ ਜਪ ਤਪ ਦੇ ਥਾਂ ਸਨ, ਏਹ ਜੰਤ੍ਰ ਮੰਤ੍ਰ ਕਰਕੇ ਅਤੇ ਪਰਮੇਸ਼ੁਰ ਤੋਂ ਬੇਮੁਖ ਕਰਨ ਦੇ ਟਿਕਾਣੇ ਸਨ। ਕਈ ਥਾਈਂ ਮਠਾਂ ਦੇ ਪੱਜ ਕੁਕਰਮ ਬੀ ਪਰਵਿਰਤ ਸਨ। ਇਸ ਦੇਸ਼ ਵਿਚ ਗੁਰੂ ਜੀ ਨੇ ਵਾਹਿਗੁਰੂ ਦਾ ਗਯਾਨ ਕੀਰਤਨ ਤੇ ਭਗਤੀ ਦਾਨ ਕਰਨਾ ਸੀ, ਜੋ ਲੋਕ ਗਯਾਨਵਾਨ ਹੋ ਜਾਣ। ਤਾਂ ਹੀ ਸਿਖਾਂ ਨੂੰ ਵਰ ਦਿੱਤਾ ਸੀ ਕਿ ਜੋਗੀ ਤੁਸਾਂ ਦੇ ਡਰਨਗੇ ਤੇ ਨੱਸ ਜਾਣਗੇ। ਨੱਸ ਗਿਆਂ ਦੇ ਇਹ ਕੁਫਰ ਟਿਕਾਣੇ ਟੁੱਟ ਗਏ ਅਤੇ ਫੇਰ ਉਪਦੇਸ਼ ਨਾਲ ਸੁਧ ਹੋ ਗਏ ਤੇ ਜੰਤ੍ਰ ਮੰਤ੍ਰ ਤੋਂ ਉੱਚੇ ਹੋ ਗਏ ਲੋਕਾਂ ਨੇ ਆਪ ਮਠ ਤੋੜਕੇ ਵਾਹਿਗੁਰੂ ਜਸ ਦੀਆਂ ਧਰਮਸਾਲਾਂ ਬਣਾਈਆਂ।

[2]ਇਕ ਮਨ ਹੋ ਕਰਕੇ ਸੁਣਨ ਲਗ ਪਏ।

[3]ਮਸਤਕ ਦੇ।

ਇਨ ਬਰ ਤੇ ਪ੍ਰਾਪਤ ਹੁਇ ਤਬੈ ॥੬੧॥
ਧਰਮਸਾਲ ਸੁੰਦਰ ਬਨਿਵਾਈ।
ਸਤਿ ਸੰਗਤਿ ਨਿਤਿ ਹ੍ਵੈ ਸਮੁਦਾਈ।
ਅਪਰ ਹੁਤੇ ਮਠ ਜਿਸ ਜਿਸ ਥਾਨ।
ਕਰਿ ਕਰਿ ਭਗਨ ਦਏ ਬਚ ਮਾਨਿ[1] ॥੬੨॥
ਤਹਾਂ ਧਰਮਸਾਲਾ ਬਨਵਾਇ।
ਨਾਮੁ ਦਾਨ ਇਸ਼ਨਾਨ ਦ੍ਰਿੜਾਇ।
ਜੰਤ੍ਰ ਮੰਤ੍ਰ ਤਹਿਂ ਤੇ ਕਰਿ ਦੂਰ।
ਦੇਸ਼ ਬਿਦਤਿ ਸਿੱਖੀ ਸੁਖ ਪੂਰ ॥੬੩॥
ਦੁਰਮਤਿ ਸਭਿ ਕੀ ਕੀਨਿ ਬਿਨਾਸ਼ੁ।
ਪੂਰਤਿ ਭਏ ਸਭਿਨਿ ਕੀ ਆਸ।
ਅਜ਼ਮਤੁ ਅਪੁਨੀ ਦੇ ਦਿਖਰਾਇ।
ਪਰੇ ਚਰਨ ਮਾਨਵ ਸਮੁਦਾਇ ॥੬੪॥
ਭਾਂਤਿ ਅਨੇਕਨ ਅਰਪ ਉਪਾਇਨ[2]।
ਸਤਿ ਸੰਗਤਿ ਦੇਂ ਭੋਜਨ ਆਇਨ[3]।
ਸਗਰੋ ਦੇਸ਼ ਨਿਹਾਲ ਬਿਸਾਲੇ।
ਗੁਰ ਸਿੱਖੀ ਕੈ ਮਾਰਗ ਚਾਲੇ ॥੬੫॥
ਫਿਰੇ ਕਟਾਰੇ ਇਸ ਬਿਧਿ ਦੇਸ਼।
ਸੱਤਜਨਾਮ ਦੀਨਸਿ ਉਪਦੇਸ਼।
ਕਬਿ ਕਬਿ ਦਰਸ਼ਨ ਗੁਰ ਕੋ ਆਵਹਿਂ।
ਪੂਜਨ ਕਰਿ ਪੁਨ ਤਹਾਂ ਸਿਧਾਵਹਿਂ ॥੬੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬੇਨੀ ਪੰਡਤ ਫਿਰੇ ਕਟਾਰੇ ਕੋ' ਪ੍ਰਸੰਗ ਬਰਨਨੰ ਨਾਮ ਦੁਇ ਸ਼ਸ਼ਟੀ ਅੰਸੂ ॥੬੨॥

---

[1]ਬਚਨ ਮੰਨਕੇ (ਲੋਕਾਂ ਨੇ)।
[2]ਭੇਟ ਕਰਕੇ।
[3](ਨੂੰ) ਦੇਂਦੇ ਹਨ ਭੋਜਨ ਘਰ ਵਿਚ।

੬੩. [ਬਾਲਕ ਜਿਵਾਉਣਾ। ਯਮ ਨੂੰ ਗੋਇੰਦਵਾਲੋਂ ਰੋਕਣਾ। ਅਕਬਰ ਨੇ ਆਉਣਾ]

੬੨<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੪

ਦੋਹਰਾ: ਸਤਿਗੁਰ ਦੀਨਾ ਨਾਥ ਜੀ, ਦਯਾ ਸਿੰਧੁ ਸਿਰਮੌਰ।
ਅਧਿਕ ਪ੍ਰਕਾਸ਼ਤਿ ਜਗ ਭਏ, ਮਮ ਨਹਿਂ ਕੋ ਕਿਤ ਔਰ ॥੧॥

ਚੌਪਈ: ਉਚਿਤ ਤ੍ਰਿਲੋਕੀ ਦੁਖ ਕੇ ਹਰਤਾ[1]।
ਗੋਂਦਵਾਲ ਪਰ ਕ੍ਰਿਪਾ ਸੁ ਕਰਤਾ।
ਜਥਾ ਅਜੁੱਧਜਾ ਰਘੁਬਰ ਪਜਾਰੀ।
ਪ੍ਰਜਾ ਸਰਬ ਸੁਖ ਦੈ ਦੈ ਪਾਰੀ[2] ॥੨॥
ਜਿਮਿ ਸ੍ਰੀ ਕ੍ਰਿਸ਼ਨ ਦ੍ਵਾਰਕਾ ਰਹੇ।
ਨਿਜ ਢਿਗ ਬਾਸਨ[3] ਕੇ ਦੁਖ ਦਹੈ।
ਤਿਸ ਬਿਧਿ ਸਤਿਗੁਰ ਗੋਇੰਦਵਾਲ।
ਨਾਨਾ ਸੰਕਟ ਕਟੇ ਕਰਾਲ ॥੩॥
ਅਪਰ ਕਸ਼ਟ ਕੀ ਗਿਨਤੀ ਕੋ ਹੈ।
ਦਾਰੁਨ ਕਾਲ ਨ ਆਨ ਸਕੋ ਹੈ[4]।
ਅਵਧਿ ਬਿਤੇ ਨਰ ਜੋ ਮਰਿ ਜਾਇ।
ਕ੍ਰਿਪਾ ਕਰਹਿਂ ਤਿਸ ਦੇਹਿਂ ਜਿਵਾਇ ॥੪॥
ਪੁਰੀ ਬਿਖੈ ਨਹਿਂ ਮ੍ਰਿਤੁ ਕੋ ਪਾਵਹਿ।
ਗੁਰ ਪ੍ਰਤਾਪ ਤੇ ਜਿਯਤਿ ਰਹਾਵਹਿਂ।
ਜਿਸ ਕੇ ਘਰ ਕੋ ਨਰ ਮਰਿ ਜਾਇ।
ਸੋ ਉਠਾਇ ਗੁਰ ਆਗੈ ਲਜਾਇ ॥੫॥
ਤਬਿ ਕ੍ਰਿਪਾਲ ਨਿਜ ਚਰਨ ਛੁਹਾਵਤਿ।
ਤਾਤਕਾਲ ਤਿਸ ਮ੍ਰਿਤਕ ਜਿਵਾਵਤਿ।
ਜਿਸ ਕੋ ਨਰ ਉਠਾਇ ਲੈ ਆਵਹਿਂ।
ਸੋ ਨਿਜ ਪਗ ਤੇ ਸਦਨ ਸਿਧਾਵਹਿ ॥੬॥
ਇਮਿ ਪ੍ਰਤਾਪ ਗੁਰ ਕੋ ਨਰ ਪਾਇ।
ਬਸਹਿਂ ਸੁਖੀ ਕੀਰਤਿ ਬਿਰਧਾਇ[5]।
ਪ੍ਰਾਪਤ ਤਨ ਮਨ ਕੀ ਕੱਲਜਾਨ।
ਨਰ ਅਰੋਗ ਨਿਤਿ ਰਹੈਂ ਸੁਜਾਨ ॥੭॥

---

[1]ਤ੍ਰਿਲੋਕੀ ਦੇ ਦੁਖ ਦੂਰ ਕਰਨ ਦੀ ਯੋਗਤਾ ਵਾਲੇ (ਗੁਰੂ ਅਮਰ ਦੇਵ ਜੀ)।
[2]ਪਾਲਨ ਕੀਤੀ।
[3]ਕੋਲ ਰਹਿੰਦਿਆਂ ਦੇ।
[4]ਭਿਆਨਕ ਮੌਤ ਬੀ ਨਹੀਂ ਆ ਸਕੀ ਹੈ।
[5](ਸ੍ਰੀ ਗੁਰੂ ਜੀ ਦੀ) ਕੀਰਤੀ ਵਧੇ।

ਸਭਿਹਿਨਿ ਕੋ ਬਰਧਯੋ ਪਰਵਾਰ।
ਭਏ ਧਨੀ ਨਰ ਦਾਰਿਦ ਟਾਰਿ।
ਖਾਨ ਪਾਨ ਤੇ ਅਖੁਟ ਭੰਡਾਰ।
ਨਹਿਂ ਚਿੰਤਾ ਕਿਸੁ ਰਿਦੈ ਮਝਾਰ ॥੮॥
'ਧੰਨ ਧੰਨ' ਸਤਿਗੁਰ ਕੋ ਕਹੈਂ।
ਦ੍ਵਾਰੇ ਪਰ ਨਿਤਿ ਬੰਦਤਿ ਰਹੈਂ।
ਜਹਿਂ ਕਹਿਂ ਬੈਠਹਿਂ ਗੁਰੂ ਸਰਾਹੈਂ।
ਸਮਤਾ ਰਾਮਚੰਦ ਕੀ ਪ੍ਰਾਹੈਂ ॥੯॥
ਬੱਲੂ ਸੋਂ ਆਗਜ਼ਾ ਕਹਿ ਰਖੀ।
'ਪੁਰਖ ਕਿ ਇਸਤ੍ਰੀ ਜੋ ਹੋਇ ਦੁਖੀ।
ਤਿਹ ਕੀ ਸੁਧਿ ਤਬਿ ਆਨਿ ਸੁਨਾਵਹੁ।
ਕਹਿ ਹਮ ਸੋਂ ਤਿਹ ਕਸ਼ਟ ਮਿਟਾਵਹੁ' ॥੧੦॥
ਬਿਧਵਾ ਬਸਤਿ ਪੁਰੀ ਛੱਤ੍ਰਾਨੀ[1]।
ਹੁਤੋ ਏਕ ਨੰਦਨ[2] ਸੁਖਦਾਨੀ।
ਮਹਾਂ ਕਸ਼ਟ ਤੇ ਸੁਤ ਕੋ ਪਾਲਾ।
ਬਿਨ ਭਰਤਾ ਤੇ ਪ੍ਰਿਯ ਸੁ[3] ਬਿਸਾਲਾ ॥੧੧॥
ਇਕ ਦੁਇ ਦਿਨ ਤਿਸ ਕੋ ਤਪ ਆਵਾ।
ਤਾਤਕਾਲ ਤਿਸੁ ਤਨ* ਬਿਨਸਾਵਾ।
ਆਧੀ ਨਿਸਾ ਹੁਤੀ ਤਿਸ ਕਾਲਾ।
ਰੁਦਤਿ ਬ੍ਰਿਧਾ ਪਿਖਿ ਸੁਤ ਗ੍ਰਸ ਕਾਲਾ[4] ॥੧੨॥
ਸ਼ੋਕ ਕਰਤਿ ਬਿਰਲਾਪ ਪੁਕਾਰਾ।
'ਹੇ ਸੁਤ! ਮੈਂ ਅਬਿ ਲੌਂ ਤੁਝ ਪਾਰਾ[5]।
ਸੁਖ ਤੇਰੋ ਨਹਿਂ ਦੇਖਨ ਕੀਨਾ।
ਗਯੋ ਕਹਾਂ ਤੂੰ ਮੋਹਿ ਬਿਹੀਨਾ ॥੧੩॥
ਅਪਨੇ ਸੰਗ ਲੇਹੁ ਹੇ ਨੰਦਨ!
ਮੈਂ ਕਰਿਹੌਂ ਨਿਜ ਪ੍ਰਾਨ ਨਿਕੰਦਨ।
ਕਹਾਂ ਕਰੋਂ ਜਿਯ ਕੈ ਪਸ਼ਚਾਤੀ।

---

[1](ਇਕ) ਵਿਧਵਾ ਖੱਤਰਾਣੀ ਵਸਦੀ ਸੀ ਸ਼ਹਿਰ ਵਿਚ।
[2]ਪੁੱਤ੍ਰ।
[3]ਪਤੀ ਨਾ ਹੋਣ ਕਰਕੇ ਉਹ (ਪੁੱਤਰ) ਬਹੁਤ ਪਿਆਰਾ ਸੀ।
*ਪਾ:-ਦਿਨ।
[4]ਕਾਲ ਨੇ ਗ੍ਰਸ ਲਿਆ (ਮਾਰ ਲਿਆ)।
[5]ਪਾਲਿਆ।

ਇਕ ਅਲੰਬ[1] ਤੂੰ ਮਮ ਸੁਖ ਥਾਤੀ' ॥੧੪॥
ਇਤਜਾਦਿਕ ਬਹੁ ਊਚ ਪੁਕਾਰਤਿ।
ਮਹਾਂ ਸ਼ੋਕ ਮਹਿਂ ਕੇਸ ਉਖਾਰਤਿ।
ਸਿਰ ਪੀਟਤਿ ਊਚੀ ਧੁਨਿ ਰੋਈ।
ਅਤਿ ਸੰਕਟਿ ਤੇ ਧੀਰ ਨ ਹੋਈ ॥੧੫॥
ਜਾਮ ਜਾਮਨੀ ਜਬਿ ਰਹਿ ਸ਼ੇਖ਼।
ਉਠੇ ਜਾਗ ਤਬਿ ਪ੍ਰਭੂ ਬਿਸ਼ੇਖ਼।
ਬਿਧਵਾ ਨੇ ਨਿਜ ਸੁਤ ਉਚਵਾਇ।
ਗੁਰੂਦ੍ਵਾਰ ਪਰ ਪਾਯਹੁ ਆਇ ॥੧੬॥
ਰੋਦਤਿ ਊਚੀ ਧੁਨ ਕੋ ਕਰਿ ਕੈ।
ਤਿਹ ਛਿਨ ਕਾਨ ਪਰੀ ਸਤਿਗੁਰ ਕੈ।
ਦੁਖੀ ਬਿਲਾਪਤਿ ਸੁਨਤਿ ਕ੍ਰਿਪਾਲ।
ਸਹਿ ਨਹਿਂ ਸਕੇ ਰਿਦੇ ਤਿਸ ਕਾਲ ॥੧੭॥
ਨਿਕਟਿ ਦੇਖਿ ਬੱਲੂ ਸੰਗ ਕਹਯੋ।
'ਕੌਨ ਬ੍ਰਿਲਾਪਤਿ ਦੁਖ ਜਿਨ ਲਹਯੋ।
ਜਾਹੁ ਨਿਕਟ ਤਿਸੁ ਰੁਦਨ ਹਟਾਓ।
ਧੀਰਜ ਦੇ ਕਰਿ ਇਮਿ ਸਮਝਾਓ ॥੧੮॥
-ਅੰਮ੍ਰਤ ਵੇਲਾ ਸਭਿ[+] ਫਲ ਵਾਰੋ[2]।
ਪ੍ਰਭੁ ਸਿਮਰਨ ਕੋ ਨਾਮ ਸੰਭਾਰੋ।
ਛਿਮਾ ਕਰਹੁ ਹੋਵਨ ਲਗਿ ਪ੍ਰਾਤੀ[3]।
ਉਦੇ ਸੂਰ ਤੇ ਦੁਖ ਹੁਇ ਹਾਤੀ[4]-' ॥੧੯॥
ਬੱਲੂ ਸੁਨਿ ਕਰਿ ਬਾਹਰਿ ਆਯੋ।
ਦੇਖਿ ਬ੍ਰਿਧਾ ਕੋ ਤਬਿ ਸਮਝਾਯੋ।
'ਸਤਿਗੁਰ ਆਗਜਾ ਦੀਨਸਿ ਤੋਹਿ।
ਅੰਮ੍ਰਤ ਸਮੈ ਤੂਸ਼ਨੀ ਹੋਹਿ ॥੨੦॥
ਹੋਤਿ ਪ੍ਰਾਤਿ ਤਬ ਨੰਦਨ ਤੇਰਾ।
ਦੇਹਿਂ ਜਿਵਾਇ ਨ ਕਰਹੀ ਦੇਰਾ।
ਸ਼ਬਦ ਰੁਦਨ ਕੋ ਨਹੀ ਉਠਾਵਹੁ।

---

[1]ਆਸਰਾ (ਸੈਂ)।
[+]ਪਾ:-ਅੰਮ੍ਰਿਤ ਸਮਾ ਅਬਹਿ।
[2]ਸਮੂਹ ਫਲਾਂ ਦੇ ਦੇਣੇ ਵਾਲਾ ਹੁੰਦਾ ਹੈ।
[3]ਭਾਵ ਚੁਪ ਕਰ ਰਹੋ ਸਵੇਰ ਹੋਣ ਤਕ।
[4]ਭਾਵ ਤੇਰਾ ਬਾਲ ਜੀ ਪਵੇਗਾ।

ਬੈਠੀ ਰਹਹੁ ਰਾਮ ਗੁਨ ਗਾਵਹੁ' ॥੨੧॥
ਸੁਨਿ ਬੱਲੂ ਕੇ ਬਚ ਸੁਖਵਾਰੇ।
-ਜਿਯਹ ਪੁੱਤ੍ਰ- ਨਿਸ਼ਚੈ ਚਿਤਿ ਧਾਰੇ।
ਤਊ ਸ਼ੋਕ ਤੇ ਪੀੜਤਿ ਭਾਰੀ।
ਊਚੀ ਕੂਕ ਸੁ ਤ੍ਰਿਯਾ ਪੁਕਾਰੀ ॥੨੨॥
ਕਰਨ ਲਗੀ ਬਿਰਲਾਪ ਘਨੇਰਾ।
'ਮੁਝੈ ਅਲੰਬ ਸਤਿਗੁਰੂ ਤੇਰਾ।
ਸੁਤ ਬਿਨੁ ਮੇਰੋ ਕੋ ਜਗ ਨਾਹੀ।
ਇਕ ਪੁਤ੍ਰਾ ਮੈਂ ਸੰਕਟ ਮਾਂਹੀ ॥੨੩॥
ਸ਼ਰਨ ਆਪ ਕੀ ਆਨਿ ਰਹੇ ਹਮ।
ਇਸ ਕੀ ਲਾਜ ਬਿਚਾਰਹੁ ਉਰ ਤੁਮ।'
'ਹਾਇ ਹਾਇ' ਕਹਿ ਕੂਕ ਪੁਕਾਰਹਿ।
ਪੀਟਤਿ ਸਿਰ ਕੇ ਬਾਰ ਉਖਾਰਹਿ[++] ॥੨੪॥
ਤਬਿ ਬੱਲੂ ਨੇ ਆਨ ਸੁਨਾਈ।
'ਸ੍ਰੀ ਪ੍ਰਭੁ ! ਮੈਂ ਕਹਿ ਬਹੁ ਸਮਝਾਈ।
ਸੁਨਤਿ ਰੁਦਨ ਪੁਨ ਕਰਤਿ ਘਨੇਰਾ।
ਬਿਧਵਾ ਪੁੱਤ੍ਰ ਮਰਜੋ ਧਰ ਗੇਰਾ' ॥੨੫॥
ਤਬਿ ਕ੍ਰਿਪਾਲ ਨਿਕਸੇ ਨਿਜ ਦ੍ਵਾਰੇ।
ਗਏ ਤਹਾਂ ਜਹਿਂ ਰੁਦਨ ਉਚਾਰੇ।
ਨਿਜ ਪਗ ਪੰਕਜ ਸੀਸ ਛੁਹਾਯੋ[*]।
ਮ੍ਰਿਤਕ ਬਾਲ ਤਤਕਾਲ ਜਿਵਾਯੋ ॥੨੬॥
ਸੁਤ ਸਮੇਤ ਕਰਿ ਗੁਰ ਕੋ ਬੰਦਨ।
ਗਮਨੀ ਸਦਨ ਸੰਗ ਕਰਿ ਨੰਦਨ।
ਸ਼੍ਰੀ ਗੁਰ ਅਮਰ ਗਏ ਨਿਜ ਥਾਨਾ।
ਬੱਲੂ ਸੋਂ ਇਸ ਰੀਤਿ ਬਖਾਨਾ ॥੨੭॥
'ਮ੍ਰਿਤਕ ਜਿਵਾਵਨ ਭਲੀ ਨ ਬਾਤ।
ਯਾ ਤੇ ਅਬਿ ਇਸ ਤੇ ਉਪਰਾਂਤਿ[1]।
ਨਰ ਤ੍ਰਿਯ ਮ੍ਰਿਤਕ ਹੋਇਂ ਕਬਿ ਨਾਂਹੀ।
ਜਬ ਲਗ ਤਨ ਧਰਿਂ ਹਮ ਪੁਰ ਮਾਂਹੀ' ॥੨੮॥

[++]ਪਾ:-ਬਾਂਹ ਉਸਾਰੈ।
[*]ਪਾ:-ਲਗਾਯੋ।
[1]ਪਿਛੋਂ।

ਜਮੁ ਕੋ ਠਾਕ ਦਿਯੋ ਤਿਸੁ ਕਾਲ।
ਜੋ ਸਭਿ ਜੀਵਨ ਕਰਤੋ ਕਾਲ[1]।
'ਗੋਇੰਦਵਾਲ ਬਿਖੇ ਨਹਿਂ ਆਵਹੁ।
ਕਿਸ ਕੇ ਪ੍ਰਾਨ ਨਹੀਂ ਬਿਨਸਾਵਹੁ' ॥੨੯॥
ਦੋਇ ਬੀਸ ਸੰਮਤਿ ਲੌਂ ਸਤਿਗੁਰ।
ਲੇ ਗਾਦੀ ਕੋ ਬਸਤਿ ਭਏ ਪੁਰਿ।
ਤਬਿ ਲੌਂ ਇਸਤ੍ਰੀ ਪੁਰਖ ਅਨੰਦੇ।
ਕਿਸ ਕੇ ਨਹਿਂ ਜਮੁ ਪ੍ਰਾਨ ਨਿਕੰਦੇ ॥੩੦॥
ਜੁਤ ਪਰਵਾਰ ਬਸੇ ਸੁਖ ਪਾਈ।
ਜਮੁ ਕੋ ਤ੍ਰਾਸ ਦਿਯੋ ਬਿਸਰਾਈ।
ਅਚਰਜ ਚਰਿਤ ਗੁਰੂ ਕੇ ਮਹਾਂ।
ਦੀਪਕ ਬਰੈ ਤੇਲ ਨਹਿਂ ਜਹਾਂ ॥੩੧॥
ਸਿਕਤਾ ਮਹਿਂ ਤੇ ਤੇਲ ਨਿਕਾਸਹਿਂ।
ਸਿਕਤਾ ਕੋ ਜਲ ਕਰਿ ਤ੍ਰਿਪਤਾਸਿਹਂ[2]।
ਜਲ ਪਰ ਪਾਵਕ ਪਰਮ ਪ੍ਰਜਾਰਹਿਂ[3]।
ਪਾਵਕ ਚੰਦ੍ਰ ਸਦ੍ਰਿਸ ਕਰਿ ਡਾਰਹਿਂ[4] ॥੩੨॥
ਚੰਦ ਦਿਨਿੰਦ ਮਾਨਿੰਦ[5] ਬਨਾਵਹਿਂ।
ਛਿਤਿ ਪਰ ਆਨ ਦਿਨਿੰਦ[6] ਛੁਵਾਵਹਿਂ।
ਛਿਤਿ ਕੋ ਬਾਯੁ ਸਮਾਨ ਚਲਾਵਹਿਂ।
ਬਾਯੂ ਕੋ ਸਮ ਮੇਰੁ ਟਿਕਾਵਹਿਂ ॥੩੩॥
ਮੇਰੁ ਧੂਰ ਕਨ ਕਰਹਿਂ ਉਡਾਵਹਿਂ[7]।
ਧੁਲੀ ਕਨ ਕੋ ਸੈਲ ਬਨਾਵਹਿਂ[8]।
ਸੈਲ ਤੁੰਗ ਥਲ ਗਰਤ ਦੇਹਿਂ ਕਰਿ[9]।
ਗਰਤ ਗਿਰੇ ਕੋ ਦੇਹਿਂ ਸੁਰਗ ਬਰ[10] ॥੩੪॥

---

[1]ਜੀਵਾਂ ਦੀ ਕਰਦਾ ਹੈ ਮੌਤ।
[2]ਤ੍ਰਿਪਤ ਕਰ ਦੇਣ।
[3]ਜਲ ਤੇ ਅਗਨੀ ਬੜੀ ਬਾਲ ਦੇਣ।
[4]ਅਗਨੀ ਨੂੰ ਚੰਦ੍ਰਮਾਂ ਸਮਾਨ (ਠੰਢ ਦਾਤੀ) ਕਰ ਦੇਣ।
[5]ਚੰਦ ਨੂੰ ਸੂਰਜ ਵਰਗਾ।
[6]ਸੂਰਜ ਨੂੰ।
[7]ਸੁਮੇਰ ਪਰਬਤ ਨੂੰ ਧੂੜ ਦਾ ਕਿਣਕਾ ਕਰਕੇ ਉਡਾ ਦੇਣ।
[8]ਧੂੜੀ ਦਾ ਕਿਣਕਾ ਪਹਾੜ ਬਣਾ ਦੇਣ।
[9]ਉਚੇ ਪਹਾੜ (ਤੇ ਰਹਿਣ ਵਾਲੇ ਨੂੰ) ਖਾਤੇ ਦੇ ਥਾਂ ਕਰ ਦੇਣ।
[10]ਟੋਏ ਵਿਚ ਡਿਗੇ ਨੂੰ ਦੇ ਦੇਣ ਬੈਕੁੰਠ ਸ੍ਰੇਸ਼ਟ।

ਸੁਰਗ ਦੇਵ ਆਵੱਗਜ਼ਕ ਹੋਇ[1]।
ਗੇਰਹਿਂ ਨਰਕ ਨ ਬਿਲਮਹਿਂ ਕੋਇ।
ਨਰਕ ਜਾਤਨਾ[2] ਜੀਵ ਜੁ ਸਹੈਂ।
ਗੁਰ ਕਰੁਨਾ ਤੇ ਮੁਕਤਿ ਸੁ ਲਹੈਂ ॥੩੫॥
ਬਿਧਿ ਪ੍ਰਪੰਚ ਮਿਰਜਾਦ ਬਿਗਾਰਹਿਂ[3]।
ਬਿਗਰੇ ਕੀ ਮਿਰਜਾਦ ਸੁਧਾਰਹਿਂ[4]।
ਅਚਲ[5] ਚਲਾਵੈਂ, ਚਲਤ ਥਿਰਾਵੈਂ[6]।
ਰਾਉ ਰੰਕ[7], ਰੰਕ ਰਾਉ ਬਨਾਵੈਂ ॥੩੬॥
ਇਮਿ ਅਚਰਜ ਸਤਿਗੁਰ ਕੇ ਖੇਲ।
ਜਿਨ ਕੋ ਕੋਇ ਨ ਸਾਕਸ ਪੇਲ[8]।
ਚਹੈਂ ਸੁ ਕਰਹਿਂ ਪ੍ਰਭੂ ਸਮਰੱਥ।
ਭੰਨਣ ਘੜਨ ਜਿਨਹੁਂ ਕੇ ਹੱਥ ॥੩੭॥
ਤਦਪਿ ਜੁ ਆਵਤਿ ਚਲੀ ਅਨਾਦਿ[9]।
ਰਾਖਨ ਹੇਤੁ ਰਖਹਿਂ ਮਿਰਜਾਦਿ।
ਦਯਾਸਿੰਧੁ ਸਿਖ ਵਤਸਲ[10] ਮਹਾਂ।
ਜਸ ਵਿਸਤ੍ਰਿੱਤ ਭਯੋ ਜਹਿਂ ਕਹਾਂ ॥੩੮॥
ਨਿਜ ਪੁਰਿ ਮੈਂ ਗੁਰ ਪੁਰਖ ਅਗਾਧਿ।
ਬਰਜੀ ਆਧਿ ਰੁ ਵਜ਼ਾਧਿ ਉਪਾਧਿ।
ਤਬਿ ਅਕਬਰ ਦਿੱਲੀ ਤੇ ਆਵਾ।
ਸਲਿਤਾ ਉਤਰਿ ਸਿਵਰ ਨਿਜ ਪਾਵਾ ॥੩੯॥
ਲਵਪੁਰਿ ਕੋ ਗਮਨਤਿ ਤਹਿਂ[11] ਰਹਜੋ।
ਨਿਕਟ ਹੋਇ ਗੁਰ ਕੇ ਸਿੱਖ ਕਹਜੋ।
'ਹਜ਼ਰਤ! ਸੋ ਸਤਿਗੁਰ ਇਸ ਪੁਰਿ ਹੈਂ।

---

[1]ਸੁਰਗ ਦਾ ਦੇਵਤਾ ਅਵੱਗਜ਼ਾ ਕਰਨ ਵਾਲਾ ਹੋਵੇ ਤਾਂ।
[2]ਨਰਕ ਦੀ ਤਾੜਨਾ (ਪੀੜਾ)।
[3]ਬਿਧਾਤਾ ਦੇ ਸੰਸਾਰ ਦੀ ਮਿਰਜਾਦਾ ਵਿਗਾੜਦੇ ਹਨ, ਭਾਵ ਜੋ ਮੁਰਦੇ ਜਿਵਾ ਦੇਂਦੇ ਤੇ ਮੌਤ ਠਾਕ ਰੇਖਦੇ ਹਨ।
[4]ਦਰੁਸਤ ਕਰਨ।
[5]ਨਾਲ ਚਲਣ ਵਾਲੇ ਨੂੰ।
[6]ਚਲਦੇ ਨੂੰ ਅਸਥਿਰ ਕਰਦੇ ਹਨ।
[7]ਰਾਜੇ ਨੂੰ ਕੰਗਾਲ।
[8]ਪਰਤਾ, ਉਲਟਾ ਨਹੀਂ ਸਕਦਾ।
[9]ਪੁਰਾਣੀ (ਮਿਰਯਾਦਾ)।
[10]ਸਿਖਾਂ ਦੇ ਪਿਆਰੇ।
[11]ਭਾਵ ਗੋਇੰਦਵਾਲ।

ਜਿਨ ਕੋ ਬਚਨ ਆਪਕੋ ਫੁਰਹੈ[1]' ॥੪੦॥
ਸੁਨਿ ਅਕਬਰ ਨੇ ਰਿਦੇ ਬਿਚਾਰੀ।
-ਗੜ ਚਿਤੌੜ ਕੀ ਬਾਤ ਚਿਤਾਰੀ-।
ਧਰਿ ਪ੍ਰਤੀਤ ਦਰਸ਼ਨ ਕੋ ਚਾਹਜੋ।
ਉੱਤਮ ਲੀਨ ਉਪਾਇਨ ਪਾਹਜੋ ॥੪੧॥
ਸੁਧਿ ਦੈਬੇ ਹਿਤ ਪਠਜੋ ਮੁਸਾਹਿਬ।
ਤੀਰ ਬਾਪਿਕਾ ਬੈਠੇ ਸਾਹਿਬ।
ਬੱਲੂ ਬੋਲਜੋ ਬੰਦਤਿ ਹਾਥ।
'ਪਾਤਸ਼ਾਹ' ਇਹੁ ਦਿੱਲੀ ਨਾਥ ॥੪੨॥
ਦਰਸ਼ਨ ਕੋ ਆਵਤਿ ਧਰਿ ਭਾਊ।
ਚਹਿਯ ਪਾਂਵਡੇ[2] ਇਸ ਅਗੁਵਾਊ।'
ਇਮਿ ਕਹਿ ਆਇਸੁ ਲੇ ਉਤਲਾਇਵ[3]।
ਰੁਚਿਰ ਪਟੰਬਰ ਬਹੁ ਮੰਗਵਾਇਵ ॥੪੩॥
ਚਲਜੋ ਸਿਵਰ ਤੇ ਅਕਬਰ ਸ਼ਾਹੂ।
ਅਸਵਾਰੀ ਤਜਿ ਆਦਿਕ ਬਾਹੂ[4]।
ਤਹਿਂ ਤੇ ਕਰੇ ਪਾਂਵਡੇ ਪਾਵਨ।
ਮ੍ਰਿਦੁਲ ਪਟੰਬਰ ਹਿਤ ਸੁਖ ਪਾਵਨ ॥੪੪॥
ਸ਼ੁਭ ਮਤਿ ਸ਼ਾਹੁ ਬਿਲੋਕਨਿ ਕਰਜੋ।
ਊਪਰ ਪਾਂਵ ਨ ਤਿਸ ਕੇ ਧਰਜੋ।
ਨਿਜ ਕਰ ਤੇ ਉਠਾਇ ਨਿਰਵਾਰੇ[5]।
ਗਮਨਜੋ ਪਗਨਿ ਨੰਮ੍ਰਤਾ ਧਾਰੇ ॥੪੫॥
ਸ੍ਰੀ ਗੁਰ ਕੇ ਸਮੀਪ ਚਲਿ ਆਇਵ।
ਅੰਗ ਬਿਭੂਖਨ ਸੰਗ ਸੁਹਾਇਵ।
ਜਾਤਿ ਰੂਪ ਕੇ ਜਰਤੀ ਕਰੇ[6]।
ਜ਼ਾਹਰ ਜੋਤਿ ਜਵਾਹਰ ਜਰੇ[7] ॥੪੬॥
ਦਮਕਹਿਂ ਹੀਰਾ ਅਰੁ ਗਨ ਮੋਤੀ।

---

[1]ਆਪ (ਲਈ) ਫੁਰਿਆ ਸੀ।
[2]ਪੈਰਾਂ ਹੇਠ ਵਿਛਾਉਣ ਵਾਲੇ ਬਸਤ੍ਰ।
[3]ਛੇਤੀ।
[4]ਸੈਨਾਂ [ਸੰਸ: ਵਾਹਿਨੀ]। (ਅ) ਬਾਹਰ, (ਏ) ਸਵਾਰੀ [ਸੰਸ: ਵਾਹਨ]।
[5]ਪਰੇ ਕੀਤੇ।
[6]ਸੋਨੇ ਦੇ ਜੜਾਊ ਕੜੇ। [ਸੰਸ: ਜਾਤ ਰੂਪ = ਸੋਨਾ]
[7]ਜੜੇ ਹੋਏ।

ਬਹ ਮੋਲੇ ਸ਼ੋਭਾ ਬਡ ਹੋਤੀ।
ਸੁੰਦਰ ਸੂਖਮ ਬਸਤ੍ਰ ਸੁਹਾਵਤਿ।
ਹੋਤਿ ਸਤੂਯਮਾਨ[1] ਚਲਿ ਆਵਤਿ ॥੪੭॥
ਲਾਖਹੁਂ ਸੀਸ ਨੰਮ੍ਰਿ* ਜਿਸੁ ਆਗੇ।
ਮਹਾਂ ਪ੍ਰਤਾਪਵੰਤਿ ਦੂਤਿ ਜਾਗੇ।
ਕੰਚਨ ਛਰੀਦਾਰ[2] ਅਗੁਵਾਊ।
ਹਾਥ ਬੈਤ ਧਾਰੀ ਸਮੁਦਾਊ ॥੪੮॥
ਬਸਤ੍ਰ ਬਿਭੂਖਨ ਸੁੰਦਰ ਜਿਨ ਕੇ।
ਚਹੁਂ ਦਿਸ਼ ਟੋਲਿ ਚਲਤਿ ਸੰਗ ਤਿਨ ਕੇ।
ਦਰਸ਼ਨ ਕਰਤਿ ਨੰਮਿ ਹੁਇ ਬੈਠੇ।
ਅਦਬ ਕਰੇ ਕਰਿ ਪਾਦ ਇਕੈਠੇ[3] ॥੪੯॥
ਕੁਸਲ ਪ੍ਰਸ਼ਨ ਕਰਿ ਆਪਸ ਬਿਖੈ।
ਪ੍ਰੇਮ ਕਰੇ ਗੁਰ ਦਰਸ਼ਨ ਪਿਖੈਂ।
-ਨਹੀਂ ਦੇਗ ਤੇ ਅਚਜੋ ਅਹਾਰਾ-।
ਇਹੀ ਨੇਮ ਗੁਰ ਰਿਦੇ ਚਿਤਾਰਾ ॥੫੦॥
ਤੂਰਨ ਅਕਬਰ ਕੋ ਮਨ ਪ੍ਰੇਰਾ।
ਹਾਥ ਜੋਰਿ ਬੋਲਜੋ ਤਿਸੁ ਬੇਰਾ[4]।
'ਗੁਰ ਸਾਹਿਬ! ਕਜਾ ਖਾਨਾ ਖਾਵਹੁ?
ਕਿਸ ਮਹਿਂ ਰੁਚਿ ਚਿਤ ਤੇ ਉਪਜਾਵਹੁ?' ॥੫੧॥
ਸਤਿਗੁਰ ਕਹਜੋ ਸੁ 'ਚਿਤ ਰੁਚਿ ਊਨਾ[5]।
ਹੋਤਿ ਓਗਰਾ ਲਵਨ ਬਿਹੂਨਾ।
ਤਿਸ ਕੋ ਏਕ ਬਾਰ ਕਰ ਖਾਵਨਿ[6]।
ਅਸ਼ਟ ਜਾਮ ਲਗਿ ਹੁਇ ਤ੍ਰਿਪਤਾਵਨ' ॥੫੨॥
ਸੁਨਿ ਸੁਲਤਾਨ ਬਿਸਮਤਾ ਪਾਇਵ।
-ਬ੍ਰਿੱਧ ਦੇਹਿ ਨਹਿਂ ਓਜ ਰਹਾਇਵ।
ਬਹੁਰ ਨਿਬਲ ਹੀ ਕਰਤਿ ਅਹਾਰਾ।

---

[1]ਉਸਤਤੀ ਵਾਨ।
*ਪਾ:-ਨਮਹਿਂ।
[2]ਚੋਬਦਾਰ।
[3]ਇਕੱਠੇ ਕਰਕੇ, ਸੰਕੋਚਕੇ।
[4]ਤਿਸ ਵੇਲੇ।
[5]ਰੁਚੀ ਤੋਂ ਬਿਨਾ।
[6]ਖਾਣਾ ਕਰਦੇ ਹਾਂ।

ਕ੍ਰਾਂਤਿਵੰਤ[1] ਤਨ ਸ਼ੁਭਤਿ ਉਦਾਰਾ- ॥੫੩॥
ਕਰ ਜੋਰਤਿ ਕਹਿ 'ਮਿਹਰ ਕਰੀਜਹਿ।
ਵਹੀ ਤਵੱਰਕ[2] ਮੁਝ ਕੋ ਦੀਜਹਿ।
ਤੁਮ ਖੁਦਾਇ ਕੀ ਜਾਤਿ ਸੁਜਾਨੇ।
ਫੁਰਹਿ ਸ੍ਵਾਪ ਬਰ ਜਥਾ ਬਖਾਨੇ ॥੫੪॥
ਦਰਸ਼ਨ ਪਾਇ ਭਯੋ ਮੈਂ ਧੰਨ।
ਦੇਹੁ ਤਵੱਰਕ ਹੋਹੁਂ ਪ੍ਰਸੰਨ।'
ਬਿਨੈ ਸ ਪ੍ਰੇਮ ਜਾਚਨਾ ਜਾਨੀ[3]।
ਸੁਨਿ ਕ੍ਰਿਪਾਲ ਮੁਖ ਮਧੁਰ ਬਖਾਨੀ ॥੫੫॥
'ਬੱਲੂ ਹਮਰੋ ਹੈ ਜੁ ਅਹਾਰਾ।
ਆਨਹੁਂ ਜਾਇ ਸੁ ਬਨਜੋ ਜਿ ਤਜਾਰਾ।'
ਗਮਨਜੋ ਸ਼ੀਘ੍ਰ ਥਾਰ ਭਰਿ ਆਨਾ।
ਧਰਜੋ ਸ਼ਾਹੁ ਕੋ ਅੱਗ੍ਰਯ ਖਾਨਾ ॥੫੬॥
ਕਰ ਪਖ਼ਾਰ ਮੁਖ ਪਾਯਵ ਗ੍ਰਾਸਾ।
ਸ੍ਵਾਦ ਅਜਾਇਬ ਜਾਨਿ ਬਿਕਾਸਾ[4]।
ਜਿਤਕ ਮਧੁਰਤਾ ਉੱਤਮ ਅਹੈ।
ਪ੍ਰਿਥਮ ਕਵਰ[5] ਮਹਿਂ ਸਾਦ ਸੁ ਲਹੈ ॥੫੭॥
ਰੁਚਿ ਜਾਗੀ ਤਬਿ ਦੂਸਰ ਖਾਵਾ।
ਤੁਰਸ਼ ਸ੍ਵਾਦ ਉੱਤਮ ਕੋ ਪਾਵਾ।
ਬਿਸਮਜੋ ਸ਼ਾਹੁ -ਕਹਾਂ ਯਹਿ ਬਾਤ।
ਦੁਤਿਯੋ ਰਸ[6] ਹੋਯਸਿ ਕਿਸ ਭਾਂਤਿ- ॥੫੮॥
ਬਹੁਰ ਤੀਸਰੋ ਪਾਇਸ ਕੌਰ।
ਸ੍ਵਾਦ ਸਲਵਣ ਪਾਇ ਤਬਿ ਔਰ।
ਚਤੁਰਥ ਮਹਿਂ ਪਾਇਸ ਕਹੁ ਪਾਇਸਿ[7]।
ਜਜੋਂ ਜਜੋਂ ਅਚਿ ਤਜੋਂ ਤਜੋਂ ਬਿਸਮਾਇਸਿ ॥੫੯॥
ਖਟ ਰਸ ਕੇ ਸ਼ੁਭ ਸ੍ਵਾਦ ਜਿ ਹੋਇਂ।

---

[1]ਸੁੰਦਰ।
[2]ਬਰਕਤ ਵਾਲਾ (ਪ੍ਰਸ਼ਾਦ) [ਫਾ: ਤਬੱਰਕ]।
[3]ਸਹਤ ਪ੍ਰੇਮ ਦੇ ਮੰਗਣ ਦੀ ਬੇਨਤੀ ਜਾਣਕੇ।
[4]ਅਨੰਦ ਹੋਯਾ।
[5]ਗ੍ਰਾਸ
[6]ਦੂਜਾ ਰਸ।
[7]ਖੀਰ ਦਾ ਸੁਵਾਦ ਪਾਇਆ।

ਅਚਤਿ[1] ਸ਼ਾਹੁ ਨੇ ਲੀਨੇ ਸੋਇ।
ਜਨਮ ਧਾਰਿ ਜੋ ਸ੍ਵਾਦ ਨ ਪਾਯੋ।
ਲਵਨ ਬਿਹੀਨ ਓਗਰੋ ਖਾਯੋ ॥੬੦॥
ਤ੍ਰਿਪਤਿ ਸ਼ਾਹੁ ਕਰ[2] ਬਹੁਰ ਪਖਾਰੇ।
ਬਿਸਮਤਿ ਹੁਇ, ਕਰ ਜੋਰਿ ਉਚਾਰੇ।
'ਸਿਫ਼ਤ ਆਪ ਕੀ ਕਹੀ ਨ ਜਾਇ।
ਆਰਫ[3] ਕਾਮਲ[4] ਸਭਿ ਸੁਖਦਾਇ ॥੬੧॥
ਜੇ ਕਰਿ ਮੇਰੇ ਪਰ ਅਨਕੂਲ[5]।
ਹਰਖ ਦੇਹੁ[6] ਕੁਛ ਕਰੋ ਕਬੂਲ।
ਜੋ ਸੇਵਾ ਤੁਮਰੀ ਹੁਇ ਜਾਇ।
ਬਨਹੁਂ ਸਫਲ ਸ਼ਾਂਤੀ ਮੁਝ ਆਇ' ॥੬੨॥
ਬਿਕਸਿ ਪ੍ਰਭੂ ਮੁਖ ਤਾਂ ਸੋ ਕਹੀ।
'ਕਿਸੂ ਬਸਤੁ ਕੀ ਖ੍ਵਾਸ਼ ਨ ਰਹੀ।
ਦਿਏ ਗੁਰੂ ਨੇ ਅਤੁਟ ਭੰਡਾਰੂ।
ਖਰਚਤਿ ਖਾਵਤਿ ਪਾਇ ਨ ਪਾਰੂ' ॥੬੩॥
ਸ਼ਾਹੁ ਸਹਤ ਉਮਰਾਵਨ ਫੇਰ।
ਬੇਰ ਬੇਰ ਕਹਿਂ 'ਕਰਹੁ ਨ ਫੇਰ[7]'।
ਕਿਤਿਕ ਗ੍ਰਾਮ ਕੋ ਪਟਾ ਲਿਖਾਇਵ।
ਸ਼੍ਰੀ ਸਤਿਗੁਰ ਕੇ ਚਰਨ ਚਢਾਇਵ[8] ॥੬੪॥
ਇਹ ਸਭਿ ਨਿਰਨੈ ਆਗੈ ਕਰਿ ਹੈਂ।
ਜਹਾਂ ਸੁਧਾਸਰ[9] ਕਥਾ ਉਚਰਿਹੈਂ।
ਦੇ ਕਰਿ ਗਯੋ ਗ੍ਰਾਮ ਸੁਲਤਾਨ।
ਬੈਠੇ ਸ਼ੋਭਤਿ ਗੁਰ ਭਗਵਾਨ ॥੬੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬਾਲਕ ਜਿਵਾਵਨ, ਅਕਬਰ' ਪ੍ਰਸੰਗ ਬਰਨੰਨ ਨਾਮ ਤੀਨ ਸ਼ਸ਼ਟੀ ਅੰਸੂ ॥੬੩॥

---

[1]ਖਾਣ (ਸਮੇਂ ਵਿਚ)।
[2]ਹਥ।
[3]ਰਬ ਨੂੰ ਮਿਲਿਆ ਹੋਇਆ [ਅ਼ਰਬੀ, ਅ਼ਾਰਫ
[4]ਪੂਰਨ [ਅ਼: ਕਾਮਲ]।
[5]ਕ੍ਰਿਪਾਲੂ ਹੋ।
[6]ਪ੍ਰਸੰਨ ਹੋਕੇ ਮੈਂ ਦੇਂਦਾ ਹਾਂ।
[7]ਬਾਰ ਬਾਰ ਕਹਿਆ (ਇਨ੍ਹਾਂ ਦੀ ਅਰਜ਼) ਮੋੜੋ ਨਹੀਂ।
[8]ਚਰਨੀ ਭੇਟ ਕਰ ਦਿੱਤਾ।
[9]ਅੰਮ੍ਰਿਤਸਰ ਦੀ।

੬੪. [ਬੀਬੀ ਜੀ ਨੂੰ ਸੋਨੇ ਦੀ ਇਟ। ਲੰਗੜੇ ਦੀ ਲਤ। ਸਿਖੀ ਦੀ ਰਹਿਣੀ]

੬੩<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੫

ਦੋਹਰਾ: ਰਾਮਦਾਸ ਹਿਤ ਗ੍ਰਾਮ ਸਭਿ, ਲੀਨ ਗੁਰੂ ਮਹਾਰਾਜ ॥
ਜਾਨ ਭਵਿੱਖਜਤ ਸਰਬ ਗਤਿ, ਬਰਧਨ ਜਥਾ ਸਮਾਜ[1] ॥੧॥

ਚੌਪਈ: ਸ਼੍ਰੀ ਸਤਿਗੁਰ ਇਮਿ ਭਗਤਿ ਬਿਥਾਰਤਿ।
ਬਖਸ਼ਸ਼ ਕਰਤਿ ਦੇਖਿ ਕਰਿ ਆਰਤਿ।
ਛੋਟੀ ਸੁਤਾ ਸੇਵ ਨਿਤਿ ਕਰੈ।
ਲਖਹਿ ਪ੍ਰਭੂ[2] ਇਮਿ ਭਾਉ ਸੁ ਧਰੈ ॥੨॥
ਪਿਤ ਕਰਿ ਨਹਿਂ ਜਾਨਹਿ ਬਹੁ ਸਜਾਨੀ।
ਭਾਉ ਭਗਤਿ ਕੋ ਤਨ ਜਨੁ ਭਾਨੀ[3]।
ਮਨਹੁਂ ਕੀਰਤੀ ਰੂਪ ਕਰਜੋ ਹੈ[4]।
ਕੈ ਰ੍ਰੀ ਸ਼੍ਰੀਂ[5] ਨਿਜ ਬੇਸੁ ਧਰਜੋ ਹੈ ॥੩॥
ਬਡ ਭਾਗਾ ਪਤਿਬ੍ਰਤਾ ਸੁਸ਼ੀਲਾ।
ਨੰਮ੍ਰਿਭੂਤ ਨਿਤਿ ਸੁਮਤਿ ਗਹੀਲਾ[6]।
ਅਪਰ ਨਿਕਟ ਕੋ ਹੋਨ ਨ ਪਾਵਹਿ।
ਇਹ ਧਰਿ ਸ਼ਰਧਾ ਸੇਵ ਕਮਾਵਹਿ ॥੪॥
ਜਥਾ ਪ੍ਰਸੰਨ ਹੋਹਿਂ ਪਿਤ ਹੇਰਿ।
ਤਤਾ ਕਰਹਿ ਨਿਤਿ ਸੇਵ ਬਡੇਰ।
ਪਹਿਰ ਰਾਤ ਤੇ ਕਰਹਿ ਸ਼ਨਾਨ।
ਤਬਿ ਪਹੁਂਚਹਿ ਦਰਸ਼ਨ ਹਿਤ ਠਾਨਿ ॥੫॥
ਮਨ ਕਰਿ ਬੰਦਨ ਕਰਹਿ ਸਦੀਵ।
ਪਿਤਾ ਪ੍ਰਮੇਸੁਰ ਜਾਨਹਿ ਜੀਵ[7*]।
ਬਹੁਰ ਸੇਵ ਹਿਤ ਜਬਿ ਕਬਿ ਆਵੈ।
ਭਾਨੀ ਕ੍ਰਿੱਤਿ[8] ਗੁਰੂ ਮਨ ਭਾਵੈ ॥੬॥
ਇਕ ਦਿਨ ਬੈਠੀ ਬਨਿ ਕੈ ਦੀਨ।

---

[1]ਭਾਵ ਪੰਥ ਨੇ ਵਧਣਾ ਹੈ।
[2]ਪਰਮੇਸ਼ਰ ਰੂਪ ਜਾਣਕੇ।
[3]ਮਾਨੋ ਬੀਬੀ ਭਾਨੀ ਜੀ ਭਾਉ ਭਗਤੀ ਦਾ ਹੀ ਸਰੂਪ ਹੈ।
[4]ਮਾਨੋ ਕੀਰਤੀ ਨੇ ਰੂਪ ਧਾਰ ਲਿਆ ਹੈ।
[5]ਪ੍ਰਤਾਪ ਸ਼ੀਲ ਲਛਮੀ ਨੇ [ਸੰ: ਰ੍ਰੀ = ਪ੍ਰਾਪਤ ਕਰਨਾ। ਦੇਵ ਮਾਤਾ। ਭੈਰਵ]।
[6]ਸ੍ਰੇਸ਼ਟ ਬੁਧੀ ਗ੍ਰਹਣ ਕਰਨ ਵਾਲੀ।
[7]ਪਿਤਾ ਜੀ ਨੂੰ ਪ੍ਰਮੇਸਰ ਰੂਪ ਜਾਣਕੇ ਜੀਉਂਦੀ ਸੀ।
[*]ਪਾ:-ਪਿਤਾ ਪ੍ਰਮੇਸ਼, ਨ ਜਾਨਹਿ ਜੀਵ।
[8]ਸੇਵਾ।

ਬਿਨਤੀ ਸਹਤ ਬੋਲਿਬੋ ਕੀਨ।
'ਪਿਤ ਜੀ ਬਡੇ ਸ਼ਰੀਕ ਹਮਾਰੇ।
ਅਧਿਕ ਧਨੀ ਗਨ ਰਿਦੇ ਹੰਕਾਰੇ ॥੭॥
ਸਰਬ ਸ਼ਰੀਕਨ ਊਚਾ[1] ਬੋਲਹਿਂ।
ਬਸਤ੍ਰਨਿ ਪਹਿਰੈਂ ਲੇ ਬਹੁ ਮੋਲਹਿਂ।
ਕੰਚਨ ਕੇ ਭੂਖਨ ਬਹੁ ਪਾਵਹਿਂ।
ਹਮ ਕੋ ਤਰਕੈਂ ਉਰ ਗਰਬਾਵਹਿਂ' ॥੮॥
ਸੁਨਿ ਤਨੁਜਾ ਕੇ ਮਨ ਕੀ ਜਾਨਿ।
ਬੋਲੇ ਸ਼੍ਰੀ ਸਤਿਗੁਰ ਭਗਵਾਨ।
ਸਮੁਖ ਸ਼ਿਲਾ ਇਕ ਪਰੀ ਨਿਹਾਰੀ।
'ਇਤਿਕ ਹੇਮ ਮਹਿਂ ਹੁਇ ਸਭਿ ਕਾਰੀ ॥੯॥
ਬਸਤ੍ਰ ਬਿਭੂਖਨ ਹੋਹਿਂ ਕਿ ਨਾਂਹੀ।
ਜੇ ਕਰਿ ਬਨਹਿਂ ਗਹੋ ਕਰ ਮਾਂਹੀ।'
'ਪਿਤ ਜੀ ਆਪ ਸਰਬ ਗਤਿ ਜਾਨੋ।
ਸਭਿ ਬਿਧਿ ਸਮਰਥ ਚਹਹੁ ਸੁ ਠਾਨੋ' ॥੧੦॥
ਇਮਿ ਕਹਿ ਸ਼ਿਲਾ ਬਿਲੋਕੀ ਜਬੈ।
ਦਮਕਤਿ ਹੁਈ ਹੇਮ ਕੀ ਸਬੈ।
ਪਿਤ ਆਇਸੁ ਤੇ ਲੀਨਿ ਉਠਾਇ।
'ਨਿਜ ਅਰ ਸੁਤ ਕੌ ਭੂਖਨ ਪਾਇ' ॥੧੧॥
ਕਹਤਿ ਭਏ ਗੁਰ ਕਰੁਨਾ ਧਾਰਿ।
'ਹਮ ਤੋ ਰਾਖਹਿਂ ਨਹੀਂ ਅਗਾਰ।
ਹੋਹਿ ਤੁਮਾਰੇ ਐਸ਼੍ਵਰਜ ਭਾਰੀ।
ਜਾਚਹੋ ਯਾਂ ਤੇ ਲੇਹੁ ਅਗਾਰੀ[2]' ॥੧੨॥
ਜਜੋਂ ਜਜੋਂ ਪਿਤ ਬੋਲਤਿ ਅਨਕੂਲ[3]।
ਤਜੋਂ ਤਜੋਂ ਭਾਨੀ ਹੁਇ ਸੁਖ ਮੂਲ।
ਰਹੈ ਨੰਮ੍ਰ ਬਹੁ ਸੇਵ ਕਮਾਵਹਿ।
ਅਨੁਸਾਰੀ ਹੁਇ ਸਦਾ ਰਿਝਾਵਹਿ ॥੧੩॥
ਗੁਰ ਪੁਰਿ ਤੇ ਤਰੈ ਕੋਸਿਕ ਗ੍ਰਾਮ।
ਹੁਤੋ ਕੋਇ ਤਿਲਵੰਡੀ ਨਾਮ।

---

[1]ਸ਼ਰੀਕਣੀਆਂ ਉਚੀ ਭਾਵ ਹੰਕਾਰ ਸਹਤ।
[2]ਅੱਗੇ ਹੀ ਲੈ ਲਓ।
[3]ਪਿਤਾ ਦੇ ਅਨੁਸਾਰ ਹੀ।

ਤਹਿਂ ਸਿਖ ਇਕ ਖੱਤ੍ਰੀ ਜਿਹ ਜਾਤਿ।
ਇਕ ਪਗ ਹੁਤੋ ਚਲਤਿ ਲੰਗਰਾਤ ॥੧੪॥
ਨਿਤਿ ਸ਼ਰਧਾ ਧਰਿ ਦਧਿ[1] ਕੋ ਲਜਾਵਤਿ।
ਧਰਤਿ ਪ੍ਰੀਤਿ ਸਤਿਗੁਰੂ ਖੁਲਾਵਤਿ।
ਕਰਤਿ ਸੇਵ ਬੀਤਜੋ ਚਿਰਕਾਲ।
ਅਪਨੋ ਨੇਮ ਰਖਜੋ ਪ੍ਰਤਿਪਾਲ ॥੧੫॥
ਜੇ ਬਰਖਾ ਬਰਖਹਿ ਬਹੁ ਭਾਰੀ[+]।
ਆਨਹਿ ਦਧਿ ਕੋ ਲਾਇ ਨ ਬਾਰੀ।
ਟੂਟੀ ਟੰਗਰੀ ਕਾਸ਼ਟ[2] ਪਰ ਧਰਿ।
ਸਮੈਂ ਸੀਤ ਕੇ ਲਜਾਵਤਿ ਕਰਿ ਪਰ[3] ॥੧੬॥
ਇਕ ਦਿਨ ਦਹੀ[*] ਲਿਯੇ ਕਰ ਚਲਜੋ।
ਗ੍ਰਾਮ ਚੌਧਰੀ ਮਗ ਮਹਿਂ ਮਿਲਜੋ।
ਹਾਸੀ ਕਰਿ ਤਿਨ[+] ਗਹਿਬੋ ਕੀਨਿ।
ਲਈ ਕਾਠ ਕੀ ਟੰਗਰੀ ਛੀਨ ॥੧੭॥
ਕਹਤਿ ਭਯੋ 'ਨਿਤ ਗੁਰ ਢਿਗ ਜਾਵਹਿਂ।
ਪ੍ਰੇਮ ਧਾਰਿ ਦਧਿ ਸਦਾ ਖੁਲਾਵਹਿਂ।
ਸਾਬਤ ਟੰਗਰੀ ਕਰੀ ਨ ਤੋਹਿ।
ਬਿਰਥਾ ਸ਼੍ਰਮ ਤੇਰੋ ਸਭਿ ਹੋਹਿ ॥੧੮॥
ਆਵਤਿ ਜਾਤਿ ਚਰਨ ਲੰਗਰਾਤ।
ਬਹੁਤ ਖੇਦ ਧਰਿ ਪਹੁੰਚਹਿਂ ਪ੍ਰਾਤਿ।
ਇਹ ਭੀ ਕਸ਼ਟ ਨ ਤੇਰੋ ਖੋਵਾ।
ਕਯਾ ਅਚਰਜ ਤੁਵ ਦਿਸ਼ ਨਹਿਂ ਜੋਵਾ ॥੧੯॥
ਮ੍ਰਿਤਕ ਨਗਰ ਕੇ ਕਿਤਿਕ ਜਿਵਾਏ।
ਅਜ਼ਮਤ ਜਿਨ ਕੀ ਜਗ ਅਜ਼ਮਾਏ[4]।
ਕਯਾ ਦੁਰਮਤਿ ਤੇਰੇ ਮਹਿਂ ਜਾਨੀ।
ਕ੍ਰਿਪਾ ਦ੍ਰਿਸ਼ਟਿ ਨਹਿਂ ਦੇਖਨ ਠਾਨੀ' ॥੨੦॥

---

[1]ਦਹੀ।
[+]ਪਾ:-ਬਾਰੀ।
[2]ਲੱਕੜ ਦੀ ਬਣੀ ਘੋੜੀ ਲੰਗੜਿਆਂ ਦੇ ਤੁਰਨ ਵਾਲੀ।
[3]ਜਰੂਰ ਬਰਜਰੂਰ (ਅ) ਹੱਥ ਤੇ।
[*]ਪਾ:-ਦਧੀ।
[+]ਹਸੀ ਕਰਤਿ ਨੇ।
[4]ਪਰਖਾਈ ਹੈ।

ਸੁਨਿ ਖੱਤ੍ਰੀ ਕਹਿ 'ਨਹਿਂ ਅਟਕਾਵਹੁ।
ਸਮੋ ਜਾਤਿ ਬੀਤਜੋ ਇਸ ਥਾਵਹੁ[1]।
ਸਤਿਗੁਰ ਮੇਰੇ ਵੇ ਪਰਵਾਹੂ।
ਚਹੈਂ ਸੁ ਕਰਹਿਂ ਏਕ ਛਿਨ ਮਾਂਹੂ ॥੨੧॥
ਜਿਮਿ ਰਜ਼ਾਇ ਤਿਨ ਕੀ ਹਮ ਹੇਰਹਿਂ।
ਹਰਖਮਾਨ ਹੁਇ ਰਹੈਂ ਘਨੇਰਹਿਂ।
ਭਲੋ ਜੀਵ ਕੋ ਜਿਮਿ ਹੁਇ ਜਾਇ।
ਤਿਮਿ ਸਿੱਖਨ ਹਿਤ ਗੁਰੂ ਕਰਾਇਂ' ॥੨੨॥
ਇਮਿ ਕਹਿ ਜਾਚਿ ਸੁ ਲਕਰੀ ਲੀਨੀ।
ਕਿਤਿਕ ਸਮੇਂ ਬੀਤੇ ਤਿਸ ਦੀਨੀ।
ਟੰਗਰੀ ਲੰਗਰੀ ਕਾਸ਼ਟ ਪਰ ਧਰਿ।
ਮਾਰਗ ਚਲਜੋ ਉਤਾਇਲ ਕੋ ਕਰਿ ॥੨੩॥
ਦੇਗ਼ ਥਾਨ ਮਹਿਂ ਸਤਿਗੁਰ ਆਏ।
ਥਾਲ ਪਰੋਸੁ ਧਰਜੋ ਅਗੁਵਾਏ।
ਸਗਰੀ ਸੰਗਤਿ ਕੇਰਿ ਅਗਾਰੇ।
ਕਰੇ ਪਰੋਸਨ ਬਿਬਿਧ ਅਹਾਰੇ ॥੨੪॥
ਬੈਠਿ ਰਹੇ ਸਤਿਗੁਰ ਤਿਸ ਕਾਲ।
ਮੁਖ ਮਹਿਂ ਗ੍ਰਾਸ ਨ ਪਾਇਂ ਰਸਾਲ।
ਗੁਰ ਦਿਸ਼ ਪਿਖਿ ਕਰਿ ਸਗਰੀ ਸੰਗਤਿ।
ਨਹਿਂ ਅਹਾਰ ਮੁਖ ਪਾਵਹਿ ਪੰਗਤਿ ॥੨੫॥
ਬੂਝੇ ਬੱਲੂ ਦਾਸ ਜੁ ਅਹੈ।
'ਅਚਤਿ ਨਹੀਂ ਪ੍ਰਭੂ ! ਕੋ ਬਿਧਿ ਅਹੈ?
ਬੈਠੀ ਸੰਗਤਿ ਤਜਾਰ ਅਹਾਰਾ।
ਨਹੀਂ ਗ੍ਰਾਸ ਕਿਨ ਮੁਖ ਮਹੁਂ ਡਾਰਾ' ॥੨੬॥
ਸੁਨਿ ਬੋਲੇ ਗੁਰ 'ਅਚੈਂ ਨ ਤਬਿ ਲੌਂ।
ਸਿਖ ਪ੍ਰੇਮੀ ਨਹਿਂ ਪਹੁੰਚੈ ਜਬਿ ਲੌਂ।
ਰੋਕਜੋ ਗ੍ਰਾਮ[2] ਚੌਧਰੀ ਆਵਤਿ।
ਉਪਾਲੰਭ ਜੁਤਿ ਹਾਸ[3] ਸੁਨਾਵਤਿ' ॥੨੭॥
ਇਤਨੇ ਮੈਂ ਚਲਿ ਤੂਰਨ ਆਇ ਸੁ।

---

[1]ਇਸ ਥਾਂ ਤੇ (ਖਲੋਤਿਆਂ) ਸਮਾਂ ਬੀਤਦਾ ਜਾਂਦਾ ਹੈ।
[2]ਪਿੰਡ ਦੇ।
[3]ਉਲਾਂਭੇ ਸਹਤ ਮਖੌਲ ਦੇ।

ਦਧਿ ਆਗੇ ਧਰਿ ਸੀਸ ਨਿਵਾਇਸੁ।
ਲੇ ਸਤਿਗੁਰ ਨੇ ਅਚਯੋ ਅਹਾਰਾ।
ਅਪਰ ਸਰਬ ਤ੍ਰਿਪਤੇ ਛੁਧਿ ਟਾਰਾ ॥੨੮॥
ਪਾਨਿ ਪਾਨਿ ਕਰਿ ਪਾਨ ਪਖਾਰੇ[1]।
ਸ਼ਰਧਾ ਪੂਰਨ ਹੇਤੁ ਉਚਾਰੇ।
'ਆਜ ਕਹਾਂ ਤੁਮ ਬਿਲਮ ਲਗਾਈ।
ਆਯਵ[2] ਭੋਜਨ ਸਮੋਂ ਬਿਤਾਈ?' ॥੨੯॥
ਹਾਥ ਜੋਰਿ ਤਿਨ ਸਰਬ ਪ੍ਰਕਾਸ਼ੀ[3]।
'ਕਰੀ ਪੰਚ ਨੇ ਮੋ ਸੰਗ ਹਾਸੀ।
-ਗੁਰ ਜੇ ਸਮਰਥ ਸੇਵ ਕਮਾਈ।
ਟੰਗਰੀ ਲੰਗਰੀ ਕਯੋਂ ਨ ਬਨਾਈ ॥੩੦॥
ਆਵਤਿ ਜਾਤਿ ਬਾਦ ਸ਼੍ਰਮ ਕਰਯੋ।
ਦੁਤਿਯ ਪੈਰ ਜੇ ਨਹਿਨ ਸੁਧਰਯੋ-।
ਕਾਸ਼ਟ ਕੀ ਟੰਗੀਆ ਮਮ ਛੀਨੀ।
ਕਿਤਿਕ ਦੇਰਿ ਕਰਿ ਮੁਝ ਕੋ ਦੀਨੀ ॥੩੧॥
ਇਸ ਬਿਧਿ ਬਿਲਮ ਲਗੀ ਮੁਝ ਆਵਤਿ।
ਜਬਿ ਤਿਨ ਦਈ ਆਇ ਉਤਲਾਵਤਿ।'
ਸੁਨਿ ਕੈ ਗੁਰ ਸਭਿ ਬਿਖੈ ਅਲਾਈ।
'ਬਾਤ ਨਹੀਂ ਹਮਰੇ ਚਿਤ ਆਈ ॥੩੨॥
ਸ਼ਾਹੁ ਹੁਸੈਨ[4] ਪਾਸ ਅਬਿ ਜਾਵਹੁ।
ਤਿਸ ਤੇ ਨਿਜ ਟੰਗਰੀ ਸੁਧਰਾਵਹੁ।
ਜਬਿ ਤੂੰ ਮਿਲਹਿਂ ਜਾਇ ਧਰਿ ਭਾਊ।
ਪੈਹਹਿਂ ਟੰਗਰੀ ਬਿਲਮ ਨ ਕਾਊ' ॥੩੩॥
ਮਾਨਿ ਬਚਨ ਗੁਰ ਕੋ ਤਬਿ ਗਯੋ*।
ਸ਼ਾਹੁ ਹੁਸੈਨ ਨਿਕਟ ਜਾ ਭਯੋ[5+]।
ਇਸ ਪ੍ਰਕਾਰ ਤਿਹ ਹੁਤੋ ਸੁਭਾਊ।

---

[1]ਪਾਣੀ ਪੀਕੇ ਹੱਥ ਧੋਤੇ।
[2](ਤੂੰ) ਆਇਆ ਹੈਂ।
[3]ਦੱਸੀ।
[4]ਇਕ ਗੁਰੂ ਕਾ ਸਿੱਖ ਸੀ ਮੁਸਲਮਾਨ ਜਾਮੇ ਵਿਚ।
*ਪਾ:-ਗਇਊ।
[5]ਚਲਾ ਗਿਆ।
+ਪਾ:-ਸੁ ਭਾਇਊ।

ਨਿਕਟ ਜੂ ਆਵੈ ਮਾਰ ਭਗਾਊ[1] ॥੩੪॥
ਗੁਰ ਆਗਜਾ ਤੇ ਸਿਖ ਜਬਿ ਗਯੋ।
ਇਸ ਕੋ ਨਹੀਂ ਹਤਨ ਕਿਛੁ ਕਯੋ।
ਬੂਝਤਿ ਭਯੋ 'ਕਹਾਂ ਤੇ ਆਇਸਿ?'
ਸਿਰ ਨਿਵਾਇ ਇਨ ਸਕਲ ਸੁਨਾਇਸਿ ॥੩੫॥
ਹਾਥ ਬੰਦਿ ਹੁਇ ਸਨਮੁਖ ਬੈਠਜੋ।
ਦੇਖਿ ਹੁਸੈਨ ਸ਼ਾਹੁ ਤਬਿ ਐਂਠਜੋ[2]।
ਹਤਿ ਕੈ ਕੁਤਕਾ ਝਿਰਕ ਉਠਾਇਵ।
ਡਰਿ ਕਰਿ ਭਾਗ ਚਲਜੋ ਉਤਲਾਇਵ ॥੩੬॥
ਪ੍ਰਿਸ਼ਟ ਫੇਰ ਜਬਿ ਭਾਜਤਿ ਭਯੋ।
ਚਰਨ ਦੂਸਰੋ ਤਸ ਬਨਿ ਗਯੋ।
ਅਚਰਜ ਹ੍ਵੈ ਕਰਿ ਹਟਜੋ ਪਿਛਾਰੀ।
ਗਹੇ ਚਰਨ ਪਰ ਰਹਜੋ ਅਗਾਰੀ[3] ॥੩੭॥
'ਮੁਝ ਲੰਗਰੇ ਕੀ ਟਾਂਗ ਬਨਾਈ।
ਅਹੈ ਆਪ ਕੀ ਅਧਿਕ ਬਡਾਈ।'
ਸ਼ਾਹੁ ਹੁਸੈਨ ਬੈਨਿ ਤਬਿ ਕਹੇ।
'ਕਰਨ ਕਰਾਵਨ ਔਰੇ ਅਹੇ ॥੩੮॥
ਸ਼੍ਰੀ ਗੁਰ ਅਮਰਦਾਸ ਸਭਿ ਸ੍ਵਾਮੀ।
ਕਰਹਿਂ ਆਪ, ਹਮ ਦੇਂ ਬਦਨਾਮੀ[4]।
ਅਬਿ ਗਮਨੋ ਰਹੀਐ ਤਿਨ ਸ਼ਰਨੀ।
ਹਮ ਦਿਸ਼ ਤੇ ਕਹੁ ਪਰਨੋ ਚਰਨੀ[5] ॥੩੯॥
ਸਤਿਗੁਰ ਪਰ ਹੀ ਧਰੋ ਭਰੋਸਾ।
ਹਮ ਸਮ ਦਾਸ ਅਨੇਕ ਅਦੋਸ਼ਾ[6]'।
ਪਿਖ ਚਰਿੱਤ੍ਰ ਸਭਿਹੀ ਬਿਸਮਾਏ।
ਅਚਰਜ ਗਤਿ ਕੁਛ ਲਖੀ ਨ ਜਾਏ ॥੪੦॥
ਜਬ ਖੱਤ੍ਰੀ ਆਯੋ ਚਲਿ ਪਾਸ।
ਬਿਕਸੇ ਸਤਿਗੁਰ ਕ੍ਰਿਪਾ ਅਵਾਸ।

---

[1]ਭਜਾ ਦਿੰਦਾ ਸੀ।
[2]ਆਕੜਿਆ।
[3]ਅੱਗੇ (ਸ਼ਾਹ ਹੁਸੈਨ ਦੇ)।
[4]ਕਰਦੇ ਆਪ ਹਨ ਤੇ ਬਦਨਾਮੀ ਸਾਨੂੰ ਦੇਂਦੇ ਹਨ।
[5]ਪੈਰੀਂ ਪਾਉਣਾ।
[6]ਦੋਸ਼ ਰਹਤ (ਗੁਰੂ ਜੀ ਦੇ)।

ਮਹਾਂਰਾਜ ਸੇਵਾ ਫਲ ਦਾਤਾ।
ਸਿਖ ਵਤਸਲ[1] ਦੇ ਆਤਮ ਗਜ਼ਾਤਾ ॥੪੧॥
ਜਹਿਂ ਕਹਿਂ ਪੂਰਨ ਕੀਰਤਿ ਹੋਈ।
ਪੀਰ ਫਕੀਰ ਪਿਖਹਿਂ ਸਭਿ ਕੋਈ।
ਸੰਤ ਸਾਧ ਬੈਰਾਗੀ ਜਤੀ।
ਦਰਸਹਿਂ ਸਤਿਗੁਰ ਕੋ ਸ਼ੁਭ ਮਤੀ ॥੪੨॥
ਇਕ ਦਿਨ ਸੰਗਤਿ ਸਤਿਗੁਰ ਪਾਸ।
ਬੈਠੀ ਹੁਤੀ ਬ੍ਰਿੰਦ ਚਹੁਂ ਪਾਸਿ।
ਬੁੱਢੇ ਆਦਿਕ ਸਿੱਖ ਜੁ ਸਜ਼ਾਨੇ।
ਹਿਤ ਬੂਝਨ ਕੇ ਬੈਨ ਬਖਾਨੇ ॥੪੩॥
‘ਸਿੱਖੀ ਕੀ ਰਹਿਨੀ ਜਿਸ ਢਾਲ।
ਸ਼੍ਰੀ ਮੁਖ ਤੇ ਅਬਿ ਕਹਹੁ ਕ੍ਰਿਪਾਲ।
ਜਿਸ ਮਹਿਂ ਸਿਖ ਬਰਤੈ ਗਤਿ ਲਹੈ।
ਭਉਜਲ ਬਿਖੈ ਬਹੁਰ ਨਹਿਂ ਬਹੈ’ ॥੪੪॥
ਸੁਨਿ ਸਸਿ ਮੁਖ ਤੇ ਸੁਧਾ ਸਮਾਨੀ।
ਸਤਿਗੁਰ ਕਰੁਨਾ ਕਰੀ* ਬਖਾਨੀ।
‘ਗੁਰੂ ਬਾਕ ਦ੍ਰਿੜ੍ਹ ਜਿਨ ਕਰਿ ਮਾਨੇ।
ਸੋ ਮਮ ਪਜ਼ਾਰੋ ਸਿੱਖਜ਼ ਮਹਾਂਨੇ ॥੪੫॥
ਜਾਗਹਿ ਜਾਮ ਜਾਮਨੀ ਰਹੇ[2]।
ਮੱਜਨ ਕਰਿ ਇਕੰਤ ਹੁਇ ਬਹੈ।
ਮੋਰਿ ਸਰੂਪ ਰਿਦੇ ਮੋਂ ਧਾਰੇ।
ਗੁਰਬਾਨੀ ਕੋ ਰਿਦੇ ਬਿਚਾਰੇ ॥੪੬॥
ਮਨ ਦ੍ਰਿੜ ਕਰਿ ਕੈ ਸੁਰਤਿ ਟਿਕਾਵੈ।
ਪ੍ਰਾਤਿ ਹੋਤਿ ਲੌ ਨਾਮ ਅਲਾਵੈ।
ਧਰਮ ਕਿਰਤ ਕਰਿ ਸੰਤਨ ਸੇਵੈ।
ਪਰ ਤ੍ਰਿਯ ਪਰ ਧਨ ਕਬਹੁਂ ਨ ਲੇਵੈ ॥੪੭॥
ਨਿੰਦਾ ਝੂਠ ਨ ਨਿਠੁਰ[3] ਬਖਾਨੇ।
ਪਰ ਦੁਖ ਦੁਖ, ਪਰ ਸੁਖੁ ਸੁਖੁ ਮਾਨੈ[4]।

---

[1]ਸਿੱਖਾਂ ਦੇ ਪਿਆਰੇ।
*ਪਾ:-ਕਰੇ।
[2]ਪਹਿਰ ਰਾਤ ਰਹਿੰਦੀ।
[3]ਕਠੋਰ (ਵਾਕ)।
[4]ਪਰਾਏ ਦੁਖ ਨੂੰ (ਦੇਖਕੇ) ਦੁਖ ਮੰਨੇ ਤੇ ਪਰਾਏ ਸੁਖ ਨੂੰ ਸੁਖ।

ਛੁਧਾ ਬਿਨਾ ਨਹਿਂ ਖੈਬੋ ਕਰੈ।
ਨੀਂਦ ਬਿਨਾ ਨਹਿਂ ਸੁਪਤਨ ਪਰੈ[1] ॥੪੮॥
ਜੇ ਸੁਪਤਹਿ ਨਿਜ ਅਵਧਿ ਘਟਾਵਹਿ।
ਛੁਧਿ ਬਿਨ ਖਾਇ ਰੋਗ ਉਪਜਾਵਹਿ।
ਹੋਹਿ ਨ[+] ਸੱਤਿਨਾਮ ਕੋ ਸਿਮਰਨ।
ਸਾਸਿ ਸਾਸਿ ਜਪੁ ਬਿਸਰ ਨ ਇਕ ਛਿਨ ॥੪੯॥
ਪਰਮੇਸੁਰ ਕੋ ਭਾਣੋ ਮਾਨਹਿਂ।
ਨਹੀਂ ਦੋਸ਼ੁ ਪ੍ਰਭੁ ਮਹਿਂ ਕਬਿ ਠਾਨਹਿਂ।
ਆਛੋ ਜਾਨ ਮੁਦਤਿ ਚਿਤ ਰਹੈ।
ਤਨ ਹੰਤਾ ਕੋ ਨਿਤਿਪ੍ਰਤਿ ਦਹੈ ॥੫੦॥
ਕਾਮ ਨ ਕ੍ਰੋਧ ਨ ਲੋਭ ਨ ਧਾਰੈ।
ਜਥਾ ਲਾਭ ਸੰਤੁਸ਼ਟ ਬਿਚਾਰੈ।
ਆਛੋ ਕਰਮ ਦਿਖਾਇ ਨ ਚਾਹੈ।
ਲਾਭ ਘਟੈ[2] ਪਾਖੰਡ ਇਸ ਮਾਂਹੈ ॥੫੧॥
ਨਾਮ ਦਾਨ ਇਸ਼ਨਾਨ ਨ ਤਜਾਗਹਿ।
ਨਿਤਿ ਪ੍ਰਤਿ ਇਨਹੀ ਸੋਂ ਅਨੁਰਾਗਹਿ।
ਹਰਿ ਗੁਰ ਕੀ ਨਿੰਦਾ ਨਹਿਂ ਸੁਨੈ।
ਭਾਗਹਿ ਤਹਿਂ ਤੇ ਕੈ ਤਿਸੁ ਹਨੈ ॥੫੨॥
ਛਰ, ਮਤਸਰ[3] ਤ੍ਰਿਸ਼ਨਾ ਕੋ ਤਜਿ ਕੈ।
ਨਿਜ ਆਛੋ ਜਾਨਹਿਂ ਹਰਿ ਭਜਿ ਕੈ[4]।
ਸੁਖ ਪਰਲੋਕ ਚਾਹਿ ਕਰਿ ਸਦਾ।
ਜਗ ਸੁਖ ਮਹਿਂ ਉਰਝਹਿ ਨਹਿਂ ਕਦਾ ॥੫੩॥
ਗੁਰ ਸੇਵਨ ਸਿਮਰਨ ਕਰਨੋ।
ਇਸ ਤੇ ਨੀਕੋ ਅਪਰ ਨ ਬਰਨੋ।
ਸ਼ੁਭ ਮਤਿ ਇਨ ਕਉ ਤਜਾਗਹਿ ਨਾਂਹੀ।
ਮਿਲਜੋ ਰਹੈ ਸਤਿਸੰਗਤਿ ਮਾਂਹੀ ॥੫੪॥
ਗੁਰਬਾਨੀ ਸੋਂ ਮਨੁ ਅਨੁਰਾਗਹਿ।
ਪਾਠਤਿ ਸੁਨਤਿ ਜਬਿ ਮੀਠੀ ਲਾਗਹਿ।

---

[1]ਸੌਣ ਲਈ (ਲੰਮਾ) ਨਾ ਪਵੇ (ਸਿਖ)।
[+]ਪਾ:-ਹ੍ਵੈ ਹੈ।
[2]ਚੰਗੇ ਕਰਮ (ਦਿਖਾਉਣ ਨਾਲ) ਲਾਭ ਘਟਦਾ ਹੈ।
[3]ਛਲ ਤੇ ਈਰਖਾ।
[4]ਹਰੀ ਨੂੰ ਭਜਕੇ ਅਪਣਾ ਭਲਾ ਜਾਣਦੇ ਹਨ।

ਤਬਿ ਜਾਨਹਿ -ਮਮ ਹੁਇ ਕੱਲਜਾਨਹਿ-।
ਸੁਨਿ ਗੁਰ ਸ਼ਬਦ ਕਮਾਵਨ ਠਾਨਹਿ' ॥੫੫॥
ਇਮਿ ਗੁਰ ਕਹੀ, ਸੁਨੀ ਦੈ ਕਾਨ।
ਗੁਰ ਸਿੱਖਜਾ ਸਿੱਖਜਨ ਸੁਖਦਾਨ।
ਧਰੀ ਰਿਦੇ ਮਹਿਂ ਜੇ ਬਡਿਭਾਗੀ[1]।
ਸੱਤਜ ਨਾਮੁ ਜਪਿਬੇ ਲਿਵਲਾਗੀ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸਿੱਖ ਲੰਗਰੇ' ਪ੍ਰਸੰਗ ਬਰਨਨੰ ਨਾਮ ਚਤਰ ਸ਼ਸ਼ਟੀ ਅੰਸੂ ॥੬੪॥

[1]ਜੋ ਵਡਭਾਗੀ ਸਨ।

੬੫. [ਭੋਜਨਾਂ ਦੀ ਅੰਸ ਚੁਲੇ ਵਿਚ। ਨਿੱਤ੍ਰਕ੍ਰਿਆ। ਬੀਬੀ ਭਾਨੀ ਤੇ ਸ਼੍ਰੀ ਅਰਜਨ ਜੀ ਨੂੰ ਵਰ]

੬੪<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੬

ਦੋਹਰਾ: ਘਟਿ ਘਟਿ ਬਜਾਪਕ ਸਤਿਗੁਰੂ, ਜਿਸ ਅਕਾਸ਼ ਸਭਿ ਮਾਂਹਿ।
ਸੋ ਜਾਨਹਿਂ ਇਸ ਭੇਵ ਕੋ, ਕ੍ਰਿਪਾ ਦ੍ਰਿਸ਼ਟਿ ਹੈ ਜਾਂਹਿ ॥੧॥

ਚੌਪਈ: ਇਕ ਦਿਨ ਦੇਗ਼ ਸਥਲ ਗੁਰ ਗਏ।
ਸਿੱਖ ਸਰਬ ਹੀ ਸੰਗੀ ਭਏ।
ਲਵਣ ਬਿਹੀਨ ਓਗਰਾ ਖਾਇਵ।
ਪਾਨੀ ਪਾਨਿ ਕੀਨ ਤ੍ਰਿਪਤਾਇਵ ॥੨॥
ਖਟ ਰਸ ਕੋ ਅਹਾਰ ਸ਼ੁਭ ਭਾਂਤੀ।
ਸਤਿਸੰਗਤਿ ਅਚਵਜੋ ਕਰਿ ਪਾਂਤੀ[1]।
ਸੂਖਮ ਓਦਨ ਪਾਇਸ[2] ਘਨੀ।
ਸਰਪੀ ਸਿਤਾ ਸ੍ਵਾਦ ਸੋਂ ਸਨੀ[3] ॥੩॥
ਅਨਿਕ ਭਾਂਤਿ ਕੀ ਸੂਪ[4] ਬਨਾਈ।
ਡਾਲ ਮਸਾਲੇ ਸ੍ਵਾਦ ਰਸਾਈ[5]।
ਗੋਧੁਮ ਚੂਨ ਸੁ ਫੁਲਕਾ ਕਰੈ।
ਮ੍ਰਿਦੁਲ ਪਾਤਰੇ ਬਹੁ ਕਰਿ ਧਰੈ[6] ॥੪॥
ਇੱਤਜਾਦਿਕ ਸ਼ੁਭ ਹੋਤਿ ਅਹਾਰਾ।
ਪਿਖਿ ਕਰਿ ਬੁੱਢੇ ਬਾਕ ਉਚਾਰਾ।
'ਸ਼੍ਰੀ ਸਤਿਗੁਰ ਜੀ ਪਰਮ ਕ੍ਰਿਪਾਲ!
ਹੋਤਿ ਅਹਾਰ ਅਨੇਕ ਰਸਾਲ ॥੫॥
ਸੋ ਸਭਿ ਸੰਗਤਿ ਅਚੈ ਸੁ ਚੀਨ।
ਆਪ ਓਗਰਾ ਲਵਣ ਬਿਹੀਨ।
ਇਹ ਸਿੱਖਜਨ ਕੇ ਉਚਿਤ ਨ ਕੋਈ।
ਤੁਮ ਬਿਨ ਅਚਹਿਂ ਸ੍ਵਾਦ ਰਸ ਭੋਈ ॥੬॥
ਜਸੁ ਤੁਮ ਅਚਹੁ ਚਾਹਿ ਕਰਿ ਚਿਤ ਮੈਂ।
ਸੋ ਸਿਖ ਅਚਹਿਂ ਰੀਤਿ ਇਹ ਹਿਤ ਮੈਂ।

---

[1]ਪੰਗਤ ਬਣਾਕੇ।
[2]ਪਤਲੇ ਚਾਵਲਾਂ ਦੀ ਖੀਰ।
[3]ਘਿਓ ਤੇ ਖੰਡ ਦੇ ਸਵਾਦ ਨਾਲ ਮਿਲੀ ਹੋਈ।
[4]ਰਸੋਈ।
[5]ਸ੍ਵਾਦ ਵਿਚ ਰਸਾਈ ਹੋਈ, ਭਾਵ ਸ੍ਵਾਦ ਦਾਰ ਕੀਤੀ ਹੋਈ।
[6]ਨਰਮ ਤੇ ਬਹੁਤ ਪਤਲੇ ਤਿਆਰ ਕਰ ਰਖੇ।

ਤੁਮਰੇ ਬਿਨਾ ਖਾਹਿਂ ਨਹਿਂ ਨੀਕੇ।
ਏਵ ਮਨੋਰਥ ਹੈ ਮਮ ਹੀ ਕੇ ॥੭॥
ਬਹੁ ਦਿਨ ਕੋ ਮੈਂ ਚਾਹਤਿ ਰਹਜੋ।
ਆਜ ਸੁਨਾਯੋ ਅਵਸਰ ਲਹਜੋ[1]'।
ਸੁਨਿ ਪ੍ਰਸੰਨ ਬੁੱਢੇ ਪਰ ਭਏ।
ਇਸ ਪ੍ਰਕਾਰ ਕੋ ਉੱਤਰ ਦਏ ॥੮॥
'ਗੁਰਮੁਖ ਸੰਗਤਿ ਅਰੁ ਮਮ ਮਾਂਹੀ।
ਭੇਦ ਦੁਹਿਨ ਮੈਂ ਜਾਨੋ ਨਾਂਹੀ।
ਮੈਂ ਸੰਗਤਿ ਕੇ ਸੰਗ ਅਭੇਦ।
ਸੁਖ ਤੇ ਸੁਖੀ ਖੇਦ ਤੇ ਖੇਦ ॥੯॥
ਸੋ ਸੰਗਤਿ ਰੁਚਿ ਕਰਤਿ ਅਹਾਰਾ।
ਸੋ ਮੁਝ ਪਹੁੰਚੈ ਸ੍ਵਾਦਲ ਸਾਰਾ।'
ਕਰਤੇ ਚੁਰਾ ਬਚਨ ਇਮਿ ਕਹੈ[2]।
'ਦੇਖੋ ਮੁਖ ਮੇਰੇ ਮਹਿਂ ਅਹੈਂ' ॥੧੦॥
ਕਰਿ ਕੈ ਚੁਰਾ ਦਿਖਾਵਨ ਕੀਨਾ।
ਸਕਲ ਅਸਨ ਕਨ[3] ਤਿਸ ਮਹਿਂ ਚੀਨਾ।
ਪਾਇਸ ਆਦਿਕ ਦੇਖਨਿ ਕਰੇ।
ਸਭਿ ਮਹਿਂ ਗੁਰੂ ਰੂਪ ਨਿਜ ਧਰੇ[4] ॥੧੧॥
ਆਪ ਅਚਾਵਹਿਂ ਅਚਵਹਿਂ ਆਪੇ।
ਆਪੇ ਸਭਿ ਘਟ ਥਾਪ ਉਥਾਪੇ।
ਸਗਰੀ ਅੰਨ ਅੰਸ਼ ਦਿਖਰਾਈ।
ਪੁਨ ਸ਼੍ਰੀ ਸਤਿਗੁਰ ਬਰਨ* ਸੁਨਾਈ ॥੧੨॥
ਦੰਤਨ ਜਾੜ੍ਹਨ[5] ਮਹਿਂ ਲਗਿ ਜੋਈ।
ਸਿਖ ਕੋ ਕੀਨ ਦਿਖਾਵਨ ਸੋਈ।
'ਪਰਮ ਹਿਤੂ ਬ੍ਰਿਧ! ਤੂੰ ਬੁਧਿਵੰਤਾ।
ਨਿਸ਼ਚੈ ਮੇਰੋ ਇਹੀ ਮਤੰਤਾ ॥੧੩॥
ਸੰਗਤ ਅਚਹਿ ਪ੍ਰੇਮ ਕੇ ਨਾਲ।

---

[1]ਸਮਾਂ ਪਾ ਕਰਕੇ।
[2]ਚੁਲਾ ਕਰਦਿਆਂ ਏਹ ਬਚਨ ਕਹੇ ਸਨ।
[3]ਸਾਰੇ ਭੋਜਨਾਂ ਦੇ ਕਿਣਕੇ।
[4]ਸਾਰੇ ਸਿੱਖਾਂ ਵਿਚ ਗੁਰੂ ਜੀ ਆਪਣਾ ਰੂਪ ਧਾਰਦੇ ਹਨ।
*ਪਾ:-ਬਚਨ।
[5]ਦੰਦਾਂ ਤੇ ਦਾੜ੍ਹਾਂ।

ਸੋ ਮੁਝ ਪਹੁੰਚਹਿ ਸਭਿ ਹੀ ਕਾਲ।
ਸੰਗਤਿ ਮੋ ਬਿਨ ਦੂਸਰ ਨਾਂਹੀ।
ਏਕ ਰੂਪ ਜਾਨਹੁਂ ਮਨ ਮਾਂਹੀ' ॥੧੪॥
ਸੁਨਿ ਕਰਿ ਬ੍ਰਿੱਧ ਬਚਨ ਸਤਿਗੁਰ ਕੇ।
ਮਹਾਂ ਪ੍ਰਮੋਦ ਪ੍ਰੇਮ ਜੁਤਿ ਧਰਿਕੇ।
ਚਰਨ ਕਮਲ ਪਰ ਸੀਸ ਟਿਕਾਯੋ।
ਸੁਜਸ ਬਿਸਾਲ ਕਰਤਿ ਹੁਲਸਾਯੋ ॥੧੫॥
ਸੰਗਤਿ ਅਧਿਕ ਬ੍ਰਿਧੀ ਗੁਰ ਕੇਰੀ।
ਸ਼ੁਭ ਮਤਿ ਪ੍ਰਾਪਤਿ ਭਈ ਬਡੇਰੀ।
ਸਿੱਖੀ ਰੀਤਿ ਮਹਿਦ ਵਿਸਤਾਰੀ।
ਬਿਸ਼ੈ ਬਾਸ਼ਨਾ[1] ਸਭਿ ਨਿਰਵਾਰੀ[+] ॥੧੬॥
ਸਤਿਗੁਰ ਨੇਮ ਸਦਾ ਨਿਰਬਾਹੈਂ।
ਜਾਮੁ ਜਾਮਨੀ ਜਾਗਨ ਕਾ ਹੈ।
ਉਠਹਿਂ ਕ੍ਰਿਆ ਨਿਤਿ ਕੀ ਕਰਿ ਸਾਰੀ।
ਕਰਹਿਂ ਸੌਚ ਸੰਗ ਮ੍ਰਿਤਕਾ ਬਾਰੀ ॥੧੭॥
ਪੁਨ ਮੱਜਹਿਂ, ਪਹਿਰਹਿਂ ਪਟ ਨਿਰਮਲ।
ਬੈਠਹਿਂ ਸਤਿਗੁਰ ਹੁਇ ਇਕੰਤ ਥਲ।
ਬ੍ਰਿਤਿ ਟਿਕਾਇ ਨਿਜ ਰੂਪ ਮਝਾਰੀ।
ਲੇਹਿਂ ਅਨੰਦ ਤਿਸ ਕੋ ਹਿਤਕਾਰੀ[2] ॥੧੮॥
ਭੋਰ ਹੋਤਿ ਲੌ ਬ੍ਰਿਤੀ ਟਿਕਾਵੈਂ।
ਅਵਿਚਲ ਅਨੰਦ ਰੂਪ ਹੁਇ ਜਾਵੈਂ।
ਦਿਵਸ ਚੜੇ ਸਿੱਖ ਹੁਇ ਸਮੁਦਾਇ।
ਦਰਸਹਿਂ ਸੇਵਹਿਂ ਸੁਖ ਕੋ ਪਾਇ ॥੧੯॥
ਸ਼ਬਦ ਰਬਾਬੀ ਗਾਵਨਿ ਕਰੈਂ।
ਸੰਗਤਿ ਸਹਤ ਸੁਨਹਿਂ ਮੁਦ ਧਰੈਂ।
ਚਿਰੰਕਾਲ ਲਗ ਠਾਂਢੇ ਰਹੈਂ।
ਕਿਲਕ ਭੀਤ ਮਹਿ[++] ਕਰ ਸੋਂ ਗਹੈਂ[3] ॥੨੦॥

---

[1]ਵਿਸ਼ਿਆਂ ਦੀ ਵਾਸ਼ਨਾਂ।
[+]ਪਾ:-ਜਨਹਿ ਬਿਸ੍ਵਾਰੀ। ਜਨ ਕੀ ਟਾਰੀ। ਜਨੁ ਰਿਦ ਟਾਰੀ। ਸਭਨ ਨਿਵਾਰੀ।
[2]ਤਿਸ ਹਿਤਕਾਰੀ ਅਨੰਦ ਨੂੰ ਲੈਂਦੇ ਹਨ। (ਅ) (ਤਿਸ =) ਨਿਜ ਨੂੰ ਜੋ (ਨਿਜ ਸਰੂਪ ਵਿਚ ਟਿਕਣ ਦਾ) ਅਨੰਦ ਪਿਆਰਾ (ਲਗਦਾ) ਹੈ।
[++]ਪਾ:-ਕੋ।
[3]ਕਿੱਲੀ ਕੰਧ ਵਿਚ ਸੀ (ਉਸ ਨੂੰ) ਹਥ ਨਾਲ ਫੜਨ।

ਮਹਾਂ ਬ੍ਰਿੱਧ ਜੀਰਨ[1] ਤਨ ਹੋਇ।
ਤਪ ਕੋ ਤਪਹਿਂ ਪਿਖਹਿ ਸਭਿ ਕੋਇ[**]।
ਦੇਗ਼ ਸੁ ਤਜ਼ਾਰ ਹੋਇ ਹੈ ਜਬੈ।
ਸੰਗਤਿ ਸਹਤ ਅਚਹਿਂ ਗੁਰ ਤਬੈ ॥੨੧॥
ਇਕ ਦਿਨ ਜਾਗੇ ਪ੍ਰਭੂ ਕ੍ਰਿਪਾਲ।
ਕਰੀ ਸੌਚ ਮੱਜੈ ਤਿਸ ਕਾਲ।
ਹਿਤ ਦਰਸ਼ਨ ਕੇ ਤਨੁਜਾ ਭਾਨੀ।
ਪਹੁੰਚੀ ਨਿਕਟ ਭਗਤਿ ਜਿਹ ਭਾਨੀ[2] ॥੨੨॥
ਤਬਿ ਚੌਂਕੀ ਪਰ ਸਤਿਗੁਰ ਚਰੇ।
ਧਜ਼ਾਨ ਧਰਨ ਹਿਤ ਬੈਠਬਿ ਕਰੇ।
ਦੌਨੁ ਬਿਲੋਚਨ ਮੁੱਦ੍ਰਿਤ ਕਰਿ ਕੈ।
ਅੰਤਰਮੁਖੀ ਬ੍ਰਿੱਤਿ ਕੋ ਧਰਿ ਕੈ ॥੨੩॥
ਹੁਇ ਅਡੋਲ ਤਬਿ ਲਾਇ ਸੁ ਧਜ਼ਾਨ।
ਸ਼ੰਭੁ ਸਮਾਨ ਗੁਰ ਭਗਵਾਨ।
ਹੁਤੋ ਹੀਨ ਚੌਂਕੀ ਇਕ ਪਾਵਾ।
ਪਿਖਿ ਭਾਨੀ ਮਨ ਇਮਿ[*] ਠਹਿਰਾਵਾ ॥੨੪॥
-ਹਾਲਹਿਂ ਪਿਤਾ ਇਤਹੁਂ ਜਬਿ ਹੋਇਂ।
ਚੌਕੀ ਡੋਲ ਜਾਇ ਥਿਤ ਜੋਇ।
ਛੁਟਹਿ ਸਮਾਧਿ ਅਰਾਧ ਅਗਾਧੂ[3]।
ਜਿਸ ਹਿਤ ਜੋਗੀ ਜਤਨ ਸੁ ਸਾਧੂ[4] ॥੨੫॥
ਪਰਹਿ ਵਿਖੇਪ[5] ਧਜ਼ਾਨ ਕੇ ਮਾਂਹੀ।
ਬਿਰਤਿ ਅਡੋਲ ਟਿਕਹਿ ਤਬਿ ਨਾਂਹੀ-।
ਅਪਰ ਵਸਤੁ ਤਹਿਂ ਪਾਇ ਨ ਕੋਈ।
ਪਾਵੈ ਤਰੇ ਧਰੇ ਹਿਤ ਜੋਈ ॥੨੬॥
ਚਹੁੰਦਿਸ਼ ਦ੍ਰਿਗਨ ਚਲਾਇ ਨਿਹਾਰਾ।
ਨਹਿਂ ਸਮੀਪ, ਜੋ ਦੇਹਿ ਅਧਾਰਾ।

---

[1]ਜਰ ਜਰਾ, ਪੁਰਾਤਣ।
[**]ਪਾ:-ਪ੍ਰਭੁ ਸੋਇ।
[2]ਜਿਸਦੀ ਭਗਤੀ ਭਾਈ ਹੈ (ਗੁਰੂ) ਜੀ ਨੂੰ।
[*]ਪਾ:-ਇਹ।
[3]ਅਗਾਧ ਦੀ ਅਰਾਧਨਾਂ ਦੀ ਸਮਾਧੀ।
[4]ਸਾਧ ਦੇ ਭਾਵ ਕਰਦੇ ਹਨ।
[5]ਭੁਲਾਉ, ਛੋਭ।

ਉਤਲਾਵਤਿ ਨੇ ਦੀਨਸਿ ਹਾਥ।
ਨਹਿਂ ਡੋਲੈ ਚੌਂਕੀ ਤਿਹ ਸਾਥ ॥੨੭॥
ਚਹੁੰ ਪਾਵੇ ਪਰ ਇਕ ਸਮ ਭਾਰੂ।
ਹੋਤਿ ਭਯੋ ਸਭਿ ਲੀਨ ਸੁਹਾਰੂ।
ਤਨੁ ਇਸਤ੍ਰੀ ਕਰਿ ਕੋਮਲ ਕਰ ਹੈਂ[1]।
ਭਯੋ ਭਾਰ ਤੇ ਪੀੜਤ ਤਰ ਹੈ[2] ॥੨੮॥
ਤਊ ਨ ਕਰਯੋ ਡੁਲਾਵਨ ਕਰ ਕੋ।
ਬੈਠੀ ਰਹੀ ਧੀਰ ਧਰਿ[+] ਉਰ ਕੋ।
ਪਾਵਾ ਰਹਯੋ ਹਥੇਰੀ ਗਡਿ ਕੈ।
ਨਹੀਂ ਨਿਕਾਸਤਿ ਤਿਹ[++] ਥਲ ਛਡਿ ਕੈ ॥੨੯॥
ਪੁਰਖਨ ਕੋ ਦੁਸ਼ਕਰਿ[3] ਬਹੁ ਜੋਈ।
ਭਗਤਿ ਪਿਤਾ ਕੀ ਹਿਤ ਕਿਯ ਸੋਈ।
ਪ੍ਰਾਤਿ ਹੋਤਿ ਲਗਿ ਨਾਂਹਿਨ ਹਾਲੀ।
ਮਨਹੁਂ ਮੂਰਤੀ ਚਿੱਤ੍ਰ ਨਿਕਾਲੀ ॥੩੦॥
ਭੁਜਾ ਸੂੰਨ ਕੰਧੇ ਲਗ ਭਈ[4]।
ਉਤਰਯੋ ਰੁਧਿਰ ਲਾਲ ਹੁਇ ਗਈ।
ਧਜਾਨ ਹਟਾਵਨਿ ਸਮੋ ਭਯੋ ਜਬਿ।
ਕਮਲ ਬਿਲੋਚਨ ਬਿਗਸਤਿ ਭੇ ਤਬਿ ॥੩੧॥
ਬੈਠੀ ਸੁਤਾ ਸਮੀਪ ਨਿਹਾਰੀ।
ਬਹੁਰੋ ਦ੍ਰਿਸ਼ਟਿ ਭੁਜਾ ਪਰ ਡਾਰੀ।
ਥੂਲ ਨਸਾ ਸ਼੍ਰੋਨਤ ਭਰਿ ਰਹਯੋ[5]।
ਸ਼੍ਰੀ ਸਤਿਗੁਰ ਬੂਝਨ ਹਿਤ ਕਹਯੋ ॥੩੨॥
'ਇਹੁ ਕਜਾ ਕੀਨ ਰਹੀ ਕਯੋਂ ਬੈਸੀ?
ਭੁਜ ਪਰ ਪੀੜਨਿ[6] ਦੀਖਤਿ ਐਸੀ।'
ਸੁਨਿ ਬੋਲੀ ਬਡਭਾਗਾ ਭਾਨੀ।

---

[1]ਇਸਤ੍ਰੀ ਦਾ ਸਰੀਰ ਹੋਣ ਕਰਕੇ ਹਥ ਕੋਮਲ ਹਨ।
[2]ਹਥ ਵਧੇਰੇ ਪੀੜਤ ਹੋਇਆ ਹੇਠਾਂ (ਚੌਂਕੀ ਦੇ ਹੋਣ ਕਰਕੇ)।
[+]ਪਾ:-ਕਰਿ।
[++]ਪਾ:-ਇਹ।
[3]ਕਠਨ।
[4]ਬਾਂਹ ਮੋਢੇ ਤਕ ਸੁੰਨ ਹੋ ਗਈ (ਭਾਵ ਸੌਂ ਗਈ)।
[5]ਨਾੜਾਂ ਫੁਲੀਆਂ, ਲਹੂ ਭਰ ਰਿਹਾ।
[6]ਪੀੜਾ।

'ਪਿਤ ਜੀ! ਪਾਵੈ ਹੀਨ ਪਛਾਨੀ[1] ॥੩੩॥
ਨਿਕਟ ਬਿਲੋਕਨ ਕਛੂ ਨ ਕੀਨ।
ਜਾਂ ਤੇ ਹਾਥ ਤਰੇ ਮੈਂ ਦੀਨ।
ਡੋਲੇ ਤੇ ਸਮਾਧਿ ਛੁਟਿ ਜਾਇ।
ਰਾਖੀ ਯਾਂ ਤੇ ਸਥਿਤ ਟਿਕਾਇ' ॥੩੪॥
ਤਬਿ ਸ੍ਰੀ ਸਤਿਗੁਰ ਤਰੇ ਉਤਰਿ ਕੈ।
ਹਾਥ ਨਿਕਾਸਜੋ ਪ੍ਰੇਮ ਨਿਹਰਿ ਕੈ।
ਗਰਤ[2] ਹਥੇਰੀ ਬਿਖੇ ਨਿਹਾਰਾ।
ਕਹਜੋ 'ਖੇਦ ਬੀਬੀ ਕਿਮਿ ਧਾਰਾ?' ॥੩੫॥
'ਪਿਤ ਜੀ! ਹਮਰੀ ਮਤਿ ਅਨਜਾਨੀ।
ਹੋਇ ਨ ਸਕਹਿ ਸੇਵ ਗੁਨ ਖਾਨੀ।
ਨਿਸ ਬਾਸੁਰ ਮੈਂ ਰਹਤਿ ਬਿਸੂਰਤ।
ਅਹੋ ਆਪ ਪਰਮੇਸ਼ੁਰ ਮੂਰਤਿ ॥੩੬॥
ਸਫਲ ਨੇਤ੍ਰ ਜੇ ਦਰਸ਼ਨ ਕਰੇ।
ਹਾਥ ਸਫਲ ਟਹਿਲ ਜੁ ਅਨੁਸਰੇ।
ਰਿਦਾ ਸਫਲ ਜਿਸ ਮਹਿਂ ਤੁਮ ਬਾਸੋ।
ਚਰਨ ਸਫਲ ਤੁਮ ਹਿਤ ਚਲਿ ਜਾਸੋ[3] ॥੩੭॥
ਸਕਲ ਸਰੀਰ ਸਫਲ ਬਡਭਾਗੇ।
ਜੋ ਰਾਵਰ ਕੀ ਸੇਵਾ ਲਾਗੇ।'
ਸੁਨਿ ਤਨੁਜਾ ਕੇ ਬਚਨ ਸੁਹਾਏ।
ਪਿਖਿ ਦੁਸ਼ਕਰਮ[4] ਕੀਨਿ ਜਿਸੁ ਭਾਏ ॥੩੮॥
ਹੁਇ ਪ੍ਰਸੰਨ ਬਰ ਦਯੋ ਸੁਜਾਨਾ।
'ਸੰਤਤਿ ਤੇਰੀ ਬਧੈ ਮਹਾਂਨਾ।
ਸਕਲ ਜਗਤ ਕੀ ਹੋਵਹਿਂ ਪੂਜ।
ਜੈਸੋ ਚਢਹਿ 'ਚੰਦ੍ਰਮਾਂ ਦੂਜ ॥੩੯॥
ਬਡ ਐਸ਼੍ਵਰਜ ਬਧਹਿ ਤਿਮ ਆਗੇ।
ਜੋ ਤਿਨ ਸੇਵਹਿ ਸੋ ਵਡਭਾਗੇ।
ਆਗੇ ਬੰਸ ਬਿਖੈ ਨਿਪਜੈਹੈ[5]।

---

[1](ਚੌਂਕੀ) ਪਾਵੇ ਬਿਨਾਂ ਦੇਖੀ ਮੈਂ।
[2]ਟੋਆ।
[3]ਜਾਵੇ।
[4]ਔਖਾ ਕੰਮ।
[5]ਉਪਜਣਗੇ।

ਮਹਾਂ ਬਲੀ ਸੇ ਜਗ ਮਹਿਂ ਹ੍ਵੈ ਹੈਂ ॥੪੦॥
ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿਂ।
ਅਪਨੋ ਅਧਿਕ ਪ੍ਰਤਾਪ ਬਧਾਵਹਿਂ।
ਪਰਮ ਧਰਮ* ਪੀਰੀ ਅਰੁ ਮੀਰੀ।
ਧਰਹਿਂ ਆਪ ਦੇ, ਅਪਰ ਤਗੀਰੀ[1] ॥੪੧॥
ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ।
ਕਰਹਿਂ ਉਧਾਰਨ ਨਰਨ ਹਜ਼ਾਰੋ।
ਸੋਢਿਬੰਸ ਕਹੁ ਬਡਿ ਬਡਿਆਈ।
ਤੈਂ ਕਰਿ ਭਗਤਿ ਭਲੇ ਅਬਿ ਪਾਈ ॥੪੨॥
ਤੀਨੌਂ ਕਾਲ ਬਿਖੈ ਤੁਝ ਜੈਸੀ।
ਹੁਈ, ਨ ਹੈ, ਹੋਵਹਿਗੀ ਐਸੀ।
ਪਿਤਾ ਗੁਰੂ, ਜਗ ਗੁਰ ਹੁਇ ਕੰਤ।
ਪੁੱਤ੍ਰ ਗੁਰੂ, ਹੁਇ ਪੌਤ੍ਰ ਮਹੰਤ[2] ॥੪੩॥
ਕਜ਼ਾ ਅਬਿ ਕਹੈਂ ਤੋਰ ਬਡਿਆਈ।
ਜਿਸ ਕੀ ਸਮ ਕੋ ਹ੍ਵੈ ਨ ਸਕਾਈ।'
ਅਤਿ ਪ੍ਰਸੰਨ ਸ਼੍ਰੀ ਅਮਰ ਕ੍ਰਿਪਾਲ।
ਇੱਤਜ਼ਾਦਿਕ ਬਰ ਦਿਯੇ ਬਿਸਾਲ ॥੪੪॥
ਸੁਨਿ ਕਰ ਜੋਰਤਿ ਉਰ ਸਨਿਮਾਨੀ[3+]।
ਬਡਭਾਗਨ ਨੇ ਬੰਦਨ ਠਾਨੀ।
ਪਿਤਿ ਬਾਨੀ ਸਾਚੀ ਨਿਤਿ ਜਾਨੀ।
ਬਰ ਦੇਵਨ ਤੇ ਬਹੁ ਹਰਖਾਨੀ ॥੪੫॥
ਆਇਸੁ ਲੇ ਗ੍ਰਹਿ ਬਿਖੈ ਸਿਧਾਈ।
ਸਰਬੋਤਮ ਪਦ ਕੋ ਨਿਜ ਪਾਈ।
ਸਦਾ ਭਗਤਿ ਕੇ ਬਸਿ ਗੁਰ ਸ੍ਵਾਮੀ।
ਦੇਤਿ ਅਦੇਯ[4] ਜੁ ਅੰਤਰਜਾਮੀ ॥੪੬॥

---

*ਪਾ:-ਪਰਮ ਪਰਮ।
[1]ਅਪਰ = ਪੂਰਬਲੀ। ਤਗੀਰੀ = ਬਦਲਨਾ। ਭਾਵ ਪੂਰਬਲੀ ਰੀਤੀ ਬਦਲ ਦੇਣਗੇ। [ਫਾ: ਤਗ਼ੱਯਰ] (ਅ) ਤਾਗੀਰੀ = ਵਿਦੈਗੀ। ਮੀਰੀ ਪੀਰੀ ਦੋਵੇਂ ਆਪ ਧਾਰਨਗੇ, ਹੋਰਨਾਂ ਨੂੰ ਵਿਦੈਗੀ ਦੇ ਦੇਣਗੇ, ਭਾਵ ਓਹਨਾਂ ਜੇਹਾ ਮੀਰ ਪੀਰ ਕੋਈ ਨਹੀਂ ਹੋਵੇਗਾ।
[2]ਭਾਵ, ਮੀਰੀ ਪੀਰੀ ਦਾ ਮਾਲਕ (ਗੁਰੂ)।
[3]ਹੱਥ ਜੋੜਕੇ ਰਿਦੇ ਵਿਚ (ਗੁਰੂ ਜੀ ਦਾ) ਸਨਮਾਨ ਕੀਤਾ।
+ਪਾ:-ਸ਼ਰਮਾਨੀ।
[4]ਨਾ ਦੇਣ ਵਾਲੀ, ਦੁਰਲੱਭ।

ਏਕ ਦਿਵਸ ਸ੍ਰੀ ਅਰਜਨ ਲਘੁ ਬਯ।
ਖੇਲਤਿ ਅਜਰ ਬਿਖੈ ਇਤ ਉਤ ਹੁਯ।
ਬਾਲਕ ਗੁਰ ਢਿਗ ਜਾਇ ਨ ਕੋਊ।
ਬਰਜੇ ਹੁਤੇ ਪ੍ਰਿਥਮ ਹੀ ਸੋਊ ॥੪੭॥
'ਸ਼ਮਸ ਬਿਹੀਨੋ ਜਾਇ ਨ ਪਾਸ।'
ਅਸੁ ਆਇਸੁ ਗੁਰ ਕਰੀ ਪ੍ਰਕਾਸ਼।
ਤਬਿ ਸ੍ਰੀ ਅਰਜਨ ਸਹਿਜ ਸੁਭਾਇ।
ਜਨਨੀ ਪਿਤ ਕੇ ਗ੍ਰਹਿ ਦਿਸ਼ ਜਾਇ ॥੪੮॥
ਅੰਤਰ ਪ੍ਰਵਿਸ਼ੇ ਤਹਿਂ ਲਗ ਗਏ।
ਗੁਰ ਪ੍ਰਯੰਕ ਪਰ ਜਹਿਂ ਥਿਤ ਥਿਏ।
ਪੌਢਨ ਸਮੈਂ ਹੁਤੋ ਸਭਿ ਜਾਨ।
ਸੇਵਕ ਨਿਕਟ ਥੋਰਈ ਥਾਨ[1] ॥੪੯॥
ਭਾਨੀ ਨੇ ਸੁਤ ਜਾਤਿ ਨਿਹਾਰਾ।
ਧਾਈ ਗਹਿਨ ਹੇਤੁ ਡਰ ਧਾਰਾ।
ਖੇਲਤਿ ਲਗੀ ਦੇਹ ਬਹੁ ਮਾਟੀ।
ਠਾਂਢੋ ਗਹੇ ਪਲੰਘ ਕੀ ਪਾਟੀ[2] ॥੫੦॥
ਆਵਤਿ ਜਨਨੀ ਲਗ ਤਹਿਂ ਗਯੋ।
ਸੰਗ ਪਲੰਘ ਕੇ ਠਾਂਢੋ ਭਯੋ।
ਗਹਿਨ ਹੇਤ ਜਬਿ ਨਿਕਟ ਸਿਧਾਰੀ।
ਪਿਖਿ ਕ੍ਰਿਪਾਲ ਨੇ ਗਿਰਾ ਉਚਾਰੀ ॥੫੧॥
'ਨਹਿਂ ਲੇ ਜਾਹੁ ਰਹਿਨ ਦਿਹੁ ਖਰਯੋ।'
ਜੁਗ ਕਰਿ ਸੋਂ ਗੁਰ ਗਹਿਬੋ ਕਰਯੋ।
ਊਪਰ ਕੋ ਉਠਾਇ ਤਬਿ ਤੋਲਯੋ।
ਗਰੁਵ[3] ਭਾਰ ਲਖਿ ਸ੍ਰੀ ਮੁਖ ਬੋਲਯੋ ॥੫੨॥
'ਭਾਰੀ ਗੁਰ ਜਗ ਮਹਿਂ ਬਿਦਤੈ ਹੈ।
ਬਾਣੀ ਕੋ ਬੋਹਿਥ ਬਡ ਹ੍ਵੈ ਹੈ[*]।'
ਤਬਿ ਸ੍ਰੀ ਅਰਜਨ ਚਰਨ ਉਠਾਇਵ।
ਊਪਰ ਧਰਨ ਪ੍ਰਯੰਕ ਲੁਭਾਇਵ ॥੫੩॥

---

[1]ਸੌਣ ਦਾ ਸਮਾਂ ਹੁੰਦਾ ਜਾਣਕੇ ਸਾਰੇ ਸਮੀਪੀ ਸੇਵਕ ਥੋੜੀ ਥਾਉਂ ਤੇ (ਭਾਵ ਵਿੱਥ ਤੇ) ਸਨ। (ਅ) ਸੌਣ ਦਾ ਸਮਾਂ ਹੁੰਦਾ ਜਾਣਕੇ ਥੋੜੇ ਹੀ ਸੇਵਕ ਸਨ ਉਸ ਥਾਂ ਤੇ।
[2]ਬਾਹੀ।
[3]ਭਾਰੀ।
[*]'ਦੋਹਿਤਾ ਬਾਣੀ ਕਾ ਬੋਹਿਥਾ' ਵਾਕ ਪ੍ਰਸਿੱਧ ਹੈ।

ਗੁਰੂ ਦੇਖਿ ਕਰਿ ਬਾਕ ਬਖਾਨੇ।
'ਅਬਿ ਤੇ ਹੀ ਗਾਦੀ ਲਲਚਾਨੇ।
ਅਪਨੇ ਪਿਤਾ ਪਾਸ ਤੇ ਲੀਜਹਿ।
ਤਬਿ ਲਗੁ ਧੀਰਜ ਧਾਰਿ ਥਿਰੀਜਹਿ' ॥੫੪॥
ਸੁਨਿ ਕਰਿ ਪਿਤਾ ਬਾਕ ਅਨਕੂਲੇ[1]।
ਅਧਿਕ ਕ੍ਰਿਪਾ ਲਖਿ ਮਨ ਮਹਿਂ ਫੂਲੇ।
ਲਘੁ ਸੁਤ ਕੋ ਗੁਰ ਚਰਨਨ ਪਾਇਵ।
ਲੇ ਕਰਿ ਗੋਦ ਪ੍ਰਮੋਦਤਿ[2] ਲਜਾਇਵ ॥੫੫॥
ਤੀਨਹੁਂ ਪੁੱਤ੍ਰਨ ਕੋ ਪ੍ਰਤਿਪਾਰਤਿ।
ਪਿਤ ਸੇਵਾ ਮਹਿਂ ਪ੍ਰੀਤੀ ਧਾਰਤਿ।
ਤਿਮ ਹੀ ਰਾਮ ਦਾਸ ਬਡਭਾਗੇ।
ਨਿਸ ਬਾਸੁਰ ਸੇਵਾ ਮਹੁਂ ਲਾਗੇ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਬੀਬੀ ਭਾਨੀ ਪ੍ਰਸੰਗ' ਬਰਨਨੰ ਨਾਮ ਪੰਚ ਸ਼ਸ਼ਟੀ ਅੰਸੂ ॥੬੫॥

---

[1]ਪਿਤਾ ਜੀ ਦੇ ਅਨੁਕੂਲ ਬਚਨ (ਬੀਬੀ ਭਾਨੀ ਜੀ) ਸੁਣਕੇ।
[2]ਅਨੰਦ ਨਾਲ।

੬੬. [ਭਾਈ ਪਾਰੋ ਪ੍ਰਲੋਕ ਗਮਨ। ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ]

੬੫<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੭

ਦੋਹਰਾ: ਇਕ ਦਿਨ ਸ਼੍ਰੀ ਸਤਿਗੁਰੂ ਜੀ,
ਅਮਰਦਾਸ ਸੁਖ ਰਾਸਿ।
ਕਰਜੋ ਹਕਾਰਨ ਏਕਲੋ,
ਪਾਰੋ ਅਪਨੇ ਪਾਸਿ ॥੧॥

ਚੌਪਈ: ਪਰਮ ਹੰਸ ਆਵਸਥਾ ਜਾਂਹੀ।
ਜੜ੍ਹ ਚੇਤਨ ਇਕ ਤੇ ਬਿਲਗਾਹੀ[1]।
ਜਿਮ ਪਾਨੀ ਪੈ[2] ਇਕ ਹੁਇ ਜਾਇ।
ਹੰਸ ਕਰਹਿ ਦੋਇਨ ਪ੍ਰਿਥਕਾਇ[3] ॥੨॥
ਤੁਰੀਆ[4] ਮਹਿਂ ਬ੍ਰਿਤਿ ਥਿਤ ਨਿਤ ਰਹੇ।
ਢਿਗ ਬਿਠਾਇ ਤਿਹ ਸੋਂ ਗੁਰ ਕਹੇ।
'ਮਨ ਮੇਰੇ ਮਹਿਂ ਅਬ ਇਮ ਆਵੈ।
ਗੁਰਤਾ ਗਾਦੀ ਤੋਹਿ ਬਿਠਾਵੈਂ ॥੩॥
ਪਰਮਹੰਸ ਮੇਰੋ ਈ ਰੂਪ[5]।
ਪਰਮ ਅਵਸਥਾ ਸਦਾ ਅਨੂਪ।
ਬਖ਼ਸ਼ਤਿ ਹੌਂ ਮੈਂ ਜਗ ਗੁਰਿਆਈ।
ਕਰਹੁ ਉਧਾਰ ਲੋਕ ਸਮੁਦਾਈ ॥੪॥
ਭਗਤਿ ਜਗਤਿ ਮਹਿਂ ਅਧਿਕ ਬਿਥਾਰਹੁ।
ਪਰਉਪਕਾਰ ਕਾਰ ਕੋ ਸਾਰਹੁ।'
ਕਰ ਜੋਰੇ ਪਾਰੋ ਪਗ ਪਰਜੋ।
'ਤ੍ਰਾਹਿ ਤ੍ਰਾਹਿ' ਕਰਿ ਬਚਨ ਉਚਰਜੋ ॥੫॥
'ਪ੍ਰਭੁ ਜੀ ਗੁਰ ਸਿੱਖੀ ਮੁਝਿ ਭਾਵੇ।
ਗੁਰਿਆਈ ਸਤਿਗੁਰਹਿਂ ਸੁਹਾਵੈ।
ਮੁਝ ਪਰ ਕ੍ਰਿਪਾ ਦ੍ਰਿਸ਼ਟਿ ਕਹੁ ਧਰੀਐ*।
ਗੁਰ ਸਿੱਖੀ ਪਦ ਬਖਸ਼ਨ ਕਰੀਐ+' ॥੬॥

---

[1]ਜੋ ਇੱਕ ਹੋ ਰਹੇ ਹਨ (ਉਨ੍ਹਾਂ ਨੂੰ) ਵਖ ਵਖ (ਅਨੁਭਵ) ਕਰਨਾ।
[2]ਦੁੱਧ ਤੇ ਪਾਣੀ।
[3]ਵੱਖੋ ਵੱਖ।
[4]ਚੌਥੇ ਪਦ।
[5](ਤੁਸੀਂ) ਪਰਮਹੰਸ ਮੇਰਾ ਹੀ ਰੂਪ ਹੋ।
*ਪਾ:-ਕਰੀਅਹਿ।
+ਪਾ:-ਧਰੀਅਹਿ।

ਕਹਿ ਇਮਿ ਗਹੇ ਹਾਥ ਗੁਰ ਚਰਨਾ।
'ਬਖਸ਼ੋ ਆਗਜਾ ਮੋਰਨਿ ਕਰਨਾ[1]'।
ਸੁਨਤਿ ਬਿਨੈ ਗੁਰ ਅਮਰ ਬਖਾਨਾ।
'ਜੇ ਕਰ ਸਿੱਖੀ ਮਹਿਂ ਮਨ ਮਾਨਾ ॥੭॥
ਸਦਨ ਆਪਨੇ ਅਬਿ ਚਲਿ ਜਾਵਹੁ।
ਤਨ ਤਜਾਗਹੁ, ਨਹਿਂ ਬਿਲਮ ਲਗਾਵਹੁ।
ਮਮ ਚਰਨਨ ਮਹਿਂ ਤੇਰੀ ਪ੍ਰੀਤਿ।
ਮੋ ਮਹਿਂ ਮਿਲੋ ਆਨੁ ਸਿਖ ਮੀਤ! ॥੮॥
ਤੋਹਿ ਸਹਤ ਮੈਂ ਅਪਰ ਸ਼ਰੀਰ।
ਪ੍ਰਵਿਸ਼ੌਂ ਸਿੱਖਨ ਕੇ ਹਿਤ, ਧੀਰ!
ਕਰਨੇ ਕਾਜ ਅਨਿਕ ਜਗ ਮਾਂਹੀ।
ਸੰਤ ਉਧਾਰਨ ਖਲਨਿ ਖਪਾਹੀ[2]' ॥੯॥
ਸੁਨਿ ਆਗਜਾ ਪਾਰੋ ਕਰ ਬੰਦੇ।
ਕਰਿ ਬੰਦਨ ਕੋ ਰਿਦੈ ਅਨੰਦੇ।
ਗਮਨਜੋ ਗ੍ਰਿਹ ਪਹੁੰਚਜੋ ਤਤਕਾਲਾ।
ਅਧਿਕਾਰੀ ਜੇ ਪਿਖੇ ਬਿਸਾਲਾ ॥੧੦॥
ਸਰਬ ਸਮਾਜ ਬਾਂਟਿ ਤਿਨ[++] ਦੀਨਸਿ।
ਬੜਵਾ ਬਸਤ੍ਰ ਦਰਬ ਰਖਿ ਲੀਨਸਿ।
ਨਰ ਬ੍ਰਿੰਦਨ ਕੋ ਕਹਜੋ ਸੁਨਾਈ।
'ਇਹ ਗੁਰ ਵਸਤੁ ਦੇਹੁ ਪਹੁੰਚਾਈ' ॥੧੧॥
ਇਮਿ ਸਭਿ ਹੇਰਤਿ ਤਨ ਤਜਿ ਪਾਰੋ।
ਫੂਲ ਮਾਲ ਗਜ[3] ਤਜੈ ਸੁਖਾਰੋ।
ਸਭਿਨਿ ਕਰਜੋ ਸਸਕਾਰ ਬਨਾਇ।
ਜਥਾ ਜੋਗ ਚਹੀਅਹਿ ਜਿਸ ਭਾਇ ॥੧੨॥
ਸ਼੍ਰੀ ਗੁਰ ਬਿਖੈ ਆਨਿ ਲੈ ਹੋਵਾ[4]।
ਜਿਨ ਅੱਗਜਾਨ ਭਰਮ ਕੋ ਖੋਵਾ।
ਪੁਨ ਡੱਲੇ ਤੇ ਇਕ ਨਰ ਆਇਵ।
ਪਾਰੋ ਕੋ ਪਰਲੋਕ ਸੁਨਾਇਵ ॥੧੩॥

---

[1]ਆਗਜਾ ਮੋੜਨੀ ਕੀਤੀ ਹੈ (ਇਸ ਖ਼ਤਾ ਨੂੰ ਬਖਸ਼ੋ)।
[2]ਦੁਸ਼ਟਾਂ ਦਾ ਨਾਸ਼।
[++]ਪਾ:-ਤਿਸ।
[3](ਜਿਵੇਂ) ਹਾਥੀ।
[4]ਆਕੇ ਲੀਨ ਹੋਇਆ।

'ਸਭਿ ਸਿੱਖਨ ਕੋ ਮੋਹ ਮਹਾਂਨਾ।
ਸਿਮਰਹਿਂ ਪਾਰੋ ਕੇ ਗੁਨ ਨਾਨਾ।
ਮ੍ਰਿਦੁਲ, ਸਰਲਤਾ[1], ਮੁਦਤਾ[2], ਮੈਤ੍ਰੀ।
ਬਡ ਜੋਧਾ ਮਨ ਸ਼ੱਤ੍ਰੂ ਜੈਤ੍ਰੀ[3] ॥੧੪॥
ਤਰੁਵਰੁ ਸਮਸਰ ਪਰਉਪਕਾਰੀ।
ਸਹਨ ਸੀਲ ਉਰ ਧੀਰਜ ਧਾਰੀ।'
ਸਤਿਗੁਰ ਸਿੱਖਨ ਕੋ ਸਮੁਝਾਇਵ।
'ਇਹ ਅਨੰਦ ਕੇ ਸਿੰਧੁ ਸਮਾਇਵ ॥੧੫॥
ਅਸ ਨਰ ਹੋਤਿ ਨ ਸੋਚਨ ਜੋਗ।
ਬ੍ਰਹਮ ਗਜ਼ਾਨ ਸੋਂ ਜਿਨ ਕੋ ਜੋਗ[4]।
ਜਿਨਹੁਂ ਜਨਮ ਬਿਸ਼ਿਯਨ ਲਗ ਹਾਰਾ।
ਜਥਾ ਜੂਪ ਮਹਿਂ ਦਰਬ ਉਦਾਰਾ ॥੧੬॥
ਨਹਿਂ ਗੁਰ ਸ਼ਬਦ ਜਿਨਹੁ ਕਬਿ ਸੁਨਜੋ।
ਸਤਿ ਸੰਗਤ ਸਤਿਨਾਮ ਨ ਭਨਜੋ।
ਸੋ ਸੋਚਨ ਕੇ ਜੋਗ ਸਭਿਨਿ ਕੇ।
ਜੋ ਤਤਪਰ ਨਹਿਂ ਗੁਰੂ ਜਜਨ ਕੇ[5]' ॥੧੭॥
ਕਹਿ ਦਾਸਨ ਕੋ ਧੀਰਜ ਦੀਨ।
ਦੀਨ ਮਨੇ ਜੋ ਪ੍ਰੇਮ ਪ੍ਰਬੀਨ।
ਬੀਨ ਸਿੱਖਜ ਸਭ ਤੇ ਖਟ ਲੀਨ।
ਲੀਨ ਪ੍ਰੇਮ ਮਹਿਂ ਜਿਨ ਮਨ ਕੀਨ ॥੧੮॥
ਨਾਮ ਮੋਹਰੀ ਛੋਟੋ ਨੰਦਨ।
ਨਿਕਟ ਹਕਾਰਜੋ ਕਸ਼ਟ ਨਿਕੰਦਨ।
ਆਨ ਕੀਨਿ ਤਿਨ ਪਦ ਪਰ ਬੰਦਨ।
ਸ਼੍ਰੀ ਗੁਰ ਪਿਤ ਕੋ ਚਹਿ ਅਭਿਨੰਦਨ[6] ॥੧੯॥
ਪੁੱਤ੍ਰ ਬਿਲੋਕਜੋ ਸਥਿਤ ਅਗਾਰੀ।
ਖਟ ਸੰਗ ਦੇ ਸਿਖ ਗਿਰਾ ਉਚਾਰੀ।
'ਪਾਰੋ ਪਰਮ ਹੰਸ ਮਮ ਪਜ਼ਾਰੋ।

---

[1]ਸੂਧਾ ਪਨ।
[2]ਪ੍ਰਸੰਨਤਾ।
[3]ਮਨ ਦੇ ਸ਼ੱਤ੍ਰੂਆਂ ਨੂੰ (ਯਾ ਮਨ ਸ਼ਤ੍ਰੂ ਨੂੰ) ਜਿੱਤਣ ਵਾਲਾ।
[4]ਮੇਲ, ਜੁੜਨਾ।
[5]ਗੁਰੂ ਪੂਜਾ ਵਿਚ ਤਤਪਰ ਨਹੀਂ ਜੋ।
[6]ਅਨੰਦ, ਪ੍ਰਸੰਨਤਾ।

ਤਜਜੋ ਸਰੀਰ ਸੁ ਧੀਰ ਸੁਖਾਰੋ ॥੨੦॥
ਡੱਲੇ ਗ੍ਰਾਮ ਅਬਹਿ* ਚਲਿ ਜਾਓ।
ਜਥਾ ਜੋਗ ਕਰਿ ਸਭਿ ਹਰਖਾਓ।'
ਸੁਨਤਿ ਮੋਹਰੀ ਹ੍ਵੈ ਕਰਿ ਤਜਾਰ।
ਪਿਤ ਬੰਦਜੋ ਅਸ੍ਵ+ ਭਾ ਅਸਵਾਰ ॥੨੧॥
ਸਿੱਖ ਖਸ਼ਟ ਕੋ ਸੰਗ ਮਿਲਾਏ।
ਅਪਰ ਦਾਸ ਗਨ ਬੋਲਿ ਰਲਾਏ।
ਪੰਥ ਉਲੰਘ ਡੱਲੇ ਮਹਿਂ ਗਏ।
ਤਿਨ ਕੇ ਸਦਨ ਪ੍ਰਵੇਸ਼ਤਿ ਭਏ ॥੨੨॥
ਸਭਿਹਿਨਿ ਉਠਿ ਕੀਨਹੁਂ ਸਨਮਾਨਾ।
ਬੰਦਹਿਂ ਚਰਨ ਜੋਰਿ ਜੁਗ ਪਾਨਾ।
ਬੈਠੇ ਜਾਇ ਸਭਿਨਿ ਕੇ ਮਾਂਹੂ।
ਕੁਸ਼ਲ ਪ੍ਰਸ਼ਨ ਕਹਿ++ ਕਰਿ ਸਭਿ ਪਾਹੂ ॥੨੩॥
ਪਾਰੋ ਕੋ ਸਭਿ** ਕਰੈਂ ਸਰਾਹਨਿ।
'ਜਿਸ ਕੇ ਸਮਸਰ ਦੂਸਰ ਨਾਂਹਿਨ।
ਕੁਲ ਦੀਪਕ ਨਿਜ ਬੰਸ ਉਧਾਰਾ।
ਤਨ ਸੁਛੰਦ ਤਜਿ ਅੰਤ ਪਧਾਰਾ' ॥੨੪॥
ਸੁਨੇ ਮੋਹਰੀ ਤੇ ਸੁਖ ਪਾਯੋ।
ਹਾਥ ਜੋਰਿ ਸਭਿਹੂੰਨ ਸੁਨਾਯੋ।
'ਸਤਿਗੁਰ ਪੁੱਤ੍ਰ! ਸੁਨਹੁ ਤਿਨ ਕੀਨਾ।
ਅਧਿਕਾਰੀ ਪਿਖਿ ਸਭਿ ਕੁਛ ਦੀਨਾ ॥੨੫॥
ਸਤਿਗੁਰ ਕਾਰਨਿ ਜਾਨਿ ਪ੍ਰਬੀਨ।
ਬੀਨ ਤੀਨ ਵਸਤੂ ਰਖਿ ਲੀਨਿ।
ਲੀਨ ਬ੍ਰਿਤੀ ਪਰਮਾਤਮ ਜਾਂਹਿ।
ਜਾਹਿ ਨ ਕਹੂੰ ਅਨੰਦ ਕੇ ਮਾਂਹਿ[1] ॥੨੬॥
ਸੁੰਦਰ ਚੰਚਲ ਬਲੀ ਸੁਰੰਗਨਿ[2]।
ਬਿਦਤਿ ਸਭਿਨਿ ਮਹੁਂ ਏਕ ਤੁਰੰਗਨਿ।

---

*ਪਾ:-ਵਿਖੈ।
+ਪਾ:-ਅਸ।
++ਪਾ:-ਕਰ।
**ਪਾ:-ਬਹੁ।
[1](ਪਰਮਾਤਮਾ ਦੇ) ਅਨੰਦ ਵਿਚ (ਮਗਨ, ਹੋਰ ਥੇ) ਕਿਧਰੇ ਨਹੀਂ ਜਾਂਦੀ (ਬ੍ਰਿਤੀ)।
[2]ਸ੍ਰੇਸ਼ਟ ਰੰਗ ਵਾਲੀ।

ਜਿਸ ਕੀ ਸਮਤਾ ਕਰਹਿ ਨ ਕੋਈ।
ਸਤਿਗੁਰ ਹੇਤ ਰਖੀ ਤਿਨ ਸੋਈ ॥੨੭॥
ਸੂਖਮ ਬਸਤ੍ਰ ਮੋਲ ਬਹੁ ਕੇਰੇ।
ਪਹਿਰਨਿ ਉਚਿਤ ਗੁਰੂ ਕੇ ਹੇਰੇ।
ਬ੍ਰਿੰਦ ਦਰਬ, ਇਹ ਵਸਤੂ ਤੀਨ।
ਇਮਿ ਕ੍ਰਿਤਿ ਕਰਤਿ ਤਜਾਗ ਤਨ ਦੀਨ' ॥੨੮॥
ਸੁਨਿ ਕਰਿ ਬਸੇ ਜਾਮਨੀ ਤਹਾਂ।
ਪਾਰੋ ਕੇ ਬਰਨਤਿ ਗੁਨ ਮਹਾਂ।
ਪ੍ਰਾਤਿ ਹੋਤਿ ਕਰਿਕੇ ਇਸ਼ਨਾਨਾ।
ਬਿਦਾ ਹੋਇ ਕਰਿ ਕੀਨ ਪਯਾਨਾ ॥੨੯॥
ਅਪਰ ਸਿੱਖਜ ਮਿਲਿ ਕੈ ਸਮੁਦਾਯਾ।
ਗੁਰ ਸਮ ਪੂਜਨ ਕਰਿ ਮਨ ਭਾਯਾ।
ਜਥਾ ਸ਼ਕਤਿ ਦੇ ਭੇਟ ਸੁਹਾਏ।
ਬਿਦਾ ਹੇਤੁ ਮਗ ਕੁਛ ਚਲਿ ਆਏ ॥੩੦॥
ਆਇ ਮੋਹਰੀ ਪੁਰੀ ਪ੍ਰਵੇਸ਼ਾ।
ਗੁਰ ਪਦ ਬੰਦੇ ਨੰਮ੍ਰਿ ਵਿਸ਼ੇਸ਼ਾ।
ਸਭਿ ਪਾਰੋ ਕੀ ਗਾਥ ਸੁਨਾਈ।
ਧਨ, ਪਟ, ਬੜਵਾ, ਅੱਗ੍ਰ ਦਿਖਾਈ ॥੩੧॥
ਪਿਖੀ ਉਪਾਇਨ ਪਾਰੋ ਕੀ ਜਬਿ।
ਸਤਿਗੁਰ ਰਿਦੇ ਬਿਚਾਰ ਕਰਜੋ ਤਬਿ।
ਰਾਮਦਾਸ ਜਾਨਜੋ ਅਧਿਕਾਰੀ।
ਵਸਤੂ ਦਈ ਸਉਂਪ ਕਰਿ ਸਾਰੀ ॥੩੨॥
ਪਰਮ ਪ੍ਰੇਮ ਤੇ ਕਹਜੋ ਗੁਸਾਈਂ।
'ਇਹ ਪਾਰੋ ਮਮ ਭੇਟ ਚੜ੍ਹਾਈ।
ਸੋ ਮੈਂ ਤੋਹਿ ਬਖਸ਼ ਕਰਿ ਦੀਨੀ।
ਅੰਗੀਕਾਰ ਕਰਹੁ ਬਡਿ ਪੀਨੀ ॥੩੩॥
ਚਪਲ ਤੁਰੰਗਨ ਅੰਗਨ ਸੁੰਦਰ।
ਬਲੀ ਬਿਸਾਲ ਬ੍ਰਿੰਦ ਗੁਨ ਮੰਦਰ।
ਅਪਰ ਨ ਦੀਜਹਿ, ਆਪ ਅਰੂਢਹੁ।
ਪਹਿਰਹੁ ਤਨ ਪਰ ਅੰਬਰ ਰੂਢਹੁ ॥੩੪॥
ਖਰਚਹੁ ਦਰਬ ਚਾਹਿ ਹੁਇ ਜਿਸ ਮੈਂ।
ਨਹਿਂ ਅਧਿਕਾਰ ਅਪਰ ਕੋ ਇਸ ਮੈਂ।'

ਲੇ ਕਰਿ ਨੰਮ੍ਰਿ ਹੋਇ ਪਦ ਬੰਦੇ।
ਗੁਰ ਪ੍ਰਸੰਨਤਾ ਜਾਨਿ ਅਨੰਦੇ ॥੩੫॥
ਦਿਨ ਪ੍ਰਤਿ ਹੋਵਤਿ ਅਤਿ ਅਨਕੂਲੇ।
ਲਖਿ ਗੰਭੀਰ ਪ੍ਰੇਮ ਕੋ ਮੂਲੇ।
ਅਜਰ ਜਰਨ ਆਦਿਕ ਗੁਨ ਹੇਰੇ।
ਸਹਤ ਨੰਮ੍ਰਤਾ ਸੇਵ ਘਨੇਰੇ ॥੩੬॥
ਬਖਸ਼ਹਿਂ ਬਖਸ਼ਸ਼ ਕਰਹਿਂ ਨਿਹਾਲ।
ਸੰਗਤਿ ਰਹਹਿ ਸਦਾ ਅਲਬਾਲ[1]।
ਚਹੈਂ ਕਾਮਨਾ ਪ੍ਰਾਪਤਿ ਹੋਵੈਂ।
ਸਿਮਰਹਿਂ ਨਾਮ ਦਰਸ ਗੁਰ ਜੋਵੈਂ ॥੩੭॥
ਭੀਰ ਰਹੈ ਬਹੁ ਗੋਇੰਦਵਾਲ।
ਚਹਤਿ ਮੁਕਤਿ ਕੋ ਤਜਿ ਜੰਜਾਲ।
ਜਿਸ ਪਰ ਕ੍ਰਿਪਾ ਦ੍ਰਿਸ਼ਟਿ ਪਰਿ ਜਾਵਹਿ।
ਸੋ ਜਨ ਚਾਰ ਪਦਾਰਥ ਪਾਵਹਿ ॥੩੮॥
ਇਕ ਦਿਨ ਸਖਾ ਬੰਧੁ ਜਨ ਮਾਂਹੀ।
ਹੁਤੋ ਮੋਹਰੀ ਬਾਤਨ ਪ੍ਰਾਹੀ[2]।
ਬਿਵਹਾਰਨ ਕੀ ਚਰਚਾ ਕਰੈਂ।
ਰੀਤਿ ਅਨੇਕ ਬੋਲਬੋ ਧਰੈਂ ॥੩੯॥
ਤਹਾਂ ਮੋਹਰੀ ਬਾਤ ਉਚਾਰੀ।
'ਜਬਿ ਕੀ ਹਮਨੇ ਸੁਰਤਿ ਸੰਭਾਰੀ।
ਲਾਖ ਟਕਾ ਇਕ ਥਾਨ ਅਸ਼ੇਖਾ[3]।
ਅਬਿ ਲੌਂ ਨਹੀ ਬਿਲੋਚਨ ਦੇਖਾ ॥੪੦॥
ਨਹਿਂ ਭਾਵਹਿ ਸਤਿਗੁਰ ਕੋ ਮਾਯਾ।
ਕਰਹਿਂ ਹਟਾਵਨ ਹ੍ਵੈ ਜਹਿਂ ਦਾਯਾ[4]।
ਚਾਹਤਿ ਪਿਤਾ ਗੁਰੂ ਜਿਸ ਨਾਂਹੀ।
ਸੋ ਕਿਸ ਰੀਤਿ ਆਇ ਹਮ ਪਾਹੀ ॥੪੧॥
ਤਿਨ ਕੋ ਦਿਯੋ ਪਦਾਰਥ ਆਵਹਿ।
ਹੋਇ ਜਿ ਨਹੀਂ[5] ਕਹਾਂ ਕਰ ਪਾਵਹਿਂ।'

---

[1]ਚਾਰ ਚੁਫੇਰੇ।
[2]ਕਹਿ ਰਹੇ ਸਨ।
[3]ਇਕੱਠਾ।
[4]ਜੇ ਕੋਈ ਦੇਣ ਆਵੇ ਤਾਂ ਹਟਾ ਦਿੰਦੇ ਹਨ।
[5]ਜੇ ਆਵੇ ਨਹੀਂ।

ਅੰਤਰਜਾਮੀ ਗੁਰ ਸਭਿ ਜਾਨੀ।
ਨਰਨ ਬਿਖੈ ਜਿਮ ਪੁੱਤ੍ਰ ਬਖਾਨੀ ॥੪੨॥
ਚਿਤਵਤਿ ਚਿਤ, ਸੁਤ ਸ਼ੰਕਾ ਹਰਨੀ।
ਦੋਸ਼ ਦਿਖਾਵੌਂ ਜਿਸ ਧਨ ਕਰਨੀ[1]-।
ਅਗਲੇ ਦਿਵਸ ਗੁਰੂ ਫੁਰਮਾਇਵ।
'ਸੰਗਤਿ ਮਹਿਂ ਜੇਤਿਕ ਸਿਖ ਆਇਵ ॥੪੩॥
ਜਬਿ ਪਹੁੰਚਹਿਂ ਪਰਸਨ ਕਹੁ ਹਮੈਂ।
ਪੈਸੇ ਪੰਚ ਲਜਾਇਂ ਤਿਹ ਸਮੈ।
ਧਰਿ ਧਰਿ ਆਗੈ ਬੰਦਨ ਕਰੈਂ।
ਇਮਿ ਗੁਰ ਆਗਜਾ ਸਿਰ ਪਰ ਧਰੈ ॥੪੪॥
ਸਗਰੇ ਨਗਰ ਸੰਗਤਾਂ ਜੇਈ।
ਗੁਰ ਆਇਸੁ ਸੁਨਿ ਸੁਨਿ ਕਰਿ ਤੇਈ।
ਹੋਤਿ ਪ੍ਰਾਤਿ ਕੇ ਸਤਿਗੁਰ ਬੈਸੇ।
ਆਵਹਿਂ ਸਿੱਖ ਭੇਟ ਲੇ ਪੈਸੇ ॥੪੫॥
ਧਰਿ ਧਰਿ ਆਗੈ ਬੰਦਨ ਠਾਨਹਿਂ।
ਦਰਸਹਿਂ ਸਤਿਗੁਰ ਪ੍ਰੇਮ ਮਹਾਂਨਹਿਂ।
ਏਕ ਜਾਮ ਲੌਂ ਸ਼੍ਰੀ ਪ੍ਰਭੂ ਬੈਸੇ।
ਲਗਜੋ ਢੇਰ ਆਏ ਬਹੁ ਪੈਸੇ ॥੪੬॥
ਪੁੱਤ੍ਰ ਮੋਹਰੀ ਕੋ ਬੁਲਵਾਇਵ।
ਢਿਗ ਬਿਠਾਇ ਕਰਿ ਪੁਨ ਸਮਝਾਇਵ।
'ਇਨ ਕੋ ਗਿਨ ਕਰਿ ਲੇਹੁ ਸੰਭਾਰੀ।
ਖਰਚਹੁ ਜਿਹ ਠਾਂ ਚਾਹਿ ਤੁਮਾਰੀ' ॥੪੭॥
ਮਾਨਿ ਬਾਕ ਤਬਿ ਗਿਨਿ ਬੇਲਾਗਾ।
ਭਏ ਬ੍ਰਿੰਦ ਦੇਖਤਿ ਅਨੁਰਾਗਾ।
ਸੰਖਜਾ ਕਰਿ ਕਰਿ ਭੇ ਕਰ ਕਾਰੇ[2]।
ਬਹੁਤ ਪਖਾਰੇ ਬਿਨ ਨ ਉਤਾਰੇ[3] ॥੪੮॥
ਤਬਿ ਸ਼੍ਰੀ ਅਮਰਦਾਸ ਬਚ ਕਹਜੋ।
'ਧਨ ਕੋ ਤੁਮ ਸੁਭਾਵ ਭੀ ਲਹਜੋ।
ਜਿਸ ਤੇ ਛੁਵਤਿ ਭਏ ਕਰ ਕਾਰੇ।

---

[1]ਜੈਸੇ ਧਨ ਦਾ ਸੁਭਾਵ ਹੁੰਦਾ ਹੈ। (ਅ) ਧਨ ਦੇ (ਇਕੱਤ੍ਰ) ਕਰਨ ਵਿਚ ਜੋ ਦੋਸ਼ ਹੁੰਦਾ ਹੈ।
[2]ਗਿਣਤੀ ਕਰ ਕਰਕੇ ਹੋਏ ਹੱਥ ਕਾਲੇ।
[3]ਨਾ ਉਤਰੀ (ਕਾਲਖ)।

ਮਨ ਕਾਰੋ ਹੁਇ ਲਗ ਬਿਵਹਾਰੇ ॥੪੯॥
ਜੋ ਸੰਚਤਿ ਕਰਿ ਰਖੀਅਤਿ ਭੌਨ।
ਕਹੋ ਹਵਾਲ ਹੋਇ ਪੁਨ ਕੌਨ।
ਚਿਤਵਨਿ ਤੇ ਅੰਤਰ ਹੁਇ ਕਾਰਾ।
ਅੰਤ ਗਮਨ ਨਹਿਂ ਸੰਗ ਸਿਧਾਰਾ ॥੫੦॥
ਪ੍ਰਥਮਹਿਂ ਸੰਚਨ ਅਘ ਕਰਿ ਹੋਇ।
ਜਤਨ ਅਨੇਕਨ ਤੇ ਅਵਲੋਇ।
ਪੁਨ ਰਾਖਨ ਮਹਿਂ ਤ੍ਰਾਸ ਮਹਾਨਾ।
ਤਸਕਰ ਨ੍ਰਿਪ ਆਦਿਕ ਬਲਵਾਨਾ ॥੫੧॥
ਜਾਇ ਤ ਪ੍ਰਾਨ ਸਮੇਤ ਦੁਖਾਰੇ।
ਭਗਤਿ ਵਿਰੋਧੀ, ਬਿਘਨ ਪਸਾਰੇ।
ਇਸ ਕੋ ਤਜਾਗ ਅਧਿਕ ਸੁਖਦਾਈ।
ਹਰਿ ਸਿਮਰਨ ਸੰਚਹੁ ਸਮੁਦਾਈ ॥੫੨॥
ਇਹ ਧਨ[1] ਸਭਿ ਕੋ ਸਾਰ ਪਛਾਨਹੁਂ।
ਕਿਤਹੂੰ ਤੇ ਜਿਸ ਤ੍ਰਾਸ ਨ ਠਾਨਹੁਂ।
ਸੁਨਹੁਂ ਪੁੱਤ੍ਰ ਇਸ ਮਹਿਂ ਦੁਖ ਘਨੇ।
ਮਹਾਂ ਬਲੀ ਸਭਿ ਜਗ ਮਹਿਂ ਹਨੇ ॥੫੩॥
ਹਰਿ ਸਿਮਰਨ ਧਨ ਤੇ ਸੁਖ ਪਾਵੈ।
ਜਨਮ ਮਰਨ ਦਾਰਿਦ ਬਿਨਸਾਵੈ।'
ਸੁਨੀ ਮੋਹਰੀ ਨੈ ਪਿਤ ਬਾਨੀ।
ਉਰ ਬਿਚਾਰ ਕਰਿ ਸਾਚੀ ਮਾਨੀ ॥੫੪॥
ਬਹੁਰੋ ਜੀਵਤਿ ਜਬ ਲਗਿ ਰਹਜੋ।
ਕਬਹੁਂ ਨ ਧਨ ਕੋ ਮਨ ਤੇ ਕਹਜੋ।
ਨੀਕੀ ਪਿਤ ਕੀ ਬਾਤ ਬਿਚਾਰੀ।
ਬਿਮਲ ਬੁਧਿ ਪ੍ਰਾਪਤਿ ਮੁਖ ਭਾਰੀ ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਾਰੋ ਅਪਰ ਮੋਹਰੀ' ਪ੍ਰਸੰਗ ਬਰਨੰਨ ਨਾਮ ਖਸ਼ਟ ਸ਼ਸ਼ਟੀ ਅੰਸੂ ॥੬੬॥

---

[1]ਭਾਵ, ਹਰਿਧਨ।

੬੭. [ਸ੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ ਬਖਸ਼ਣੀ]

੬੬<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>੬੮

ਦੋਹਰਾ: ਬਾਵਨ ਚੰਦਨ[1] ਸਤਿਗੁਰ, ਹੋਵਹਿਂ ਜਿਨ ਬਨ ਦੇਸ਼।
ਮੱਲਜ ਕਰਤਿ ਤਰੁਵਰੁਨ[2] ਕੋ, ਤਿਉਂ ਨਰ ਭਗਤਿ ਅਸ਼ੇਸ਼ ॥੧॥

ਚੌਪਈ: ਗੋਇੰਦਵਾਲ ਬਸੇ ਇਕ ਥਾਨ।
ਸਕਲ ਦੇਸ਼ ਭੀ ਭਗਤਿ ਮਹਾਨ।
ਜਹਿਂ ਕਹਿਂ ਤੇ ਸੁਨਿ ਕਰਿ ਜੱਗਜਾਸੀ।
ਆਨੰਦ ਧਾਰਿ ਬਸਹਿਂ ਗੁਰ ਪਾਸੀ ॥੨॥
ਚਾਰ ਪਦਾਰਥ ਠਾਂਢੇ ਦ੍ਵਾਰੇ।
ਦੇਤਿ ਜਨਨਿ ਕੋ ਖੁਲੇ ਭੰਡਾਰੇ।
ਜਿਮ ਚਿਤ ਚਿਤਵਹਿਂ ਗੁਰੂ ਕ੍ਰਿਪਾਲ।
ਸੋ ਬਿਧਿ ਬਨਹਿ ਆਨ ਤਤਕਾਲ ॥੩॥
ਇਕ ਦਿਨ ਮੱਜਨ ਕਰਿ ਗੁਰ ਥਿਰੇ।
ਭਾਨੀ ਆਇ ਦਰਸ ਕੋ ਕਰੇ।
ਪਿਖਿ ਤਨੁਜਾ ਪਰ ਪਰਮ ਕ੍ਰਿਪਾਲ।
ਸ਼੍ਰੀ ਮੁਖ ਤੇ ਬੋਲੇ ਤਿਸ ਕਾਲ ॥੪॥
'ਰਾਮਦਾਸ ਅਬਿ ਤਨ ਪਰਹਰੈ।
ਕਹੁ ਪੁੱਤ੍ਰੀ ਕਜਾ ਤਬਿ ਤੂੰ ਕਰੈਂ?
ਛਿਨ ਭੰਗਰ[3] ਸਭਿ ਅਹੈਂ ਸਰੀਰ।
ਬਿਨਸਤਿ ਤੁਰਤ ਨ ਕਰਿਹੀਂ ਧੀਰ[4]' ॥੫॥
ਭਾਨੀ ਮਹਾਂ ਚਤੁਰ ਸਭਿ ਜਾਨੀ।
-ਹੋਤਿ ਨ ਕਬਹੁਂ ਕੂਰ ਪਿਤ ਬਾਨੀ-।
ਦ੍ਰਿੜ੍ਹ ਨਿਸ਼ਚੇ ਧਰਿ ਇਸੀ ਪ੍ਰਕਾਰੀ।
ਕਰਤਿ ਸ਼ੀਘ੍ਰ ਨਕ ਨਾਥ ਉਤਾਰੀ ॥੬॥
ਸ਼੍ਰੀ ਗੁਰ ਪਿਤ ਕੇ ਧਰੀ ਅਗਾਰੀ।
ਹਾਥ ਜੋਰਿ ਮੁਖ ਬਿਨੈ ਉਚਾਰੀ।
'ਪ੍ਰਭੁ ਜੀ ਅਪਰ ਕਾਰ ਕਜਾ ਕਰਿਹੌਂ।
ਜੇ ਬਿਧਵਾ ਕੇ ਧਰਮ, ਸੁ ਧਰਿਹੌਂ ॥੭॥
ਕਿਧੌਂ ਚਿਤਾ ਕੇ ਊਪਰ ਚਰਿ ਹੌਂ।

---

[1]ਸੰਦਲ ਦੀਆਂ ਕਿਸਮਾਂ ਵਿਚੋਂ ਸ਼੍ਰੇਸ਼ਟ ਕਿਸਮ।
[2]ਚੰਦਨ ਕਰ ਦਿੰਦਾ ਹੈ ਬ੍ਰਿੱਛਾਂ ਨੂੰ।
[3]ਛਿਨ ਵਿੱਚ ਨਾਸ਼ ਹੋ ਜਾਣ ਵਾਲੇ।
[4]ਠਹਿਰਨਾ ਨਹੀਂ ਕਰਦੇ।

ਜਰ ਕਰਿ ਪਤਿ ਕੇ ਸੰਗਿ ਸਿਧਰਿਹੌਂ।
ਜੋ ਤੁਮ ਆਗਜਾ ਹੋਇ ਸੁ ਕਰਿ ਹੌਂ।
ਨਿਸ਼ਚੈ ਮਰੌਂ ਸੁ ਰਿਦੈ ਬਿਚਰਿਹੌਂ' ॥੮॥
ਸੁਨਿ ਸ਼੍ਰੀ ਸਤਿਗੁਰ ਬਾਕ ਬਖਾਨੇ।
'ਹੇ ਪੁੱਤ੍ਰੀ ਸੁਨਿ ਸੁਮਤਿ ਮਹਾਂਨੇ।
ਤਨ ਕੋ ਰਾਖਿ ਭਜੋ ਜਗਦੀਸ।
ਅਬਿ ਮੈਂ ਕਰਿਹੌਂ ਤੁਮ ਬਖ਼ਸ਼ੀਸ਼ ॥੯॥
ਰਾਮਦਾਸ ਕੀ ਬਯ ਅਬਿ ਨਾਂਹੀ।
ਪੂਰਨ ਅਵਧਿ ਆਜ ਦਿਨ ਮਾਂਹੀ।
ਤਿਨ ਜੀਵਨ ਕੌ ਆਨਿ ਉਪਾਇ।
ਨਹੀਂ ਹੋਤਿ ਨਿਸ਼ਚੈ ਇਮ ਲਜਾਇ ॥੧੦॥
ਅਪਨ ਆਰਬਲ ਅਬਿ ਮੈਂ ਦੇਵੌਂ।
ਹਿਤ ਪਰਲੋਕ ਗਮਨ ਸੁਭ ਲੇਵੌਂ।'
ਇਮਿ ਕਹਿ ਰਾਮਦਾਸ ਬੁਲਵਾਇਵ।
ਨਿਕਟ ਬਿਠਾਇ ਭਲੇ ਸਮੁਝਾਇਵ ॥੧੧॥
'ਹੇ ਸੁਤ! ਤੇਰੀ ਅਵਧ ਬਿਤਾਈ[1]।
ਮੈਂ ਅਬਿ ਜਾਨ ਲੀਨਿ ਅਗੁਵਾਈ[2]।
ਇਕ ਸਤ ਸੰਮਤ ਆਠ ਰ ਚਾਰੀ[3]।
ਆਰਬਲਾ ਹਮਰੇ ਤਨ ਸਾਰੀ ॥੧੨॥
ਅਬ ਖਟ ਬਰਖ ਇਕਾਦਸ਼ ਮਾਸ।
ਦਜੋਸ ਅਸ਼ਟ ਦਸ ਸ਼ੇਸ਼ ਰਹਾਸ[4]।
ਸੋ ਅਪਨੀ ਹਮ ਤੁਮ ਕੋ ਦੀਨਸਿ[*]।
ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਿਸਿ[+] ॥੧੩॥
ਤੋਹਿ ਮੋਹਿ ਮੈਂ ਭੇਦ ਨ ਰਹਜੋ।
ਇਕ ਸਰੂਪਤਾ ਦੋਨਹੁਂ ਲਹਜੋ।
ਜਲ ਕੋ ਭਰਜੋ ਹੋਤਿ ਘਟ ਜੈਸੇ।
ਪਰੈ ਉਦਧਿ ਲਹਿ ਇਕਤਾ ਤੈਸੇ ॥੧੪॥

---

[1]ਬੀਤ ਚੁਕੀ ਹੈ।
[2]ਅਗੋਂ ਤੋਂ।
[3]ਭਾਵ, ਇਕ ਸੌ ਤੇ ਬਾਰਾਂਬਰਸ।
[4]ਭਾਵ ਛੇ ਵਰਹੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਬਾਕੀ ਰਹਿੰਦੇ ਹਨ।
[*]ਪਾ:-ਦੀਨੀ।
[+]ਪਾ:-ਪ੍ਰਬੀਨੀ।

ਤਿਮਿ ਸਰੂਪ ਮੇਰੋ ਇਕ ਹੋਵਾ।
ਕਜੋਂ ਹੂੰ ਭੇਦ ਪਰਹਿ ਨਹਿਂ ਜੋਵਾ।
ਪ੍ਰੇਮ ਭਗਤਿ ਅਸ ਤਵ ਉਰ ਬਸੀ।
ਬਸੀ ਕੀਨਿ ਮੋ ਕਹੁ ਕਰਿ ਜਿਸੀ' ॥੧੫॥
ਪਿਖਿ ਬੱਲੂ ਦਿਸ਼ ਆਇਸੁ ਦੀਨਿ।
ਦੀਨ ਮਨਾ ਜਿਸ ਸਭਿ ਸੁਨਿ ਲੀਨਿ[1]।
ਲੀਨ ਪ੍ਰੇਮ ਮਨ ਜਾਂਹਿ ਪ੍ਰਬੀਨ।
'ਬੀਨ ਨਲੇਰ[++] ਲੇਹੁ ਸ਼ੁਭ ਚੀਨ ॥੧੬॥
ਕਰਹੁ ਸ਼ੀਘ੍ਰ ਆਨੋ ਮੁਝ ਪਾਸੀ।
ਪਾਸੀ ਜਮ ਨਹਿਂ, ਸਦਾ ਨਿਰਾਸੀ[2]।
ਰਾਸੀ ਸੁਖ[3] ਪ੍ਰਾਪਤਿ ਅਬਿਨਾਸ਼ੀ।
ਨਾਸ਼ੀ ਹੰਤਾ ਬਿਸ਼ਯ ਉਦਾਸੀ ॥੧੭॥
ਰਾਮਦਾਸ ਕਰਿਵਾਉ ਸ਼ਨਾਨਾ।
ਨਾਨਾ ਬਸਤ੍ਰ ਆਨਿ ਦੁਤਿਵਾਨਾ।
ਪਹਿਰਾਵੋ ਨਹਿਂ ਦੇਰ ਲਗਾਵਹੁ।
ਗਾਵਹੁ ਸ਼ਬਦ ਅਨੰਦ ਉਪਜਾਵਹੁ ॥੧੮॥
ਅਪਰ ਸੌਜ ਤਜਾਰੀ ਕਰਿ ਦੇਹਿ।
ਦੇਹਿ ਤਜਨ ਕੋ ਸਮਾ ਲਖੇਹਿ।'
ਸੁਨਿ ਕਰਿ ਬੱਲੂ ਇਮਿ ਗੁਰ ਜੀ ਤੇ।
ਜੀਤੇ ਮਨ ਇੰਦ੍ਰੈ ਜਿਨ ਨੀਤੇ ॥੧੯॥
ਅਸ ਸ਼੍ਰੀ ਰਾਮਦਾਸ ਤਿਸ ਬਾਰ।
ਬਾਰਿ ਬਿਮਲ ਤੇ ਮੱਜਤਿ ਚਾਰੁ।
ਚਾਰ ਪਦਾਰਥ ਜਿਨ ਦਰਬਾਰ।
ਬਾਰ ਬਿਹੀਨ[4] ਪਾਇ ਸਭਿ ਸਾਰ ॥੨੦॥
ਬੱਲੂ ਆਨੇ ਬਸਤ੍ਰ ਨਵੀਨ।
ਪਹਿਰਾਏ ਸੂਖਮ ਦੁਤਿ ਪੀਨ।
ਸ਼੍ਰੀ ਸਤਿਗੁਰ ਜੀ ਅਮਰ ਕ੍ਰਿਪਾਲੂ।
ਪ੍ਰੇਮ ਸਹਤ ਸਨਮਾਨ ਬਿਸਾਲੂ ॥੨੧॥

---

[1] ਜਿਸਨੇ ਉਦਾਸ ਮਨ ਨਾਲ ਸਭ (ਗਲ) ਸੁਣ ਲਈ ਸੀ।
[++]ਪਾ:-ਨਰੇਲ।
[2]ਤੈਨੂੰ ਫਾਹੀ ਜਮ ਦੀ ਨਹੀਂ (ਹੇ ਬੱਲੂ) ਤੂੰ ਸਦਾ ਆਸਾ ਤੋਂ ਰਹਿਤ ਹੈਂ।
[3]ਸਾਰੇ ਸੁਖ।
[4]ਦੇਰੀ ਤੋਂ ਬਿਨਾਂ।

ਕਰ ਸੋਂ ਪਕਰਿ ਆਪਨੇ ਥਾਨ।
ਬੈਠਾਰੇ ਕਹਿ ਕ੍ਰਿਪਾ ਨਿਧਾਨ।
ਭਾਲ ਬਿਸਾਲ ਸੁ ਤਿਲਕ ਨਿਕਾਸਜੋ।
ਤਿਸ ਤੇ ਮਹਿਦ ਪ੍ਰਕਾਸ਼ ਪ੍ਰਕਾਸ਼ਜੋ ॥੨੨॥
ਜੋਤਿਨਿ ਜੋਤਿ ਸਭਿਨਿ ਮਹਾਂਰਾਜਾ[1]।
ਤਿਸਹਿ ਸਿੰਘਾਸਨ[2] ਮਨੋ ਬਿਰਾਜਾ।
ਨਵਨਿਧਿ ਸਿੱਧਾਂ ਦੁਗਨ ਇਨਹੁਂ ਤੇ[3]।
ਰਿੱਧਾਂ ਪੂਰਨ ਜਗਤ ਜਿਨਹੁਂ ਤੇ ॥੨੩॥
ਸਭਿ ਕੋ ਪ੍ਰੇਰਕ ਨਿਤ ਬਿਨ ਲਿਪਜੋ।
ਭਾਲ ਬਿਸਾਲ ਕਾਲ ਤਿਸ ਦਿਪਜੋ।
ਝੋਰੀ ਬਿਖੈ ਨਾਰੀਅਰ[4] ਪਾਇਵ।
ਤੀਨ ਲੋਕ ਸ੍ਵਾਮੀ ਸੁ ਬਨਾਇਵ ॥੨੪॥
ਪੁਨ ਬੱਲੂ ਸੋਂ ਕੀਨਿ ਬਖਾਨ।
'ਮੋਹਨ ਅਪਰ ਮੋਹਰੀ ਆਨਿ।
ਸਭਿ ਸੰਗਤ ਆਵਹਿ ਇਸ ਕਾਲ।
ਦਾਸ, ਸਿੱਖਜ, ਛੋਟੇ ਸੁ ਬਿਸਾਲ ॥੨੫॥
ਮੇਰੋ ਹੁਕਮ ਸੁਨਾਵਨਿ ਕਰੀਐ।
ਸਕਲ ਹਕਾਰਹੁ ਬਿਲਮ ਪ੍ਰਹਰੀਐ।'
ਤੂਰਨ ਪਠੇ ਬੁਲਾਵਨ ਠਾਨੇ।
ਜਹਿਂ ਜਹਿਂ ਜਿਨ ਕੇ ਹੁਤੇ ਠਿਕਾਨੇ ॥੨੬॥
ਸੁਨਿ ਸੁਨਿ ਸਭਿ ਮਹਿਂ ਰੌਰਾ ਪਰਿਓ।
'ਚਾਹਿਸਿ ਗੁਰੂ ਪਯਾਨੌ ਕਰਿਓ।
ਰਾਮਦਾਸ ਸਤਿਗੁਰੂ ਬਨਾਏ।'
ਬਿਸਮਤਿ ਬਾਤ ਸੁਨਤਿ ਚਲਿ ਆਏ* ॥੨੭॥
ਭਾਈ ਬੁੱਢੇ ਆਦਿਕ ਸਾਰੇ।
ਪਹੁੰਚੇ ਸਿੱਖ ਆਇ ਗੁਰਦ੍ਵਾਰੇ।
ਦੋਨਹੁਂ ਪੁੱਤ੍ਰ ਆਇ ਤਤਕਾਲ।
ਜਬਿ ਪੂਰਨ ਭੀ ਸਭਾ ਬਿਸਾਲ ॥੨੮॥

---

[1]ਸਭ ਜੋਤੀਆਂ ਦਾ ਪ੍ਰਕਾਸ਼ਕ ਮਹਾਂਰਾਜਾ।
[2]ਗੱਦੀ, ਤਖਤ।
[3]ਇਨ੍ਹਾਂ ਨੌ ਨਿਧਾਂ ਤੋਂ ਦੂਣੀਆਂ, ਭਾਵ ੧੮ ਸਿੱਧੀਆਂ।
[4]ਨਰੇਲ।
*ਪਾ:-ਲਲਚਾਏ।

ਬੋਲੇ ਪ੍ਰਥਮ ਜੁਗਮ ਸੁਤ ਸਾਥ।
'ਰਾਮਦਾਸ ਕਹੁ ਟੇਕਹੁ ਮਾਥ।
ਹੋਇ ਨੰਮ੍ਰਿ ਇਨ ਘਾਲ ਕਮਾਈ।
ਅਜਰ ਜਰਨ ਗੁਨ ਜੁਤਿ ਸਮੁਦਾਈ' ॥੨੯॥
ਮੋਹਨ ਜਿਹ ਸੁਭਾਵ ਮਸਤਾਨਾ।
ਨਹਿਂ ਰਾਖਹਿ ਕਿਹ ਕੀ ਕਬਿ ਕਾਨਾ[1]।
ਸਭਿ ਮੈਂ ਬੋਲਜੋ 'ਨਿਵੌਂ ਨ ਆਗੈ।
ਹਮਰੀ ਵਸਤੁ ਦੇਨਿ ਇਨ ਲਾਗੇ ॥੩੦॥
ਚਿਰੰਕਾਲ ਰਹਿ ਸਦਨ ਹਮਾਰੇ।
ਕਰੀ ਗੁਜਰ ਸਭਿ ਜੁਤਿ ਪਰਵਾਰੇ।
ਉਚਿਤ ਬੈਠਿਬੋ ਤੁਮੈ ਪਿਛਾਰੀ।
ਅਹੈ ਮਾਲਕੀ ਸਰਬ ਹਮਾਰੀ ॥੬੧॥
ਅਪਰ ਸਬੰਧੀ ਰਾਵਰਿ ਕੇਰੇ।
ਰਹੈਂ ਸਮੀਪੀ ਐਸ਼੍ਵਰਜ ਹੇਰੇ।
ਇਹ ਭੀ ਹੈ ਤਿਨ ਸਭਿਨਿ ਸਮਾਨਾ।
ਅਬਿ ਪਦ ਦੈਬੇ ਲਗੇ ਮਹਾਨਾ ॥੩੨॥
ਹਮ ਰਾਵਰਿ ਕੇ ਨੰਦਨ ਅਹੈਂ।
ਗੁਰਤਾ ਪਦ ਤੇ ਛੂਛੇ ਰਹੈਂ।
ਤਊ ਨ ਕਿਉਹੂਂ ਮਾਥ ਨਿਵਾਵਹਿਂ।
ਸਤਿਗੁਰ ਕੇ ਸਪੂਤ ਕਹਿਲਾਵਹਿਂ' ॥੩੩॥
ਜਬਿ ਮੋਹਨ ਕੋ ਐਸੇ ਲਹਜੋ।
ਪੁੱਤ੍ਰ ਦੂਸਰੇ ਸੋਂ ਤਬਿ ਕਹਜੋ।
'ਸਿੱਖੀ ਪਦ ਨੰਦਨ! ਤੁਮ ਲੇਵਹੁ।
ਨਹਿਂ ਲੇਵਹੁ ਤਉ ਅਬਿ ਕਹਿ ਦੇਵਹੁ' ॥੩੪॥
ਸੁਨਤਿ ਮੋਹਰੀ ਰਿਦੇ ਬਿਚਾਰਾ।
ਸ਼੍ਰੀ ਨਾਨਕ ਪ੍ਰਸਤਾਵ ਚਿਤਾਰਾ[2]।
-ਪੁਨ ਸ਼੍ਰੀ ਅੰਗਦ ਕੀਨਸਿ ਐਸੇ[+]-।
ਸਰਬ ਬ੍ਰਿਤਾਂਤ ਬਿਚਾਰਜੋ ਤੈਸੇ ॥੩੫॥
ਜਿਸ ਕੇ ਜਾਗੈਂ ਭਾਗ ਬਡੇਰੇ।

---

[1]ਮੁਛੰਦਗੀ।
[2](ਪਿਛਲਾ ਪ੍ਰਸੰਗ) ਗੁਰ ਨਾਨਕ ਜੀ ਵਾਲਾ ਯਾਦ ਕੀਤਾ।
[+]ਪਾ:-ਕੀਨੀ ਜੈਸੇ।

ਪੂਰਨ ਕ੍ਰਿਪਾ ਦ੍ਰਿਸ਼ਟਿ ਤਿਹ ਹੇਰੇ।
ਘਾਲੀ ਘਾਲ ਪਰੈ ਜਿਸ ਥਾਇਂ।
ਇਸ ਬਡਿਆਈ ਕੋ ਸੋ ਪਾਇ ॥੩੬॥
ਕਰੈ ਈਰਖਾ ਕੈ ਸਿਹੁਂ ਕੋਈ।
ਮਿਟਹਿ ਨਹੀਂ ਉਲਟੋ ਦੁਖ ਹੋਈ।
ਯਾਂ ਤੇ ਸ਼੍ਰੀ ਪਿਤ ਕੇ ਅਨੁਸਾਰੀ।
ਇਸ ਮਹਿਂ ਸੋਭਾ ਹੋਇ ਹਮਾਰੀ- ॥੩੭॥
ਇਮਿ ਬਿਚਾਰ ਕਰਿ ਠਾਂਢੋ ਹੋਵਾ।
ਸਗਰੀ ਸੰਗਤਿ ਨੇ ਤਬਿ ਜੋਵਾ।
ਬੁੱਢੇ ਆਦਿ ਜਿ ਸੇਵਕ ਸਾਰੇ।
ਖਰੇ ਭਏ ਗੁਰ ਸੁਤ ਪਿਛਵਾਰੇ ॥੩੮॥
ਮਾਨ ਮੋਹਰੀ ਪਿਤ ਕੇ ਬੈਨ।
ਕਰਿ ਅਨੰਦ ਜੁਤਿ ਫੁੱਲਜਤ ਨੈਨ।
ਰਾਮਦਾਸ ਕੇ ਚਰਨੀ ਪਰਜੋ।
'ਧੰਨ ਧੰਨ' ਸਭਿਹਿਨਿ ਤਬਿ ਕਹਜੋ ॥੩੯॥
ਬਹੁਰੋ ਸਗਰੀ ਸੰਗਤਿ ਹੇਰਿ।
ਪਰੇ ਚਰਨ ਪਰ ਤਿਸ ਹੀ ਬੇਰਿ।
ਧਰਿ ਧਰਿ ਸਰਬ ਉਪਾਇਨ ਆਗੇ।
ਬੰਦਹਿਂ ਕਰ ਜੋਰਹਿਂ ਬਡਭਾਗੇ ॥੪੦॥
ਸਥਿਤ ਭਏ ਸਭਿ ਹੀ ਤਿਸ ਕਾਲਾ।
ਬੋਲੇ ਸ਼੍ਰੀ ਗੁਰ ਅਮਰ ਕ੍ਰਿਪਾਨ।
'ਪੁੱਤ੍ਰ ਮੋਹਰੀ! ਕਰਹੁ ਬਖਾਨਾ।
ਰਾਮਦਾਸ ਕੋ ਕਜਾ ਕਰਿ ਜਾਨਾ? ॥੪੧॥
ਕਿਮਿ ਜਾਨਹਿਂ ਹਮ ਤੇ ਪਸ਼ਚਾਤੀ।
ਚਿਤ ਕੀ ਬ੍ਰਿਤੀ ਕਹੋ ਜਿਸ ਭਾਂਤੀ।'
ਹਾਥ ਜੋਰਿ ਤਬਿ ਸਭਿ ਮਹਿਂ ਕਹਜੋ।
'ਸੁਨਹੁ ਪਿਤਾ ਜੀ! ਮੈਂ ਜਿਮਿ ਲਹਜੋ ॥੪੨॥
ਸ਼੍ਰੀ ਨਾਨਕ ਸ਼੍ਰੀ ਅੰਗਦ ਸ੍ਵਾਮੀ।
ਤ੍ਰਿਤੀਏ ਤੁਮ ਹੋ ਅੰਤਰਜਾਮੀ।
ਸੋ ਸਰੂਪ ਇਹ ਚੌਥੋ ਹੋਵਾ।
ਸ਼੍ਰੀ ਗੁਰੁ ਰਾਮਦਾਸ ਇਮਿ ਜੋਵਾ' ॥੪੩॥
ਸੁਨਿ ਗੁਰ ਜਤਿ ਸਭਿ ਭਏ ਪ੍ਰਸੰਨ।

'ਪੁੱਤ੍ਰ ਮੋਹਰੀ ਤੂੰ ਬਡ ਧੰਨ।
ਸਭਿ ਤੇ ਸ੍ਰੇਸ਼ਟ ਬੁੱਧਿ ਉਦਾਰੇ।
ਮਿਲਜੋ ਸਦਾ ਤੂੰ ਸੰਗ ਹਮਾਰੇ ॥੪੪॥

ਦੋਹਰਾ: ਭਯੋ ਸਭਿਨਿ ਕੋ ਮੋਹਿਰੀ[1], ਨਾਮ ਮੋਹਰੀ ਤੋਹਿ।
ਕੀਨੋ ਸਾਰਥ[2] ਸੋ ਅਬਹਿ, ਮਮ ਅਭਦੇਤਾ ਹੋਹਿ ॥੪੫॥

ਚੌਪਈ: ਇੱਕੀ ਕੁਲ ਹੁਇ ਸੰਤ ਉਧਾਰੇ[3]।
ਤੁਮ ਨੇ ਬਜਾਲੀ ਜਗ ਨਿਸਤਾਰੇ।'
ਸੁਨਤਿ ਮੋਹਰੀ ਕਹਿ ਬਡਿਬਾਗੇ।
'ਧਰਮ ਰਾਇ ਲੇਖਾ ਲੇ ਆਗੇ ॥੪੬॥
ਤਿਹ ਲੇਖੇ ਤੇ ਜਬਿ ਛੁਟ ਜੱਯੈ।
ਤਬਿ ਉਧਾਰ ਨਿਜ ਕੁਲ ਕੋ ਪੱਯੈ।'
ਸੁਨਿ ਗੁਰ ਕਹਜੋ 'ਅਛਤ ਤਨ ਮੋਹੀ[4]।
ਲੇਖ ਦਿਯੋ ਚੁਕਾਇ[5] ਜਿ* ਹੋਹੀ ॥੪੭॥
ਧਰਮ ਰਾਇ ਕੇ ਨਿਕਟ ਨ ਜੈਹੋ।
ਪੰਥ ਅਪਰ ਹੀ ਹਮ ਢਿਗ ਐਹੋ[6]।
ਤੂੰ ਮਮ ਸਿੱਖ ਪੁਨੀਤ ਸੁ ਭਯੋ।
ਸਿੱਖੀ ਪਦ ਮੈਂ ਤੋ ਕਹੁ ਦਿਯੋ ॥੪੮॥
ਸੰਤਤਿ ਬ੍ਰਧਹਿ ਸਮੂਹ ਤੁਮਾਰੀ।
ਤਿਨ ਕੋ ਸਿੱਖੀ ਦੀਨ ਅਗਾਰੀ।
ਤੁਵ ਕੁਲ ਪੂਜਹਿ ਮੋ ਕਹੁ ਨੀਤਿ।
ਅਪਰ ਨ ਚੀਤ ਧਰਹਿ ਕਬਿ+ ਪ੍ਰੀਤਿ ॥੪੯॥
ਮੈਂ ਹੀ ਦੇਵ ਸੁ ਪਿੱਤ੍ਰ ਜਠੇਰੇ।
ਮੈਂ ਹੀ ਇਸ਼ਟ ਦੇਵ ਕੁਲ ਤੇਰੇ।'
ਇਮਿ ਸੰਬਾਦ ਸੁਨਜੋ ਜਬਿ ਕਾਨ।
ਰਾਮਦਾਸ ਜੀ ਕੀਨਿ ਬਖਾਨ ॥੫੦॥

---

[1]ਆਗੂ।
[2]ਸਹਿਤ ਅਰਥ ਦੇ।
[3]ਸੰਤ ਹੋਕੇ ਇੱਕੀ ਕੁਲਾਂ ਉਧਾਰਦਾ ਹੈ।
[4]ਅਸਾਂ ਤਨ ਦੇ ਹੁੰਦਿਆਂ ਹੀ।
[5]ਲੇਖਾ ਮੁਕਾ ਦਿਤਾ ਹੈ।
*ਪਾ:-ਜੋ।
[6]ਹੋਰ ਰਸਤੇ ਤੁਸੀਂ ਸਾਡੇ ਪਾਸ ਆਓਗੇ।
+ਪਾ:-ਕਰਿ।

ਅਧਿਕ ਪ੍ਰੇਮ ਲੋਚਨ ਜਲ ਛਾਵਾ।
ਗੁਰ ਚਰਿੱਤ੍ਰ ਹੇਰਤਿ ਬਿਸਮਾਵਾ।
'ਸ੍ਰੀ ਪ੍ਰਭੁ ! ਮੁਝ ਸਿੱਖੀ ਪਦ ਦੀਜਹਿ।
ਆਪ ਮੋਹਰੀ ਕਹੁ ਗੁਰ ਕੀਜਹਿ ॥੫੧॥
ਮੈ ਹੋਂ ਦਾਸ ਆਪ ਕੋ ਜੈਸੇ।
ਨਿਜ ਮਨ ਤੇ ਜਾਨਤਿ ਇਨ[1] ਤੈਸੇ।
ਗੁਰਤਾ ਉਚਿਤ ਜੁਗਮ ਤੁਮ ਨੰਦਨ।
ਮੋ ਕੌ ਉਚਿਤ ਇਨਹੁਂ ਪਗ ਬੰਦਨ' ॥੫੨॥
ਸ੍ਰੀ ਗੁਰ ਸੁਨਤਿ ਪ੍ਰਸੰਗ ਚਿਤਾਰਾ।
'ਹਮ ਨੈ ਦੇਨੋ ਹੁਤੋ ਤੁਮਾਰਾ।
ਪੂਰਬ ਕਹਯੋ ਹੁਤੋ ਬਰ ਦਾਨਾ।
ਤਿਸ ਕੋ ਦੇਨਿ ਸਮੋ ਅਬਿ ਜਾਨਾ ॥੫੩॥
ਅਤਿ ਗ਼ਰੀਬ ਇਹੁ ਸੰਤਤਿ ਮੇਰੀ।
ਨਿਰ ਹੰਕਾਰ, ਨ ਹੁਇ ਕਿਸ ਬੈਰੀ[2*]।
ਕੀਜਹਿ ਇਨ ਕੀ ਨਿਤਿ ਪ੍ਰਤਿਪਾਲਾ।
ਮਿਲੇ ਰਹਹੁ ਕਰਿ ਪ੍ਰੀਤਿ ਬਿਸਾਲਾ' ॥੫੪॥
ਆਨ ਇਕੱਤ੍ਰ ਭਯੋ ਪਰਵਾਰੂ।
ਹੇਰਹਿਂ ਸਤਿਗੁਰ ਕੇ ਬਿਵਹਾਰੂ।
ਉਠਿ ਕਰਿ ਬਡਭਾਗਨ ਤਬਿ ਭਾਨੀ।
ਪਿਤ ਆਗੇ ਕਰ ਜੋਰਿ ਬਖਾਨੀ ॥੫੫॥
'ਹੇ ਪ੍ਰਭੁ ! ਤੁਮ ਬਖਸ਼ੀ ਗੁਰਿਆਈ।
ਰਹਹਿ ਹਮਾਰੇ ਬੰਸ ਸਦਾਈ।
ਹੋਹਿ ਨ ਅਸ ਕੋ ਦਾਸ ਅਗਾਰੀ।
ਕਰਿ ਸੇਵਾ ਲੇਵਹਿ ਪਦ ਭਾਰੀ[3] ॥੫੬॥
ਬਰ ਨਿਜ ਦੇਹੁ ਨ ਜਾਵਹਿ ਆਨ[4]।
ਰਹੈ ਸਥਿਰ ਅਬਿ ਇਸ ਹੀ ਥਾਨ।'
ਸੁਨਤਿ ਕ੍ਰਿਪਾਲ ਹੋਹਿ ਬਚ ਕਹੇ।
'ਨਹਿਂ ਕਿਤ ਜਾਹਿ ਤੁਮਹੁ ਘਰ ਰਹੇ ॥੫੭॥

---

[1]ਭਾਵ ਮੋਹਰੀ ਜੀ ਨੂੰ।
[2]ਨਿਰਹੰਕਾਰ ਹੈ ਕਿਸੇ ਨਾਲ ਵੈਰ ਨਹੀਂ ਕਰੇਗੀ।
[*]ਪਾ:-ਨਿਰ ਹੰਕਾਰਿਨ ਹੁਇ ਕਿਸ ਬੇਰੀ।
[3]ਭਾਰੀ ਪਦ (ਗੁਰਿਆਈ)।
[4]ਹੋਰਥੇ।

ਤਊ ਬਿਮਲ ਸਲਿਤਾ ਜਲ ਚਲਿਤਾ।
ਪਾਯਹੁ ਬੰਧਨ ਆਗੇ ਢਲਤਾ।
ਹੋਹਿਂ ਕਲੇਸ਼ ਉਪੱਦ੍ਰਵ ਭਾਰੇ।
ਜਿਨ ਕਉ ਕੋ ਨ ਸਕਹਿ ਨਿਰਵਾਰੇ ॥੫੮॥
ਲਛਮੀ ਸ੍ਰੀ ਨਾਨਕ ਢਿਗ ਗਈ।
ਦ੍ਵਾਦਸ਼ ਕੋਸ ਦੂਰ ਥਿਰ ਥਈ[1]।
ਖਸ਼ਟ ਕੋਸ ਸ੍ਰੀ ਅੰਗਦ ਰਾਖੀ।
ਨਿਕਟਿ ਹੋਨਿ ਕੋ ਤਿਨਹੁਂ ਨ ਭਾਖੀ ॥੫੯॥
ਆਨਿ ਹਮਾਰੇ ਠਾਂਢੀ ਦ੍ਵਾਰ।
ਕਰਜੋ ਆਪਨੋ ਜੋਰ ਉਦਾਰ।
ਪੈਸਕਾਰ[2] ਅੰਤਰ ਨਹਿਂ ਭਯੋ।
ਖਰੀ ਰਹੀ ਦਰ ਪਰ ਹਿਤ ਲਯੋ ॥੬੦॥
ਅਬਿ ਤੁਮਰੇ ਘਰ ਬਿਖੈ ਪ੍ਰਵੇਸ਼ੀ।
ਬਿਘਨ ਕਲੇਸ਼ਨ ਬਿਖੈ ਬਿਸ਼ੇਸ਼ੀ।
ਤਊ ਅਲੇਪ ਰਹਹਿਂ ਇਸ ਮਾਂਹੀ।
ਇਸ ਕੇ ਦੋਸ਼ ਸਕਹਿਂ ਛ੍ਵੈ ਨਾਂਹੀ' ॥੬੧॥

ਦੋਹਰਾ: ਇਸ ਪ੍ਰਕਾਰ ਬਰ ਗੁਰ ਦਏ, ਮੁਦਤਿ ਸੁਤਾ ਹਿਤ ਮਾਨਿ[3]।
ਰਾਮਦਾਸ ਸ੍ਰੀ ਸਤਿਗੁਰੂ, ਕੀਨੇ ਬਿਦਤਿ ਜਹਾਨ ॥੬੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੁਰਿਆਈ ਦੈਨ' ਪ੍ਰਸੰਗ ਬਰਨਨੰ ਨਾਮ ਸਪਤਸ਼ਸ਼ਟੀ ਅੰਸੂ ॥੬੭॥

---

[1]ਖੜੀ ਰਹੀ।
[2]ਪ੍ਰਵੇਸ਼।
[3]ਭਲਾ ਮੰਨਕੇ।

੬੮. [ਸ਼੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ]

੬੭<<ਪਿਛਲਾ ਅੰਸੂ ਤਤਕਰਾ ਰਾਸਿ ੧ ਅਗਲਾ ਅੰਸੂ>>

ਦੋਹਰਾ: ਬੁੱਢੇ ਸੰਮਤ ਗੁਰੂ ਹੁਇ[1],
ਪੈਸੇ ਪੰਚ ਨਲੇਰ।
ਰਾਮਦਾਸ ਕੀ ਭੇਟਿ ਧਰਿ,
ਕ੍ਰਿਪਾ ਦ੍ਰਿਸ਼ਟਿ ਕੋ ਹੇਰਿ ॥੧॥

ਚੌਪਈ: ਕਰੀ ਪ੍ਰਦੱਛਨ ਫਿਰ ਚਹੁਂ ਓਰੇ।
ਬੰਦਨ ਕਰਤਿ ਭਏ ਕਰ ਜੋਰੇ।
ਤਬੈ ਮੋਹਰੀ ਸੰਗਤਿ ਹ੍ਵੈ ਕੈ।
ਨਮੋ ਮੋਹਰੀ ਕਿਯ ਸਿਰ ਨੈ ਕੈ[2] ॥੨॥
ਪੁਨ ਸਭਿ ਸਿੱਖਨ ਕੀਨਸਿ ਬੰਦਨ।
ਜਾਨਿ ਗੁਰੂ ਗਨ ਪਾਪ ਨਿਕੰਦਨ।
ਇਮਿ ਦੈ ਕਰਿ ਸਭਿ ਜਗ ਗੁਰਿਆਈ।
ਹਿਤ ਪ੍ਰਲੋਕ ਹ੍ਵੈ ਤਜਾਰ ਗੁਸਾਈਂ ॥੩॥
ਨੇਤ੍ਰ ਪ੍ਰਫੁੱਲਿਤ ਜਨੁ ਅਰਿਬਿੰਦਾ।
ਦਿਪਤ ਬਦਨ ਦੁਤਿ ਇੰਦ ਮਨਿੰਦਾ।
ਦਾਸਨ ਦੇਤਿ ਅਨੰਦ ਬਿਲੰਦਾ।
ਸੁਧਾ ਗਿਰਾ ਦੁਖ ਦੁੰਦ ਨਿਕੰਦਾ ॥੪॥
ਜਹਿਂ ਕਹਿਂ ਪ੍ਰਗਟ ਬਿਸਾਲ ਪ੍ਰਸੰਗਾ।
'ਤਨ ਕੋ ਤਜਹਿਂ ਸੁਛੰਦ ਉਮੰਗਾ।'
ਸੁਨਿ ਸੁਨਿ ਨਿਕਟ ਗ੍ਰਾਮ ਨਰ ਜੇਈ।
ਹੇਤ ਦਰਸਬੇ ਪਹੁੰਚਹਿਂ ਤੇਈ ॥੫॥
ਬਾਹਨ ਪਰ ਅਰੋਹ ਕੈ ਆਏ।
ਕੋ ਪਾਇਨ ਤੇ ਤੂਰਨ ਧਾਏ।
-ਦੁਰਲਭ ਦਰਸ਼ਨ ਬਡ ਫਲ ਦਾਤਾ-।
ਸੁਨਿ ਅਸ ਕੋ ਨ ਆਇ ਉਮਹਾਤਾ[3] ॥੬॥
ਚਹੁਂ ਦਿਸ਼ ਮਗ ਆਵਹਿਂ ਸਮੁਦਾਏ।
ਪੁਰਿ ਪ੍ਰਵਿਸ਼ੈਂ ਗੁਰ ਦਰਸ਼ਨ ਪਾਏ।
ਸ਼੍ਰੀ ਅੰਗਦ ਕੋ ਨੰਦਨ ਦਾਤੂ।

---

[1]ਭਾਵ, ਬੁੱਢੇ ਜੀ ਦੇ ਮਸ਼ਵਰੇ ਨਾਲ ਗੁਰੂ ਜੀ ਨੇ।
[2]ਫੇਰ ਸੰਗਤ ਦਾ ਮੁਹਰੀ (ਆਗੂ) ਹੋਕੇ ਮੋਹਰੀ ਜੀ ਨੇ ਸਿਰ ਨਿਵਾਕੇ ਮੱਥਾ ਟੇਕਿਆ। (ਅ) ਸੰਗਤ ਦੇ ਮੋਹਰੀ ਭਾਵ ਬਾਬੇ ਬੁੱਢੇ ਜੀ ਦੇ ਨਾਲ ਹੋਕੇ ਮੋਹਰੀ ਜੀ ਨੇ।
[3]ਐਸੀ ਗੱਲ ਸੁਣਕੇ ਕਿਹੜਾ ਉਮਾਹ ਕੇ ਨਾ ਆਉਂਦਾ?

ਪੂਰਬ ਆਇ ਪ੍ਰਹਾਰੀ ਲਾਤੂ ॥੭॥
ਤਬਿ ਕੋ ਸੰਕਟ ਚਰਨ ਮਝਾਰਾ।
ਹੋਤਿ ਅਸਥਿ ਮਹਿਂ[1] ਪੀਰ ਉਦਾਰਾ।
ਲੱਜਿਤ ਨਿਕਟ ਨਹੀਂ ਚਲਿ ਆਇਵ।
ਬਿਨਤੀ ਕਰਿ ਕੈ ਨਹਿਂ ਬਖਸ਼ਾਇਵ ॥੮॥
ਸੋ ਸੁਨਿ ਕੈ ਸ੍ਰੀ ਅਮਰ ਪਯਾਨਾ।
ਰਿਦੇ ਬਿਖੈ ਇਮਿ ਚਿਤਵਨ ਠਾਨਾ।
-ਨਿਸ ਬਾਸੁਰ ਦੁਖ ਲਹੌਂ ਘਨੇਰਾ।
ਬਖਸ਼ਾਵੌਂ ਤਿਨ ਤੇ ਇਸ ਬੇਰਾ ॥੯॥
ਅਪਨਿ ਕੁਮਤਿ ਤੇ ਮੈਂ ਨਹਿਂ ਜਾਊਂ।
ਸੋ ਤੋ ਮਹਾਂ ਕ੍ਰਿਪਾਲੁ ਸੁਭਾਊ।
ਦੇਖਤਿ ਦਯਾ ਕਰੈਂ ਦੁਖ ਹਰਿਹੀਂ[2]।
ਜਿਮਿ ਜਾਚੈਂ ਤਿਮਿ ਦੈਬੋ ਕਰਿਹੀਂ ॥੧੦॥
ਬਿਨ ਬਖਸ਼ਾਵਨ ਕਸ਼ਟ ਘਨੇਰਾ।
ਅਰੁ ਬਿਗਰਹਿ ਪਰਲੋਕ ਸੁ ਮੇਰਾ।
ਆਜ ਸਮਾ ਫਿਰ ਹਾਥ ਨ ਆਵੈ।
ਤਿਨ ਕੇ ਜਿਯਤ ਮਿਲਿਨ ਬਨਿ ਆਵੈ- ॥੧੧॥
ਇਮਿ ਬਿਚਾਰ ਕਰਿ ਤੂਰਨ ਚਾਲਾ।
ਪਹੁੰਚਯੋ ਪੁਰਿ ਮਹਿਂ ਪ੍ਰੇਮ ਬਿਸਾਲਾ।
ਔਚਕ ਜਾਇ ਚਰਨ ਸਿਰ ਧਰਯੋ।
'ਤ੍ਰਾਹਿ ਤ੍ਰਾਹਿ' ਹੁਇ ਦੀਨ ਉਚਰਯੋ ॥੧੨॥
ਸ੍ਰੀ ਸਤਿਗੁਰੁ ਜਬਿ ਦੇਖਨ ਕਰਯੋ।
ਭਯੋ ਦੀਨ ਕਰਿ ਪ੍ਰੇਮ ਪ੍ਰੇਮ ਸੁ ਪਰਯੋ।
ਸਨਮਾਨਤਿ ਕਰਿ ਸਮੁਖ ਬਿਠਾਯੋ।
ਨਮਸਕਾਰ ਕਰਿ ਮ੍ਰਿਦਲ ਅਲਾਯੋ ॥੧੩॥
'ਮੋ ਪਰ ਕ੍ਰਿਪਾ ਕਰੀ ਤੁਮ ਆਏ।
ਧੰਨ ਭਏ ਹਮ ਦਰਸ਼ਨ ਪਾਏ।
ਕੌਨ ਕਾਜ ਮੈਂ ਕਰੋਂ ਤੁਮਾਰਾ?
ਜਿਸ ਤੇ ਸਫਲਹਿ ਜਨਮ ਹਮਾਰਾ' ॥੧੪॥
ਹਾਥ ਜੋਰਿ ਦਾਤੂ ਬਚ ਭਾਖੇ।

---

[1]ਚਰਨ ਦੀ ਹੱਡੀ ਵਿਚ।
[2]ਦੁਖ ਦੂਰ ਕਰ ਦੇਣਗੇ।

'ਕਰੋ ਕਾਜ ਮਮ ਜਸ ਅਭਿਲਾਖੇ।
ਅਪਰਾਧੀ ਮੈਂ ਪ੍ਰਭੂ ! ਤੁਮਾਰਾ।
ਹੋਇ ਢੀਠ ਜਬਿ ਚਰਨ ਪ੍ਰਹਾਰਾ ॥੧੫॥
ਮਤਸਰ[1] ਅਗਨਿ ਦਹੀ ਮਮ ਛਾਤੀ।
ਦੁਤਿਯੇ ਮਿਲਯੋ ਕੁਸੰਗ ਉਤਪਾਤੀ[2]।
ਤਿਨ ਕਰਿ ਮਤਿ ਬਾਵਰ ਮਮ ਹੋਈ।
ਬਖਸ਼ਾਵਨ ਚਾਹਤਿ ਅਬਿ ਸੋਈ ॥੧੬॥
ਲੱਜਤਿ ਰਹਯੋ ਨ ਤੁਮ ਢਿਗ ਆਇਵ।
ਕਰੀ ਅਵੱਗਜਾ ਦੁਖ ਫਲ ਪਾਇਵ।
ਕ੍ਰਿਪਾਨਿਧਾਨ ਛਿਮਾ ਤੁਮ ਧਾਰੋ।
ਉਰ ਗੰਭੀਰ, ਧੀਰ, ਹਿਤਸਾਰੋ[3]' ॥੧੭॥
ਸੁਨਿ ਸ਼੍ਰੀ ਅਮਰਦਾਸ ਤਬਿ ਬੋਲੇ।
'ਤੁਮ ਸਤਿਗੁਰ ਕੇ ਪੁੱਤ੍ਰ ਅਡੋਲੇ।
ਮਨ ਤਨ ਕਰਿ ਮੈਂ ਦਾਸ ਤੁਮਾਰਾ।
ਅਬਿ ਪ੍ਰਲੋਕ ਹੋਵਤਿ* ਮਮ ਤਜਾਰਾ ॥੧੮॥
ਰਾਮਦਾਸ ਅਬਿ ਸਤਿਗੁਰ ਭਯੋ।
ਨਿਜ ਪਦ ਮੈਂ ਤਿਨ ਕੋ ਸ਼ੁਭ ਦਯੋ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੀਅਹਿ।
ਤੁਮ ਹੋ ਬਡੇ ਬਿਘਨ ਗਨ ਹਰੀਅਹਿ ॥੧੯॥
ਇਨ ਕੋ ਸੁਤ ਗੁਰਤਾ ਜਬਿ ਪਾਵੈ।
ਸਮੋ ਪਾਇ ਸੋ ਤੁਮ ਢਿਗ ਆਵੈ।
ਸੋ ਜਬਿ ਕਰਹਿ ਸਪਰਸ਼ਨ ਹਾਥ।
ਹਰਹਿ ਸਰਬ ਸੰਕਟ ਤਿਹ ਸਾਥ' ॥੨੦॥
ਦਾਸੂ ਆਇ ਮਿਲਯੋ ਸੁਖ ਪਾਏ।
ਅਪਰ ਲੋਕ ਦਰਸਹਿਂ ਸਮੁਦਾਏ।
ਕਰ ਜੋਰਹਿਂ ਸਭਿ ਸੀਸ ਨਿਵਾਵਹਿਂ।
'ਧੰਨ ਧੰਨ ਗੁਰ' ਸਬਦ ਸੁਨਾਵਹਿਂ ॥੨੧॥
ਸਭਿ ਸੰਗਤ ਸੋਂ ਪੁਨਹ ਉਚਾਰਾ।

---

[1]ਈਰਖਾ ਦੀ।
[2]ਉਪੱਦ੍ਰਵੀ।
[3]ਸਭ ਦੇ ਭਲੇ ਵਿਚ ਹੋ।
*ਪਾ:-ਹੋਤ। ਹੇਤ।

'ਰਾਮਦਾਸ ਮੈਂ ਰੂਪ ਸੁਧਾਰਾ।
ਮਮ ਸਮ ਇਸ ਕੋ ਪੂਜਨ ਕਰਨਾ।
ਹੌਂ ਅਭੇਦ ਇਨ ਸੋਂ ਇਕ ਬਰਨਾ[1] ॥੨੨॥
ਅਪਨੀ ਅਵਧਿ ਦੀਨ[2] ਬੈਠਾਇ।
ਸ਼ਰਧਾ ਧਰਹਿ, ਸੁ ਸਭਿ ਫਲ ਪਾਇ।
ਮੈਂ ਹੋਵੌਂ ਅਬਿ ਅੰਤਰ ਧਯਾਨ।'
ਸੁਨਿ ਸੰਗਤਿ ਗੁਰ ਕੇ ਬਚ ਕਾਨ ॥੨੩॥
'ਜੈ ਜੈ ਕਾਰ' ਉਚਾਰਨ ਕੀਨਾ।
ਬੰਦਹਿਂ, ਕਰ ਜੋਰਹਿਂ ਮਨ ਦੀਨਾ।
ਭਾਦੋਂ ਕੀ ਸ਼ੁਭਿ ਪੂਰਨਮਾਸ਼ੀ।
ਚਹਤਿ ਸਮਾਵਨ ਗੁਰ ਅਬਿਨਾਸ਼ੀ ॥੨੪॥
ਸੰਗਤਿ ਸਹਤ ਸੁ ਨੰਦਨ ਹੇਰਾ।
ਅਸ ਆਇਸੁ ਦੀਨਸਿ ਤਿਸ ਬੇਰਾ।
'ਤਯਾਰੀ ਕਰੋ ਬਿਮਾਨ ਬਨਾਵਹੁ।
ਸਭਿ ਕਾਰਜ ਕਹਿ ਸ਼ੀਘ੍ਰ ਕਰਾਵਹੁ' ॥੨੫॥
ਸੁਨਤਿ ਮੋਹਰੀ ਕਹਿ ਬਚ ਐਸੇ।
'ਕ੍ਰਿਯਾ ਕਰਮ ਕੀ ਆਇਸੁ ਕੈਸੇ?
ਨਿਜ ਕੁਲ ਕੀ ਮਿਰਜਾਦ ਜੁ ਅਹੈ।
ਕਰਹਿਂ ਕਿ ਨਹੀਂ ਆਪ ਜਿਮਿ ਕਹੈਂ' ॥੨੬॥
ਸੁਨਿ ਸਤਿਗੁਰ ਨੇ ਕਹਯੋ ਬਿਚਾਰ।
'ਮਮ ਨਹਿਂ ਕੁਛ ਕਰਮਨ[3] ਅਧਿਕਾਰ।
ਜਗ ਮਿਰਜਾਦ ਰਖੀ ਜੇ ਚਹੀਅਹਿ।
ਪ੍ਰੇਤ ਨਾਮ ਮੁਖ ਤੇ ਨਹਿਂ ਕਹੀਅਹਿ ॥੨੭॥
ਸੁਰਸਰਿ ਅਸਥ ਪਿੰਡ ਕੋ ਦੀਜਹਿ।
ਤੁਮ ਬਡ ਹੋ ਮਿਰਜਾਦ ਰਖੀਜਹਿ[*]।'
ਬਹੁਰ ਮੋਹਰੀ ਬੂਝਨ ਕਰੇ।

---

[1]ਰੂਪ।
[2]ਆਯੂ ਦੇਕੇ।
[3]ਕਰਮਾਂ ਦਾ।
[*]-ਜਗ ਮਿਰਜਾਦ.....ਤੋਂ.....ਰਖੀਜਹਿ-ਤੱਕ ਇਹ ਚਾਰ ਤੁਕਾਂ ਆਖੇਪਕ ਜਾਪਦੀਆਂ ਹਨ। ਦੇਖੋ ਇਸ ਰਾਸ ਦਾ ਅੰਸੂ ੨੮ ਅੰਕ ੧੨ ਤੇ ੧੩ ਤੇ ਇਸੇ ਅੰਸੂ ਦੇ ਅੰਕ ੩੨ ਵਿਚ ਗੁਰਬਾਣੀ ਅਨੁਸਾਰ ਕਵੀ ਜੀ ਆਪ ਸਪਸ਼ਟ ਕਰ ਰਹੇ ਹਨ ਕਿ ਭਗਤੀ ਤੋਂ ਬਿਨਾਂ ਸਾਰੇ ਕਰਮ ਅਧਰਮ ਹੋ ਜਾਣਗੇ, ਫਿਰ ਜਿਨ੍ਹਾਂ ਕਰਮਾਂ ਨੇ ਅਧਰਮ ਹੋ ਜਾਣਾ ਹੈ ਉਨ੍ਹਾਂ ਦੀ ਆਗਜਾ ਕਦ ਗੁਰੂ ਜੀ ਦੇ ਸਕਦੇ ਹਨ।

'ਗ੍ਰਿਹੀ ਧਰਮ, ਤੁਮ ਕਹਿਂ ਸੋ ਧਰੇਂ[1] ॥੨੮॥
ਬਿਨ ਮਾਯਾ ਸਿਧ ਹੋਇਂ ਨ ਸਾਰੇ।
ਕਿਰਤ ਕਿ ਕਰਹਿਂ[2], ਚਲਹਿ ਬਿਵਹਾਰੇ।
ਬਿਨਾਂ ਕਿਰਤ ਕਰ ਆਇ ਨ ਮਾਇਆ।
ਜੋ ਕੁਛ ਕਰਹਿਂ, ਕਰਹੁ ਕਰਿ ਦਾਇਆ' ॥੨੯॥
ਸਤਿਗੁਰ ਕਹਯੋ 'ਕਰਹੁ ਸ਼ੁਭਿ ਕਾਰ।
ਧਰਮ ਕਿਰਤ ਤੇ ਸਿਧਿ ਬਿਵਹਾਰ।
ਕੁਲ ਮਹਿਂ ਸੰਕਟ ਆਇ ਜਿ ਪਰੈ।
ਸਿਮਰਹੁ ਮੋਹਿ ਕਾਜ ਸਭਿ ਸਰੈਂ ॥੩੦॥
ਹੇ ਸੁਤ! ਧਰਮ ਕਿਰਤ ਜੋ ਕਰਨੀ।
ਹਰਿ ਸਿਮਰਨਿ ਇਹੁ ਭਗਤਿ ਸੁ ਬਰਨੀ।
ਭਗਤਿ ਕਰਹਿ ਸੁਖ ਲਹੈ ਅਭਰਮ।
ਹਰਿ ਕੀ ਭਗਤਿ ਕਹਾਵਤਿ ਧਰਮ ॥੩੧॥
ਬਿਨ ਹਰਿ ਭਗਤਿ ਕਰਹਿ ਗਨ ਕਰਮ।
ਸੋ ਸਗਰੋ ਹੁਇ ਜਾਹਿਂ ਅਧਰਮ।'
ਸਭਿ ਸੰਗਤਿ ਕੋ ਤਬਿ ਉਪਦੇਸ਼ਾ।
'ਕਰਿ ਹਰਿ ਭਗਤਿ ਬਿਨਾਸ ਕਲੇਸ਼ਾ' ॥੩੨॥
ਕ੍ਰਿਪਾ ਦ੍ਰਿਸ਼ਟਿ ਸਭਿ ਓਰ ਨਿਹਾਰੇ।
ਹੁਤੀ ਭਾਵਨੀ ਜੋ ਜਿਸ ਧਾਰੇ।
ਸਭਿ ਕੋ ਮਨ ਬਾਂਛਤ ਫਲ ਪਾਵਾ।
ਪੁਨ ਸਤਿਗੁਰ ਸਭਿ ਸੰਗ ਅਲਾਵਾ ॥੩੩॥
'ਸੁਤ ਭ੍ਰਾਤਾ ਬੰਧੂ ਸਿਖ ਦਾਸ।
ਪਾਛੇ ਕਰਹੁ ਨ ਸ਼ੋਕ ਪ੍ਰਕਾਸ਼।
ਮੁਦਤ ਰਹਹੁ, ਹਰਿ ਕੇ ਗੁਨ ਗਾਵਹੁ।
ਕਥਾ ਕੀਰਤਨ ਸੁਨਹੁ ਸੁਨਾਵਹੁ' ॥੩੪॥
ਇਮਿ ਕਹਿ ਸਤਿਗੁਰ ਘਰ ਲਿਪਵਾਇਸ।
ਚੰਦਨ ਆਦਿ ਸੁਗੰਧਿ ਛਿਰਕਾਇਸ।
ਬਰਨ ਬਰਨ ਫੂਲਨ ਕੀ ਮਾਲਾ।
ਕੁਸ਼ ਆਸਨ ਪਰ ਪੌਢੇ ਦਯਾਲਾ ॥੩੫॥
ਸਭਿ ਕੇ ਦੇਖਤਿ ਭੀਰ ਘਨੇਰੀ।

---

[1]ਗ੍ਰਿਹਸਤ ਧਰਮ (ਜੈਸੇ) ਆਪ ਕਹੋ (ਅਸੀਂ) ਧਾਰਨ ਕਰੀਏ।
[2]ਕਿਰਤ ਕੀ ਕਰੀਏ?

ਬਿਸਦ ਬਸਤ੍ਰ ਲੇ ਮੁਖ ਪਰ ਫੇਰੀ[1]।
ਕਰਤਿ ਭਏ ਪਰਲੋਕ ਪਯਾਨਾ।
ਨਭ ਮਹਿਂ ਕੌਤਕ ਹੋਤਿ ਮਹਾਂਨਾ ॥੩੬॥
ਸੂਰਜ ਤੇਜ ਮੰਦ ਪਰਿ ਗਇਊ।
ਅਨਿਕ ਪ੍ਰਕਾਸ਼ ਅਪਰ ਬਿਧਿ ਭਇਊ।
ਦੇਵਤਾਨ ਕੇ ਘਨੇ ਬਿਥਾਨਾ।
ਆਵਤਿ ਭਏ ਛਾਇ ਅਸਮਾਨਾ ॥੩੭॥
ਚਲੀ ਸੁਗੰਧਿਤਿ ਮੰਦ ਸਮੀਰਾ।
ਗਰਜਤਿ ਘਨ ਧੁਨਿ ਮ੍ਰਿਦੁਲ ਗੰਭੀਰਾ।
ਬਿਧਿ, ਸ਼ਿਵ, ਸੁਰਪਤਿ, ਰਵਿ, ਸਸਿ, ਆਏ।
ਗੰਧ੍ਰਬ[2] ਸਿੱਧ ਰਿਖੀ ਸਮੁਦਾਏ ॥੩੮॥
ਕਰੈਂ ਕੁਲਾਹਲ[3] ਅਨਿਕ ਪ੍ਰਕਾਰਾ।
'ਜੈ ਜੈ' ਧੁਨਿ ਸੁਰ ਊਚ ਉਚਾਰਾ।
ਮੰਗਲ ਕਰਤਿ ਅਨੇਕ ਪ੍ਰਕਾਰਨ।
ਗਾਇਂ ਅਪਸਰਾ ਭੁਜਾ ਉਸਾਰਨ[4] ॥੩੯॥
ਗਣ ਮਣੀਅਨ ਕੇ ਖਚਤਿ ਬਿਸਾਲਾ।
ਆਇ ਬਿਮਾਨ ਸੁ ਕਰਤਿ ਉਜਾਲਾ।
ਤਿਸ ਪਰ ਸਤਿਗੁਰ ਤਬਿ ਆਰੋਹੇ।
ਕੋਟ ਕਾਮ ਛਬਿ ਪਿਖਿ ਸਭਿ ਮੋਹੇ ॥੪੦॥
ਜੈ ਜੈ ਧੁਨਿ ਠਾਨਤਿ ਸਭਿ ਬੰਦੈਂ।
ਦਰਸ਼ਨ ਦੇਖਤਿ ਰਿਦੇ ਅਨੰਦੈਂ।
ਸੁਰ ਬਿਮਾਨ ਚਹੁਂ ਦਿਸ਼ ਹੁਇ ਚਾਲੇ।
ਗੁਰੂ ਬਿਰਾਜਹਿਂ ਬੀਚ ਬਿਸਾਲੇ ॥੪੧॥
ਅਨਿਕ ਭਾਂਤਿ ਕੇ ਮੰਗਲ ਗਾਵਤਿ।
ਇਮਿ ਸਭਿ ਚਲੇ ਜਾਤਿ ਸੁਖ ਪਾਵਤਿ।
ਗਮਨ ਸ਼ਕਤਿ ਜਿਸ ਜਿਸ ਕੀ ਜਹਾਂ।
ਕਰਿ ਕਰਿ ਨਮੋ ਸਥਿਰ ਭੇ ਤਹਾਂ ॥੪੨॥
ਪਰਮ ਧਾਮ ਬੈਕੁੰਠ ਮਝਾਰਾ।

---

[1]ਫੇਰ ਮੂੰਹ ਤੇ ਉੱਜਲਾ ਬਸਤ੍ਰ ਲੈ ਲਿਆ।
[2]ਦੇਵਤਿਆਂ ਦੇ ਰਾਗੀ।
[3]ਮੰਗਲਾਚਾਰ।
[4]ਪਰੀਆਂ ਬਾਹਾਂ ਉਚੀਆਂ ਕਰਕੇ।

ਪਹੁੰਚਤਿ ਬੇ ਸਤਿਗੁਰੂ ਉਦਾਰਾ।
ਪਰਮ ਜੋਤਿ ਮਹਿਂ ਜੋਤਿ ਸਮਾਨੀ।
ਜਥਾ ਮਿਲਹਿ ਪਾਨੀ ਸਂਗ ਪਾਨੀ ॥੪੩॥
ਗੋਇਂਦਵਾਲ ਮਿਲੇ ਨਰ ਨਾਰੀ।
'ਧੰਨ ਧੰਨ ਸਤਿਗੁਰੂ' ਉਚਾਰੀ।
ਨਿਰਮਲ ਨੀਰ ਬਿਪਾਸਾ ਲੀਨ[1]।
ਗੁਰ ਤਨ ਕੋ ਮੱਜਨ ਸੁਭਿ ਕੀਨ ॥੪੪॥
ਸਤਿਗੁਰ ਰਾਮਦਾਸ ਤਬਿ ਲਾਗੇ।
ਪੁੱਤ੍ਰ ਮੋਹਰੀ ਉਰ ਅਨੁਰਾਗੇ।
ਭਾਈ ਸਾਹਿਬ ਬੁੱਢਾ ਮਿਲਿ ਕੈ।
ਸੇਵਕ ਬੱਲੂ ਇਨ ਸੋਂ ਰਲਿ ਕੈ ॥੪੫॥
ਤਨ ਸ਼ਨਾਨ ਗੁਰ ਕੋ ਕਰਿਵਾਇ।
ਸ਼ੁਭ ਬਿਬਾਨ ਪਰ ਤਬਿ ਪੌਢਾਇ।
ਚਾਰੋਂ[2] ਨੇ ਨਿਜ ਕਂਧ ਉਚਾਏ।
ਅਪਰ ਲੋਕ ਲਾਗੇ ਸਮੁਦਾਏ ॥੪੬॥
ਬਹੁ ਸਂਖਨ ਕੀ ਧੁਨੀ ਉਠਾਈ।
ਲਾਜਾ[3] ਪਸ਼ੁਪਨ[4] ਬਹੁ ਬਰਖਾਈ।
ਪੌਤ੍ਰੇ ਸਰਬ ਗੁਰੂ ਕੇ ਆਏ।
ਕਰ ਮਹਿਂ ਲੀਨੇ ਚਵਰ ਢੁਰਾਏ ॥੪੭॥
ਸ਼ਬਦ ਰਬਾਬੀ ਗਾਵਨਿ ਕਰਿਹੀਂ।
ਬੇਦ ਧੁਨੀ ਬਰ ਬਿੱਪ੍ਰ ਉਚਰਿਹੀਂ।
ਕਂਚਨ ਆਦਿ ਦਰਬ ਬਰਖਾਵੈਂ।
ਸਹਤ ਸੁਗਂਧਿ ਫੂਲ ਬਹੁ ਲਜਾਵੈਂ ॥੪੮॥
ਊਪਰ ਡਾਰਤਿ ਜਾਤਿ ਬਿਮਾਨ।
ਪਹੁਂਚੇ ਤੀਰ ਬਿਪਾਸਾ ਥਾਨ।
ਸੁਂਦਰ ਪਾਵਨ ਥਲ ਕੋ ਹੇਰਾ।
ਜਵ[5] ਤਿਲ ਚਂਦਨ ਆਨਿ ਘਨੇਰਾ ॥੪੯॥
ਸਂਗ ਹਜ਼ਾਰਹੁਂ ਨਰ ਕੀ ਭੀਰ।

---

[1]ਲੈਕੇ।
[2]ਉਪਰ ਕਹੇ ਚਾਰ-ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਮੋਹਰੀ ਜੀ, ਭਾਈ ਬੁੱਢਾ ਜੀ ਤੇ ਭਾਈ ਬੱਲੂ ਜੀ।
[3]ਚਾਵਲਾਂ ਦੀਆਂ ਫੁੱਲੀਆਂ।
[4]ਫੁੱਲ।
[5]ਜੌਂ।

ਕਰੇ ਉਤਾਰਨ ਸਲਿਤਾ ਤੀਰ।
ਰਚਿ ਚੰਦਨ ਕੀ ਚਿਖਾ ਬਿਸਾਲਾ।
ਗੁਰ ਤਨ ਤਿਸ ਪਰ ਧਰਿ ਤਤਕਾਲਾ ॥੫੦॥
ਬਹੁ ਸੁਗੰਧਿ ਅਰ ਘ੍ਰਿਤ ਕੋ ਪਾਇਵ।
ਸਤਿਗੁਰ ਅਮਰ ਨਾਮ ਸਿਮਰਾਇਵ।
ਅਗਨਿ ਮੋਹਰੀ ਕਰ ਮਹਿਂ ਧਾਰੀ।
ਸਿਰ ਦਿਸ਼ ਤੇ ਪੁਨ ਸਭਿ ਦਿਸ਼ ਬਾਰੀ ॥੫੧॥
ਕਰੀ ਕਪਾਲ ਕ੍ਰਿਯਾ ਜਿਸ ਕਾਲ।
ਉਠੇ ਮੋਹਰੀ ਕੇ ਸਭਿ ਨਾਲ।
ਨੀਰ ਬਿਪਾਸਾ ਕੀਨ ਸ਼ਨਾਨ।
ਪਿਤ ਕੋ ਕਰਜੋ ਤਿਲਾਂਜੁਲਿ ਦਾਨ ॥੫੨॥
ਤਹਿਂ ਤੇ ਮੰਦ ਮੰਦ ਚਲਿ ਆਏ।
ਬੈਠਿ ਬਾਪਿਕਾ ਪਰ ਸਮੁਦਾਏ।
ਗੁਨ ਗਨ ਸਿਮਰਹਿਂ ਸਭਿ ਗੁਰ ਕੇਰੇ।
'ਅਸ ਪ੍ਰਤਾਪ ਹਮ ਕਿਸਹੁਂ ਨ ਹੇਰੇ ॥੫੩॥
ਧਰਮ ਰਾਇ ਕੀ ਕਾਣ ਚੁਕਾਈ।
ਗੋਇੰਦਵਾਲ ਨ ਕਿਸ ਮ੍ਰਿਤੁ ਪਾਈ।
ਇਸ ਤੇ ਪਰੈ ਅਪਰ ਬਡਿਆਈ।
ਕਰ ਉਪਕਾਰ ਕਹਹੁ ਕਜਾ ਪਾਈ[1] ॥੫੪॥
ਰਾਮਚੰਦ ਕੇ ਰਾਜ ਮਝਾਰਾ।
ਹਮ ਨੇ ਸੁਨਜੋ ਭਯੋ ਤਿਸ ਬਾਰਾ।
ਬ੍ਰਿੱਧਨ ਆਗੇ ਮਰਜੋ ਨ ਬਾਲਕ।
ਕੋ ਮ੍ਰਿਤ ਭਾ ਜਿਵਾਇ ਤਤਕਾਲਿਕ ॥੫੫॥
ਇਨ ਕੇ ਨਗਰ ਬ੍ਰਿੱਧ, ਸਿਸ, ਤਰੁਨ[2]।
ਭਯੋ ਨਹੀਂ ਕਿਸਹੂੰ ਕੋ ਮਰਨਿ।
ਜੋ ਮਰਿ ਗਯੋ ਸੁ ਦਯੋ ਜਿਵਾਇ।'
ਇੱਤਜਾਦਿਕ ਗੁਨ ਗੁਰ ਸਮੁਦਾਇ[3] ॥੫੬॥
ਸਿਮਰਹਿਂ[3], ਸ਼ੋਕ ਨ ਕਰਹਿ ਸੁ ਕੋਈ।

---

[1]ਉਪਕਾਰ ਕਰਕੇ ਜੋ ਵਡਿਆਈ (ਗੁਰੂ ਜੀ ਨੇ) ਪਾਈ ਹੈ ਇਸਤੋਂ ਪਰੇ ਕਹੋ ਹੋਰ ਕੀ ਹੈ, ਭਾਵ ਕੋਈ ਨਹੀਂ। ੨੪

[2]ਬੁਢੇ, ਬਾਲਕ ਤੇ ਜਵਾਨ।

[3]ਗੁਨ ਯਾਦ ਕਰਦੇ ਹਨ ਸਾਰੇ।

ਗੁਰ ਕੋ ਬਾਕ ਚਿਤਾਰਤਿ ਸੋਈ।
'ਹਮਹਿਂ ਬਸਾਯੋ ਸਭਿ ਸੁਖ ਦੀਨੇ।
ਸੋ ਨ ਹੋਹਿਂ' ਚਿਤ ਚਿੰਤਾ ਭੀਨੇ[1] ॥੫੭॥

ਦੋਹਰਾ: ਚੰਦ ਅਗਨਿ ਰਸ ਮਹੀ,
ਗਿਨ ਭਾਦੋਂ ਪੂਰਨ ਮਾਸਿ[2]।
ਕੁਜ ਦਿਨ[3] ਮਹਿਂ ਸ਼੍ਰੀ ਸਤਿਗੁਰੂ,
ਜੋਤੀ ਜੋਤਿ ਮਿਲਾਸ ॥੫੮॥
ਪੰਚ ਮਾਸ ਬਾਈ ਬਰਖ,
ਦਿਵਸੁ ਇਕਾਦਸ਼ੁ ਔਰ[4]।
ਪਤਿਸ਼ਾਹੀ ਜਗ ਮਹਿਂ ਕਰੀ,
ਭੱਲਜਨ ਕੁਲ ਸਿਰਮੌਰੁ ॥੫੯॥

[ਰਾਸ ਸਮਾਪਤੀ ਦਾ ਮੰਗਲ]

ਕਵਿਯੋ ਵਾਚ

ਕਬਿੱਤ: ਖੋਲੇ ਹੈਂ ਖਜਾਨੇ ਕਰਾਮਾਤ ਕੇ ਮਹਾਂਨੇ,
ਨਿਤਿ ਦੇਤਿ ਸਿਖ ਦਾਨੇ, ਬਰੁਸਾਨੇ ਅਨਗਨ ਹੈਂ।
ਕਾਟਤੇ ਕਲੇਸ਼ ਉਪਦੇਸ਼ ਦੇ, ਮਹੇਸ਼ ਸਮ,
ਪਾਇ ਕੈ ਵਿਸ਼ੇਸ਼ ਭਏ ਸੇਵੇ ਤਨ ਮਨ ਹੈਂ।
ਗੁਨ ਕੋ ਨ ਅੰਤ, ਭਗਵੰਤ ਬੇਖ਼ ਸੰਤ ਧਰਿ,
ਆਦਿ ਨ, ਅਨੰਤ ਜਾਂਹਿ ਭਜੈਂ ਮੁਨਿ ਜਨ ਹੈਂ।
ਸ਼੍ਰੀ ਗੁਰ ਅਮਰ ਪਤਿ ਅਮਰ ਸੰਤੋਖ ਸਿੰਘ
ਅਮਰ ਕਰਤਿ ਦਾਸ ਸਦਾ ਧੰਨ ਧੰਨ ਹੈਂ ॥੬੦॥

ਦਾਨੇ = ਦਾਤ। ਬਰੁਸਾਨੇ = ਵਰੋਸਾਏ ਗਏ।
ਮਹੇਸ਼ = ਪਰਮੇਸ਼ੁਰ [ਮਹ = ਵਡਾ, ਪਰਮ। ਈਸ਼ = ਈਸ਼੍ਵਰ।]
ਅਨੰਤ = ਜਿਸਦਾ ਅੰਤ ਨਾ ਹੋਵੇ। ਅਮਰਪਤਿ = ਦੇਵਤਿਆਂ ਦੇ ਸ੍ਵਾਮੀ।
ਅਮਰ = ਮੁਕਤ, ਦੇਵ ਰੂਪ।

ਅਰਥ: (ਜਿਨ੍ਹਾਂ ਨੇ) ਕਰਾਮਾਤ ਦੇ ਮਹਾਂਨ ਖਜ਼ਾਨੇ ਖੋਲੇ ਹਨ ਤੇ ਨਿਤਾ ਪ੍ਰਤਿ ਸਿੱਖਾਂ ਨੂੰ ਦਾਤਾਂ ਬਖਸ਼ਦੇ ਹਨ (ਤੇ ਜਿਨ੍ਹਾਂ ਤੋਂ) ਅਣਗਿਣਤ ਹੀ (ਸਿਖ) ਵਰੋਸਾਏ ਗਏ ਹਨ, (ਜੋ ਖ਼ੁਦ) ਪਰਮੇਸ਼ਰ ਵਾਂਙੂ (ਲੋਕਾਂ ਦੇ) ਕਲੇਸ਼ ਉਪਦੇਸ਼ ਦੇਕੇ ਦੂਰ ਕਰਦੇ ਹਨ, (ਜਿਨ੍ਹਾਂ ਦਾਸਾਂ

---

[1]ਸੋ ਸੁਖ ਹੁਣ ਨਹੀਂ ਹੋਣਗੇ (ਇਸ) ਚਿੰਤਾ ਵਿਚ ਚਿਤ ਭਿੱਜ ਰਿਹਾ ਹੈ।
[2]ਚੰਦ੍ਰਮਾਂ = ੧, ਅਗਨਿ = ੩, ਰਸ = ੬, ਮਹੀ = ੧ (= ੧੬੩੧) ਭਾਦ੍ਰੋਂ ਦੀ ਪੂਰਨਮਾਸ਼ੀ।
[3]ਮੰਗਲਵਾਰ।
[4]ਪੰਜ ਮਹੀਨੇ ਬਾਈ ਵਰਹੇ ਤੇ ਗਿਆਰਾਂ ਦਿਨ।

ਨੇ) ਤਨ ਮਨ ਨਾਲ ਸੇਵਿਆ (ਉਹੀ) ਵਡੇ ਪਦ ਨੂੰ ਪ੍ਰਾਪਤ ਹੋਏ*। ਜਿਨ੍ਹਾਂ (ਸਤਿਗੁਰਾਂ ਦੇ) ਗੁਣਾਂ ਦਾ ਕੋਈ ਅੰਤ ਨਹੀਂ (ਤੇ ਪ੍ਰਤੱਖ) ਸੰਤ ਦਾ ਰੂਪ ਧਾਰਕੇ (ਆਪ) ਭਗਵੰਤ (ਇਸ ਸੰਸਾਰ ਵਿਚ ਆਏ ਸਨ, ਜਿਸਦਾ ਕਿ) ਨਾ ਆਦਿ ਹੈ ਨਾ ਅੰਤ ਹੈ (ਤੇ ਜਿਨ੍ਹਾਂ ਨੂੰ) ਮੁਨੀ ਜਨ ਸਿਮਰਦੇ ਹਨ। ਦੇਵਤਿਆਂ ਦੇ ਸ੍ਵਾਮੀ ਸ਼੍ਰੀ ਗੁਰੂ ਅਮਰ (ਦੇਵ ਜੀ ਮਹਾਰਾਜ) ਕਵੀ ਸੰਤੋਖ ਸਿੰਘ (ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਆਪਣੇ) ਦਾਸ ਸਦਾ ਲਈ ਅਮਰ ਕਰ ਦਿਤੇ ਹਨ (ਓਹ) ਧੰਨ ਹਨ! ਧੰਨ ਹਨ!!

ਦੋਹਰਾ: ਸ਼੍ਰੀ ਅੰਗਦ ਗੁਰ ਅਮਰ ਕੀ,
ਕਥੀ ਕਥਾ ਚਿਤ ਲਾਇ।
ਭਈ ਰਾਸ ਪੂਰਨ ਇਹਾਂ,
ਬਿਨਾਂ ਬਿਘਨ ਸਮੁਦਾਇ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ਼੍ਰੀ ਅਮਰਦਾਸ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਸ਼ਸ਼ਟੀ ਅੰਸੂ ॥੬੮॥

ਪ੍ਰਥਮ ਰਾਸ ਸਮਾਪਤ ॥ ਸੁਭ ਮਸਤੁ ॥

-o-

[ਪਹਿਲੀ ਰਾਸ਼ਿ ਸੰਪੂਰਨ ਹੋਈ]

*ਇਥੇ ਇਸ਼ਾਰਾ ਬਾਈ ਮੰਜੀਆਂ ਆਦਿਕਾਂ ਵਲ ਜਾਪਦਾ ਹੈ ਕਿਉਂ ਜੋ ਓਹ ਤਨ ਮਨ ਨਾਲ ਸੇਵਾ ਕਰਕੇ ਵਿਸ਼ੇਸ਼ ਹੋਏ ਹਨ, ਵਿਸ਼ੇਸ਼ਤਾ ਲਖਾਯਕ ਪੂਜ ਹੋਣ ਦੀ ਹੈ।